PANJAB TIMES £2

# ਪੰਜਾਬ ਟਾਈਮਜ਼

ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

2nd - 9th July 2026 • Issue No. 3137 Europe's Leading Panjabi Weekly Since 1965

Panjab Times, Bridle Gate Lane, Derby, DE24 0QW (UK) • Tel: 01332 372851 • www.panjabtimes.uk • Email: panjabtimes@aol.com

IAB

FOR FREE INITIAL ADVICE

ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!



S.S.Rai

Immigration Advice Bureau

Tel: 020 8571 6680

www.iabl.co.uk

## ਸ੍ਰੀ ਅਕਾਲ ਤਖਤ ਸਾਹਿਬ 'ਤੇ ਪੰਜਾਬ ਦੇ ਮੰਤਰੀ ਮੰਡਲ ਨੂੰ ਸੱਦ ਕੇ ਜਥੇਦਾਰ ਗੜਗੱਜ ਨੇ ਸਾਬਤ ਕਰ ਦਿੱਤਾ ਕਿ ਅਕਾਲ ਤਖ਼ਤ ਸਾਹਿਬ ਸਭ ਤੋਂ ਸਰਵੋਤਮ ਹੈ - ਇਸ ਨਾਲ ਮੱਥਾ ਲਾਉਣਾ ਕਿਸੇ ਦੁਨਿਆਵੀ ਤਾਕਤ ਲਈ ਸਹੀ ਨਹੀਂ ਹੈ

ਨਹਿਰੂ ਸਰਕਾਰ ਤੇ ਮਾਸਟਰ ਤਾਰਾ ਸਿੰਘ ਦਰਮਿਆਨ ਹੋਏ ਸਮਝੌਤੇ ਅਨੁਸਰ ਸਿੱਖ ਧਰਮ ਸਬੰਧੀ ਕੋਈ ਵੀ ਕਾਨੂੰਨ ਬਨਾਉਣ ਸਮੇਂ ਸ਼੍ਰੋਮਣੀ ਕਮੇਟੀ ਨਾਲ ਸਲਾਹ ਕਰਨੀ ਜ਼ਰੂਰੀ ਹੈ

### ਸਿੱਖ ਧਰਮ ਬਾਰੇ ਜ਼ਬਰੀ ਥੋਪਿਆ ਗਿਆ ਕੋਈ ਵੀ ਕਾਨੂੰਨ ਸਿੱਖਾਂ ਨੂੰ ਪ੍ਰਵਾਨ ਨਹੀਂ ਹੋਵੇਗਾ – ਜਥੇਦਾਰ ਕੁਲਦੀਪ ਸਿੰਘ ਗੜਗੱਜ











ਸਿੱਖ ਪੰਥ ਦੀ ਸਰਵਉੱਚ ਅਦਾਲਤ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਕੀ ਹੋਣ ਵਾਲਿਆਂ ਦਾ ਹਾਲ ਦੁਨੀਆ ਭਰ ਦੇ ਲੋਕਾਂ ਨੇ ਮੀਡੀਆ ਰਾਹੀਂ ਨਾਲੋ ਨਾਲ ਦੇਖਿਆ ਪੰਜਾਬ ਦੇ ਮੰਤਰੀ ਮੰਡਲ ਨੇ ਮੰਨਿਆ ਕਿ ਉਹਨਾਂ ਨੇ ਗਲਤੀ ਕੀਤੀ ਹੈ, ਇਸ ਕਾਨੂੰਨ ਵਿੱਚ ਸੋਧ ਕਰਕੇ ਗਲਤੀ ਸੁਧਾਰਨ ਲਈ ਸਰਕਾਰ ਨੂੰ ਇੱਕ ਮਹੀਨੇ ਦਾ ਦਿੱਤਾ

## ਡਰਬੀ ਵਿਖੇ ਫੁੱਟਬਾਲ ਟੂਰਨਾਮੈਂਟ 'ਚ ਯੂ ਕੇ ਭਰ ਤੋਂ ਟੀਮਾਂ ਨੇ ਭਾਗ ਲਿਆ






ਡਰਬੀ ਸਪੋਰਟਸ ਕਮੇਟੀ ਵੱਲੋਂ ਡਰਬੀ ਦੇ ਗੁਰੂ ਘਰਾਂ ਤੇ ਸਹਿਯੋਗੀ ਸੰਸਥਾਵਾਂ ਨਾਲ ਮਿਲ ਕੇ ਦੋ ਦਿਨਾਂ ਫੁੱਟਬਾਲ ਟੂਰਨਾਮੈਂਟ ਕਰਵਾਇਆ ਗਿਆ, ਜਿਸ ਵਿੱਚ ਭਾਗ ਲੈਣ ਵਾਲੀਆਂ ਜੇਤੂ ਟੀਮਾਂ ਨੂੰ ਐਮ ਪੀ ਕੈਥਰੀਨ ਐਟਕਿਨਜ਼ ਅਤੇ ਸਥਾਨਕ ਕੌਂਸਲਰ ਅਜੀਤ ਸਿੰਘ ਅਟਵਾਲ ਨੇ ਇਨਾਮਾਂ ਦੀ ਵੰਡ ਕੀਤੀ –ਹੋਰ ਤਸਵੀਰਾਂ ਅੰਦਰ ਦੇਖੋ:

## ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਸਾਬਕਾ ਪ੍ਰਧਾਨ ਤੇ ਉੱਘੇ ਅਕਾਲੀ ਆਗੂ ਸ: ਮਲਕੀਤ ਸਿੰਘ ਗਰੇਵਾਲ ਨਹੀਂ ਰਹੇ



**Malkit Singh Grewal**

16 June 1940 – 20 June 2026

ਮਰਹੂਮ ਅਕਾਲੀ ਆਗੂ ਸ: ਮਲਕੀਤ ਸਿੰਘ ਗਰੇਵਾਲ ਦਾ ਅੰਤਿਮ ਸੰਸਕਾਰ ਮੰਗਲਵਾਰ 7 ਜੁਲਾਈ 2026 ਨੂੰ ਫੈਲਥਹੈਮ ਸ਼ਮਸ਼ਾਨਘਾਟ ਵਿਖੇ ਹੋਵੇਗਾ ਅਤੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਪਾਰਕ ਐਵੇਨਿਊ, ਸਾਊਥਾਲ ਵਿਖੇ ਅੰਤਿਮ ਅਰਦਾਸ ਮੌਕੇ ਸਿੱਖ ਆਗੂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨਗੇ।

# ਡਰਬੀ ਸਪੋਰਟਸ ਕਮੇਟੀ, ਖਾਲਸਾ ਫੁੱਟਬਾਲ ਫੈਡਰੇਸ਼ਨ ਅਤੇ ਸਿੰਘ ਬ੍ਰਦਰਜ਼ ਫੁੱਟਬਾਲ ਕਲੱਬ ਵੱਲੋਂ ਸਥਾਨਕ ਗੁਰੂ ਘਰਾਂ ਅਤੇ ਡਰਬੀ ਵਾਸੀਆਂ ਦੇ ਸਹਿਯੋਗ ਨਾਲ ਸ਼ਹੀਦੀ ਫੁੱਟਬਾਲ ਟੂਰਨਾਮੈਂਟ ਕਰਵਾਇਆ

## ਇੰਗਲੈਂਡ ਭਰ ਤੋਂ ਵੱਡੀ ਗਿਣਤੀ ਵਿੱਚ ਜੂਨੀਅਰ ਅਤੇ ਸੀਨੀਅਰ ਟੀਮਾਂ ਨੇ ਭਾਗ ਲਿਆ ਤੇ ਆਪਣੀ ਕਲਾ ਦੇ ਖੂਬ ਜੌਹਰ ਦਿਖਾਏ – ਐਮ ਪੀ ਕੈਥਰੀਨ ਐਟਕਿਨਜ਼ ਅਤੇ ਕੌਂਸਲਰ ਅਜੀਤ ਸਿੰਘ ਅਟਵਾਲ ਵੱਲੋਂ ਖਿਡਾਰੀਆਂ ਤੇ ਸਹਿਯੋਗੀਆਂ ਦਾ ਮਾਣ ਸਨਮਾਨ ਕੀਤਾ ਗਿਆ























ਡਰਬੀ – ਪੰਜਾਬ ਟਾਈਮਜ਼ – (ਹਰਜਿੰਦਰ ਸਿੰਘ ਮੰਡੇਰ) – ਡਰਬੀ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਫੁੱਟਬਾਲ ਟੂਰਨਾਮੈਂਟ 27 – 28 ਜੂਨ ਸ਼ਨਿੱਚਰਵਾਰ ਤੇ ਐਤਵਾਰ ਨੂੰ ਬੜੀ ਸ਼ਾਨੋ ਸ਼ੌਕਤ ਨਾਲ ਕਰਵਾਇਆ ਗਿਆ। ਡਰਬੀ ਸਪੋਰਟਸ ਕਮੇਟੀ, ਖਾਲਸਾ ਫੁੱਟਬਾਲ ਫੈਡਰੇਸ਼ਨ ਅਤੇ ਸਿੰਘ ਬ੍ਰਦਰਜ਼ ਫੁੱਟਬਾਲ ਕਲੱਬ ਵੱਲੋਂ ਕਰਵਾਏ ਗਏ ਦੋ ਦਿਨਾਂ ਫੁੱਟਬਾਲ ਟੂਰਨਾਮੈਂਟ ਦੇ ਪ੍ਰਬੰਧਕਾਂ ਸ: ਨਛੱਤਰ ਸਿੰਘ ਛੋਕਰ, ਪ੍ਰਮਜੀਤ ਸਿੰਘ ਚੀਮਾ, ਬਿੱਕਰ ਸਿੰਘ ਚਾਹਲ, ਕੁਲਵੰਤ ਸਿੰਘ ਕੂਨਰ, ਮਨਜੀਤ ਸਿੰਘ ਮਾਨ, ਭਜਨ ਸਿੰਘ ਢਿੱਲੋਂ, ਰੇਸ਼ਮ ਸਿੰਘ ਚੌਹਾਨ ਅਤੇ ਗੁਰਦੇਵ ਸਿੰਘ ਢਿੱਲੋਂ ਨੇ ਦੱਸਿਆ ਕਿ ਫੁੱਟਬਾਲ ਟੂਰਨਾਮੈਂਟ ਨੂੰ ਸਥਾਨਕ ਗੁਰਦੁਆਰਾ ਸਾਹਬਾਨ ਵੱਲੋਂ ਬਹੁਤ ਭਰਵਾਂ ਸਹਿਯੋਗ ਦਿੱਤਾ ਗਿਆ। ਟੂਰਨਾਮੈਂਟ ਦੇ ਅੰਤ ਤੇ ਡਰਬੀ ਨੌਰਥ ਤੋਂ ਲੇਬਰ ਐਮ ਪੀ ਕੈਥਰੀਨ ਐਟਕਿਨਜ਼ ਅਤੇ ਕੌਂਸਲਰ ਅਜੀਤ ਸਿੰਘ ਅਟਵਾਲ ਸਾਬਕਾ ਮੇਅਰ ਡਰਬੀ ਨੇ ਖਿਡਾਰੀਆਂ ਦੀ ਹੌਸਲਾ ਅਫ਼ਜ਼ਾਈ ਕੀਤੀ ਤੇ ਇਨਾਮ ਵੰਡੇ।

ਇਸ ਟੂਰਨਾਮੈਂਟ ਨੂੰ ਗੁਰੂ ਅਰਜਨ ਦੇਵ ਗੁਰਦੁਆਰਾ ਸਾਹਿਬ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਗੁਰਦੁਆਰਾ ਰਾਮਗੜ੍ਹੀਆ ਸਭਾ, ਗੁਰਦੁਆਰਾ ਖਾਲਸਾ ਦਰਬਾਰ, ਸ੍ਰੀ ਗੁਰੂ ਰਵਿਦਾਸ ਸਭਾ, ਦੇ ਇਲਾਵਾ, ਇੰਡੀਅਨ ਕਮਿਊਨਿਟੀ ਸੈਂਟਰ, ਡਰਬੀ ਸਪੋਰਟਸ ਕਮੇਟੀ, ਹਿੰਦੂ ਮੰਦਰ ਅਤੇ ਸ਼੍ਰੋਮਣੀ ਅਕਾਲੀ ਦਲ ਡਰਬੀ ਨੇ ਭਰਵਾਂ ਸਹਿਯੋਗ ਦਿੱਤਾ। ਫੁੱਟਬਾਲ ਪ੍ਰਬੰਧਕਾਂ ਨੇ ਸਾਰੀਆਂ ਸੰਸਥਾਵਾਂ ਅਤੇ ਸਹਿਯੋਗੀ ਸੱਜਣਾਂ ਦਾ ਹਾਰਦਿਕ ਧੰਨਵਾਦ ਕੀਤਾ। ਸ: ਰਾਜਿੰਦਰ ਸਿੰਘ ਪੁਰੇਵਾਲ ਬੇਸ਼ੱਕ ਟੂਰਨਾਮੈਂਟ ਵਿੱਚ ਹਾਜ਼ਰੀ ਨਹੀਂ ਭਰ ਸਕੇ ਪਰ ਅਦਾਰਾ ਪੰਜਾਬ ਟਾਈਮਜ਼ ਵੱਲੋਂ ਟੂਰਨਾਮੈਂਟ ਨੂੰ ਉਹਨਾਂ ਦਾ ਭਰਵਾਂ ਸਹਿਯੋਗ ਹਾਸਲ ਹੈ। ਸ: ਪੁਰੇਵਾਲ ਨੇ ਕਿਹਾ ਕਿ ਡਰਬੀ ਵਿਖੇ ਇਹ ਟੂਰਨਾਮੈਂਟ ਲੱਗਭੱਗ 70 ਸਾਲਾਂ ਤੋਂ ਕਰਵਾਇਆ ਜਾ ਰਿਹਾ ਹੈ। ਪਹਿਲੇ ਬਜ਼ੁਰਗ ਪ੍ਰਬੰਧਕਾਂ ਦਾ ਬਹੁਤ ਯੋਗਦਾਨ ਰਿਹਾ ਹੈ।

ਟੂਰਨਾਮੈਂਟ ਵਿੱਚ ਇੰਗਲੈਂਡ ਭਰ ਦੇ ਵੱਖ-ਵੱਖ ਸ਼ਹਿਰਾਂ ਤੋਂ ਫੁੱਟਬਾਲ ਦੀਆਂ 34 ਦੇ ਲੱਗਭੱਗ ਸੀਨੀਅਰ ਟੀਮਾਂ ਅਤੇ ਬੱਚਿਆਂ ਦੀਆਂ ਅੰਡਰ 8 ਅੰਡਰ 11, ਅੰਡਰ 13, ਅੰਡਰ 15 ਅਤੇ ਅੰਡਰ 17 ਫੁੱਟਬਾਲ ਟੀਮਾਂ ਨੇ ਵੀ ਭਾਗ ਲਿਆ। ਇਹ ਸ਼ਹੀਦੀ ਟੂਰਨਾਮੈਂਟ ਹਰ ਸਾਲ ਵਾਂਗ ਦੇਸ਼ ਦੇ ਸਮੂਹ ਸ਼ਹੀਦਾਂ ਨੂੰ ਸਮਰਪਿਤ ਸੀ। ਜਿਸ ਵਿੱਚ ਆਪਣੇ ਬੱਚਿਆਂ ਨੂੰ ਉਤਸ਼ਾਹਤ ਕਰਨ ਲਈ ਬੀਬੀਆਂ ਭੈਣਾਂ ਅਤੇ ਬਹੁਤ ਸਾਰੇ ਪਰਿਵਾਰਕ ਮੈਂਬਰ ਵੀ ਦਰਸ਼ਕਾਂ ਵਜੋਂ ਪਹੁੰਚੇ ਅਤੇ ਖਿਡਾਰੀਆਂ ਦੀ ਹੌਸਲਾ ਅਫ਼ਜ਼ਾਈ ਕੀਤੀ।

**ਵਧੇਰੇ ਜਾਣਕਾਰੀ ਲਈ:** ਕੁਲਵੰਤ ਸਿੰਘ ਕੂਨਰ: 07872 694277, ਬਿੱਕਰ ਸਿੰਘ ਚਾਹਲ: 07813 640720, ਜੱਸਾ ਲੇਹਲ – 07980 627030, ਰਸ਼ਪਾਲ ਸਿੰਘ ਸੰਧੂ: 07890 335034, ਪੋਲੀ ਟੈਂਕ – 07973 699 130

**ਜਾਰੀ ਕਰਤਾ–ਡਰਬੀ ਸਪੋਰਟਸ ਕਮੇਟੀ ਅਤੇ ਖਾਲਸਾ ਫੁੱਟਬਾਲ ਫੈਡਰੇਸ਼ਨ, ਸਿੰਘ ਬ੍ਰਦਰਜ਼ ਫੁੱਟਬਾਲ ਕਲੱਬ, ਨਛੱਤਰ ਸਿੰਘ ਛੋਕਰ, ਪ੍ਰਮਜੀਤ ਸਿੰਘ ਚੀਮਾ, ਭਜਨ ਸਿੰਘ ਢਿੱਲੋਂ, ਗੁਰਦੇਵ ਸਿੰਘ ਢਿੱਲੋਂ**

Sponsored By :- Guru Arjan Dev Gurdwara, Sri Guru Singh Sabha Gurdwara, Indian Community Centre, Derby Sports Committee, Guru Ravidass Sabha Derby, Shiromani Akali Dal UK (Derby), Pak Food Store Derby

## >> ਮਾਮਲਾ ਜਾਗਤ ਜੋਤਿ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ-2026 ਦਾ <<

# ਅਕਾਲ ਤਖ਼ਤ ਸਾਹਿਬ ਵਿਖੇ 87 ਸਿੱਖ ਵਿਧਾਇਕਾਂ ਤੇ ਮੰਤਰੀਆਂ ਦੀ ਪੇਸ਼ੀ

**✪ ਕਾਨੂੰਨ ਵਿਚ ਸੋਧ ਹੋਣ ਤੱਕ ਐਕਟ ਮੁਲਤਵੀ ਰੱਖਣ ਦੇ ਆਦੇਸ਼ ✪ ਸਿਆਸੀ ਬੌਧਿਕਤਾ ਦਾ ਦੀਵਾਲੀਆਪਨ ! 'ਆਪ' ਵਿਧਾਇਕਾਂ ਨੇ ਮੰਨਿਆ-ਬਿਨਾਂ ਪੜ੍ਹੇ ਹੀ ਕਾਹਲੀ ਵਿਚ ਪਾਸ ਕੀਤਾ ਸੀ ਕਾਨੂੰਨ ✪ ਜਥੇਦਾਰ ਦੀ ਨਵੀਂ ਸ਼ਰਤ: ਮਿਥ ਕੇ ਬੇਅਦਬੀ ਕਰਨ ਵਾਲੇ ਪੈਰੋਕਾਰ ਦੇ ਨਾਲ-ਨਾਲ ਡੇਰਾ ਮੁਖੀ 'ਤੇ ਵੀ ਦਰਜ ਹੋਵੇ ਪਰਚਾ ✪ ਕੀ ਅਕਾਲ ਤਖ਼ਤ ਦੇ ਸਖ਼ਤ ਰੁਖ਼ ਤੋਂ ਬਾਅਦ ਬੈਕਫੁੱਟ 'ਤੇ ਆਵੇਗੀ ਭਗਵੰਤ ਮਾਨ ਸਰਕਾਰ**






ਪੰਜਾਬ ਸਰਕਾਰ ਵੱਲੋਂ ਬਿਨਾਂ ਪੰਥਕ ਸਹਿਮਤੀ ਦੇ ਪਾਸ ਕੀਤੇ ਗਏ 'ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਕਾਨੂੰਨ-2026' ਨੂੰ ਲੈ ਕੇ ਪੈਦਾ ਹੋਇਆ ਵਿਵਾਦ ਹੁਣ ਇੱਕ ਨਵੇਂ ਮੋੜ 'ਤੇ ਪਹੁੰਚ ਗਿਆ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ 'ਤੇ ਤਲਬ ਕੀਤੇ ਜਾਣ ਤੋਂ ਬਾਅਦ ਬੀਤੇ ਦਿਨੀਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ, ਸਿੱਖ ਕੈਬਨਿਟ ਮੰਤਰੀਆਂ ਅਤੇ ਵੱਖ-ਵੱਖ ਸਿਆਸੀ ਪਾਰਟੀਆਂ ਦੇ ਕਰੀਬ 87 ਵਿਧਾਇਕਾਂ ਨੇ ਅਕਾਲ ਤਖ਼ਤ ਸਕੱਤਰੇਤ ਵਿਖੇ ਪੰਜ ਸਿੰਘ ਸਾਹਿਬਾਨ ਅੱਗੇ ਪੇਸ਼ ਹੋ ਕੇ ਆਪਣਾ ਪੱਖ ਰੱਖਿਆ। ਇਸ ਪੂਰੇ ਘਟਨਾਕ੍ਰਮ ਦਾ ਸੰਚਾਲਨ ਕਰਨ ਵਾਲੇ ਪੰਜ ਸਿੰਘ ਸਾਹਿਬਾਨ ਵਿੱਚ-ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ (ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ), ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ, ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਬਲਜੀਤ ਸਿੰਘ ਤੇ ਗਿਆਨੀ ਕੇਵਲ ਸਿੰਘ, ਅਤੇ ਅਕਾਲ ਤਖ਼ਤ ਸਾਹਿਬ ਦੇ ਪੰਜ ਪਿਆਰਿਆਂ ਵਿੱਚੋਂ ਗਿਆਨੀ ਮੰਗਲ ਸਿੰਘ ਸ਼ਾਮਿਲ ਸਨ।

ਇਸ ਪੂਰੇ ਵਿਵਾਦ ਵਿੱਚ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਵਿਧਾਇਕਾ ਬੀਬੀ ਗਨੀਵ ਕੌਰ ਮਜੀਠੀਆ ਦੀ ਭੂਮਿਕਾ ਅਤੇ ਵਿਧਾਨ ਸਭਾ ਵਿੱਚ ਉਨ੍ਹਾਂ ਦੀ ਗ਼ੈਰ-ਹਾਜ਼ਰੀ ਸਭ ਤੋਂ ਵੱਡਾ ਸਵਾਲ ਬਣ ਕੇ ਉਭਰੀ ਹੈ। ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ੀ ਦੌਰਾਨ ਜਦੋਂ ਉਨ੍ਹਾਂ ਇਹ ਸਫ਼ਾਈ ਦਿੱਤੀ ਕਿ ਉਹ ਬਿੱਲ ਪਾਸ ਹੋਣ ਵਾਲੇ ਦਿਨ ਸਦਨ ਵਿੱਚ ਮੌਜੂਦ ਨਹੀਂ ਸਨ, ਤਾਂ ਜਥੇਦਾਰ ਸਾਹਿਬ ਨੇ ਉਨ੍ਹਾਂ ਨੂੰ ਟੋਕਦਿਆਂ ਕਿਹਾ ਕਿ ਉਨ੍ਹਾਂ ਨੂੰ ਹਾਊਸ ਵਿਚ ਜਾਕੇ ਇਸ ਬਿੱਲ ਦਾ ਵਿਰੋਧ ਕਰਨਾ ਚਾਹੀਦਾ ਸੀ, ਤਾਂ ਬੀਬੀ ਮਜੀਠੀਆ ਨੇ ਮੌਜੂਦਾ ਸਿਆਸੀ ਮਾਹੌਲ 'ਤੇ ਨਿਸ਼ਾਨਾ ਸਾਧਦਿਆਂ ਜਵਾਬ ਦਿੱਤਾ ਕਿ "ਵਿਧਾਨ ਸਭਾ ਹਾਊਸ ਵਿੱਚ ਕਿਸੇ ਨੂੰ ਵੀ (ਆਪਣੀ ਗੱਲ ਰੱਖਣ ਜਾਂ) ਬੋਲਣ ਨਹੀਂ ਦਿੱਤਾ ਜਾਂਦਾ। ਇਸਤਰੀਆਂ ਉਪਰ ਤੰਨਜ ਕਸੇ ਜਾਂਦੇ ਹਨ। ਮਖੌਲ ਉਡਾਇਆ ਜਾਂਦਾ ਹੈ।"

ਸਿਆਸੀ ਮਾਹਿਰਾਂ ਅਨੁਸਾਰ ਇਸ ਪਿੱਛੇ ਬਾਦਲ ਦਲ ਦੀ ਇੱਕ ਸਪੱਸ਼ਟ ਅਤੇ ਡੂੰਘੀ ਸਿਆਸਤ ਨਜ਼ਰ ਆਉਂਦੀ ਹੈ। ਅਕਾਲੀ ਦਲ ਇਸ ਸੰਵੇਦਨਸ਼ੀਲ ਬਿੱਲ 'ਤੇ ਵਿਧਾਨ ਸਭਾ ਅੰਦਰ ਸਿੱਧਾ ਸਟੈਂਡ ਲੈਣ ਤੋਂ ਬਚਣਾ ਚਾਹੁੰਦਾ ਸੀ। ਜੇਕਰ ਉਹ ਹਾਊਸ ਵਿੱਚ ਇਸ ਦਾ ਖੁੱਲ੍ਹ ਕੇ ਵਿਰੋਧ ਕਰਦੇ, ਤਾਂ ਸੱਤਾਧਾਰੀ ਧਿਰ (ਆਪ) ਉਨ੍ਹਾਂ 'ਤੇ ਬੇਅਦਬੀ ਦੇ ਮਾਮਲਿਆਂ ਵਿੱਚ ਰੋੜਾ ਅਟਕਾਉਣ ਅਤੇ ਡੇਰਾ ਸਮਰਥਕਾਂ ਨੂੰ ਬਚਾਉਣ ਦੇ ਸਿਆਸੀ ਦੋਸ਼ ਮੜ੍ਹ ਸਕਦੀ ਸੀ। ਇਸ ਲਈ ਵਿਧਾਨ ਸਭਾ ਦੇ ਸੈਸ਼ਨ ਤੋਂ ਦੂਰੀ ਬਣਾ ਕੇ ਰੱਖਣਾ ਅਤੇ ਬਾਅਦ ਵਿੱਚ ਧਾਰਮਿਕ ਮੰਚ 'ਤੇ ਆ ਕੇ ਹਮਦਰਦੀ ਜਿੱਤਣਾ, ਬਾਦਲ ਦਲ ਦੀ ਇੱਕ ਸੁਰੱਖਿਅਤ "ਵੇਟ ਐਂਡ ਵਾਚ" (ਦੇਖੋ ਤੇ ਇੰਤਜ਼ਾਰ ਕਰੋ) ਦੀ ਨੀਤੀ ਦਾ ਹਿੱਸਾ ਸੀ। ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਅਗਵਾਈ ਹੇਠ ਹੋਈ ਇਸ ਵਿਸ਼ੇਸ਼ ਇਕੱਤਰਤਾ ਦੌਰਾਨ ਅਕਾਲ ਤਖ਼ਤ ਸਾਹਿਬ ਵੱਲੋਂ ਪੰਜਾਬ ਸਰਕਾਰ ਨੂੰ ਕਾਨੂੰਨ ਵਿਚਲੀਆਂ ਤਰੁੱਟੀਆਂ ਅਤੇ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀ ਸ਼ਬਦਾਵਲੀ ਨੂੰ ਦਰੁਸਤ ਕਰਨ ਲਈ ਇੱਕ ਮਹੀਨੇ ਦਾ ਸਮਾਂ ਦਿੱਤਾ ਗਿਆ ਹੈ। ਜਥੇਦਾਰ ਨੇ ਸਖ਼ਤ ਹਦਾਇਤ ਕੀਤੀ ਹੈ ਕਿ ਜਿੰਨਾ ਚਿਰ ਇਸ ਕਾਨੂੰਨ ਵਿੱਚ ਲੋੜੀਂਦੀਆਂ ਸੋਧਾਂ ਨਹੀਂ ਹੁੰਦੀਆਂ, ਉਦੋਂ ਤੱਕ ਇਸ ਐਕਟ ਦੀ ਕਾਰਵਾਈ ਨੂੰ ਪੂਰੀ ਤਰ੍ਹਾਂ ਮੁਲਤਵੀ (ਹੋਲਡ) ਰੱਖਿਆ ਜਾਵੇ। ਇਸ ਫ਼ੈਸਲੇ 'ਤੇ ਹਾਜ਼ਰ ਸਮੂਹ ਮੰਤਰੀਆਂ ਅਤੇ ਵਿਧਾਇਕਾਂ ਨੇ ਬਾਹਵਾਂ ਖੜ੍ਹੀਆਂ ਕਰਕੇ ਅਤੇ ਜੈਕਾਰਿਆਂ ਦੀ ਗੂੰਜ ਵਿੱਚ ਆਪਣੀ ਸਹਿਮਤੀ ਪ੍ਰਗਟਾਈ।

ਜਥੇਦਾਰ ਨੇ ਕਿਹੜੇ ਨੁਕਤਿਆਂ 'ਤੇ ਜਤਾਇਆ ਇਤਰਾਜ਼ ਅਤੇ ਕਿਹੜੀ ਨਵੀਂ ਮੰਗ ਰੱਖੀ?

ਮੀਟਿੰਗ ਦੌਰਾਨ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਵਿਧਾਇਕਾਂ ਨੂੰ ਕਾਨੂੰਨ ਦੀਆਂ ਖ਼ਾਮੀਆਂ ਬਾਰੇ ਵਿਸਥਾਰ ਨਾਲ ਜਾਣੂ ਕਰਵਾਇਆ। ਪੰਥ ਵੱਲੋਂ ਮੁੱਖ ਇਤਰਾਜ਼ ਐਕਟ ਵਿੱਚ ਵਰਤੀ ਗਈ ਸ਼ਬਦਾਵਲੀ 'ਤੇ ਹਨ:

* ਅਕਾਲ ਤਖ਼ਤ ਸਾਹਿਬ ਦਾ ਦੋਸ਼ ਹੈ ਕਿ ਪੰਜਾਬ ਸਰਕਾਰ ਨੇ ਸਿੱਖ ਧਰਮ ਨਾਲ ਜੁੜੇ ਇੰਨੇ ਸੰਵੇਦਨਸ਼ੀਲ ਮੁੱਦੇ 'ਤੇ ਕਾਨੂੰਨ ਬਣਾਉਣ ਤੋਂ ਪਹਿਲਾਂ ਸਿੱਖ ਧਾਰਮਿਕ ਸੰਸਥਾਵਾਂ ਨਾਲ ਕੋਈ ਸਲਾਹ-ਮਸ਼ਵਰਾ ਨਹੀਂ ਕੀਤਾ। ਸਿੱਖ ਪੰਥ ਨਾਲ ਸਬੰਧਿਤ ਫੈਸਲਿਆਂ ਵਿੱਚ ਅਕਾਲ ਤਖ਼ਤ ਸਾਹਿਬ ਅਤੇ ਐੱਸ. ਜੀ. ਪੀ. ਸੀ. ਨੂੰ ਭਰੋਸੇ ਵਿੱਚ ਲਏ ਬਿਨਾਂ ਕਾਨੂੰਨ ਪਾਸ ਕਰਨਾ ਸਵੀਕਾਰ ਨਹੀਂ ਹੈ।

* ਗੁਰੂ ਗ੍ਰੰਥ ਸਾਹਿਬ ਜੀ ਦੇ ਸੰਦਰਭ ਵਿੱਚ 'ਕਸਟੋਡੀਅਨ' ਸ਼ਬਦ ਦੀ ਵਰਤੋਂ ਨੂੰ ਬਿਲਕੁਲ ਗਲਤ ਦੱਸਿਆ ਗਿਆ ਹੈ, ਕਿਉਂਕਿ ਸ਼ਬਦ-ਗੁਰੂ ਦੀ ਹਸਤੀ ਸਰਵਉੱਚ ਹੈ ਅਤੇ ਕੋਈ ਦੁਨਿਆਵੀ ਸਰਕਾਰ ਜਾਂ ਵਿਅਕਤੀ ਉਨ੍ਹਾਂ ਦਾ ਕਸਟੋਡੀਅਨ ਨਹੀਂ ਹੋ ਸਕਦਾ।

* ਕਾਨੂੰਨ ਦੇ ਖਰੜੇ ਵਿੱਚ ਪ੍ਰਮਾਣਿਕ ਸ਼ਬਦ 'ਬੀੜ' ਦੀ ਥਾਂ 'ਸਰੂਪ' ਸ਼ਬਦ ਵਰਤਿਆ ਗਿਆ ਹੈ।

* ਪਾਵਨ ਸਰੂਪਾਂ ਦੇ ਪ੍ਰਕਾਸ਼ਨ ਦੌਰਾਨ ਯੂਨੀਕ ਕੋਡ ਲਗਾਉਣ ਅਤੇ ਸ਼ਰਧਾਲੂਆਂ ਦੇ ਵੇਰਵੇ ਆਨਲਾਈਨ ਜਨਤਕ ਕਰਨ ਦੀ ਮੱਦ ਨੂੰ ਸਿੱਖ ਮਰਯਾਦਾ ਅਤੇ ਸ਼੍ਰੋਮਣੀ ਕਮੇਟੀ ਦੇ ਅਧਿਕਾਰ ਖੇਤਰ ਵਿੱਚ ਸਿੱਧਾ ਸਰਕਾਰੀ ਦਖ਼ਲ ਮੰਨਿਆ ਗਿਆ ਹੈ।

* ਕਾਨੂੰਨ ਵਿੱਚ ਸੋਧਾਂ ਦੇ ਨਾਲ-ਨਾਲ ਜਥੇਦਾਰ ਗੜਗੱਜ ਨੇ ਇੱਕ ਨਵੀਂ ਅਤੇ ਵੱਡੀ ਮੰਗ ਰੱਖੀ ਹੈ। ਉਨ੍ਹਾਂ ਕਿਹਾ ਕਿ ਜੇਕਰ ਕੋਈ ਸਿੱਖ ਵਿਰੋਧੀ ਡੇਰੇ ਦਾ ਪੈਰੋਕਾਰ ਮਿਥ ਕੇ ਬੇਅਦਬੀ ਦੀ ਘਟਨਾ ਨੂੰ ਅੰਜਾਮ ਦਿੰਦਾ ਹੈ, ਤਾਂ ਉਸ ਪੈਰੋਕਾਰ ਦੇ ਨਾਲ-ਨਾਲ ਸਾਜ਼ਿਸ਼ ਰਚਣ ਵਾਲੇ ਡੇਰਾ ਮੁਖੀ ਖ਼ਿਲਾਫ਼ ਵੀ ਤੁਰੰਤ ਪਰਚਾ ਦਰਜ ਕੀਤਾ ਜਾਵੇ। ਇਸ ਦੇ ਨਾਲ ਹੀ ਉਨ੍ਹਾਂ ਨੇ 2015 ਬਰਗਾੜੀ ਬੇਅਦਬੀ ਦੇ ਮਾਮਲੇ ਵਿੱਚ ਡੇਰਾ ਸਿਰਸਾ ਮੁਖੀ ਵਿਰੁੱਧ ਢਿੱਲੀ ਕਾਰਵਾਈ ਨੂੰ ਲੈ ਕੇ ਸਰਕਾਰ ਦੀ ਕਰੜੀ ਆਲੋਚਨਾ ਕੀਤੀ।

**ਬਾਕੀ ਹਿਸਾ ਸਫ਼ਾ 4 ਤੇ ਪੜ੍ਹੋ**

## ਕੀ ਹੈ ਪੂਰਾ ਵਿਵਾਦ

ਇਹ ਸਾਰਾ ਵਿਵਾਦ 'ਜਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਬਿੱਲ, 2026' ਨੂੰ ਲੈ ਕੇ ਹੈ, ਜਿਸ ਨੂੰ ਪੰਜਾਬ ਵਿਧਾਨ ਸਭਾ ਵੱਲੋਂ ਲੰਘੀ 13 ਅਪ੍ਰੈਲ ਨੂੰ ਪਾਸ ਕੀਤਾ ਗਿਆ ਸੀ ਅਤੇ ਕੁਝ ਹੀ ਦਿਨਾਂ ਵਿੱਚ ਰਾਜਪਾਲ ਵੱਲੋਂ ਵੀ ਇਸ ਨੂੰ ਮਨਜ਼ੂਰੀ ਦੇ ਦਿੱਤੀ ਗਈ ਸੀ।

ਕਾਨੂੰਨ ਦੀਆਂ ਮੁੱਖ ਗੱਲਾਂ:

* ਸਾਲ 2008 ਦੇ ਅਸਲ ਐਕਟ ਵਿੱਚ ਸੋਧ ਕਰਕੇ ਉਮਰ ਕੈਦ ਦੀ ਸਜ਼ਾ: ਪ੍ਰਬੰਧ ਕੀਤਾ ਗਿਆ ਹੈ ਕਿ ਜੇਕਰ ਕੋਈ ਵਿਅਕਤੀ ਆਪਸੀ ਭਾਈਚਾਰਕ ਸਾਂਝ ਨੂੰ ਵਿਗਾੜਨ ਦੇ ਇਰਾਦੇ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀ ਸਾਜ਼ਿਸ਼ ਰਚਣ ਦਾ ਦੋਸ਼ੀ ਪਾਇਆ ਜਾਂਦਾ ਹੈ, ਤਾਂ ਉਸ ਨੂੰ ਉਮਰ ਕੈਦ ਅਤੇ 5 ਲੱਖ ਤੋਂ 20 ਲੱਖ ਰੁਪਏ ਤੱਕ ਦਾ ਜੁਰਮਾਨਾ ਹੋ ਸਕਦਾ ਹੈ। ਹੋਰ ਅਪਰਾਧਾਂ ਲਈ ਸਜ਼ਾ: ਐਕਟ ਦੇ ਅਧੀਨ ਆਉਂਦੇ ਹੋਰ ਅਪਰਾਧਾਂ ਲਈ 5 ਸਾਲ ਤੱਕ ਦੀ ਕੈਦ ਅਤੇ 10 ਲੱਖ ਰੁਪਏ ਤੱਕ ਦੇ ਜੁਰਮਾਨੇ ਦਾ ਪ੍ਰਬੰਧ ਹੈ।

* ਕੇਂਦਰੀ ਰਜਿਸਟਰ ਅਤੇ ਯੂਨਿਕ ਆਈਡੀ: ਸੋਧੇ ਹੋਏ ਕਾਨੂੰਨ ਮੁਤਾਬਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਰ ਸਰੂਪ ਦਾ ਇੱਕ ਕੇਂਦਰੀ ਰਜਿਸਟਰ ਰੱਖਣਾ ਲਾਜ਼ਮੀ ਕੀਤਾ ਗਿਆ ਹੈ। ਇਸ ਵਿੱਚ ਸਰੂਪ ਦੀ ਛਪਾਈ, ਸਟੋਰੇਜ, ਵੰਡ, ਸੇਵਾਦਾਰ/ਕਸਟੋਡੀਅਨ ਦੀ ਜਾਣਕਾਰੀ ਅਤੇ ਇੱਕ ਵਿਲੱਖਣ ਪਛਾਣ ਨੰਬਰ ਸ਼ਾਮਲ ਹੋਵੇਗਾ।

3 ਸਫ਼ੇ ਦੀ ਬਾਕੀ

## ਵਿਧਾਇਕਾਂ ਦੀ ਬੌਧਿਕ ਨਿਘਾਰ ਸਾਹਮਣੇ ਆਇਆ

ਇਸ ਘਟਨਾਕ੍ਰਮ ਨੇ ਨਾ ਸਿਰਫ਼ ਸਾਡੇ ਚੁਣੇ ਹੋਏ ਨੁਮਾਇੰਦਿਆਂ ਦੀ ਬੌਧਿਕ ਕੰਗਾਲੀ, ਕਾਹਲੀਪਨ ਅਤੇ ਗੰਭੀਰਤਾ ਦੀ ਕਮੀ ਨੂੰ ਜਗ-ਜ਼ਾਹਰ ਕੀਤਾ ਹੈ, ਬਲਕਿ ਸਿੱਖ ਸਿਧਾਂਤਾਂ ਪ੍ਰਤੀ ਉਨ੍ਹਾਂ ਦੀ ਅਗਿਆਨਤਾ ਦਾ ਪਰਦਾਫਾਸ਼ ਵੀ ਕਰ ਦਿੱਤਾ ਹੈ।

ਪੰਥਕ ਮਾਹਿਰਾਂ ਦਾ ਮੰਨਣਾ ਹੈ ਕਿ ਜਿਸ ਕਾਨੂੰਨ ਨੂੰ ਬਿਨਾਂ ਪੜ੍ਹੇ, ਬਿਨਾਂ ਵਿਚਾਰੇ ਅਤੇ ਬਿਨਾਂ ਕਿਸੇ ਠੋਸ ਬਹਿਸ ਦੇ ਵਿਧਾਨ ਸਭਾ ਵਿੱਚ ਪਾਸ ਕਰ ਦਿੱਤਾ ਗਿਆ, ਉਹ ਸਿਰਫ਼ ਇੱਕ ਕਾਨੂੰਨੀ ਜਾਂ ਪ੍ਰਸ਼ਾਸਨਿਕ ਨਾਕਾਮੀ ਨਹੀਂ ਹੈ, ਬਲਕਿ ਪੰਜਾਬ ਦੇ ਵਿਧਾਇਕਾਂ ਦੀ ਸੋਝੀ ਦੇ ਨਿਘਾਰ ਦਾ ਇੱਕ ਚਿੰਤਾਜਨਕ ਸਬੂਤ ਹੈ।

ਪੰਥਕ ਮਾਹਿਰਾਂ ਦਾ ਕਹਿਣਾ ਹੈ ਕਿ ਕਈ ਸੀਨੀਅਰ ਵਿਧਾਇਕਾਂ ਵੱਲੋਂ ਇਹ ਬਿਆਨ ਦੇਣਾ ਕਿ "ਐਕਟ ਬਹੁਤ ਕਾਹਲੀ ਵਿੱਚ ਪਾਸ ਹੋਇਆ ਅਤੇ ਸਮਾਂ ਨਹੀਂ ਮਿਲਿਆ," ਕੋਈ ਵਾਜਬ ਬਹਾਨਾ ਨਹੀਂ ਹੋ ਸਕਦਾ। ਇਹ ਇਸ ਹਕੀਕਤ ਦੀ ਪੁਸ਼ਟੀ ਹੈ ਕਿ ਪੰਜਾਬ ਦੀ ਲੀਡਰਸ਼ਿਪ ਇੰਨੇ ਨਾਜ਼ੁਕ ਮੁੱਦਿਆਂ 'ਤੇ ਵੀ ਅੱਖਾਂ ਮੀਟ ਕੇ ਦਸਤਖਤ ਕਰਨ ਦੀ ਆਦੀ ਹੋ ਚੁੱਕੀ ਹੈ। ਜੇਕਰ ਚੁਣੇ ਹੋਏ ਨੁਮਾਇੰਦਿਆਂ ਨੂੰ ਠੀਕ-ਗਲਤ ਦੀ ਇੰਨੀ ਬੁਨਿਆਦੀ ਸੋਝੀ ਵੀ ਨਹੀਂ, ਤਾਂ ਇਹ ਬੌਧਿਕਤਾ ਦਾ ਦੀਵਾਲੀਆਪਨ ਹੈ। ਇਹ ਕੋਈ ਆਮ ਸਰਕਾਰੀ ਬਿੱਲ ਨਹੀਂ ਸੀ; ਇਹ ਸਿੱਖਾਂ ਦੇ ਸਰਵਉੱਚ ਅਧਿਆਤਮਿਕ ਰਹਿਬਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਥਾਰਟੀ ਅਤੇ ਮਰਯਾਦਾ ਦਾ ਸਵਾਲ ਸੀ।

ਸਭ ਤੋਂ ਵੱਡੀ ਨੈਤਿਕ ਅਤੇ ਸਿਧਾਂਤਕ ਹਾਰ ਉਨ੍ਹਾਂ ਸਿੱਖ ਵਿਧਾਇਕਾਂ ਦੀ ਹੋਈ ਹੈ, ਜੋ ਉਸ ਵੇਲੇ ਸਦਨ ਵਿੱਚ ਮੌਜੂਦ ਸਨ। ਉਹ ਇਹ ਬੁਨਿਆਦੀ ਪੰਥਕ ਰਵਾਇਤ ਵੀ ਵਿਸਾਰ ਗਏ ਕਿ ਸ਼ਬਦ-ਗੁਰੂ ਦੀ ਸਰਵਉੱਚਤਾ, ਮਰਿਯਾਦਾ ਅਤੇ ਪੰਥਕ ਸ਼ਬਦਾਵਲੀ ਕਿਸੇ ਦੁਨਿਆਵੀ ਸਰਕਾਰ ਜਾਂ ਅਫ਼ਸਰਸ਼ਾਹੀ ਦੇ ਅਧੀਨ ਨਹੀਂ ਹੋ ਸਕਦੀ। ਜਥੇਦਾਰ ਅਕਾਲ ਤਖ਼ਤ ਗਿਆਨੀ ਕੁਲਦੀਪ ਸਿੰਘ ਗੜਗਜ ਦਾ ਮੰਨਣਾ ਹੈ ਕਿ ਗੁਰੂ ਸਾਹਿਬ ਦੇ ਸੰਦਰਭ ਵਿੱਚ 'ਕਸਟੋਡੀਅਨ' ਵਰਗੇ ਸ਼ਬਦ ਵਰਤਣਾ ਅਤੇ ਪਾਵਨ 'ਬੀੜ' ਦੀ ਥਾਂ 'ਸਰੂਪ' ਸ਼ਬਦ ਦੀ ਗਲਤ ਵਰਤੋਂ ਕਰਨਾ ਅਫ਼ਸਰਸ਼ਾਹੀ ਦੀ ਅਗਿਆਨਤਾ ਅਤੇ ਸਰਕਾਰ ਦੀ ਕਾਹਲ ਨੂੰ ਦਰਸਾਉਂਦਾ ਹੈ। ਸਿੱਖ ਵਿਦਵਾਨ ਡਾਕਟਰ ਗੁਰਦਰਸ਼ਨ ਸਿੰਘ ਢਿੱਲੋਂ ਮੁਤਾਬਕ ਕੋਈ ਵੀ ਇਨਸਾਨ ਜਾਂ ਸਰਕਾਰ ਗੁਰੂ ਸਾਹਿਬ ਦਾ ਕਸਟੋਡੀਅਨ ਨਹੀਂ ਹੋ ਸਕਦਾ। ਇਸ ਕਾਨੂੰਨ ਰਾਹੀਂ ਅਸਲ ਵਿੱਚ ਸਿੱਖ ਧਰਮ ਦੇ ਅੰਦਰੂਨੀ ਮਾਮਲਿਆਂ ਵਿੱਚ ਸਰਕਾਰੀ ਦਖ਼ਲਅੰਦਾਜ਼ੀ ਦਾ ਇੱਕ ਖ਼ਤਰਨਾਕ ਰਾਹ ਪੱਧਰਾ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ।

## ਜਥੇਦਾਰ ਦੇ ਫੈਸਲੇ ਤੋਂ ਬਾਅਦ ਆਪ ਸਰਕਾਰ ਕੋਲ ਕੀ ਰਾਹ ਹੈ

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਇਸ ਐਕਟ ਦੀਆਂ ਤਰੁੱਟੀਆਂ ਨੂੰ ਲੈ ਕੇ ਸਰਕਾਰ ਨੂੰ ਇੱਕ ਮਹੀਨੇ ਦਾ ਸਮਾਂ ਦੇਣਾ ਅਤੇ ਉਦੋਂ ਤੱਕ ਕਾਨੂੰਨ ਨੂੰ 'ਹੋਲਡ' (ਮੁਲਤਵੀ) ਰੱਖਣ ਦਾ ਆਦੇਸ਼ ਦੇਣਾ ਇੱਕ ਅਹਿਮ ਮੋੜ ਹੈ। ਮੀਟਿੰਗ ਤੋਂ ਬਾਅਦ ਸਪੀਕਰ ਕੁਲਤਾਰ ਸਿੰਘ ਸੰਧਵਾਂ ਅਤੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਬੜੀ ਅਧੀਨਗੀ ਨਾਲ ਕਿਹਾ ਸੀ ਕਿ ਉਹ ਅਕਾਲ ਤਖ਼ਤ ਸਾਹਿਬ ਦਾ ਪੂਰਾ ਸਤਿਕਾਰ ਕਰਦੇ ਹਨ ਅਤੇ ਜਥੇਦਾਰ ਸਾਹਿਬ ਵੱਲੋਂ ਮਿਲਣ ਵਾਲੀ ਸੁਝਾਵਾਂ ਦੀ ਕਾਪੀ 'ਤੇ ਸਰਕਾਰ ਵਿਚਾਰ ਕਰਕੇ ਇੱਕ ਮਹੀਨੇ ਦੇ ਅੰਦਰ ਯੋਗ ਫ਼ੈਸਲਾ ਲਵੇਗੀ।

ਫਿਲਹਾਲ, ਇਸ ਸਦਭਾਵਨਾਪੂਰਨ ਮੀਟਿੰਗ ਤੋਂ ਬਾਅਦ ਸਰਕਾਰ ਅਤੇ ਅਕਾਲ ਤਖ਼ਤ ਸਾਹਿਬ ਵਿਚਾਲੇ ਚੱਲ ਰਿਹਾ ਸਿੱਧਾ ਤਣਾਅ ਕੁਝ ਘਟਦਾ ਨਜ਼ਰ ਆ ਰਿਹਾ ਹੈ, ਪਰ ਸਰਕਾਰ ਦਾ ਅਗਲਾ ਕਦਮ ਹੀ ਪੰਜਾਬ ਦੀ ਸਿਆਸਤ ਦੀ ਅਗਲੀ ਦਿਸ਼ਾ ਤੈਅ ਕਰੇਗਾ।

ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਇਸ ਨੂੰ ਸਰਕਾਰ ਦਾ 'ਗੈਰ-ਤਜਰਬੇਕਾਰਪਨ' ਦੱਸਿਆ ਹੈ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਪਹਿਲਾਂ ਕਾਨੂੰਨ ਵਿੱਚ ਕੋਈ ਬਦਲਾਅ ਨਾ ਕਰਨ ਦੇ ਸਟੈਂਡ 'ਤੇ ਸੀ, ਪਰ ਅਕਾਲ ਤਖ਼ਤ ਸਾਹਿਬ ਦੇ ਸਖ਼ਤ ਰੁਖ਼ ਅਤੇ ਜਨਤਕ ਤੌਰ 'ਤੇ ਵਿਧਾਇਕਾਂ ਦੇ ਬੇਨਕਾਬ ਹੋਣ ਤੋਂ ਬਾਅਦ ਸਰਕਾਰ ਪੂਰੀ ਤਰ੍ਹਾਂ ਬੈਕਫੁੱਟ 'ਤੇ ਨਜ਼ਰ ਆ ਰਹੀ ਹੈ। ਸਰਕਾਰ ਕੋਲ ਮੁੱਖ ਤੌਰ 'ਤੇ ਤਿੰਨ ਰਾਹ ਹਨ: ਕਾਨੂੰਨ ਨੂੰ ਰੱਦ ਕਰਨਾ, ਪੈਂਡਿੰਗ (ਲੰਬਿਤ) ਪਾ ਦੇਣਾ, ਜਾਂ ਇਸ ਵਿੱਚ ਵੱਡੀਆਂ ਸੋਧਾਂ ਕਰਨਾ।

ਸਰਦਾਰ ਗੁਰਤੇਜ ਸਿੰਘ ਆਈਏਐਸ ਦੀ ਰਾਇ ਮੁਤਾਬਕ, ਕਾਨੂੰਨ ਵਿੱਚ ਸਿਰਫ਼ ਕੁਝ ਸ਼ਬਦ ਬਦਲ ਕੇ ਸੋਧਾਂ ਕਰਨਾ ਇਸ ਦਾ ਪੂਰਨ ਹੱਲ ਨਹੀਂ ਹੈ, ਕਿਉਂਕਿ ਇਹ ਗੁਰੂ ਸਾਹਿਬ ਦੀ ਹਸਤੀ ਨੂੰ ਸਰਕਾਰੀ ਕਾਨੂੰਨਾਂ ਦੇ ਦਾਇਰੇ ਵਿੱਚ ਲਿਆਉਣ ਦੀ ਇੱਕ ਗਲਤ ਪਿਰਤ ਪਾਵੇਗਾ। ਸਭ ਤੋਂ ਉੱਤਮ ਅਤੇ ਇਖ਼ਲਾਕੀ ਰਾਹ ਇਹੋ ਹੈ ਕਿ ਪੰਜਾਬ ਸਰਕਾਰ ਇਸ ਵਿਵਾਦਪੂਰਨ 'ਸਤਿਕਾਰ ਐਕਟ' ਨੂੰ ਪੂਰੀ ਤਰ੍ਹਾਂ ਰੱਦ ਕਰੇ। ਧਾਰਮਿਕ ਅਕੀਦੇ ਅਤੇ ਮਰਯਾਦਾਵਾਂ ਸਰਕਾਰੀ ਕਾਨੂੰਨਾਂ ਨਾਲ ਨਹੀਂ, ਬਲਕਿ ਸ਼ਰਧਾ ਅਤੇ ਪੰਥਕ ਰਵਾਇਤਾਂ ਨਾਲ ਸੁਰੱਖਿਅਤ ਰਹਿੰਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਬੇਅਦਬੀ ਵਰਗੇ ਘਿਨਾਉਣੇ ਅਪਰਾਧਾਂ ਨੂੰ ਰੋਕਣ ਲਈ ਸਰਕਾਰ ਕੇਂਦਰ ਨੂੰ ਅਪੀਲ ਕਰਕੇ ਭਾਰਤੀ ਨਿਆਇਕ ਸੰਹਿਤਾ ਦੀਆਂ ਸਬੰਧਿਤ ਧਾਰਾਵਾਂ (ਪੁਰਾਣੀ ਧਾਰਾ 295ਅ) ਨੂੰ ਹੋਰ ਸਖ਼ਤ ਕਰਵਾਏ, ਨਾ ਕਿ ਪੰਥਕ ਮਰਯਾਦਾ ਵਿੱਚ ਸਿੱਧਾ ਦਖ਼ਲ ਦੇਵੇ।

ਡਾਕਟਰ ਪਰਮਜੀਤ ਸਿੰਘ ਮਾਨਸਾ ਦਾ ਕਹਿਣਾ ਹੈ ਕਿ ਪੰਜਾਬ ਦੇ ਵਿਧਾਇਕਾਂ ਨੂੰ ਵਿਧਾਨ ਸਭਾ ਵਿੱਚ ਜੈਕਾਰੇ ਛੱਡ ਕੇ ਜਾਂ ਅਕਾਲ ਤਖ਼ਤ ਸਾਹਿਬ 'ਤੇ ਸਿਰਫ਼ ਹੱਥ ਖੜ੍ਹੇ ਕਰਕੇ ਆਪਣੀ ਜ਼ਿੰਮੇਵਾਰੀ ਤੋਂ ਸੁਰਖ਼ਰੂ ਨਹੀਂ ਹੋਣਾ ਚਾਹੀਦਾ। ਉਨ੍ਹਾਂ ਨੂੰ ਸਦਨ ਵਿੱਚ ਬਿਨਾਂ ਸੋਚੇ-ਸਮਝੇ ਕਾਨੂੰਨਾਂ 'ਤੇ ਦਸਤਖਤ ਕਰਨ ਦੀ ਇਸ ਗੈਰ-ਗੰਭੀਰ ਆਦਤ 'ਤੇ ਡੂੰਘਾ ਆਤਮ-ਚਿੰਤਨ ਕਰਨਾ ਚਾਹੀਦਾ ਹੈ। ਜੇਕਰ ਸਾਡੀ ਸਿਆਸੀ ਜਮਾਤ ਇਸ ਬੌਧਿਕ ਕੰਗਾਲੀ ਵਿੱਚੋਂ ਬਾਹਰ ਨਹੀਂ ਨਿਕਲਦੀ, ਤਾਂ ਪੰਜਾਬ ਦੇ ਭਖਦੇ ਧਾਰਮਿਕ ਅਤੇ ਸਮਾਜਿਕ ਮਸਲਿਆਂ ਦਾ ਸਹੀ ਹੱਲ ਕਦੇ ਵੀ ਸੰਭਵ ਨਹੀਂ ਹੋ ਸਕੇਗਾ। ਸਰਕਾਰ ਲਈ ਹੁਣ ਭਲਾਈ ਇਸੇ ਵਿੱਚ ਹੈ ਕਿ ਉਹ ਜ਼ਿੱਦ ਤਿਆਗ ਕੇ ਇਸ ਕਾਨੂੰਨ ਨੂੰ ਤੁਰੰਤ ਰੱਦ ਕਰੇ ਅਤੇ ਗੁਰੂ ਪੰਥ ਦੀ ਸਰਵਉੱਚਤਾ ਨੂੰ ਸਵੀਕਾਰ ਕਰੇ।

# ਇਸ ਘਟਨਾ ਦਾ ਸਿਆਸੀ ਲਾਭ ਕਿਸਨੂੰ ਹੋਵੇਗਾ ?

ਹੁਣ ਸਭ ਤੋਂ ਅਹਿਮ ਸਵਾਲ ਇਹ ਹੈ ਕਿ ਪੰਜਾਬ ਦੀ ਰਾਜਨੀਤੀ ਵਿੱਚ ਇਸ ਪੂਰੇ ਘਟਨਾਕ੍ਰਮ ਦਾ ਸਿਆਸੀ ਫਾਇਦਾ ਕਿਸ ਨੂੰ ਹੋਵੇਗਾ ? ਪਹਿਲੀ ਨਜ਼ਰੇ, ਇਸ ਦਾ ਸਭ ਤੋਂ ਵੱਡਾ ਨੁਕਸਾਨ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਹੋਇਆ ਹੈ। ਮੁੱਖ ਮੰਤਰੀ ਭਗਵੰਤ ਮਾਨ ਜੋ ਪਹਿਲਾਂ ਇਸ ਕਾਨੂੰਨ ਵਿੱਚ ਕਿਸੇ ਵੀ ਬਦਲਾਅ ਨਾ ਕਰਨ ਦੇ ਅੜੀਅਲ ਸਟੈਂਡ 'ਤੇ ਸਨ, ਹੁਣ ਪੂਰੀ ਤਰ੍ਹਾਂ ਬੈਕਫੁੱਟ 'ਤੇ ਆ ਗਏ ਹਨ ਅਤੇ ਉਨ੍ਹਾਂ ਦੇ ਵਿਧਾਇਕ ਜਨਤਕ ਤੌਰ 'ਤੇ ਬੌਧਿਕ ਤੌਰ 'ਤੇ ਨਿਘਰੇ ਸਾਬਿਤ ਹੋਏ ਹਨ। ਦੂਜੇ ਪਾਸੇ, ਇਸ ਦਾ ਸਿੱਧਾ ਸਿਆਸੀ ਲਾਭ ਕਾਂਗਰਸ ਅਤੇ ਵਿਰੋਧੀ ਧਿਰ ਨੂੰ ਮਿਲਦਾ ਦਿਖਾਈ ਦੇ ਰਿਹਾ ਹੈ। ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਅਤੇ ਸੁਖਪਾਲ ਸਿੰਘ ਖਹਿਰਾ ਨੇ ਇਸ ਮੁੱਦੇ ਨੂੰ ਭੁੰਨਾਉਂਦੇ ਹੋਏ ਸਰਕਾਰ ਨੂੰ 'ਗੈਰ-ਤਜਰਬੇਕਾਰ' ਅਤੇ ਪੰਥ-ਵਿਰੋਧੀ ਸਾਬਿਤ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ। ਕਾਂਗਰਸ ਨੇ ਇਸ ਮੁੱਦੇ 'ਤੇ ਬਹੁਤ ਹੀ ਹੁਸ਼ਿਆਰੀ ਨਾਲ ਸਿਆਸੀ ਸਿੱਕਾ ਜਮਾਇਆ। ਵਿਧਾਨ ਸਭਾ ਵਿੱਚ ਬਿੱਲ ਪਾਸ ਹੋਣ ਵੇਲੇ ਭਾਵੇਂ ਵਿਰੋਧੀ ਧਿਰ ਵੀ ਇਸ ਦੀ ਬਾਰੀਕੀ ਨੂੰ ਨਹੀਂ ਫੜ ਸਕੀ ਸੀ, ਪਰ ਅਕਾਲ ਤਖ਼ਤ ਸਾਹਿਬ 'ਤੇ ਪੇਸ਼ੀ ਦੌਰਾਨ ਕਾਂਗਰਸ ਨੇ ਖ਼ੁਦ ਨੂੰ "ਪੰਥ ਅਤੇ ਮਰਯਾਦਾ ਦੇ ਰਾਖੇ" ਵਜੋਂ ਪੇਸ਼ ਕੀਤਾ ਤੇ ਜਥੇਦਾਰ ਦਾ ਸਮਰਥਨ ਕੀਤਾ।

ਸ਼੍ਰੋਮਣੀ ਅਕਾਲੀ ਦਲ (ਬਾਦਲ) ਨੂੰ ਵੀ ਆਪਣੀ ਖੁੱਸ ਰਹੀ ਪੰਥਕ ਜ਼ਮੀਨ ਨੂੰ ਮੁੜ ਹਾਸਲ ਕਰਨ ਦਾ ਇੱਕ ਮੌਕਾ ਮਿਲਿਆ ਹੈ। ਅਕਾਲੀ ਹਲਕੇ ਮੰਨਦੇ ਹਨ ਕਿ ਆਪ ਦਾ ਸਿਆਸੀ ਗ੍ਰਾਫ ਹੇਠਾਂ ਆਉਣ ਨਾਲ ਅਕਾਲੀ ਦਲ ਨੂੰ ਹੋਵੇਗਾ। ਪੰਥਕ ਵੋਟ ਬੈਂਕ ਜੋ ਆਪ ਨਾਲ ਜੁੜਿਆ ਸੀ ਉਹ ਮੁੜ ਸ਼੍ਰੋਮਣੀ ਅਕਾਲੀ ਦਲ ਨਾਲ ਜੁੜੇਗਾ।

ਪੰਥਕ ਮਾਹਿਰਾਂ ਦਾ ਮੰਨਣਾ ਹੈ ਕਿ ਜਦੋਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ, ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਵਿਰੋਧੀ ਧਿਰ ਦੇ ਨੇਤਾ ਇਕੱਠੇ ਨੰਗੇ ਪੈਰੀਂ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਹੇਠਾਂ ਪੇਸ਼ ਹੋਏ, ਤਾਂ ਉਨ੍ਹਾਂ ਨੇ ਦੁਨਿਆਵੀ ਸਿਆਸੀ ਤਾਕਤ ਨੂੰ ਧਾਰਮਿਕ ਸਰਵਉੱਚਤਾ ਅੱਗੇ ਪੂਰੀ ਤਰ੍ਹਾਂ ਝੁਕਾ ਦਿੱਤਾ।

'ਆਪ' ਵਿਧਾਇਕਾਂ ਦੀ ਸਭ ਤੋਂ ਵੱਡੀ ਲਾਚਾਰੀ ਇਹ ਸੀ ਕਿ ਉਨ੍ਹਾਂ ਕੋਲ ਜਥੇਦਾਰ ਦੇ ਸਵਾਲਾਂ ਦਾ ਕੋਈ ਤਾਰਕਿਕ ਜਵਾਬ ਨਹੀਂ ਸੀ। ਜਦੋਂ ਜਗਰੂਪ ਸਿੰਘ ਗਿੱਲ ਵਰਗੇ ਸੀਨੀਅਰ ਵਿਧਾਇਕਾਂ ਨੇ ਲਾਈਵ ਕੈਮਰੇ 'ਤੇ ਇਹ ਮੰਨ ਲਿਆ ਕਿ "ਬਿੱਲ ਸਾਨੂੰ ਐਨ ਮੌਕੇ 'ਤੇ ਮਿਲਿਆ ਅਤੇ ਅਸੀਂ ਬਿਨਾਂ ਪੜ੍ਹੇ ਦਸਤਖ਼ਤ ਕਰ ਦਿੱਤੇ," ਤਾਂ ਉਨ੍ਹਾਂ ਦੀ ਬੌਧਿਕ ਪੁਜ਼ੀਸ਼ਨ ਖ਼ਤਮ ਹੋ ਗਈ। ਉਹ ਇਹ ਸਾਬਿਤ ਕਰਨ ਵਿੱਚ ਨਾਕਾਮ ਰਹੇ ਕਿ ਸਰਕਾਰ ਨੇ ਇਹ ਕਾਨੂੰਨ ਪੂਰੀ ਸੰਜੀਦਗੀ ਨਾਲ ਬਣਾਇਆ ਸੀ।

ਸਚਾਈ ਇਹ ਵੀ ਹੈ ਕਿ ਜਦੋਂ ਜਥੇਦਾਰ ਨੇ ਕਾਨੂੰਨ ਦੀਆਂ ਖ਼ਾਮੀਆਂ ਗਿਣਾਈਆਂ, ਤਾਂ ਕਿਸੇ ਵੀ ਪਾਰਟੀ ਦੇ ਵਿਧਾਇਕ ਨੇ ਬਹਿਸ ਨਹੀਂ ਕੀਤੀ। ਸਾਰਿਆਂ ਨੇ "ਬੋਲੇ ਸੋ ਨਿਹਾਲ" ਦੇ ਜੈਕਾਰਿਆਂ ਨਾਲ ਬਾਹਵਾਂ ਖੜ੍ਹੀਆਂ ਕਰਕੇ ਜਥੇਦਾਰ ਦੇ ਹੁਕਮ 'ਤੇ ਸਹੀ ਪਾਈ। ਇਸ ਸਮਰਪਣ ਨੇ ਜਥੇਦਾਰ ਨੂੰ ਇਹ ਤਾਕਤ ਦਿੱਤੀ ਕਿ ਉਹ ਚੁਣੀ ਹੋਈ ਸਰਕਾਰ ਦੇ ਕਾਨੂੰਨ ਨੂੰ ਇੱਕ ਮਹੀਨੇ ਲਈ 'ਹੋਲਡ' (ਮੁਲਤਵੀ) ਕਰਨ ਦਾ ਐਲਾਨ ਕਰ ਸਕੇ।

ਪੰਜਾਬ ਦੀ ਸਿਆਸਤ ਦਾ ਇਹ ਇਤਿਹਾਸ ਰਿਹਾ ਹੈ ਕਿ ਜਿਹੜੀ ਵੀ ਸਰਕਾਰ ਅਕਾਲ ਤਖ਼ਤ ਸਾਹਿਬ ਜਾਂ ਸਿੱਖ ਭਾਵਨਾਵਾਂ ਨਾਲ ਸਿੱਧਾ ਟਕਰਾਅ ਸਹੇੜਦੀ ਹੈ, ਉਸ ਨੂੰ ਭਾਰੀ ਸਿਆਸੀ ਖ਼ਮਿਆਜ਼ਾ ਭੁਗਤਣਾ ਪੈਂਦਾ ਹੈ।

'ਆਪ' ਲੀਡਰਸ਼ਿਪ ਨੂੰ ਚੰਗੀ ਤਰ੍ਹਾਂ ਪਤਾ ਸੀ ਕਿ ਜੇਕਰ ਉਨ੍ਹਾਂ ਨੇ ਜਥੇਦਾਰ ਦੇ ਸਾਹਮਣੇ ਅੜੀਅਲ ਰੁਖ਼ ਅਪਣਾਇਆ, ਤਾਂ ਵਿਰੋਧੀ ਧਿਰ ਉਨ੍ਹਾਂ 'ਤੇ "ਪੰਥ ਵਿਰੋਧੀ" ਹੋਣ ਦਾ ਠੱਪਾ ਲਗਾ ਦੇਵੇਗੀ।

ਪੰਜਾਬ ਦੇ ਪੇਂਡੂ ਅਤੇ ਸਿੱਖ ਵੋਟ ਬੈਂਕ ਨੂੰ ਬਚਾਉਣ ਲਈ ਵਿਧਾਇਕਾਂ ਕੋਲ ਨਿਮਰਤਾ ਧਾਰਨ ਕਰਨ ਅਤੇ ਜਥੇਦਾਰ ਦੀ ਹਰ ਗੱਲ ਨੂੰ 'ਸਤਿ ਬਚਨ' ਕਹਿ ਕੇ ਮੰਨਣ ਤੋਂ ਇਲਾਵਾ ਕੋਈ ਚਾਰਾ ਨਹੀਂ ਸੀ।


ਇਸ ਤੋਂ ਪਹਿਲਾਂ ਮੁੱਖ ਮੰਤਰੀ ਭਗਵੰਤ ਮਾਨ ਦਾ ਸਟੈਂਡ ਬੇਹੱਦ ਸਖ਼ਤ ਸੀ ਕਿ ਕਾਨੂੰਨ ਵਿੱਚ ਕੋਈ ਸੋਧ ਨਹੀਂ ਹੋਵੇਗੀ। ਪਰ ਜਦੋਂ 87 ਵਿਧਾਇਕਾਂ ਨੂੰ ਸਿੱਧਾ ਤਲਬ ਕੀਤਾ ਗਿਆ, ਤਾਂ ਮੁੱਖ ਮੰਤਰੀ ਦੇ ਸਖ਼ਤ ਸਟੈਂਡ ਦਾ ਬੋਝ ਇਨ੍ਹਾਂ ਵਿਧਾਇਕਾਂ ਨੂੰ ਚੁੱਕਣਾ ਪਿਆ। ਉਹ ਨਾ ਤਾਂ ਆਪਣੇ ਮੁੱਖ ਮੰਤਰੀ ਦੇ ਸਟੈਂਡ ਦਾ ਬਚਾਅ ਕਰ ਸਕੇ ਅਤੇ ਨਾ ਹੀ ਜਥੇਦਾਰ ਦੇ ਦਬਕਿਆਂ ਦਾ ਸਾਹਮਣੇ ਕਰ ਸਕੇ, ਜਿਸ ਕਾਰਨ ਉਹ ਪੂਰੀ ਤਰ੍ਹਾਂ ਲਾਚਾਰ ਦਿਖਾਈ ਦਿੱਤੇ।

ਸਿੱਟਾ-ਪਰ ਇਸ ਸਾਰੀ ਸਿਆਸਤ ਤੋਂ ਪਰੇ, ਸਭ ਤੋਂ ਵੱਡੀ ਜਿੱਤ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚ ਅਥਾਰਟੀ ਦੀ ਹੋਈ ਹੈ। ਪਿਛਲੇ ਕੁਝ ਸਮੇਂ ਤੋਂ ਸਰਕਾਰ ਅਤੇ ਧਾਰਮਿਕ ਸੰਸਥਾਵਾਂ ਵਿਚਾਲੇ ਚੱਲ ਰਹੇ ਟਕਰਾਅ ਵਿੱਚ ਅਕਾਲ ਤਖ਼ਤ ਸਾਹਿਬ ਨੇ ਇਹ ਸਾਬਿਤ ਕਰ ਦਿੱਤਾ ਹੈ ਕਿ ਸ਼ਬਦ-ਗੁਰੂ ਦੀ ਮਰਯਾਦਾ ਅਤੇ ਪੰਥਕ ਰਵਾਇਤਾਂ ਕਿਸੇ ਵੀ ਦੁਨਿਆਵੀ ਸਰਕਾਰ ਜਾਂ ਵੋਟ-ਬੈਂਕ ਦੀ ਸਿਆਸਤ ਤੋਂ ਬਹੁਤ ਉੱਪਰ ਹਨ। ਪੰਜਾਬ ਦੇ ਸਿਆਸਤਦਾਨਾਂ ਲਈ ਹੁਣ ਇਹ ਸਬਕ ਹੈ ਕਿ ਉਹ ਧਾਰਮਿਕ ਸੰਵੇਦਨਸ਼ੀਲਤਾ ਵਾਲੇ ਮੁੱਦਿਆਂ ਨੂੰ ਸਿਆਸੀ ਮੱਲਾਂ ਮਾਰਨ ਦਾ ਜ਼ਰੀਆ ਨਾ ਬਣਾਉਣ, ਬਲਕਿ ਸਦਨ ਵਿੱਚ ਬੈਠ ਕੇ ਕਿਸੇ ਵੀ ਕਾਨੂੰਨ 'ਤੇ ਦਸਤਖ਼ਤ ਕਰਨ ਤੋਂ ਪਹਿਲਾਂ ਉਸ ਨੂੰ ਪੜ੍ਹਨ, ਸਮਝਣ ਅਤੇ ਆਤਮ-ਚਿੰਤਨ ਕਰਨ ਦੀ ਆਦਤ ਪਾਉਣ।

# ਤਖ਼ਤ ਸ੍ਰੀ ਹਜ਼ੂਰ ਸਾਹਿਬ ਐਕਟ ਵਿਵਾਦ: ਤਿੱਖੇ ਵਿਰੋਧ ਅੱਗੇ ਝੁਕੀ ਮਹਾਰਾਸ਼ਟਰ ਸਰਕਾਰ

ਨਿਊਜ਼ ਵਿਸ਼ਲੇਸ਼ਣ

## ○ ਬਿੱਲ ਲਿਆਉਣ ਤੋਂ ਪਹਿਲਾਂ ਸਿੱਖ ਵਿਦਵਾਨਾਂ ਨਾਲ ਕਰੇਗੀ ○ ਪੰਥਕ ਖ਼ੁਦਮੁਖਤਿਆਰੀ ’ਤੇ ਸਰਕਾਰੀ ਕੰਟਰੋਲ ਦਾ ਖ਼ਦਸ਼ਾ; ਸਿੰਘ ਸਾਹਿਬਾਨ ਦੇ ‘ਗੁਰਮਤੇ’ ਤੋਂ ਬਾਅਦ ਸਰਕਾਰ ਨੇ ਬਦਲਿਆ ਫ਼ੈਸਲਾ



ਮਹਾਰਾਸ਼ਟਰ ਸਰਕਾਰ ਵੱਲੋਂ ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦੇ ਪ੍ਰਬੰਧਾਂ ਲਈ ਪ੍ਰਸਤਾਵਿਤ ‘ਹਜ਼ੂਰ ਸਾਹਿਬ ਐਕਟ-2026’ ਨੂੰ ਲੈ ਕੇ ਪੈਦਾ ਹੋਏ ਵਿਵਾਦ ਦੌਰਾਨ ਚੌਤਰਫ਼ਾ ਪੈਂਦੇ ਦਬਾਅ ਅਤੇ ਸਿੱਖ ਭਾਈਚਾਰੇ ਦੇ ਤਿੱਖੇ ਵਿਰੋਧ ਨੂੰ ਦੇਖਦਿਆਂ, ਮਹਾਰਾਸ਼ਟਰ ਸਰਕਾਰ ਨੇ ਹੁਣ ਇਸ ਨਵੇਂ ਕਾਨੂੰਨ ਨੂੰ ਲਾਗੂ ਕਰਨ ਤੋਂ ਪਹਿਲਾਂ ਸਿੱਖ ਧਿਰਾਂ ਅਤੇ ਸਿੱਖ ਵਿਦਵਾਨਾਂ ਨਾਲ ਵਿਆਪਕ ਸਲਾਹ-ਮਸ਼ਵਰਾ ਕਰਨ ਦਾ ਫ਼ੈਸਲਾ ਕੀਤਾ ਹੈ। ਇਸ ਮਕਸਦ ਲਈ ਸਰਕਾਰ ਵੱਲੋਂ ਇੱਕ ਵਿਸ਼ੇਸ਼ ਕਮੇਟੀ ਦਾ ਗਠਨ ਕੀਤਾ ਜਾਵੇਗਾ ਜੋ ਸਿੱਖ ਵਿਦਵਾਨਾਂ ਤੇ ਪੰਥਕ ਜਥੇਬੰਦੀਆਂ ਨਾਲ ਵਿਚਾਰ-ਵਟਾਂਦਰਾ ਕਰੇਗੀ।

ਸਿੱਖ ਆਗੂਆਂ ਦੀ ਮੁੱਖ ਮੰਤਰੀ ਨਾਲ ਮੁਲਾਕਾਤ ਤੋਂ ਬਾਅਦ ਲਿਆ ਫ਼ੈਸਲਾ-ਇਸ ਫ਼ੈਸਲੇ ਬਾਰੇ ਜਾਣਕਾਰੀ ਦਿੰਦਿਆਂ ਭਾਜਪਾ ਆਗੂ ਆਰ. ਪੀ. ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਪੰਜਾਬ ਭਾਜਪਾ ਦੇ ਪ੍ਰਧਾਨ ਕੇਵਲ ਸਿੰਘ ਢਿੱਲੋਂ ਸਮੇਤ ਹੋਰਨਾਂ ਆਗੂਆਂ ਨਾਲ ਨਵੀਂ ਦਿੱਲੀ ਵਿਖੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨਾਲ ਮੁਲਾਕਾਤ ਕੀਤੀ ਸੀ। ਇਸ ਮੀਟਿੰਗ ਦੌਰਾਨ ਸਿੱਖ ਭਾਈਚਾਰੇ ਵੱਲੋਂ ਜਤਾਈਆਂ ਜਾ ਰਹੀਆਂ ਗੰਭੀਰ ਚਿੰਤਾਵਾਂ ਨੂੰ ਮੁੱਖ ਮੰਤਰੀ ਦੇ ਸਾਹਮਣੇ ਰੱਖਿਆ ਗਿਆ। ਮੁੱਖ ਮੰਤਰੀ ਫੜਨਵੀਸ ਨੇ ਮਾਮਲੇ ਦੀ ਸੰਵੇਦਨਸ਼ੀਲਤਾ ਨੂੰ ਸਮਝਦਿਆਂ ਤੁਰੰਤ ਮਹਾਰਾਸ਼ਟਰ ਦੇ ਮੰਤਰੀ ਚੰਦਰਸ਼ੇਖਰ ਬਾਵਨਕੁਲੇ ਨੂੰ ਸਿੱਖ ਆਗੂਆਂ ਨਾਲ ਬੈਠਕ ਕਰਨ ਦੀ ਜ਼ਿੰਮੇਵਾਰੀ ਸੌਂਪੀ, ਜਿਸ ਤੋਂ ਬਾਅਦ ਸਰਕਾਰ ਇਸ ਗੱਲ ’ਤੇ ਸਹਿਮਤ ਹੋਈ ਕਿ ਪ੍ਰਸਤਾਵਿਤ ਬਿੱਲ ਨੂੰ ਵਿਧਾਨ ਸਭਾ ਵਿੱਚ ਪੇਸ਼ ਕਰਨ ਤੋਂ ਪਹਿਲਾਂ ਸਾਰੀਆਂ ਸਬੰਧਤ ਧਿਰਾਂ ਨੂੰ ਭਰੋਸੇ ਵਿੱਚ ਲਿਆ ਜਾਵੇਗਾ। ਪੰਜਾਬ ਭਾਜਪਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਸਰਕਾਰ ਦੇ ਇਸ ਕਦਮ ਦਾ ਸਵਾਗਤ ਕਰਦਿਆਂ ਮੁੱਖ ਮੰਤਰੀ ਦਾ ਧੰਨਵਾਦ ਕੀਤਾ ਹੈ।

ਕੀ ਹੈ ਪੂਰਾ ਵਿਵਾਦ ਅਤੇ ‘ਸਰਕਾਰੀ ਕੰਟਰੋਲ’ ਦੀ ਚਿੰਤਾ?-ਇਹ ਵਿਵਾਦ ਉਦੋਂ ਸ਼ੁਰੂ ਹੋਇਆ ਜਦੋਂ ਮਹਾਰਾਸ਼ਟਰ ਸਰਕਾਰ ਨੇ ਸਾਲ 1956 ਦੇ ਇਤਿਹਾਸਕ ‘ਨਾਂਦੇੜ ਸਿੱਖ ਗੁਰਦੁਆਰਾ ਸੱਚਖੰਡ ਸ੍ਰੀ ਹਜ਼ੂਰ ਅਬਚਲਨਗਰ ਸਾਹਿਬ ਐਕਟ’ ਨੂੰ ਰੱਦ ਕਰਕੇ ਉਸ ਦੀ ਥਾਂ ਨਵਾਂ ਕਾਨੂੰਨ ਲਿਆਉਣ ਦੀ ਤਜਵੀਜ਼ ਨੂੰ ਮਨਜ਼ੂਰੀ ਦਿੱਤੀ।

ਸਿੱਖ ਵਿਦਵਾਨਾਂ ਅਤੇ ਪੰਥਕ ਜਥੇਬੰਦੀਆਂ ਦਾ ਦੋਸ਼ ਹੈ ਕਿ ਪਿਛਲੇ 12 ਸਾਲਾਂ (ਖ਼ਾਸ ਕਰਕੇ 2014 ਤੋਂ ਬਾਅਦ) ਦੌਰਾਨ ਸਰਕਾਰਾਂ ਵੱਲੋਂ ਕਾਨੂੰਨੀ ਅਤੇ ਪ੍ਰਸ਼ਾਸਨਿਕ ਦਖ਼ਲਅੰਦਾਜ਼ੀ ਰਾਹੀਂ ਸਿੱਖ ਸੰਸਥਾਵਾਂ ਦੀ ਖ਼ੁਦਮੁਖਤਿਆਰੀ ਨੂੰ ਕਮਜ਼ੋਰ ਕਰਨ ਦਾ ਇੱਕ ਚਿੰਤਾਜਨਕ ਰੁਝਾਨ ਸਾਹਮਣੇ ਆਇਆ ਹੈ:

ਬੋਰਡ ਦੇ ਜਮਹੂਰੀ ਸਰੂਪ ਨੂੰ ਢਾਹ: 1956 ਦੇ ਮੂਲ ਐਕਟ ਅਨੁਸਾਰ 17 ਮੈਂਬਰੀ ਬੋਰਡ ਵਿੱਚ ਸੰਗਤ ਦੀ ਨੁਮਾਇੰਦਗੀ ਅਤੇ ਲੋਕਤੰਤਰੀ ਭਾਗੀਦਾਰੀ ਹੁੰਦੀ ਸੀ। ਪਰ 2015 ਵਿੱਚ ਕੀਤੀ ਗਈ ਇੱਕ ਸੋਧ ਰਾਹੀਂ ਸਰਕਾਰ ਨੇ ਨਿਯਮ ਬਣਾ ਦਿੱਤਾ ਕਿ ਜੇਕਰ ਸਿਰਫ਼ 50 ਫ਼ੀਸਦੀ ਮੈਂਬਰ ਹੀ ਚੁਣੇ ਜਾਂ ਨਾਮਜ਼ਦ ਹੋਣ, ਤਾਂ ਵੀ ਬੋਰਡ ਕੰਮ ਕਰ ਸਕਦਾ ਹੈ। ਸਰਕਾਰ ਨੇ ਬੋਰਡ ਦੇ ਪ੍ਰਧਾਨ ਦੀ ਚੋਣ ਦਾ ਹੱਕ ਆਪਣੇ ਹੱਥ ਵਿੱਚ ਲੈ ਲਿਆ ਸੀ, ਜਿਸ ਤਹਿਤ 2015 ਵਿੱਚ ਪਹਿਲੀ ਵਾਰ ਇੱਕ ਸੱਤਾਧਾਰੀ ਪਾਰਟੀ ਦੇ ਸਿਆਸੀ ਆਗੂ (ਭਾਜਪਾ ਵਿਧਾਇਕ ਤਾਰਾ ਸਿੰਘ) ਨੂੰ ਇਸ ਸਰਬਉੱਚ ਅਹੁਦੇ ’ਤੇ ਬਿਠਾਇਆ ਗਿਆ ਸੀ।

ਪੰਥਕ ਧਿਰਾਂ ਦਾ ਮੰਨਣਾ ਹੈ ਕਿ ਨਵੇਂ ਬਿੱਲ ਦਾ ਅਸਲ ਮਕਸਦ ਪ੍ਰਬੰਧਕੀ ਸੁਧਾਰ ਨਹੀਂ, ਸਗੋਂ ਫ਼ੈਸਲਾਕੁਨ ਅਧਿਕਾਰ ਸਿੱਖ ਸੰਗਤ ਤੋਂ ਖੋਹ ਕੇ ਸਰਕਾਰ ਦੇ ਹੱਥਾਂ ਵਿੱਚ ਕੇਂਦਰਿਤ ਕਰਨਾ ਹੈ।

ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਮਹਾਰਾਸ਼ਟਰ ਸਰਕਾਰ ਦੇ ਇਸ ਕਦਮ ਨੂੰ ਸਿੱਖ ਸੰਸਥਾਵਾਂ ਦੀ ਖ਼ੁਦਮੁਖਤਿਆਰੀ ਲਈ ਇੱਕ ਵੱਡੀ ਚੁਣੌਤੀ ਦੱਸਿਆ ਸੀ ਜਥੇਦਾਰ ਨੇ ਸਮੁੱਚੀ ਸਿੱਖ ਕੌਮ ਨੂੰ ਸੱਦਾ ਦਿੱਤਾ ਹੈ ਕਿ ਉਹ ਸਰਕਾਰਾਂ ਵੱਲੋਂ ਸਿੱਖ ਸੰਸਥਾਵਾਂ ਉੱਤੇ ਕੀਤੇ ਜਾ ਰਹੇ ਅਜਿਹੇ ਪ੍ਰਸ਼ਾਸਨਿਕ ਹਮਲਿਆਂ ਅਤੇ ਦਖ਼ਲਅੰਦਾਜ਼ੀ ਵਿਰੁੱਧ ਇੱਕਜੁੱਟ ਹੋਣ ਅਤੇ ਇਸ ਦਾ ਡਟ ਕੇ ਵਿਰੋਧ ਕਰਨ। ਉਨ੍ਹਾਂ ਕਿਹਾ ਕਿ ਤਖ਼ਤ ਸਾਹਿਬਾਨ ਅਤੇ ਗੁਰਦੁਆਰਾ ਪ੍ਰਬੰਧਾਂ ਵਿੱਚ ਸਰਕਾਰੀ ਪ੍ਰਭਾਵ ਵਧਾਉਣ ਦੀਆਂ ਕੋਸ਼ਿਸ਼ਾਂ ਸਿੱਖਾਂ ਦੇ ਸੁਤੰਤਰ ਧਾਰਮਿਕ ਸਰੂਪ ਨੂੰ ਢਾਹ ਲਾਉਣ ਲਈ ਕੀਤੀਆਂ ਜਾ ਰਹੀਆਂ ਹਨ, ਜਿਸ ਨੂੰ ਪੰਥ ਕਦੇ ਬਰਦਾਸ਼ਤ ਨਹੀਂ ਕਰੇਗਾ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਰਕਾਰ ਦੇ ਫ਼ੈਸਲੇ ’ਤੇ ਸਵਾਲ ਚੁੱਕਦਿਆਂ ਇਸ ਨੂੰ ਸਿੱਖ ਮਾਮਲਿਆਂ ਵਿੱਚ “ਸਿੱਧੀ ਦਖ਼ਲਅੰਦਾਜ਼ੀ” ਕਰਾਰ ਦਿੱਤਾ ਹੈ: ਭਾਵੇਂ ਮਹਾਰਾਸ਼ਟਰ ਸਰਕਾਰ ਨੇ ਹੁਣ ਇਸ ਫ਼ੈਸਲੇ ਨੂੰ ਰੋਕ ਕੇ ਸਿੱਖ ਧਿਰਾਂ ਨਾਲ ਗੱਲਬਾਤ ਲਈ ਇੱਕ ਕੈਬਨਿਟ ਸਬ-ਕਮੇਟੀ ਬਣਾਉਣ ਦੀ ਗੱਲ ਕਹੀ ਹੈ, ਪਰ ਐਡਵੋਕੇਟ ਧਾਮੀ ਨੇ ਪੁੱਛਿਆ ਕਿ ਸਰਕਾਰ ਅਜਿਹੀ ਦਖ਼ਲਅੰਦਾਜ਼ੀ ਕਰਨਾ ਹੀ ਕਿਉਂ ਚਾਹੁੰਦੀ ਹੈ? ਇਸ ਪਿੱਛੇ ਕੀ ਅਧਾਰ ਹੈ ਅਤੇ ਕੌਣ ਅਜਿਹਾ ਚਾਹੁੰਦਾ ਹੈ?

ਉਨ੍ਹਾਂ ਮੰਗ ਕੀਤੀ ਕਿ ਕੋਈ ਵੀ ਅਗਲੀ ਗੱਲਬਾਤ ਕਰਨ ਤੋਂ ਪਹਿਲਾਂ ਮਹਾਰਾਸ਼ਟਰ ਸਰਕਾਰ ਸਾਲ 2015 ਵਿੱਚ ਕੀਤੀ ਗਈ ਉਹ ਸੋਧ (ਆਰਡੀਨੈਂਸ) ਤੁਰੰਤ ਵਾਪਸ ਲਵੇ, ਜਿਸ ਰਾਹੀਂ ਸਰਕਾਰ ਨੇ ਹਜ਼ੂਰ ਸਾਹਿਬ ਬੋਰਡ ਦੇ ਪ੍ਰਧਾਨ ਨੂੰ ਖ਼ੁਦ ਨਾਮਜ਼ਦ ਕਰਨ ਦਾ ਅਧਿਕਾਰ ਆਪਣੇ ਹੱਥ ਵਿੱਚ ਲਿਆ ਸੀ।

ਧਾਮੀ ਨੇ ਕਿਹਾ ਕਿ ਸਿੱਖ ਪਰੰਪਰਾ ਮੁਤਾਬਕ ਬੋਰਡ ਦਾ ਪ੍ਰਧਾਨ ਪਾਰਦਰਸ਼ੀ ਤਰੀਕੇ ਨਾਲ ਚੁਣੇ ਹੋਏ ਮੈਂਬਰਾਂ ਵਿੱਚੋਂ ਹੀ ਲੋਕਤੰਤਰੀ ਢੰਗ ਨਾਲ ਚੁਣਿਆ ਜਾਣਾ ਚਾਹੀਦਾ ਹੈ। ਇਸ ਲਈ ਸਰਕਾਰ ਮੂਲ ‘ਨਾਂਦੇੜ ਗੁਰਦੁਆਰਾ ਐਕਟ 1956’ ਦੇ ਨਿਯਮਾਂ ਅਨੁਸਾਰ ਜਲਦੀ ਤੋਂ ਜਲਦੀ ਬੋਰਡ ਦੀਆਂ ਚੋਣਾਂ ਕਰਵਾਏ। ਉਨ੍ਹਾਂ ਸਪੱਸ਼ਟ ਕੀਤਾ ਕਿ ਤਖ਼ਤ ਸ੍ਰੀ ਹਜ਼ੂਰ ਸਾਹਿਬ ਸਿੱਖ ਕੌਮ ਦੇ 5 ਸਰਬਉੱਚ ਤਖ਼ਤਾਂ ਵਿੱਚੋਂ ਇੱਕ ਹੈ। ਇਸ ਦੀ ਮਰਯਾਦਾ, ਪ੍ਰਬੰਧ ਜਾਂ ਖ਼ੁਦਮੁਖਤਿਆਰੀ ਬਾਰੇ ਕੋਈ ਵੀ ਫ਼ੈਸਲਾ ਕੇਵਲ ਅਤੇ ਕੇਵਲ ਸਿੱਖ ਸੰਸਥਾਵਾਂ, ਤਖ਼ਤਾਂ ਦੇ ਜਥੇਦਾਰ ਸਾਹਿਬਾਨ ਅਤੇ ਐਸ.ਜੀ.ਪੀ.ਸੀ. ਦੀ ਸਲਾਹ ਨਾਲ ਹੀ ਹੋ ਸਕਦਾ ਹੈ, ਨਾ ਕਿ ਸਰਕਾਰਾਂ ਵੱਲੋਂ ਇੱਕਤਰਫ਼ਾ।

ਤਖ਼ਤ ਸਾਹਿਬ ਦੇ ਸਿੰਘ ਸਾਹਿਬਾਨ ਵੱਲੋਂ ‘ਗੁਰਮਤਾ’ ਜਾਰੀ-ਸਿੱਖ ਪਰੰਪਰਾਵਾਂ ਅਨੁਸਾਰ ਗੁਰਦੁਆਰਿਆਂ ਅਤੇ ਤਖ਼ਤਾਂ ਦਾ ਪ੍ਰਬੰਧ ਕੇਵਲ ਪੰਥਕ ਸਿਧਾਂਤਾਂ ਅਤੇ ਸੰਗਤ ਦੀ ਨੁਮਾਇੰਦਗੀ ਨਾਲ ਹੀ ਚੱਲ ਸਕਦਾ ਹੈ। ਇਸੇ ਕਾਰਨ, ਮਹਾਰਾਸ਼ਟਰ ਸਰਕਾਰ ਦੇ ਇਸ ਪ੍ਰਸਤਾਵ ਦੇ ਵਿਰੋਧ ਵਿੱਚ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਸਿੰਘ ਸਾਹਿਬਾਨ ਨੇ ਪਹਿਲਾਂ ਹੀ ਇੱਕ ‘ਗੁਰਮਤਾ’ ਜਾਰੀ ਕਰਕੇ ਇਸ ਕਾਨੂੰਨੀ ਬਦਲਾਅ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਸੀ। ਇਹ ਗੁਰਮਤਾ ਸਿੰਘ ਸਾਹਿਬ ਗਿਆਨੀ ਰਾਮ ਸਿੰਘ ਨੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਜਥੇਦਾਰ ਗਿਆਨੀ ਕੁਲਵੰਤ ਸਿੰਘ ਦੀ ਮੌਜੂਦਗੀ ਵਿੱਚ ਪੜ੍ਹ ਕੇ ਸੁਣਾਇਆ ਸੀ।

ਹੁਣ ਜਦੋਂ ਮਹਾਰਾਸ਼ਟਰ ਸਰਕਾਰ ਨੇ ਸਲਾਹ-ਮਸ਼ਵਰੇ ਲਈ ਕਮੇਟੀ ਬਣਾਉਣ ਦਾ ਭਰੋਸਾ ਦਿੱਤਾ ਹੈ, ਤਾਂ ਸਿੱਖ ਹਲਕਿਆਂ ਵਿੱਚ ਇਸ ਨੂੰ ਅੰਸ਼ਕ ਰਾਹਤ ਵਜੋਂ ਦੇਖਿਆ ਜਾ ਰਿਹਾ ਹੈ, ਪਰ ਬੁੱਧੀਜੀਵੀ ਅਜੇ ਵੀ ਪੂਰੀ ਪ੍ਰਕਿਰਿਆ ’ਤੇ ਤਿੱਖੀ ਨਜ਼ਰ ਰੱਖ ਰਹੇ ਹਨ।

## ਕੀ ਹੈ ਪੰਥਕ ਨਜ਼ਰੀਆ

ਸਿੱਖ ਜਥੇਬੰਦੀਆਂ, ਵਿਦਵਾਨਾਂ ਅਤੇ ਆਮ ਸੰਗਤ ਦੀ ਰਾਇ ਵਿੱਚ ਸਰਕਾਰੀ ਦਖ਼ਲਅੰਦਾਜ਼ੀ ਬਿਲਕੁਲ ਜਾਇਜ਼ ਨਹੀਂ ਹੈ। ਇਸ ਦੇ ਪਿੱਛੇ ਹੇਠ ਲਿਖੇ ਤਰਕ ਦਿੱਤੇ ਜਾਂਦੇ ਹਨ:

ਮੀਰੀ-ਪੀਰੀ ਦਾ ਸਿਧਾਂਤ: ਸਿੱਖ ਧਰਮ ਵਿੱਚ ਗੁਰਦੁਆਰਿਆਂ ਦਾ ਪ੍ਰਬੰਧ ‘ਸੰਗਤ’ ਅਤੇ ‘ਪੰਥਕ ਰੀਤਾਂ’ ਅਨੁਸਾਰ ਚੱਲਦਾ ਹੈ। ਸਿੱਖ ਸੰਸਥਾਵਾਂ ਪੂਰੀ ਤਰ੍ਹਾਂ ਖ਼ੁਦਮੁਖਤਿਆਰ ਹਨ ਅਤੇ ਇਨ੍ਹਾਂ ਉੱਪਰ ਕਿਸੇ ਦੁਨਿਆਵੀ ਸਰਕਾਰ ਦਾ ਸਿੱਧਾ ਨਿਯੰਤਰਨ ਸਿੱਖ ਸਿਧਾਂਤਾਂ ਦੇ ਉਲਟ ਮੰਨਿਆ ਜਾਂਦਾ ਹੈ।

ਗੁਰਦੁਆਰਾ ਸੁਧਾਰ ਲਹਿਰ ਦਾ ਇਤਿਹਾਸ: ਸਿੱਖਾਂ ਨੇ 1920 ਦੇ ਦਹਾਕੇ ਵਿੱਚ ਅੰਗਰੇਜ਼ ਸਰਕਾਰ ਅਤੇ ਉਨ੍ਹਾਂ ਦੇ ਪੱਖੀ ਮਹੰਤਾਂ ਤੋਂ ਗੁਰਦੁਆਰੇ ਆਜ਼ਾਦ ਕਰਵਾਉਣ ਲਈ ਵੱਡੀਆਂ ਕੁਰਬਾਨੀਆਂ ਦਿੱਤੀਆਂ ਸਨ। ਇਸ ਲਈ, ਗੁਰਦੁਆਰਿਆਂ ਦੇ ਪ੍ਰਬੰਧ ਵਿੱਚ ਕਿਸੇ ਵੀ ਸਰਕਾਰ (ਭਾਵੇਂ ਉਹ ਚੁਣੀ ਹੋਈ ਹੀ ਕਿਉਂ ਨਾ ਹੋਵੇ) ਦਾ ਸਿੱਧਾ ਕੰਟਰੋਲ ਸਿੱਖ ਭਾਈਚਾਰੇ ਨੂੰ ਮਨਜ਼ੂਰ ਨਹੀਂ ਹੁੰਦਾ।

ਸਿੱਖ ਚਿੰਤਕ ਡਾਕਟਰ ਪਰਮਜੀਤ ਸਿੰਘ ਮਾਨਸਾ ਦਾ ਕਹਿਣਾ ਹੈ ਕਿ ਜਦੋਂ ਸਰਕਾਰਾਂ ਕਾਨੂੰਨ ਵਿੱਚ ਅਜਿਹੀਆਂ ਸੋਧਾਂ ਕਰਦੀਆਂ ਹਨ ਜਿਨ੍ਹਾਂ ਨਾਲ ਸੰਗਤ ਦੇ ਚੁਣੇ ਹੋਏ ਨੁਮਾਇੰਦਿਆਂ ਦੀ ਥਾਂ ਸਰਕਾਰ ਵੱਲੋਂ ਨਾਮਜ਼ਦ ਮੈਂਬਰਾਂ ਜਾਂ ਸਿਆਸੀ ਆਗੂਆਂ ਦੀ ਗਿਣਤੀ ਵਧਣ ਲੱਗਦੀ ਹੈ, ਤਾਂ ਉਸ ਨੂੰ ‘ਸਰਕਾਰੀ ਕਬਜ਼ਾ’ ਜਾਂ ‘ਨਾਜਾਇਜ਼ ਦਖ਼ਲਅੰਦਾਜ਼ੀ’ ਮੰਨਿਆ ਜਾਂਦਾ ਹੈ।

ਉਨ੍ਹਾਂ ਦਾ ਕਹਿਣਾ ਹੈ ਕਿ ਹਜ਼ੂਰ ਸਾਹਿਬ ਦੇ ਮਾਮਲੇ ਵਿੱਚ ਵੀ ਇਹੀ ਹੋਇਆ, ਜਿੱਥੇ 2015 ਦੀ ਸੋਧ ਰਾਹੀਂ ਬੋਰਡ ਦੇ ਪ੍ਰਧਾਨ ਦੀ ਨਿਯੁਕਤੀ ਦਾ ਸਿੱਧਾ ਅਧਿਕਾਰ ਸਰਕਾਰ ਨੇ ਆਪਣੇ ਹੱਥ ਵਿੱਚ ਲੈ ਲਿਆ, ਜਿਸ ਦਾ ਪੰਥਕ ਧਿਰਾਂ ਵੱਲੋਂ ਲਗਾਤਾਰ ਵਿਰੋਧ ਕੀਤਾ ਜਾ ਰਿਹਾ ਹੈ।

ਜਥੇਦਾਰ ਪਰਮਿੰਦਰ ਪਾਲ ਸਿੰਘ ਪ੍ਰਧਾਨ ਸਿੱਖ ਸੇਵਕ ਸੁਸਾਇਟੀ ਦਾ ਕਹਿਣਾ ਹੈ ਕਿ ਸੰਵਿਧਾਨਿਕ ਤੌਰ ’ਤੇ ਸਰਕਾਰ ਕੋਲ ਧਾਰਮਿਕ ਸੰਸਥਾਵਾਂ ਦੀ ਸੰਪਤੀ ਅਤੇ ਵਿੱਤੀ ਪ੍ਰਬੰਧ ਨੂੰ ਪਾਰਦਰਸ਼ੀ ਬਣਾਉਣ ਲਈ ‘ਕਾਨੂੰਨ ਬਣਾਉਣ’ ਦਾ ਅਧਿਕਾਰ ਤਾਂ ਹੈ, ਪਰ ਜਦੋਂ ਇਹ ਕਾਨੂੰਨ ਸੰਸਥਾ ਦੀ ਲੋਕਤੰਤਰੀ ਭਾਗੀਦਾਰੀ ਨੂੰ ਖ਼ਤਮ ਕਰਕੇ ਸਿੱਧਾ ਸਰਕਾਰੀ ਜਾਂ ਸਿਆਸੀ ਕੰਟਰੋਲ ਸਥਾਪਿਤ ਕਰਨ ਦੀ ਕੋਸ਼ਿਸ਼ ਕਰਦੀ ਹੈ, ਤਾਂ ਉਹ ਧਾਰਮਿਕ ਆਜ਼ਾਦੀ ਦੀ ਭਾਵਨਾ ਦੇ ਖ਼ਿਲਾਫ਼ ਹੋ ਜਾਂਦਾ ਹੈ।

# ਗੁਰੂ ਗਰੰਥ ਸਾਹਿਬ ਦੇ ਸਤਿਕਾਰ ਸਬੰਧੀ ਬਣਾਏ ਕਾਨੂੰਨ ਸਬੰਧੀ ਪੰਜਾਬ ਮੰਤਰੀ ਮੰਡਲ ਦੇ ਖਿਲਾਫ਼ ਸਿੰਘ ਸਾਹਿਬਾਨ ਵੱਲੋਂ ਕੀਤੀ ਕਾਰਵਾਈ ਦੀ ਸ: ਪੁਰੇਵਾਲ ਅਤੇ ਰਘਬੀਰ ਸਿੰਘ ਵੱਲੋਂ ਸ਼ਲਾਘਾ

ਡਰਬੀ (ਪੰਜਾਬ ਟਾਈਮਜ਼) – ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਸਬੰਧੀ ਪੰਜਾਬ ਸਰਕਾਰ ਵੱਲੋਂ ਬਣਾਏ ਕਾਨੂੰਨ ਕਾਰਨ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬਾਨ ਵੱਲੋਂ ਪੰਜਾਬ ਸਰਕਾਰ ਦੇ ਵਿਧਾਇਕਾਂ ਮੰਤਰੀਆਂ ਨੂੰ ਸੱਦਿਆ ਗਿਆ ਸੀ, ਬੀਤੇ ਸੋਮਵਾਰ ਨੂੰ ਇਸ ਸਬੰਧੀ ਪੰਜਾਬ ਦੇ ਕੈਬਨਿਟ ਮੰਤਰੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁੱਖ ਪੇਸ਼ ਹੋਏ। ਇਸ ਮੌਕੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਵੱਲੋਂ ਕੀਤੀ ਗਈ ਕਾਰਵਾਈ ਅਤੇ ਲੈ ਗਏ ਫ਼ੈਸਲਿਆਂ ਦੀ ਸ: ਰਾਜਿੰਦਰ ਸਿੰਘ ਪੁਰੇਵਾਲ ਚੇਅਰਮੈਨ ਸਿੱਖ ਅਜਾਇਬਘਰ ਡਰਬੀ ਅਤੇ ਸ੍ਰੀ ਗੁਰੂ ਸਿੰਘ ਸਭਾ ਡਰਬੀ ਦੇ ਪ੍ਰਧਾਨ ਰਘਬੀਰ ਸਿੰਘ ਨੇ ਸ਼ਲਾਘਾ ਕੀਤੀ ਹੈ।

ਸ: ਪੁਰੇਵਾਲ ਅਤੇ ਸ: ਰਘਬੀਰ ਸਿੰਘ ਨੇ ਕਿਹਾ ਕਿ ਜਥੇਦਾਰ ਕੁਲਦੀਪ ਸਿੰਘ ਗੜਗੱਜ ਸਮੇਤ ਸਿੰਘ ਸਾਹਿਬਾਨ ਵੱਲੋਂ ਪੰਜਾਬ ਦੇ ਮੰਤਰੀਆਂ ਖਿਲਾਫ਼ ਕੀਤੀ ਕਾਰਵਾਈ ਬਹੁਤ ਹੀ ਸੁਖਾਵੇਂ ਮਾਹੌਲ ਵਿੱਚ ਹੋਈ। ਉਹਨਾਂ ਕਿਹਾ ਜਿਵੇਂ ਪੰਜਾਬ ਦੇ ਮੰਤਰੀ ਅਤੇ ਵਿਰੋਧੀ ਪਾਰਟੀਆਂ ਦੇ ਆਗੂਆਂ ਨੂੰ ਸਿੰਘ ਸਾਹਿਬਾਨ ਨੇ ਸਵਾਲ ਪੁੱਛੇ ਅਤੇ ਉਹਨਾਂ ਨੂੰ ਸੁਣਿਆ


ਸ: ਰਾਜਿੰਦਰ ਸਿੰਘ ਪੁਰੇਵਾਲ ਅਤੇ ਸ: ਰਘਬੀਰ ਸਿੰਘ

ਬਹੁਤ ਹੀ ਵਧੀਆ ਤਰੀਕਾ ਸੀ। ਇਸ ਨਾਲ ਸਾਰੀ ਦੁਨੀਆ ਵਿੱਚ ਇਕ ਸੋਹਣਾ ਸੁਨੇਹਾ ਗਿਆ ਹੈ। ਪਰ ਮੁੱਖ ਮੰਤਰੀ ਭਗਵੰਤ ਮਾਨ ਨੂੰ ਵੀ ਅਕਾਲ ਤਖ਼ਤ ਸਾਹਿਬ ਤੇ ਆ ਕੇ ਆਪਣਾ ਪੱਖ ਪੇਸ਼ ਕਰਨਾ ਚਾਹੀਦਾ ਹੈ।

ਸ੍ਰੀ ਗੁਰੂ ਗਰੰਥ ਸਾਹਿਬ ਦੀ ਛਪਾਈ ਸਬੰਧੀ ਕਾਨੂੰਨ ਬਨਾਉਣ ਲਈ ਸਿੰਘ ਸਭਾ ਡਰਬੀ ਅਤੇ ਅਦਾਰਾ ਪੰਜਾਬ ਟਾਈਮਜ਼ ਵੱਲੋਂ 2005/2006 ਦੇ ਕਰੀਬ ਸਮੇਂ ਦੇ ਸਿੰਘ ਸਾਂ–ਹਬਾਨ ਅਤੇ ਪੰਜਾਬ ਦੇ ਮੁੱਖ ਮੰਤਰੀ ਸ: ਪ੍ਰਕਾਸ਼ ਸਿੰਘ ਬਾਦਲ ਨਾਲ ਗੱਲਬਾਤ ਕੀਤੀ ਗਈ ਸੀ, ਜਿਸ ਪਿੱਛੋਂ 2008 ਵਿੱਚ ਪੰਜਾਬ ਸਰਕਾਰ ਵੱਲੋਂ ਗੁਰੂ ਗ੍ਰੰਥ ਸਾਹਿਬ ਦੀ ਛਪਾਈ ਪ੍ਰਾਈਵੇਟ ਤੌਰ ਤੇ ਬੰਦ ਕਰਨ ਲਈ ਕਾਨੂੰਨ ਬਣਾ ਦਿੱਤਾ ਗਿਆ ਸੀ, ਤਦ ਤੋਂ ਕੇਵਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਹੀ ਗਰੰਥ ਸਾਹਿਬ ਦੇ ਸਰੂਪ ਛਾਪਣ ਦਾ ਅਧਿਕਾਰ ਹੈ, ਹੋਰ ਕੋਈ ਪ੍ਰਾਈਵੇਟ ਤੌਰ ਤੇ ਨਹੀਂ ਛਾਪ ਸਕਦਾ। ਇਹ ਕਾਨੂੰਨ ਬਣਨ ਤੋਂ ਪਹਿਲਾਂ ਬਹੁਤ ਸਾਰੇ ਪਬਲਿਸ਼ਰ ਤੇ ਪ੍ਰਿੰਟਰ ਵੀ ਛਾਪਦੇ ਸਨ, ਪਰ ਇਹ ਸਰੂਪ ਕਿਸ ਨੂੰ ਦੇਣੇ ਹਨ, ਸਤਿਕਾਰ ਕਿਵੇਂ ਰੱਖਣਾ ਹੈ ਇਸ ਬਾਰੇ ਕੋਈ ਖਿਆਲ ਨਹੀਂ ਰੱਖਿਆ ਜਾਂਦਾ ਸੀ। ਸ: ਪੁਰੇਵਾਲ ਨੇ ਦੱਸਿਆ ਕਿ ਸਿੰਘ ਸਭਾ ਅਤੇ ਪੰਜਾਬ ਟਾਈਮਜ਼ ਵੱਲੋਂ ਪੰਜਾਬ ਵਿੱਚ ਆਪਣੀ ਇੱਕ ਟੀਮ ਤਿਆਰ ਕਰਕੇ ਪ੍ਰਾਈਵੇਟ ਪ੍ਰਕਾਸ਼ਕਾਂ/ਛਾਪਕਾਂ ਦੇ ਖਿਲਾਫ਼ ਸਟਿੰਗ ਅਪ੍ਰੇਸ਼ਨ ਕੀਤਾ ਗਿਆ ਸੀ। ਵੱਖ ਵੱਖ ਤਰ੍ਹਾਂ ਦੇ ਭੇਸ ਵਿੱਚ ਬੰਦੇ ਘੱਲ ਕੇ ਸ੍ਰੀ ਗੁਰੂ ਗਰੰਥ ਸਾਹਿਬ ਦੇ ਸਰੂਪ ਲੈਣ ਲਈ ਪਹੁੰਚ ਕੀਤੀ ਗਈ ਤਾਂ ਪ੍ਰਕਾਸ਼ਕਾਂ ਤੇ ਛਾਪਕਾਂ ਦੀਆਂ ਅਣਗਹਿਲੀਆਂ ਤੇ ਬੀੜਾਂ ਦੀ ਬੇਕਦਰੀ, ਬੇਅਦਬੀ ਸੰਗਤਾਂ ਅਤੇ ਪੰਜਾਬ ਸਰਕਾਰ ਦੇ ਸਾਹਮਣੇ ਲਿਆਂਦੀ ਗਈ ਸੀ। ਇਥੋਂ ਤੱਕ ਕਿ ਆਸ਼ੂਤੋਸ਼ ਦੇ ਡੇਰੇ ਦੇ ਨਕਲੀ ਬੰਦੇ ਬਣ ਕੇ ਫੋਨ ਕਰਕੇ ਗਰੰਥ ਸਾਹਿਬ ਦੀ ਬੀੜ ਲੈਣ, ਕਬਰਾਂ ਤੇ ਲਿਜਾਣ ਅਤੇ ਕਿਸੇ ਦੀ ਜਾਇਦਾਦ (ਕੋਠੀ) ਉਤੇ ਕਬਜ਼ਾ ਕਰਨ ਲਈ ਸਰੂਪ ਲਿਜਾਣ ਬਾਰੇ ਕਿਹਾ ਗਿਆ ਤਾਂ ਉਹਨਾਂ ਵੱਲੋਂ ਸਰੂਪ ਦੇਣ ਦੀ ਹਾਂ ਕਰ ਦਿੱਤੀ ਗਈ ਸੀ।

ਇਹ ਸਟਿੰਗ ਅਪ੍ਰੇਸ਼ਨ ਕਰਨ ਤੋਂ ਬਾਅਦ ਫਿਰ ਇੱਕ ਮੈਗਜ਼ੀਨ 'ਚ ਰਿਪੋਰਟਾਂ ਛਾਪੀਆਂ, ਪ੍ਰੈਸ ਕਾਨਫਰੰਸ ਕੀਤੀ, ਉਪਰੰਤ 500 ਦੇ ਲੱਗਭੱਗ ਸੰਗਤ ਇਕੱਠੀ ਕਰਕੇ ਕੁੱਝ ਚਰਚਿਤ ਪ੍ਰਕਾਸ਼ਕਾਂ ਖਿਲਾਫ਼ ਰੋਸ ਮੁਜ਼ਾਹਰੇ ਵੀ ਕੀਤੇ ਗਏ ਸਨ। ਸ਼੍ਰੋ: ਕਮੇਟੀ ਪ੍ਰਧਾਨ ਅਵਤਾਰ ਸਿੰਘ ਮੱਕੜ ਨੂੰ ਵੀ ਮੈਮੋਰੈਂਡਮ ਦਿੱਤਾ ਗਿਆ। ਇਹ ਕਾਰਵਾਈਆਂ ਕਰਨ ਪਿੱਛੋਂ ਕਾਨੂੰਨ ਬਨਾਉਣ ਲਈ ਪੰਜਾਬ ਸਰਕਾਰ ਤੇ ਦਬਾਅ ਪਾਇਆ ਗਿਆ ਸੀ, ਜੋ ਅੱਜ ਤੱਕ ਹੋਂਦ ਵਿੱਚ ਹੈ। ਮੌਜੂਦਾ ਪੰਜਾਬ ਸਰਕਾਰ ਨੇ ਉਸੇ ਕਾਨੂੰਨ ਵਿੱਚ ਤਰਮੀਮ ਕਰਕੇ ਕਈ ਅਜਿਹੀਆਂ ਮੱਦਾਂ ਪਾ ਦਿੱਤੀਆਂ ਸਨ, ਜਿਹਨਾਂ ਬਾਰੇ ਸਿੱਖ ਸੰਗਤਾਂ ਨੂੰ ਇਤਰਾਜ਼ ਸੀ ਜੋ ਬੀਤੇ ਸੋਮਵਾਰ ਦੀ ਮੀਟਿੰਗ ਵਿੱਚ ਜਥੇਦਾਰ ਗੜਗੱਜ ਵੱਲੋਂ ਪੰਜਾਬ ਕੈਬਨਿਟ ਨੂੰ ਹੱਲ ਕਰਨ ਦੇ ਆਦੇਸ਼ ਦਿੱਤੇ ਗਏ ਹਨ।

## ਮਾਮਲਾ ਮੁੱਖ ਮੰਤਰੀ ਦੀ ਵਾਇਰਲ ਵੀਡੀਓ ਦਾ

# ਲੋਕਾਂ ਦੀ ਰਾਏ ਲੈ ਰਹੀ ਹੈ ਅਕਾਲੀ ਦਲ ਦੀ 5 ਮੈਂਬਰੀ ਕਮੇਟੀ



### ✪ ਜਲਦ ਤਿਆਰ ਹੋਵੇਗੀ ਰਿਪੋਰਟ: ਡਾ. ਚੀਮਾ

ਚੰਡੀਗੜ੍ਹ-ਮੁੱਖ ਮੰਤਰੀ ਭਗਵੰਤ ਮਾਨ ਦੀ ਵਾਇਰਲ ਵੀਡੀਓ ਤੋਂ ਬਾਅਦ ਪੈਦਾ ਹੋਏ ਵਿਵਾਦ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਸਰਗਰਮ ਹੋ ਗਿਆ ਹੈ। ਪਾਰਟੀ ਵੱਲੋਂ ਉਲੇਖਿਤ 'ਧਰਮ ਯੁੱਧ ਮੋਰਚੇ' ਦੀ ਤਿਆਰੀ ਵਜੋਂ ਗਠਿਤ ਕੀਤੀ ਗਈ 5 ਮੈਂਬਰੀ ਕਮੇਟੀ ਪੰਜਾਬ ਭਰ ਵਿੱਚ ਜਾ ਕੇ ਲੋਕਾਂ, ਸਿੱਖ ਸੰਗਤਾਂ ਅਤੇ ਬੁੱਧੀਜੀਵੀਆਂ ਦੀ ਰਾਏ ਇਕੱਠੀ ਕਰ ਰਹੀ ਹੈ। ਇਸ ਗੱਲ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਡਾ. ਦਲਜੀਤ ਸਿੰਘ ਚੀਮਾ ਨੇ ਮੁਹਾਲੀ ਸਥਿਤ 'ਸਬ-ਆਫਿਸ ਵਿਖੇ ਇੱਕ ਵਿਸ਼ੇਸ਼ ਗੱਲਬਾਤ ਦੌਰਾਨ ਕੀਤਾ।

ਡਾ. ਚੀਮਾ ਨੇ ਦੱਸਿਆ ਕਿ ਮੁੱਖ ਮੰਤਰੀ ਦੀ ਵਾਇਰਲ ਵੀਡੀਓ ਤੋਂ ਬਾਅਦ ਪੂਰੇ ਸੂਬੇ ਵਿੱਚ ਧਾਰਮਿਕ ਅਤੇ ਪੰਥਕ ਭਾਵਨਾਵਾਂ ਨੂੰ ਲੈ ਕੇ ਭਾਰੀ ਚਰਚਾ ਹੈ। ਇਸੇ ਸਥਿਤੀ ਨੂੰ ਦੇਖਦਿਆਂ ਪਾਰਟੀ ਦੀ ਇਸ ਉੱਚ-ਪੱਧਰੀ ਕਮੇਟੀ ਨੂੰ ਸਪੱਸ਼ਟ ਹਦਾਇਤਾਂ ਦਿੱਤੀਆਂ ਗਈਆਂ ਹਨ ਕਿ ਉਹ ਪੰਜਾਬ ਦੇ ਹਰ ਖੇਤਰ ਵਿੱਚ ਜਾ ਕੇ ਆਮ ਲੋਕਾਂ ਨਾਲ ਸਿੱਧਾ ਰਾਬਤਾ ਕਾਇਮ ਕਰੇ।

### ਜਨਤਾ ਅਤੇ ਸੰਗਤ ਵੱਲੋਂ ਮਿਲ ਰਿਹਾ ਹੈ ਭਰਵਾਂ ਸਹਿਯੋਗ

ਡਾ. ਦਲਜੀਤ ਸਿੰਘ ਚੀਮਾ ਅਨੁਸਾਰ, ਇਸ ਕਮੇਟੀ ਨੂੰ ਪੰਜਾਬ ਭਰ ਵਿੱਚੋਂ ਭਰਪੂਰ ਹੁੰਗਾਰਾ ਅਤੇ ਸਹਿਯੋਗ ਮਿਲ ਰਿਹਾ ਹੈ। ਲੋਕ ਖੁੱਲ੍ਹ ਕੇ ਆਪਣੀ ਰਾਏ ਰੱਖ ਰਹੇ ਹਨ। "ਸੰਗਤਾਂ ਦਾ ਵੱਡਾ ਹਿੱਸਾ ਇਸ ਗੱਲ 'ਤੇ ਜ਼ੋਰ ਦੇ ਰਿਹਾ ਹੈ ਕਿ ਪੰਥ ਨਾਲ ਸਬੰਧਿਤ ਕਿਸੇ ਵੀ ਮਾਮਲੇ ਨੂੰ ਪੂਰੀ ਮਰਿਆਦਾ ਅਤੇ ਗੰਭੀਰਤਾ ਨਾਲ ਲਿਆ ਜਾਣਾ ਚਾਹੀਦਾ ਹੈ। ਮਿਲ ਰਹੇ ਸੁਝਾਵਾਂ ਵਿੱਚ ਸੰਜਮ, ਆਪਸੀ ਏਕਤਾ ਅਤੇ ਪੰਥਕ ਪਰੰਪਰਾਵਾਂ ਦੀ ਪਾਲਣਾ ਕਰਨ ਨੂੰ ਸਭ ਤੋਂ ਅਹਿਮ ਮੰਨਿਆ ਜਾ ਰਿਹਾ ਹੈ।"

ਪਾਰਟੀ ਦੇ ਸੀਨੀਅਰ ਆਗੂ ਨੇ ਸਾਫ਼ ਕੀਤਾ ਕਿ ਕਮੇਟੀ ਵੱਲੋਂ ਹਰ ਜ਼ਿਲ੍ਹੇ ਵਿੱਚ ਕੀਤੀਆਂ ਜਾ ਰਹੀਆਂ ਮੀਟਿੰਗਾਂ ਦਾ ਪੂਰਾ ਲਿਖਤੀ ਰਿਕਾਰਡ ਰੱਖਿਆ ਜਾ ਰਿਹਾ ਹੈ। ਹਰ ਇੱਕ ਸੁਝਾਅ, ਮੰਗ ਅਤੇ ਰਾਏ ਨੂੰ ਦਰਜ ਕੀਤਾ ਜਾ ਰਿਹਾ ਹੈ। ਇਨ੍ਹਾਂ ਸਾਰੇ ਸੁਝਾਵਾਂ ਦੇ ਆਧਾਰ 'ਤੇ ਇੱਕ ਵਿਸਥਾਰਪੂਰਵਕ ਰਿਪੋਰਟ ਤਿਆਰ ਕੀਤੀ ਜਾਵੇਗੀ। ਹਾਈਕਮਾਂਡ ਨੂੰ ਸੌਂਪਣਾ: ਇਹ ਰਿਪੋਰਟ ਪਾਰਟੀ ਪ੍ਰਧਾਨ ਅਤੇ ਸੀਨੀਅਰ ਲੀਡਰਸ਼ਿਪ ਦੇ ਸਨਮੁੱਖ ਪੇਸ਼ ਕੀਤੀ ਜਾਵੇਗੀ।

ਡਾ. ਚੀਮਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ (ਬ) ਦਾ ਇਤਿਹਾਸ ਹਮੇਸ਼ਾ ਪੰਥ ਅਤੇ ਪੰਜਾਬ ਦੀ ਸੇਵਾ ਦਾ ਰਿਹਾ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਪਾਰਟੀ ਕਿਸੇ ਵੀ ਤਰ੍ਹਾਂ ਦੇ ਟਕਰਾਅ ਜਾਂ ਤਣਾਅ ਦੀ ਰਾਜਨੀਤੀ ਵਿੱਚ ਬਿਲਕੁਲ ਵਿਸ਼ਵਾਸ ਨਹੀਂ ਰੱਖਦੀ। ਪਾਰਟੀ ਦਾ ਮੁੱਖ ਮਕਸਦ ਸਿਰਫ਼ ਲੋਕਾਂ ਦੀ ਆਵਾਜ਼ ਨੂੰ ਪੂਰੀ ਤਰ੍ਹਾਂ ਲੋਕਤੰਤਰੀ ਅਤੇ ਸ਼ਾਂਤਮਈ ਢੰਗ ਨਾਲ ਬੁਲੰਦ ਕਰਨਾ ਹੈ।

# ਸੁਪਰੀਮ ਕੋਰਟ ਬਲਾਤਕਾਰੀ ਸਾਧ ਆਸਾਰਾਮ ਨੂੰ ਤੁਰੰਤ ਜ਼ਮਾਨਤ ਦੇਣ ਤੋਂ ਇਨਕਾਰੀ

ਨਵੀਂ ਦਿੱਲੀ-ਨਾਬਾਲਗ ਨਾਲ ਜਬਰ ਜਨਾਹ ਮਾਮਲੇ ਵਿਚ ਸਜ਼ਾ ਭੁਗਤ ਰਹੇ ਆਸਾਰਾਮ ਨੂੰ ਸੁਪਰੀਮ ਕੋਰਟ ਤੋਂ ਵੱਡਾ ਝਟਕਾ ਲੱਗਾ ਹੈ। ਸਰਬਉੱਚ ਅਦਾਲਤ ਨੇ ਆਸਾਰਾਮ ਨੂੰ ਤੁਰੰਤ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ ਅਤੇ ਨਾਲ ਹੀ ਕਿਹਾ ਕਿ ਜ਼ਮਾਨਤ ਦੀ ਜ਼ਰੂਰਤ ਨੂੰ ਲੈ ਕੇ ਹੋਰਨਾਂ ਪਹਿਲੂਆਂ 'ਤੇ ਵੀ ਧਿਆਨ ਦਿੱਤਾ ਜਾਵੇਗਾ। ਅਦਾਲਤ ਨੇ ਕਿਹਾ ਕਿ ਅਸੀਂ ਪਹਿਲਾਂ ਰਾਜਸਥਾਨ ਸਰਕਾਰ ਦਾ ਪੱਖ ਸੁਣਾਂਗੇ, ਇਸ ਦੇ ਨਾਲ ਹੀ ਰਾਜਸਥਾਨ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਗਿਆ ਹੈ। ਦੱਸਣਯੋਗ ਹੈ ਕਿ ਆਸਾ ਰਾਮ ਨੇ ਆਪਣੀ ਦੋਸ਼-ਸਿੱਧੀ ਅਤੇ ਉਮਰ ਕੈਦ ਦੀ ਸਜ਼ਾ ਬਰਕਰਾਰ ਰੱਖਣ ਵਾਲੇ ਰਾਜਸਥਾਨ ਹਾਈ ਕੋਰਟ ਦੇ ਆਦੇਸ਼ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਸੀ।

# ਸਿੱਖ ਧਰਮ ਸਬੰਧੀ ਕਾਨੂੰਨੀ ਸੋਧ ਜਾਂ ਨਵਾਂ ਬਨਾਉਣ ਲਈ ਸ਼੍ਰੋਮਣੀ ਗੁ: ਪ੍ਰ: ਕਮੇਟੀ ਦੀ ਸਹਿਮਤੀ ਬਾਰੇ ਨਹਿਰੂ – ਮਾਸਟਰ ਤਾਰਾ ਸਿੰਘ ਸਮਝੌਤਾ ਕੀ ਹੈ?

ਡਰਬੀ (ਪੰਜਾਬ ਟਾਈਮਜ਼) – ਪੰਜਾਬ ਸਰਕਾਰ ਜਾਂ ਕੇਂਦਰ ਸਰਕਾਰ ਸਿੱਖਾਂ ਬਾਰੇ ਜਦੋਂ ਕੋਈ ਕਾਨੂੰਨ ਬਣਾਉਂਦੀ ਜਾਂ ਕਿਸੇ ਪਹਿਲੇ ਕਾਨੂੰਨ ਵਿੱਚ ਕੋਈ ਸੋਧ ਵਗੈਰਾ ਕਰਦੀ ਹੈ ਤਾਂ ਉਸ ਲਈ ਇੱਕ ਸਪੱਸ਼ਟ ਕਾਨੂੰਨ ਹੈ ਕਿ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਸ਼੍ਰੋਮਣੀ ਗੁ: ਪ੍ਰ: ਕਮੇਟੀ ਨਾਲ ਸਲਾਹ ਮਸ਼ਵਰਾ ਕਰਕੇ ਕਮੇਟੀ ਦੀ ਸਹਿਮਤੀ ਨਾਲ ਹੀ ਕਾਨੂੰਨੀ ਸੋਧ ਕਰੇ ਜਾਂ ਨਵਾਂ ਕਾਨੂੰਨ ਬਣਾਇਆ ਜਾਵੇ।

ਯਾਦ ਰਹੇ ਕਿ ਅਪ੍ਰੈਲ 1959 ਦਾ ਨਹਿਰੂ–ਤਾਰਾ ਸਿੰਘ ਸਮਝੌਤਾ ਉਸ ਟਕਰਾਅ ਤੋਂ ਬਾਅਦ ਹੋਇਆ ਸੀ ਜੋ ਜਨਵਰੀ 1959 ਵਿੱਚ ਪ੍ਰਤਾਪ ਸਿੰਘ ਕੈਰੋਂ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਵੱਲੋਂ ਸਿੱਖ ਗੁਰਦੁਆਰਾ ਐਕਟ, 1925 ਵਿੱਚ ਜਲਦਬਾਜ਼ੀ ਨਾਲ ਸੋਧ ਕਰਨ ਦੀ ਕੋਸ਼ਿਸ਼ ਕਾਰਨ ਪੈਦਾ ਹੋਇਆ ਸੀ।

ਉਸ ਸਮੇਂ ਦੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਮਾਸਟਰ ਤਾਰਾ ਸਿੰਘ ਹੁਣਾਂ ਨੇ ਇਸ ਦਾ ਵਿਰੋਧ ਕੀਤਾ ਤਾਂ ਉਹਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਅਕਾਲੀ ਵਰਕਰਾਂ 'ਤੇ ਸਖ਼ਤ ਕਾਰਵਾਈ ਕੀਤੀ ਗਈ, ਤਾਂ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਮਾਸਟਰ ਤਾਰਾ ਸਿੰਘ ਨਾਲ ਗੱਲਬਾਤ ਲਈ ਉਨ੍ਹਾਂ ਨੂੰ ਸੱਦਾ ਦਿੱਤਾ।

ਵੇਰਵਿਆਂ ਮੁਤਾਬਕ, ਬਾਅਦ ਵਿੱਚ ਪ੍ਰਧਾਨ ਮੰਤਰੀ ਸਕੱਤਰੇਤ ਨੇ ਕਿਹਾ ਸੀ ਕਿ "ਸਾਰੇ ਸੰਬੰਧਤ ਪੱਖਾਂ ਵਿਚਕਾਰ ਇਸ ਗੱਲ 'ਤੇ ਸਾਂਝੀ ਸਹਿਮਤੀ ਹੋ ਗਈ ਹੈ ਕਿ ਧਾਰਮਿਕ ਮਾਮਲਿਆਂ ਵਿੱਚ ਸਰਕਾਰੀ ਦਖ਼ਲ ਅੰਦਾਜ਼ੀ ਨਹੀਂ ਹੋਣੀ ਚਾਹੀਦੀ।" ਸਿੱਖ ਐਨਸਾਈਕਲੋਪੀਡੀਆ ਅਨੁਸਾਰ, ਇਸ ਸਮਝੌਤੇ ਵਿੱਚ ਸਪੱਸ਼ਟ ਤੌਰ 'ਤੇ ਇਹ ਵਚਨ ਬੱਧਤਾ ਦਰਜ ਕੀਤੀ ਗਈ ਸੀ ਕਿ ਸ਼੍ਰੋਮਣੀ ਕਮੇਟੀ ਦੀ ਜਨਰਲ ਬਾਡੀ ਦੀ ਮਨਜ਼ੂਰੀ ਤੋਂ ਬਿਨਾਂ ਸਿੱਖ ਗੁਰਦੁਆਰਾ ਐਕਟ ਵਿੱਚ ਕੋਈ ਵੀ ਸੋਧ ਨਹੀਂ ਕੀਤੀ ਜਾਵੇਗੀ। ਸੋ ਇਹ ਅੱਜ ਵੀ ਸਾਰੀਆਂ ਧਿਰਾਂ ਉੱਤੇ ਇੰਨ ਬਿੰਨ ਲਾਗੂ ਹੁੰਦਾ ਹੈ।

# ਉੱਤਰਾਖੰਡ ਤੋਂ ਜ਼ਮਾਨਤ 'ਤੇ ਪਰਤੇ ਨਿਹੰਗ ਸਿੰਘਾਂ ਦਾ ਮੁਹਾਲੀ ਵਿਚ ਸਨਮਾਨ

## ✪ ਮਿਲੀ 2.5 ਲੱਖ ਦੀ ਵਿੱਤੀ ਸਹਾਇਤਾ ✪ ਜਥੇਦਾਰ ਗਰਗੱਜ ਨੇ ਕਿਹਾ ਕਿ ਇਹ ਜ਼ਮਾਨਤ ਪੰਥਕ ਏਕਤਾ ਦਾ ਨਤੀਜਾ





ਐੱਸ.ਏ.ਐੱਸ. ਨਗਰ (ਮੁਹਾਲੀ)- ਉੱਤਰਾਖੰਡ ਵਿੱਚ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਦੌਰਾਨ ਕਰਣਪ੍ਰਯਾਗ ਵਿਖੇ ਸਥਾਨਕ ਨਿਵਾਸੀਆਂ ਅਤੇ ਨਿਹੰਗ ਸਿੰਘਾਂ ਵਿਚਕਾਰ ਹੋਏ ਟਕਰਾਅ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤੇ ਗਏ ਚਾਰ ਨੌਜਵਾਨਾਂ ਸਤਵਿੰਦਰ ਸਿੰਘ, ਅਜੇ ਸਿੰਘ, ਜਸਨਪ੍ਰੀਤ ਸਿੰਘ ਅਤੇ ਮਨਪ੍ਰੀਤ ਸਿੰਘ ਨੂੰ ਜ਼ਮਾਨਤ ਮਿਲ ਗਈ ਹੈ। ਮੁਹਾਲੀ ਪਰਤਣ 'ਤੇ ਇਨ੍ਹਾਂ ਨਿਹੰਗ ਸਿੰਘਾਂ ਦਾ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ ਵਿਖੇ ਵਿਸ਼ੇਸ਼ ਸਨਮਾਨ ਕੀਤਾ ਗਿਆ। ਰਿਹਾਅ ਹੋ ਕੇ ਆਏ ਇਨ੍ਹਾਂ ਚਾਰ ਨਿਹੰਗ ਸਿੰਘਾਂ ਵਿੱਚੋਂ ਤਿੰਨ ਨੌਜਵਾਨ ਮੁਹਾਲੀ ਦੇ ਪਿੰਡ ਸੋਹਾਣਾ ਅਤੇ ਇੱਕ ਨੌਜਵਾਨ ਪਿੰਡ ਕੁੰਭੜਾ ਦਾ ਰਹਿਣ ਵਾਲਾ ਹੈ।

ਨਿਹੰਗ ਸਿੰਘਾਂ ਦੇ ਸੋਹਾਣਾ ਪਹੁੰਚਣ 'ਤੇ ਉਨ੍ਹਾਂ ਦਾ ਹਾਲ-ਚਾਲ ਜਾਣਨ ਲਈ ਕਈ ਪ੍ਰਮੁੱਖ ਧਾਰਮਿਕ ਅਤੇ ਸਿਆਸੀ ਸ਼ਖ਼ਸੀਅਤਾਂ ਉਚੇਚੇ ਤੌਰ 'ਤੇ ਪਹੁੰਚੀਆਂ। ਸ਼੍ਰੋਮਣੀ ਅਕਾਲੀ ਦਲ ਵਾਰਿਸ ਪੰਜਾਬ ਦੇ ਪ੍ਰਮੁੱਖ ਆਗੂ ਅਤੇ ਮੁੱਲਾਂਪੁਰ ਦਾਖਾ ਤੋਂ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਅਤੇ ਫਰੀਦਕੋਟ ਤੋਂ ਸੰਸਦ ਮੈਂਬਰ ਸਰਬਜੀਤ ਸਿੰਘ ਖਾਲਸਾ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ। ਉਨ੍ਹਾਂ ਨੇ ਨਿਹੰਗ ਸਿੰਘਾਂ ਦੀ ਸਿਹਤ ਦਾ ਹਾਲ ਜਾਣਿਆ ਅਤੇ ਗੁਰੂ ਘਰ ਦੀ ਬਖ਼ਸ਼ਿਸ਼ 'ਸਿਰੋਪਾਓ' ਦੇ ਕੇ ਉਨ੍ਹਾਂ ਦਾ ਸਨਮਾਨ ਕੀਤਾ।

ਇਸ ਮੌਕੇ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਕੁਲਦੀਪ ਸਿੰਘ ਗੜਗੱਜ ਅਤੇ ਨਿਹੰਗ ਆਗੂ ਬਾਬਾ ਬਲਬੀਰ ਸਿੰਘ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਇਕੱਠ ਨੂੰ ਸੰਬੋਧਨ ਕਰਦਿਆਂ ਜਥੇਦਾਰ ਗਰਗੱਜ ਨੇ ਕਿਹਾ ਕਿ ਇਹ ਜ਼ਮਾਨਤ ਪੰਥਕ ਏਕਤਾ ਦਾ ਨਤੀਜਾ ਹੈ ਅਤੇ ਇਨ੍ਹਾਂ ਅਪਰਾਧਿਕ ਮਾਮਲਿਆਂ ਨੂੰ ਕਾਨੂੰਨੀ ਤਰੀਕੇ ਨਾਲ ਰੱਦ ਕਰਵਾਉਣ ਦੇ ਯਤਨ ਜਾਰੀ ਰਹਿਣਗੇ। ਉਨ੍ਹਾਂ ਦੋਸ਼ ਲਾਇਆ ਕਿ ਕੁਝ ਸ਼ਰਾਰਤੀ ਅਨਸਰਾਂ ਨੇ ਇਹ ਅਫ਼ਵਾਹ ਫੈਲਾਉਣ ਦੀ ਕੋਸ਼ਿਸ਼ ਕੀਤੀ ਸੀ ਕਿ ਹੇਮਕੁੰਟ ਸਾਹਿਬ ਜਾਣ ਵਾਲੇ ਸਿੱਖ ਸ਼ਰਧਾਲੂਆਂ ਨੂੰ ਕਿਰਪਾਨ ਲੈ ਕੇ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ, ਪਰ ਸੰਗਤ ਅਜਿਹੀਆਂ ਗੱਲਾਂ ਤੋਂ ਗੁੰਮਰਾਹ ਨਾ ਹੋਵੇ।

### ਕਾਨੂੰਨੀ ਲੜਾਈ ਲਈ 2.50 ਲੱਖ ਦੀ ਵਿੱਤੀ ਮਦਦ

ਕਰਣਪ੍ਰਯਾਗ ਮਾਮਲੇ ਨੂੰ ਲੈ ਕੇ ਸਿੱਖ ਜਥੇਬੰਦੀਆਂ ਪੀੜਤ ਨਿਹੰਗ ਸਿੰਘਾਂ ਦੇ ਹੱਕ ਵਿੱਚ ਡਟ ਗਈਆਂ ਹਨ। ਇਸ ਦੌਰਾਨ 'ਅਕਾਲੀ ਦਲ ਵਾਰਿਸ ਪੰਜਾਬ' ਵੱਲੋਂ ਚਾਰੇ ਪੀੜਤ ਨਿਹੰਗ ਸਿੰਘਾਂ ਨੂੰ ਅੱਗੇ ਦੀ ਕਾਨੂੰਨੀ ਲੜਾਈ ਅਤੇ ਹੋਰ ਜ਼ਰੂਰੀ ਲੋੜਾਂ ਨੂੰ ਪੂਰਾ ਕਰਨ ਲਈ 2,50,000 (ਢਾਈ ਲੱਖ ਰੁਪਏ) ਦੀ ਵਿੱਤੀ ਸਹਾਇਤਾ ਦਾ ਚੈੱਕ/ਰਾਸ਼ੀ ਵੀ ਭੇਟ ਕੀਤੀ ਗਈ।

ਫਿਲਹਾਲ, ਹਰਿਆਣਾ ਦੇ ਮੁੱਖ ਮੰਤਰੀ ਦੇ ਸਿਆਸੀ ਸਲਾਹਕਾਰ ਤਰੁਣ ਭੰਡਾਰੀ ਨੇ ਸਪੱਸ਼ਟ ਕੀਤਾ ਹੈ ਕਿ ਉੱਤਰਾਖੰਡ ਸਰਕਾਰ ਅਤੇ ਸਿੱਖ ਜਥੇਬੰਦੀਆਂ ਦੇ ਸਹਿਯੋਗ ਨਾਲ ਸ੍ਰੀ ਹੇਮਕੁੰਟ ਸਾਹਿਬ ਦੀ ਸਾਲਾਨਾ ਯਾਤਰਾ ਬਿਨਾਂ ਕਿਸੇ ਰੁਕਾਵਟ ਦੇ ਅਮਨ-ਸ਼ਾਂਤੀ ਨਾਲ ਜਾਰੀ ਰਹੇਗੀ।


# ਗੁਰਦੁਆਰਾ ਸਾਹਿਬ ਵਿਖੇ ਨਿਹੰਗ ਸਿੰਘਾਂ ਦੇ ਦੋ ਧੜਿਆਂ ਵਿਚਾਲੇ ਝੜਪ

ਮੋਹਾਲੀ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ, ਸੋਹਾਣਾ ਵਿਖੇ ਐਤਵਾਰ ਨੂੰ ਉਸ ਵੇਲੇ ਮਾਹੌਲ ਤਣਾਅਪੂਰਨ ਹੋ ਗਿਆ ਜਦੋਂ ਉੱਤਰਾਖੰਡ ਦੇ ਕਰਨਪ੍ਰਯਾਗ ਝੜਪ ਮਾਮਲੇ ਵਿੱਚ ਜ਼ਮਾਨਤ 'ਤੇ ਰਿਹਾਅ ਹੋਏ ਚਾਰ ਨਿਹੰਗ ਸਿੰਘਾਂ ਦੇ ਸਨਮਾਨ ਸਮਾਰੋਹ ਦੌਰਾਨ ਨਿਹੰਗ ਸਿੰਘਾਂ ਦੇ ਦੋ ਧੜਿਆਂ ਵਿਚਾਲੇ ਹੱਥੋਪਾਈ ਹੋ ਗਈ। ਇਸ ਘਟਨਾ ਤੋਂ ਤੁਰੰਤ ਬਾਅਦ ਸੁਰੱਖਿਆ ਦੇ ਲਿਹਾਜ਼ ਨਾਲ ਮੌਕੇ 'ਤੇ ਭਾਰੀ ਪੁਲਿਸ ਫੋਰਸ ਤਾਇਨਾਤ ਕਰ ਦਿੱਤੀ ਗਈ। ਇਹ ਹੰਗਾਮਾ ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗਰਗੱਜ ਦੀ ਹਾਜ਼ਰੀ ਵਿੱਚ ਹੋਏ ਸਮਾਰੋਹ ਦੀ ਸਮਾਪਤੀ ਤੋਂ ਤੁਰੰਤ ਬਾਅਦ ਹੋਇਆ। ਸ਼ੁਰੂਆਤੀ ਜਾਣਕਾਰੀ ਮੁਤਾਬਕ ਕਿਸੇ ਵਿਅਕਤੀ ਵੱਲੋਂ ਸਮਾਗਮ ਦੀ ਕਾਰਵਾਈ ਵਿੱਚ ਵਿਘਨ ਪਾਉਣ ਦੀ ਕੋਸ਼ਿਸ਼ ਕੀਤੀ ਗਈ, ਜਿਸ ਤੋਂ ਬਾਅਦ ਦੋਵਾਂ ਧੜਿਆਂ ਦੇ ਮੈਂਬਰ ਆਹਮੋ-ਸਾਹਮਣੇ ਹੋ ਗਏ। ਹਾਲਾਂਕਿ, ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਤੁਰੰਤ ਦਖ਼ਲ ਦਿੰਦਿਆਂ ਦੋਵਾਂ ਧਿਰਾਂ ਨਾਲ ਗੱਲਬਾਤ ਕੀਤੀ ਅਤੇ ਸਥਿਤੀ ਨੂੰ ਸੰਭਾਲਿਆ।

ਡੀ.ਐਸ.ਪੀ. ਹਰਸਿਮਰਤ ਸਿੰਘ ਛੇਤਰਾ ਨੇ ਦੱਸਿਆ ਕਿ ਇਹ ਇੱਕ ਮਾਮੂਲੀ ਝੜਪ ਸੀ ਅਤੇ ਇਸ ਵਿੱਚ ਕੋਈ ਜ਼ਖਮੀ ਨਹੀਂ ਹੋਇਆ ਹੈ। ਉਨ੍ਹਾਂ ਕਿਹਾ, "ਸਾਨੂੰ ਅਜੇ ਤੱਕ ਕਿਸੇ ਵੀ ਧਿਰ ਵੱਲੋਂ ਕੋਈ ਸ਼ਿਕਾਇਤ ਨਹੀਂ ਮਿਲੀ। ਜੇਕਰ ਕੋਈ ਸ਼ਿਕਾਇਤ ਆਉਂਦੀ ਹੈ ਤਾਂ ਅਗਲੇਰੀ ਕਾਰਵਾਈ ਕੀਤੀ ਜਾਵੇਗੀ।"


# ਉੱਤਰਾਖੰਡ ਦੇ ਨੌਜਵਾਨ ਵੱਲੋਂ ਸਿੱਖਾਂ ਨੂੰ 'ਜੂਨ 1984 ਦੁਹਰਾਉਣ' ਦੀ ਧਮਕੀ

## ✪ ਜਥੇਦਾਰ ਅਕਾਲ ਤਖ਼ਤ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਸਖ਼ਤ ਕਾਨੂੰਨੀ ਕਾਰਵਾਈ ਦੇ ਆਦੇਸ਼



ਅੰਮ੍ਰਿਤਸਰ/ਬਠਿੰਡਾ-ਹੇਮਕੁੰਟ ਸਾਹਿਬ ਯਾਤਰਾ ਦੌਰਾਨ ਨਿਹੰਗ ਸਿੰਘਾਂ ਅਤੇ ਸਥਾਨਕ ਲੋਕਾਂ ਵਿਚਾਲੇ ਹੋਏ ਝਗੜੇ ਤੋਂ ਬਾਅਦ ਮਾਮਲਾ ਲਗਾਤਾਰ ਗਰਮਾਇਆ ਹੋਇਆ ਹੈ। ਹੁਣ ਉੱਤਰਾਖੰਡ ਦੇ ਇੱਕ ਵਸਨੀਕ ਆਸ਼ੀਸ਼ ਨੇਗੀ ਵੱਲੋਂ ਸਿੱਖਾਂ ਨੂੰ 'ਜੂਨ 1984 ਦੁਹਰਾਉਣ' ਦੀ ਸੋਸ਼ਲ ਮੀਡੀਆ 'ਤੇ ਦਿੱਤੀ ਗਈ ਧਮਕੀ ਦਾ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰਾਂ ਵੱਲੋਂ ਸਖ਼ਤ ਨੋਟਿਸ ਲਿਆ ਗਿਆ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਇਸ ਮਾਮਲੇ ਨੂੰ ਬੇਹੱਦ ਗੰਭੀਰ ਦੱਸਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹਦਾਇਤ ਕੀਤੀ ਹੈ ਕਿ ਉਕਤ ਵਿਅਕਤੀ ਖ਼ਿਲਾਫ਼ ਅੰਮ੍ਰਿਤਸਰ ਵਿਖੇ ਤੁਰੰਤ ਸਖ਼ਤ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ। ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਉੱਤਰਾਖੰਡ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਅਜਿਹੇ ਸ਼ਰਾਰਤੀ ਅਨਸਰ ਦੇਸ਼ ਦੀ ਸ਼ਾਂਤੀ, ਅਖੰਡਤਾ ਅਤੇ ਭਾਈਚਾਰਕ ਸਾਂਝ ਲਈ ਵੱਡਾ ਖ਼ਤਰਾ ਹਨ। ਸਰਕਾਰ ਨੂੰ ਅਜਿਹੇ ਫਿਰਕੂ ਅਨਸਰਾਂ ਨੂੰ ਨੱਥ ਪਾਉਣੀ ਚਾਹੀਦੀ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਯਾਤਰਾ 'ਤੇ ਜਾਣ ਵਾਲੇ ਸਿੱਖਾਂ ਅਤੇ ਸ਼ਰਧਾਲੂਆਂ ਨੂੰ ਅਪੀਲ ਕੀਤੀ ਕਿ ਉਹ ਪੂਰੀ ਤਰ੍ਹਾਂ ਸੁਚੇਤ ਰਹਿਣ ਅਤੇ ਕਿਸੇ ਵੀ ਕਿਸਮ ਦੀ ਭੜਕਾਹਟ ਵਿੱਚ ਨਾ ਆਉਣ।

ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ ਨੇ ਆਖਿਆ ਕਿ ਧਮਕੀ ਦੇਣ ਵਾਲੇ ਵਿਅਕਤੀ ਵਿਰੁੱਧ ਤੁਰੰਤ ਸਖ਼ਤ ਧਾਰਾਵਾਂ ਤਹਿਤ ਕੇਸ ਦਰਜ ਕਰਕੇ ਉਸ ਨੂੰ ਗ੍ਰਿਫ਼ਤਾਰ ਕੀਤਾ ਜਾਵੇ।


ਰਜਿੰਦਰ ਸਿੰਘ ਪੁਰੇਵਾਲ

**ਸੰਪਾਦਕੀ** **ਵਿਚਾਰ :–** ਬੱਚੇ ਨੂੰ ਬੋਲਣ ਵਾਸਤੇ ਦੋ ਸਾਲ ਲਗਦੇ ਨੇ ਜਦ ਕਿ ਆਦਮੀ ਨੂੰ ਆਪਣੀ ਜਬਾਨ ਸੰਭਾਲਣੀ ਸਿੱਖਣ ਵਾਸਤੇ ਸੱਠ ਸਾਲ ਲੱਗ ਜਾਂਦੇ ਹਨ।

# ਪੰਥਕ ਮਾਮਲਿਆਂ ਵਿਚ ਸਰਕਾਰੀ ਦਖ਼ਲਅੰਦਾਜ਼ੀ ਅਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੀ ਖ਼ੁਦਮੁਖ਼ਤਿਆਰੀ

ਤਖ਼ਤ ਸ੍ਰੀ ਹਜ਼ੂਰ ਸਾਹਿਬ, ਨਾਂਦੇੜ ਦੇ ਪ੍ਰਬੰਧਕੀ ਢਾਂਚੇ ਨੂੰ ਬਦਲਣ ਦੇ ਪ੍ਰਸਤਾਵਿਤ ਕਾਨੂੰਨ ਉੱਤੇ ਉੱਠੇ ਭਾਰੀ ਵਿਵਾਦ ਤੋਂ ਬਾਅਦ ਮਹਾਰਾਸ਼ਟਰ ਸਰਕਾਰ ਨੇ ਇੱਕ ਵੱਡਾ ਕਦਮ ਚੁੱਕਿਆ ਹੈ। ਸਰਕਾਰ ਨੇ ਸਿੱਖ ਭਾਈਚਾਰੇ, ਧਾਰਮਿਕ ਆਗੂਆਂ ਅਤੇ ਮਾਹਿਰਾਂ ਨਾਲ ਵਿਆਪਕ ਸਲਾਹ-ਮਸ਼ਵਰਾ ਕਰਨ ਲਈ ਬੀਤੇ ਮੰਗਲਵਾਰ ਨੂੰ ਇੱਕ ਉੱਚ-ਪੱਧਰੀ ਅਧਿਕਾਰਤ ਕਮੇਟੀ ਦਾ ਗਠਨ ਕਰ ਦਿੱਤਾ ਸੀ। ਇਹ ਕਮੇਟੀ ਨਵੇਂ ਐਕਟ ਦੇ ਖਰੜੇ ਬਾਰੇ ਸਿੱਖ ਸੰਸਥਾਵਾਂ ਤੋਂ ਸੁਝਾਅ ਅਤੇ ਇਤਰਾਜ਼ ਲਵੇਗੀ। ਇਸ ਮਾਮਲੇ ਵਿੱਚ ਸੀਨੀਅਰ ਭਾਜਪਾ ਆਗੂ ਆਰ.ਪੀ. ਸਿੰਘ ਅਤੇ ਪੰਜਾਬ ਭਾਜਪਾ ਦੇ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨਾਲ ਮੁਲਾਕਾਤ ਕਰਕੇ ਸਿੱਖ ਜਗਤ ਦੇ ਖ਼ਦਸ਼ਿਆਂ ਤੋਂ ਜਾਣੂ ਕਰਵਾਇਆ ਸੀ, ਜਿਸ ਤੋਂ ਬਾਅਦ ਸਰਕਾਰ ਨੇ ਇਸ ਕਮੇਟੀ ਦਾ ਐਲਾਨ ਕੀਤਾ।

ਮਹਾਰਾਸ਼ਟਰ ਸਰਕਾਰ ਵੱਲੋਂ ਜਾਰੀ ਹੁਕਮਾਂ ਅਨੁਸਾਰ, ਇਸ ਕਮੇਟੀ ਵਿੱਚ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਸ਼ਾਮਲ ਕੀਤਾ ਗਿਆ ਹੈ, ਜੋ ਸਿੱਖ ਜਥੇਬੰਦੀਆਂ ਨਾਲ ਤਾਲਮੇਲ ਕਰਨਗੇ:

ਵਧੀਕ ਮੁੱਖ ਸਕੱਤਰ (ਮਾਲ ਵਿਭਾਗ, ਮਹਾਰਾਸ਼ਟਰ)
ਡਿਵੀਜ਼ਨਲ ਕਮਿਸ਼ਨਰ, ਛੱਤਰਪਤੀ ਸੰਭਾਜੀਨਗਰ
ਡਿਪਟੀ ਕਮਿਸ਼ਨਰ, ਨਾਂਦੇੜ
ਉਪ ਸਕੱਤਰ (ਮਾਲ ਵਿਭਾਗ)
ਡਿਪਟੀ ਕਲੈਕਟਰ, ਨਾਂਦੇੜ

ਇਹ ਕਮੇਟੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਤਖ਼ਤ ਸ੍ਰੀ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਅਤੇ ਹਰਿਆਣਾ ਕਮੇਟੀ ਸਮੇਤ ਸਮੂਹ ਪੰਥਕ ਧਿਰਾਂ ਨੂੰ ਆਪਣੇ ਵਿਚਾਰ ਪੇਸ਼ ਕਰਨ ਲਈ ਸੱਦਾ ਦੇਵੇਗੀ। ਭਾਵੇਂ ਸਰਕਾਰ ਦੇ ਇਸ ਕਦਮ ਨੂੰ ਤਤਕਾਲੀ ਤੌਰ 'ਤੇ ਇੱਕ ਰਾਹਤ ਵਜੋਂ ਦੇਖਿਆ ਜਾ ਰਿਹਾ ਹੈ, ਪਰ ਇਹ ਫ਼ੈਸਲਾ ਇੱਕ ਵੱਡਾ ਸਵਾਲ ਖੜ੍ਹਾ ਕਰਦਾ ਹੈ: ਕੀ ਕਿਸੇ ਵੀ ਜਮਹੂਰੀ ਅਤੇ ਧਰਮ-ਨਿਰਪੱਖ ਸਰਕਾਰ ਨੂੰ ਧਾਰਮਿਕ ਸੰਸਥਾਵਾਂ ਦੇ ਅੰਦਰੂਨੀ ਪ੍ਰਬੰਧਾਂ ਵਿੱਚ ਇਸ ਹੱਦ ਤੱਕ ਦਖ਼ਲਅੰਦਾਜ਼ੀ ਕਰਨੀ ਚਾਹੀਦੀ ਹੈ? ਗੁਰਦੁਆਰਾ ਸੱਚਖੰਡ ਸ੍ਰੀ ਹਜ਼ੂਰ ਅਬਚਲਨਗਰ ਸਾਹਿਬ ਐਕਟ, 1956 ਨੂੰ ਰੱਦ ਕਰਕੇ ਨਵਾਂ ਕਾਨੂੰਨ ਲਿਆਉਣ ਦੀ ਕੋਸ਼ਿਸ਼ ਨੇ ਸਿੱਖ ਜਗਤ ਵਿੱਚ ਭਾਰੀ ਚਿੰਤਾ ਅਤੇ ਰੋਸ ਪੈਦਾ ਕੀਤਾ ਹੈ। ਇਸ ਖਰੜੇ ਵਿਰੁੱਧ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਜਥੇਦਾਰ ਗਿਆਨੀ ਕੁਲਵੰਤ ਸਿੰਘ ਦੀ ਹਾਜ਼ਰੀ ਵਿੱਚ ਪਾਸ ਹੋਇਆ 'ਗੁਰਮਤਾ' ਇਸ ਗੱਲ ਦਾ ਪ੍ਰਤੀਕ ਹੈ ਕਿ ਸਿੱਖ ਭਾਈਚਾਰਾ ਆਪਣੀ ਧਾਰਮਿਕ ਖ਼ੁਦਮੁਖ਼ਤਿਆਰੀ ਨਾਲ ਕਿਸੇ ਵੀ ਕਿਸਮ ਦਾ ਸਮਝੌਤਾ ਬਰਦਾਸ਼ਤ ਨਹੀਂ ਕਰੇਗਾ।

ਸਰਕਾਰ ਵੱਲੋਂ ਬਣਾਈ ਗਈ ਕਮੇਟੀ ਦੇ ਸਰੂਪ 'ਤੇ ਨਜ਼ਰ ਮਾਰੀਏ ਤਾਂ ਇਸ ਵਿੱਚ ਵਧੀਕ ਮੁੱਖ ਸਕੱਤਰ (ਮਾਲ), ਡਿਵੀਜ਼ਨਲ ਕਮਿਸ਼ਨਰ ਅਤੇ ਡਿਪਟੀ ਕਲੈਕਟਰ ਵਰਗੇ ਸਰਕਾਰੀ ਅਧਿਕਾਰੀ ਸ਼ਾਮਲ ਕੀਤੇ ਗਏ ਹਨ। ਧਾਰਮਿਕ ਮਰਿਆਦਾਵਾਂ, ਪ੍ਰਬੰਧਕੀ ਲੋੜਾਂ ਅਤੇ ਇਤਿਹਾਸਕ ਸੰਦਰਭਾਂ ਨੂੰ ਸਮਝਣ ਲਈ ਅਫ਼ਸਰਸ਼ਾਹੀ ਕਦੇ ਵੀ ਢੁਕਵਾਂ ਬਦਲ ਨਹੀਂ ਹੋ ਸਕਦੀ। ਸਿੱਖ ਕੌਮ ਕੋਲ ਆਪਣੇ ਗੁਰਧਾਮਾਂ ਦੀ ਸੇਵਾ-ਸੰਭਾਲ ਅਤੇ ਪ੍ਰਬੰਧ ਚਲਾਉਣ ਲਈ ਇੱਕ ਮਜ਼ਬੂਤ, ਲੋਕਤੰਤਰੀ ਅਤੇ ਇਤਿਹਾਸਕ ਢਾਂਚਾ ਮੌਜੂਦ ਹੈ। ਧਾਰਮਿਕ ਮਾਮਲਿਆਂ ਵਿੱਚ ਸਰਕਾਰ ਦੀ ਬੇਲੋੜੀ ਦਖ਼ਲਅੰਦਾਜ਼ੀ ਸਿਰਫ਼ ਵਿਵਾਦਾਂ ਨੂੰ ਹੀ ਜਨਮ ਦਿੰਦੀ ਹੈ।

ਇਸ ਲਈ, ਸਭ ਤੋਂ ਸੁਚੱਜਾ ਅਤੇ ਸਾਰਥਕ ਤਰੀਕਾ ਇਹੋ ਹੈ ਕਿ ਸਰਕਾਰ ਇਸ ਮਾਮਲੇ ਤੋਂ ਪਿੱਛੇ ਹਟੇ ਅਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਪ੍ਰਬੰਧਕੀ ਢਾਂਚੇ ਦੀ ਪੂਰੀ ਜ਼ਿੰਮੇਵਾਰੀ ਸਿੱਖ ਕੌਮ ਦੀ ਸਰਵਉੱਚ ਅਦਾਲਤ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਨੁਮਾਇੰਦਾ ਜਥੇਬੰਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹਵਾਲੇ ਕਰੇ।

ਗੁਰਦੁਆਰਾ ਬੋਰਡਾਂ ਉੱਤੇ ਸਰਕਾਰੀ ਅਧਿਕਾਰੀਆਂ ਦੀ ਨਿਯੁਕਤੀ ਜਾਂ ਸਿੱਧੇ ਕੰਟਰੋਲ ਦੀ ਬਜਾਏ, ਪ੍ਰਬੰਧ ਪੂਰੀ ਤਰ੍ਹਾਂ ਸੰਗਤ ਦੁਆਰਾ ਚੁਣੇ ਹੋਏ ਨੁਮਾਇੰਦਿਆਂ ਦੇ ਹੱਥ ਵਿੱਚ ਹੋਣਾ ਚਾਹੀਦਾ ਹੈ। ਸਰਵਉੱਚਤਾ ਦਾ ਸਤਿਕਾਰ: ਕੋਈ ਵੀ ਨਵਾਂ ਨਿਯਮ ਜਾਂ ਐਕਟ ਬਣਾਉਣ ਵੇਲੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਰਹਿਨੁਮਾਈ ਹੇਠ ਸ਼੍ਰੋਮਣੀ ਕਮੇਟੀ, ਦਿੱਲੀ ਕਮੇਟੀ ਅਤੇ ਬਾਕੀ ਸਿੱਖ ਜਥੇਬੰਦੀਆਂ ਦੀ ਸਾਂਝੀ ਰਾਏ ਨੂੰ ਹੀ ਆਧਾਰ ਬਣਾਇਆ ਜਾਵੇ।

ਮਹਾਰਾਸ਼ਟਰ ਸਰਕਾਰ ਨੂੰ ਕਾਸ਼ੀ ਵਿਸ਼ਵਨਾਥ ਜਾਂ ਉਜੈਨ ਦੇ ਮਹਾਕਾਲ ਕੋਰੀਡੋਰ ਦੀ ਤਰਜ਼ 'ਤੇ ਨਾਂਦੇੜ ਸਾਹਿਬ ਦੇ ਸੁੰਦਰੀਕਰਨ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਆਰਥਿਕ ਸਹਿਯੋਗ ਜ਼ਰੂਰ ਦੇਣਾ ਚਾਹੀਦਾ ਹੈ, ਪਰ ਧਾਰਮਿਕ ਮਰਿਆਦਾ ਅਤੇ ਬੋਰਡ ਦੀ ਬਣਤਰ ਵਿੱਚ ਕੋਈ ਤਬਦੀਲੀ ਨਹੀਂ ਕਰਨੀ ਚਾਹੀਦੀ।

ਇਤਿਹਾਸ ਗਵਾਹ ਹੈ ਕਿ ਜਦੋਂ ਵੀ ਸਰਕਾਰਾਂ ਨੇ ਸਿੱਖਾਂ ਦੇ ਧਾਰਮਿਕ ਮਾਮਲਿਆਂ ਜਾਂ ਗੁਰਦੁਆਰਾ ਪ੍ਰਬੰਧਾਂ ਵਿੱਚ ਸਿੱਧਾ ਦਖ਼ਲ ਦੇਣ ਦੀ ਕੋਸ਼ਿਸ਼ ਕੀਤੀ ਹੈ, ਉਸ ਦੇ ਸਿੱਟੇ ਕਦੇ ਵੀ ਸੁਖਾਵੇਂ ਨਹੀਂ ਨਿਕਲੇ। ਮਹਾਰਾਸ਼ਟਰ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸਿੱਖ ਭਾਈਚਾਰੇ ਦੇ ਖ਼ਦਸ਼ਿਆਂ ਨੂੰ ਦੂਰ ਕਰਦਿਆਂ ਇਸ ਪ੍ਰਸਤਾਵਿਤ ਐਕਟ ਨੂੰ ਪੂਰੀ ਤਰ੍ਹਾਂ ਪੰਥਕ ਸੰਸਥਾਵਾਂ ਦੀ ਇੱਛਾ ਮੁਤਾਬਕ ਹੀ ਅੱਗੇ ਵਧਾਏ, ਤਾਂ ਜੋ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੀ ਇਤਿਹਾਸਕ ਅਤੇ ਧਾਰਮਿਕ ਖ਼ੁਦਮੁਖ਼ਤਿਆਰੀ ਬਰਕਰਾਰ ਰਹਿ ਸਕੇ।

ਬਾਕੀ ਹਿਸਾ ਸਫਾ 9 ਤੇ ਪੜ੍ਹੋ →

## NEWS & VIEWS

# LIFE IN UK 1960 TO 2026: IMPRESSIONS OF A SIKH IDENTITY IMMIGRANT


Gurmukh Singh OBE

I still have the *fauji bistra*, military-style bedroll, which I carried on my back from *P & O Strathmore*, docked at Tilbury (London), to the car of a close relative. That was in August 1960. I came to work and study in UK from Malaysia, the country where the family lived. That was the aim. However, *Man proposes, God disposes*! Or, ਮਤਾ ਕਰੈ ਪਛਮ ਕੈ ਤਾਈ ਪੂਰਬ ਹੀ ਲੈ ਜਾਤ॥ II (Man decides to go west, but the Lord leads him to the east. SGGS Ang 496.)

That is another story.

Our topic this week is to note some random impressions about the state of United Kingdom as seen through the lens of an identity Sikh immigrant who has lived and worked in the UK for 67 years. Personal experiences are only given as examples. (Otherwise, from *Pind da tobha* (village pond) to Lake Geneva, is another story!)

Regardless of immigrant or indigenous background, the main change over the years has been the shift from *living to work* hard to make ends meet, to *working to live* a carefree life which gives priority to personal choices and well-being. Of course, as a very visible and rare identity Sikh those days, with ambition but no resources, I faced an uphill struggle in a rather hostile race relations UK environment. Colour prejudice was open and legal! People could be turned away from pubs and restaurants. Most Sikhs cut their hair before coming to the UK, or did that immediately in the back-garden on arriving before going out to be able to get a job, almost any job offered.

For over three weeks, I walked around Slough trading estate and surrounding areas seeking employment with no success. At one factory entrance at Langley, the gatekeeper, shook his head, waved his hands and, mimicking Indian accent, said: *For you, no job. Go back!* Those were certainly not *the good old days!*

In the early days people sought a career-for-life and stability. Workers valued job security above all. That meant hard work and loyalty to impress the employer and gain promotions. This was especially true of public sectors like local and national government, and defence services. There were entry points at the bottom of each class. For example, one joined the civil service at clerical, executive and policy classes at the entry points. One was then expected to progress upwards through the grades until retirement. Public servants and private sector employees at all levels took pride and earned respect for their work-dedication and professionalism. Older generations defined strong work ethic through traditional values like in-person reliability, loyalty and resilience.

That is no longer the case and workers at all levels are expected to move from one job/employer to another to improve career and income prospects. That change over the years has major long-term consequences, not all positive. In fact, some changes in attitude and behaviour are quite disastrous even though, some would argue that technology has improved the quality of life!

Responsibility has become like a football to be kicked from one to another. Time and again, reports of public enquiries show that there is a culture of blame-game at all levels. Governments continue to blame earlier administrations for current failures.

There is a move away from self-reliance and responsibility for self and own family care and well-being, to dependence on the state.

(This personal experience-based topic will be touched from time to time in future columns.)

**Gurmukh Singh OBE**, Ret'd Principal Civil Servant (UK) sewauk2005@yahoo.co.uk

# ਸ਼੍ਰੋਮਣੀ ਕਮੇਟੀ ਵਲੋਂ ਸਿੰਘ ਸਾਹਿਬਾਨ ਦੇ ਆਦੇਸ਼ਾਂ 'ਤੇ ਪਹਿਰਾ ਦੇਣ ਲਈ 5 ਜੁਲਾਈ ਨੂੰ ਮੰਜੀ ਸਾਹਿਬ ਵਿਖੇ ਹੋਵੇਗਾ 'ਪੰਥਕ ਇਕੱਠ'

ਅੰਮ੍ਰਿਤਸਰ-ਪੰਜ ਸਿੰਘ ਸਾਹਿਬਾਨ ਵੱਲੋਂ ਅਕਾਲ ਤਖ਼ਤ ਸਾਹਿਬ ਤੋਂ ਮੁੱਖ ਮੰਤਰੀ ਭਗਵੰਤ ਮਾਨ ਨੂੰ 'ਗੁਰੂ ਦੋਖੀ' ਅਤੇ 'ਖ਼ਾਲਸਾ ਪੰਥ ਵਿਰੋਧੀ' ਕਰਾਰ ਦਿੱਤੇ ਜਾਣ ਦੇ ਆਦੇਸ਼ ਤੋਂ ਬਾਅਦ ਪੰਥਕ ਸਿਆਸਤ ਪੂਰੀ ਤਰ੍ਹਾਂ ਭਖ ਗਈ ਹੈ। ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹਾਊਸ ਦੀ ਸੱਦੀ ਗਈ ਵਿਸ਼ੇਸ਼ ਜਨਰਲ ਇਜਲਾਸ ਇਕੱਤਰਤਾ ਵਿੱਚ ਸਿੰਘ ਸਾਹਿਬਾਨ ਦੇ ਇਸ ਆਦੇਸ਼ ਦੀ ਪੁਰਜ਼ੋਰ ਪ੍ਰੋੜ੍ਹਤਾ ਕੀਤੀ ਗਈ। ਸੰਗਤਾਂ ਨੂੰ ਇਸ ਪ੍ਰਤੀ ਜਾਗਰੂਕ ਕਰਨ ਲਈ ਆਉਂਦੀ 5 ਜੁਲਾਈ ਨੂੰ ਸ੍ਰੀ ਦਰਬਾਰ ਸਾਹਿਬ ਸਮੂਹ ਸਥਿਤ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਇੱਕ ਵਿਸ਼ਾਲ ਪੰਥਕ ਇਕੱਠ ਸੱਦਣ ਦਾ ਫ਼ੈਸਲਾ ਕੀਤਾ ਗਿਆ ਹੈ। ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਹੋਈ ਇਸ ਇਕੱਤਰਤਾ ਵਿੱਚ ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ, ਵੱਖ-ਵੱਖ ਤਖ਼ਤਾਂ ਦੇ ਜਥੇਦਾਰ ਸਾਹਿਬਾਨ ਅਤੇ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰ ਤੇ ਮੈਂਬਰ ਵੱਡੀ ਗਿਣਤੀ ਵਿੱਚ ਹਾਜ਼ਰ ਸਨ। ਇਜਲਾਸ ਦੌਰਾਨ ਮੁੱਖ ਮੰਤਰੀ ਦੇ ਬਾਈਕਾਟ ਸਬੰਧੀ ਪੇਸ਼ ਕੀਤੇ ਗਏ ਮਤਿਆਂ ਨੂੰ ਹਾਜ਼ਰ ਮੈਂਬਰਾਂ ਨੇ ਜੈਕਾਰਿਆਂ ਦੀ ਗੂੰਜ ਵਿੱਚ ਪ੍ਰਵਾਨਗੀ ਦਿੱਤੀ।



### ਸਿੱਖ ਸੰਸਥਾਵਾਂ ਨੂੰ ਕਮਜ਼ੋਰ ਕਰਨ ਵਾਲੀਆਂ ਸਾਜ਼ਿਸ਼ਾਂ ਵਿਰੁੱਧ ਇਕਜੁੱਟ ਹੋਵੇ ਪੰਥ: ਜਥੇਦਾਰ ਗੜਗੱਜ

ਇਜਲਾਸ ਨੂੰ ਸੰਬੋਧਨ ਕਰਦਿਆਂ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸਰਬਉੱਚ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਦੀ ਪਾਲਣਾ ਕਰਨਾ ਹਰ ਸਿੱਖ ਦਾ ਮੁਢਲਾ ਫ਼ਰਜ਼ ਹੈ।

"ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਨੂੰ ਚੁਣੌਤੀ ਦੇਣਾ ਉਨ੍ਹਾਂ ਦੀ ਸਿੱਖ ਸੰਸਥਾਵਾਂ ਪ੍ਰਤੀ ਨਕਾਰਾਤਮਕ ਸੋਚ ਦਾ ਪ੍ਰਗਟਾਵਾ ਹੈ। ਅਕਾਲ ਤਖ਼ਤ ਸਾਹਿਬ ਗੁਰੂ ਦਾ ਤਖ਼ਤ ਹੈ, ਜਿਸ ਨਾਲ ਕੋਈ ਵੀ ਵਿਅਕਤੀ ਬਹੁਤੀ ਦੇਰ ਅੜਿਆ ਨਹੀਂ ਰਹਿ ਸਕਦਾ।"

- ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ

ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਐਕਟ ਵਿੱਚ ਸਰਕਾਰ ਵੱਲੋਂ ਕੀਤੀ ਗਈ ਸੋਧ ਦਾ ਜ਼ਿਕਰ ਕਰਦਿਆਂ ਜਥੇਦਾਰ ਨੇ ਕਿਹਾ ਕਿ ਸਰਕਾਰਾਂ ਲਗਾਤਾਰ ਸਿੱਖ ਸੰਸਥਾਵਾਂ 'ਤੇ ਸਿੱਧਾ ਕਬਜ਼ਾ ਕਰਨ ਦੀਆਂ ਚਾਲਾਂ ਚੱਲ ਰਹੀਆਂ ਹਨ, ਜਿਨ੍ਹਾਂ ਦਾ ਖ਼ਾਲਸਾ ਪੰਥ ਨੂੰ ਇਕਜੁੱਟ ਹੋ ਕੇ ਡਟਵਾਂ ਮੁਕਾਬਲਾ ਕਰਨਾ ਚਾਹੀਦਾ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਪੰਜਾਬ ਸਰਕਾਰ 'ਤੇ ਤਿੱਖੇ ਨਿਸ਼ਾਨੇ ਸਾਧਦਿਆਂ ਕਿਹਾ ਕਿ ਮੌਜੂਦਾ ਸਰਕਾਰ ਦਾ ਮੁੱਖ ਏਜੰਡਾ ਹੀ ਪੰਥਕ ਸੰਸਥਾਵਾਂ ਨੂੰ ਕਮਜ਼ੋਰ ਕਰਨਾ ਹੈ। ਉਨ੍ਹਾਂ ਐਲਾਨ ਕੀਤਾ ਕਿ ਅਕਾਲ ਤਖ਼ਤ ਸਾਹਿਬ ਦੇ ਆਦੇਸ਼ 'ਤੇ ਦ੍ਰਿੜ੍ਹਤਾ ਨਾਲ ਪਹਿਰਾ ਦੇਣ ਲਈ ਹਰ ਹਲਕੇ ਵਿੱਚ ਇੱਕ ਵੱਡੀ ਮੁਹਿੰਮ ਚਲਾਈ ਜਾਵੇਗੀ ਅਤੇ ਪ੍ਰਚਾਰਕ ਜਥਿਆਂ ਰਾਹੀਂ ਸੰਗਤਾਂ ਨੂੰ ਜਾਗਰੂਕ ਕੀਤਾ ਜਾਵੇਗਾ।

5 ਜੁਲਾਈ ਦੇ ਇਕੱਠ ਬਾਰੇ ਬੋਲਦਿਆਂ ਉਨ੍ਹਾਂ ਕਿਹਾ ਕਿ ਪੁਰਾਤਨ ਪ੍ਰੰਪਰਾਵਾਂ ਅਨੁਸਾਰ ਹੋਣ ਵਾਲੇ ਇਸ ਇਕੱਠ ਵਿੱਚ ਸਮੂਹ ਸਿੱਖ ਸੰਪ੍ਰਦਾਵਾਂ, ਜਥੇਬੰਦੀਆਂ ਅਤੇ ਸਭਾ-ਸੁਸਾਇਟੀਆਂ ਨੂੰ ਸ਼ਾਮਿਲ ਹੋਣ ਦਾ ਖੁੱਲ੍ਹਾ ਸੱਦਾ ਦਿੱਤਾ ਗਿਆ ਹੈ।

### ਇਜਲਾਸ ਨਾਲ ਜੁੜੇ ਕੁਝ ਮੁੱਖ ਬਿੰਦੂ

ਮੈਂਬਰਾਂ ਦੀ ਹਾਜ਼ਰੀ ਰਹੀ ਫਿੱਕੀ: ਇਸ ਵਿਸ਼ੇਸ਼ ਜਨਰਲ ਹਾਊਸ ਵਿੱਚ ਵਿਰੋਧੀ ਧਿਰ ਦੇ ਮੈਂਬਰ ਤਾਂ ਵੱਡੀ ਗਿਣਤੀ ਵਿੱਚ ਪਹੁੰਚੇ, ਪਰ ਸ਼੍ਰੋਮਣੀ ਅਕਾਲੀ ਦਲ (ਬ) ਧਿਰ ਦੇ ਕਈ ਸੀਨੀਅਰ ਮੈਂਬਰਾਂ (ਸਮੇਤ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ) ਦੀ ਹਾਜ਼ਰੀ ਫਿੱਕੀ ਰਹੀ। ਕੁੱਲ 83 ਦੇ ਕਰੀਬ ਮੈਂਬਰ ਹੀ ਪਹੁੰਚੇ, ਜਿਸ 'ਤੇ ਪ੍ਰਧਾਨ ਧਾਮੀ ਨੇ ਸਪੱਸ਼ਟ ਕੀਤਾ ਕਿ ਕਈ ਮੈਂਬਰ ਵਿਦੇਸ਼ ਗਏ ਹੋਣ ਕਾਰਨ ਸ਼ਾਮਿਲ ਨਹੀਂ ਹੋ ਸਕੇ। ਇਜਲਾਸ ਵਿੱਚ ਬੀਬੀ ਜਗੀਰ ਕੌਰ, ਭਾਈ ਅਮਰਜੀਤ ਸਿੰਘ ਚਾਵਲਾ, ਭਾਈ ਗੁਰਚਰਨ ਸਿੰਘ ਗਰੇਵਾਲ, ਐਡਵੋਕੇਟ ਭਗਵੰਤ ਸਿੰਘ ਸਿਆਲਕਾ ਸਮੇਤ ਕਈ ਪ੍ਰਮੁੱਖ ਆਗੂਆਂ ਨੇ ਆਪਣੇ ਵਿਚਾਰ ਪੇਸ਼ ਕੀਤੇ। ਕਾਰਵਾਈ ਦਾ ਸੰਚਾਲਨ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਨੇ ਕੀਤਾ।

## ਪੰਥਕ ਮਾਮਲਿਆਂ ਵਿਚ ਸਰਕਾਰੀ ਦਖ਼ਲਅੰਦਾਜ਼ੀ

### 8 ਸਫ਼ੇ ਦੀ ਬਾਕੀ

ਤਖ਼ਤ ਸ੍ਰੀ ਹਜ਼ੂਰ ਅਬਚਲਨਗਰ ਸਾਹਿਬ, ਨਾਂਦੇੜ ਦੇ ਪ੍ਰਬੰਧਕੀ ਢਾਂਚੇ ਨੂੰ ਬਦਲਣ ਦੇ ਪ੍ਰਸਤਾਵਿਤ ਕਾਨੂੰਨ ਉੱਤੇ ਉੱਠੇ ਭਾਰੀ ਵਿਵਾਦ ਅਤੇ ਸਿੱਖ ਜਗਤ ਦੇ ਤਿੱਖੇ ਰੋਸ ਤੋਂ ਬਾਅਦ ਮਹਾਰਾਸ਼ਟਰ ਸਰਕਾਰ ਵੱਲੋਂ ਉੱਚ-ਪੱਧਰੀ ਅਧਿਕਾਰਤ ਕਮੇਟੀ ਦਾ ਗਠਨ ਕਰਨਾ ਭਾਵੇਂ ਤਤਕਾਲੀ ਤੌਰ 'ਤੇ ਇੱਕ ਰਾਹਤ ਵਜੋਂ ਦੇਖਿਆ ਜਾ ਰਿਹਾ ਹੈ, ਪਰ ਇਹ ਕਦਮ ਕਈ ਬੁਨਿਆਦੀ ਅਤੇ ਗੰਭੀਰ ਸਵਾਲ ਖੜ੍ਹੇ ਕਰਦਾ ਹੈ। ਸਭ ਤੋਂ ਵੱਡਾ ਸਵਾਲ ਇਹ ਹੈ ਕਿ ਕੀ ਕਿਸੇ ਵੀ ਜਮਹੂਰੀ ਅਤੇ ਧਰਮ-ਨਿਰਪੱਖ ਸਰਕਾਰ ਨੂੰ ਧਾਰਮਿਕ ਸੰਸਥਾਵਾਂ ਦੇ ਅੰਦਰੂਨੀ ਪ੍ਰਬੰਧਾਂ ਵਿੱਚ ਇਸ ਹੱਦ ਤੱਕ ਦਖ਼ਲਅੰਦਾਜ਼ੀ ਕਰਨ ਦਾ ਹੱਕ ਹੈ?

'ਗੁਰਦੁਆਰਾ ਸੱਚਖੰਡ ਸ੍ਰੀ ਹਜ਼ੂਰ ਅਬਚਲਨਗਰ ਸਾਹਿਬ ਐਕਟ, 1956' ਨੂੰ ਰੱਦ ਕਰਕੇ ਨਵਾਂ ਕਾਨੂੰਨ ਲਿਆਉਣ ਦੀ ਕੋਸ਼ਿਸ਼ ਨੇ ਸਿੱਖ ਕੌਮ ਅੰਦਰ ਭਾਰੀ ਚਿੰਤਾ ਅਤੇ ਅਸੁਰੱਖਿਆ ਦੀ ਭਾਵਨਾ ਪੈਦਾ ਕੀਤੀ ਹੈ। ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਜਥੇਦਾਰ ਗਿਆਨੀ ਕੁਲਵੰਤ ਸਿੰਘ ਦੀ ਹਾਜ਼ਰੀ ਵਿੱਚ ਪਾਸ ਹੋਇਆ @ਗੁਰਮਤਾ@ ਇਸ ਗੱਲ ਦਾ ਸਪੱਸ਼ਟ ਪ੍ਰਤੀਕ ਹੈ ਕਿ ਸਿੱਖ ਭਾਈਚਾਰਾ ਆਪਣੀ ਧਾਰਮਿਕ ਖ਼ੁਦਮੁਖ਼ਤਿਆਰੀ ਨਾਲ ਕਿਸੇ ਵੀ ਕਿਸਮ ਦਾ ਸਮਝੌਤਾ ਬਰਦਾਸ਼ਤ ਨਹੀਂ ਕਰੇਗਾ।

ਸਰਕਾਰ ਵੱਲੋਂ ਬਣਾਈ ਗਈ ਕਮੇਟੀ ਦੇ ਸਰੂਪ 'ਤੇ ਨਜ਼ਰ ਮਾਰੀਏ ਤਾਂ ਇਸ ਵਿੱਚ ਵਧੀਕ ਮੁੱਖ ਸਕੱਤਰ (ਮਾਲ), ਡਿਵੀਜ਼ਨਲ ਕਮਿਸ਼ਨਰ, ਡਿਪਟੀ ਕਮਿਸ਼ਨਰ ਅਤੇ ਡਿਪਟੀ ਕਲੈਕਟਰ ਵਰਗੇ ਸਰਕਾਰੀ ਅਧਿਕਾਰੀ ਸ਼ਾਮਲ ਕੀਤੇ ਗਏ ਹਨ। ਧਾਰਮਿਕ ਮਰਿਆਦਾਵਾਂ, ਸਦੀਆਂ ਪੁਰਾਣੀਆਂ ਪਰੰਪਰਾਵਾਂ ਅਤੇ ਇਤਿਹਾਸਕ ਸੰਦਰਭਾਂ ਨੂੰ ਸਮਝਣ ਲਈ ਅਫ਼ਸਰਸ਼ਾਹੀ ਕਦੇ ਵੀ ਢੁਕਵਾਂ ਬਦਲ ਨਹੀਂ ਹੋ ਸਕਦੀ। ਸਿੱਖ ਕੌਮ ਕੋਲ ਆਪਣੇ ਗੁਰਧਾਮਾਂ ਦੀ ਸੇਵਾ-ਸੰਭਾਲ ਅਤੇ ਪ੍ਰਬੰਧ ਚਲਾਉਣ ਲਈ ਇੱਕ ਮਜ਼ਬੂਤ, ਲੋਕਤੰਤਰੀ ਅਤੇ ਇਤਿਹਾਸਕ ਢਾਂਚਾ ਪਹਿਲਾਂ ਹੀ ਮੌਜੂਦ ਹੈ, ਜਿਸ ਵਿੱਚ ਸਰਕਾਰੀ ਅਫ਼ਸਰਾਂ ਦੀ ਬੇਲੋੜੀ ਦਖ਼ਲਅੰਦਾਜ਼ੀ ਸਿਰਫ਼ ਵਿਵਾਦਾਂ ਅਤੇ ਟਕਰਾਅ ਨੂੰ ਹੀ ਜਨਮ ਦਿੰਦੀ ਹੈ।

ਇਸ ਸੰਵੇਦਨਸ਼ੀਲ ਮਸਲੇ ਦਾ ਸੁਚੱਜਾ ਅਤੇ ਸਾਰਥਕ ਹੱਲ ਇਹੋ ਹੈ ਕਿ ਮਹਾਰਾਸ਼ਟਰ ਸਰਕਾਰ ਇਸ ਮਾਮਲੇ ਤੋਂ ਪਿੱਛੇ ਹਟੇ ਅਤੇ ਪ੍ਰਬੰਧਕੀ ਢਾਂਚੇ ਦੀ ਪੂਰੀ ਜ਼ਿੰਮੇਵਾਰੀ ਸਿੱਖ ਕੌਮ ਦੀ ਸਰਵਉੱਚ ਅਦਾਲਤ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਨੁਮਾਇੰਦਾ ਜਥੇਬੰਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹਵਾਲੇ ਕਰੇ। ਇਸ ਸਬੰਧ ਵਿੱਚ ਹੇਠ ਲਿਖੇ ਨੁਕਤਿਆਂ @ਤੇ ਅਮਲ ਕਰਨਾ ਲਾਜ਼ਮੀ ਹੈ:

ਸੰਗਤੀ ਪ੍ਰਬੰਧ ਦੀ ਬਹਾਲੀ: ਗੁਰਦੁਆਰਾ ਬੋਰਡਾਂ ਉੱਤੇ ਸਰਕਾਰੀ ਅਧਿਕਾਰੀਆਂ ਦੀ ਨਿਯੁਕਤੀ ਜਾਂ ਸਿੱਧੇ ਸਰਕਾਰੀ ਕੰਟਰੋਲ ਦੀ ਬਜਾਏ, ਪ੍ਰਬੰਧ ਪੂਰੀ ਤਰ੍ਹਾਂ ਸੰਗਤ ਦੁਆਰਾ ਚੁਣੇ ਹੋਏ ਨੁਮਾਇੰਦਿਆਂ ਦੇ ਹੱਥ ਵਿੱਚ ਹੋਣਾ ਚਾਹੀਦਾ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ: ਕੋਈ ਵੀ ਨਵਾਂ ਨਿਯਮ ਜਾਂ ਐਕਟ ਬਣਾਉਣ ਵੇਲੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਰਹਿਨੁਮਾਈ ਹੇਠ ਸ਼੍ਰੋਮਣੀ ਕਮੇਟੀ, ਦਿੱਲੀ ਕਮੇਟੀ, ਹਰਿਆਣਾ ਕਮੇਟੀ ਅਤੇ ਪਟਨਾ ਸਾਹਿਬ ਕਮੇਟੀ ਸਮੇਤ ਸਮੂਹ ਪੰਥਕ ਧਿਰਾਂ ਦੀ ਸਾਂਝੀ ਰਾਏ ਨੂੰ ਹੀ ਆਧਾਰ ਬਣਾਇਆ ਜਾਵੇ ਅਤੇ ਅੰਤਮ ਹੁਕਮ ਅਕਾਲ ਤਖ਼ਤ ਸਾਹਿਬ ਦਾ ਹੀ ਮੰਨਿਆ ਜਾਵੇ।

1956 ਦੇ ਐਕਟ ਵਿੱਚ ਇਤਿਹਾਸਕ ਸੋਧ: @ਗੁਰਦੁਆਰਾ ਸੱਚਖੰਡ ਸ੍ਰੀ ਹਜ਼ੂਰ ਅਬਚਲਨਗਰ ਸਾਹਿਬ ਐਕਟ, 1956@ ਵਿੱਚ ਅਜਿਹੀ ਪੱਕੀ ਸੋਧ ਕੀਤੀ ਜਾਣੀ ਚਾਹੀਦੀ ਹੈ ਜਿਸ ਨਾਲ ਕੋਈ ਵੀ ਸਰਕਾਰ ਭਵਿੱਖ ਵਿੱਚ ਇਸ ਕਾਨੂੰਨ ਨੂੰ ਬਦਲ ਨਾ ਸਕੇ, ਨਾ ਕੋਈ ਦਖ਼ਲਅੰਦਾਜ਼ੀ ਕਰ ਸਕੇ ਅਤੇ ਨਾ ਹੀ ਬੋਰਡ ਵਿੱਚ ਕੋਈ ਸਰਕਾਰੀ ਨੁਮਾਇੰਦਾ ਸ਼ਾਮਲ ਹੋਵੇ।

ਪ੍ਰਵਾਸੀ ਸਿੱਖਾਂ ਦੀ ਸ਼ਮੂਲੀਅਤ: ਵਿਸ਼ਵ ਭਰ ਵਿੱਚ ਬੈਠੀ ਸਿੱਖ ਸੰਗਤ ਦੀ ਭਾਵਨਾ ਨੂੰ ਮੁੱਖ ਰੱਖਦਿਆਂ, ਇਸ ਬੋਰਡ ਵਿੱਚ ਪ੍ਰਵਾਸੀ ਸਿੱਖਾਂ ਦੇ 5 ਨੁਮਾਇੰਦੇ ਵੀ ਸ਼ਾਮਲ ਕੀਤੇ ਜਾਣੇ ਚਾਹੀਦੇ ਹਨ। ਵਿਕਾਸ ਵਿੱਚ ਸਹਿਯੋਗ, ਪ੍ਰਬੰਧ ਵਿੱਚ ਨਹੀਂ: ਮਹਾਰਾਸ਼ਟਰ ਸਰਕਾਰ ਨੂੰ ਕਾਸ਼ੀ ਵਿਸ਼ਵਨਾਥ ਜਾਂ ਉਜੈਨ ਦੇ ਮਹਾਕਾਲ ਕੋਰੀਡੋਰ ਦੀ ਤਰਜ਼ 'ਤੇ ਨਾਂਦੇੜ ਸਾਹਿਬ ਦੇ ਸੁੰਦਰੀਕਰਨ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਵੱਡਾ ਆਰਥਿਕ ਸਹਿਯੋਗ ਜ਼ਰੂਰ ਦੇਣਾ ਚਾਹੀਦਾ ਹੈ, ਪਰ ਧਾਰਮਿਕ ਮਰਿਆਦਾ ਅਤੇ ਬੋਰਡ ਦੀ ਅੰਦਰੂਨੀ ਬਣਤਰ ਵਿੱਚ ਕੋਈ ਤਬਦੀਲੀ ਨਹੀਂ ਕਰਨੀ ਚਾਹੀਦੀ।

ਇਤਿਹਾਸ ਗਵਾਹ ਹੈ ਕਿ ਜਦੋਂ ਵੀ ਸਰਕਾਰਾਂ ਨੇ ਸਿੱਖਾਂ ਦੇ ਧਾਰਮਿਕ ਮਾਮਲਿਆਂ ਜਾਂ ਗੁਰਦੁਆਰਾ ਪ੍ਰਬੰਧਾਂ ਵਿੱਚ ਸਿੱਧਾ ਹੱਥ ਪਾਉਣ ਦੀ ਕੋਸ਼ਿਸ਼ ਕੀਤੀ ਹੈ, ਉਸ ਦੇ ਸਿੱਟੇ ਕਦੇ ਵੀ ਸੁਖਾਵੇਂ ਨਹੀਂ ਨਿਕਲੇ। ਮਹਾਰਾਸ਼ਟਰ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸਿੱਖ ਭਾਈਚਾਰੇ ਦੇ ਖ਼ਦਸ਼ਿਆਂ ਨੂੰ ਹਮਦਰਦੀ ਨਾਲ ਸਮਝੇ ਅਤੇ ਪ੍ਰਸਤਾਵਿਤ ਐਕਟ ਨੂੰ ਪੂਰੀ ਤਰ੍ਹਾਂ ਪੰਥਕ ਸੰਸਥਾਵਾਂ ਦੀ ਇੱਛਾ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਮੁਤਾਬਕ ਹੀ ਅੱਗੇ ਵਧਾਏ, ਤਾਂ ਜੋ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੀ ਇਤਿਹਾਸਕ, ਧਾਰਮਿਕ ਅਤੇ ਸੰਵਿਧਾਨਕ ਖ਼ੁਦਮੁਖ਼ਤਿਆਰੀ ਹਰ ਹਾਲ ਵਿੱਚ ਬਰਕਰਾਰ ਰਹਿ ਸਕੇ

-ਰਜਿੰਦਰ ਸਿੰਘ ਪੁਰੇਵਾਲ

# ਕਰਨਪ੍ਰਯਾਗ ਹਿੰਸਕ ਝੜਪ ਮਾਮਲਾ ਹੋਇਆ ਹੱਲ

## ✪ ਅਦਾਲਤ ਨੇ ਦਿੱਤੇ ਨਿਹੰਗ ਸਿੰਘਾਂ ਦੀ ਰਿਹਾਈ ਦੇ ਹੁਕਮ, 50-50 ਹਜ਼ਾਰ ਦੇ ਮੁਚੱਲਕੇ 'ਤੇ ਮਿਲੀ ਜ਼ਮਾਨਤ ✪ ਨਿਹੰਗ ਸਿੰਘ ਆਗੂਆਂ ਦੀ ਸੂਝ-ਬੂਝ ਨਾਲ ਫਤਹਿ ਹੋਇਆ ਕਾਨੂੰਨੀ ਮੋਰਚਾ; ਹੁਣ ਸਥਿਤੀ ਪੂਰੀ ਤਰ੍ਹਾਂ ਸ਼ਾਂਤ ✪ ਸੜਕੀ ਹਾਦਸੇ ਨੂੰ ਧਾਰਮਿਕ ਰੰਗਤ ਦੇਣ ਦੀਆਂ ਕੋਸ਼ਿਸ਼ਾਂ ਨਾਕਾਮ, ਉੱਤਰਾਖੰਡ ਦੇ ਲੋਕਾਂ ਅਤੇ ਸਿੱਖਾਂ ਦੀ ਸਾਂਝ ਸਦੀਆਂ ਪੁਰਾਣੀ



### ਨਿਊਜ਼ ਸਟੋਰੀ

ਉੱਤਰਾਖੰਡ ਦੇ ਚਮੋਲੀ ਜ਼ਿਲ੍ਹੇ ਦੀ ਜ਼ਿਲ੍ਹਾ ਅਤੇ ਸੈਸ਼ਨ ਅਦਾਲਤ ਵੱਲੋਂ ਕਰਨਪ੍ਰਯਾਗ ਹਿੰਸਕ ਝੜਪ ਮਾਮਲੇ ਵਿੱਚ ਗ੍ਰਿਫ਼ਤਾਰ ਕੀਤੇ ਗਏ ਚਾਰ ਨਿਹੰਗ ਸਿੰਘਾਂ ਨੂੰ ਜ਼ਮਾਨਤ ਦੇ ਦਿੱਤੀ ਗਈ ਹੈ। ਅਦਾਲਤ ਦੇ ਇਸ ਫੈਸਲੇ ਅਤੇ ਸਿੱਖ ਪ੍ਰਤੀਨਿਧ ਮੰਡਲ ਦੀ ਸੂਝ-ਬੂਝ ਸਦਕਾ ਪਿਛਲੇ ਕੁਝ ਦਿਨਾਂ ਤੋਂ ਖੇਤਰ ਵਿੱਚ ਬਣਿਆ ਤਣਾਅਪੂਰਨ ਮਾਹੌਲ ਹੁਣ ਪੂਰੀ ਤਰ੍ਹਾਂ ਸ਼ਾਂਤ ਹੋ ਗਿਆ ਹੈ। ਅਦਾਲਤ ਨੇ ਸਪੱਸ਼ਟ ਕੀਤਾ ਹੈ ਕਿ ਇਹ ਘਟਨਾ ਕਿਸੇ ਭਾਈਚਾਰਕ ਨ਼ਫਰਤ ਦਾ ਹਿੱਸਾ ਨਹੀਂ, ਸਗੋਂ ਸੜਕ 'ਤੇ ਅਚਾਨਕ ਹੋਏ ਵਿਵਾਦ ਦਾ ਨਤੀਜਾ ਸੀ।

ਕੀ ਸੀ ਪੂਰਾ ਮਾਮਲਾ?-ਇਹ ਵਿਵਾਦ 16 ਜੂਨ ਨੂੰ ਉੱਤਰਾਖੰਡ ਦੇ ਕਰਨਪ੍ਰਯਾਗ ਵਿੱਚ ਉਸ ਵੇਲੇ ਸ਼ੁਰੂ ਹੋਇਆ ਜਦੋਂ ਧਾਰਮਿਕ ਯਾਤਰਾ 'ਤੇ ਗਏ ਨਿਹੰਗ ਸਿੰਘਾਂ ਅਤੇ ਸਥਾਨਕ ਲੋਕਾਂ ਵਿਚਾਲੇ ਸੜਕ 'ਤੇ ਕਿਸੇ ਗੱਲ ਨੂੰ ਲੈ ਕੇ ਤਕਰਾਰ ਹੋ ਗਈ। ਇਹ ਮਾਮਲਾ ਇੰਨਾ ਵਧ ਗਿਆ ਕਿ ਇਸ ਨੇ ਹਿੰਸਕ ਰੂਪ ਧਾਰ ਲਿਆ। ਇਸ ਝੜਪ ਵਿੱਚ ਦੋਵਾਂ ਪਾਸਿਆਂ ਦੇ ਲੋਕ ਜ਼ਖ਼ਮੀ ਹੋਏ, ਜਿਨ੍ਹਾਂ ਵਿੱਚ ਇੱਕ ਨਿਹੰਗ ਸਿੰਘ ਮਨਪ੍ਰੀਤ ਸਿੰਘ ਵੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ। ਘਟਨਾ ਤੋਂ ਬਾਅਦ ਸਥਾਨਕ ਪੁਲੀਸ ਨੇ ਕਾਰਵਾਈ ਕਰਦਿਆਂ ਚਾਰ ਨਿਹੰਗ ਸਿੰਘਾਂ-ਸਤਵਿੰਦਰ ਸਿੰਘ, ਅਜੈ ਸਿੰਘ, ਜਸਨਪ੍ਰੀਤ ਸਿੰਘ ਅਤੇ ਮਨਪ੍ਰੀਤ ਸਿੰਘ-ਖ਼ਿਲਾ਼ਫ ਭਾਰਤੀ ਨਿਆਂ ਸੰਹਿਤਾ ਅਤੇ ਅਸਲਾ ਐਕਟ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕਰਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਸੀ।

ਪੰਜਾਬ ਵਿਚੋਂ ਹੇਮਕੁੰਟ ਵਲ ਭਾਰੀ ਨਿਹੰਗ ਸਿੰਘ ਪੁਜਣ ਕਾਰਣ ,ਪੰਥਕ ਜਥੇਬੰਦੀਆਂ ਦੇ ਦਬਾਅ ਕਾਰਣ ਦੂਜੀ ਧਿਰ ਉੱਪਰ ਵੀ ਕੇਸ ਦਰਜ ਹੋਇਆ ।ਪੁਲੀਸ ਨੇ ਦੋਵਾਂ ਧਿਰਾਂ ਦੀਆਂ ਸ਼ਿਕਾਇਤਾਂ ਦੇ ਆਧਾਰ 'ਤੇ ਕ੍ਰਾਸ-ਐੱਫ.ਆਈ.ਆਰ. ਦਰਜ ਕੀਤੀ ਸੀ। ਨਿਹੰਗ ਸਿੰਘਾਂ ਵੱਲੋਂ ਮਨਪ੍ਰੀਤ ਸਿੰਘ ਨੂੰ ਲੱਗੀਆਂ ਗੰਭੀਰ ਸੱਟਾਂ ਅਤੇ ਧਾਰਮਿਕ ਚਿੰਨ੍ਹਾਂ ਦੀ ਬੇਅਦਬੀ ਦੇ ਲਗਾਏ ਗਏ ਦੋਸ਼ਾਂ ਦੇ ਆਧਾਰ 'ਤੇ ਕਰਨਪ੍ਰਯਾਗ ਥਾਣੇ ਵਿੱਚ ਸਥਾਨਕ ਹਮਲਾਵਰਾਂ ਖ਼ਿਲਾ਼ਫ ਵੀ ਭਾਰਤੀ ਨਿਆਂ ਸੰਹਿਤਾ ਦੀਆਂ ਵੱਖ-ਵੱਖ ਧਾਰਾਵਾਂ-ਜਿਵੇਂ ਕਿ ਦੰਗਾ ਫਸਾਦ ਕਰਨਾ, ਗੰਭੀਰ ਸੱਟਾਂ ਪਹੁੰਚਾਉਣੀਆਂ ਅਤੇ ਸਾਂਝੀ ਨ਼ਫਰਤ ਫੈਲਾਉਣ ਦੇ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਸੀ। ਇਸ ਮਾਮਲੇ ਵਿੱਚ ਸ਼ੁਰੂਆਤੀ ਕਾਰਵਾਈ ਦੌਰਾਨ ਪੁਲੀਸ ਨੇ ਸਥਾਨਕ ਧਿਰ ਦੇ 4 ਤੋਂ 5 ਮੁੱਖ ਮੁਲਜ਼ਮਾਂ ਨੂੰ ਹਿਰਾਸਤ ਵਿੱਚ ਲਿਆ ਗਿਆ ਸੀ।

ਜ਼ਿਲ੍ਹਾ ਅਤੇ ਸੈਸ਼ਨ ਜੱਜ ਬਿੰਧਿਆਚਲ ਸਿੰਘ ਦੀ ਅਦਾਲਤ ਵਿੱਚ ਹੋਈ ਸੁਣਵਾਈ ਦੌਰਾਨ ਬਚਾਅ ਪੱਖ ਦੇ ਵਕੀਲ ਨੇ ਦਲੀਲ ਦਿੱਤੀ ਕਿ ਨਿਹੰਗ ਸਿੰਘਾਂ ਨੂੰ ਝੂਠੇ ਕੇਸ ਵਿੱਚ ਫਸਾਇਆ ਗਿਆ ਹੈ, ਜਦਕਿ ਹਮਲਾ ਸਥਾਨਕ ਲੋਕਾਂ ਵੱਲੋਂ ਕੀਤਾ ਗਿਆ ਸੀ। ਦੂਜੇ ਪਾਸੇ, ਸਰਕਾਰੀ ਵਕੀਲ ਨੇ ਜ਼ਮਾਨਤ ਦਾ ਵਿਰੋਧ ਕਰਦਿਆਂ ਕਿਹਾ ਕਿ ਦੋਸ਼ ਗੰਭੀਰ ਹਨ ਅਤੇ ਮੁਲਜ਼ਮਾਂ ਦੀ ਰਿਹਾਈ ਨਾਲ ਜਾਂਚ ਪ੍ਰਭਾਵਿਤ ਹੋ ਸਕਦੀ ਹੈ। ਦੋਵਾਂ ਪੱਖਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਅਦਾਲਤ ਨੇ ਅਹਿਮ ਟਿੱਪਣੀ ਕਰਦਿਆਂ ਕਿਹਾ ਕਿ ਪਹਿਲੀ ਨਜ਼ਰ ਵਿੱਚ ਇਹ ਘਟਨਾ ਕਿਸੇ ਪੁਰਾਣੀ ਦੁਸ਼ਮਣੀ ਜਾਂ ਯੋਜਨਾਬੱਧ ਨ਼ਫਰਤ ਦਾ ਨਤੀਜਾ ਨਹੀਂ ਲੱਗਦੀ, ਬਲਕਿ ਸੜਕ 'ਤੇ ਅਚਾਨਕ ਹੋਏ ਵਿਵਾਦ ਦਾ ਸਿੱਟਾ ਹੈ।

ਅਦਾਲਤ ਨੇ ਇਹ ਵੀ ਨੋਟ ਕੀਤਾ ਕਿ ਲਗਾਈਆਂ ਗਈਆਂ ਧਾਰਾਵਾਂ ਵਿੱਚ ਵੱਧ ਤੋਂ ਵੱਧ 7 ਸਾਲ ਦੀ ਸਜ਼ਾ ਦਾ ਪ੍ਰਬੰਧ ਹੈ। ਇਸ ਦੇ ਆਧਾਰ 'ਤੇ ਅਦਾਲਤ ਨੇ ਚਾਰਾਂ ਨਿਹੰਗ ਸਿੰਘਾਂ ਨੂੰ 50-50 ਹਜ਼ਾਰ ਰੁਪਏ ਦੇ ਨਿੱਜੀ ਮੁਚੱਲਕੇ ਅਤੇ ਦੋ ਜ਼ਮਾਨਤਾਂ 'ਤੇ ਰਿਹਾਅ ਕਰਨ ਦੇ ਹੁਕਮ ਜਾਰੀ ਕੀਤੇ ਹਨ।

ਹਾਲਾਂਕਿ, ਇਸ ਤੋਂ ਪਹਿਲਾਂ ਦੋਵਾਂ ਧਿਰਾਂ ਦੀ ਗ੍ਰਿ਼ਫਤਾਰੀ ਤੋਂ ਬਾਅਦ ਪੈਦਾ ਹੋਏ ਭਾਰੀ ਜਨਤਕ ਰੋਸ (ਇੱਕ ਪਾਸੇ ਸਿੱਖ ਜਥੇਬੰਦੀਆਂ ਦੇ ਧਰਨੇ ਅਤੇ ਦੂਜੇ ਪਾਸੇ ਸਥਾਨਕ ਵਪਾਰ ਮੰਡਲ ਵੱਲੋਂ ਬਾਜ਼ਾਰ ਬੰਦ ਕਰਨ ਦੇ ਸੱਦੇ) ਨੂੰ ਵੇਖਦਿਆਂ ਪ੍ਰਸ਼ਾਸਨ ਨੇ ਕਾਨੂੰਨ-ਵਿਵਸਥਾ ਬਣਾਈ ਰੱਖਣ ਲਈ ਦੋਵਾਂ ਧਿਰਾਂ ਦੇ ਜ਼ਿੰਮੇਵਾਰ ਆਗੂਆਂ ਨਾਲ ਗੱਲਬਾਤ ਸ਼ੁਰੂ ਕੀਤੀ ਸੀ। ਇਸ ਰਾਜ਼ੀਨਾਮੇ ਦੇ ਤਹਿਤ ਦੋਵਾਂ ਧਿਰਾਂ ਨੇ ਇੱਕ-ਦੂਜੇ ਖ਼ਿਲਾ਼ਫ ਦਰਜ ਕਰਵਾਏ ਕੇਸਾਂ ਨੂੰ ਅਦਾਲਤ ਰਾਹੀਂ ਆਪਸੀ ਸਹਿਮਤੀ ਨਾਲ ਖ਼ਤਮ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਅਦਾਲਤ ਵੱਲੋਂ ਚਾਰ ਨਿਹੰਗ ਸਿੰਘਾਂ ਨੂੰ ਮਿਲੀ ਜ਼ਮਾਨਤ ਇਸੇ ਸ਼ਾਂਤੀ ਪ੍ਰਕਿਰਿਆ ਅਤੇ ਸਮਝੌਤੇ ਦਾ ਪਹਿਲਾ ਵੱਡਾ ਕਦਮ ਹੈ।ਕਾਨੂੰਨੀ ਰਿਕਾਰਡ ਵਿੱਚ ਕ੍ਰਾਸ-ਕੇਸ ਦਰਜ ਹੋਣ ਅਤੇ ਦੋਵਾਂ ਪਾਸਿਓਂ ਗ੍ਰਿ਼ਫਤਾਰੀਆਂ ਹੋਣ ਤੋਂ ਬਾਅਦ, ਹੁਣ ਇਹ ਮਾਮਲਾ ਦੋਵਾਂ ਧਿਰਾਂ ਦੀ ਆਪਸੀ ਸਹਿਮਤੀ ਅਤੇ ਸਮਝਦਾਰੀ ਨਾਲ ਅਦਾਲਤੀ ਤੌਰ 'ਤੇ ਰ਼ਫਾ-ਦ਼ਫਾ ਹੋਣ ਦੇ ਆਖਰੀ ਪੜਾਅ ਵਿੱਚ ਹੈ।

ਮੋਰਚਾ ਕਿਵੇਂ ਫਤਹਿ ਹੋਇਆ ਅਤੇ ਕਿਸਨੇ ਨਿਭਾਈ ਭੂਮਿਕਾ?-ਨਿਹੰਗ ਸਿੰਘਾਂ ਦੀ ਗ੍ਰਿ਼ਫਤਾਰੀ ਤੋਂ ਬਾਅਦ ਸਿੱਖ ਸੰਗਤਾਂ ਵਿੱਚ ਭਾਰੀ ਰੋਸ ਸੀ, ਜਿਸ ਕਾਰਨ ਰੁਦਰਪ੍ਰਯਾਗ ਜ਼ਿਲ੍ਹੇ ਦੇ ਨਗਰਾਸੂ ਗੁਰਦੁਆਰੇ ਵਿੱਚ ਤਿੰਨ ਦਿਨਾਂ ਤੱਕ ਧਰਨਾ ਪ੍ਰਦਰਸ਼ਨ ਚੱਲਿਆ। ਇਸ ਨਾਜ਼ੁਕ ਸਥਿਤੀ ਨੂੰ ਸੰਭਾਲਣ ਵਿੱਚ ਸਿੱਖ ਪ੍ਰਤੀਨਿਧ ਮੰਡਲ ਨੇ ਅਹਿਮ ਭੂਮਿਕਾ ਨਿਭਾਈ। ਉਨ੍ਹਾਂ ਨੇ ਪ੍ਰਸ਼ਾਸਨ ਨਾਲ ਗੱਲਬਾਤ ਕਰਕੇ 23 ਜੂਨ ਨੂੰ ਇਹ ਧਰਨਾ ਸਮਾਪਤ ਕਰਵਾਇਆ।

ਇਸ ਦੌਰਾਨ, 25 ਜੂਨ ਦੀ ਰਾਤ ਨੂੰ ਹਿਮਾਚਲ ਪ੍ਰਦੇਸ਼ ਵੱਲੋਂ ਨਿਹੰਗ ਸਿੰਘਾਂ ਦਾ ਇੱਕ ਹੋਰ ਜਥਾ ਉੱਤਰਾਖੰਡ ਦੀ ਕੁਲਹਾਲ ਬਾਰਡਰ ਰਾਹੀਂ ਦਾਖਲ ਹੋਣ ਲੱਗਾ, ਜੋ ਗ੍ਰਿ਼ਫਤਾਰ ਸਿੰਘਾਂ ਦੀ ਤੁਰੰਤ ਰਿਹਾਈ ਦੀ ਮੰਗ ਕਰ ਰਿਹਾ ਸੀ। ਇੱਥੇ ਸਥਾਨਕ ਪ੍ਰਸ਼ਾਸਨ ਅਤੇ ਪੁਲੀਸ ਅਧਿਕਾਰੀਆਂ ਨੇ ਬੇਹੱਦ ਸੰਜਮ ਅਤੇ ਸਮਝਦਾਰੀ ਤੋਂ ਕੰਮ ਲਿਆ। ਅਧਿਕਾਰੀਆਂ ਨੇ ਜਥੇ ਨੂੰ ਸਮਝਾਇਆ ਕਿ ਰਿਹਾਈ ਕੇਵਲ ਕਾਨੂੰਨੀ ਅਤੇ ਅਦਾਲਤੀ ਪ੍ਰਕਿਰਿਆ ਰਾਹੀਂ ਹੀ ਸੰਭਵ ਹੈ। ਪ੍ਰਸ਼ਾਸਨ ਦੇ ਭਰੋਸੇ ਤੋਂ ਬਾਅਦ ਜਥਾ ਸ਼ਾਂਤੀਪੂਰਵਕ ਪਾਉਂਟਾ ਸਾਹਿਬ ਵੱਲ ਵਾਪਸ ਪਰਤ ਗਿਆ। ਕਾਨੂੰਨੀ ਮਾਹਿਰਾਂ ਦੀ ਸਹੀ ਪੈਰਵੀ ਅਤੇ ਪ੍ਰਸ਼ਾਸਨਿਕ ਤਾਲਮੇਲ ਸਦਕਾ ਇਹ ਕਾਨੂੰਨੀ ਮੋਰਚਾ ਸ.ਫਲਤਾਪੂਰਵਕ ਫਤਹਿ ਹੋਇਆ।

## ਕੀ ਪਹਾੜੀ ਲੋਕ ਸਿੱਖਾਂ ਨਾਲ ਨ.ਫਰਤ ਕਰਦੇ ਹਨ?

ਇਸ ਘਟਨਾ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਕੁਝ ਅਫਵਾਹਾਂ ਉੱਡੀਆਂ ਕਿ ਪਹਾੜੀ ਲੋਕ ਸਿੱਖਾਂ ਨਾਲ ਨ.ਫਰਤ ਕਰਦੇ ਹਨ, ਪਰ ਤੱਥ ਇਸ ਦੇ ਬਿਲਕੁਲ ਉਲਟ ਹਨ। ਖ਼ੁਦ ਅਦਾਲਤ ਦੇ ਫੈਸਲੇ ਨੇ ਇਹ ਸਾ.ਫ ਕਰ ਦਿੱਤਾ ਹੈ ਕਿ ਇਹ ਕੋਈ ਭਾਈਚਾਰਕ ਜਾਂ ਧਾਰਮਿਕ ਲੜਾਈ ਨਹੀਂ ਸੀ, ਸਗੋਂ ਸੜਕ 'ਤੇ ਵਾਪਰਿਆ ਇੱਕ ਆਮ ਹਾਦਸਾ ਸੀ ਜੋ ਗੁੱਸੇ ਕਾਰਨ ਵਧ ਗਿਆ। ਉੱਤਰਾਖੰਡ ਦੀ ਧਰਤੀ 'ਤੇ ਸਿੱਖ ਧਰਮ ਦੇ ਪਵਿੱਤਰ ਅਸਥਾਨ ਜਿਵੇਂ ਕਿ ਸ੍ਰੀ ਹੇਮਕੁੰਟ ਸਾਹਿਬ ਅਤੇ ਗੁਰਦੁਆਰਾ ਰੀਠਾ ਸਾਹਿਬ ਸਥਿਤ ਹਨ। ਸਦੀਆਂ ਤੋਂ ਸਥਾਨਕ ਪਹਾੜੀ ਲੋਕ ਅਤੇ ਦੇਸ਼-ਵਿਦੇਸ਼ ਤੋਂ ਆਉਣ ਵਾਲੇ ਸਿੱਖ ਸ਼ਰਧਾਲੂ ਆਪਸੀ ਪਿਆਰ, ਸਤਿਕਾਰ ਅਤੇ ਭਾਈਚਾਰਕ ਸਾਂਝ ਨਾਲ ਰਹਿੰਦੇ ਆ ਰਹੇ ਹਨ। ਸਥਾਨਕ ਲੋਕ ਹਮੇਸ਼ਾ ਯਾਤਰੀਆਂ ਦੀ ਸੇਵਾ ਅਤੇ ਮਦਦ ਲਈ ਤਿਆਰ ਰਹਿੰਦੇ ਹਨ। ਇਸ ਲਈ, ਕਿਸੇ ਇੱਕ ਮੰਦਭਾਗੀ ਸੜਕੀ ਘਟਨਾ ਨੂੰ ਪੂਰੇ ਪਹਾੜੀ ਸਮਾਜ ਦੀ ਨ.ਫਰਤ ਵਜੋਂ ਵੇਖਣਾ ਪੂਰੀ ਤਰ੍ਹਾਂ ਗਲਤ ਅਤੇ ਬੇਬੁਨਿਆਦ ਹੈ।

ਸਚਾਈ ਦਾ ਇਕ ਪਹਿਲੂ ਇਹ ਵੀ ਹੈ ਕਿ ਪਹਾੜੀ ਰਸਤਿਆਂ 'ਤੇ ਸਥਾਨਕ ਹੋਟਲ, ਢਾਬੇ ਅਤੇ ਦੁਕਾਨਦਾਰ (ਗੜ੍ਹਵਾਲੀਏ) ਯਾਤਰੀਆਂ ਤੋਂ ਪਾਣੀ ਦੀ ਬੋਤਲ, ਕੋਲਡ ਡਰਿੰਕ ਅਤੇ ਰੋਟੀ ਦੇ ਕਈ ਗੁਣਾ ਵੱਧ ਪੈਸੇ ਵਸੂਲਦੇ ਹਨ। ਜਦੋਂ ਕੋਈ ਯਾਤਰੀ ਜਾਂ ਸਿੰਘ ਇਸ ਨਾਜਾਇਜ਼ ਲੁੱਟ ਦਾ ਵਿਰੋਧ ਕਰਦਾ ਹੈ, ਤਾਂ ਬਹਿਸਬਾਜ਼ੀ ਹਿੰਸਕ ਰੂਪ ਧਾਰ ਲੈਂਦੀ ਹੈ। ਕੁਟਮਾਰ ਕੀਤੀ ਜਾਂਦੀ ਹੇ। ਸਿੱਖ ਜਥੇਬੰਦੀਆਂ ਅਤੇ ਗੁਰਦੁਆਰਾ ਕਮੇਟੀਆਂ ਪੂਰੇ ਰਸਤੇ 'ਤੇ ਯਾਤਰੀਆਂ ਲਈ (ਚਾਹੇ ਉਹ ਕਿਸੇ ਵੀ ਧਰਮ ਦਾ ਹੋਵੇ) ਮੁ.ਫਤ ਅਟੁੱਟ ਲੰਗਰ ਅਤੇ ਪਾਣੀ ਦੀ ਸੇਵਾ ਲਗਾਉਂਦੀਆਂ ਹਨ। ਇਸ ਮੁ.ਫਤ ਲੰਗਰ ਸੇਵਾ ਕਾਰਨ ਸਥਾਨਕ ਹੋਟਲ ਵਾਲਿਆਂ ਦੀ "ਮੋਟੀ ਕਮਾਈ" ਅਤੇ "ਲੁੱਟ ਦੀ ਦੁਕਾਨਦਾਰੀ" ਠੱਪ ਹੋ ਜਾਂਦੀ ਹੈ। ਇਸੇ ਕਾਰਨ ਉਹ ਅੰਦਰੋਂ-ਅੰਦਰੀਂ ਲੰਗਰ ਸੇਵਾਵਾਂ ਅਤੇ ਸਿੱਖ ਸ਼ਰਧਾਲੂਆਂ ਨਾਲ ਖਾਰ ਖਾਂਦੇ ਹਨ ਅਤੇ ਲੜਾਈ ਦੇ ਬਹਾਨੇ ਲੱਭਦੇ ਹਨ। ਉੱਤਰਾਖੰਡ ਸਰਕਾਰ ਅਤੇ ਸਥਾਨਕ ਪ੍ਰਸ਼ਾਸਨ ਵੱਲੋਂ ਇਹਨਾਂ ਹੋਟਲ ਮਾਲਕਾਂ ਖ਼ਿਲਾ.ਫ ਸਖ਼ਤ ਕਾਰਵਾਈ ਨਾ ਕਰਨ ਦੇ ਕਈ ਵੱਡੇ ਕਾਰਨ ਹਨ। ਪਹਾੜੀ ਖੇਤਰਾਂ ਵਿੱਚ ਸਥਾਨਕ ਵਪਾਰੀ ਮੰਡਲ ਅਤੇ ਢਾਬਾ ਮਾਲਕ ਉੱਥੋਂ ਦੇ ਪੱਕੇ ਵੋਟਰ ਹਨ। ਕੋਈ ਵੀ ਸਥਾਨਕ ਲੀਡਰ ਜਾਂ ਸਰਕਾਰ ਆਪਣੇ ਵੋਟ ਬੈਂਕ ਨੂੰ ਨਾਰਾਜ਼ ਨਹੀਂ ਕਰਨਾ ਚਾਹੁੰਦੀ, ਇਸ ਲਈ ਉਹਨਾਂ ਦੀ ਲੁੱਟ-ਖਸੁੱਟ ਵੱਲੋਂ ਅੱਖਾਂ ਮੀਟ ਲਈਆਂ ਜਾਂਦੀਆਂ ਹਨ।

ਟੂਰਿਜ਼ਮ ਮਾ.ਫੀਆ ਦਾ ਦਬਾਅ: ਯਾਤਰਾ ਸੀਜ਼ਨ ਦੌਰਾਨ ਇਹਨਾਂ ਹੋਟਲ ਅਤੇ ਵਪਾਰ ਮੰਡਲਾਂ ਦਾ ਦਬਾਅ ਇੰਨਾ ਜ਼ਿਆਦਾ ਹੁੰਦਾ ਹੈ ਕਿ ਜੇਕਰ ਪੁਲੀਸ ਕਿਸੇ ਇੱਕ 'ਤੇ ਕਾਰਵਾਈ ਕਰੇ, ਤਾਂ ਉਹ ਪੂਰਾ ਬਾਜ਼ਾਰ ਬੰਦ ਕਰਕੇ ਹੜਤਾਲ ਕਰ ਦਿੰਦੇ ਹਨ। ਪ੍ਰਸ਼ਾਸਨ ਯਾਤਰਾ ਰੁਕਣ ਦੇ ਡਰੋਂ ਗੋਡੇ ਟੇਕ ਦਿੰਦਾ ਹੈ।

ਰਸਤਿਆਂ 'ਤੇ ਬੈਠੇ ਇਹਨਾਂ ਨਾਜਾਇਜ਼ ਵਸੂਲੀ ਕਰਨ ਵਾਲਿਆਂ ਤੋਂ ਸਥਾਨਕ ਪੱਧਰ 'ਤੇ ਪ੍ਰਸ਼ਾਸਨ ਅਤੇ ਪੁਲੀਸ ਨੂੰ ਵੀ ਮਹੀਨਾਵਾਰ ਮੋਟੀ ਕਮਾਈ ਜਾਂ ਕਮਿਸ਼ਨ ਜਾਂਦਾ ਹੈ, ਜਿਸ ਕਾਰਨ ਰੇਟ ਲਿਸਟਾਂ ਸਿਰ.ਫ ਕਾਗਜ਼ਾਂ ਤੱਕ ਸੀਮਤ ਰਹਿ ਜਾਂਦੀਆਂ ਹਨ। ਜਦੋਂ ਵੀ ਅਜਿਹਾ ਕੋਈ ਟਕਰਾਅ ਹੁੰਦਾ ਹੈ, ਤਾਂ ਗੋਦੀ ਮੀਡੀਆ ਜਾਂ ਸਥਾਨਕ ਮੀਡੀਆ ਹੋਟਲ ਵਾਲਿਆਂ ਦੀ ਲੁੱਟ ਨੂੰ ਛੁਪਾ ਕੇ ਇਸ ਨੂੰ "ਨਿਹੰਗ ਸਿੰਘਾਂ ਦੀ ਗੁੰਡਾਗਰਦੀ" ਜਾਂ "ਭਾਈਚਾਰਕ ਤਣਾਅ" ਦਾ ਨਾਮ ਦੇ ਦਿੰਦਾ ਹੈ, ਤਾਂ ਜੋ ਅਸਲ ਮੁੱਦਾ (ਯਾਤਰੀਆਂ ਦੀ ਲੁੱਟ ਤੇ ਲੰਗਰਾਂ ਦਾ ਵਿਰੋਧ) ਦਬਾਇਆ ਜਾ ਸਕੇ

ਇਹ ਘਟਨਾ ਸਾਬਤ ਕਰਦੀ ਹੈ ਕਿ ਕਿਸੇ ਵੀ ਵਿਵਾਦ ਦਾ ਹੱਲ ਕਾਨੂੰਨ ਦੇ ਦਾਇਰੇ ਵਿੱਚ ਰਹਿ ਕੇ ਅਤੇ ਆਪਸੀ ਗੱਲਬਾਤ ਰਾਹੀਂ ਹੀ ਕੱਢਿਆ ਜਾ ਸਕਦਾ ਹੈ, ਨਾ ਕਿ ਭਾਵਨਾਵਾਂ ਵਿੱਚ ਵਹਿ ਕੇ ਹਿੰਸਾ ਜਾਂ ਟਕਰਾਅ ਦੇ ਰਾਹ ਪੈ ਕੇ।


# ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਅਤੇ ਸ਼੍ਰੋਮਣੀ ਅਕਾਲੀ ਦਲ ਯੂ ਕੇ ਦੇ ਸਾਬਕਾ ਪ੍ਰਧਾਨ ਸ: ਮਲਕੀਤ ਸਿੰਘ ਗਰੇਵਾਲ ਨਹੀਂ ਰਹੇ ਅੰਤਿਮ ਸੰਸਕਾਰ ਅਤੇ ਅੰਤਿਮ ਅਰਦਾਸ 7 ਜੁਲਾਈ ਨੂੰ ਹੋਵੇਗੀ

***ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂਰਪ ਦੇ ਸਭ ਤੋਂ ਵੱਡੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਸਾਬਕਾ ਪ੍ਰਧਾਨ ਅਤੇ ਸ਼੍ਰੋਮਣੀ ਅਕਾਲੀ ਦਲ ਯੂ ਕੇ ਦੇ ਸਾਬਕਾ ਪ੍ਰਧਾਨ ਸ: ਮਲਕੀਤ ਸਿੰਘ ਗਰੇਵਾਲ ਬੀਤੇ ਦਿਨੀ ਫਾਨੀ ਦੁਨੀਆਂ ਨੂੰ ਅਲਵਿਦਾ ਕਹਿ ਗਏ। ਉਹ 86 ਵਰ੍ਹਿਆਂ ਦੇ ਸਨ।***

ਸਿੱਖ ਸਫਾ ਵਿੱਚ ਸਰਗਰਮੀ ਨਾਲ ਵਿਚਰਨ ਵਾਲੇ ਸ: ਮਲਕੀਤ ਸਿੰਘ ਗਰੇਵਾਲ 1964 ਤੋਂ ਯੂ ਕੇ ਵਿੱਚ ਸਨ। ਇਸ ਦੌਰਾਨ ਉਹਨਾਂ ਪੰਥਕ ਸਫਾ ਵਿੱਚ ਵੱਡਾ ਯੋਗਦਾਨ ਪਾਇਆ। ਉਹਨਾਂ 1979 ਤੋਂ 1981 ਵਿੱਚ ਗੁਰਦੁਆਰਾ ਸਾਹਿਬ ਵਿੱਚ ਆਸਾ ਦੀ ਵਾਰ ਦੇ ਰੋਜ਼ਾਨਾ ਪਾਠ, ਸੱਤੇ ਦਿਨ ਲੰਗਰ ਚਲਾਉਣ ਦੀ ਸ਼ੁਰੂਆਤ ਕੀਤੀ। ਇੱਥੇ ਹੀ ਬੱਸ ਨਹੀਂ ਉਹਨਾਂ ਨੇ ਲੰਡਨ ਵਿੱਚ ਹੋਈ ਪਹਿਲੀ ਵਿਸ਼ਵ ਪੰਜਾਬੀ ਕਾਨਫਰੰਸ ਵਿੱਚ ਅਹਿਮ ਯੋਗਦਾਨ ਪਾਇਆ ਅਤੇ ਮਹਾਰਾਜਾ ਰਣਜੀਤ ਸਿੰਘ ਦੀ 200 ਸਾਲਾਂ ਜਨਮ ਸ਼ਤਾਬਦੀ ਮੌਕੇ ਵਿਸ਼ੇਸ਼ ਪ੍ਰਦਰਸ਼ਨੀ ਲਗਵਾ ਕੇ ਪਹਿਲੀ ਵਾਰ ਸੋਨੇ ਦੇ ਤਖ਼ਤ ਨੂੰ ਆਮ ਲੋਕਾਂ ਦੇ ਵੇਖਣ ਲਈ ਲੰਡਨ ਮਿਊਜ਼ੀਅਮ ਚੋਂ ਬਾਹਰ ਲਿਆਂਦਾਂ।

ਧਰਮ ਯੁੱਧ ਮੋਰਚੇ ਦੌਰਾਨ ਭਾਰਤੀ ਹਾਈ ਕਮਿਸ਼ਨ ਦੇ ਬਾਹਰ ਪ੍ਰਦਰਸ਼ਨਾਂ ਰਾਹੀਂ ਅਕਾਲੀ ਦਲ ਦੇ ਮੋਰਚਿਆਂ ਦਾ ਸਮਰਥਨ ਕੀਤਾ।ਆਪ ਸੰਤ ਹਰਚੰਦ ਸਿੰਘ ਲੌਂਗੋਵਾਲ, ਸ: ਪ੍ਰਕਾਸ਼ ਸਿੰਘ ਬਾਦਲ, ਸ: ਗੁਰਚਰਨ ਸਿੰਘ ਟੌਹੜਾ ਦੇ ਨੇੜਲੇ ਸਾਥੀਆਂ ਚੋਂ ਸਨ ਜਿਹਨਾਂ ਨੇ ਵਿਦੇਸ਼ੀ ਧਰਤੀ ਤੇ ਸ਼੍ਰੋਮਣੀ ਅਕਾਲੀ ਦਲ ਨੂੰ ਮਜ਼ਬੂਤ ਕੀਤਾ। ਆਪ ਆਪਣੇ ਪਿੱਛੇ ਪਤਨੀ ਅਮਰਜੀਤ ਕੌਰ ਗਰੇਵਾਲ, ਬੇਟੇ ਸ਼ਿਵਦੇਵ ਕੌਰ, ਬਰਜਿੰਦਰ ਸਿੰਘ ਅਤੇ ਪ੍ਰੀਵਾਰ ਨੂੰ ਛੱਡ ਗਏ ਹਨ।ਸ: ਗਰੇਵਾਲ ਦਾ ਅੰਤਿਮ ਸੰਸਕਾਰ 7 ਜੁਲਾਈ ਨੂੰ ਕੀਤਾ ਜਾਵੇਗਾ।

ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਮੁੱਖ ਸੇਵਾਦਾਰ ਸ: ਗੁਰਮੇਲ ਸਿੰਘ ਮੱਲੀ, ਮੀਤ ਪ੍ਰਧਾਨ ਹਰਜੀਤ ਸਿੰਘ ਸਰਪੰਚ, ਕੇਵਲ ਸਿੰਘ ਰਣਦੇਵਾ, ਸ਼ਰਨਬੀਰ ਸਿੰਘ ਸੰਘਾ, ਸੁਰਿੰਦਰ ਸਿੰਘ ਢੱਟ, ਮਨਜੀਤ ਸਿੰਘ, ਸਤਨਾਮ ਸਿੰਘ ਚੌਹਾਨ, ਜਸਵੰਤ ਸਿੰਘ ਮੰਡ, ਪਰਮਜੀਤ ਸਿੰਘ ਧਾਲੀਵਾਲ, ਐਮ ਪੀ ਤਨਮਨਜੀਤ ਸਿੰਘ ਢੇਸੀ, ਸਾਬਕਾ ਐਮ ਪੀ ਵਰਿੰਦਰ ਸ਼ਰਮਾਂ, ਸਾਬਕਾ ਮੇਅਰ ਰਣਜੀਤ ਧੀਰ, ਕੁਲਵੰਤ ਸਿੰਘ ਭਿੰਡਰ, ਗੁਰਪ੍ਰਤਾਪ ਸਿੰਘ ਢਿੱਲੋਂ ਆਦਿ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।




## ਸੰਤ ਅਮਰ ਸਿੰਘ ਰਾੜਾ ਸਾਹਿਬ ਵਾਲੇ ਇੰਗਲੈਂਡ ਵਿੱਚ



*ਸੰਤ ਅਮਰ ਸਿੰਘ ਰਾੜਾ ਸਾਹਿਬ ਵਾਲਿਆਂ ਦਾ ਸਨਮਾਨ ਕਰਦੇ ਹੋਏ ਪ੍ਰਬੰਧਕ*

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਰਾੜਾ ਸਾਹਿਬ ਸੰਪਰਦਾ ਦੇ ਮੁੱਖੀ ਸੰਤ ਅਮਰ ਸਿੰਘ ਆਪਣੇ ਜੱਥੇ ਸਮੇਤ ਇੰਗਲੈਂਡ ਵਿੱਚ ਹਨ। ਜਿੱਥੇ ਉਹ ਵੱਖ ਵੱਖ ਸ਼ਹਿਰਾਂ ਵਿੱਚ ਧਾਰਮਿਕ ਸਮਾਗਮਾਂ ਵਿੱਚ ਸ਼ਿਰਕਤ ਕਰਦੇ ਹੋਏ ਦੀਵਾਨ ਸਜਾ ਰਹੇ ਹਨ। ਇਸੇ ਲੜੀ ਤਹਿਤ ਸੰਤ ਅਮਰ ਸਿੰਘ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਵਿਖੇ ਨਤਮਸਤਕ ਹੋਏ ਅਤੇ ਸੰਗਤਾਂ ਨੂੰ ਗੁਰਬਾਣੀ ਕੀਰਤਨ, ਕਥਾ ਵਿਚਾਰਾਂ ਰਾਹੀਂ ਨਿਹਾਲ ਕੀਤਾ। ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮੀਤ ਪ੍ਰਧਾਨ ਹਰਜੀਤ ਸਿੰਘ ਸਰਪੰਚ, ਜਨਰਲ ਸਕੱਤਰ ਸ਼ਰਨਬੀਰ ਸਿੰਘ ਸੰਘਾ, ਸੁਰਿੰਦਰ ਸਿੰਘ ਢੱਟ, ਪਰਮਜੀਤ ਸਿੰਘ ਧਾਲੀਵਾਲ ਨੇ ਸੰਤ ਅਮਰ ਸਿੰਘ ਦਾ ਵਿਸ਼ੇਸ਼ ਸਨਮਾਨ ਕੀਤਾ। ਇਸ ਮੌਕੇ ਸੁਖਦੀਪ ਸਿੰਘ ਗਿੱਲ, ਇੰਦਰਜੀਤ ਸਿੰਘ ਦਹੇਲੇ ਆਦਿ ਹਾਜ਼ਰ ਸਨ। ਜ਼ਿਕਰਯੋਗ ਹੈ ਕਿ ਸੰਤ ਈਸ਼ਰ ਸਿੰਘ ਰਾੜਾ ਸਾਹਿਬ ਵਾਲਿਆਂ ਦੀ ਬਰਸੀ ਸਬੰਧੀ ਲੰਡਨ ਵਿੱਚ ਹੋਣ ਵਾਲੇ ਸਮਾਗਮਾਂ ਵਿੱਚ ਦੇਸ਼ ਵਿਦੇਸ਼ ਤੋਂ ਸਿੱਖ ਪ੍ਰਚਾਰਕ ਅਤੇ ਸੰਗਤਾਂ ਪਹੁੰਚ ਰਹੀਆਂ ਹਨ।

## ਰਾਸ਼ਟਰਮੰਡਲ ਖੇਡਾਂ ਵਿੱਚ ਹਿੱਸਾ ਲੈਣ ਲਈ ਭਾਰਤੀ ਵੇਟਲਿਫਟਿੰਗ ਟੀਮ ਇੰਗਲੈਂਡ ਪਹੁੰਚੀ



**ਬ੍ਰਮਿੰਘਮ ਹਵਾਈ ਅੱਡੇ ਤੇ ਭਾਰਤੀ ਟੀਮ ਦਾ ਸਵਾਗਤ ਕਰਦੇ ਹੋਏ ਗਿਆਨ ਸਿੰਘ ਚੀਮਾ ਅਤੇ ਅਜੈਬ ਸਿੰਘ ਚੀਮਾ**

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਅਗਲੇ ਮਹੀਨੇ ਗਲਾਸਗੋ ਵਿਖੇ ਹੋਣ ਵਾਲੀਆਂ ਰਾਸ਼ਟਰਮੰਡਲ ਖੇਡਾਂ ਵਿੱਚ ਹਿੱਸਾ ਲੈਣ ਲਈ ਭਾਰਤੀ ਵੇਟਲਿਫਟਿੰਗ ਟੀਮ ਇੰਗਲੈਂਡ ਪਹੁੰਚ ਗਈ ਹੈ। ਬ੍ਰਮਿੰਘਮ ਹਵਾਈ ਅੱਡੇ ਤੇ ਪਹੁੰਚੀ ਭਾਰਤੀ ਟੀਮ ਦਾ ਭਾਰਤੀ ਭਾਈਚਾਰੇ ਵੱਲੋਂ ਏਸ਼ੀਅਨ ਖੇਡਾਂ ਵਿੱਚ ਭਾਰਤ ਲਈ 1982 ਵਿੱਚ ਕਾਂਸੀ ਦਾ ਤਮਗਾ ਜਿੱਤਣ ਵਾਲੇ ਅਤੇ ਕੋਚ ਗਿਆਨ ਸਿੰਘ ਚੀਮਾਂ, ਖੇਡ ਪ੍ਰਮੋਟਰ ਅਜੈਬ ਸਿੰਘ ਗਰਚਾ ਆਦਿ ਨੇ ਖਿਡਾਰੀਆਂ, ਕੋਚ ਵਿਜੇ ਸ਼ਰਮਾਂ ਅਤੇ ਸਾਥੀਆਂ ਦਾ ਨਿੱਘਾ ਸਵਾਗਤ ਕੀਤਾ। ਇਹ ਟੀਮ ਅਗਲੇ ਕੁਝ ਦਿਨ ਬ੍ਰਮਿੰਘਮ ਵਿੱਚ ਰਹੇਗੀ ਜਿੱਥੇ ਗਿਆਨ ਸਿੰਘ ਚੀਮਾ ਖਿਡਾਰੀਆਂ ਨੂੰ ਅਭਿਆਸ ਕਰਵਾਉਣਗੇ।

## ਰਾਜਨੀਤਿਕ ਤਬਦੀਲੀਆਂ ਦੌਰਾਨ ਵੀ ਭਾਰਤ ਨਾਲ ਸਬੰਧ ਸਥਿਰ ਰਹਿਣਗੇ: ਬ੍ਰਿਟੇਨ ਦੇ ਆਰਟੀਫੀਸ਼ੀਅਲ ਇੰਟੈਲੀਜੈਂਸ ਮੰਤਰੀ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆ ਜਦੋਂ ਪ੍ਰਧਾਨ ਮੰਤਰੀ ਵਜੋਂ ਕੀਰ ਸਟਾਰਮਰ ਦੀ ਜਗ੍ਹਾ ਲੈਣ ਵਾਲੇ ਲੇਬਰ ਪਾਰਟੀ ਦੇ ਨਵੇਂ ਆਗੂ ਦੀ ਚੋਣ ਦੀ ਤਿਆਰੀ ਕਰ ਰਿਹਾ ਹੈ, ਉੱਥੇ ਹੀ ਪਾਰਟੀ ਦੇ ਭਾਰਤੀ ਮੂਲ ਦੇ ਮੰਤਰੀ ਕਨਿਸ਼ਕ ਨਾਰਾਇਣ ਨੇ ਕਿਹਾ ਹੈ ਕਿ ਇਸ ਸਿਆਸੀ ਬਦਲਾਅ ਦੇ ਦੌਰਾਨ ਵੀ ਭਾਰਤ ਨਾਲ ਬਰਤਾਨੀਆ ਦੇ ਸਬੰਧ ਮਜ਼ਬੂਤ ਅਤੇ ਸਥਿਰ ਬਣੇ ਰਹਿਣਗੇ।ਸਟਾਰਮਰ ਦੀ ਮੁੱਖ ਟੀਮ ਵਿੱਚ ਸ਼ਾਮਲ, ਭਾਰਤ ਵਿੱਚ ਜਨਮੇ ਆਰਟੀਫੀਸ਼ੀਅਲ ਇੰਟੈਲੀਜੈਂਸ ਮੰਤਰੀ ਕਨਿਸ਼ਕ ਨਾਰਾਇਣ ਨੇ ਇਸ ਹਫ਼ਤੇ ਦੇ ਸ਼ੁਰੂ ਵਿੱਚ ਸੰਸਦ ਭਵਨ ਕੰਪਲੈਕਸ ਵਿੱਚ 'ਆਲ ਪਾਰਟੀ ਪਾਰਲੀਮੈਂਟਰੀ ਗਰੁੱਪ ਫਾਰ ਇੰਡੀਆ' ਦੇ ਉਦਘਾਟਨੀ ਸਮਾਰੋਹ ਨੂੰ ਸੰਬੋਧਨ ਕੀਤਾ।ਲੇਬਰ ਪਾਰਟੀ ਦੇ ਸੰਸਦ ਮੈਂਬਰ ਨਾਰਾਇਣ ਨੇ ਕਿਹਾ ਕਿ "ਸਵਾਲ ਇਹ ਹੈ ਕਿ ਰਾਜਨੀਤੀ ਵਿੱਚ ਬਦਲਾਅ ਦੇ ਇਸ ਦੌਰ ਵਿੱਚ ਨੀਤੀਆਂ ਕਿੰਨੀਆਂ ਸਥਿਰ ਰਹਿਣਗੀਆਂ। ਇਸ ਬਾਰੇ ਮੈਨੂੰ ਪੂਰਾ ਭਰੋਸਾ ਹੈ ਕਿ ਭਾਰਤ ਨਾਲ ਸਾਡੇ ਡੂੰਘੇ ਸਬੰਧਾਂ ਵਿੱਚ ਜੋ ਸਥਿਰਤਾ ਹੈ, ਉਹ ਆਉਣ ਵਾਲੇ ਮਹੀਨਿਆਂ ਅਤੇ ਸਾਲਾਂ ਵਿੱਚ ਵੀ ਬਰਕਰਾਰ ਰਹੇਗੀ।" ਉਨ੍ਹਾਂ ਅੱਗੇ ਕਿਹਾ, "ਮੈਨੂੰ ਲੱਗਦਾ ਹੈ ਕਿ ਇਹ ਸਿਰਫ਼ ਨਿੱਜੀ ਵਿਸ਼ਵਾਸ ਦੀ ਗੱਲ ਨਹੀਂ ਹੈ, ਸਗੋਂ ਇਸ ਦੇ ਸਪੱਸ਼ਟ ਸਬੂਤ ਵੀ ਮੌਜੂਦ ਹਨ। ਲੇਬਰ ਪਾਰਟੀ ਲੰਬੇ ਸਮੇਂ ਤੋਂ ਭਾਰਤ ਦੀ ਪੱਕੀ ਦੋਸਤ ਰਹੀ ਹੈ ਅਤੇ ਇਤਿਹਾਸ ਦੇ ਹਰ ਦੌਰ ਵਿੱਚ ਉਸ ਨੇ ਭਾਰਤ ਦਾ ਸਾਥ ਦਿੱਤਾ ਹੈ।" ਨਾਰਾਇਣ ਨੇ ਪਾਰਟੀ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਕਿਹਾ ਕਿ ਇਹ ਉਸ ਪਾਰਟੀ ਲਈ ਬਿਲਕੁਲ ਸੱਚ ਸਾਬਤ ਹੋਇਆ ਹੈ, ਜਿਸ ਨੇ ਨਾ ਸਿਰਫ਼ ਦੀਵਾਲੀ ਤੱਕ ਮੁਕਤ ਵਪਾਰ ਸਮਝੌਤੇ ਦਾ ਵਾਅਦਾ ਕੀਤਾ ਸੀ, ਸਗੋਂ ਉਸ ਮਿੱਥੀ ਗਈ ਦੀਵਾਲੀ ਤੋਂ ਬਹੁਤ ਪਹਿਲਾਂ ਹੀ ਇਸ ਨੂੰ ਪੂਰਾ ਕਰ ਵਿਖਾਇਆ ਅਤੇ ਬਾਅਦ ਵਿੱਚ ਇਸ ਨੂੰ ਮਨਜ਼ੂਰੀ ਵੀ ਦੇ ਦਿੱਤੀ।



# ਸਾਊਥਾਲ ਦੇ ਨਸ਼ਾ ਤਸਕਰ ਨੇ ਜੇਲ੍ਹ ਦੇ ਅੰਦਰੋਂ ਵੈਸਟ ਲੰਡਨ 'ਚ ਚਲਾਏ ਗੈਂਗ ਰਾਹੀਂ 1 ਲੱਖ 70 ਹਜ਼ਾਰ ਪੌਂਡ ਤੋਂ ਵੱਧ ਕੀਮਤ ਦੀ ਕੋਕੀਨ ਅਤੇ ਹੈਰੋਇਨ ਵੇਚੀ-ਚਾਰ ਦੋਸ਼ੀਆਂ ਨੂੰ 25 ਸਾਲ ਕੈਦ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਵੈਸਟ ਲੰਡਨ ਦੇ ਇੱਕ ਨਸ਼ਾ ਤਸਕਰ ਗੈਂਗ ਦੇ ਚਾਰ ਮੁੱਖ ਮੈਂਬਰਾਂ ਨੂੰ ਕੁੱਲ 25 ਸਾਲ ਦੀ ਜੇਲ੍ਹ ਦੀ ਸਜ਼ਾ ਸੁਣਾਈ ਗਈ ਹੈ। ਪੁਲਿਸ ਅਨੁਸਾਰ ਇਸ ਗੈਂਗ ਨੇ ਕੁੱਲ 174,000 ਪੌਂਡ ਦੀ ਕੀਮਤ ਦੇ ਨਸ਼ੇ ਸਪਲਾਈ ਕੀਤੇ। 26 ਜੂਨ, 2026 ਨੂੰ ਚਾਰੇ ਮੁਲਜ਼ਮਾਂ ਨੂੰ ਸਜ਼ਾ ਸੁਣਾਈ ਗਈ, ਜਿਸ ਵਿੱਚ ਪਰਸ਼ੋਤਮ ਢਿੱਲੋਂ ਨੂੰ 7 ਸਾਲ ਦੀ ਜੇਲ੍ਹ, ਹਰਦੀਪ ਬਿੰਦ ਨੂੰ 12 ਸਾਲ ਅਤੇ 6 ਮਹੀਨੇ ਦੀ ਜੇਲ੍ਹ, ਬਿਕਰਮਜੀਤ ਬਰਾੜ ਨੂੰ 3 ਸਾਲ ਅਤੇ 4 ਮਹੀਨੇ ਦੀ ਜੇਲ੍ਹ ਅਤੇ ਲੀਐਂਡਰੀਆ ਲਿੰਚ ਨੂੰ 2 ਸਾਲ ਅਤੇ 6 ਮਹੀਨੇ ਦੀ ਸਜ਼ਾ, ਜਿਸ ਨੂੰ ਉਨੇ ਹੀ ਸਮੇਂ ਲਈ ਮੁਅੱਤਲ ਰੱਖਿਆ ਗਿਆ ਹੈ।**



ਹੈਰੀ ਸਿੰਘ, ਪ੍ਰਸ਼ੋਤਮ ਢਿਲੋਂ ਅਤੇ ਬਿਕਰਮਜੀਤ ਬਰਾੜ ਦੀਆਂ ਪੁਲਿਸ ਵੱਲੋਂ ਜਾਰੀ ਤਸਵੀਰਾਂ

ਅਦਾਲਤ ਵਿੱਚ ਦੱਸਿਆ ਗਿਆ ਕਿ 59 ਸਾਲਾ ਪਰਸ਼ੋਤਮ ਢਿੱਲੋਂ, ਜੋ ਕਿ ਇੱਕ ਮੌਜੂਦਾ ਮੈਜਿਸਟਰੇਟ ਸੀ, ਨੇ ਆਪਣੇ ਅਹੁਦੇ ਦੀ ਦੁਰਵਰਤੋਂ ਕਰਦਿਆਂ ਇਸ ਗੈਂਗ ਦੀ ਮਦਦ ਕੀਤੀ। ਉਸਨੇ ਹੈਰੋਇਨ ਨਾਲ ਭਰੀ ਇੱਕ ਵੈਨ ਲੈਂਪਟਨ ਐਵੇਨਿਊ, ਹੰਸਲੋ ਸਥਿਤ ਆਪਣੇ ਘਰ ਦੇ ਬਾਹਰ ਪਾਰਕ ਕਰਨ ਦਿੱਤੀ ਅਤੇ ਘਰ ਦੇ ਅੰਦਰ ਨਸ਼ਿਆਂ ਨੂੰ ਤੋਲਣ ਅਤੇ ਪੈਕ ਕਰਨ ਦੀ ਇਜਾਜ਼ਤ ਵੀ ਦਿੱਤੀ। ਉਹ ਖੁਦ ਵੀ ਨਸ਼ੇ ਦਾ ਆਦੀ ਹੋ ਚੁੱਕਾ ਸੀ।

48 ਸਾਲਾ ਹਰਦੀਪ ਬਿੰਦ, ਜਿਸਨੂੰ 'ਹੈਰੀ ਸਿੰਘ' ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ, ਨੂੰ ਮੈਟਰੋਪੋਲੀਟਨ ਪੁਲਿਸ ਨੇ ਜਨਵਰੀ 2024 ਵਿੱਚ ਜਾਂਚ ਸ਼ੁਰੂ ਕਰਨ ਦੌਰਾਨ "ਹਾਦੀ" ਨਾਮਕ ਇੱਕ ਬਹੁਤ ਹੀ ਸਰਗਰਮ ਡਰੱਗ ਲਾਈਨ ਦੇ ਮੁੱਖ ਸਰਗਨਾ ਵਜੋਂ ਪਛਾਣਿਆ ਸੀ। ਜਦੋਂ ਉਸਦੀ ਪਛਾਣ ਹੋਈ, ਉਸ ਵੇਲੇ ਬਿੰਦ ਹੈਰੋਇਨ ਅਤੇ ਕੋਕੀਨ ਦੀ ਸਪਲਾਈ ਦੀ ਸਾਜ਼ਿਸ਼ ਰਚਣ ਅਤੇ ਇੱਕ ਪਾਬੰਦੀਸ਼ੁਦਾ ਆਟੋਮੈਟਿਕ ਹਥਿਆਰ ਰੱਖਣ ਦੇ ਜੁਰਮ ਵਿੱਚ 17 ਸਾਲ ਦੀ ਸਜ਼ਾ ਕੱਟ ਰਿਹਾ ਸੀ।

ਉਹ ਇੱਕ ਖੁੱਲ੍ਹੀ ਜੇਲ੍ਹ ਵਿੱਚ ਬੰਦ ਸੀ, ਜਿੱਥੇ ਉਸ ਕੋਲ ਮੋਬਾਈਲ ਫੋਨ ਦੀ ਸਹੂਲਤ ਸੀ। ਉਸਨੇ ਜੇਲ੍ਹ ਦੇ ਅੰਦਰੋਂ ਹੀ ਇੱਕ ਬਰਨਰ ਫੋਨ ਦੀ ਵਰਤੋਂ ਕਰਕੇ ਇਸ ਡਰੱਗ ਨੈੱਟਵਰਕ ਨੂੰ ਚਲਾਇਆ। ਅਕਤੂਬਰ 2024 ਵਿੱਚ ਰਿਹਾਅ ਹੋਣ ਤੋਂ ਬਾਅਦ, ਉਸਨੇ ਹੇਜ਼ ਅਤੇ ਸਾਊਥਾਲ ਇਲਾਕੇ ਵਿੱਚ ਕਈ ਨਵੇਂ ਡੀਲਰਾਂ ਨੂੰ ਸ਼ਾਮਲ ਕਰਕੇ ਆਪਣੇ ਅਪਰਾਧਿਕ ਨੈੱਟਵਰਕ 'ਚ ਵਾਧਾ ਕੀਤਾ।

ਪੁਲਿਸ ਨੇ ਸਬੂਤਾਂ ਰਾਹੀਂ ਇਹ ਸਾਬਤ ਕੀਤਾ ਕਿ ਬਿੰਦ ਸਾਰੇ ਮੁੱਖ ਮੈਂਬਰਾਂ ਦੇ ਸੰਪਰਕ ਵਿੱਚ ਸੀ ਅਤੇ ਗਰੋਹ ਨੂੰ ਚਲਾ ਰਿਹਾ ਸੀ। ਫੋਰੈਂਸਿਕ ਸਬੂਤਾਂ ਨੇ ਵੈਂਟਵਰਥ ਰੋਡ, ਸਾਊਥਾਲ ਦੇ ਰਹਿਣ ਵਾਲੇ ਬਿੰਦ ਨੂੰ ਉਸਦੀ ਇੱਕ ਕਾਰ ਵਿੱਚੋਂ ਬਰਾਮਦ ਹੋਈ ਭਾਰੀ ਮਾਤਰਾ ਵਿੱਚ ਹੈਰੋਇਨ ਨਾਲ ਸਿੱਧਾ ਜੋੜਿਆ। ਇਸ ਤੋਂ ਇਲਾਵਾ, ਪੁਲਿਸ ਦੁਆਰਾ ਵੱਖ-ਵੱਖ ਛਾਪੇਮਾਰੀਆਂ ਦੌਰਾਨ ਨਸ਼ਾ ਕੱਟਣ ਵਾਲਾ ਇੱਕੋ ਜਿਹਾ ਦੁਰਲੱਭ ਔਜ਼ਾਰ ਵੀ ਬਰਾਮਦ ਹੋਇਆ। 1 ਜੁਲਾਈ, 2025 ਨੂੰ ਪੁਲਿਸ ਅਧਿਕਾਰੀਆਂ ਨੇ ਪੱਛਮੀ ਲੰਡਨ ਵਿੱਚ ਕਈ ਥਾਵਾਂ 'ਤੇ ਛਾਪੇਮਾਰੀ ਕੀਤੀ।

ਇਸ ਦੌਰਾਨ ਭਾਰੀ ਮਾਤਰਾ ਵਿੱਚ ਹੈਰੋਇਨ, ਕਰੈਕ ਕੋਕੀਨ, ਵੱਡੀ ਮਾਤਰਾ ਵਿੱਚ ਨਕਦੀ, ਕਈ ਮੋਬਾਈਲ ਫੋਨ ਅਤੇ ਨਸ਼ਿਆਂ ਦੇ ਲੈਣ-ਦੇਣ ਦੀਆਂ "ਟਿਕ ਲਿਸਟਾਂ" (ਹਿਸਾਬ-ਕਿਤਾਬ ਦੀਆਂ ਸੂਚੀਆਂ) ਮਿਲੀਆਂ। ਫੋਨਾਂ ਦੇ ਡੇਟਾ ਤੋਂ ਨਸ਼ਾ ਸਪਲਾਈ ਦੇ ਹੋਰ ਸਬੂਤ ਸਾਹਮਣੇ ਆਏ, ਜਿਸ ਵਿੱਚ ਵੌਇਸ ਨੋਟਸ ਵੀ ਸ਼ਾਮਲ ਸਨ।

ਇਸ ਨੈੱਟਵਰਕ ਦੇ ਦੋ ਹੋਰ ਮੈਂਬਰ 46 ਸਾਲਾ ਬਿਕਰਮਜੀਤ ਬਰਾੜ ਅਤੇ 49 ਸਾਲਾ ਲੀਐਂਡਰੀਆ ਲਿੰਚ ਸਨ। ਨੇਸਟਲਜ਼ ਐਵੇਨਿਊ, ਹੇਜ਼ ਦੇ ਰਹਿਣ ਵਾਲੇ ਬਰਾੜ ਕੋਲ ਨਸ਼ੇ ਰੱਖਣ ਅਤੇ ਉਹਨਾਂ ਨੂੰ ਵੰਡਣ ਦੀ ਜ਼ਿੰਮੇਵਾਰੀ ਸੀ, ਜਦੋਂ ਕਿ ਡਾਵਲੇ ਰੋਡ, ਹੇਜ਼ ਵਾਸੀ ਨਸ਼ੇ ਪਹੁੰਚਾਉਣ ਵਾਲੀ ਵਜੋਂ ਕੰਮ ਕਰਦੀ ਸੀ, ਜੋ ਸਪਲਾਈ ਅਤੇ ਆਪਸੀ ਗੱਲਬਾਤ ਨੂੰ ਸੰਭਾਲਦੀ ਸੀ।

ਗੈਂਗ ਦੇ ਸਾਰੇ ਮੈਂਬਰ ਲਗਾਤਾਰ ਇੱਕ-ਦੂਜੇ ਦੇ ਸੰਪਰਕ ਵਿੱਚ ਸਨ, ਜਿਸ ਵਿੱਚ ਬਿੰਦ ਮੁੱਖ ਕੇਂਦਰ ਬਿੰਦੂ ਸੀ। ਲੋਕੇਸ਼ਨ ਡੇਟਾ ਤੋਂ ਵੀ ਪਤਾ ਲੱਗਾ ਹੈ ਕਿ ਇਹ ਮੈਂਬਰ ਅਕਸਰ ਇੱਕੋ ਜਗ੍ਹਾ 'ਤੇ ਮੌਜੂਦ ਹੁੰਦੇ ਸਨ।

3 ਜੁਲਾਈ, 2025 ਨੂੰ, ਚਾਰੇ ਮੁਲਜ਼ਮਾਂ 'ਤੇ ਕਲਾਸ ਏ ਨਸ਼ੀਲੇ ਪਦਾਰਥਾਂ ਦੀ ਸਪਲਾਈ ਵਿੱਚ ਸ਼ਾਮਲ ਹੋਣ, ਨਸ਼ੇ ਸਪਲਾਈ ਕਰਨ ਦੇ ਇਰਾਦੇ ਨਾਲ ਕੋਲ ਰੱਖਣ ਅਤੇ ਖ਼ਤਰਨਾਕ ਹਥਿਆਰ ਰੱਖਣ ਦੇ ਦੋਸ਼ ਆਇਦ ਕੀਤੇ ਗਏ ਸਨ।

ਬਿੰਦ ਅਤੇ ਬਰਾੜ ਨੇ ਕਲਾਸ ਏ ਡਰੱਗਜ਼ ਦੀ ਸਪਲਾਈ ਦੇ ਦੋ-ਦੋ ਮਾਮਲਿਆਂ ਵਿੱਚ ਆਪਣਾ ਗੁਨਾਹ ਕਬੂਲ ਕਰ ਲਿਆ, ਜਦੋਂ ਕਿ ਢਿੱਲੋਂ ਅਤੇ ਲਿੰਚ ਨੂੰ ਕਰੋਇਡਨ ਕਰਾਊਨ ਕੋਰਟ ਵਿੱਚ ਚੱਲੇ ਮੁਕੱਦਮੇ ਤੋਂ ਬਾਅਦ ਸ਼ੁੱਕਰਵਾਰ, 8 ਮਈ ਨੂੰ ਦੋਸ਼ੀ ਕਰਾਰ ਦਿੱਤਾ ਗਿਆ। ਬਿੰਦ ਦੀ ਸਜ਼ਾ ਵਿੱਚ ਖ਼ਤਰਨਾਕ ਡਰਾਈਵਿੰਗ ਦਾ ਦੋਸ਼ ਵੀ ਸ਼ਾਮਲ ਸੀ।

# ਬਰਤਾਨੀਆਂ 'ਚ ਰਾਜਸ਼ਾਹੀ ਦੀ ਪਰਿਭਾਸ਼ਾ ਬਦਲੀ

## ਹੁਣ ਮਹਾਰਾਜਾ ਚਾਰਲਸ 'ਬਹੁ-ਧਰਮੀ ਦੇਸ਼ ਅੰਦਰ' ਨਿਰਪੱਖਤਾ ਅਤੇ ਸਭ ਧਰਮਾਂ ਦੇ ਰੱਖਿਅਕ ਵਜੋਂ ਕੰਮ ਕਰਨਗੇ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਕਿੰਘਮ ਪੈਲੇਸ ਦੁਆਰਾ ਮਹਾਰਾਜਾ ਦੀ ਭੂਮਿਕਾ ਦੀ ਜਾਰੀ ਕੀਤੀ ਗਈ ਇੱਕ ਨਵੀਂ ਪਰਿਭਾਸ਼ਾ ਅਨੁਸਾਰ, ਮਹਾਰਾਜਾ ਦਾ ਅਧਿਕਾਰਤ ਕੰਮ ਹੁਣ "ਬਹੁ-ਧਰਮੀ ਰਾਸ਼ਟਰ ਦੇ ਅੰਦਰ" ਨਿਰਪੱਖਤਾ ਅਤੇ ਧਰਮ ਦੀ ਰੱਖਿਆ ਕਰਨਾ ਹੈ। ਮਹਾਰਾਜਾ ਚਾਰਲਸ, ਜੋ ਕਿ 'ਚਰਚ ਆਫ਼ ਇੰਗਲੈਂਡ' ਦੇ ਸਰਵਉੱਚ ਗਵਰਨਰ ਹਨ, ਹੁਣ ਬਕਿੰਘਮ ਪੈਲੇਸ ਵੱਲੋਂ ਸੋਧੇ ਗਏ ਨਵੇਂ ਕਾਰਜ-ਵੇਰਵੇ ਤਹਿਤ "ਧਰਮਾਂ ਲਈ ਸੁਖਾਵਾਂ ਮਾਹੌਲ ਅਤੇ ਸੁਰੱਖਿਆ" ਪ੍ਰਦਾਨ ਕਰਨਗੇ। ਸ਼ਾਹੀ ਪਰਿਵਾਰ ਦੇ ਵਿੱਤੀ ਮਾਮਲਿਆਂ ਦੀ ਸਾਲਾਨਾ ਸਮੀਖਿਆ, 'ਸੋਵਰੇਨ ਗ੍ਰਾਂਟ ਰਿਪੋਰਟ 2025-26' ਵਿੱਚ ਪ੍ਰਕਾਸ਼ਿਤ ਇਸ ਨਵੀਂ ਪਰਿਭਾਸ਼ਾ ਨੇ ਪਿਛਲੇ ਸਾਲ ਦੀ ਉਸ ਪਰਿਭਾਸ਼ਾ ਨੂੰ ਬਦਲ ਦਿੱਤਾ ਹੈ ਜਿਸ ਵਿੱਚ ਮਹਾਰਾਜਾ ਨੂੰ "ਰਾਸ਼ਟਰ ਦੇ ਮੁਖੀ" ਵਜੋਂ "ਚਰਚ ਆਫ਼ ਇੰਗਲੈਂਡ ਦੇ ਮੁਖੀ ਅਤੇ ਧਰਮ ਦੇ ਰੱਖਿਅਕ" ਵਜੋਂ ਦਰਸਾਇਆ ਗਿਆ ਸੀ। ਇਸ ਸਾਲ ਦੀ ਰਿਪੋਰਟ ਵਿੱਚ ਇਸ ਨੂੰ ਹੋਰ ਸਪੱਸ਼ਟ ਕਰਦੇ ਹੋਏ ਲਿਖਿਆ ਗਿਆ ਹੈ: "ਮਹਾਰਾਜਾ ਚਰਚ ਆਫ਼ ਇੰਗਲੈਂਡ ਦੇ ਸਰਵਉੱਚ ਗਵਰਨਰ ਹਨ ਅਤੇ ਇਸ ਬਹੁ-ਧਰਮੀ ਦੇਸ਼ ਦੇ ਅੰਦਰ ਸਾਰੇ ਧਰਮਾਂ ਲਈ ਸੁਰੱਖਿਅਤ ਸਥਾਨ ਅਤੇ ਮਾਹੌਲ ਦੀ ਰੱਖਿਆ ਕਰਦੇ ਹਨ।" ਮ ਹਾਰਾਜਾ ਦੀ ਤਾਜਪੋਸ਼ੀ ਤੋਂ ਪਹਿਲਾਂ ਇਸ ਗੱਲ 'ਤੇ ਕਾਫ਼ੀ ਬਹਿਸ ਹੋਈ ਸੀ ਕਿ ਕੀ ਮਹਾਰਾਜਾ ਆਪਣੇ ਈਸਾਈ ਪੂਰਵਜਾਂ ਵਾਂਗ ਸਿਰਫ਼ ਇੱਕ ਖਾਸ ਧਰਮ ਦੇ ਰੱਖਿਅਕ ਬਣਨਗੇ ਜਾਂ ਸਾਰੇ ਧਰਮਾਂ ਦੇ ਰੱਖਿਅਕ ਵਜੋਂ ਬਹੁਵਚਨ ਸ਼ਬਦ ਦੀ ਚੋਣ ਕਰਨਗੇ। ਹਾਲਾਂਕਿ, ਉਸ ਸਮੇਂ ਉਹਨਾਂ ਨੇ ਰਵਾਇਤੀ ਸ਼ਬਦਾਵਲੀ ਨੂੰ ਹੀ ਚੁਣਿਆ ਸੀ। ਪਰ, ਉਹਨਾਂ ਨੇ ਪ੍ਰਿੰਸ ਆਫ਼ ਵੇਲਜ਼ ਹੁੰਦਿਆਂ ਅਤੇ ਹੁਣ ਮਹਾਰਾਜਾ ਵਜੋਂ ਵੀ ਆਪਣੇ ਕਾਰਜਕਾਲ ਦੌਰਾਨ ਵੱਖ-ਵੱਖ ਧਰਮਾਂ ਦੇ ਆਪਸੀ ਸੰਵਾਦ ਨੂੰ ਆਪਣੇ ਜੀਵਨ ਦਾ ਇੱਕ ਮੁੱਖ ਹਿੱਸਾ ਬਣਾਇਆ ਹੈ। ਉਹ ਅਕਸਰ ਬਰਤਾਨੀਆਂ ਸਮੇਤ ਦੁਨੀਆ ਭਰ ਦੇ ਯਹੂਦੀ, ਮੁਸਲਿਮ, ਸਿੱਖ, ਆਰਥੋਡਾਕਸ ਅਤੇ ਹੋਰ ਧਾਰਮਿਕ ਭਾਈਚਾਰਿਆਂ ਨਾਲ ਲਗਾਤਾਰ ਮੁਲਾਕਾਤਾਂ ਤੇ ਪ੍ਰੋਗਰਾਮ ਕਰਦੇ ਰਹਿੰਦੇ ਹਨ। ਇਸ ਦੇ ਉਲਟ, ਮਰਹੂਮ ਮਹਾਰਾਣੀ ਐਲਿਜ਼ਾਬੈਥ ਦੂਜੀ ਦੇ ਸਮੇਂ ਦੀ ਸੋਵਰੇਨ ਗ੍ਰਾਂਟ ਰਿਪੋਰਟ ਵਿੱਚ ਉਹਨਾਂ ਦੀ ਭੂਮਿਕਾ ਬਹੁਤ ਸਰਲ ਸੀ, ਜਿਸ ਵਿੱਚ ਉਹਨਾਂ ਨੂੰ "ਚਰਚ ਆਫ਼ ਇੰਗਲੈਂਡ ਦੀ ਸਰਵਉੱਚ ਗਵਰਨਰ" ਅਤੇ "ਹਥਿਆਰਬੰਦ ਸੈਨਾਵਾਂ ਦੀ ਮੁਖੀ" ਦੱਸਿਆ ਗਿਆ ਸੀ। ਜਦਕਿ, ਇਸ ਸਾਲ ਦੀ ਸਮੀਖਿਆ ਵਿੱਚ ਮਹਾਰਾਜਾ ਚਾਰਲਸ ਬਾਰੇ ਲਿਖਿਆ ਗਿਆ ਹੈ ਕਿ ਉਹ "ਸਾਡੀਆਂ ਹਥਿਆਰਬੰਦ ਸੈਨਾਵਾਂ ਨੂੰ ਰੂਹਾਨੀ ਅਤੇ ਨੈਤਿਕ ਸਹਾਇਤਾ ਪ੍ਰਦਾਨ ਕਰਦੇ ਹਨ।"

# ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ ਅਤੇ ਮਹਾਰਾਸ਼ਟਰ ਸਰਕਾਰ ਦੇ ਕੈਬਨਟ ਮੰਤਰੀ ਸ੍ਰੀ ਚੰਦਰਸ਼ੇਖਰ ਬਾਵਨਕੁਲੇ ਵਿਚਕਾਰ ਹੋਈ ਅਹਿਮ ਮੀਟਿੰਗ





ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ ਅਤੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਸ੍ਰੀ ਦਵਿੰਦਰ ਫੜਨਵੀਸ ਜੀ ਵੱਲੋਂ ਨਿਯੁਕਤ ਕੀਤੇ ਗਏ ਮਹਾਰਾਸ਼ਟਰ ਸਰਕਾਰ ਦੇ ਕੈਬਨਟ ਮੰਤਰੀ ਸ੍ਰੀ ਚੰਦਰਸ਼ੇਖਰ ਬਾਵਨਕੁਲੇ ਵਿਚਕਾਰ ਹੋਈ ਅਹਿਮ ਮੀਟਿੰਗ ਉਪਰੰਤ ਇਹ ਫੈਸਲਾ ਲਿਆ ਗਿਆ ਹੈ ਕਿ ਜੋ ਤਖਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਦਾ ਸੋਧ ਬਿਲ ਹੈ ਉਹ ਸਿੱਖ ਸੰਸਥਾਵਾਂ ਦੇ ਨੁਮਾਇੰਦਿਆ ਦੀ 11 ਮੈਂਬਰੀ ਕਮੇਟੀ ਦੇ ਨਾਲ ਪੂਰਨ ਵਿਚਾਰ ਵਿਟਾਂਦਰੇ ਅਤੇ ਪੂਰਨ ਸਮੀਖਿਆ ਕਰਨ ਉਪਰੰਤ ਹੀ ਪਾਸ ਕੀਤਾ ਜਾਏਗਾ । ਇਸ ਸਬੰਧੀ ਤਖਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਵੰਤ ਸਿੰਘ ਜੀ ਵੱਲੋਂ ਸਿੰਘ ਸਾਹਿਬ ਗਿਆਨੀ ਰਾਮ ਸਿੰਘ ਜੀ ਦੀ ਅਗਵਾਈ ਹੇਠ ਭੇਜੇ ਗਏ ਵਫਦ ਨੇ ਵੀ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਮੁਖੀ ਦਮਦਮੀ ਟਕਸਾਲ ਨਾਲ ਅਹਿਮ ਮੀਟਿੰਗ ਕੀਤੀ ਅਤੇ ਇਹਨਾਂ ਇਹਨਾਂ ਸਭ ਮੀਟਿੰਗਾਂ ਤੋਂ ਬਾਅਦ ਇਸ ਸਿੱਟੇ ਤੇ ਪਹੁੰਚਿਆ ਗਿਆ ਕਿ ਕੋਈ ਵੀ ਫੈਸਲਾ ਲੈਣ ਤੋਂ ਪਹਿਲਾਂ ਸਮੁੱਚੀਆਂ ਸਿੱਖ ਸੰਗਤਾਂ ਜਥੇਬੰਦੀਆਂ ਅਤੇ ਸਿੱਖ ਸੰਸਥਾਵਾਂ ਨਾਲ ਪੂਰਨ ਵਿਚਾਰ ਵਟਾਂਦਰਾ ਕੀਤਾ ਜਾਏਗਾ ਅਤੇ ਸਭ ਦੀ ਸਹਿਮਤੀ ਉਪਰੰਤ ਹੀ ਇਹ ਬਿੱਲ ਨੂੰ ਵਿਧਾਨ ਸਭਾ ਦੁਆਰਾ ਪਾਸ ਕੀਤਾ ਜਾਵੇਗਾ ।

# ਬਰਤਾਨੀਆ 'ਚ ਸ਼ਰਨਾਰਥੀਆਂ ਨੂੰ ਪੱਕੇ ਹੋਣ ਤੋਂ ਪਹਿਲਾਂ 10,000 ਪੌਂਡ ਤੱਕ ਦੀ ਰਕਮ ਸਰਕਾਰ ਨੂੰ ਵਾਪਸ ਕਰਨੀ ਪਵੇਗੀ – ਸ਼ਬਾਨਾ ਮਹਿਮੂਦ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆ ਵਿੱਚ ਗ਼ੈਰਕਾਨੂੰਨੀ ਪ੍ਰਵਾਸ ਵੱਡੀ ਸਮੱਸਿਆ ਹੈ, ਇਸੇ ਮੁੱਦੇ ਤੇ ਹੀ ਬਰਤਾਨੀਆ ਕੁਝ ਸਾਲ ਪਹਿਲਾਂ ਯੂਰਪੀ ਸੰਘ ਤੋਂ ਵੱਖ ਹੋਇਆ ਸੀ। ਇਹ ਮਾਮਲਾ ਹਮੇਸ਼ਾ ਸਰਕਾਰਾਂ ਦੇ ਗਲ ਦੀ ਹੱਡੀ ਬਣਿਆ ਰਹਿੰਦਾ ਹੈ। ਇਸ ਮਾਮਲੇ ਨੂੰ ਲੈ ਕੇ ਜਿੱਥੇ ਸੱਜੇ ਪੱਖੀ ਵਿਚਾਰਧਾਰਾ ਵਾਲੀਆਂ ਪਾਰਟੀਆਂ ਰਿਵਾਇਤੀ ਪਾਰਟੀਆਂ ਤੇ ਭਾਰੂ ਪੈ ਰਹੀਆਂ ਹਨ, ਉੱਥੇ ਹੀ ਹੁਣ ਲੇਬਰ ਸਰਕਾਰ ਇਮੀਗ੍ਰੇਸ਼ਨ ਅਤੇ ਗੈਰ ਕਾਨੂੰਨੀ ਪ੍ਰਵਾਸ ਨੂੰ ਰੋਕਣ ਲਈ ਸਖ਼ਤ ਕਦਮ ਚੁੱਕ ਰਹੀ ਹੈ।

ਗ੍ਰਹਿ ਮੰਤਰੀ ਸ਼ਬਾਨਾ ਮਹਿਮੂਦ ਵੱਲੋਂ ਇੱਕ ਨਵੇਂ ਇਮੀਗ੍ਰੇਸ਼ਨ ਕਾਨੂੰਨ ਦੀ ਘੋਸ਼ਣਾ ਕੀਤੀ ਗਈ ਹੈ। ਇਸ ਨਵੇਂ ਪ੍ਰਸਤਾਵ ਦੇ ਤਹਿਤ, ਯੂ ਕੇ ਵਿੱਚ ਪੱਕੇ ਹੋਣ ਤੋਂ ਪਹਿਲਾਂ ਸਫਲ ਬਾਲਗ ਸ਼ਰਨਾਰਥੀਆਂ ਨੂੰ ਸਰਕਾਰੀ ਰਿਹਾਇਸ਼ ਅਤੇ ਸਹਾਇਤਾ ਦੇ ਖਰਚੇ ਵਜੋਂ 10,000 ਪੌਂਡ ਤੱਕ ਦੀ ਰਕਮ ਸਰਕਾਰ ਨੂੰ ਵਾਪਸ ਕਰਨੀ ਪਵੇਗੀ।



ਸ਼ਬਾਨਾ ਮਹਿਮੂਦ

ਸਰਕਾਰ ਦੇ ਮੁਤਾਬਕ, ਇਹ ਕੋਈ ਫੀਸ ਨਹੀਂ ਹੈ, ਬਲਕਿ ਇਹ ਵਿਦਿਆਰਥੀ ਕਰਜ਼ਾ ਪ੍ਰਣਾਲੀ ਵਾਂਗ ਕੰਮ ਕਰੇਗੀ। ਇਹ ਪੈਸੇ ਓਦੋਂ ਹੀ ਵਾਪਸ ਲਏ ਜਾਣਗੇ ਜਦੋਂ ਸ਼ਰਨਾਰਥੀ ਨੂੰ ਰਾਜਸੀ ਸ਼ਰਨ ਮਿਲ ਜਾਵੇਗੀ। ਉਹ ਕੰਮ ਕਰਨਾ ਸ਼ੁਰੂ ਕਰੇਗਾ ਅਤੇ ਉਸਦੀ ਕਮਾਈ ਇੱਕ ਖਾਸ ਤੈਅਸ਼ੁਦਾ ਆਮਦਨ ਤੋਂ ਉੱਪਰ ਹੋਵੇਗੀ।

ਯੂ ਕੇ ਵਿੱਚ ਪੱਕੇ ਤੌਰ 'ਤੇ ਰਹਿਣ ਲਈ ਇਸ ਕਰਜ਼ੇ ਨੂੰ ਪੂਰੀ ਤਰ੍ਹਾਂ ਚੁਕਾਉਣਾ ਲਾਜ਼ਮੀ ਹੋਵੇਗਾ। ਕਰਜ਼ਾ ਪੂਰਾ ਹੋਣ ਤੱਕ ਪੱਕੀ ਰਿਹਾਇਸ਼ ਨਹੀਂ ਮਿਲੇਗੀ।

ਇਹ ਨਿਯਮ ਪੁਰਾਣੇ ਕੇਸਾਂ 'ਤੇ ਲਾਗੂ ਨਹੀਂ ਹੋਵੇਗਾ ਅਤੇ ਬੱਚਿਆਂ ਨੂੰ ਇਸ ਤੋਂ ਪੂਰੀ ਤਰ੍ਹਾਂ ਮੁਕਤ ਰੱਖਿਆ ਗਿਆ ਹੈ। ਜੇਕਰ ਕੋਈ ਵਿਅਕਤੀ ਇਹ ਕਰਜ਼ਾ ਚੁਕਾਏ ਬਿਨਾਂ ਯੂ ਕੇ ਛੱਡ ਕੇ ਚਲਾ ਜਾਂਦਾ ਹੈ, ਤਾਂ ਭਵਿੱਖ ਵਿੱਚ ਦੇਸ਼ ਵਾਪਸ ਆਉਣ ਲਈ ਉਸਨੂੰ ਪਹਿਲਾਂ ਇਹ ਪੂਰੀ ਰਕਮ ਅਦਾ ਕਰਨੀ ਪਵੇਗੀ।

ਜ਼ਿਕਰਯੋਗ ਹੈ ਕਿ ਗ੍ਰਹਿ ਵਿਭਾਗ 'ਤੇ ਸ਼ਰਨਾਰਥੀ ਸਹਾਇਤਾ ਅਤੇ ਰਿਹਾਇਸ਼ 'ਤੇ ਹੋਣ ਵਾਲੇ 4 ਅਰਬ ਪੌਂਡ ਦੇ ਸਾਲਾਨਾ ਖਰਚੇ ਨੂੰ ਘਟਾਉਣ ਦਾ ਭਾਰੀ ਦਬਾਅ ਹੈ। ਸਰਕਾਰੀ ਅੰਕੜਿਆਂ ਅਨੁਸਾਰ, ਹੋਟਲ ਰਿਹਾਇਸ਼ 'ਤੇ ਪ੍ਰਤੀ ਵਿਅਕਤੀ ਪ੍ਰਤੀ ਰਾਤ ਔਸਤਨ 144 ਪੌਂਡ ਦਾ ਖਰਚਾ ਆਉਂਦਾ ਹੈ।

ਗ੍ਰਹਿ ਮੰਤਰੀ ਸ਼ਬਾਨਾ ਮਹਿਮੂਦ ਨੇ ਕਿਹਾ ਕਿ ਸ਼ਰਨਾਰਥੀ ਸਹਾਇਤਾ ਪ੍ਰਾਪਤ ਕਰਨਾ ਇੱਕ ਅਧਿਕਾਰ ਹੈ, ਪਰ ਇਹ ਇੱਕ ਜ਼ਿੰਮੇਵਾਰੀ ਵੀ ਹੈ। ਜਦੋਂ ਲੋਕਕਮਾਉਣ ਦੇ ਯੋਗ ਹੋ ਜਾਣ, ਤਾਂ ਅਸੀਂ ਉਮੀਦ ਕਰਦੇ ਹਾਂ ਕਿ ਉਹ ਬਰਤਾਨਵੀ ਲੋਕਾਂ ਦੀ ਉਦਾਰਤਾ ਦਾ ਮੁੱਲ ਮੋੜਨ।

ਇਸ ਫੈਸਲੇ ਤੋਂ ਬਾਅਦ ਯੂ ਕੇ ਦੇ ਸਿਆਸੀ ਅਤੇ ਸਮਾਜਿਕ ਹਲਕਿਆਂ ਵਿੱਚ ਬਹਿਸ ਛਿੜ ਗਈ ਹੈ। 'ਰਿਫਿਊਜੀ ਕੌਂਸਲ' ਵਰਗੀਆਂ ਸੰਸਥਾਵਾਂ ਨੇ ਇਸਦੀ ਸਖ਼ਤ ਨਿੰਦਾ ਕਰਦਿਆਂ ਇਸਨੂੰ "ਸ਼ਰਨਾਰਥੀਆਂ 'ਤੇ ਵਾਧੂ ਟੈਕਸ" ਦੱਸਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜੰਗ ਅਤੇ ਤਸ਼ਦੱਦ ਤੋਂ ਬਚ ਕੇ ਆਏ ਲੋਕਾਂ ਸਿਰ ਕੰਮ ਸ਼ੁਰੂ ਕਰਦਿਆਂ ਹੀ 10,000 ਪੌਂਡ ਦਾ ਕਰਜ਼ਾ ਮੜ੍ਹਨਾ ਉਨ੍ਹਾਂ ਨੂੰ ਸਮਾਜ ਵਿੱਚ ਘੁਲਣ-ਮਿਲਣ ਤੋਂ ਰੋਕੇਗਾ।

ਮਾਹਰਾਂ ਦਾ ਮੰਨਣਾ ਹੈ ਕਿ ਇਸ ਨਾਲ ਟੈਕਸਦਾਤਾਵਾਂ ਨੂੰ ਕੋਈ ਖਾਸ ਫਾਇਦਾ ਨਹੀਂ ਹੋਵੇਗਾ। ਅੰਕੜੇ ਦਰਸਾਉਂਦੇ ਹਨ ਕਿ ਸ਼ਰਨ ਮਿਲਣ ਦੇ 5 ਸਾਲਾਂ ਬਾਅਦ ਵੀ 15% ਤੋਂ ਘੱਟ ਸ਼ਰਨਾਰਥੀ 20,000 ਪੌਂਡ ਤੋਂ ਵੱਧ ਕਮਾ ਪਾਉਂਦੇ ਹਨ, ਜਿਸ ਕਰਕੇ ਬਹੁਤ ਘੱਟ ਲੋਕ ਇਸ ਭੁਗਤਾਨ ਦੇ ਦਾਇਰੇ ਵਿੱਚ ਆਉਣਗੇ।

ਸ਼ੈਡੋ ਗ੍ਰਹਿ ਮੰਤਰੀ ਕ੍ਰਿਸ ਫਿਲਪ ਨੇ ਦਾਅਵਾ ਕੀਤਾ ਕਿ ਇਹ ਅਸਲ ਵਿੱਚ ਕੰਜ਼ਰਵੇਟਿਵ ਪਾਰਟੀ ਦੀ ਯੋਜਨਾ ਸੀ ਜਿਸਨੂੰ ਲੇਬਰ ਪਾਰਟੀ ਨੇ ਪਹਿਲਾਂ ਰੋਕਿਆ ਸੀ, ਅਤੇ ਹੁਣ ਉਹ ਖੁਦ ਇਸਨੂੰ ਅਪਣਾ ਰਹੇ ਹਨ।

## ਫੈਡਰੇਸ਼ਨ ਆਫ ਇੰਡੀਅਨ ਸੁਸਾਇਟੀਜ਼ ਇੰਟਰਨੈਸ਼ਨਲ ਯੂ ਕੇ ਵੱਲੋਂ ਲੰਡਨ ਵਿੱਚ ਗੋਲਡਨ ਜੁਬਲੀ ਸਮਾਗਮ ਕਰਵਾਇਆ ਗਿਆ




ਵੱਖ ਵੱਖ ਖੇਤਰਾਂ ਚ ਯੋਗਦਾਨ ਪਾਉਣ ਵਾਲੀਆਂ ਸ਼ਖ਼ਸੀਅਤਾਂ ਦਾ ਸਨਮਾਨ ਪ੍ਰਾਪਤ ਕਰਨ ਸਮੇਂ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ ਕੇ ਵਿੱਤ ਭਾਰਤੀ ਭਾਈਚਾਰੇ ਦੀ ਅਵਾਜ਼, ਆਪਣੀ ਵਿਰਾਸਤ ਅਤੇ ਜੜ੍ਹਾਂ ਨਾਲ ਭਾਈਚਾਰੇ ਨੂੰ ਜੋੜਨ ਵਾਲੀ ਸੰਸਥਾ ਫੈਡਰੇਸ਼ਨ ਆਫ ਇੰਡੀਅਨ ਸੁਸਾਇਟੀਜ਼ ਇੰਟਰਨੈਸ਼ਨਲ ਯੂ ਕੇ ਵੱਲੋਂ ਲੰਡਨ ਦੇ ਵੈਸਟ ਕੇਨਸਿੰਗਟਨ ਦੇ 'ਦ ਭਵਨ' ਵਿਖੇ ਇੱਕ ਬੇਹੱਦ ਯਾਦਗਾਰੀ ਗੋਲਡਨ ਜੁਬਲੀ ਸਮਾਗਮ ਕਰਵਾਇਆ ਗਿਆ। 50 ਸਾਲਾਂ ਦੀ ਸ਼ਾਨਦਾਰ ਵਿਰਾਸਤ, ਨਿਰੰਤਰ ਸੇਵਾ ਅਤੇ ਬੇਮਿਸਾਲ ਪ੍ਰਾਪਤੀਆਂ ਦੇ ਜਸ਼ਨ ਨਾਲ ਭਰੇ ਇਸ ਇਤਿਹਾਸਕ ਮੌਕੇ 'ਤੇ ਪੂਰੇ ਯੂ ਕੇ ਤੋਂ 300 ਤੋਂ ਵੱਧ ਪ੍ਰਮੁੱਖ ਸ਼ਖ਼ਸੀਅਤਾਂ ਅਤੇ ਮਹਿਮਾਨਾਂ ਨੇ ਸ਼ਿਰਕਤ ਕੀਤੀ।ਇਸ ਸੰਸਥਾ ਦਾ ਗਠਨ ਸਾਲ 1976 ਵਿੱਚ ਭਾਰਤ ਦੇ ਐਮਰਜੈਂਸੀ ਦੇ ਗੰਭੀਰ ਦੌਰ ਦੌਰਾਨ ਹੋਇਆ। ਇਸ ਸੰਸਥਾ ਦੀ ਸਥਾਪਨਾ ਤੋਂ ਲੈ ਕੇ, ਅੱਜ ਭਾਰਤ-ਯੂ ਕੇ ਮੁਕਤ ਵਪਾਰ ਸਮਝੌਤੇ ਵਰਗੇ ਅਹਿਮ ਮੁੱਦਿਆਂ 'ਤੇ ਸਾਰਥਕ ਭੂਮਿਕਾ ਨਿਭਾਉਣ ਤੱਕ ਇਸ ਸੰਸਥਾ ਦਾ ਸਫ਼ਰ ਬਹੁਤ ਹੀ ਮਹੱਤਵਪੂਰਨ ਰਿਹਾ।

ਇਸ ਮੌਕੇ ਵੱਖ ਵੱਖ ਖੇਤਰਾਂ ਵਿੱਚ ਯੋਗਦਾਨ ਪਾਉਣ ਵਾਲੀਆਂ ਸ਼ਖ਼ਸੀਅਤਾਂ ਦਾ ਸਨਮਾਨ ਕੀਤਾ ਗਿਆ, ਜਿਸ ਵਿੱਚ ਪੰਜਾਬੀ ਮੂਲ ਦੇ ਲਾਰਡ ਰੰਮੀ ਰੇਂਜਰ, ਸਾਬਕਾ ਐਮ ਪੀ ਵਰਿੰਦਰ ਸ਼ਰਮਾਂ ਅਤੇ ਵਾਤਾਵਰਣ ਲਈ ਕੰਮ ਕਰਨ ਵਾਲੇ ਸੇਵਾ ਟਰੱਸਟ ਯੂ ਕੇ ਦੇ ਚੇਅਰਮੈਨ ਚਰਨਕੰਵਲ ਸਿੰਘ ਸੇਖੋਂ ਵੀ ਸ਼ਾਮਲ ਸਨ।

VACANCIES
JSR CONTRACTS LTD.

ਮਾਨਚੈਸਟਰ ਦੀਆਂ ਸਾਈਟਾਂ 'ਤੇ ਕਾਰਪੈਂਟਰ ਦਾ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ

Carpenters required at various sites in Manchester

**Job Descriptions:** In this role as an experienced Carpenter, a diverse set of responsibilities during the job, consist of 37.5 hours of dedicated work per week. You will be responsible for cutting, shaping, and assembling wooden elements for the construction of hoardings and other structures using saws, planes, chisels, and other power or hand tools to cut, shape, and drill according to specifications. Your main duties will include setting up shutters as required, ensuring levels are correctly set, and laying and fixing steel. You will assist with pouring and finishing concrete. You will also be responsible for stripping and cleaning shutters for reuse, as well as cutting and cleaning slabs, maintaining and repairing wood-work and fittings, aligning and fixing prepared wood pieces using screws, nails, glue, and dowels to form frames, and carrying out on-site soft strip demolition.

**Annual pay is - £ 30,960.**
**The required training will be provided.**

**Person must have CSCS, Asbestos Awareness and Manual Handling**
*** Overseas candidates must do UK construction industry standard qualifications on arrival and before joining the job.**

**Contact Mr. Randhawa via email below:**
**Email: jsrcontractslimited@gmail.com**

# ਐਡਿਨਬਰਾ ਵਿੱਚ ਮੁਸਲਿਮ ਵਿਰੋਧੀ ਹਮਲਿਆਂ ਤੋਂ ਇੱਕ ਹਫ਼ਤੇ ਬਾਅਦ ਹਜ਼ਾਰਾਂ ਲੋਕਾਂ ਨੇ ਨਸਲਵਾਦ ਦੇ ਵਿਰੋਧ ਵਿੱਚ ਪ੍ਰਦਰਸ਼ਨ ਕੀਤਾ






ਗਲਾਸਗੋ,(ਹਰਜੀਤ ਸਿੰਘ ਦੁਸਾਂਝ ਪੁਆਦੜਾ) - ਸਕਾਟਲੈਂਡ ਦੀ ਰਾਜਧਾਨੀ ਐਡਿਨਬਰਾ ਵਿੱਚ ਕਥਿਤ ਮੁਸਲਿਮ ਵਿਰੋਧੀ ਹਮਲਿਆਂ ਤੋਂ ਇੱਕ ਹਫ਼ਤੇ ਬਾਅਦ 5000 ਹਜ਼ਾਰ ਤੋਂ ਵੱਧ ਲੋਕ ਨਸਲਵਾਦ ਅਤੇ ਧਾਰਮਿਕ ਨਫ਼ਰਤ ਦੇ ਖ਼ਿਲਾਫ਼ ਸੜਕਾਂ 'ਤੇ ਉਤਰ ਆਏ। ਪ੍ਰਦਰਸ਼ਨਕਾਰੀਆਂ ਨੇ ਏਕਤਾ, ਸਮਾਨਤਾ ਅਤੇ ਆਪਸੀ ਸਤਿਕਾਰ ਦਾ ਸੰਦੇਸ਼ ਦਿੰਦਿਆਂ ਕਿਹਾ ਕਿ ਕਿਸੇ ਵੀ ਭਾਈਚਾਰੇ ਵਿਰੁੱਧ ਨਫ਼ਰਤ ਜਾਂ ਹਿੰਸਾ ਲਈ ਸਮਾਜ ਵਿੱਚ ਕੋਈ ਥਾਂ ਨਹੀਂ ਹੋਣੀ ਚਾਹੀਦੀ। ਇਹ ਪ੍ਰਦਰਸ਼ਨ ਉਸ ਵੇਲੇ ਹੋਇਆ ਜਦੋਂ ਪਿਛਲੇ ਹਫ਼ਤੇ ਸ਼ਹਿਰ ਵਿੱਚ ਹੋਏ ਕਈ ਚਾਕੂ ਹਮਲਿਆਂਤੋਂ ਬਾਅਦ ਇੱਕ ਵਿਅਕਤੀ 'ਤੇ ਅੱਤਵਾਦ ਨਾਲ ਸੰਬੰਧਿਤ ਅਤੇ ਕਤਲ ਦੀ ਕੋਸ਼ਿਸ਼ ਦੇ ਦੋਸ਼ ਲਗਾਏ ਗਏ। ਪੁਲਿਸ ਦਾ ਕਹਿਣਾ ਹੈ ਕਿ ਜਾਂਚ ਤੋਂ ਪਤਾ ਲੱਗਿਆ ਹੈ ਕਿ ਹਮਲਿਆਂ ਵਿੱਚ ਮੁਸਲਿਮ ਭਾਈਚਾਰੇ ਦੇ ਲੋਕਾਂ ਨੂੰ ਨਿਸ਼ਾਨਾ ਬਣਾਇਆ ਗਿਆ, ਜਿਸ ਕਾਰਨ ਮਾਮਲੇ ਨੂੰ ਦਹਿਸ਼ਤਗਰਦੀ ਵਿਰੋਧੀ ਜਾਂਚ ਦੇ ਤਹਿਤ ਦੇਖਿਆ ਜਾ ਰਿਹਾ ਹੈ। ਇਸ ਹਮਲੇ ਵਿੱਚ ਦੋ ਭਾਰਤੀ ਵਿਦਿਆਰਥੀ ਬੁਰੀ ਤਰ੍ਹਾਂ ਨਾਲ ਜ਼ਖ਼ਮੀ ਹੋਏ।

ਰੈਲੀ ਵਿੱਚ ਸ਼ਾਮਲ ਲੋਕਾਂ ਨੇ "ਨਸਲਵਾਦ ਲਈ ਕੋਈ ਥਾਂ ਨਹੀਂ" ਅਤੇ "ਅਸੀਂ ਇਕੱਠੇ ਹਾਂ" ਵਰਗੇ ਨਾਅਰੇ ਲਗਾਏ। ਵੱਖ-ਵੱਖ ਧਾਰਮਿਕ, ਸਮਾਜਿਕ ਅਤੇ ਮਨੁੱਖੀ ਅਧਿਕਾਰ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਵੀ ਹਿੱਸਾ ਲਿਆ ਅਤੇ ਲੋਕਾਂ ਨੂੰ ਨਫ਼ਰਤ ਫੈਲਾਉਣ ਵਾਲੀਆਂ ਘਟਨਾਵਾਂ ਦਾ ਡਟ ਕੇ ਵਿਰੋਧ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਇਸ ਰੈਲੀ ਦਾ ਮਕਸਦ ਮੁਸਲਿਮ ਭਾਈਚਾਰੇ ਅਤੇ ਹੋਰ ਘੱਟਗਿਣਤੀ ਸਮੂਹਾਂ ਨਾਲ ਇੱਕਜੁੱਟਤਾ ਪ੍ਰਗਟ ਕਰਨਾ ਅਤੇ ਇਹ ਸੰਦੇਸ਼ ਦੇਣਾ ਸੀ ਕਿ ਐਡਿਨਬਰਾ ਇੱਕ ਅਜਿਹਾ ਸ਼ਹਿਰ ਹੈ ਜਿੱਥੇ ਹਰ ਧਰਮ, ਨਸਲ ਅਤੇ ਪਿਛੋਕੜ ਦੇ ਲੋਕਾਂ ਦਾ ਸਵਾਗਤ ਹੈ। ਪੁਲਿਸ ਨੇ ਲੋਕਾਂ ਨੂੰ ਅਫ਼ਵਾਹਾਂ ਤੋਂ ਦੂਰ ਰਹਿਣ ਅਤੇ ਜਾਂਚ ਪੂਰੀ ਹੋਣ ਤੱਕ ਧੀਰਜ ਰੱਖਣ ਦੀ ਅਪੀਲ ਕੀਤੀ ਹੈ।


ਨਾਲ ਹੀ ਭਰੋਸਾ ਦਿਵਾਇਆ ਗਿਆ ਹੈ ਕਿ ਸ਼ਹਿਰ ਵਿੱਚ ਸੁਰੱਖਿਆ ਦੇ ਇੰਤਜ਼ਾਮ ਹੋਰ ਮਜ਼ਬੂਤ ਕੀਤੇ ਗਏ ਹਨ ਅਤੇ ਦੋਸ਼ੀ ਖ਼ਿਲਾਫ਼ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

## ਇਟਲੀ ਪੁਲਿਸ ਵਲੋਂ ਮਾਨਤੋਵਾ ਦੇ ਦੋ ਭਾਰਤੀ ਖੇਤੀਬਾੜੀ ਫ਼ਾਰਮਾ ਉੱਪਰ ਵੱਡੀ ਕਾਰਵਾਈ ,ਪ੍ਰਬੰਧਕੀ ਢਾਂਚੇ ਵਿੱਚ ਅਨੇਕਾਂ ਘਾਟਾਂ ਕਾਰਨ ਹੋਇਆ 46 ਹਜ਼ਾਰ ਯੂਰੋ ਜੁਰਮਾਨਾ



ਰੋਮ ਇਟਲੀ - (ਗੁਰਸ਼ਰਨ ਸਿੰਘ ਸੋਨੀ) ਦੋ ਸਾਲ ਪਹਿਲਾਂ ਇਟਲੀ ਦੇ ਲਾਤੀਨਾ ਵਿਖੇ ਭਾਰਤੀ ਕਾਮੇ ਸਤਨਾਮ ਸਿੰਘ ਦੀ ਕੰਮ ਦੇ ਮਾਲਕ ਦੀ ਅਣਗਹਿਲੀ ਕਾਰਨ ਮੌਤ ਹੋ ਗਈ।ਉਹ ਸਿਰਫ਼ ਇੱਕ ਕਿਰਤੀ ਦਾ ਮੌਤ ਨਹੀਂ ਸੀ ਸਗੋਂ ਚਿੱਟੇ ਦਿਨ ਇਨਸਾਨੀਅਤ ਦਾ ਕਤਲ ਸੀ ਜਿਸ ਨੇ ਪ੍ਰਸ਼ਾਸਨ ਦੀ ਨੀਂਦ ਉਡਾ ਦਿੱਤੀ ਤੇ ਉਸ ਦਿਨ ਤੋਂ ਬਾਅਦ ਇਟਲੀ ਦੀ ਪੁਲਿਸ ਵੱਲੋਂ ਬਹੁਤ ਜਿਆਦਾ ਖਾਸ ਕਰਕੇ ਖੇਤੀਬਾੜੀ ਫ਼ਾਰਮਾਂ ਤੇ ਸਖ਼ਤੀ ਵਰਤੀ ਜਾ ਰਹੀ ਹੈ ਤਾਂ ਜੋ ਦੁਬਾਰਾ ਕੋਈ ਸਤਨਾਮ ਨਾ ਮਰੇ। ਇਸੇ ਲੜੀ ਤਹਿਤ ਉੱਤਰੀ ਇਟਲੀ ਦੇ ਜਿਲ੍ਹਾ ਮਾਨਤੋਵਾ ਦੇ ਰੋਵਰਬੇਲਾ ਤੇ ਵੀਆਦਾਨਾ ਵਿਖੇ ਸਥਿਤ ਦੋ ਭਾਰਤੀ ਖੇਤੀਬਾੜੀ ਫ਼ਾਰਮਾਂ ਤੇ ਪੁਲਿਸ ਵੱਲੋਂ ਛਾਪੇਮਾਰੀ ਕੀਤੀ ਗਈ । ਜਿੱਥੋਂ ਬਿਨ੍ਹਾਂ ਪੇਪਰਾਂ ਤੋਂ ਭਾਰਤੀ ਮੂਲ ਦੇ ਕਾਮਿਆਂ ਨੂੰ ਪੁੱਛਗਿੱਛ ਕੀਤੀ ਗਈ ਤੇ ਕਾਨੂੰਨ ਅਨੁਸਾਰ ਮਾਲਕ ਦੇ ਫਾਰਮ ਵਿੱਚ ਬਹੁਤ ਜ਼ਿਆਦਾ ਖ਼ਾਮੀਆਂ ਪਾਈਆਂ ਗਈਆਂ ।ਪੁਲਿਸ ਵੱਲੋਂ ਕਾਮਿਆਂ ਨਾਲ ਸੋਸ਼ਣ ਤੇ ਬਿਨ੍ਹਾਂ ਪੇਪਰਾਂ ਤੋਂ ਕੰਮ ਕਰਵਾਉਣ ਤੇ ਹੋਰ ਬਹੁਤ ਸਾਰੀਆਂ ਘਾਟਾਂ ਅਧੀਨ ਭਾਰਤੀ ਮੂਲ ਦੇ ਮਾਲਕਾਂ ਨੂੰ 46 ਹਜ਼ਾਰ ਯੂਰੋ ਦਾ ਜੁਰਮਾਨਾ ਲਗਾਇਆ ਗਿਆ ਤੇ ਦੋਵਾਂ ਫਾਰਮਾਂ ਨੂੰ ਮੁਅੱਤਲ ਕਰ ਦਿੱਤਾ ਗਿਆ। ਪੁਲਿਸ ਅਨੁਸਾਰ ਰੋਵਰਬੇਲਾ ਸਥਿਤ ਫਾਰਮ ਦੀ ਮਾਲਕਣ 25 ਸਾਲਾ ਔਰਤ ਹੈ ਅਤੇ ਵੀਆਦਾਨਾ ਸਥਿਤ ਫਾਰਮ ਦਾ ਮਾਲਕ 45 ਸਾਲਾ ਆਦਮੀ, ਦੋਵੇਂ ਭਾਰਤੀ ਨਾਗਰਿਕ ਹਨ। ਵੀਆਦਾਨਾ ਫਾਰਮ ਤੇ ਕੰਮ ਕਰਦੇ 7 ਗੈਰ-ਕਾਨੂੰਨੀ ਕਾਮਿਆਂ ਵਿੱਚੋਂ 4 ਨੂੰ ਨੌਕਰੀ 'ਤੇ ਰੱਖਿਆ ਗਿਆ ਸੀ। ਜਦੋਂ ਕਿ ਰੋਵਰ-ਬੇਲਾ ਫਾਰਮ ਤੇ 12 ਕਾਮਿਆਂ ਦੀ ਪਛਾਣ ਕੀਤੀ, ਜਿਨ੍ਹਾਂ ਵਿੱਚੋਂ ਅੱਠ ਗੈਰ-ਕਾਨੂੰਨੀ ਸਨ। ਮੀਡੀਆ ਰਿਪੋਰਟਾਂ ਅਨੁਸਾਰ ਖੇਤੀਬਾੜੀ ਕਾਮਿਆਂ ਨੂੰ ਮਾਲਕਾਂ ਵਲੋ ਵੱਧ ਕੰਮ ਤੇ ਪੈਸੇ ਘੱਟ ਦਿੱਤੇ ਜਾ ਰਹੇ ਸਨ। ਦੂਜੇ ਪਾਸੇ ਇੰਨੀ ਦਿਨੀ ਪੈ ਰਹੀ ਅੱਤ ਦੀ ਗਰਮੀ ਕਾਰਨ ਗਰਮੀ ਦੇ ਘੰਟਿਆਂ ਵਿੱਚ ਆਰਾਮ ਦੀ ਬਜਾਏ ਕੰਮ ਕਰਵਾਇਆ ਜਾ ਰਿਹਾ ਸੀ। ਹੋਰ ਵੀ ਬਹੁਤ ਸਾਰੀਆਂ ਕਨੂੰਨੀ ਉਣ-ਤਾਣ ਪਾਈਆਂ ਗਈਆਂ ।ਜ਼ਿਕਰਯੋਗ ਹੈ ਕਿ ਬਿਨਾਂ ਇਕਰ-ਾਰਨਾਮੇ ਤੋਂ ਕੰਮ ਕਰਵਾਉਣ,ਸਹੀ ਰੇਟ ਨਾ ਦੇਣ ਅਤੇ ਮਜ਼ਦੂਰਾਂ ਦੀ ਸੁਰੱਖਿਆ ਨੂੰ ਲੈ ਕੇ ਸਾਰੇ ਜ਼ਿਲ੍ਹਿਆਂ ਦੀ ਪੁਲਿਸ ਅਤੇ ਉੱਚ ਅਧਿਕਾਰੀਆਂ ਦੀਆਂ ਇਹਨੀਂ ਦਿਨੀ ਵਿਸ਼ੇਸ਼ ਮੀਟਿੰਗਾਂ ਹੋ ਰਹੀਆਂ ਹਨ ਅਤੇ ਸਰਕਾਰ ਵੱਲੋਂ ਕਨੂੰਨ ਨੂੰ ਸਖਤੀ ਨਾਲ ਲਾਗੂ ਕਰਵਾਉਣ ਦੇ ਦਿਸ਼ਾ ਨਿਰਦੇਸ਼ ਦਿੱਤੇ ਗਏ ਹਨ।ਇਸ ਕਾਰਵਾਈ ਨਾਲ ਹੋਰ ਵੀ ਕਈ ਫਾਰਮ ਮਾਲਕਾਂ ਦੇ ਚਿਹਰੇ ਪੀਲੇ ਪਏ ਦੇਖੇ ਗਏ ਜਿਹੜੇ ਕਿ ਅਕਸਰ ਹੀ ਕਾਨੂੰਨ ਨੂੰ ਛਿੱਕੇ ਟੰਗ ਕਿਰਤੀਆਂ ਦਾ ਸ਼ੋਸ਼ਣ ਕਰਨਾ ਆਪਣਾ ਹੱਕ ਸਮਝਦੇ ਹਨ।

## ਵਿਸ਼ਵ ਕੱਪ ਤੋਂ ਬਾਹਰ ਹੋਣ ਮਗਰੋਂ ਸਟੀਵ ਕਲਾਰਕ ਨੇ ਸਕਾਟਲੈਂਡ ਦੇ ਮੁੱਖ ਕੋਚ ਅਹੁਦੇ ਤੋਂ ਦਿੱਤਾ ਅਸਤੀਫਾ



ਗਲਾਸਗੋ,(ਹਰਜੀਤ ਸਿੰਘ ਦੁਸਾਂਝ ਪੁਆਦੜਾ) - ਸਕਾਟਲੈਂਡ ਦੀ ਫੁੱਟਬਾਲ ਟੀਮ ਦੇ ਮੁੱਖ ਕੋਚ ਸਟੀਵ ਕਲਾਰਕ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਇਹ ਫੈਸਲਾ ਸਕਾਟਲੈਂਡ ਦੇ ਫ਼ੀਫ਼ਾ ਵਿਸ਼ਵ ਕੱਪ 2026 ਤੋਂ ਬਾਹਰ ਹੋਣ ਤੋਂ ਤੁਰੰਤ ਬਾਅਦ ਲਿਆ। ਸਕਾਟਲੈਂਡ ਨੇ ਗਰੁੱਪ ਸੀ ਵਿੱਚ ਤਿੰਨ ਮੈਚਾਂ ਵਿੱਚੋਂ ਸਿਰਫ਼ ਇੱਕ ਜਿੱਤ ਦਰਜ ਕੀਤੀ। ਟੀਮ ਨੇ 3 ਅੰਕ ਹਾਸਲ ਕੀਤੇ ਪਰ ਗਰੁੱਪ ਵਿੱਚ ਤੀਜੇ ਸਥਾਨ 'ਤੇ ਰਹੀ ਅਤੇ ਸਰਵੋਤਮ ਤੀਜੇ ਸਥਾਨ ਵਾਲੀਆਂ ਟੀਮਾਂ ਵਿੱਚ ਵੀ ਜਗ੍ਹਾ ਨਹੀਂ ਬਣਾ ਸਕੀ। ਇਸ ਕਾਰਨ ਉਸਦਾ ਵਿਸ਼ਵ ਕੱਪ ਸਫ਼ਰ ਗਰੁੱਪ ਪੜਾਅ 'ਤੇ ਹੀ ਸਮਾਪਤ ਹੋ ਗਿਆ। 62 ਸਾਲਾ ਕਲਾਰਕ 2019 ਤੋਂ ਸਕਾਟਲੈਂਡ ਦੇ ਕੋਚ ਸਨ। ਉਨ੍ਹਾਂ ਦੀ ਅਗਵਾਈ ਹੇਠ ਸਕਾਟਲੈਂਡ ਨੇ ਲਗਾਤਾਰ ਦੋ ਯੂਰਪੀ ਚੈਂਪੀਅਨਸ਼ਿਪਾਂ ਲਈ ਕੁਆਲੀਫਾਈ ਕੀਤਾ ਅਤੇ 1998 ਤੋਂ ਬਾਅਦ ਪਹਿਲੀ ਵਾਰ ਵਿਸ਼ਵ ਕੱਪ ਲਈ ਵੀ ਕੁਆਲੀਫਾਈ ਕੀਤਾ। ਇਸ ਕਾਰਨ ਉਨ੍ਹਾਂ ਨੂੰ ਸਕਾਟਲੈਂਡ ਦੇ ਸਭ ਤੋਂ ਸਫਲ ਰਾਸ਼ਟਰੀ ਟੀਮ ਕੋਚਾਂ ਵਿੱਚੋਂ ਇੱਕ ਮੰਨਿਆ ਗਿਆ। ਹੈਰਾਨੀ ਦੀ ਗੱਲ ਇਹ ਹੈ ਕਿ ਕਲਾਰਕ ਨੇ ਵਿਸ਼ਵ ਕੱਪ ਸ਼ੁਰੂ ਹੋਣ ਤੋਂ ਕੁਝ ਹੀ ਹਫ਼ਤੇ ਪਹਿਲਾਂ ਆਪਣਾ ਕਰਾਰ 2030 ਤੱਕ ਵਧਾਇਆ ਸੀ। ਫਿਰ ਵੀ ਵਿਸ਼ਵ ਕੱਪ ਵਿੱਚ ਨਿਰਾਸ਼ਾਜਨਕ ਪ੍ਰਦਰਸ਼ਨ ਤੋਂ ਬਾਅਦ ਉਨ੍ਹਾਂ ਨੇ ਅਹੁਦਾ ਛੱਡਣ ਦਾ ਫੈਸਲਾ ਕੀਤਾ।ਵਿਦਾਈ ਸੰਦੇਸ਼ ਵਿੱਚ ਕਲਾਰਕ ਨੇ ਖਿਡਾਰੀਆਂ, ਸਟਾਫ਼ ਅਤੇ ਸਮਰਥਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਕਾਟਲੈਂਡ ਦੀ ਰਾਸ਼ਟਰੀ ਟੀਮ ਦੀ ਕੋਚਿੰਗ ਕਰਨਾ ਉਨ੍ਹਾਂ ਲਈ ਮਾਣ ਦੀ ਗੱਲ ਰਹੀ। ਹੁਣ ਸਕਾਟਿਸ਼ ਫੁੱਟਬਾਲ ਐਸੋਸੀਏਸ਼ਨ ਨਵੇਂ ਮੁੱਖ ਕੋਚ ਦੀ ਭਾਲ ਸ਼ੁਰੂ ਕਰੇਗੀ।

## ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਘੱਟ ਗਿਣਤੀ ਕਾਰਨ ਗਲਾਸਗੋ ਯੂਨੀਵਰਸਿਟੀ ਘਾਟੇ ਵਿੱਚ, ਸਟਾਫ 'ਚ ਕਟੌਤੀ ਦੀ ਤਿਆਰੀ

ਗਲਾਸਗੋ,(ਹਰਜੀਤ ਸਿੰਘ ਦੁਸਾਂਝ ਪੁਆਦੜਾ) - ਸਕਾਟਲੈਂਡ ਦੀ ਪ੍ਰਸਿੱਧ ਅਤੇ 575 ਸਾਲ ਪੁਰਾਣੀ ਗਲਾਸਗੋ ਯੂਨੀਵਰਸਿਟੀ ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਵਿੱਚ ਆਈ ਗਿਰਾਵਟ ਕਾਰਨ ਪੈਦਾ ਹੋਏ ਵਿੱਤੀ ਦਬਾਅ ਨਾਲ ਨਜਿੱਠਣ ਲਈ ਕਰਮਚਾਰੀਆਂ ਦੀ ਗਿਣਤੀ ਘਟਾਉਣ ਦੀ ਯੋਜਨਾ ਬਣਾਈ ਹੈ। ਯੂਕੇ ਸਰਕਾਰ ਵੱਲੋਂ ਇਮੀਗ੍ਰੇਸ਼ਨ ਕਾਨੂੰਨ ਵਿੱਚ ਸਖ਼ਤੀ ਕਾਰਨ ਯੂਨੀਵਰਸਿਟੀ ਨੂੰ ਵਿਦੇਸ਼ੀ ਵਿਦਿਆਰਥੀਆਂ ਤੋਂ ਹੋਣ ਵਾਲੀ ਆਮਦਨ ਵਿੱਚ ਵੱਡੀ ਕਮੀ ਦਾ ਸਾਹਮਣਾ ਕਰਨਾ ਪਿਆ ਹੈ, ਜਿਸ ਕਾਰਨ ਬਜਟ ਤੇ ਦਬਾਅ ਵਧ ਗਿਆ ਹੈ। ਯੂਨੀਵਰਸਿਟੀ ਖਰਚੇ ਘਟਾਉਣ ਲਈ ਲਗਭਗ 100 ਅਸਾਮੀਆਂ ਖਤਮ ਕਰਨ ਜਾ ਰਹੀ ਹੈ। ਪ੍ਰਬੰਧਨ ਦਾ ਕਹਿਣਾ ਹੈ ਕਿ ਇਹ ਕਦਮ ਸੰਸਥਾ ਦੀ ਲੰਬੇ ਸਮੇਂ ਦੀ ਵਿੱਤੀ ਸਥਿਰਤਾ ਨੂੰ ਯਕੀਨੀ ਬਣਾਉਣ ਲਈ ਲਿਆ ਜਾ ਰਿਹਾ ਹੈ। ਇਹ ਸਮੱਸਿਆ ਸਿਰਫ਼ ਇੱਕ ਯੂਨੀਵਰਸਿਟੀ ਤੱਕ ਸੀਮਿਤ ਨਹੀਂ ਹੈ। ਪਿਛਲੇ ਕੁਝ ਸਾਲਾਂ ਵਿੱਚ ਵੀਜ਼ਾ ਨੀਤੀਆਂ ਵਿੱਚ ਤਬਦੀਲੀਆਂ, ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਘਟਦੀ ਗਿਣਤੀ ਅਤੇ ਵਧਦੇ ਸੰਚਾਲਕੀ ਖਰਚਿਆਂ ਕਾਰਨ ਸਕਾਟਲੈਂਡ ਅਤੇ ਪੂਰੇ ਬ੍ਰਿਟੇਨ ਦੀਆਂ ਕਈ ਯੂਨੀਵਰਸਿਟੀਆਂ ਵਿੱਤੀ ਸੰਕਟ ਦਾ ਸਾਹਮਣਾ ਕਰ ਰਹੀਆਂ ਹਨ। ਸਟਾਫ਼ ਯੂਨੀਅਨਾਂ ਨੇ ਸੰਭਾਵਿਤ ਨੌਕਰੀਆਂ ਵਿੱਚ ਕਟੌਤੀ ਤੇ ਚਿੰਤਾ ਜਤਾਈ ਹੈ ਅਤੇ ਪ੍ਰਬੰਧਨ ਨੂੰ ਅਪੀਲ ਕੀਤੀ ਹੈ ਕਿ ਜ਼ਬਰਦਸਤੀ ਛਾਂਟੀਆਂ ਤੋਂ ਬਚਣ ਲਈ ਹੋਰ ਵਿਕਲਪਾਂ ਤੇ ਵੀ ਗੌਰ ਕੀਤਾ ਜਾਵੇ।

# 'ਆਪ' ਨੂੰ ਘੇਰਨ ਲਈ ਕਾਂਗਰਸ ਦੀ 'ਦੋਹਰੀ ਰਣਨੀਤੀ'

ਦਰਪਣ ਝੂਠ ਨਹੀ ਬੋਲਦਾ
ਪੰਜਾਬ ਟਾਈਮਜ਼ ਮੀਡੀਆ

## ✪ ਪੰਜਾਬ ਸਣੇ ਕਈ ਸੂਬਿਆਂ ਵਿਚ ਵੱਡੇ ਫੇਰਬਦਲ ਦੀ ਤਿਆਰੀ ✪ ਰਾਜਾ ਵੜਿੰਗ ਦੀ ਪ੍ਰਧਾਨਗੀ 'ਤੇ ਸਵਾਲੀਆ ਨਿਸ਼ਾਨ ? ਚੰਨੀ ਤੇ ਪਰਗਟ ਸਿੰਘ ਦੇ ਨਾਂ ਸਭ ਤੋਂ ਅੱਗੇ ✪ ਜਾਤੀ ਸਮੀਕਰਨਾਂ ਵਿਚ ਉਲਝੀ ਪੰਜਾਬ ਕਾਂਗਰਸ: ਜੱਟ ਸਿੱਖ ਜਾਂ ਦਲਿਤ ਚਿਹਰਾ, ਕਿਸ ਦੇ ਸਿਰ ਸਜੇਗਾ ਪ੍ਰਧਾਨਗੀ ਦਾ ਤਾਜ ? ✪ ਅਕਾਲ ਤਖ਼ਤ ਸਾਹਿਬ ਦੇ ਫ਼ੈਸਲੇ ਤੋਂ ਬਾਅਦ ਮੁੱਖ ਮੰਤਰੀ ਖ਼ਿਲਾਫ਼ ਕਾਂਗਰਸ ਸਰਗਰਮ ਕਿਉਂ ਸਰਗਰਮ ✪ ਕੀ ਦੇਸ਼ ਦੀ ਸਿਆਸਤ ਵਿਚ ਦੇਖਣ ਨੂੰ ਮਿਲੇਗਾ ਕਾਂਗਰਸ-ਬਸਪਾ ਗਠਜੋੜ ?

ਅਗਲੇ ਵਰ੍ਹੇ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਦੇਸ਼ ਦੀ ਸਿਆਸਤ ਵਿੱਚ ਹਲਚਲ ਤੇਜ਼ ਹੋ ਗਈ ਹੈ। ਸਭ ਤੋਂ ਦਿਲਚਸਪ ਸਥਿਤੀ ਕਾਂਗਰਸ ਦੀ ਹੈ, ਜੋ ਇਸ ਵਾਰ 'ਕਰੋ ਜਾਂ ਮਰੋ' ਵਾਲੀ ਦੋਹਰੀ ਰਣਨੀਤੀ 'ਤੇ ਕੰਮ ਕਰ ਰਹੀ ਹੈ। ਇੱਕ ਪਾਸੇ ਜਿੱਥੇ ਪਾਰਟੀ ਉੱਤਰਾਖੰਡ, ਗੋਆ ਅਤੇ ਮਨੀਪੁਰ ਵਰਗੇ ਰਾਜਾਂ ਵਿੱਚ ਆਪਣੀ ਪੁਰਾਣੀ ਪੈਂਠ ਵਾਪਸ ਲਿਆਉਣ ਲਈ ਸਰਗਰਮ ਹੈ, ਉੱਥੇ ਹੀ ਦੂਜੇ ਪਾਸੇ ਉਸਦਾ ਮੁੱਖ ਨਿਸ਼ਾਨਾ ਆਪ ਨੂੰ ਰੋਕਣਾ ਹੈ।

ਸਾਲ 2022 ਵਿੱਚ ਜਿਸ ਤਰ੍ਹਾਂ 'ਆਪ' ਨੇ ਪੰਜਾਬ, ਗੋਆ ਅਤੇ ਗੁਜਰਾਤ ਵਿੱਚ ਕਾਂਗਰਸ ਦੇ ਵੋਟ ਬੈਂਕ ਨੂੰ ਖੋਰਾ ਲਾਇਆ ਸੀ, ਉਸ ਦਾ ਤੋੜ ਲੱਭਣਾ ਹੁਣ ਕਾਂਗਰਸ ਲਈ ਸਭ ਤੋਂ ਵੱਡੀ ਚੁਣੌਤੀ ਬਣ ਗਿਆ ਹੈ। ਕਾਂਗਰਸ ਭਲੀਭਾਂਤ ਜਾਣਦੀ ਹੈ ਕਿ ਜਦੋਂ ਤੱਕ ਉਹ 'ਆਪ' ਦੇ ਵਧਦੇ ਕਦਮਾਂ ਨੂੰ ਨਹੀਂ ਰੋਕਦੀ, ਉਦੋਂ ਤੱਕ ਖੇਤਰੀ ਅਤੇ ਰਾਸ਼ਟਰੀ ਪੱਧਰ 'ਤੇ ਉਸ ਦੀ ਵਾਪਸੀ ਮੁਸ਼ਕਲ ਹੈ।

ਗੁਜਰਾਤ ਵਿੱਚ 'ਆਪ' ਵਿਧਾਇਕ ਚੈਤਾਰ ਵਸਾਵਾ ਨੂੰ 7 ਸਾਲ ਦੀ ਸਜ਼ਾ ਤੋਂ ਬਾਅਦ 'ਆਪ' ਹਮਦਰਦੀ ਦੀ ਲਹਿਰ ਪੈਦਾ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਭਾਜਪਾ ਵੀ ਚਾਹੁੰਦੀ ਹੈ ਕਿ ਇਹ ਮੁੱਦਾ ਭਖਦਾ ਰਹੇ ਤਾਂ ਜੋ ਭਾਜਪਾ ਵਿਰੋਧੀ ਵੋਟਾਂ ਕਾਂਗਰਸ ਅਤੇ 'ਆਪ' ਵਿੱਚ ਵੰਡੀਆਂ ਜਾਣ। ਕਾਂਗਰਸ ਲਈ ਇੱਥੇ ਚੁਣੌਤੀ ਇਸ ਵੋਟ-ਵੰਡ ਨੂੰ ਰੋਕਣਾ ਹੈ।

ਪੰਜਾਬ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਖ਼ਿਲਾਫ਼ ਅਕਾਲ ਤਖ਼ਤ ਸਾਹਿਬ ਦੇ ਫੈਸਲੇ ਤੋਂ ਬਾਅਦ ਪੈਦਾ ਹੋਏ ਧਾਰਮਿਕ ਅਤੇ ਸਿਆਸੀ ਹਾਲਾਤ ਨੂੰ ਕਾਂਗਰਸ ਆਪਣੇ ਹੱਕ ਵਿੱਚ ਭੁਗਤਾਉਣ ਦੀ ਪੂਰੀ ਤਿਆਰੀ ਕਰ ਚੁੱਕੀ ਹੈ। ਕਾਂਗਰਸ ਇਸ ਮੁੱਦੇ ਰਾਹੀਂ ਸਰਕਾਰ ਨੂੰ ਪੰਥਕ ਅਤੇ ਪ੍ਰਸ਼ਾਸਨਿਕ ਫਰੰਟ 'ਤੇ ਘੇਰਨ ਦੀ ਵਿਉਂਤਬੰਦੀ ਬਣਾ ਰਹੀ ਹੈ।

ਪੰਜਾਬ ਵਿੱਚ ਕਾਂਗਰਸ ਹਾਈਕਮਾਂਡ ਨੇ ਅਜੇ ਮਾਕਨ ਦੀ ਰਿਪੋਰਟ ਤੋਂ ਬਾਅਦ ਵੱਡੇ ਫੇਰਬਦਲ ਦੇ ਸੰਕੇਤ ਦਿੱਤੇ ਹਨ। ਮੌਜੂਦਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਭਾਵੇਂ ਰਾਹੁਲ ਗਾਂਧੀ ਦੇ ਨੇੜੇ ਹਨ, ਪਰ ਪਾਰਟੀ ਦੇ ਆਮ ਵਰਕਰ ਅਤੇ ਕਈ ਸੀਨੀਅਰ ਆਗੂ ਉਨ੍ਹਾਂ ਤੋਂ ਸੰਤੁਸ਼ਟ ਨਹੀਂ ਹਨ। ਰਾਜਾ ਵੜਿੰਗ ਦੇ ਕਾਰਜਕਾਲ ਦੌਰਾਨ ਪਾਰਟੀ ਅੰਦਰਲੀ ਧੜੇਬੰਦੀ ਘਟਣ ਦੀ ਬਜਾਏ ਵਧੀ ਹੈ। ਪੰਜਾਬ ਦੀ ਸਿਆਸਤ ਵਿੱਚ ਜਾਤੀ ਅਤੇ ਧਾਰਮਿਕ ਸੰਤੁਲਨ ਬਹੁਤ ਅਹਿਮ ਹੈ। ਵਰਕਰਾਂ ਦਾ ਇੱਕ ਵੱਡਾ ਹਿੱਸਾ ਮੰਨਦਾ ਹੈ ਕਿ ਮੌਜੂਦਾ ਹਾਲਾਤ ਵਿੱਚ ਕਿਸੇ ਨਵੇਂ ਚਿਹਰੇ ਨੂੰ ਅੱਗੇ ਲਿਆਂਦਾ ਜਾਵੇ।

ਸੂਤਰਾਂ ਦਾ ਮੰਨਣਾ ਹੈ ਕਿ ਜੇਕਰ ਰਾਜਾ ਵੜਿੰਗ ਨੂੰ ਹਟਾਇਆ ਜਾਂਦਾ ਹੈ, ਤਾਂ ਉਨ੍ਹਾਂ ਨੂੰ ਕਿਸੇ ਹੋਰ ਅਹਿਮ ਕਮੇਟੀ ਦਾ ਮੁਖੀ ਬਣਾ ਕੇ ਐਡਜਸਟ ਕੀਤਾ ਜਾਵੇਗਾ। ਨਵੇਂ ਪ੍ਰਧਾਨ ਲਈ ਦੋ ਨਾਂ ਸਭ ਤੋਂ ਅੱਗੇ ਹਨ:

ਸਾਬਕਾ ਮੁੱਖ ਮੰਤਰੀ ਚਰਨਜੀਤ ਚੰਨੀ ਦੇ ਹੱਕ ਵਿੱਚ ਕਈ ਵਿਰੋਧੀ ਧੜੇ ਇੱਕਜੁੱਟ ਹੋ ਰਹੇ ਹਨ, ਅਤੇ ਦਲਿਤ ਚਿਹਰਾ ਹੋਣ ਕਾਰਨ ਜਾਤੀ ਸਮੀਕਰਨ ਵੀ ਉਨ੍ਹਾਂ ਦੇ ਪੱਖ ਵਿੱਚ ਹਨ। ਦੂਜੇ ਪਾਸੇ ਪਰਗਟ ਸਿੰਘ ਇੱਕ ਸੁਲਝੇ ਹੋਏ ਤੇ ਸਾਫ਼-



ਅਕਸ ਵਾਲੇ ਸਿਆਸਤਦਾਨ ਵਜੋਂ ਉਨ੍ਹਾਂ ਦੇ ਨਾਂ 'ਤੇ ਵੀ ਗੰਭੀਰਤਾ ਨਾਲ ਵਿਚਾਰ ਹੋ ਰਿਹਾ ਹੈ।

ਸੰਤੁਲਨ ਬਣਾਉਣ ਲਈ ਪਾਰਟੀ 2 ਜਾਂ 3 ਐਕਟਿੰਗ ਪ੍ਰਧਾਨ (ਹਿੰਦੂ, ਜੱਟ ਸਿੱਖ ਅਤੇ ਪੱਛੜੀਆਂ ਸ਼੍ਰੇਣੀਆਂ ਵਿੱਚੋਂ ਸੰਗਤ ਸਿੰਘ ਗਿਲਜੀਆਂ, ਹਰਦਿਆਲ ਕੰਬੋਜ਼ ਜਾਂ ਮਦਨ ਲਾਲ) ਵੀ ਨਿਯੁਕਤ ਕਰ ਸਕਦੀ ਹੈ। ਹਾਲਾਂਕਿ, ਪ੍ਰਤਾਪ ਸਿੰਘ ਬਾਜਵਾ ਦੇ 'ਲੀਡਰ ਆਫ਼ ਆਪੋਜੀਸ਼ਨ' ਵਜੋਂ ਬਣੇ ਰਹਿਣ ਦੀ ਪੂਰੀ ਸੰਭਾਵਨਾ ਹੈ।

ਦੇਸ਼ ਤੇ ਪੰਜਾਬ ਦੀ ਸਿਆਸਤ ਵਿੱਚ ਸਭ ਤੋਂ ਵੱਡੀ ਚਰਚਾ ਕਾਂਗਰਸ ਅਤੇ ਬਸਪਾ ਦੇ ਸੰਭਾਵੀ ਗਠਜੋੜ ਦੀ ਹੈ। ਸੋਨੀਆ ਗਾਂਧੀ, ਪ੍ਰਿਯੰਕਾ ਗਾਂਧੀ ਅਤੇ ਬਸਪਾ ਦੇ ਕਨਵੀਨਰ ਅਸ਼ੋਕ ਆਨੰਦ ਵਿਚਕਾਰ ਦਿੱਲੀ ਵਿੱਚ ਹੋਈਆਂ ਗੁਪਤ ਮੀਟਿੰਗਾਂ ਨੇ ਇਸ ਨੂੰ ਹਵਾ ਦਿੱਤੀ ਹੈ।

ਸੂਤਰਾਂ ਦਾ ਮੰਨਣਾ ਹੈ ਕਿ ਬਸਪਾ ਦੀ ਕੇਂਦਰੀ ਲੀਡਰਸ਼ਿਪ (ਮਾਇਆਵਤੀ) ਤਾਂ ਗਠਜੋੜ ਦੇ ਹੱਕ ਵਿੱਚ ਹੈ, ਪਰ ਵੱਖ-ਵੱਖ ਸੂਬਿਆਂ ਦੀ ਲੀਡਰਸ਼ਿਪ ਚਾਹੁੰਦੀ ਹੈ ਕਿ ਫੈਸਲਾ ਕੌਮੀ ਪੱਧਰ ਦੀ ਬਜਾਏ ਸੂਬਾ ਪੱਧਰ ਦੇ ਹਾਲਾਤ ਮੁਤਾਬਕ ਲਿਆ ਜਾਵੇ, ਕਿਉਂਕਿ ਕਈ ਰਾਜਾਂ ਵਿੱਚ ਖੇਤਰੀ ਪਾਰਟੀਆਂ ਨਾਲ ਉਨ੍ਹਾਂ ਦੇ ਪਹਿਲਾਂ ਹੀ ਸਮੀਕਰਨ ਬਣੇ ਹੋਏ ਹਨ।

ਪੰਜਾਬ ਵਿੱਚ ਸਥਿਤੀ: ਬਸਪਾ ਦੇ ਇਕੱਲੇ ਵਿਧਾਇਕ ਡਾ. ਨਛੱਤਰਪਾਲ ਅਨੁਸਾਰ ਉਹ ਹਾਈਕਮਾਂਡ ਦੇ ਫੈਸਲੇ ਦੇ ਪਾਬੰਦ ਹਨ। ਜੇਕਰ ਇਹ ਗਠਜੋੜ ਸਹੀ ਸੀਟ ਵੰਡ ਨਾਲ ਸਿਰੇ ਚੜ੍ਹਦਾ ਹੈ, ਤਾਂ ਇਹ ਪੰਜਾਬ ਅਤੇ ਉੱਤਰ ਪ੍ਰਦੇਸ਼ ਵਿੱਚ ਦਲਿਤ ਵੋਟ ਬੈਂਕ ਨੂੰ ਸੰਭਾਵੀ ਗਠਜੋੜ ਵੱਲ ਮੋੜਨ ਵਿੱਚ ਸਫਲ ਹੋ ਸਕਦਾ ਹੈ। ਪਰ ਜੇਕਰ ਅੰਦਰੂਨੀ ਖਿੱਚੋਤਾਣ ਰਹੀ, ਤਾਂ ਇਸ ਦਾ ਫਾਇਦਾ ਵਿਰੋਧੀਆਂ ਨੂੰ ਹੀ ਮਿਲੇਗਾ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਕਾਂਗਰਸ ਇਸ ਵੇਲੇ ਇੱਕ ਅਜਿਹੇ ਮੋੜ 'ਤੇ ਖੜ੍ਹੀ ਹੈ ਜਿੱਥੇ ਉਸ ਨੂੰ ਆਪਣੇ ਅੰਦਰੂਨੀ ਕਲੇਸ਼ ਨੂੰ ਮੁਕਾ ਕੇ ਨਵੀਂ ਲੀਡਰਸ਼ਿਪ ਤੈਅ ਕਰਨੀ ਪਵੇਗੀ ਅਤੇ ਨਾਲ ਹੀ ਬਸਪਾ ਵਰਗੀਆਂ ਪਾਰਟੀਆਂ ਨਾਲ ਗਠਜੋੜ ਕਰਕੇ ਇੱਕ ਮਜ਼ਬੂਤ ਬਦਲ ਪੇਸ਼ ਕਰਨਾ ਹੋਵੇਗਾ। ਜੇਕਰ ਕਾਂਗਰਸ ਆਪਣੀ ਇਸ ਦੋਹਰੀ ਰਣਨੀਤੀ ਅਤੇ ਸੰਗਠਨਾਤਮਕ ਫੇਰਬਦਲ ਵਿੱਚ ਸਫਲ ਰਹਿੰਦੀ ਹੈ, ਤਾਂ ਉਹ 'ਆਪ' ਅਤੇ ਭਾਜਪਾ ਦੋਵਾਂ ਲਈ ਵੱਡੀ ਮੁਸੀਬਤ ਖੜ੍ਹੀ ਕਰ ਸਕਦੀ ਹੈ।

# ਭਾਰਤ-ਪਾਕਿ ਵਿਚਾਲੇ ਅਧਿਕਾਰਤ ਗੱਲਬਾਤ ਬੰਦ, ਪਰ ਪਰਦੇ ਦੇ ਪਿੱਛੇ ਜਾਰੀ ਹੈ ਸੰਵਾਦ

## ✪ ਕੀ ਟਰੈਕ-2 ਗੱਲਬਾਤ ਟਾਲੇਗੀ ਭਵਿੱਖ ਦਾ ਸੰਕਟ ? ✪ ਕਿਉਂ ਜ਼ਰੂਰੀ ਹੈ ਭਾਰਤ-ਪਾਕਿਸਤਾਨ ਵਿਚਾਲੇ 'ਪਿਛਲੀ ਖਿੜਕੀ' ਦਾ ਖੁੱਲ੍ਹੇ ਰਹਿਣਾ ?

ਭਾਰਤ ਅਤੇ ਪਾਕਿਸਤਾਨ ਦੇ ਰਿਸ਼ਤੇ ਹਮੇਸ਼ਾ ਤੋਂ ਹੀ ਭੂ-ਰਾਜਨੀਤਿਕ ਤਣਾਅ, ਇਤਿਹਾਸਕ ਅਵਿਸ਼ਵਾਸ ਅਤੇ ਸਰਹੱਦੀ ਵਿਵਾਦਾਂ ਦੇ ਪਰਛਾਵਿਆਂ ਹੇਠ ਰਹੇ ਹਨ। ਜਦੋਂ ਮਈ 2025 ਵਿੱਚ ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ ਅੱਤਵਾਦੀ ਹਮਲਾ ਹੋਇਆ ਸੀ, ਤਾਂ ਦੋਵਾਂ ਮੁਲਕਾਂ ਵਿਚਾਲੇ ਤਣਾਅ ਆਪਣੇ ਸਿਖਰ 'ਤੇ ਪਹੁੰਚ ਗਿਆ ਸੀ। 26 ਬੇਕਸੂਰ ਸੈਲਾਨੀਆਂ ਦੀ ਜਾਨ ਲੈਣ ਵਾਲੇ ਇਸ ਹਮਲੇ ਤੋਂ ਬਾਅਦ, ਦੋ ਪਰਮਾਣੂ ਹਥਿਆਰਾਂ ਨਾਲ ਲੈਸ ਗੁਆਂਢੀ ਮੁਲਕਾਂ ਵਿਚਕਾਰ ਚਾਰ ਦਿਨਾਂ ਤੱਕ ਚੱਲੇ ਸੈਨਿਕ ਅਤੇ ਡਰੋਨ ਟਕਰਾਅ ਨੇ ਪੂਰੇ ਦੱਖਣੀ ਏਸ਼ੀਆ ਨੂੰ ਵੱਡੇ ਸੰਕਟ ਵਿੱਚ ਪਾ ਦਿੱਤਾ ਸੀ।

ਹਾਲਾਂਕਿ 10 ਮਈ 2025 ਨੂੰ ਹੋਈ ਜੰਗਬੰਦੀ ਨੇ ਤੁਰੰਤ ਖ਼ਤਰੇ ਨੂੰ ਟਾਲ ਦਿੱਤਾ ਸੀ, ਪਰ ਅਧਿਕਾਰਤ ਕੂਟਨੀਤੀ ਦੇ ਦਰਵਾਜ਼ੇ ਉਦੋਂ ਤੋਂ ਹੀ ਪੂਰੀ ਤਰ੍ਹਾਂ ਬੰਦ ਹਨ। ਅਜਿਹੇ ਜੰਮੇ ਹੋਏ ਹਾਲਾਤਾਂ ਦੇ ਬਾਵਜੂਦ, ਪਰਦੇ ਦੇ ਪਿੱਛੇ ਚੱਲ ਰਹੀ 'ਟਰੈਕ-2 ਡਿਪਲੋਮੈਸੀ' ਇੱਕ ਨਵੀਂ ਉਮੀਦ ਅਤੇ ਚਰਚਾ ਦਾ ਵਿਸ਼ਾ ਬਣੀ ਹੈ। ਕਤਰ ਦੀ ਰਾਜਧਾਨੀ ਦੋਹਾ ਅਤੇ ਪੱਛਮੀ ਏਸ਼ੀਆ ਦੇ ਕਈ ਨਿਰਪੱਖ ਸ਼ਹਿਰਾਂ ਵਿੱਚ ਦੋਵਾਂ ਦੇਸ਼ਾਂ ਦੇ ਸਾਬਕਾ ਡਿਪਲੋਮੈਟਾਂ, ਰਿਟਾਇਰਡ ਫੌਜੀ ਅਧਿਕਾਰੀਆਂ ਅਤੇ ਰਣਨੀਤਕ ਮਾਹਿਰਾਂ ਵਿਚਾਲੇ ਗੁਪਤ ਬੈਠਕਾਂ ਦੇ ਦੌਰ ਚੱਲ ਰਹੇ ਹਨ। ਭਾਵੇਂ ਦੋਵਾਂ ਮੁਲਕਾਂ ਦੀਆਂ ਸਰਕਾਰਾਂ ਇਸ ਬੈਕਚੈਨਲ ਸੰਵਾਦ 'ਤੇ ਜਨਤਕ ਤੌਰ 'ਤੇ ਪੂਰੀ ਚੁੱਪ ਸਾਧੀ ਬੈਠੀਆਂ ਹਨ, ਪਰ ਅਪ੍ਰੈਲ 2026 ਤੋਂ ਲਗਾਤਾਰ ਸਾਹਮਣੇ ਆ ਰਹੀਆਂ ਰਿਪੋਰਟਾਂ ਇਹ ਸਾਫ਼ ਕਰਦੀਆਂ ਹਨ ਕਿ ਅਧਿਕਾਰਤ ਰਿਸ਼ਤਿਆਂ ਵਿੱਚ ਤਕਰਾਰ ਦੇ ਬਾਵਜੂਦ ਸੰਵਾਦ ਦਾ ਸਿਲਸਲਾ ਜਾਰੀ ਹੈ।

ਕੌਮਾਂਤਰੀ ਰਾਜਨੀਤੀ ਅਤੇ ਕੂਟਨੀਤੀ ਦਾ ਇਹ ਸੁਨਹਿਰੀ ਨਿਯਮ ਹੈ ਕਿ ਜਦੋਂ ਸਾਹਮਣੇ ਵਾਲੇ ਦਰਵਾਜ਼ੇ ਬੰਦ ਹੋ ਜਾਣ, ਤਾਂ ਪਿਛਲੀ ਖਿੜਕੀ ਖੁੱਲ੍ਹੀ ਰੱਖਣੀ ਲਾਜ਼ਮੀ ਹੁੰਦੀ ਹੈ। ਭਾਰਤ ਦਾ ਇਹ ਸਟੈਂਡ ਬਿਲਕੁਲ ਸਪੱਸ਼ਟ ਅਤੇ ਜਾਇਜ਼ ਹੈ ਕਿ 'ਹਿੰਸਾ ਅਤੇ ਗੱਲਬਾਤ ਇਕੱਠੇ ਨਹੀਂ ਚੱਲ ਸਕਦੇ।'' ਇਸੇ ਸਖ਼ਤ ਰੁਖ਼ ਕਾਰਨ ਸਿੱਧਾ ਵਪਾਰ ਲਗਭਗ ਖ਼ਤਮ ਹੋ ਚੁੱਕਾ ਹੈ ਅਤੇ ਦੂਤਾਵਾਸਾਂ ਵਿੱਚ ਵੀ ਨਾਮਾਤਰ ਸਟਾਫ਼ ਰਹਿ ਗਿਆ ਹੈ।

ਭਾਰਤ ਸਰਕਾਰ ਸਮਝਦੀ ਹੈ ਕਿ ਪਾਕਿਸਤਾਨ ਨੂੰ ਇਹ ਸੁਨੇਹਾ ਦੇਣਾ ਜ਼ਰੂਰੀ ਹੈ ਕਿ ਸਰਹੱਦ ਪਾਰੋਂ ਫੈਲਾਈ ਜਾਂਦੀ ਅਸ਼ਾਂਤੀ ਦੀ ਹੁਣ ਭਾਰੀ ਕੀਮਤ ਚੁਕਾਉਣੀ ਪਵੇਗੀ। ਪਰ ਇਸ ਦੇ ਨਾਲ ਹੀ, ਇੱਕ ਗੁਆਂਢੀ ਹੋਣ ਦੇ ਨਾਤੇ, ਸੰਚਾਰ ਦਾ ਇੱਕ ਨਿਊਨਤਮ ਚੈਨਲ ਬਣਾਈ ਰੱਖਣਾ ਦੋਵਾਂ ਦੇ ਹਿੱਤ ਵਿੱਚ ਹੈ ਤਾਂ ਜੋ ਭਵਿੱਖ ਵਿੱਚ ਕਿਸੇ ਵੀ ਗਲਤਫਹਿਮੀ ਕਾਰਨ ਪੂਰਨ ਯੁੱਧ ਵਰਗੀ ਸਥਿਤੀ ਪੈਦਾ ਨਾ ਹੋਵੇ। ਮੌਜੂਦਾ ਹਾਲਾਤਾਂ ਨੂੰ ਦੇਖਦਿਆਂ ਨੇੜਲੇ ਭਵਿੱਖ ਵਿੱਚ ਭਾਰਤ-ਪਾਕਿਸਤਾਨ ਵਿਚਾਲੇ ਕਿਸੇ ਗੂੜ੍ਹੀ ''ਦੋਸਤੀ'' ਜਾਂ ਸਿੱਧੇ ਵਪਾਰ ਦੀ ਬਹਾਲੀ ਦੀ ਉਮੀਦ ਕਰਨਾ ਜਲਦਬਾਜ਼ੀ ਹੋਵੇਗੀ। ਟਰੈਕ-2 ਗੱਲਬਾਤ ਦਾ ਮਕਸਦ ਕੋਈ ਤੁਰੰਤ ਸ਼ਾਂਤੀ ਸਮਝੌਤਾ ਕਰਨਾ ਨਹੀਂ, ਸਗੋਂ ਤਣਾਅ ਨੂੰ ਬੇਕਾਬੂ ਹੋਣ ਤੋਂ ਰੋਕਣਾ ਅਤੇ ਬੇਵਿਸ਼ਵਾਸੀ ਨੂੰ ਕੁਝ ਹੱਦ ਤੱਕ ਘਟਾਉਣਾ ਹੈ। ਜਦੋਂ ਤੱਕ ਪਾਕਿਸਤਾਨ ਆਪਣੀ ਧਰਤੀ ਤੋਂ ਚੱਲ ਰਹੇ ਖਾੜਕੂ ਨੈੱਟਵਰਕ ਨੂੰ ਪੂਰੀ ਤਰ੍ਹਾਂ ਨੱਥ ਨਹੀਂ ਪਾਉਂਦਾ, ਉਦੋਂ ਤੱਕ ਇਹ ਗੈਰ-ਰਸਮੀ ਅਤੇ ਗੁਪਤ ਸੰਵਾਦ ਹੀ ਦੋਵਾਂ ਪਰਮਾਣੂ ਸ਼ਕਤੀਆਂ ਵਿਚਕਾਰ ਸਿਆਸੀ ਅਤੇ ਸੈਨਿਕ ਤਕਰਾਰ ਨੂੰ ਕੰਟਰੋਲ ਵਿੱਚ ਰੱਖਣ ਦੀ ਸਭ ਤੋਂ ਪ੍ਰਭਾਵਸ਼ਾਲੀ ਨੀਤੀ ਸਾਬਤ ਹੋਵੇਗੀ।

# 'ਦੇਸੀ ਮੇਲਾ ਯੂ.ਕੇ.' 2026 ਸਾਊਥਾਲ ਵਿਖੇ 5 ਜੁਲਾਈ ਨੂੰ

## ਸਾਊਥਾਲ ਪਾਰਕ, ਔਕਸਬ੍ਰਿਜ ਰੋਡ, ਸਾਊਥਾਲ ਵਿਖੇ ਆਯੋਜਿਤ ਕੀਤਾ ਜਾ ਰਿਹਾ ਹੈ

**ਜਿਸ ਵਿੱਚ ਬਲਕਾਰ ਅਣਖੀਲਾ, ਮਨਜਿੰਦਰ ਗੁਲਸ਼ਨ, ਅੰਗਰੇਜ਼ ਅਲੀ ਸਮੇਤ ਉੱਚ ਕੋਟੀ ਦੇ ਕਲਾਕਾਰ ਦਰਸ਼ਕਾਂ ਦਾ ਮਨੋਰੰਜਨ ਕਰਨਗੇ**



# ਕੀ ਭਾਜਪਾ ਦੀ ਭਗਵੀ ਨੀਤੀ ਬੰਗਾਲ ਵਿਚ ਖੜ੍ਹੀ ਕਰ ਰਹੀ ਏ ਨਵੀਆਂ ਚੁਣੌਤੀਆਂ ?

## ✪ ਕੀ ਬਾਗੀ ਟੀ.ਐੱਮ.ਸੀ. ਦੇ ਆਗੂਆਂ ਸਹਾਰੇ ਖੜ੍ਹਾ ਹੋਵੇਗਾ ਭਾਜਪਾ ਦਾ ਕਿਲ੍ਹਾ ? ✪ ਬੰਗਾਲ ਦੇ ਸੱਭਿਆਚਾਰ 'ਤੇ 'ਸ਼ਾਕਾਹਾਰੀ ਰਾਜਨੀਤੀ' ਦਾ ਪ੍ਰਭਾਵ ਕਿਉਂ ? ✪ ਜਨਤਾ ਦਾ ਗੁੱਸਾ ਅਤੇ ਮਮਤਾ ਦੀ ਚੁੱਪ: ਭਾਜਪਾ ਲਈ ਬਣ ਸਕਦੀ ਹੈ ਵੱਡੀ ਮੁਸੀਬਤ

ਪੱਛਮੀ ਬੰਗਾਲ ਦੀ ਸਿਆਸਤ ਹਮੇਸ਼ਾ ਹੀ ਦੇਸ਼ ਦੀਆਂ ਸਭ ਤੋਂ ਵੱਧ ਚਰਚਿਤ ਅਤੇ ਗਰਮਾ-ਗਰਮ ਸਿਆਸੀ ਪਿੱਚਾਂ ਵਿੱਚੋਂ ਇੱਕ ਰਹੀ ਹੈ। ਪਰ ਹਾਲੀਆ ਦਿਨਾਂ ਵਿੱਚ ਸੂਬੇ ਅੰਦਰ ਜੋ ਸਿਆਸੀ ਹਵਾ ਬਦਲਦੀ ਦਿਖਾਈ ਦੇ ਰਹੀ ਹੈ, ਉਸ ਨੇ ਆਮ ਜਨਤਾ ਤੋਂ ਲੈ ਕੇ ਸਿਆਸੀ ਮਾਹਿਰਾਂ ਤੱਕ ਸਭ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਹੈ। ਤ੍ਰਿਣਮੂਲ ਕਾਂਗਰਸ ਦੇ ਅਖੌਤੀ ਭ੍ਰਿਸ਼ਟਾਚਾਰ ਅਤੇ 'ਇਕਪਾਸੜ ਨੀਤੀ' ਵਿਰੁੱਧ ਵੱਡੀਆਂ-ਵੱਡੀਆਂ ਮੁਹਿੰਮਾਂ ਚਲਾ ਕੇ ਸੱਤਾ ਦੇ ਕੇਂਦਰ ਵੱਲ ਵਧਣ ਵਾਲੀ ਭਾਜਪਾ ਅੱਜ ਖੁਦ ਆਪਣੀਆਂ ਹੀ ਨੀਤੀਆਂ ਅਤੇ ਫੈਸਲਿਆਂ ਕਾਰਨ ਜਨਤਾ ਦੇ ਕਟਹਿਰੇ ਵਿੱਚ ਖੜ੍ਹੀ ਨਜ਼ਰ ਆ ਰਹੀ ਹੈ। ਸਵਾਲ ਇਹ ਉੱਠ ਰਿਹਾ ਹੈ ਕਿ ਕੀ ਬੰਗਾਲ ਦਾ ਬਦਲਦਾ ਸਰੂਪ ਸੱਚਮੁੱਚ ਵਿਕਾਸ ਵੱਲ ਵਧ ਰਿਹਾ ਹੈ ਜਾਂ ਫਿਰ ਇਹ ਸਿਰਫ਼ 'ਭਗਵਾਂਕਰਨ' ਦੀ ਸਿਆਸਤ ਦਾ ਇੱਕ ਨਵਾਂ ਅਧਿਆਏ ਹੈ, ਜਿਸ ਨੇ ਲੋਕਾਂ ਨੂੰ ਭਾਰੀ ਦੁਵਿਧਾ ਵਿੱਚ ਪਾ ਦਿੱਤਾ ਹੈ ?

ਭਾਜਪਾ ਲਈ ਸਭ ਤੋਂ ਵੱਡੀ ਦੁਵਿਧਾ ਉਸ ਦੇ ਆਪਣੇ ਹੀ ਫੈਸਲਿਆਂ ਨੇ ਖੜ੍ਹੀ ਕੀਤੀ ਹੈ। ਜਿਨ੍ਹਾਂ ਟੀ. ਐੱਮ. ਸੀ. ਆਗੂਆਂ 'ਤੇ ਭਾਜਪਾ ਨੇ ਕਦੇ ਗੰਭੀਰ ਦੋਸ਼ ਲਾਏ ਸਨ, ਅੱਜ ਉਹੀ ਆਗੂ ਸਿੱਧੇ ਜਾਂ ਅਸਿੱਧੇ ਤੌਰ 'ਤੇ ਭਾਜਪਾ ਦੀ ਬੇੜੀ ਵਿੱਚ ਸਵਾਰ ਹਨ। ਇਸ ਦਲਬਦਲੀ ਨੇ ਭਾਜਪਾ ਦੇ ਕੱਟੜ ਸਮਰਥਕਾਂ ਅਤੇ ਬੰਗਾਲ ਦੇ ਆਮ ਲੋਕਾਂ ਨੂੰ ਹੈਰਾਨੀ ਵਿੱਚ ਪਾ ਦਿੱਤਾ ਹੈ। ਜਨਤਾ ਇਹ ਸਮਝਣ ਤੋਂ ਅਸਮਰੱਥ ਹੈ ਕਿ ਜਿਸ 'ਭ੍ਰਿਸ਼ਟ ਸਿਸਟਮ' ਦੇ ਖ਼ਿਲਾਫ਼ ਉਨ੍ਹਾਂ ਨੇ ਤਬਦੀਲੀ ਦੀ ਉਮੀਦ ਜਗਾਈ ਸੀ, ਜੇਕਰ ਉਹੀ ਚਿਹਰੇ ਦੁਬਾਰਾ ਸੱਤਾ ਦੇ ਗਲਿਆਰਿਆਂ ਵਿੱਚ ਬੈਠਣੇ ਹਨ, ਤਾਂ ਫਿਰ ਇਸ ਕਥਿਤ ਬਦਲਾਅ ਦੇ ਮਾਇਨੇ ਕੀ ਰਹਿ ਗਏ ?

ਕੋਲਕਾਤਾ ਦੀ ਇਤਿਹਾਸਕ ਅਤੇ ਰੁੱਝੀ ਹੋਈ 'ਰੇਡ ਰੋਡ' (ਇੰਦਰਾ ਗਾਂਧੀ ਸਰਣੀ) ਹਮੇਸ਼ਾ ਹੀ ਸਿਆਸਤ ਦਾ ਪ੍ਰਤੀਕ ਰਹੀ ਹੈ। ਮਮਤਾ ਬੈਨਰਜੀ ਦੇ ਕਾਰਜਕਾਲ ਦੌਰਾਨ ਜੁਮੇ ਅਤੇ ਈਦ ਦੀ ਨਮਾਜ਼ ਲਈ ਇਸ ਸੜਕ ਨੂੰ ਬੰਦ ਕੀਤੇ ਜਾਣ 'ਤੇ ਭਾਜਪਾ ਨੇ ਇਸ ਨੂੰ 'ਮੁਸਲਿਮ ਪਖੀ ਨੀਤੀ' ਦਾ ਸਭ ਤੋਂ ਵੱਡਾ ਸਬੂਤ ਦੱਸਿਆ ਸੀ। ਹੁਣ ਸੱਤਾ ਦੇ ਪ੍ਰਭਾਵ ਨਾਲ ਸ਼ੁਭੇਂਦੂ ਅਧਿਕਾਰੀ ਨੇ ਨਮਾਜ਼ ਬੰਦ ਕਰਵਾ ਕੇ ਆਪਣੇ ਹਿੰਦੂਤਵ ਸਮਰਥਕਾਂ ਨੂੰ ਇਹ ਸੰਦੇਸ਼ ਦੇਣ ਦੀ ਕੋਸ਼ਿਸ਼ ਕੀਤੀ ਕਿ ਹੁਣ "ਇਕਪਾਸੜ ਨੀਤੀ ਦਾ ਦੌਰ ਖ਼ਤਮ" ਹੋ ਚੁੱਕਾ ਹੈ।

ਪਰ ਸਿਆਸਤ ਦਾ ਵਿਅੰਗ ਦੇਖੋ, ਹੁਣ ਉਸੇ ਰੇਡ ਰੋਡ ਨੂੰ ਕੌਮਾਂਤਰੀ ਯੋਗਾ ਦਿਵਸ ਦੇ ਨਾਂ 'ਤੇ 14 ਜੂਨ ਤੋਂ 21 ਜੂਨ ਤੱਕ (ਪੂਰੇ ਇੱਕ ਹਫ਼ਤੇ ਲਈ) ਬੰਦ ਰੱਖਿਆ ਗਿਆ। ਨਤੀਜਾ ਕੀ ਨਿਕਲਿਆ ? ਟ੍ਰੈਫਿਕ ਜਾਮ, ਆਮ ਲੋਕਾਂ ਦੀ ਖੱਜਲ-ਖੁਆਰੀ ਅਤੇ ਜਨਤਾ ਦੀ ਭਾਰੀ ਨਾਰਾਜ਼ਗੀ। ਜਨਤਾ ਦਾ ਇਹ ਸਵਾਲ ਬਿਲਕੁਲ ਜਾਇਜ਼ ਹੈ ਕਿ ਚਾਹੇ ਨਮਾਜ਼ ਹੋਵੇ ਜਾਂ



ਯੋਗਾ-ਸਿਆਸੀ ਲਾਹਾ ਲੈਣ ਲਈ ਜਨਤਕ ਸੜਕਾਂ ਨੂੰ ਬੰਦ ਕਿਉਂ ਕੀਤਾ ਜਾਵੇ ? ਪਹਿਲਾਂ ਜੇਕਰ ਮਮਤਾ ਸਰਕਾਰ 'ਤੇ ਇੱਕ ਪਾਸੜ ਨੀਤੀ ਦਾ ਦੋਸ਼ ਸੀ, ਤਾਂ ਹੁਣ ਨਵੀਂ ਵਿਵਸਥਾ 'ਤੇ ਆਪਣਾ ਸਿਆਸੀ ਭਗਵਾਂ ਏਜੰਡਾ ਥੋਪਣ ਦੇ ਇਲਜ਼ਾਮ ਲੱਗ ਰਹੇ ਹਨ।

ਬੰਗਾਲ ਦੇ ਸੱਭਿਆਚਾਰ ਅਤੇ ਖਾਣ-ਪੀਣ ਦੀਆਂ ਆਦਤਾਂ ਵਿੱਚ ਮੱਛੀ ਅਤੇ ਆਂਡੇ ਦਾ ਇੱਕ ਅਹਿਮ ਸਥਾਨ ਹੈ। ਚੋਣਾਂ ਦੌਰਾਨ 5 ਰੁਪਏ ਵਿੱਚ ਮੱਛੀ-ਚੌਲ ਦੇਣ ਵਾਲੀ ਕੈਂਟੀਨ ਚਲਾਉਣ ਦੇ ਵੱਡੇ-ਵੱਡੇ ਦਾਅਵੇ ਕੀਤੇ ਗਏ ਸਨ। ਪਰ ਹੁਣ ਸਕੂਲਾਂ ਦੇ ਮਿਡ-ਡੇ-ਮੀਲ (ਦੁਪਹਿਰ ਦੇ ਖਾਣੇ) ਵਿੱਚੋਂ ਆਂਡੇ ਨੂੰ ਹਟਾ ਕੇ ਉਸ ਦੀ ਥਾਂ ਪਨੀਰ ਅਤੇ ਰਾਜਮਾ ਸ਼ਾਮਲ ਕਰਨ ਅਤੇ ਇਸ ਦੀ ਜ਼ਿੰਮੇਵਾਰੀ 'ਇਸਕਾਨ' ਸੰਸਥਾ ਨੂੰ ਸੌਂਪੇ ਜਾਣ ਦੇ ਫੈਸਲੇ ਨੇ ਇੱਕ ਨਵੀਂ ਬਹਿਸ ਛੇੜ ਦਿੱਤੀ ਹੈ। ਆਮ ਲੋਕ ਅਤੇ ਮਾਹਿਰ ਇਸ ਨੂੰ ਬੰਗਾਲ ਦੀ ਧਰਤੀ 'ਤੇ ਜ਼ਬਰਦਸਤੀ 'ਸ਼ਾਕਾਹਾਰੀ ਰਾਜਨੀਤੀ' ਥੋਪਣ ਦੀ ਕੋਸ਼ਿਸ਼ ਵਜੋਂ ਦੇਖ ਰਹੇ ਹਨ। ਬੱਚਿਆਂ ਦੀ ਥਾਲੀ ਵਿੱਚੋਂ ਪੌਸ਼ਟਿਕ ਆਂਡਾ ਗਾਇਬ ਕਰਨਾ ਸੂਬੇ ਦੇ ਸੱਭਿਆਚਾਰਕ ਅਤੇ ਸਮਾਜਿਕ ਤਾਣੇ-ਬਾਣੇ ਨਾਲ ਖਿਲਵਾੜ ਪ੍ਰਤੀਤ ਹੁੰਦਾ ਹੈ।

ਇਸ ਪੂਰੇ ਘਟਨਾਕ੍ਰਮ ਦੌਰਾਨ ਟੀ.ਐੱਮ.ਸੀ. ਸੁਪਰੀਮੋ ਮਮਤਾ ਬੈਨਰਜੀ ਦੀ ਨੀਤੀ ਬੇਹੱਦ ਦਿਲਚਸਪ ਹੈ। ਉਹ ਬਿਲਕੁਲ ਸ਼ਾਂਤ ਅਤੇ ਖ਼ਾਮੋਸ਼ ਬੈਠੇ ਹਨ। ਸਿਆਸੀ ਮਾਹਿਰਾਂ ਮੁਤਾਬਕ ਇਹ ਖ਼ਾਮੋਸ਼ੀ ਕਿਸੇ ਕਮਜ਼ੋਰੀ ਦੀ ਨਿਸ਼ਾਨੀ ਨਹੀਂ, ਬਲਕਿ ਇੱਕ ਸਿਆਸੀ ਰਣਨੀਤੀ ਹੈ। ਜੇਕਰ ਮਮਤਾ ਬੈਨਰਜੀ ਇਸ ਸਮੇਂ ਬਹੁਤ ਜ਼ਿਆਦਾ ਬਿਆਨਬਾਜ਼ੀ ਕਰਨਗੇ, ਤਾਂ ਭਾਜਪਾ ਦੇ ਇਸ ਮੁੱਦੇ ਨੂੰ 'ਹਿੰਦੂ ਬਨਾਮ ਮੁਸਲਿਮ' ਜਾਂ 'ਰਾਸ਼ਟਰਵਾਦ ਬਨਾਮ ਵਿਰੋਧ' ਬਣਾਉਣ ਦਾ ਮੌਕਾ ਮਿਲ ਜਾਵੇਗਾ। ਚੁੱਪ ਰਹਿ ਕੇ ਉਹ ਅਜਿਹਾ ਹਾਲਾਤ ਬਣਾ ਰਹੇ ਹਨ ਕਿ ਲੋਕਾਂ ਦੀ ਨਾਰਾਜ਼ਗੀ ਦਾ ਪੂਰਾ ਸੇਕ ਸਿੱਧਾ ਭਾਜਪਾ ਨੂੰ ਹੀ ਲੱਗੇ।" ਮਮਤਾ ਜਾਣਦੀ ਹੈ ਕਿ ਜਦੋਂ ਸਰਕਾਰ ਖੁਦ ਆਪਣੇ ਫੈਸਲਿਆਂ ਨਾਲ ਜਨਤਾ ਨੂੰ ਪਰੇਸ਼ਾਨ ਕਰ ਰਹੀ ਹੋਵੇ, ਤਾਂ ਵਿਰੋਧੀ ਧਿਰ ਨੂੰ ਸਿਰਫ਼ ਸਹੀ ਮੌਕੇ ਦੀ ਉਡੀਕ ਕਰਨੀ ਚਾਹੀਦੀ ਹੈ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਬੰਗਾਲ ਦੀ ਸਿਆਸਤ ਵਿੱਚ ਮਮਤਾ ਬੈਨਰਜੀ ਦਾ ਜਨ-ਆਧਾਰ ਬਹੁਤ ਮਜ਼ਬੂਤ ਹੈ। ਖਾਸ ਕਰਕੇ ਪੇਂਡੂ ਇਲਾਕਿਆਂ, ਮਹਿਲਾ ਵੋਟਰਾਂ ਅਤੇ ਇੱਕ ਵੱਡੇ ਖ਼ਾਸ ਵਰਗ ਵਿੱਚ ਉਨ੍ਹਾਂ ਦੀ ਪਕੜ ਅਜੇ ਵੀ ਕਾਇਮ ਹੈ। ਸਿਆਸਤ ਵਿੱਚ 'ਚੁੱਪ' ਰਹਿਣ ਦਾ ਮਤਲਬ ਹਾਰ ਮੰਨਣਾ ਨਹੀਂ, ਬਲਕਿ ਨਵੀਂ ਰਣਨੀਤੀ ਘੜਨਾ ਹੁੰਦਾ ਹੈ। ਜਨਤਾ ਦੇ ਮਨਾਂ ਵਿੱਚ ਪੈਦਾ ਹੋ ਰਹੀ ਇਹ ਨਾਰਾਜ਼ਗੀ ਅਤੇ ਦੁਵਿਧਾ ਆਉਣ ਵਾਲੇ ਸਮੇਂ ਵਿੱਚ ਭਾਜਪਾ ਲਈ ਇੱਕ ਵੱਡੀ ਸਿਆਸੀ ਮੁਸੀਬਤ ਬਣ ਸਕਦੀ ਹੈ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਬੰਗਾਲ ਦੀ ਜਨਤਾ ਸਿਆਸੀ ਤੌਰ 'ਤੇ ਬਹੁਤ ਸੂਝਵਾਨ ਹੈ। ਉਹ ਇਕਪਾਸੜ ਨੀਤੀ ਦੇ ਖ਼ਿਲਾਫ਼ ਜ਼ਰੂਰ ਸੀ, ਪਰ ਇਸ ਦਾ ਮਤਲਬ ਇਹ ਨਹੀਂ ਕਿ ਉਹ ਆਪਣੇ ਸੱਭਿਆਚਾਰ, ਰੋਜ਼ਾਨਾ ਦੀ ਜ਼ਿੰਦਗੀ ਅਤੇ ਖਾਣ-ਪੀਣ 'ਤੇ ਕਿਸੇ ਦੂਸਰੀ ਵਿਚਾਰਧਾਰਾ ਦਾ ਦਬਾਅ ਬਰਦਾਸ਼ਤ ਕਰੇਗੀ। ਜੇਕਰ ਭਾਜਪਾ ਨੇ ਆਪਣੀਆਂ ਭਗਵੀਆਂ ਨੀਤੀਆਂ ਅਤੇ ਲੋਕ-ਵਿਰੋਧੀ ਫੈਸਲਿਆਂ 'ਤੇ ਮੁੜ ਵਿਚਾਰ ਨਾ ਕੀਤਾ, ਤਾਂ ਬੰਗਾਲ ਦੀ ਇਹ ਬਦਲਦੀ ਹਵਾ ਉਸ ਦੇ ਆਪਣੇ ਹੀ ਭਗਵੇਂ ਕਿਲੇ ਨੂੰ ਢਾਹ ਲਾਉਣ ਵਿੱਚ ਦੇਰ ਨਹੀਂ ਲਾਵੇਗੀ। ਸੱਤਾ ਦਾ ਰਸਤਾ ਜਨਤਾ ਦੇ ਦਿਲਾਂ ਵਿੱਚੋਂ ਹੋ ਕੇ ਲੰਘਦਾ ਹੈ, ਉਨ੍ਹਾਂ ਨੂੰ ਦੁਵਿਧਾ ਅਤੇ ਪ੍ਰੇਸ਼ਾਨੀ ਵਿੱਚ ਪਾ ਕੇ ਨਹੀਂ।

# ਐਂਟੀ ਖ਼ਾਲਿਸਤਾਨੀ ਫਰੰਟ ਦੇ ਪ੍ਰਧਾਨ ਮੰਡ ਨੂੰ ਬੰਬ ਨਾਲ ਘਰ ਉਡਾਉਣ ਦੀ ਧਮਕੀ, ਪੁਲਿਸ ਵੱਲੋਂ ਕੇਸ ਦਰਜ

ਲੁਧਿਆਣਾ-ਇੰਟਰਨੈਸ਼ਨਲ ਐਂਟੀ ਖ਼ਾਲਿਸਤਾਨੀ ਫਰੰਟ ਦੇ ਕੌਮੀ ਪ੍ਰਧਾਨ ਗੁਰਸਿਮਰਨ ਸਿੰਘ ਮੰਡ ਨੂੰ ਜਾਨੋਂ ਮਾਰਨ ਅਤੇ ਬੰਬ ਨਾਲ ਘਰ ਉਡਾਉਣ ਦੀ ਸਨਸਨੀਖੇਜ਼ ਧਮਕੀ ਮਿਲਣ ਦਾ ਮਾਮਲਾ ਸਾਹਮਣੇ ਆਇਆ ਹੈ। ਇਹ ਧਮਕੀ ਇੱਕ ਵਿਦੇਸ਼ੀ ਨੰਬਰ ਤੋਂ ਵ੍ਹਟਸਐਪ ਰਾਹੀਂ ਦਿੱਤੀ ਗਈ ਹੈ। ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਲੁਧਿਆਣਾ ਦੇ ਥਾਣਾ ਸਦਰ ਦੀ ਪੁਲਿਸ ਨੇ ਸ਼ਿਕਾਇਤ ਦੇ ਆਧਾਰ 'ਤੇ ਗੋਲਡੀ ਢਿੱਲੋਂ ਨਾਮਕ ਵਿਅਕਤੀ ਖ਼ਿਲਾਫ਼ ਮੁਕੱਦਮਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਪੱਖੋਵਾਲ ਰੋਡ ਸਥਿਤ ਸਰਾਭਾ ਨਗਰ ਐਕਸਟੈਂਸ਼ਨ ਦੇ ਰਹਿਣ ਵਾਲੇ ਗੁਰਸਿਮਰਨ ਸਿੰਘ ਮੰਡ ਨੇ ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਕਿ ਉਹ ਇੰਟਰਨੈਸ਼ਨਲ ਐਂਟੀ ਖ਼ਾਲਿਸਤਾਨੀ ਅੱਤਵਾਦੀ ਫਰੰਟ ਦੇ ਕੌਮੀ ਪ੍ਰਧਾਨ ਵਜੋਂ ਕੰਮ ਕਰ ਰਹੇ ਹਨ। ਉਨ੍ਹਾਂ ਦੋਸ਼ ਲਗਾਇਆ ਕਿ ਗੋਲਡੀ ਢਿੱਲੋਂ ਨਾਮਕ ਵਿਅਕਤੀ ਨੇ ਇੱਕ ਵਿਦੇਸ਼ੀ ਨੰਬਰ ਤੋਂ ਉਨ੍ਹਾਂ ਦੇ ਵਟਸਐਪ 'ਤੇ ਸੰਪਰਕ ਕੀਤਾ। ਮੁਲਜ਼ਮ ਨੇ ਨਾ ਸਿਰਫ਼ ਉਨ੍ਹਾਂ ਨਾਲ ਗਾਲੀ-ਗਲੌਚ ਕੀਤੀ, ਬਲਕਿ ਉਨ੍ਹਾਂ ਦੇ ਘਰ 'ਤੇ ਬੰਬ ਸੁੱਟ ਕੇ ਉਸਨੂੰ ਉਡਾਉਣ ਦੀ ਸਿੱਧੀ ਧਮਕੀ ਵੀ ਦਿੱਤੀ।


ਸ਼ਿਕਾਇਤਕਰਤਾ ਅਨੁਸਾਰ ਇਸ



ਅਚਾਨਕ ਮਿਲੀ ਧਮਕੀ ਤੋਂ ਬਾਅਦ ਉਨ੍ਹਾਂ ਦੇ ਅਤੇ ਉਨ੍ਹਾਂ ਦੇ ਪਰਿਵਾਰ ਦੇ ਮਨਾਂ ਵਿੱਚ ਡਰ ਅਤੇ ਦਹਿਸ਼ਤ ਦਾ ਮਾਹੌਲ ਪੈਦਾ ਹੋ ਗਿਆ ਹੈ। ਸਦਰ ਥਾਣਾ ਪੁਲਿਸ ਨੇ ਤੁਰੰਤ ਕਾਰਵਾਈ ਕਰਦੇ ਹੋਏ ਮੁਲਜ਼ਮ ਖ਼ਿਲਾਫ਼ ਭਾਰਤੀ ਨਿਆਂ ਸੰਹਿਤਾ ਦੀਆਂ ਹੇਠ ਲਿਖੀਆਂ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਹੈ। ਧਮਕੀ ਦੇਣ ਲਈ ਵਰਤੇ ਗਏ ਵਿਦੇਸ਼ੀ ਨੰਬਰ ਅਤੇ ਵ੍ਹਟਸਐਪ ਰਿਕਾਰਡ ਦੀ ਬਾਰੀਕੀ ਨਾਲ ਤਕਨੀਕੀ ਜਾਂਚ ਕੀਤੀ ਜਾ ਰਹੀ ਹੈ। ਸਾਈਬਰ ਸੈੱਲ ਦੀ ਮਦਦ ਨਾਲ ਨੰਬਰ ਦੇ ਸਰੋਤ ਦਾ ਪਤਾ ਲਗਾਇਆ ਜਾ ਰਿਹਾ ਹੈ ਅਤੇ ਜਾਂਚ ਦੇ ਆਧਾਰ 'ਤੇ ਅਗਲੀ ਸਖ਼ਤ ਕਾਨੂੰਨੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।

# ਨਾ ਜੰਗ, ਨਾ ਅਮਨ: ਅਮਰੀਕਾ-ਈਰਾਨ ਤਣਾਅ ਅਤੇ ਵਿਸ਼ਵ ਆਰਥਿਕਤਾ ’ਤੇ ਮੰਡਰਾਉਂਦੇ ਬੱਦਲ

## ✪ ਕੂਟਨੀਤੀ ਦੇ ਓਹਲੇ ਵਿੱਚ ਸੁਲਗਦਾ ਮੱਧ-ਪੂਰਬ ✪ ਆਰਟੀ ਇੰਟਰਨੈਸ਼ਨਲ ਰੂਸੀ ਅਖ਼ਬਾਰ ਦੇ ਲੇਖਕ ਦਾ ਜੰਗ ਬਾਰੇ ਦ੍ਰਿਸ਼ਟੀਕੋਣ



ਫ਼ਰਹਾਦ ਇਬਰਾਹਿਮੋਵ ਨੇ ਰੂਸੀ ਮੀਡੀਆ ਚੈਨਲ ‘ਆਰ.ਟੀ.’ ਇੰਟਰਨੈਸਨਲ ਸਰਕਾਰੀ ਰੂਸੀ ਮੀਡੀਆ ਵਿੱਚ ਪ੍ਰਕਾਸ਼ਿਤ ਆਪਣੇ ਇਸ ਲੇਖ ਰਾਹੀਂ ਅਮਰੀਕਾ ਅਤੇ ਈਰਾਨ ਵਿਚਾਲੇ ਚੱਲ ਰਹੇ ਤਣਾਅ ਦਾ ਬੀਤੇ ਦਿਨੀਂ ਬਹੁਤ ਹੀ ਬਾਰੀਕੀ ਨਾਲ ਵਿਸ਼ਲੇਸ਼ਣ ਕੀਤਾ ਹੈ। ਲੇਖਕ ਨੇ ਮੁੱਖ ਤੌਰ ’ਤੇ ਟਰੰਪ ਪ੍ਰਸ਼ਾਸਨ ਦੀਆਂ ਅੰਦਰੂਨੀ ਵਿਰੋਧਤਾਈਆਂ ਅਤੇ ਹੋਰਮੁਜ਼ ਜਲਡਮਰੂ ਦੀ ਜ਼ਮੀਨੀ ਹਕੀਕਤ ਨੂੰ ਉਭਾਰਿਆ ਹੈ। ਲੇਖਕ ਨੇ ਸਭ ਤੋਂ ਵੱਡਾ ਨੁਕਤਾ ਇਹ ਚੁੱਕਿਆ ਹੈ ਕਿ ਅਮਰੀਕੀ ਪ੍ਰਸ਼ਾਸਨ ਦੇ ਅੰਦਰ ਹੀ ਵਿਦੇਸ਼ ਨੀਤੀ ਨੂੰ ਲੈ ਕੇ ਕੋਈ ਇਕਸਾਰਤਾ ਨਹੀਂ ਹੈ। ਲੇਖਕ ਮੁਤਾਬਕ, ਇੱਕ ਪਾਸੇ ਉਪ-ਰਾਸ਼ਟਰਪਤੀ ਜੇ.ਡੀ. ਵੈਂਸ ਸਵਿਟਜ਼ਰਲੈਂਡ ਵਿੱਚ ਬੈਠ ਕੇ ਬਹੁਤ ਮਿਹਨਤ ਨਾਲ ਈਰਾਨ ਨਾਲ ਗੱਲਬਾਤ ਕਰ ਰਹੇ ਸਨ ਅਤੇ ਇਜ਼ਰਾਈਲ-ਹਿਜ਼ਬੁੱਲਾ ਵਿਚਾਲੇ ਤਣਾਅ ਘਟਾਉਣ ਦਾ ਤੰਤਰ ਤਿਆਰ ਕਰ ਰਹੇ ਸਨ। ਪਰ ਦੂਜੇ ਪਾਸੇ, ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੇ ਆਮ ਸੁਭਾਅ ਮੁਤਾਬਕ ਜਨਤਕ ਤੌਰ ’ਤੇ ਈਰਾਨ ਖ਼ਿਲਾਫ਼ ਸਖ਼ਤ ਬਿਆਨਬਾਜ਼ੀ ਕਰ ਦਿੱਤੀ। ਲੇਖਕ ਲਿਖਦਾ ਹੈ ਕਿ ਟਰੰਪ ਦੇ ਇਸ ਕਦਮ ਨੇ ਉਨ੍ਹਾਂ ਦੀ ਆਪਣੀ ਹੀ ਨੈਗੋਸ਼ੀਏਟਿੰਗ ਟੀਮ (ਵੈਂਸ ਦੀ ਟੀਮ) ਦੀਆਂ ਕੋਸ਼ਿਸ਼ਾਂ ’ਤੇ ਪਾਣੀ ਫੇਰ ਦਿੱਤਾ, ਜਿਸ ਕਾਰਨ ਨਾਰਾਜ਼ ਹੋ ਕੇ ਈਰਾਨ ਗੱਲਬਾਤ ਤੋਂ ਪਿੱਛੇ ਹਟ ਗਿਆ।

ਨੈਗੋਸ਼ੀਏਟਿੰਗ ਟੀਮ ਨੂੰ ਪੰਜਾਬੀ ਵਿੱਚ “ਗੱਲਬਾਤ ਕਰਨ ਵਾਲੀ ਕਮੇਟੀ/ਟੀਮ” ਜਾਂ “ਵਾਰਤਾਕਾਰਾਂ ਦਾ ਸਮੂਹ” ਕਿਹਾ ਜਾਂਦਾ ਹੈ। ਇਹ ਅਜਿਹੇ ਮਾਹਰਾਂ, ਅਧਿਕਾਰੀਆਂ ਜਾਂ ਡਿਪਲੋਮੈਟਾਂ (ਕੂਟਨੀਤਕਾਂ) ਦਾ ਇੱਕ ਚੁਣਿਆ ਹੋਇਆ ਸਮੂਹ ਹੁੰਦਾ ਹੈ, ਜਿਸ ਨੂੰ ਕਿਸੇ ਖ਼ਾਸ ਮੁੱਦੇ, ਵਿਵਾਦ ਜਾਂ ਸਮਝੌਤੇ ’ਤੇ ਦੂਜੀ ਧਿਰ (ਜਿਵੇਂ ਦੂਜੇ ਦੇਸ਼ ਜਾਂ ਕੰਪਨੀ) ਨਾਲ ਆਹਮੋ-ਸਾਹਮਣੇ ਬੈਠ ਕੇ ਗੱਲਬਾਤ ਕਰਨ ਅਤੇ ਹੱਲ ਲੱਭਣ ਦੀ ਅਧਿਕਾਰਤ ਜ਼ਿੰਮੇਵਾਰੀ ਦਿੱਤੀ ਜਾਂਦੀ ਹੈ। ਇਸ ਟੀਮ ਦਾ ਮੁੱਖ ਕੰਮ ਦੋਵਾਂ ਦੇਸ਼ਾਂ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਵਿਚਕਾਰਲਾ ਰਸਤਾ ਲੱਭਣਾ, ਤਣਾਅ ਨੂੰ ਘੱਟ ਕਰਨਾ ਅਤੇ ਇੱਕ ਅਜਿਹਾ ਸ਼ਾਂਤੀ ਸਮਝੌਤਾ ਤਿਆਰ ਕਰਨਾ ਸੀ ਜਿਸ ’ਤੇ ਦੋਵੇਂ ਦੇਸ਼ ਸਹਿਮਤ ਹੋ ਸਕਣ।

ਲੇਖਕ ਨੇ ਇਸ ਗੱਲ ਦਾ ਵਿਸ਼ੇਸ਼ ਜ਼ਿਕਰ ਕੀਤਾ ਹੈ ਕਿ ਮੌਜੂਦਾ ਸਮਝੌਤਾ ਕੋਈ ਪੱਕਾ ਹੱਲ ਨਹੀਂ ਹੈ, ਬਲਕਿ ਦੋਵਾਂ ਧਿਰਾਂ ਵੱਲੋਂ ਸਮਾਂ ਬਿਤਾਉਣ ਦੀ ਇੱਕ ਚਾਲ ਹੈ। ਇਸ ਵੇਲੇ ਦੋਵਾਂ ਦੇਸ਼ਾਂ ਵਿਚਾਲੇ 50 ਤੋਂ 60 ਦਿਨਾਂ ਦਾ ਇੱਕ ਆਰਜ਼ੀ ਸਮਝੌਤਾ ਲਾਗੂ ਹੈ।

ਦੋਵਾਂ ਦੇ ਹਿੱਤ: ਲੇਖਕ ਅਨੁਸਾਰ, ਅਮਰੀਕਾ ਇਸ ਸਮੇਂ ਦੀ ਵਰਤੋਂ ਦੁਨੀਆ ਨੂੰ ਇਹ ਦਿਖਾਉਣ ਲਈ ਕਰ ਰਿਹਾ ਹੈ ਕਿ ਮੱਧ-ਪੂਰਬ ਦਾ ਸੰਕਟ ਉਸ ਦੇ ਕੰਟਰੋਲ ਵਿੱਚ ਹੈ। ਦੂਜੇ ਪਾਸੇ, ਈਰਾਨ ਇਸ ਵਕਫ਼ੇ ਦੀ ਵਰਤੋਂ ਆਪਣੇ ਉੱਪਰ ਲੱਗੀਆਂ ਆਰਥਿਕ ਪਾਬੰਦੀਆਂ ਦੇ ਦਬਾਅ ਨੂੰ



ਘੱਟ ਕਰਨ, ਕੂਟਨੀਤਕ ਲਾਹਾ ਲੈਣ ਅਤੇ ਇਹ ਪਰਖਣ ਲਈ ਕਰ ਰਿਹਾ ਹੈ ਕਿ ਵਾਸ਼ਿੰਗਟਨ ਆਪਣੀ ਬਿਆਨਬਾਜ਼ੀ ’ਤੇ ਕਿੰਨਾ ਕੁ ਕਾਬੂ ਰੱਖ ਸਕਦਾ ਹੈ। ਹੋਰਮੁਜ਼ ਜਲਡਮਰੂ ਦੇ ਮੁੱਦੇ ’ਤੇ ਲੇਖਕ ਨੇ ਦੋਵਾਂ ਦੇਸ਼ਾਂ ਦੇ ਮੀਡੀਆ ਅਤੇ ਅਧਿਕਾਰੀਆਂ ਵੱਲੋਂ ਪੇਸ਼ ਕੀਤੀ ਜਾ ਰਹੀ ਵੱਖੋ-ਵੱਖਰੀ ਤਸਵੀਰ ਨੂੰ ਬਹੁਤ ਮਹੱਤਵਪੂਰਨ ਨੁਕਤੇ ਵਜੋਂ ਚੁੱਕਿਆ ਹੈ।

ਰਾਸ਼ਟਰਪਤੀ ਟਰੰਪ ਨੇ ਬਿਆਨ ਦਿੱਤਾ ਸੀ ਕਿ ਹੋਰਮੁਜ਼ ਜਲਡਮਰੂ “ਪੂਰੀ ਤਰ੍ਹਾਂ ਖੁੱਲ੍ਹਾ” ਹੈ ਅਤੇ ਸਮੁੰਦਰੀ ਵਪਾਰ ਸੁਰੱਖਿਅਤ ਹੈ। ਲੇਖਕ ਦਾ ਕਹਿਣਾ ਹੈ ਕਿ ਵਿਸ਼ਵ ਆਰਥਿਕਤਾ ਦੇ ਨਜ਼ਰੀਏ ਤੋਂ ਹੋਰਮੁਜ਼ ਜਲਡਮਰੂ ਦਾ ਸੁਰੱਖਿਅਤ ਰਹਿਣਾ ਬੇਹੱਦ ਅਹਿਮ ਹੈ, ਕਿਉਂਕਿ ਦੁਨੀਆ ਦੇ ਕੁੱਲ ਤੇਲ ਵਪਾਰ ਦਾ ਇੱਕ ਵੱਡਾ ਹਿੱਸਾ ਇਸੇ ਲਾਂਘੇ ਰਾਹੀਂ ਹੁੰਦਾ ਹੈ। ਲੇਖਕ ਨੇ ਈਰਾਨੀ ਸੂਤਰਾਂ ਦੇ ਹਵਾਲੇ ਨਾਲ ਲਿਖਿਆ ਹੈ ਕਿ ਈਰਾਨ ਦੀ ਫੌਜ ‘ਇਸਲਾਮਿਕ ਰੈਵੋਲਿਊਸ਼ਨਰੀ ਗਾਰਡ ਕਾਰਪਸ’ ਨੇ ਅਜੇ ਤੱਕ ਕਿਸੇ ਵੀ ਵਪਾਰਕ ਜਹਾਜ਼ ਨੂੰ ਉੱਥੋਂ ਲੰਘਣ ਦੀ ਇਜਾਜ਼ਤ ਨਹੀਂ ਦਿੱਤੀ। ਯਾਨੀ, ਜ਼ਮੀਨੀ ਪੱਧਰ ’ਤੇ ਸਥਿਤੀ ਅਜੇ ਵੀ ਅਨਿਸ਼ਚਿਤ ਹੈ ਅਤੇ ਈਰਾਨ ਇਸ ਰਸਤੇ ਨੂੰ ਅਮਰੀਕਾ ’ਤੇ ਦਬਾਅ ਬਣਾਉਣ ਲਈ ਆਪਣੇ ਸਭ ਤੋਂ ਵੱਡੇ ਹਥਿਆਰ ਵਜੋਂ ਵਰਤ ਰਿਹਾ ਹੈ।

ਲੇਖਕ ਲਿਖਦਾ ਹੈ ਕਿ ਫਿਲਹਾਲ ਕੱਚੇ ਤੇਲ ਦੀ ਕੀਮਤ 78-80 ਡਾਲਰ ਪ੍ਰਤੀ ਬੈਰਲ ਦੇ ਆਸ-ਪਾਸ ਹੈ, ਜਿਸ ਨਾਲ ਵੱਡਾ ਆਰਥਿਕ ਝਟਕਾ ਟਲ ਗਿਆ ਹੈ। ਪਰ ਲੇਖਕ ਨੇ ਸਾਫ਼ ਲਿਖਿਆ ਹੈ ਕਿ ਬਾਜ਼ਾਰ ਦੀ ਇਹ ਰਾਹਤ ਸਥਾਈ ਨਹੀਂ ਹੈ, ਕਿਉਂਕਿ ਇਹ ਸਿਰਫ਼ ਸਕਾਰਾਤਮਕ ਉਮੀਦਾਂ ’ਤੇ ਟਿਕੀ ਹੋਈ ਹੈ। ਜੇਕਰ ਸਮੁੰਦਰ ਵਿੱਚ ਕੋਈ ਇੱਕ ਵੀ ਫੌਜੀ ਘਟਨਾ ਵਾਪਰਦੀ ਹੈ, ਤਾਂ ਤੇਲ ਦੀਆਂ ਕੀਮਤਾਂ ਤੁਰੰਤ 100 ਡਾਲਰ ਪ੍ਰਤੀ ਬੈਰਲ ਨੂੰ ਪਾਰ ਕਰ ਜਾਣਗੀਆਂ।

ਲੇਖਕ ਨੇ ਈਰਾਨ ਦੀ ਅੰਦਰੂਨੀ ਸਿਆਸਤ ਵਿੱਚ ਆਈ ਇੱਕ ਬਹੁਤ ਹੀ ਖ਼ਤਰਨਾਕ ਅਤੇ ਵੱਡੀ ਤਬਦੀਲੀ ਵੱਲ ਦੁਨੀਆ ਦਾ ਧਿਆਨ ਖਿੱਚਿਆ ਹੈ।ਲੇਖਕ ਮੁਤਾਬਕ, ਪਹਿਲਾਂ ਈਰਾਨ ਹਮੇਸ਼ਾ ਇਹੋ ਕਹਿੰਦਾ ਸੀ ਕਿ ਉਸ ਦਾ ਪਰਮਾਣੂ ਪ੍ਰੋਗਰਾਮ ਸਿਰਫ਼ ਬਿਜਲੀ ਬਣਾਉਣ ਜਾਂ ਚਿਕਿਤਸਾ ਵਰਗੇ ਸ਼ਾਂਤੀਪੂਰਨ ਕੰਮਾਂ ਲਈ ਹੈ। ਪਰ ਹਾਲ ਹੀ ਵਿੱਚ ਅਮਰੀਕਾ ਅਤੇ ਇਜ਼ਰਾਈਲ ਵੱਲੋਂ ਬਣਾਏ ਗਏ ਫੌਜੀ ਦਬਾਅ ਤੋਂ ਬਾਅਦ, ਹੁਣ ਈਰਾਨ ਦੇ ਅੰਦਰ ਅਧਿਕਾਰਤ ਤੌਰ ’ਤੇ “ਪਰਮਾਣੂ ਬੰਬ” ਬਣਾਉਣ ਦੇ ਪੱਖ ਵਿੱਚ ਖੁੱਲ੍ਹੇਆਮ ਬਹਿਸ ਸ਼ੁਰੂ ਹੋ ਚੁੱਕੀ ਹੈ। ਲੇਖਕ ਨੇ ਨੁਕਤਾ ਚੁੱਕਿਆ ਹੈ ਕਿ ਅਮਰੀਕੀ ਧਮਕੀਆਂ ਨੇ ਈਰਾਨ ਦੇ ਕੱਟੜਪੰਥੀ ਨੇਤਾਵਾਂ ਨੂੰ ਮਜ਼ਬੂਤ ਕਰ ਦਿੱਤਾ ਹੈ, ਜੋ ਮੰਨਦੇ ਹਨ ਕਿ ਪੱਛਮ ’ਤੇ ਭਰੋਸਾ ਕਰਨਾ ਬੇਕਾਰ ਹੈ ਅਤੇ ਖੁਦ ਦੀ ਸੁਰੱਖਿਆ ਲਈ ਪਰਮਾਣੂ ਹਥਿਆਰ ਬਣਾਉਣਾ ਹੀ ਇੱਕੋ-ਇੱਕ ਰਸਤਾ ਹੈ।

ਲੇਖਕ ਨੇ ਸਪੱਸ਼ਟ ਲਿਖਿਆ ਹੈ ਕਿ ਅਮਰੀਕਾ-ਈਰਾਨ ਗੱਲਬਾਤ ਕਿਸੇ ਬੰਦ ਕਮਰੇ ਵਿੱਚ ਨਹੀਂ ਹੋ ਰਹੀ, ਬਲਕਿ ਇਸ ਉੱਤੇ ਪੂਰੇ ਖੇਤਰ ਦਾ ਅਸਰ ਹੈ। ਲੇਖਕ ਅਨੁਸਾਰ, ਇਜ਼ਰਾਈਲ ਇਸ ਪੂਰੇ ਖੇਤਰ ਵਿੱਚ ਇੱਕ ਸੁਤੰਤਰ ਖਿਡਾਰੀ ਹੈ ਜਿਸ ਦੀਆਂ ਆਪਣੀਆਂ ‘ਰੈੱਡ ਲਾਈਨਾਂ’ ਹਨ। ਜੇਕਰ ਇਜ਼ਰਾਈਲ ਲੇਬਨਾਨ ਵਿੱਚ ਹਿਜ਼ਬੁੱਲਾ ਖ਼ਿਲਾਫ਼ ਕੋਈ ਵੱਡੀ ਕਾਰਵਾਈ ਕਰਦਾ ਹੈ, ਤਾਂ ਅਮਰੀਕਾ ਅਤੇ ਈਰਾਨ ਦੇ ਕੂਟਨੀਤਕ ਯਤਨ ਤੁਰੰਤ ਫੇਲ੍ਹ ਹੋ ਜਾਣਗੇ।

ਲੇਖਕ ਫ਼ਰਹਾਦ ਇਬਰਾਹਿਮੋਵ ਨੇ ਆਰ. ਟੀ. ਇੰਟਰਨੈਸ਼ਨਲ ਮੀਡੀਆ ਵਿੱਚ ਇਹ ਸਿੱਟਾ ਕੱਢਿਆ ਹੈ ਕਿ ਇਸ ਸਥਿਤੀ ਨੂੰ ਨਾ ਤਾਂ ਸਫ਼ਲਤਾ ਕਿਹਾ ਜਾ ਸਕਦਾ ਹੈ ਅਤੇ ਨਾ ਹੀ ਅਸਫ਼ਲਤਾ। ਇਹ ਇੱਕ ‘ਗ੍ਰੇ ਜ਼ੋਨ’ ਹੈ। ਦੋਵੇਂ ਦੇਸ਼ ਇੱਕ-ਦੂਜੇ ਦੇ ਸਿਗਨਲ ਤਾਂ ਸਮਝ ਰਹੇ ਹਨ, ਪਰ ਕੋਈ ਵੀ ਹਕੀਕਤ ਵਿੱਚ ਪਿੱਛੇ ਹਟਣ ਜਾਂ ਅਸਲ ਸਿਆਸੀ ਰਿਆਇਤਾਂ ਦੇਣ ਲਈ ਤਿਆਰ ਨਹੀਂ ਹੈ।

ਲੇਖਕ ਦਾ ਵਿਚਾਰ ਸਪਸ਼ਟ ਹੈ ਕਿ ਇਹ ਸਪੱਸ਼ਟ ਹੈ ਕਿ ਮੌਜੂਦਾ ਸੰਕਟ ਦਾ ਹੱਲ ਸਿਰਫ਼ ਦਿਖਾਵੇ ਦੀ ਬਿਆਨਬਾਜ਼ੀ ਜਾਂ ਧਮਕੀਆਂ ਨਾਲ ਨਹੀਂ ਨਿਕਲ ਸਕਦਾ। ਅਮਰੀਕਾ ਅਤੇ ਈਰਾਨ ਨੂੰ ਜੇਕਰ ਇਸ ਖ਼ਤਰਨਾਕ ਅਨਿਸ਼ਚਿਤਤਾ ਵਿੱਚੋਂ ਬਾਹਰ ਨਿਕਲਣਾ ਹੈ, ਤਾਂ ਉਨ੍ਹਾਂ ਨੂੰ ਇੱਕ-ਦੂਜੇ ਦੇ ਹਿੱਤਾਂ ਦਾ ਸਤਿਕਾਰ ਕਰਦਿਆਂ ਅਸਲ ਸਿਆਸੀ ਰਿਆਇਤਾਂ ਦੇਣੀਆਂ ਪੈਣਗੀਆਂ। ਜਦੋਂ ਤੱਕ ਖੇਤਰੀ ਹਿੱਸੇਦਾਰਾਂ (ਖ਼ਾਸ ਕਰਕੇ ਇਜ਼ਰਾਈਲ) ਦੀਆਂ ਚਿੰਤਾਵਾਂ ਅਤੇ ਈਰਾਨ ਦੇ ਪ੍ਰਮਾਣੂ ਰੁਖ਼ ਨੂੰ ਸੰਤੁਲਿਤ ਨਹੀਂ ਕੀਤਾ ਜਾਂਦਾ, ਉਦੋਂ ਤੱਕ ਹੋਰਮੁਜ਼ ਜਲਡਮਰੂ ਦੀ ਇਹ ਸਿਆਸਤ ਪੂਰੀ ਦੁਨੀਆ ਦੀ ਆਰਥਿਕਤਾ ਅਤੇ ਅਮਨ-ਸ਼ਾਂਤੀ ਨੂੰ ਬੰਧਕ ਬਣਾਈ ਰੱਖੇਗੀ।

# ਬਟਾਲਾ ਵਿਚ ਪੁਲਿਸ ਅਤੇ ਮੁਲਜ਼ਮ ਵਿਚਾਲੇ ਮੁਕਾਬਲਾ

## ✪ ਕੱਪੜਾ ਵਪਾਰੀ ਦੇ ਘਰ ਫਾਇਰਿੰਗ ਕਰਨ ਵਾਲਾ ਸ਼ੂਟਰ ਜ਼ਖ਼ਮੀ



ਬਟਾਲਾ/ਘੁਮਾਣ-ਬਟਾਲਾ ਵਿਖੇ ਪੁਲਿਸ ਅਤੇ ਅਪਰਾਧੀਆਂ ਵਿਚਾਲੇ ਇੱਕ ਵੱਡਾ ਮੁਕਾਬਲਾ ਹੋਣ ਦੀ ਖ਼ਬਰ ਸਾਹਮਣੇ ਆਈ ਹੈ। ਬੀਤੇ ਦਿਨੀਂ ਸ਼ਹਿਰ ਦੇ ਇੱਕ ਨਾਮੀ ਕੱਪੜਾ ਵਪਾਰੀ ਦੇ ਘਰ ’ਤੇ ਫਾਇਰਿੰਗ ਕਰਨ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਵਿੱਚੋਂ ਇੱਕ, ਪੁਲਿਸ ਹਿਰਾਸਤ ’ਚੋਂ ਭੱਜਣ ਦੀ ਕੋਸ਼ਿਸ਼ ਦੌਰਾਨ ਹੋਏ ਮੁਕਾਬਲੇ ਵਿੱਚ ਜ਼ਖ਼ਮੀ ਹੋ ਗਿਆ ਹੈ। ਪੁਲਿਸ ਵੱਲੋਂ ਚਲਾਈ ਜਵਾਬੀ ਗੋਲੀ ਮੁਲਜ਼ਮ ਦੀ ਲੱਤ ਵਿੱਚ ਲੱਗੀ।

ਜਾਣਕਾਰੀ ਅਨੁਸਾਰ, ਥਾਣਾ ਸਿਵਲ ਲਾਈਨ ਦੀ ਪੁਲਿਸ ਇਸ ਮਾਮਲੇ ਵਿੱਚ ਫੜੇ ਗਏ ਮੁਲਜ਼ਮ ਬਲਦੇਵ ਸਿੰਘ ਕਰਨ (ਵਾਸੀ ਪਿੰਡ ਖਜਾਲਾ) ਨੂੰ ਹਥਿਆਰ ਬਰਾਮਦ ਕਰਵਾਉਣ ਲਈ ਥਾਣਾ ਘੁਮਾਣ ਦੇ ਅਧੀਨ ਪੈਂਦੇ ਇਲਾਕੇ ਵਿੱਚ ਲੈ ਕੇ ਗਈ ਸੀ। ਇਸ ਦੌਰਾਨ ਮੁਲਜ਼ਮ ਨੇ ਮੌਕੇ ਦਾ ਫਾਇਦਾ ਚੁੱਕਦਿਆਂ ਪੁਲਿਸ ਪਾਰਟੀ ’ਤੇ ਗੋਲੀ ਚਲਾ ਦਿੱਤੀ ਅਤੇ ਭੱਜਣ ਦੀ ਕੋਸ਼ਿਸ਼ ਕੀਤੀ। ਪੁਲਿਸ ਵੱਲੋਂ ਆਤਮ-ਰੱਖਿਆ ਵਿੱਚ ਕੀਤੀ ਗਈ ਜਵਾਬੀ ਫਾਇਰਿੰਗ ਦੌਰਾਨ ਮੁਲਜ਼ਮ ਕਰਨ ਦੀ ਲੱਤ ਵਿਚ ਗੋਲੀ ਲੱਗ ਗਈ ਅਤੇ ਉਹ ਉੱਥੇ ਹੀ ਢੇਰ ਹੋ ਗਿਆ।

ਦੱਸਣਯੋਗ ਹੈ ਕਿ ਪੁਲਿਸ ਨੇ ਇਸ ਮਾਮਲੇ ਵਿੱਚ ਦੋ ਨੌਜਵਾਨਾਂ ਨੂੰ ਕਾਬੂ ਕੀਤਾ ਸੀ, ਜਿਨ੍ਹਾਂ ਦੀ ਪਛਾਣ ਬਲਦੇਵ ਸਿੰਘ ਕਰਨ ਅਤੇ ਕੁਲਦੀਪ ਸਿੰਘ ਵਜੋਂ ਹੋਈ ਹੈ। ਡਾ. ਮਹਿਤਾਬ ਸਿੰਘ (ਐਸਐਸਪੀ, ਬਟਾਲਾ) ਸਮੇਤ ਉੱਚ ਅਧਿਕਾਰੀ ਪੁਲਿਸ ਸਮੇਤ ਮੌਕੇ ’ਤੇ ਪਹੁੰਚੇ। ਜ਼ਖ਼ਮੀ ਮੁਲਜ਼ਮ ਬਲਦੇਵ ਸਿੰਘ ਕਰਨ ਨੂੰ ਤੁਰੰਤ ਸਖ਼ਤ ਸੁਰੱਖਿਆ ਹੇਠ ਇਲਾਜ ਲਈ ਸਿਵਲ ਹਸਪਤਾਲ ਬਟਾਲਾ ਵਿਖੇ ਦਾਖ਼ਲ ਕਰਵਾਇਆ ਗਿਆ ਹੈ। ਪੁਲਿਸ ਵੱਲੋਂ ਮੁਕਾਬਲੇ ਅਤੇ ਹਥਿਆਰ ਬਰਾਮਦਗੀ ਸਬੰਧੀ ਹੋਰ ਵੇਰਵੇ ਇਕੱਠੇ ਕੀਤੇ ਜਾ ਰਹੇ ਹਨ।

# ਪਾਸਪੋਰਟ, ਆਧਾਰ ਅਤੇ ਵੋਟਰ ਕਾਰਡ ਫੇਲ੍ਹ ?

## ✪ ਜਾਣੋ ਅਦਾਲਤ ਅਤੇ ਕਾਨੂੰਨ ਮੁਤਾਬਕ ਕੀ ਹੈ ਭਾਰਤੀ ਨਾਗਰਿਕਤਾ ਦਾ ਅਸਲ ਸੱਚ ✪ ਪਾਸਪੋਰਟ ਬਨਾਮ ਨਾਗਰਿਕਤਾ: ਵਿਦੇਸ਼ ਮੰਤਰਾਲੇ ਦੇ ਬਿਆਨ ਨੇ ਛੇੜੀ ਨਵੀਂ ਕਾਨੂੰਨੀ ਤੇ ਸਿਆਸੀ ਜੰਗ

### ਨਿਊਜ਼ ਵਿਸ਼ਲੇਸ਼ਣ

ਭਾਰਤੀ ਮੀਡੀਆ ਅਤੇ ਸੋਸ਼ਲ ਮੀਡੀਆ 'ਤੇ ਵਿਦੇਸ਼ ਮੰਤਰਾਲੇ ਦੇ ਇੱਕ ਬਿਆਨ ਨੇ ਦੇਸ਼ ਭਰ ਵਿੱਚ ਇੱਕ ਨਵੀਂ ਅਤੇ ਤਿੱਖੀ ਬਹਿਸ ਛੇੜ ਦਿੱਤੀ ਹੈ। ਸਰਕਾਰ ਦੇ ਇੱਕ ਸੀਨੀਅਰ ਅਧਿਕਾਰੀ ਮੁਤਾਬਕ, ਭਾਰਤੀ ਪਾਸਪੋਰਟ ਸਿਰਫ਼ ਇੱਕ 'ਯਾਤਰਾ ਦਸਤਾਵੇਜ਼' ਹੈ, ਇਸ ਨੂੰ ਨਾਗਰਿਕਤਾ ਦਾ 'ਅੰਤਿਮ ਸਬੂਤ' ਨਹੀਂ ਮੰਨਿਆ ਜਾ ਸਕਦਾ। ਇਸ ਬਿਆਨ ਨੇ ਆਮ ਨਾਗਰਿਕਾਂ, ਕਾਨੂੰਨ ਮਾਹਿਰਾਂ ਅਤੇ ਸਿਆਸੀ ਹਲਕਿਆਂ ਵਿੱਚ ਇੱਕ ਵੱਡੀ ਹੈਰਾਨੀ ਅਤੇ ਚਿੰਤਾ ਪੈਦਾ ਕਰ ਦਿੱਤੀ ਹੈ। ਸੁਭਾਵਿਕ ਹੀ ਸਵਾਲ ਉੱਠ ਰਿਹਾ ਹੈ ਕਿ ਜੇਕਰ ਪੁਲਿਸ ਦੀ ਇੰਨੀ ਸਖ਼ਤ ਜਾਂਚ ਤੋਂ ਬਾਅਦ ਜਾਰੀ ਹੋਣ ਵਾਲਾ ਪਾਸਪੋਰਟ ਵੀ ਨਾਗਰਿਕਤਾ ਦਾ ਪੱਕਾ ਸਬੂਤ ਨਹੀਂ ਹੈ, ਤਾਂ ਫਿਰ ਆਖ਼ਰ ਭਾਰਤੀ ਨਾਗਰਿਕਤਾ ਦਾ ਅਸਲ ਪ੍ਰਮਾਣ ਕੀ ਹੈ ?

ਭੰਬਲਭੂਸਾ ਕਿਉਂ ਅਤੇ ਜਨਤਾ ਦੇ ਤਿੱਖੇ ਸਵਾਲ-ਆਮ ਲੋਕਾਂ ਅਤੇ ਵਿਰੋਧੀ ਧਿਰਾਂ ਵੱਲੋਂ ਉਠਾਏ ਜਾ ਰਹੇ ਸਵਾਲ ਪੂਰੀ ਤਰ੍ਹਾਂ ਤਰਕਸੰਗਤ ਜਾਪਦੇ ਹਨ। ਸ਼ਿਵ ਸੈਨਾ ਦੇ ਆਗੂ ਆਦਿੱਤਿਆ ਠਾਕਰੇ ਅਤੇ ਸਾਬਕਾ ਕਾਨੂੰਨ ਮੰਤਰੀ ਕਪਿਲ ਸਿੱਬਲ ਵਰਗੇ ਸਿਆਸਤਦਾਨਾਂ ਨੇ ਤਿੱਖੀ ਪ੍ਰਤੀਕਿਰਿਆ ਦਿੰਦਿਆਂ ਪੁੱਛਿਆ ਹੈ ਕਿ ਜੇਕਰ ਪਾਸਪੋਰਟ ਨਾਗਰਿਕਤਾ ਦਾ ਦਸਤਾਵੇਜ਼ ਨਹੀਂ ਹੈ, ਤਾਂ ਕੀ ਭਾਰਤ ਸਰਕਾਰ ਵਿਦੇਸ਼ੀਆਂ ਨੂੰ ਵੀ ਇਹ ਪਾਸਪੋਰਟ ਜਾਰੀ ਕਰਦੀ ਹੈ ? ਜੇਕਰ ਅਜਿਹਾ ਨਹੀਂ ਹੈ, ਤਾਂ ਪਾਸਪੋਰਟ ਧਾਰਕਾਂ ਦੀ ਵਫ਼ਾਦਾਰੀ ਜਾਂ ਨਾਗਰਿਕਤਾ 'ਤੇ ਸ਼ੱਕ ਕਿਉਂ ਕੀਤਾ ਜਾ ਰਿਹਾ ਹੈ ? ਅਜਿਹੇ ਬਿਆਨਾਂ ਨਾਲ ਅੰਤਰਰਾਸ਼ਟਰੀ ਪੱਧਰ 'ਤੇ ਵੀ ਭਾਰਤੀ ਪਾਸਪੋਰਟ ਦੀ ਸਾਖ ਨੂੰ ਠੇਸ ਪਹੁੰਚ ਸਕਦੀ ਹੈ, ਕਿਉਂਕਿ ਵਿਦੇਸ਼ੀ ਸਰਕਾਰਾਂ ਇਸ ਨੂੰ ਇਸੇ ਭਰੋਸੇ 'ਤੇ ਸਵੀਕਾਰ ਕਰਦੀਆਂ ਹਨ ਕਿ ਭਾਰਤ ਸਰਕਾਰ ਨੇ ਸਬੰਧਿਤ ਵਿਅਕਤੀ ਦੀ ਨਾਗਰਿਕਤਾ ਦੀ ਪੂਰੀ ਜਾਂਚ ਕੀਤੀ ਹੋਵੇਗੀ।

ਵਿਰੋਧੀ ਧਿਰਾਂ ਦਾ ਨਿਸ਼ਾਨਾ ਅਤੇ ਸਿਆਸੀ ਮਾਇਨੇ-ਵਿਰੋਧੀ ਪਾਰਟੀਆਂ ਇਸ ਬਿਆਨ ਨੂੰ ਵੋਟਰ ਸੂਚੀਆਂ ਦੀ ਵਿਸ਼ੇਸ਼ ਸਖ਼ਤ ਸਮੀਖਿਆ ਅਤੇ ਹਾਲ ਹੀ ਦੇ ਸਿਆਸੀ ਘਟਨਾਕ੍ਰਮਾਂ ਨਾਲ ਜੋੜ ਕੇ ਦੇਖ ਰਹੀਆਂ ਹਨ। ਕਪਿਲ ਸਿੱਬਲ ਵਰਗੇ ਮਾਹਿਰਾਂ ਦਾ ਖ਼ਦਸ਼ਾ ਹੈ ਕਿ ਜੇਕਰ ਪਾਸਪੋਰਟ ਜਾਂ ਵੋਟਰ ਆਈਡੀ ਨੂੰ ਅੰਤਿਮ ਸਬੂਤ ਨਾ ਮੰਨਿਆ ਗਿਆ, ਤਾਂ ਹੇਠਲੇ ਪੱਧਰ ਦਾ ਕੋਈ ਵੀ ਪ੍ਰਸ਼ਾਸਨਿਕ ਅਧਿਕਾਰੀ (ਜਿਵੇਂ ਬੀ.ਐਲ.ਓ.) ਕਿਸੇ ਵੀ ਅਸਲ ਨਾਗਰਿਕ ਦੀ ਨਾਗਰਿਕਤਾ 'ਤੇ ਸਵਾਲ ਖੜ੍ਹੇ ਕਰਕੇ ਉਸ ਨੂੰ ਵੋਟ ਦੇ ਅਧਿਕਾਰ ਤੋਂ ਵਾਂਝਾ ਕਰ ਸਕਦਾ ਹੈ, ਜਿਸ ਦਾ ਸਿਆਸੀ ਲਾਹਾ ਸੱਤਾਧਾਰੀ ਧਿਰ ਨੂੰ ਮਿਲ ਸਕਦਾ ਹੈ।

ਕਾਂਗਰਸ ਦੇ ਸੁਪਰੀਮੋ ਰਾਹੁਲ ਗਾਂਧੀ ਨੇ ਇਸ ਪੂਰੇ ਮੁੱਦੇ 'ਤੇ ਕੇਂਦਰ ਸਰਕਾਰ ਅਤੇ ਭਾਜਪਾ ਨੂੰ ਨਿਸ਼ਾਨੇ 'ਤੇ ਲੈਂਦਿਆਂ ਬਹੁਤ ਤਿੱਖਾ ਹਮਲਾ ਕੀਤਾ ਹੈ। ਉਨ੍ਹਾਂ ਨੇ ਇਸ ਨੀਤੀ ਨੂੰ ਆਮ ਨਾਗਰਿਕਾਂ ਨੂੰ ਪ੍ਰੇਸ਼ਾਨ ਕਰਨ ਅਤੇ ਉਨ੍ਹਾਂ ਦੇ ਹੱਕਾਂ 'ਤੇ ਡਾਕਾ ਮਾਰਨ ਦੀ ਇੱਕ ਸਿਆਸੀ ਸਾਜ਼ਿਸ਼ ਕਰਾਰ ਦਿੱਤਾ ਹੈ।ਰਾਹੁਲ ਗਾਂਧੀ ਨੇ ਕਿਹਾ ਕਿ ਜਿਹੜੇ ਦੇਸ਼ਵਾਸੀਆਂ ਨੇ ਸਰਕਾਰੀ ਨਿਯਮਾਂ ਮੁਤਾਬਕ ਪੂਰੀ ਪੁਲਿਸ ਵੈਰੀਫਿਕੇਸ਼ਨ ਕਰਵਾ ਕੇ ਅਤੇ ਆਪਣੀ ਮਿਹਨਤ ਦੀ ਕਮਾਈ ਖਰਚ ਕੇ ਪਾਸਪੋਰਟ ਬਣਵਾਏ ਹਨ, ਉਨ੍ਹਾਂ ਦੀ ਨਾਗਰਿਕਤਾ 'ਤੇ ਸਵਾਲ ਖੜ੍ਹੇ ਕਰਨਾ ਦੇਸ਼ ਦੇ ਨਾਗਰਿਕਾਂ ਦਾ ਅਪਮਾਨ ਹੈ।ਉਨ੍ਹਾਂ ਦੋਸ਼ ਲਾਇਆ ਕਿ ਜੇਕਰ ਪਾਸਪੋਰਟ, ਆਧਾਰ ਕਾਰਡ ਅਤੇ ਵੋਟਰ ਆਈਡੀ ਨੂੰ ਵੀ ਨਾਗਰਿਕਤਾ ਦਾ ਅੰਤਿਮ ਸਬੂਤ ਨਹੀਂ ਮੰਨਿਆ ਜਾਵੇਗਾ, ਤਾਂ ਇਸ ਦਾ ਸਭ ਤੋਂ ਵੱਡਾ ਨੁਕਸਾਨ ਗਰੀਬਾਂ, ਦਲਿਤਾਂ, ਪਿਛੜੇ ਵਰਗਾਂ ਅਤੇ ਘੱਟ ਗਿਣਤੀਆਂ ਨੂੰ ਹੋਵੇਗਾ, ਜਿਨ੍ਹਾਂ ਕੋਲ ਕਈ-ਕਈ ਪੀੜ੍ਹੀਆਂ ਪੁਰਾਣੇ ਕਾਗਜ਼ਾਤ ਮੌਜੂਦ ਨਹੀਂ ਹਨ। ਉਨ੍ਹਾਂ ਕਿਹਾ ਕਿ ਅਜਿਹੇ ਬਿਆਨਾਂ ਰਾਹੀਂ ਸਰਕਾਰ ਹੇਠਲੇ ਪੱਧਰ ਦੇ ਅਧਿਕਾਰੀਆਂ ਨੂੰ ਅਸੀਮਿਤ ਤਾਕਤਾਂ ਦੇ ਰਹੀ ਹੈ, ਤਾਂ ਜੋ ਉਹ ਕਿਸੇ ਵੀ ਅਸਲ ਭਾਰਤੀ ਨੂੰ ਵੋਟ ਪਾਉਣ ਦੇ ਅਧਿਕਾਰ ਤੋਂ ਵਾਂਝਾ ਕਰ ਸਕਣ। ਉਨ੍ਹਾਂ ਇਸ ਨੂੰ ਲੋਕਤੰਤਰ 'ਤੇ ਸਿੱਧਾ ਹਮਲਾ ਦੱਸਿਆ। ਰਾਹੁਲ ਗਾਂਧੀ ਨੇ ਸਵਾਲ ਚੁੱਕਿਆ ਕਿ ਜੇਕਰ ਸਰਕਾਰ ਆਪਣੇ ਹੀ ਜਾਰੀ ਕੀਤੇ ਦਸਤਾਵੇਜ਼ਾਂ 'ਤੇ ਭਰੋਸਾ ਨਹੀਂ ਕਰ ਰਹੀ, ਤਾਂ ਫਿਰ ਉਹ ਦੇਸ਼ ਨੂੰ ਕਿਸ ਦਿਸ਼ਾ ਵੱਲ ਲੈ ਕੇ ਜਾ ਰਹੀ ਹੈ ? ਕੀ ਸਰਕਾਰ ਹੁਣ ਭਾਰਤੀਆਂ ਨੂੰ ਆਪਣੀ ਹੀ ਧਰਤੀ 'ਤੇ ਬੇਗਾਨਾ ਬਣਾਉਣਾ ਚਾਹੁੰਦੀ ਹੈ ?

ਕੀ ਹੈ ਅਸਲ ਸੱਚ: ਕਾਨੂੰਨੀ ਬਨਾਮ ਵਿਹਾਰਕ ਸਥਿਤੀ-ਇਸ ਪੂਰੇ ਵਿਵਾਦ ਨੂੰ ਸਮਝਣ ਲਈ ਕਾਨੂੰਨ ਦੀਆਂ ਬਾਰੀਕੀਆਂ ਨੂੰ ਸਮਝਣਾ ਜ਼ਰੂਰੀ ਹੈ। ਦੇਸ਼ ਦੇ ਸਾਬਕਾ ਵਿਦੇਸ਼ ਸਕੱਤਰਾਂ ਅਤੇ ਕਾਨੂੰਨੀ ਮਾਹਿਰਾਂ ਅਨੁਸਾਰ, ਸਰਕਾਰ ਦਾ ਬਿਆਨ 'ਕਾਨੂੰਨੀ ਤੌਰ 'ਤੇ' ਗਲਤ ਨਹੀਂ ਹੈ। ਇਸ ਦੇ ਪਿੱਛੇ ਦੋ ਵੱਖ-ਵੱਖ ਕਾਨੂੰਨ ਕੰਮ ਕਰਦੇ ਹਨ:

ਪਾਸਪੋਰਟ ਐਕਟ 1967: ਇਹ ਕਾਨੂੰਨ ਸਿਰਫ਼ ਇੱਕ 'ਦਸਤਾਵੇਜ਼' (ਪਾਸਪੋਰਟ) ਨੂੰ ਨਿਯੰਤਰਿਤ ਕਰਦਾ ਹੈ। ਪਾਸਪੋਰਟ ਦੇ ਪਿੱਛੇ ਸਪੱਸ਼ਟ ਲਿਖਿਆ ਹੁੰਦਾ ਹੈ ਕਿ ਇਹ 'ਭਾਰਤ ਸਰਕਾਰ ਦੀ ਸੰਪਤੀ' ਹੈ ਅਤੇ ਸਰਕਾਰ ਇਸ ਨੂੰ ਕਿਸੇ ਵੀ ਵੇਲੇ ਰੱਦ ਜਾਂ ਜ਼ਬਤ ਕਰ ਸਕਦੀ ਹੈ।

ਸਿਟੀਜ਼ਨਸ਼ਿਪ ਐਕਟ 1955: ਇਹ ਕਾਨੂੰਨ ਕਿਸੇ ਵਿਅਕਤੀ ਦੇ 'ਕਾਨੂੰਨੀ ਦਰਜੇ' (ਸਟੇਟਸ) ਯਾਨੀ ਨਾਗਰਿਕਤਾ ਨੂੰ ਨਿਯੰਤਰਿਤ ਕਰਦਾ ਹੈ। ਸਰਕਾਰ ਦਾ ਤਰਕ ਹੈ ਕਿ ਜੇਕਰ ਕਿਸੇ ਵਿਅਕਤੀ ਨੇ ਧੋਖਾਧੜੀ, ਗਲਤ ਜਾਣਕਾਰੀ ਜਾਂ ਜਾਅਲੀ ਦਸਤਾਵੇਜ਼ਾਂ ਦੇ ਸਿਰ 'ਤੇ ਪਾਸਪੋਰਟ ਬਣਵਾ ਲਿਆ ਹੈ, ਤਾਂ ਇਕੱਲਾ ਪਾਸਪੋਰਟ ਹੋਣ ਨਾਲ ਉਹ ਕਾਨੂੰਨੀ ਤੌਰ 'ਤੇ ਭਾਰਤ ਦਾ ਨਾਗਰਿਕ ਨਹੀਂ ਬਣ ਜਾਂਦਾ। ਅਦਾਲਤ ਵਿੱਚ ਚੁਣੌਤੀ ਮਿਲਣ 'ਤੇ ਪਾਸਪੋਰਟ ਨੂੰ ਨਾਗਰਿਕਤਾ ਦਾ ਅੰਤਿਮ ਅਤੇ ਅਟੱਲ ਸਬੂਤ ਨਹੀਂ ਮੰਨਿਆ ਜਾ ਸਕਦਾ। ਇਸੇ ਤਰ੍ਹਾਂ, ਸੁਪਰੀਮ ਕੋਰਟ ਨੇ ਵੀ ਸਪੱਸ਼ਟ ਕੀਤਾ ਹੈ ਕਿ ਆਧਾਰ ਕਾਰਡ ਸਿਰਫ਼ ਪਛਾਣ ਦਾ ਸਬੂਤ ਹੈ ਅਤੇ ਵੋਟਰ ਆਈਡੀ ਸਿਰਫ਼ ਵੋਟ ਪਾਉਣ ਦਾ ਅਧਿਕਾਰ ਦਿੰਦੀ ਹੈ, ਨਾਗਰਿਕਤਾ ਦਾ ਫੈਸਲਾਕੁੰਨ ਸਬੂਤ ਇਹ ਵੀ ਨਹੀਂ ਹਨ।

ਤੁਹਾਡੀ ਨਾਗਰਿਕਤਾ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਤੁਹਾਡਾ ਜਨਮ ਕਦੋਂ ਹੋਇਆ: ਜੇਕਰ ਤੁਹਾਡਾ ਜਨਮ 1 ਜੁਲਾਈ 1987 ਤੋਂ ਬਾਅਦ ਹੋਇਆ ਹੈ, ਤਾਂ ਇਕੱਲਾ ਤੁਹਾਡਾ ਜਨਮ ਸਰਟੀਫਿਕੇਟ ਕਾਫ਼ੀ ਨਹੀਂ ਹੈ। ਤੁਹਾਨੂੰ ਇਹ ਸਾਬਤ ਕਰਨਾ ਪਵੇਗਾ ਕਿ ਤੁਹਾਡੇ ਮਾਤਾ-ਪਿਤਾ (ਜਾਂ ਉਨ੍ਹਾਂ ਵਿੱਚੋਂ ਕੋਈ ਇੱਕ) ਭਾਰਤੀ ਨਾਗਰਿਕ ਸਨ। ਇਸ ਲਈ ਅਸਲ ਸਬੂਤ ਇਹ ਬਣਦੇ ਹਨ:

ਮਾਤਾ-ਪਿਤਾ ਦਾ ਭਾਰਤ ਵਿੱਚ ਜਨਮ ਦਾ ਸਰਟੀਫਿਕੇਟ। ਮਾਤਾ-ਪਿਤਾ ਦੇ ਨਾਮ ਦਰਜ 1987 ਜਾਂ ਉਸ ਤੋਂ ਪਹਿਲਾਂ ਦੇ ਸਰਕਾਰੀ ਰਿਕਾਰਡ (ਜਿਵੇਂ ਕਿ ਪੁਰਾਣੀਆਂ ਵੋਟਰ ਸੂਚੀਆਂ ਵਿੱਚ ਨਾਮ, ਜ਼ਮੀਨ ਦੇ ਮਾਲਕੀ ਕਾਗਜ਼ਾਤ ਯਾਨੀ ਜਮ੍ਹਾਂਬੰਦੀ/ਫ਼ਰਦ, ਜਾਂ ਸਰਕਾਰੀ ਸਰਵਿਸ ਰਿਕਾਰਡ)।

ਜਿਹੜੇ ਲੋਕ ਵਿਦੇਸ਼ ਤੋਂ ਆ ਕੇ ਭਾਰਤ ਵਿੱਚ ਵੱਸੇ ਹਨ ਅਤੇ ਉਨ੍ਹਾਂ ਨੇ ਕਾਨੂੰਨੀ ਪ੍ਰਕਿਰਿਆ ਰਾਹੀਂ ਨਾਗਰਿਕਤਾ ਹਾਸਲ ਕੀਤੀ ਹੈ, ਉਨ੍ਹਾਂ ਲਈ ਗ੍ਰਹਿ ਮੰਤਰਾਲੇ ਵੱਲੋਂ ਜਾਰੀ ਕੀਤਾ ਗਿਆ ਨਾਗਰਿਕਤਾ ਰਜਿਸਟ੍ਰੇਸ਼ਨ ਸਰਟੀਫਿਕੇਟ ਹੀ ਨਾਗਰਿਕਤਾ ਦਾ ਇੱਕਮਾਤਰ ਅਤੇ ਅੰਤਿਮ ਕਾਨੂੰਨੀ ਸਬੂਤ ਹੈ।

ਅਦਾਲਤ ਕੀ ਕਹਿੰਦੀ ਹੈ ?-ਬੰਬਈ ਹਾਈ ਕੋਰਟ ਨੇ ਇੱਕ ਅਹਿਮ ਫੈਸਲੇ ਵਿੱਚ ਸਪੱਸ਼ਟ ਕੀਤਾ ਸੀ ਕਿ ਜਦੋਂ ਤੱਕ ਕਿਸੇ ਵਿਅਕਤੀ ਦੇ ਮਾਤਾ-ਪਿਤਾ ਦੀ ਭਾਰਤੀ ਨਾਗਰਿਕਤਾ ਅਤੇ ਉਸ ਦਾ ਕਾਨੂੰਨੀ ਜਨਮ ਸਾਬਤ ਨਹੀਂ ਹੁੰਦਾ, ਉਦੋਂ ਤੱਕ ਇਕੱਲਾ ਪਾਸਪੋਰਟ ਵੀ ਅਦਾਲਤ ਵਿੱਚ ਨਾਗਰਿਕਤਾ ਦਾ ਅਟੱਲ ਸਬੂਤ ਨਹੀਂ ਮੰਨਿਆ ਜਾ ਸਕਦਾ।

ਜੇਕਰ ਕਦੇ ਨਾਗਰਿਕਤਾ 'ਤੇ ਕਾਨੂੰਨੀ ਸਵਾਲ ਖੜ੍ਹਾ ਹੁੰਦਾ ਹੈ (ਜਿਵੇਂ ਕਿ ਅਸਾਮ ਵਿੱਚ ੍ਛ ਦੌਰਾਨ ਹੋਇਆ ਸੀ), ਤਾਂ ਤੁਹਾਡਾ ਸਰਕਾਰੀ ਜਨਮ ਸਰਟੀਫਿਕੇਟ, ਖ਼ਾਨਦਾਨੀ ਸ਼ਜਰਾ ਅਤੇ 1987 ਤੋਂ ਪਹਿਲਾਂ ਦੇ ਪਰਿਵਾਰਕ ਸਰਕਾਰੀ ਰਿਕਾਰਡ ਹੀ ਕਾਨੂੰਨ ਦੀ ਨਜ਼ਰ ਵਿੱਚ ਤੁਹਾਡੀ ਨਾਗਰਿਕਤਾ ਦਾ ਅਸਲ ਅਤੇ ਅੰਤਿਮ ਸਬੂਤ ਮੰਨੇ ਜਾਂਦੇ ਹਨ।

## ਫਿਰ ਭਾਰਤੀ ਨਾਗਰਿਕਤਾ ਦਾ ਸਬੂਤ ਕੀ ਹੈ ?

ਭਾਰਤੀ ਨਾਗਰਿਕਤਾ ਕਾਨੂੰਨ (ਸਿਟੀਜ਼ਨਸ਼ਿਪ ਐਕਟ) ਦੇ ਮੁਤਾਬਕ, ਨਾਗਰਿਕਤਾ ਤੈਅ ਕਰਨ ਦੇ ਨਿਯਮ ਸਮੇਂ-ਸਮੇਂ 'ਤੇ ਬਦਲਦੇ ਰਹੇ ਹਨ:

26 ਜਨਵਰੀ 1950 ਤੋਂ 1 ਜੁਲਾਈ 1987: ਇਸ ਦੌਰਾਨ ਭਾਰਤ ਵਿੱਚ ਜਨਮਿਆ ਹਰ ਵਿਅਕਤੀ ਜਨਮ ਤੋਂ ਹੀ ਭਾਰਤੀ ਹੈ।

1 ਜੁਲਾਈ 1987 ਤੋਂ ਬਾਅਦ: ਜਨਮ ਦੇ ਨਾਲ-ਨਾਲ ਮਾਤਾ-ਪਿਤਾ ਵਿੱਚੋਂ ਕਿਸੇ ਇੱਕ ਦਾ ਭਾਰਤੀ ਨਾਗਰਿਕ ਹੋਣਾ ਲਾਜ਼ਮੀ ਹੈ।

3 ਦਸੰਬਰ 2004 ਤੋਂ ਬਾਅਦ: ਦੋਵੇਂ ਮਾਤਾ-ਪਿਤਾ ਭਾਰਤੀ ਹੋਣ ਜਾਂ ਇੱਕ ਭਾਰਤੀ ਹੋਵੇ ਅਤੇ ਦੂਜਾ ਗੈਰ-ਕਾਨੂੰਨੀ ਪ੍ਰਵਾਸੀ ਨਾ ਹੋਵੇ।

ਬੰਬਈ ਹਾਈ ਕੋਰਟ ਨੇ ਵੀ 2013 ਵਿੱਚ ਕਿਹਾ ਸੀ ਕਿ ਜਦੋਂ ਤੱਕ ਮਾਤਾ-ਪਿਤਾ ਦੀ ਨਾਗਰਿਕਤਾ ਸਾਬਤ ਨਹੀਂ ਹੁੰਦੀ, ਉਦੋਂ ਤੱਕ ਇਕੱਲਾ ਜਨਮ ਸਰਟੀਫਿਕੇਟ ਜਾਂ ਪਾਸਪੋਰਟ ਪੂਰਨ ਸਬੂਤ ਨਹੀਂ ਹੋ ਸਕਦਾ। ਇਸ ਲਈ, ਅਸਲ ਕਾਨੂੰਨੀ ਸਬੂਤ 'ਸਿਟੀਜ਼ਨਸ਼ਿਪ ਐਕਟ 1955' ਦੇ ਤਹਿਤ ਮਿਲੇ ਪ੍ਰਮਾਣ ਪੱਤਰ, ਜਨਮ ਦੇ ਰਿਕਾਰਡ ਅਤੇ ਮਾਤਾ-ਪਿਤਾ ਦੀ ਨਾਗਰਿਕਤਾ ਦੇ ਦਸਤਾਵੇਜ਼ ਹੀ ਹਨ।

ਵਿਹਾਰਕ ਰੂਪ ਵਿੱਚ, ਪਾਸਪੋਰਟ ਅੱਜ ਵੀ ਬੈਂਕਾਂ, ਸਰਕਾਰੀ ਕੰਮਾਂ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਨਾਗਰਿਕਤਾ ਦਾ ਸਭ ਤੋਂ ਮਜ਼ਬੂਤ ਅਤੇ ਭਰੋਸੇਮੰਦ ਦਸਤਾਵੇਜ਼ ਹੈ। ਪਰ ਕਾਨੂੰਨ ਦੀਆਂ ਨਜ਼ਰਾਂ ਵਿੱਚ ਇਹ ਇੱਕ "ਮੰਨਿਆ ਹੋਇਆ ਪ੍ਰਮਾਣ" ਹੈ, ਨਾ ਕਿ ਅਟੱਲ ਸੱਚ।

ਸਰਕਾਰ ਨੂੰ ਚਾਹੀਦਾ ਹੈ ਕਿ ਉਹ ਅਜਿਹੇ ਸੰਵੇਦਨਸ਼ੀਲ ਮੁੱਦਿਆਂ 'ਤੇ ਬਿਆਨਬਾਜ਼ੀ ਕਰਦੇ ਸਮੇਂ ਦੇਸ਼ ਦੇ ਆਮ ਨਾਗਰਿਕਾਂ ਦੇ ਮਨਾਂ ਵਿੱਚ ਪੈਦਾ ਹੋਣ ਵਾਲੇ ਡਰ ਅਤੇ ਭੰਬਲਭੂਸੇ ਨੂੰ ਦੂਰ ਕਰੇ। ਜੇਕਰ ਦੇਸ਼ ਦੇ ਸਭ ਤੋਂ ਵੱਡੇ ਸਰਕਾਰੀ ਦਸਤਾਵੇਜ਼ ਵੀ ਨਾਗਰਿਕਤਾ ਦਾ ਪੱਕਾ ਸਬੂਤ ਨਹੀਂ ਹਨ, ਤਾਂ ਸਰਕਾਰ ਨੂੰ ਇੱਕ ਅਜਿਹਾ ਪਾਰਦਰਸ਼ੀ ਅਤੇ ਸਰਲ ਸਿਸਟਮ ਬਣਾਉਣਾ ਚਾਹੀਦਾ ਹੈ ਜਿਸ ਨਾਲ ਕਿਸੇ ਵੀ ਅਸਲ ਭਾਰਤੀ ਨਾਗਰਿਕ ਨੂੰ ਆਪਣੀ ਹੀ ਧਰਤੀ 'ਤੇ ਆਪਣੀ ਪਛਾਣ ਸਾਬਤ ਕਰਨ ਲਈ ਦਰ-ਦਰ ਦੀਆਂ ਠੋਕਰਾਂ ਨਾ ਖਾਣੀਆਂ ਪੈਣ। ਅਜਿਹੇ ਮਾਮਲਿਆਂ ਵਿੱਚ ਨਜ਼ਰਾਂ ਹੁਣ ਸੁਪਰੀਮ ਕੋਰਟ 'ਤੇ ਟਿਕੀਆਂ ਹੋਈਆਂ ਹਨ ਕਿ ਉਹ ਕਾਨੂੰਨ ਅਤੇ ਆਮ ਜਨਤਾ ਦੀ ਸਮਝ ਵਿਚਕਾਰਲੇ ਇਸ ਪਾੜੇ ਨੂੰ ਕਿਵੇਂ ਪੂਰਦਾ ਹੈ। ਸੁਆਲ ਇਹ ਵੀ ਹੈ ਕਿ ਅਜਿਹਾ ਮਾਮਲਾ ਅੱਜ ਤਕ ਨਹੀਂ ਉਭਰਿਆ ਹੁਣ ਕਿਉਂ ਉਭਰ ਰਿਹਾ ਹੈ।

# 189 ਸਾਲ ਪੁਰਾਣੀ ਸ਼ਾਹੀ ਪਰੰਪਰਾ ਟੁੱਟੀ

## ✪ ਹੁਣ ਬਕਿੰਘਮ ਪੈਲੇਸ ਵਿੱਚ ਨਹੀਂ ਰਹਿਣਗੇ ਬ੍ਰਿਟੇਨ ਦੇ ਰਾਜਾ ਕਿੰਗ ਚਾਰਲਸ



ਲੰਡਨ-ਬ੍ਰਿਟੇਨ ਦੇ ਸ਼ਾਹੀ ਪਰਿਵਾਰ ਵਿੱਚ ਇੱਕ ਬਹੁਤ ਵੱਡਾ ਅਤੇ ਇਤਿਹਾਸਕ ਬਦਲਾਅ ਦੇਖਣ ਨੂੰ ਮਿਲ ਰਿਹਾ ਹੈ। ਪਿਛਲੇ ਲਗਭਗ 10 ਸਾਲਾਂ ਤੋਂ ਬਕਿੰਘਮ ਪੈਲੇਸ ਵਿੱਚ ਚੱਲ ਰਿਹਾ ਵੱਡੇ ਪੱਧਰ ਦਾ ਮੁਰੰਮਤ ਦਾ ਕੰਮ ਅਗਲੇ ਸਾਲ ਮਾਰਚ ਵਿੱਚ ਪੂਰਾ ਹੋਣ ਜਾ ਰਿਹਾ ਹੈ। ਇਸ ਮੈਗਾ ਪ੍ਰੋਜੈਕਟ ’ਤੇ ਲਗਭਗ 369 ਮਿਲੀਅਨ ਪੌਂਡ (ਯਾਨੀ ਕਰੀਬ 4,300 ਕਰੋੜ ਰੁਪਏ) ਖਰਚ ਕੀਤੇ ਗਏ ਹਨ। ਪਰ ਸਭ ਤੋਂ ਹੈਰਾਨੀਜਨਕ ਗੱਲ ਇਹ ਹੈ ਕਿ ਇੰਨੀ ਮਹਿੰਗੀ ਮੁਰੰਮਤ ਤੋਂ ਬਾਅਦ ਵੀ ਬ੍ਰਿਟੇਨ ਦੇ ਰਾਜਾ ਕਿੰਗ ਚਾਰਲਸ ਤੀਜੇ ਅਤੇ ਕਵੀਨ ਕੈਮਿਲਾ ਉੱਥੇ ਸ਼ਿਫਟ ਨਹੀਂ ਹੋਣਗੇ। ਸ਼ਾਹੀ ਜੋੜੇ ਨੇ ਆਪਣੇ ਮੌਜੂਦਾ ਨਿਵਾਸ ‘ਕਲੇਰੈਂਸ ਹਾਊਸ’ ਵਿੱਚ ਹੀ ਰਹਿਣ ਦਾ ਫੈਸਲਾ ਕੀਤਾ ਹੈ। ਸ਼ਾਹੀ ਪਰਿਵਾਰ ਮੁਤਾਬਕ, ਇਸ ਫੈਸਲੇ ਨਾਲ ਆਮ ਲੋਕਾਂ ਅਤੇ ਸੈਲਾਨੀਆਂ ਨੂੰ ਬਕਿੰਘਮ ਪੈਲੇਸ ਦੇਖਣ ਦਾ ਜ਼ਿਆਦਾ ਮੌਕਾ ਮਿਲੇਗਾ, ਜਿਸ ਨਾਲ ਸੈਰ-ਸਪਾਟੇ ਤੋਂ ਹੋਣ ਵਾਲੀ ਕਮਾਈ ਵਿੱਚ ਵੀ ਵਾਧਾ ਹੋਵੇਗਾ।

1837 ਤੋਂ ਬਾਅਦ ਪਹਿਲੀ ਵਾਰ ਬਦਲੇਗੀ ਪਰੰਪਰਾ-ਸਾਲ 1837 ਤੋਂ ਬਕਿੰਘਮ ਪੈਲੇਸ ਬ੍ਰਿਟੇਨ ਦੇ ਰਾਜਾ ਜਾਂ ਰਾਣੀ ਦਾ ਅਧਿਕਾਰਤ ਲੰਡਨ ਨਿਵਾਸ ਰਿਹਾ ਹੈ। ਮਹਾਰਾਣੀ ਵਿਕਟੋਰੀਆ ਤੋਂ ਲੈ ਕੇ ਮਹਾਰਾਣੀ ਐਲਿਜ਼ਾਬੈਥ ਦੂਜੀ ਤੱਕ ਸਾਰੇ ਇੱਥੇ ਹੀ ਰਹੇ। ਪਰ ਹੁਣ ਕਿੰਗ ਚਾਰਲਸ ਇਸ 189 ਸਾਲ ਪੁਰਾਣੀ ਸ਼ਾਹੀ ਪਰੰਪਰਾ ਨੂੰ ਬਦਲਣ ਜਾ ਰਹੇ ਹਨ। ਉਹ ਕਲੇਰੈਂਸ ਹਾਊਸ ਨੂੰ ਹੀ ਆਪਣਾ ਪੱਕਾ ਘਰ ਬਣਾ ਕੇ ਰੱਖਣਗੇ। ਹਾਲਾਂਕਿ, ਬਕਿੰਘਮ ਪੈਲੇਸ ਪਹਿਲਾਂ ਵਾਂਗ ਹੀ ਸ਼ਾਹੀ ਪਰਿਵਾਰ ਦਾ ਅਧਿਕਾਰਤ ਦਫ਼ਤਰ ਅਤੇ ਵੱਡੇ ਸਰਕਾਰੀ ਪ੍ਰੋਗਰਾਮਾਂ ਦਾ ਮੁੱਖ ਕੇਂਦਰ ਬਣਿਆ ਰਹੇਗਾ।

ਸੈਲਾਨੀਆਂ ਲਈ ਖੁੱਲ੍ਹੇਗਾ ਮਹਿਲ ਦਾ ਵੱਡਾ ਹਿੱਸਾ-ਸ਼ਾਹੀ ਅਧਿਕਾਰੀਆਂ ਅਨੁਸਾਰ, ਇਸ ਫੈਸਲੇ ਦਾ ਸਭ ਤੋਂ ਵੱਡਾ ਫਾਇਦਾ ਆਮ ਲੋਕਾਂ ਨੂੰ ਹੋਵੇਗਾ। ਜੇਕਰ ਰਾਜਾ ਬਕਿੰਘਮ ਪੈਲੇਸ ਵਿੱਚ ਰਹਿੰਦੇ ਹਨ, ਤਾਂ ਸੁਰੱਖਿਆ ਕਾਰਨਾਂ ਕਰਕੇ ਮਹਿਲ ਦੇ ਕਈ ਹਿੱਸੇ ਬੰਦ ਰੱਖਣੇ ਪੈਂਦੇ ਹਨ। ਪਰ ਉਹਨਾਂ ਦੇ ਬਾਹਰ ਰਹਿਣ ਨਾਲ ਮਹਿਲ ਨੂੰ ਸੈਲਾਨੀਆਂ ਲਈ ਜ਼ਿਆਦਾ ਦਿਨਾਂ ਤੱਕ ਖੁੱਲ੍ਹਾ ਰੱਖਿਆ ਜਾ ਸਕੇਗਾ। ਇਸ ਨਾਲ ਦੁਨੀਆ ਭਰ ਤੋਂ ਆਉਣ ਵਾਲੇ ਲੋਕਾਂ ਨੂੰ ਇਸ ਇਤਿਹਾਸਕ ਮਹਿਲ ਨੂੰ ਨੇੜਿਓਂ ਦੇਖਣ ਦਾ ਮੌਕਾ ਮਿਲੇਗਾ।

ਉਮਰ ਅਤੇ ਸਹੂਲਤ ਵੀ ਹੈ ਇੱਕ ਵੱਡੀ ਵਜ੍ਹਾ-ਕਿੰਗ ਚਾਰਲਸ ਅਤੇ ਕਵੀਨ ਕੈਮਿਲਾ ਸਾਲ 2005 ਤੋਂ ਕਲੇਰੈਂਸ ਹਾਊਸ ਵਿੱਚ ਰਹਿ ਰਹੇ ਹਨ। ਦੋਵਾਂ ਦੀ ਉਮਰ ਹੁਣ 70 ਸਾਲ ਤੋਂ ਵੱਧ ਹੋ ਚੁੱਕੀ ਹੈ, ਅਤੇ ਉਹ ਇਸ ਉਮਰ ਵਿੱਚ ਆਪਣਾ ਪੂਰਾ ਘਰ ਅਤੇ ਸਟਾਫ ਸ਼ਿਫਟ ਕਰਨ ਦੀ ਪਰੇਸ਼ਾਨੀ ਨਹੀਂ ਚਾਹੁੰਦੇ। ਇਸੇ ਲਈ ਉਨ੍ਹਾਂ ਨੇ ਉੱਥੇ ਹੀ ਰਹਿਣ ਦਾ ਫੈਸਲਾ ਕੀਤਾ ਹੈ। ਹਾਲਾਂਕਿ, ਆਪਣੇ ਸ਼ਾਹੀ ਕੰਮਾਂ ਲਈ ਉਹ ਬਕਿੰਘਮ ਪੈਲੇਸ ਆਉਂਦੇ-ਜਾਂਦੇ ਰਹਿਣਗੇ ਅਤੇ ਲੋੜ ਪੈਣ ’ਤੇ ਰਾਤ ਬਿਤਾਉਣ ਲਈ ਮਹਿਲ ਵਿੱਚ ਉਨ੍ਹਾਂ ਦੇ ਨਿੱਜੀ ਕਮਰੇ ਵੀ ਮੌਜੂਦ ਰਹਿਣਗੇ। ਭਾਵੇਂ ਕਿੰਗ ਚਾਰਲਸ ਉੱਥੇ ਨਹੀਂ ਰਹਿਣਗੇ, ਪਰ ਬਕਿੰਘਮ ਪੈਲੇਸ ਦੀ ਅਹਿਮੀਅਤ ਘੱਟ ਨਹੀਂ ਹੋਵੇਗੀ। ਵਿਦੇਸ਼ੀ ਨੇਤਾਵਾਂ ਨਾਲ ਮੁਲਾਕਾਤਾਂ, ਪ੍ਰਧਾਨ ਮੰਤਰੀ ਨਾਲ ਬੈਠਕਾਂ, ਸ਼ਾਹੀ ਦਾਅਵਤਾਂ ਅਤੇ ਗਾਰਡਨ ਪਾਰਟੀਆਂ ਪਹਿਲਾਂ ਵਾਂਗ ਹੀ ਇਸ ਮਹਿਲ ਵਿੱਚ ਆਯੋਜਿਤ ਕੀਤੀਆਂ ਜਾਣਗੀਆਂ।

ਪਹਿਲੀ ਵਾਰ ਜਨਤਕ ਕੀਤੀ ਟੈਕਸ ਦੀ ਜਾਣਕਾਰੀ-ਨਵੀਂ ਵਿੱਤੀ ਰਿਪੋਰਟ ਵਿੱਚ ਇੱਕ ਹੋਰ ਦਿਲਚਸਪ ਖੁਲਾਸਾ ਹੋਇਆ ਹੈ। ਕਿੰਗ ਚਾਰਲਸ ਬ੍ਰਿਟੇਨ ਦੇ ਅਜਿਹੇ ਪਹਿਲੇ ਸਮਰਾਟ ਬਣ ਗਏ ਹਨ, ਜਿਨ੍ਹਾਂ ਨੇ ਆਪਣੇ ਟੈਕਸ ਭੁਗਤਾਨ ਦੀ ਜਾਣਕਾਰੀ ਜਨਤਕ ਕੀਤੀ ਹੈ। ਉਨ੍ਹਾਂ ਨੇ 2024-25 ਵਿੱਚ 12.9 ਮਿਲੀਅਨ ਪੌਂਡ ਅਤੇ 2023-24 ਵਿੱਚ 11.7 ਮਿਲੀਅਨ ਪੌਂਡ ਦਾ ਟੈਕਸ ਦਿੱਤਾ ਹੈ। ਇਸ ਤੋਂ ਇਲਾਵਾ, ਬਕਿੰਘਮ ਪੈਲੇਸ ਦੀ ਮੁਰੰਮਤ ਪੂਰੀ ਹੋਣ ਤੋਂ ਬਾਅਦ ਸ਼ਾਹੀ ਪਰਿਵਾਰ ਨੂੰ ਮਿਲਣ ਵਾਲੀ ‘ਸੋਵਰੇਨ ਗ੍ਰਾਂਟ’ ਨੂੰ ਵੀ ਘਟਾਇਆ ਜਾਵੇਗਾ। ਬਚੀ ਹੋਈ ਰਕਮ ਨੂੰ ਦੂਜੇ ਸ਼ਾਹੀ ਮਹਿਲਾਂ ਦੀ ਮੁਰੰਮਤ, ਸਾਈਬਰ ਸੁਰੱਖਿਆ, ਅਤੇ ਵਿੰਡਸਰ ਕੈਸਲ ਦੇ ਪੁਰਾਣੇ ਸਿਸਟਮਾਂ ਨੂੰ ਬਦਲਣ ’ਤੇ ਖਰਚ ਕੀਤਾ ਜਾਵੇਗਾ।

ਬਕਿੰਘਮ ਪੈਲੇਸ ਨੂੰ ਛੱਡਣ ਦਾ ਕਿੰਗ ਚਾਰਲਸ ਦਾ ਇਹ ਫੈਸਲਾ ਸਿਰਫ਼ ਰਹਿਣ-ਸਹਿਣ ਦਾ ਬਦਲਾਅ ਨਹੀਂ, ਬਲਕਿ ਬ੍ਰਿਟਿਸ਼ ਸ਼ਾਹੀ ਪਰਿਵਾਰ ਦੀ ਸੋਚ ਵਿੱਚ ਆ ਰਹੀ ਵੱਡੀ ਤਬਦੀਲੀ ਦਾ ਪ੍ਰਤੀਕ ਹੈ। 189 ਸਾਲ ਪੁਰਾਣੀ ਸ਼ਾਹੀ ਰਵਾਇਤ ਨੂੰ ਪਾਸੇ ਰੱਖ ਕੇ ਆਮ ਲੋਕਾਂ ਦੀ ਸਹੂਲਤ, ਸੈਰ-ਸਪਾਟੇ ਦੇ ਫਾਇਦੇ ਅਤੇ ਆਪਣੇ ਟੈਕਸਾਂ ਦੀ ਜਾਣਕਾਰੀ ਜਨਤਕ ਕਰਨਾ ਇਹ ਸਾਫ਼ ਦਰਸਾਉਂਦਾ ਹੈ ਕਿ ਕਿੰਗ ਚਾਰਲਸ ਬ੍ਰਿਟੇਨ ਦੇ ਰਾਜਤੰਤਰ ਨੂੰ ਵਧੇਰੇ ਪਾਰਦਰਸ਼ੀ, ਕਿਫ਼ਾਇਤੀ ਅਤੇ ਜਨਤਾ ਦੇ ਨੇੜੇ ਲਿਆਉਣਾ ਚਾਹੁੰਦੇ ਹਨ। ਹੁਣ ਦੇਖਣਾ ਇਹ ਹੋਵੇਗਾ ਕਿ ਰਾਜਾ ਦਾ ਇਹ ‘ਆਧੁਨਿਕ ਅਤੇ ਜਨਤਾ ਪੱਖੀ’ ਕਦਮ ਆਉਣ ਵਾਲੇ ਸਮੇਂ ਵਿੱਚ ਸ਼ਾਹੀ ਪਰਿਵਾਰ ਦੀ ਲੋਕਪ੍ਰਿਅਤਾ ਨੂੰ ਕਿਹੜੀਆਂ ਨਵੀਆਂ ਉਚਾਈਆਂ ’ਤੇ ਲੈ ਕੇ ਜਾਂਦਾ ਹੈ।

# ਫੀਫਾ ਵਿਸ਼ਵ ਕੱਪ ਦੇ ਬਹਾਨੇ ਕੈਨੇਡਾ ਜਾਣ ਦਾ ਸੁਪਨਾ ਚਕਨਾਚੂਰ

## ✪ ਭਾਰਤ ਦੀਆਂ 70 ਫੀਸਦੀ ਤੋਂ ਵੱਧ ਵੀਜ਼ਾ ਅਰਜ਼ੀਆਂ ਖਾਰਜ

ਕੈਨੇਡੀਅਨ ਇਮੀਗ੍ਰੇਸ਼ਨ ਵਿਭਾਗ ਵੱਲੋਂ ਜਾਰੀ ਕੀਤੇ ਗਏ ਤਾਜ਼ਾ ਅੰਕੜੇ ਅੱਖਾਂ ਖੋਲ੍ਹਣ ਵਾਲੇ ਵੀ ਹਨ ਅਤੇ ਚਿੰਤਾਜਨਕ ਵੀ। ਫੀਫਾ ਵਿਸ਼ਵ ਕੱਪ ਦੇ ਮੈਚ ਦੇਖਣ ਦੇ ਬਹਾਨੇ ਕੈਨੇਡਾ ਜਾਣ ਦੀ ਇੱਛਾ ਰੱਖਣ ਵਾਲੇ ਭਾਰਤੀਆਂ, ਖ਼ਾਸ ਕਰਕੇ ਪੰਜਾਬੀ ਨੌਜਵਾਨਾਂ ਨੂੰ ਵੱਡਾ ਝਟਕਾ ਲੱਗਾ ਹੈ। ਰਿਪੋਰਟਾਂ ਮੁਤਾਬਕ, ਵਿਸ਼ਵ ਕੱਪ ਦੇ ਨਾਂ ’ਤੇ ਵੀਜ਼ਾ ਅਪਲਾਈ ਕਰਨ ਵਾਲੇ 70 ਫੀਸਦੀ ਤੋਂ ਵੱਧ ਭਾਰਤੀਆਂ ਦੀਆਂ ਅਰਜ਼ੀਆਂ ਰੱਦ ਕਰ ਦਿੱਤੀਆਂ ਗਈਆਂ ਹਨ। 1,225 ਭਾਰਤੀਆਂ ਵਿੱਚੋਂ ਸਿਰਫ਼ 355 ਲੋਕਾਂ ਦੇ ਹੀ ਵੀਜ਼ੇ ਲੱਗੇ ਹਨ। ਇਹ ਅੰਕੜਾ ਸਿੱਧੇ ਤੌਰ ’ਤੇ ਉਸ ਭੁਲੇਖੇ ਦੀ ਹਵਾ ਕੱਢਦਾ ਹੈ, ਜੋ ਸੋਸ਼ਲ ਮੀਡੀਆ ਅਤੇ ਇਮੀਗ੍ਰੇਸ਼ਨ ਏਜੰਟਾਂ ਦੁਆਰਾ ਸਿਰਜਿਆ ਗਿਆ ਸੀ।

### ਅਰਜ਼ੀਆਂ ਰੱਦ ਹੋਣ ਦੇ ਅਸਲ ਕਾਰਨ

ਕੈਨੇਡਾ ਸਰਕਾਰ ਵੱਲੋਂ ਇੰਨੀ ਵੱਡੀ ਗਿਣਤੀ ਵਿੱਚ ਵੀਜ਼ੇ ਰੱਦ ਕਰਨ ਪਿੱਛੇ ਮੁੱਖ ਕਾਰਨ ‘ਇਮੀਗ੍ਰੇਸ਼ਨ ਦਾ ਖ਼ਦਸ਼ਾ’ ਅਤੇ ‘ਗਲਤ ਜਾਣਕਾਰੀ’ ਹੈ। ਚੰਡੀਗੜ੍ਹ ਅਤੇ ਪੰਜਾਬ ਦੇ ਕਈ ਇਮੀਗ੍ਰੇਸ਼ਨ ਏਜੰਟਾਂ ਨੇ ਇੰਸਟਾਗ੍ਰਾਮ ਅਤੇ ਹੋਰ ਸੋਸ਼ਲ ਮੀਡੀਆ ਪਲੇਟਫਾਰਮਾਂ ’ਤੇ ਫੀਫਾ ਵਿਸ਼ਵ ਕੱਪ ਨੂੰ ‘ਕੈਨੇਡਾ ਵਿੱਚ ਪੱਕੇ ਤੌਰ ’ਤੇ ਵਸਣ ਦਾ ਸੁਨਹਿਰੀ ਮੌਕਾ’ ਵਜੋਂ ਵੇਚਣਾ ਸ਼ੁਰੂ ਕਰ ਦਿੱਤਾ ਸੀ। ਕੈਨੇਡਾ ਸਰਕਾਰ ਨੇ ਸਾਫ਼ ਕੀਤਾ ਹੈ ਕਿ ‘ਫੀਫਾ ਵੀਜ਼ਾ’ ਨਾਂ ਦੀ ਕੋਈ ਵਿਸ਼ੇਸ਼ ਸ਼੍ਰੇਣੀ ਨਹੀਂ ਹੈ ਜੋ ਉੱਥੇ ਕੰਮ ਕਰਨ ਜਾਂ ਪੱਕੇ ਹੋਣ ਦੀ ਇਜਾਜ਼ਤ ਦਿੰਦੀ ਹੋਵੇ। ਇਹ ਸਿਰਫ਼ ਇੱਕ ਆਮ ਟੂਰਿਸਟ ਵੀਜ਼ਾ ਹੈ।

ਜਾਅਲੀ ਦਸਤਾਵੇਜ਼: ਏਜੰਟਾਂ ਦੇ ਚੱਕਰ ਵਿੱਚ ਫਸ ਕੇ ਕਈ ਬਿਨੈਕਾਰਾਂ ਨੇ ਜਾਅਲੀ ਫੰਡ ਜਾਂ ਦਸਤਾਵੇਜ਼ ਲਗਾਏ, ਜਿਸ ਕਾਰਨ ਵੀਜ਼ਾ ਅਧਿਕਾਰੀਆਂ ਨੇ ਅਰਜ਼ੀਆਂ ਸਿੱਧੀਆਂ ਖਾਰਜ ਕਰ ਦਿੱਤੀਆਂ।

### ਪੰਜਾਬੀਆਂ ਨੂੰ ਕੀ ਹੋਵੇਗਾ ਨੁਕਸਾਨ ?

ਇਸ ਪੂਰੇ ਮਾਮਲੇ ਦਾ ਸਭ ਤੋਂ ਦੁਖਦ ਪਹਿਲੂ ਪੰਜਾਬੀਆਂ ਸਿਰ ਪੈਣ ਵਾਲੀ ਆਰਥਿਕ ਅਤੇ ਮਾਨਸਿਕ ਮਾਰ ਹੈ। ਏਜੰਟਾਂ ਨੂੰ ਦਿੱਤੀਆਂ ਮੋਟੀਆਂ ਰਕਮਾਂ, ਫਾਈਲ ਚਾਰਜਿਸ ਅਤੇ ਵੀਜ਼ਾ ਫੀਸਾਂ ਪਾਣੀ ਵਿੱਚ ਬਹਿ ਗਈਆਂ ਹਨ। ਪੰਜਾਬ ਦੇ ਲੱਖਾਂ-ਕਰੋੜਾਂ ਰੁਪਏ ਇਸ ਠੱਗੀ ਦੀ ਭੇਟ ਚੜ੍ਹ ਚੁੱਕੇ ਹਨ। ਜਿਨ੍ਹਾਂ ਬਿਨੈਕਾਰਾਂ ਨੇ ਏਜੰਟਾਂ ਦੇ ਕਹਿਣ ’ਤੇ ਜਾਅਲੀ ਦਸਤਾਵੇਜ਼ ਵਰਤੇ, ਉਨ੍ਹਾਂ ’ਤੇ ਕੈਨੇਡਾ ਸਰਕਾਰ ਵੱਲੋਂ 5 ਸਾਲਾਂ ਦੀ ਪਾਬੰਦੀ ਲਗਾਈ ਜਾ ਰਹੀ ਹੈ। ਇਸ ਦਾ ਮਤਲਬ ਹੈ ਕਿ ਉਨ੍ਹਾਂ ਦਾ ਭਵਿੱਖ ਵਿੱਚ ਕੈਨੇਡਾ ਜਾਣ ਦਾ ਸੁਪਨਾ ਹਮੇਸ਼ਾ ਲਈ ਧੁੰਦਲਾ ਹੋ ਗਿਆ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਇੱਕ ਵਾਰ ਵੀਜ਼ਾ ਰਿਫਿਊਜ਼ (ਰੱਦ) ਹੋਣ ਨਾਲ ਬਿਨੈਕਾਰ ਦੇ ਇਮੀਗ੍ਰੇਸ਼ਨ ਰਿਕਾਰਡ ’ਤੇ ਨਕਾਰਾਤਮਕ ਅਸਰ ਪੈਂਦਾ ਹੈ, ਜਿਸ ਨਾਲ ਭਵਿੱਖ ਵਿੱਚ ਕਿਸੇ ਵੀ ਹੋਰ ਦੇਸ਼ ਦਾ ਵੀਜ਼ਾ ਮਿਲਣਾ ਵੀ ਮੁਸ਼ਕਲ ਹੋ ਜਾਂਦਾ ਹੈ।


ਇਹ ਮਾਮਲਾ ਪੰਜਾਬ ਦੇ ਨੌਜਵਾਨਾਂ ਅਤੇ ਮਾਪਿਆਂ ਲਈ ਇੱਕ ਵੱਡਾ ਸਬਕ ਹੈ। ਕੈਨੇਡਾ ਵਿੱਚ ਚੱਲ ਰਹੇ ਮੌਜੂਦਾ ਹਾਊਸਿੰਗ ਸੰਕਟ ਅਤੇ ਸਖ਼ਤ ਹੋ ਰਹੇ ਨਿਯਮਾਂ ਦੇ ਦੌਰ ਵਿੱਚ ‘ਸ਼ਾਰਟਕੱਟ’ ਰਸਤੇ ਹਮੇਸ਼ਾ ਖ਼ਤਰਨਾਕ ਸਾਬਤ ਹੁੰਦੇ ਹਨ।

ਮਾਹਿਰਾਂ ਦਾ ਕਹਿਣਾ ਹੈ ਕਿ ਪੰਜਾਬੀਆਂ ਨੂੰ ਸੋਸ਼ਲ ਮੀਡੀਆ ਦੇ ਝੂਠੇ ਇਸ਼ਤਿਹਾਰਾਂ ਤੋਂ ਬਚਣ ਦੀ ਲੋੜ ਹੈ। ਕਿਸੇ ਵੀ ਅੰਤਰਰਾਸ਼ਟਰੀ ਇਵੈਂਟ (ਜਿਵੇਂ ਫੀਫਾ) ਨੂੰ ਕਦੇ ਵੀ ਇਮੀਗ੍ਰੇਸ਼ਨ ਦਾ ਚੋਰ-ਦਰਵਾਜ਼ਾ ਨਾ ਸਮਝਿਆ ਜਾਵੇ। ਏਜੰਟਾਂ ਦੀਆਂ ਗੱਲਾਂ ਵਿੱਚ ਆਉਣ ਦੀ ਬਜਾਏ ਹਮੇਸ਼ਾ ਆਈਆਰਸੀਸੀ ਦੀ ਅਧਿਕਾਰਤ ਵੈੱਬਸਾਈਟ ’ਤੇ ਭਰੋਸਾ ਕਰੋ, ਤਾਂ ਜੋ ਤੁਹਾਡੀ ਮਿਹਨਤ ਦੀ ਕਮਾਈ ਅਤੇ ਭਵਿੱਖ ਦੋਵੇਂ ਸੁਰੱਖਿਅਤ ਰਹਿ ਸਕਣ। ਪੰਜਾਬ ਸਰਕਾਰ ਨੂੰ ਵੀ ਅਜਿਹੇ ਫਰਜ਼ੀ ਏਜੰਟਾਂ ਖ਼ਿਲਾਫ਼ ਤੁਰੰਤ ਸ਼ਿਕੰਜਾ ਕੱਸਣਾ ਚਾਹੀਦਾ ਹੈ ਜੋ ਨੌਜਵਾਨਾਂ ਦੇ ਭਵਿੱਖ ਨਾਲ ਖੇਡ ਰਹੇ ਹਨ।

# ਐਨਸੀਬੀ ਦਾ ਵੱਡਾ ਖੁਲਾਸਾ: ਦੇਸ਼ ਵਿਚੋਂ ਫੜੀ ਗਈ 58% ਹੈਰੋਇਨ ਇਕੱਲੇ ਪੰਜਾਬ ਦੀ

ਖਾਸ ਰਿਪੋਟ

## ✪ ਸਰਹੱਦ ਪਾਰੋਂ 5 ਸਾਲਾਂ ਵਿੱਚ 100 ਗੁਣਾ ਵਧੇ ਡਰੋਨ ਤਸਕਰੀ ਦੇ ਮਾਮਲੇ, ਪੰਜਾਬ ਸਭ ਤੋਂ ਵੱਡਾ ਨਿਸ਼ਾਨਾ
## ✪ ਖੰਘ ਦੀ ਦਵਾਈ ਬਣੀ ਜਵਾਨੀ ਦੀ ਦੁਸ਼ਮਣ: ਐਨਸੀਬੀ ਰਿਪੋਰਟ ਵਿਚ ਪੰਜਾਬ ਨੂੰ ਦੱਸਿਆ ਮੈਡੀਕਲ ਨਸ਼ਿਆਂ ਦਾ ਗੜ੍ਹ



ਪੰਜਾਬ ਲੰਬੇ ਸਮੇਂ ਤੋਂ ਨਸ਼ਿਆਂ ਦੀ ਮਾਰ ਝੱਲ ਰਿਹਾ ਹੈ, ਪਰ ਨਾਰਕੋਟਿਕਸ ਕੰਟਰੋਲ ਬਿਊਰੋ ਦੀ ਤਾਜ਼ਾ ਰਿਪੋਰਟ ਨੇ ਜੋ ਖੁਲਾਸੇ ਕੀਤੇ ਹਨ, ਉਹ ਬੇਹੱਦ ਚਿੰਤਾਜਨਕ ਅਤੇ ਅੱਖਾਂ ਖੋਲ੍ਹਣ ਵਾਲੇ ਹਨ। ਰਿਪੋਰਟ ਮੁਤਾਬਕ ਪੰਜਾਬ ਇਸ ਵੇਲੇ ਨਸ਼ੇ ਦੀ "ਦੂਜੀ ਖ਼ਤਰਨਾਕ ਲਹਿਰ" ਦੇ ਮੁਹਾਣੇ 'ਤੇ ਖੜ੍ਹਾ ਹੈ। ਰਵਾਇਤੀ ਨਸ਼ਿਆਂ (ਜਿਵੇਂ ਹੈਰੋਇਨ) ਦੇ ਨਾਲ-ਨਾਲ ਹੁਣ 'ਫਾਰਮਾ ਓਪੀਓਇਡਜ਼' ਯਾਨੀ ਮੈਡੀਕਲ ਨਸ਼ੇ, ਖਾਸ ਕਰਕੇ ਕੋਡੀਨ ਆਧਾਰਿਤ ਕਫ਼ ਸਿਰਪ (ਖੰਘ ਦੀ ਦਵਾਈ), ਨੌਜਵਾਨੀ ਦੇ ਖੂਨ ਵਿੱਚ ਜ਼ਹਿਰ ਘੋਲ ਰਹੇ ਹਨ। ਦੂਜੇ ਪਾਸੇ, ਪਾਕਿਸਤਾਨੀ ਸਰਹੱਦ ਤੋਂ ਆਧੁਨਿਕ ਤਕਨਾਲੋਜੀ ਯਾਨੀ ਡਰੋਨਾਂ ਰਾਹੀਂ ਹੋ ਰਹੀ ਤਸਕਰੀ ਨੇ ਸੂਬੇ ਅਤੇ ਦੇਸ਼ ਦੀ ਸੁਰੱਖਿਆ ਏਜੰਸੀਆਂ ਦੇ ਨੱਕ ਵਿੱਚ ਦਮ ਕਰ ਦਿੱਤਾ ਹੈ। ਇਹ ਸਥਿਤੀ ਸਿਰਫ਼ ਇੱਕ ਸਮਾਜਿਕ ਬੁਰਾਈ ਨਹੀਂ, ਸਗੋਂ ਰਾਸ਼ਟਰੀ ਸੁਰੱਖਿਆ ਲਈ ਇੱਕ ਵੱਡੀ ਚੁਣੌਤੀ ਬਣ ਚੁੱਕੀ ਹੈ।

ਘਰਾਂ ਤੱਕ ਪਹੁੰਚਿਆ 'ਕਾਨੂੰਨੀ' ਜ਼ਹਿਰ- ਐਨਸੀਬੀ ਦੇ ਅੰਕੜਿਆਂ ਅਨੁਸਾਰ ਸਾਲ 2025 ਦੌਰਾਨ ਇਕੱਲੇ ਪੰਜਾਬ ਵਿੱਚੋਂ ਕੋਡੀਨ ਆਧਾਰਿਤ ਕਫ਼ ਸਿਰਪ ਦੀਆਂ 8,95,508 ਬੋਤਲਾਂ ਬਰਾਮਦ ਹੋਈਆਂ ਹਨ। ਇਹ ਅੰਕੜਾ ਦੇਸ਼ ਦੇ ਕਿਸੇ ਵੀ ਹੋਰ ਸੂਬੇ ਨਾਲੋਂ ਸਭ ਤੋਂ ਵੱਧ ਹੈ। ਬਿਊਪ੍ਰੇਨੋਰਫਿਨ, ਟਰਾਮਾਡੋਲ ਅਤੇ ਅਲਪ੍ਰਾਜ਼ੋਲਮ ਵਰਗੀਆਂ ਕਾਨੂੰਨੀ ਦਵਾਈਆਂ ਕੁਝ ਬੇਈਮਾਨ ਮੈਡੀਕਲ ਸਟੋਰਾਂ ਅਤੇ ਫਾਰਮੇਸੀ ਨੈੱਟਵਰਕ ਦੀ ਮਿਲੀਭੁਗਤ ਨਾਲ ਗੈਰ-ਕਾਨੂੰਨੀ ਤੌਰ ਉਪਰ ਬਾਜ਼ਾਰ ਵਿੱਚ ਵੇਚੀਆਂ ਜਾ ਰਹੀਆਂ ਹਨ।

ਹੈਰੋਇਨ ਵਰਗੇ ਮਹਿੰਗੇ ਨਸ਼ਿਆਂ ਦੇ ਮੁਕਾਬਲੇ ਇਹ ਮੈਡੀਕਲ ਨਸ਼ੇ ਆਸਾਨੀ ਨਾਲ ਅਤੇ ਘੱਟ ਕੀਮਤ 'ਤੇ ਉਪਲਬਧ ਹੋ ਜਾਂਦੇ ਹਨ, ਜਿਸ ਕਾਰਨ ਨੌਜਵਾਨ ਅਤੇ ਵਿਦਿਆਰਥੀ ਇਸ ਦਲਦਲ ਵਿੱਚ ਤੇਜ਼ੀ ਨਾਲ ਫਸ ਰਹੇ ਹਨ। 2011 ਤੋਂ 2025 ਦਰਮਿਆਨ ਫਾਰਮਾ ਡਰੱਗਜ਼ ਦੀ ਬਰਾਮਦਗੀ ਵਿੱਚ 77 ਫ਼ੀਸਦੀ ਦਾ ਵਾਧਾ ਇਸ ਗੱਲ ਦਾ ਪ੍ਰਤੱਖ ਸਬੂਤ ਹੈ ਕਿ ਮੈਡੀਕਲ ਨਸ਼ਿਆਂ ਦੀ ਮੰਗ ਅਤੇ ਸਪਲਾਈ ਦੋਵੇਂ ਸਿਖਰਾਂ 'ਤੇ ਹਨ।

ਡਰੋਨ ਤਸਕਰੀ: 5 ਸਾਲਾਂ ਵਿੱਚ 100 ਗੁਣਾ ਵਾਧਾ ਕਿਉਂ?-ਸਰਹੱਦ ਪਾਰ ਬੈਠੇ ਤਸਕਰਾਂ ਨੇ ਹੁਣ ਨਸ਼ਾ ਸਪਲਾਈ ਕਰਨ ਲਈ ਕੰਡਿਆਲੀ ਤਾਰ ਜਾਂ ਜ਼ਮੀਨੀ ਰਸਤਿਆਂ ਦੀ ਬਜਾਏ ਅਸਮਾਨੀ ਰਸਤਾ ਚੁਣ ਲਿਆ ਹੈ। ਸਾਲ 2021 ਵਿੱਚ ਜਿੱਥੇ ਡਰੋਨ ਤਸਕਰੀ ਦੇ ਸਿਰਫ਼ 3 ਮਾਮਲੇ ਸਨ, ਉੱਥੇ 2025 ਵਿੱਚ ਇਹ ਵੱਧ ਕੇ 305 ਹੋ ਗਏ-ਯਾਨੀ ਪੂਰਾ 100 ਗੁਣਾ ਵਾਧਾ। ਇਸ ਅਸਧਾਰਨ ਵਾਧੇ ਦੇ ਮੁੱਖ ਕਾਰਨ ਹੇਠ ਲਿਖੇ ਹਨ:

ਰਵਾਇਤੀ ਤਸਕਰੀ ਵਿੱਚ ਤਸਕਰਾਂ ਦੇ ਫੜੇ ਜਾਣ ਜਾਂ ਮੁਕਾਬਲੇ ਵਿੱਚ ਮਾਰੇ ਜਾਣ ਦਾ ਖ਼ਤਰਾ ਹੁੰਦਾ ਸੀ। ਡਰੋਨ ਰਾਹੀਂ ਤਸਕਰ ਸਰਹੱਦ ਤੋਂ ਦੂਰ ਬੈਠ ਕੇ ਹੀ ਖੇਪ ਭੇਜ ਦਿੰਦੇ ਹਨ, ਜਿਸ ਨਾਲ ਉਨ੍ਹਾਂ ਦੀ ਆਪਣੀ ਜਾਨ ਜਾਂ ਪਛਾਣ ਦਾ ਖ਼ਤਰਾ ਨਾਮਾਤਰ ਰਹਿ ਜਾਂਦਾ ਹੈ। ਬਾਜ਼ਾਰ ਵਿੱਚ ਹੁਣ ਵਪਾਰਕ ਅਤੇ ਚੀਨੀ ਡਰੋਨ ਬਹੁਤ ਆਸਾਨੀ ਨਾਲ ਅਤੇ ਸਸਤੇ ਮਿਲ ਜਾਂਦੇ ਹਨ। ਇਹ ਡਰੋਨ ਭਾਰੀ ਵਜ਼ਨ (ਪੇਲੋਡ) ਚੁੱਕਣ ਅਤੇ ਰਾਤ ਦੇ ਹਨੇਰੇ ਵਿੱਚ ਜੀਪੀਐਸ ਰਾਹੀਂ ਨਿਸ਼ਚਿਤ ਲੋਕੇਸ਼ਨ 'ਤੇ ਪਹੁੰਚਣ ਵਿੱਚ ਮਾਹਿਰ ਹੁੰਦੇ ਹਨ। ਰੇਡਾਰ ਅਤੇ ਰਵਾਇਤੀ ਸੁਰੱਖਿਆ ਪ੍ਰਣਾਲੀਆਂ ਅਕਸਰ ਬਹੁਤ ਨੀਵੀਂ ਉਚਾਈ 'ਤੇ ਉੱਡਣ ਵਾਲੇ ਛੋਟੇ ਡਰੋਨਾਂ ਨੂੰ ਫੜਨ ਵਿੱਚ ਅਸਫਲ ਰਹਿੰਦੀਆਂ ਹਨ। ਇਸੇ ਕਾਰਨ 2025 ਵਿੱਚ ਡਰੋਨਾਂ ਰਾਹੀਂ 468 ਕਿਲੋਗ੍ਰਾਮ ਨਸ਼ਾ (ਜਿਸ ਵਿੱਚ 449.751 ਕਿਲੋਗ੍ਰਾਮ ਇਕੱਲੀ ਹੈਰੋਇਨ ਪੰਜਾਬ ਵਿਚੋਂ ਸੀ) ਭਾਰਤ ਧੱਕਿਆ ਗਿਆ।

ਹੈਰੋਇਨ ਦਾ ਗੜ੍ਹ ਅਜੇ ਵੀ ਪੰਜਾਬ- ਇਨ੍ਹਾਂ ਸਾਰੇ ਨਵੇਂ ਨਸ਼ਿਆਂ ਦੇ ਬਾਵਜੂਦ, ਹੈਰੋਇਨ ਦੀ ਤਸਕਰੀ ਵਿੱਚ ਪੰਜਾਬ ਅਜੇ ਵੀ ਦੇਸ਼ ਦਾ ਸਭ ਤੋਂ ਵੱਡਾ ਕੇਂਦਰ ਬਣਿਆ ਹੋਇਆ ਹੈ। ਦੇਸ਼ ਭਰ ਵਿੱਚ ਜ਼ਬਤ ਹੋਈ 3,567 ਕਿਲੋਗ੍ਰਾਮ ਹੈਰੋਇਨ ਵਿੱਚੋਂ 58 ਫ਼ੀਸਦੀ (2,085.55 ਕਿਲੋਗ੍ਰਾਮ) ਇਕੱਲੇ ਪੰਜਾਬ ਵਿੱਚੋਂ ਫੜੀ ਜਾਣੀ ਇਹ ਸਾਬਤ ਕਰਦੀ ਹੈ ਕਿ ਪਾਕਿਸਤਾਨ-ਅਫ਼ਗਾਨਿਸਤਾਨ ਦੇ 'ਗੋਲਡਨ ਕ੍ਰੀਸੈਂਟ' ਰੂਟ ਦਾ ਸਭ ਤੋਂ ਵੱਡਾ ਨਿਸ਼ਾਨਾ ਅਜੇ ਵੀ ਪੰਜਾਬ ਦੇ ਨੌਜਵਾਨ ਹੀ ਹਨ।

### ਸਰਕਾਰ ਕੀ ਸਖ਼ਤ ਕਦਮ ਉਠਾਏ

ਐਨਸੀਬੀ ਦੀ ਇਹ ਰਿਪੋਰਟ ਪੰਜਾਬ ਸਰਕਾਰ, ਕੇਂਦਰੀ ਏਜੰਸੀਆਂ ਅਤੇ ਸਮਾਜ ਲਈ ਇੱਕ 'ਰੈੱਡ ਅਲਰਟ' (ਖ਼ਤਰੇ ਦੀ ਘੰਟੀ) ਹੈ। ਹੁਣ ਸਿਰਫ਼ ਸਰਹੱਦਾਂ 'ਤੇ ਪਹਿਰਾ ਦੇਣ ਨਾਲ ਗੱਲ ਨਹੀਂ ਬਣੇਗੀ।

ਸਭ ਤੋਂ ਪਹਿਲਾਂ, ਐਂਟੀ-ਡਰੋਨ ਤਕਨਾਲੋਜੀ (ਜਿਵੇਂ ਜੈਮਰ ਅਤੇ ਡਰੋਨ ਹੰਟਿੰਗ ਸਿਸਟਮ) ਨੂੰ ਸਰਹੱਦ 'ਤੇ ਜੰਗੀ ਪੱਧਰ 'ਤੇ ਤਾਇਨਾਤ ਕਰਨਾ ਪਵੇਗਾ।

ਦੂਜਾ, ਸੂਬੇ ਦੇ ਸਿਹਤ ਵਿਭਾਗ ਅਤੇ ਡਰੱਗ ਕੰਟਰੋਲਰ ਨੂੰ ਉਨ੍ਹਾਂ ਮੈਡੀਕਲ ਸਟੋਰਾਂ 'ਤੇ ਸ਼ਿਕੰਜਾ ਕੱਸਣਾ ਹੋਵੇਗਾ ਜੋ ਚੰਦ ਪੈਸਿਆਂ ਦੀ ਖਾਤਰ ਕੋਡੀਨ ਸਿਰਪ ਅਤੇ ਹੋਰ ਪਾਬੰਦੀਸ਼ੁਦਾ ਦਵਾਈਆਂ ਬਿਨਾਂ ਪਰਚੀ ਦੇ ਵੇਚ ਰਹੇ ਹਨ।

ਮਾਹਿਰਾਂ ਦਾ ਕਹਿਣਾ ਹੈ ਕਿ ਜੇਕਰ ਇਸ "ਦੂਜੀ ਲਹਿਰ" ਨੂੰ ਹੁਣੇ ਨਾ ਠੱਲ੍ਹ ਪਾਈ ਗਈ, ਤਾਂ ਪੰਜਾਬ ਦੀ ਰੀੜ੍ਹ ਦੀ ਹੱਡੀ ਕਹੀ ਜਾਣ ਵਾਲੀ ਨੌਜਵਾਨੀ ਨੂੰ ਤਬਾਹ ਹੋਣੋਂ ਕੋਈ ਨਹੀਂ ਬਚਾ ਸਕੇਗਾ। ਇਹ ਸਮਾਂ ਸਿਆਸੀ ਬਿਆਨਬਾਜ਼ੀ ਦਾ ਨਹੀਂ, ਸਗੋਂ ਸਖ਼ਤ ਅਤੇ ਸੰਯੁਕਤ ਕਾਰਵਾਈ ਦਾ ਹੈ।

# ਸ਼ਹੀਦ ਭਾਈ ਬਲਜਿੰਦਰ ਸਿੰਘ ਰਾਜੂ ਦੀ ਮਾਤਾ ਸੁਰਜੀਤ ਕੌਰ ਦਾ ਵਿਸ਼ੇਸ਼ ਸਨਮਾਨ
## "ਜ਼ੁਲਮਾਂ ਦੀ ਦਾਸਤਾਨ ਸੁਣ ਕੇ ਸਿੱਖ ਸੰਗਤਾਂ ਭਾਵੁਕ ਹੋਈਆਂ"



ਲੰਡਨ– ਸਿੱਖ ਸੰਘਰਸ਼ ਦੌਰਾਨ ਜੂਝ ਕੇ ਸ਼ਹੀਦ ਹੋਏ ਖਾਲਿਸਤਾਨ ਕਮਾਂਡੋ ਫੋਰਸ ਦੇ ਜੁਝਾਰੂ ਭਾਈ ਬਲਜਿੰਦਰ ਸਿੰਘ ਰਾਜੂ ਦੇ ਸਤਿਕਾਰਯੋਗ ਮਾਤਾ ਯੂ,ਕੇ ਵਿੱਚ ਆਏ ਹਨ । ਐਤਵਾਰ 28 ਜੂਨ ਨੂੰ ਕਾਵੈਂਟਰੀ ਦੇ ਗੁਰੂ ਨਾਨਕ ਪ੍ਰਕਾਸ਼ ਗੁਰਦਵਾਰਾ ਸਾਹਿਬ ਵਿਖੇ ਉਹਨਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਗੁਰਦਵਾਰਾ ਪ੍ਰਬੰਧਕ ਦੇ ਮੀਤ ਪ੍ਰਧਾਨ ਭਾਈ ਬਲਵੀਰ ਸਿੰਘ ਧਾਮੀ,ਸਾਬਕਾ ਪ੍ਰਧਾਨ ਭਾਈ ਅਮਰਜੀਤ ਸਿੰਘ ਖਟੜਾ ,ਸਾਬਕਾ ਪ੍ਰਧਾਨ ਭਾਈ ਪਵਿੱਤਰ ਸਿੰਘ ਖੈਹਰਾ, ਸਾਬਕਾ ਪ੍ਰਧਾਨ ਭਾਈ ਬਲਵੀਰ ਸਿੰਘ ਖਾਲਸਾ ਅਤੇ ਫੈਡਰੇਸ਼ਨ ਆਫ ਸਿੱਖ ਆਰਗੇਨਾਈਜ਼ੇਸ਼ਨ ਯੂ,ਕੇ ਦੇ ਕੋਆਰਡੀਨੇਟਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ, ਕਥਾਵਾਚਕ ਗਿਆਨੀ ਰਾਜਪਾਲ ਸਿੰਘ ਵਲੋਂ ਬੀਬੀ ਸੁਰਜੀਤ ਕੌਰ ਨੂੰ ਜੀ ਆਇਆਂ ਆਖਦਿਆਂ ਨਿੱਘਾ ਸਵਾਗਤ ਕੀਤਾ ਗਿਆ । ਮਾਤਾ ਸੁਰਜੀਤ ਕੌਰ ਨੇ ਆਪਣੇ ਸ਼ਹੀਦ ਪੁੱਤਰ ਭਾਈ ਬਲਜਿੰਦਰ ਸਿੰਘ ਰਾਜੂ ਵਲੋਂ ਸਿੱਖ ਸੰਘਰਸ਼ ਵਿੱਚ ਸ਼ਾਮਲ ਹੋਣ ਤੋਂ ਲੈ ਕੇ ਸ਼ਹਾਦਤ ਤੱਕ ਵਿਥਿਆ ਦੀ ਸਾਂਝ ਪਾਈ । ਆਪ ਅਰਦਾਸ ਕਰਕੇ ਭਾਈ ਬਲਜਿੰਦਰ ਸਿੰਘ ਰਾਜੂ ਨੂੰ ਸੰਘਰਸ਼ ਵਿੱਚ ਤੋਰਿਆ ਅਤੇ ਤਾਕੀਦ ਕੀਤੇ ਕਿ ਕਦੇ ਡੋਲ ਨਾ ਜਾਣਾ । ਚੜਦੀ ਕਲਾ ਵਿੱਚ ਰਹਿੰਦਿਆਂ ਪੁਲਿਸ ਤਸ਼ੱਦਦ ਝੱਲਣਾ । ਬੀਬੀ ਸੁਰਜੀਤ ਕੌਰ ਨੇ ਰਾਜਸਥਾਨ ਦੀ ਸਥਾਨਕ ਪੁਲਿਸ ਵਲੋਂ ਤੰਗ ਪ੍ਰੇਸ਼ਾਨ ਕਰਨ ਦੀ ਕਈ ਯਾਦਾਂ ਸਾਂਝੀਆਂ ਕੀਤੀਆਂ ।ਜਿਹਨਾਂ ਨੂੰ ਸੁਣ ਕੇ ਸਿੱਖ ਸੰਗਤਾਂ ਬਹੁਤ ਭਾਵੁਕ ਹੋ ਗਈਆਂ । ਭਾਈ ਬਲਜਿੰਦਰ ਸਿੰਘ ਰਾਜੂ ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ, ਸ਼ਹੀਦ ਭਾਈ ਸੁਖਦੇਵ ਸਿੰਘ ਸੁੱਖਾ ਦਾ ਦੇ ਗਰੁੱਪ ਦਾ ਜਾਂਬਾਜ਼ ਯੋਧਾ ਸੀ ਉੱਥੇ ਇਹਨਾਂ ਦੀ ਆਪਸ ਵਿੱਚ ਰਿਸ਼ਤੇਦਾਰੀ ਵੀ ਸੀ । ਜਿਸਨੇ ਬਹੁਤ ਸਾਰੇ ਪੰਥਕ ਕਾਰਜ ਕੀਤੇ ।ਕੌਮ ਦੇ ਦੋਖੀਆਂ, ਗੁਰੂ ਘਰ ਦੇ ਨਿੰਦਕਾਂ ਅਤੇ ਜ਼ਾਲਮ ਪੁਲਸੀਆਂ ਨੂੰ ਸੋਧਣ ਦੀਆ ਸ਼ਾਨਾਮੱਤੀਆਂ ਕਾਰਵਾਈਆਂ ਕੀਤੀਆਂ। ਸ਼ਹੀਦ ਭਾਈ ਕੰਵਲਜੀਤ ਸਿੰਘ ਸੁਲਤਾਨਵਿੰਡ ਨੂੰ ਪੁਲਿਸ ਪਾਰਟੀ ਤੇ ਹਮਲਾ ਕਰਕੇ ਅੰਮ੍ਰਿਤਸਰ ਦੀਆਂ ਕਚਹਿਰੀਆਂ ਵਿੱਚ ਛੁਡਾਉਣ ਵਾਲੇ ਐਕਸ਼ਨ ਵਿੱਚ ਭਾਈ ਬਲਜਿੰਦਰ ਸਿੰਘ ਰਾਜੂ ਦਾ ਮੁੱਖ ਰੋਲ ਰਿਹਾ ਹੈ। ਭਾਈ ਬਲਜਿੰਦਰ ਸਿੰਘ ਰਾਜੂ ਦੀ ਜਲੰਧਰ ਲਾਗਿਉਂ ਹੋਈ ਗ੍ਰਿਫਤਾਰੀ ਤੋਂ ਬਾਅਦ ਉਸ ਤੇ ਬੇਤਹਾਸ਼ਾ ਤਸ਼ੱਦਦ ਕੀਤਾ ਗਿਆ ਪਰ ਉਸਨੇ ਭਾਰਤ ਸਰਕਾਰ ਦੇ ਵਰਧੀਧਾਰੀ ਜਾਲਮ ਕਰਿੰਦਿਆਂ ਵੰਗਾਰਿਆਂ ਅਤੇ ਲਲਕਾਰਦਿਆਂ ਸ਼ਹਾਦਤ ਪਾਈ ਸੀ । ਭਾਈ ਬਲਜਿੰਦਰ ਸਿੰਘ ਰਾਜੂ ਨੂੰ ਪੁਲਿਸ ਵਲੋਂ ਬਹੁਤ ਦੀ ਜਾਲਮਾਨਾ ਤਰੀਕੇ ਨਾਲ ਤਸ਼ੱਦਦ ਕਰਨ ਮਗਰੋਂ 9 ਜੂਨ 1989 ਵਾਲੇ ਦਿਨ ਸ਼ਹੀਦ ਕਰ ਦਿੱਤਾ ਗਿਆ ਸੀ ।

# ਮਹੀਨਾਵਾਰ ਕਿਸਮਤ ਦੇ ਸਿਤਾਰੇ

## ਜੁਲਾਈ ਮਹੀਨਾ 2026

ਰਾਸ਼ੀਫਲ ਜਾਂ 'ਕਿਸਮਤ ਦੇ ਸਿਤਾਰੇ' ਬਹੁਤ ਸਾਰੇ ਲੋਕ ਵੱਖ ਵੱਖ ਮੀਡੀਆ ਰਾਹੀਂ ਲੰਮੇ ਸਮੇਂ ਤੋਂ ਪੜ੍ਹਦੇ ਸੁਣਦੇ ਆ ਰਹੇ ਹਨ। ਅਸੀਂ ਇਹਨਾਂ ਚੀਜ਼ਾਂ ਵਿੱਚ ਵਿਸ਼ਵਾਸ ਨਹੀਂ ਰੱਖਦੇ, ਪਰ ਪਾਠਕਾਂ ਦੀ ਦਿਲਚਸਪੀ ਦੇਖ ਕੇ ਇਹ ਕਾਲਮ ਉਹਨਾਂ ਨੂੰ ਠੱਗਾਂ ਦੇ ਚੁੰਗਲ ਵਿੱਚ ਫਸਣ ਤੋਂ ਬਚਾਉਣ ਲਈ ਛਾਪਿਆ ਜਾ ਰਿਹਾ ਹੈ, ਤਾਂ ਜੋ ਉਹਨਾਂ ਨੂੰ ਕੋਈ ਸੇਧ ਵੀ ਮਿਲ ਸਕੇ ਅਤੇ ਗਲਤ ਪਾਸੇ ਜਾਣ ਤੋਂ ਬਚ ਵੀ ਸਕਣ। -ਸੰਪਾਦਕ

**ਮੇਖ – (ਜਨਮ 14 ਮਾਰਚ ਤੋਂ 13 ਅਪ੍ਰੈਲ)**
ਇਸ ਸਮੇਂ ਭੂਮੀ ਅਤੇ ਵਾਹਨ ਆਦਿ ਖਰੀਦਣ ਦੀ ਯੋਜਨਾ ਬਣੇਗੀ। ਵਪਾਰ ਅਤੇ ਉਦਯੋਗ ਵਿੱਚ ਨਵੀਆਂ ਯੋਜਨਾਵਾਂ ਬਣਨਗੀਆਂ। ਮਿੱਤਰਾਂ ਨਾਲ ਮੇਲ-ਮਿਲਾਪ ਅਤੇ ਮਨੋਰੰਜਨ ਦੇ ਵੀ ਯੋਗ ਬਣਨਗੇ। ਇਸਤਰੀ ਅਤੇ ਸੰਤਾਨ ਸੁੱਖ ਪ੍ਰਾਪਤ ਹੋਵੇਗਾ। ਵਿੱਦਿਆ ਵਿੱਚ ਮਿਹਨਤ ਉਪਰੰਤ ਸਫਲਤਾ ਹਾਸਲ ਹੋਵੇਗੀ। ਇਸ ਸਮੇਂ ਦੌਰਾਨ ਕਿਸੇ ਅਤੀ ਵਿਸ਼ਿਸ਼ਟ ਵਿਅਕਤੀ ਤੋਂ ਲਾਭ ਪ੍ਰਾਪਤ ਹੋਵੇਗਾ। ਇਸਤਰੀਆਂ ਨੂੰ ਕੱਪੜੇ-ਗਹਿਣੇ ਅਤੇ ਧਨ ਲਾਭ ਹੋਣ ਦੇ ਯੋਗ ਹਨ। ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰਨਾ ਸ਼ੁੱਭ ਹੋਵੇਗਾ।

**ਬ੍ਰਿਖ – (ਜਨਮ 14 ਅਪ੍ਰੈਲ ਤੋਂ 14 ਮਈ)**
ਕਿਸੇ ਖਾਸ ਅਤੇ ਉੱਚ ਅਧਿਕਾਰੀ ਦੇ ਸੰਪਰਕ ਸਾਧਨ ਨਾਲ ਖਾਸ ਕੰਮ ਵਿੱਚ ਸਫਲਤਾ ਹਾਸਲ ਹੋਵੇਗੀ। ਗੁਜ਼ਾਰੇ ਲਈ ਧਨ ਦੀ ਪ੍ਰਾਪਤੀ ਵੀ ਹੋਵੇਗੀ। ਪਰਿਵਾਰਕ ਮਦਦ ਸਦਕਾ ਘਰੇਲੂ ਹਾਲਾਤ ਸੁਧਰਨਗੇ। ਕਿਸੇ ਖ਼ਾਸ ਮਿੱਤਰ ਤੋਂ ਧਨ ਅਤੇ ਸੁੱਖ ਮਿਲੇਗਾ। ਕਿਸੇ ਵਿਗੜੇ ਕੰਮ ਦੇ ਬਣਨ ਦੇ ਵੀ ਯੋਗ ਹਨ। ਵਿੱਦਿਆਰਥੀ ਵਰਗ ਨੂੰ ਸਮੇਂ ਦੀ ਵਰਤੋਂ ਸਹੀ ਅਤੇ ਸੁਚੱਜੇ ਢੰਗ ਨਾਲ ਕਰਨਾ ਲਾਭਕਾਰੀ ਰਹੇਗਾ। ਨਸ਼ਿਆਂ ਤੋਂ ਆਪਣੇ ਆਪ ਨੂੰ ਦੂਰ ਰੱਖੋ ਅਤੇ ਪਰਿ-ਵਾਰ ਨੂੰ ਵੀ ਅਜਿਹਾ ਕਰਨ ਲਈ ਪ੍ਰੇਰਿਤ ਕਰੋ, ਸਮਾਜ ਵਿੱਚ ਮਾਣ-ਇੱਜ਼ਤ ਵਧੇਗਾ।

**ਮਿਥੁਨ – (ਜਨਮ 15 ਮਈ ਤੋਂ 14 ਜੂਨ)**
ਘਰੇਲੂ ਉਲਝਣਾਂ ਕਾਰਨ ਮਾਨਸਿਕ ਤਣਾਅ ਦੇ ਨਾਲ-ਨਾਲ ਵਧੇਰੇ ਖਰਚ ਵੀ ਹੋਵੇਗਾ। ਜ਼ਿਆਦਾ ਮਿਹਨਤ ਕਰਨ 'ਤੇ ਵੀ ਇੱਛਾ ਅਨੁਸਾਰ ਲਾਭ ਨਹੀਂ ਹੋਵੇਗਾ। ਕਾਰੋਬਾਰ ਵਿੱਚ ਤਰੱਕੀ ਅਤੇ ਲਾਭ ਦੇ ਮੌਕੇ ਮਿਲਣਗੇ। ਆਰਾਮ ਘੱਟ ਅਤੇ ਫਜ਼ੂਲ ਦੀ ਭੱਜ ਦੌੜ ਵਧੇਰੇ ਰਹੇਗੀ। ਸਰਲ ਵਿਹਾਰ ਅਤੇ ਮਿੱਠੀ ਬੋਲ-ਚਾਲ ਨਾਲ ਹਾਲਾਤ ਵਿੱਚ ਕੁਝ ਸੁਧਾਰ ਆ ਸਕਦੈ। ਹਾਲਾਤਾਂ ਤੋਂ ਘਬਰਾ ਕੇ ਕਿਸੇ ਤਾਂਤਰਿਕ ਜਾਂ ਅਖੌਤੀ ਬਾਬਿਆਂ ਦੇ ਚੱਕਰ ਵਿੱਚ ਨਾ ਫਸੋ, ਨੁਕਸਾਨ ਹੋ ਸਕਦਾ ਹੈ।

**ਕਰਕ – (ਜਨਮ 15 ਜੂਨ ਤੋਂ 15 ਜੁਲਾਈ)**
ਕਿਸੇ ਮਿੱਤਰ ਦੀ ਮਦਦ ਨਾਲ ਵਿਗੜੇ ਕੰਮ ਵਿੱਚ ਸੁਧਾਰ ਹੋਵੇਗਾ। ਸੰਘਰਸ਼ ਭਰੇ ਹਾਲਾਤ ਦੇ ਬਾਵਜੂਦ ਗੁਜ਼ਾਰੇ ਯੋਗ ਧਨ ਦੀ ਪ੍ਰਾਪਤੀ ਹੋਵੇਗੀ। ਮਨ ਅਸ਼ਾਂਤ ਅਤੇ ਉਦਾਸੀਨ ਰਹੇਗਾ। ਆਮਦਨ ਘੱਟ ਅਤੇ ਧਨ ਦਾ ਫਜ਼ੂਲ ਖਰਚ ਹੋਵੇਗਾ। ਬਣਦੇ ਕੰਮਾਂ ਵਿੱਚ ਰੁਕਾਵਟਾਂ ਪੈਦਾ ਹੋਣਗੀਆਂ, ਪਰ ਪਰਿਵਾਰ ਵੱਲੋਂ ਸਹਿਯੋਗ ਮਿਲੇਗਾ। ਕਿਸੇ ਨਵੇਂ ਕੰਮ ਦੀ ਯੋਜਨਾ ਬਣੇਗੀ। ਗੁਰੂ ਘਰ ਪਰਿਵਾਰ ਸਮੇਤ ਪੁੱਜ ਕੇ ਲੰਗਰ ਵਿੱਚ ਬਰਤਨ ਸਾਫ ਕਰਨ ਦੀ ਸੇਵਾ ਕਰੋ, ਕਮਾਈ ਵਿੱਚ ਬਰਕਤ ਹੋਵੇਗੀ।

**ਸਿੰਘ – (ਜਨਮ 16 ਜੁਲਾਈ ਤੋਂ 15 ਅਗਸਤ)**
ਰੁਕਾਵਟਾਂ ਦੇ ਬਾਵਜੂਦ ਗੁਜ਼ਾਰੇ ਯੋਗ ਧਨ ਪ੍ਰਾਪਤੀ ਦੇ ਮੌਕੇ ਮਿਲਣਗੇ। ਕਿਸੇ ਉੱਚ ਅਧਿਕਾਰੀ ਨਾਲ ਮੇਲ ਹੋਵੇਗਾ, ਜਿਸ ਨਾਲ ਲਾਭ ਵੀ ਹੋਵੇਗਾ। ਇਸਤਰੀ ਸੁੱਖ ਅਤੇ ਘਰ-ਪਰਿਵਾਰ ਵੱਲੋਂ ਖੁਸ਼ੀ ਦਾ ਸਮਾਚਾਰ ਮਿਲੇਗਾ। ਇਸ ਸਮੇਂ ਦੌਰਾਨ ਧਨ ਦਾ ਖਰਚ ਸੋਚ ਸਮਝ ਕੇ ਕਰੋ, ਵਰਨਾ ਮੁਸੀਬਤ ਵਿੱਚ ਫੱਸ ਸਕਦੇ ਹੋ। ਵਿਗੜੇ ਕੰਮਾਂ ਵਿੱਚ ਸੁਧਾਰ ਹੋਣ ਨਾਲ ਹਰ ਤਰ੍ਹਾਂ ਦਾ ਲਾਭ ਹੋਵੇਗਾ। ਆਪਣੇ ਰੁਝੇਵਿਆਂ ਤੋਂ ਕੁਝ ਸਮਾਂ ਕੱਢ ਕੇ ਆਪਣੇ ਬੱਚਿਆਂ ਨਾਲ ਇਕ ਘੰਟਾ ਜਰੂਰ ਪਰਿਵਾਰ ਦੀਆਂ ਗੱਲਾਂਬਾਤਾਂ ਸਾਂਝੀਆਂ ਕਰੋ,

**ਕੰਨਿਆ – (ਜਨਮ 16 ਅਗਸਤ ਤੋਂ 14 ਸਤੰਬਰ)**
ਵਿਗੜੇ ਕੰਮਾਂ ਵਿੱਚ ਸੁਧਾਰ ਹੋਵੇਗਾ। ਮਾਣ-ਇੱਜ਼ਤ ਵਿੱਚ ਵਾਧਾ ਅਤੇ ਪਰਿਵਾਰ ਵਿੱਚ ਅਚਾਨਕ ਖੁਸ਼ੀ ਦਾ ਮਾਹੌਲ ਬਣੇਗਾ। ਜ਼ਮੀਨ-ਜਾਇਦਾਦ ਅਤੇ ਸਵਾਰੀ ਆਦਿ ਦਾ ਲੈਣ-ਦੇਣ ਕਰਦੇ ਸਮੇਂ ਸਾਵਧਾਨੀ ਵਰਤੋ। ਨਵੇਂ ਰਿਸ਼ਤੇਦਾਰਾਂ ਨਾਲ ਮੇਲ-ਜੋਲ ਵਧੇਗਾ। ਔਕੜਾਂ ਦੇ ਬਾਵਜੂਦ ਕਾਰੋਬਾਰ ਵਿੱਚ ਤਰੱਕੀ ਦੇ ਯੋਗ ਹਨ। ਸਿਹਤ ਸਬੰਧੀ ਖਾਸ ਧਿਆਨ ਰੱਖਣ ਦੀ ਲੋੜ ਹੈ। ਵਿੱਦਿਆਰਥੀਆਂ ਵੱਲੋਂ ਕੋਈ ਸ਼ੁੱਭ ਸੂਚਨਾ ਦੇ ਨਾਲ-ਨਾਲ ਘਰ ਵਿੱਚ ਕੋਈ ਸ਼ੁੱਭ ਕੰਮ ਵੀ ਹੋਵੇਗਾ। ਰੋਜ਼ਾਨਾ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਨਾ ਕਲਿਆਣਕਾਰੀ ਹੋਵੇਗਾ।

**ਤੁਲਾ – (ਜਨਮ 15 ਸਤੰਬਰ ਤੋਂ 14 ਅਕਤੂਬਰ)**
ਸੰਘਰਸ਼ਪੂਰਨ ਹਾਲਾਤ ਦੇ ਬਾਵਜੂਦ ਗੁਜ਼ਾਰੇ ਯੋਗ ਧਨ ਲਾਭ ਹੋਵੇਗਾ। ਮਨ ਪ੍ਰੇਸ਼ਾਨ ਰਹੇਗਾ। ਕਾਰੋਬਾਰ, ਨੌਕਰੀ ਵਿੱਚ ਤਬਦੀਲੀ ਦਾ ਵਿਚਾਰ ਬਣੇਗਾ। ਆਮਦਨ ਘੱਟ ਅਤੇ ਧਨ ਖਰਚ ਜ਼ਿਆਦਾ ਹੋਵੇਗਾ। ਬਣਦੇ ਕੰਮਾਂ ਵਿੱਚ ਔਕੜਾਂ ਆਉਣਗੀਆਂ। ਜਲਦੀ ਨਾਲ ਕੰਮ ਕਰਨ 'ਤੇ ਨੁਕਸਾਨ ਹੋ ਸਕਦਾ ਹੈ। ਪਰਿਵਾਰ ਵੱਲੋਂ ਪੂਰੀ ਮਦਦ ਮਿਲੇਗੀ। ਜ਼ਮੀਨ ਅਤੇ ਸਵਾਰੀ ਸੁੱਖ ਮਿਲੇ-ਗਾ। ਕਿਸੇ ਨਵੇਂ ਕੰਮ ਦੀ ਯੋਜਨਾ ਵੀ ਬਣੇਗੀ। ਚੰਗੇ ਮਾੜੇ ਹਾਲਾਤਾਂ ਦੇ ਬਾਵਜੂਦ ਆਪਣੀ ਸੋਚ ਨੂੰ ਹਮੇਸ਼ਾ ਸਾਕਾਰਾਤਮਕ ਰੱਖੋ, ਕਿਉਂਕਿ ਚੰਗਾ ਸੋਚਣ ਨਾਲ ਹੀ ਚੰਗਾ ਹੋਵੇਗਾ।

**ਬ੍ਰਿਸ਼ਚਕ – (ਜਨਮ 15 ਅਕਤੂਬਰ ਤੋਂ 13 ਨਵੰਬਰ)**
ਵਪਾਰ ਵਿੱਚ ਲੈਣ-ਦੇਣ ਕਰਦੇ ਸਮੇਂ ਧਨ ਹਾਨੀ ਅਤੇ ਧੋਖਾ ਮਿਲਣ ਦੇ ਸੰਕੇਤ ਹਨ। ਵਿਦੇਸ਼ੀ ਕੰਮਾਂ ਵਿੱਚ ਤਰੱਕੀ ਨਾ ਦੇ ਬਰਾਬਰ ਹੋਵੇਗੀ। ਪਰਿਵਾਰ ਵਿੱਚ ਆਰਥਿਕ ਤੰਗੀ ਅਤੇ ਤਣਾਅ ਦਾ ਮਾਹੌਲ ਰਹੇਗਾ। ਸੰਯਮ ਅਤੇ ਹੌਂਸਲੇ ਨਾਲ ਕੰਮ ਕਰਨ ਦੀ ਲੋੜ ਹੈ। ਨਵੀਂ ਸਵਾਰੀ ਆਦਿ ਦੀ ਖਰੀਦ ਜਾਂ ਵੇਚ ਨਾ ਕਰੋ। ਵਿੱਦਿਆਰਥੀਆਂ ਨੂੰ ਪ੍ਰੇਸ਼ਾਨੀ ਵਾਲੇ ਹਾਲਾਤ ਦਾ ਮੁਕਾਬਲਾ ਕਰਨਾ ਪਵੇਗਾ। ਯਾਤਰਾ ਹੋ ਸਕੇ ਤਾਂ ਟਾਲ ਦੇਵੋ। ਮਨ ਪ੍ਰੇਸ਼ਾਨ ਹੋਵੇ ਤਾਂ ਗੁਰੂ ਘਰ ਨਤਮਸਤਕ ਹੋਵੋ, ਗੁਰਬਾਣੀ ਦਾ ਕੀਰਤਨ ਸੁਣਨ ਨਾਲ ਸਾਰੇ ਕਸ਼ਟ ਦੂਰ ਹੋ ਜਾਂਦੇ ਹਨ।

**ਧਨੁ – (ਜਨਮ 14 ਨਵੰਬਰ ਤੋਂ 13 ਦਸੰਬਰ)**
ਇਸ ਸਮੇਂ ਆਰਥਿਕ ਅਤੇ ਮਾਨਸਿਕ ਸੰਕਟ ਦਾ ਸਾਹਮਣਾ ਕਰਨਾ ਪਵੇਗਾ। ਸਿਹਤ ਵਿੱਚ ਗਿਰਾਵਟ ਆਵੇਗੀ। ਔਰਤਾਂ ਨੂੰ ਘਰੇਲੂ ਕਲੇਸ਼ ਦੇ ਕਾਰਨ ਮਾਨਸਿਕ ਪ੍ਰੇਸ਼ਾਨੀਆਂ ਅਤੇ ਉਲਝਣਾਂ ਦਾ ਸਾਹਮਣਾ ਕਰਨਾ ਪਵੇਗਾ। ਆਮਦਨ ਘੱਟ ਪਰ ਖਰਚ ਜ਼ਿਆਦਾ ਰਹੇਗਾ। ਦੂਜਿਆਂ ਦੀਆਂ ਸਮੱਸਿਆਵਾਂ ਦਾ ਹੱਲ ਹੋਵੇਗਾ। ਸਾਂਝੇਦਾਰੀ ਦੇ ਕੰਮ ਵਿੱਚ ਨੁਕਸਾਨ ਹੋ ਸਕਦਾ, ਸਾਵਧਾਨੀ ਵਰਤੋ। ਜਦੋਂ ਵੀ ਮੰਗੋ ਰੱਬ ਕੋਲੋਂ ਉਸ ਦੀ ਕਿਰਪਾ ਮੰਗੋ, ਉਸ ਅੱਗੇ ਨਤਮਸਤਕ ਹੋ ਕੇ ਹਮੇਸ਼ਾ ਸਰਬੱਤ ਦੇ ਭਲੇ ਦੀ ਅਰਦਾਸ ਕਰੋ।

**ਮਕਰ – (ਜਨਮ 14 ਦਸੰਬਰ ਤੋਂ 12 ਜਨਵਰੀ)**
ਕਾਰੋਬਾਰ ਦੇ ਹਾਲਾਤ ਮੱਧਮ ਰਹਿਣਗੇ। ਪਰਿਵਾਰ ਵੱਲੋਂ ਸੁੱਖ ਸੁਨੇਹਾ ਮਿਲੇਗਾ। ਵਿਦੇਸ਼ੀ ਕੰਮਾਂ ਵਿੱਚ ਖਾਸ ਆਦਮੀ ਦੇ ਸਹਿਯੋਗ ਨਾਲ ਕੁਝ ਸੁਧਾਰ ਅਤੇ ਸਫਲਤਾ ਮਿਲੇਗੀ। ਅਫਸਰਾਂ ਦੀ ਮਦਦ ਨਾਲ ਅਹੁਦੇ ਵਿੱਚ ਤਰੱਕੀ ਹੋਵੇਗੀ। ਸ਼ੁੱਭ ਕੰਮਾਂ 'ਤੇ ਖਰਚ ਹੋਵੇਗਾ। ਸਾਂਝੇਦਾਰੀ ਦੇ ਕੰਮਾਂ ਤੋਂ ਲਾਭ ਮਿਲੇਗਾ। ਇਹ ਸਮਾਂ ਕਾਫੀ ਸ਼ੁੱਭ ਰਹਿਣ ਵਾਲਾ ਹੈ। ਰੋਜ਼ਾਨਾ ਕੋਸ਼ਿਸ਼ ਕਰੋ ਕਿ ਸਵੇਰ ਤੇ ਸ਼ਾਮ 15 ਮਿੰਟ ਆਪਣੇ ਮਾਤਾ-ਪਿਤਾ ਕੋਲ ਬੈਠ ਕੇ ਪਰਿਵਾਰ ਦੀਆਂ ਗੱਲਾਂ ਸਾਂਝੀਆਂ ਕਰੋ, ਅਜਿਹਾ ਕਰਨ ਨਾਲ ਰਿਸ਼ਤਿਆਂ ਵਿੱਚ ਤਾਜ਼ਗੀ ਅਤੇ ਪਿਆਰ ਬਣਿਆ ਰਹੇਗਾ।

**ਕੁੰਭ – (ਜਨਮ 13 ਜਨਵਰੀ ਤੋਂ 11 ਫਰਵਰੀ)**
ਇਸ ਸਮੇਂ ਸਿਹਤ ਦਾ ਨੁਕਸਾਨ ਅਤੇ ਮਾਨਸਿਕ ਤਣਾਅ ਵੀ ਰਹੇਗਾ। ਫਜ਼ੂਲ ਖਰਚੀ ਵਧੇਗੀ ਅਤੇ ਕਿਸੇ ਨੇੜਲੇ ਸਬੰਧੀ ਤੋਂ ਧੋਖਾ ਵੀ ਮਿਲ ਸਕਦਾ ਹੈ। ਵਪਾਰ ਅਤੇ ਨੌਕਰੀ ਵਿੱਚ ਨੁਕਸਾਨ ਦਾ ਡਰ ਰਹੇਗਾ। ਉਤਸ਼ਾਹ ਅਤੇ ਸੰਯਮ ਰੱਖਣਾ ਹੀ ਲਾਭਕਾਰੀ ਹੋਵੇਗਾ। ਕਿਸੇ ਤਰ੍ਹਾਂ ਦਾ ਜੋਖਮ ਹਾਨੀਕਾਰਕ ਹੋ ਸਕਦਾ ਹੈ। ਘਰੇਲੂ ਪ੍ਰੇਸ਼ਾਨੀ ਘਟੇਗੀ, ਪਰ ਸਿਹਤ ਦਾ ਧਿਆਨ ਰੱਖੋ। ਅਮਨ ਅੰਦਰ ਸਿਰਫ਼ ਪ੍ਰਮਾਤਮਾ ਦਾ ਸਿਮਰਨ ਕਰੋ, ਵਿਗੜੇ ਕੰਮ ਬਣਨਗੇ ਅਤੇ ਮਾਨਸਿਕ ਸ਼ਾਂਤੀ ਵੀ ਮਿਲੇਗੀ।

**ਮੀਨ – (ਜਨਮ 12 ਫਰਵਰੀ ਤੋਂ 13 ਮਾਰਚ)**
ਸੋਚੀ ਹੋਈ ਯੋਜਨਾ ਵਿੱਚ ਵਧੇਰੇ ਕਾਮਯਾਬੀ ਮਿਲੇਗੀ। ਕੁਝ ਵਿਗੜੇ ਕੰਮ ਬਣਨਗੇ। ਧਨ ਲਾਭ ਅਤੇ ਤਰੱਕੀ ਦੇ ਯੋਗ ਹਨ। ਇਸ ਸਮੇਂ ਦੌਰਾਨ ਸਿਹਤ ਕੁਝ ਢਿੱਲੀ ਅਤੇ ਫਜ਼ੂਲ ਕੰਮਾਂ ਵਿੱਚ ਧਨ ਤੇ ਸਮਾਂ ਬਰਬਾਦ ਹੋਵੇਗਾ। ਕਾਰੋਬਾਰ ਵਿੱਚ ਰੁਕਾਵਟਾਂ ਅਤੇ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਵੇਗਾ। ਵਿੱਦਿਆਰਥੀ ਵਰਗ ਲਈ ਉਲਝਣਾਂ ਵੱਧਣਗੀਆਂ। ਔਰਤਾਂ ਨੂੰ ਸੰਤਾਨ ਵੱਲੋਂ ਪ੍ਰੇਸ਼ਾਨੀ ਅਤੇ ਸਿਹਤ ਖਰਾਬ ਹੋਵੇਗੀ। ਦੋਸਤਾਂ ਨਾਲ ਮਨ-ਮੁਟਾਵ ਹੋ ਸਕਦਾ ਹੈ। ਆਪਣੇ ਕੰਮ 'ਤੇ ਜਾਂ ਬਾਹਰ ਹਰੇਕ ਨਾਲ ਨਿਮਰਤਾ-ਪੂਰਵਕ ਪੇਸ਼ ਆਵੋ, ਕਾਰੋਬਾਰ ਠੀਕ ਹੋਣਗੇ।


ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ


ਕਿੰਗਜ਼ਵੇਅ ਬੈਂਕਿਉਟਿੰਗ ਸੁਈਟ

ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ

ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।
ਸਾਡੀ ਵਧੀਆ ਅਤੇ ਸ਼ਾਨਦਾਰ ਸਰਿਵਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ !



ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ

ਸਵ: ਸ੍ਰ. ਉਮਰਾਓ ਅਟਵਾਲ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ

KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com



ਵਿਆਹ ਸ਼ਾਦੀ ਦੇ ਇਸ਼ਤਿਹਾਰ ਪੰਜਾਬ ਟਾਈਮਜ਼ ਵਿੱਚ

ਯੂ ਕੇ ਵਿਚ 1965 ਤੋਂ ਛਪ ਰਿਹਾ ਹਫ਼ਤਾਵਾਰ ਪੰਜਾਬ ਟਾਈਮਜ਼ ਸਭ ਤੋਂ ਪੁਰਾਣਾ ਪੇਪਰ ਹੈ। ਇਹ ਪੇਪਰ ਨਿਊਜ਼ ਏਜੰਟਾਂ ਅਤੇ ਗਰੋਸਰੀ ਦੀਆਂ ਦੁਕਾਨਾਂ ਤੋਂ ਦੋ ਪੌਂਡ ਦਾ ਮਿਲਦਾ ਹੈ। ਇਸ ਵਿਚ ਵਿਆਹ ਸ਼ਾਦੀ ਸਬੰਧੀ ਇਸ਼ਤਿਹਾਰਾਂ ਵਾਲਾ ਵਿਸ਼ੇਸ਼ ਪੰਨਾ ਹੁੰਦਾ ਹੈ। ਰਿਸ਼ਤੇ ਨਾਤੇ ਵਾਲੇ ਕਾਲਮ ਵਿੱਚ ਇਸ਼ਤਿਹਾਰ ਦੇਣ ਨਾਲ ਬੱਚਿਆਂ ਲਈ ਯੋਗ ਜੀਵਨ ਸਾਥੀ ਮਿਲ ਸਕਦਾ ਹੈ।

ਪੰਜਾਬ ਟਾਈਮਜ਼ ਵਿੱਚ ਇਸ਼ਤਿਹਾਰ ਦੇਣ ਵਾਸਤੇ ਅੱਜ ਹੀ ਸੰਪਰਕ ਕਰੋ:
ਜਾਣਕਾਰੀ ਲਈ ਸੰਪਰਕ: M: 07966 388 388

# ਮਾਂ ਧੀ ਨੇ ਇਕੱਠਿਆਂ ਗ੍ਰੈਜੂਏਸ਼ਨ ਦੀਆਂ ਡਿਗਰੀਆਂ ਪ੍ਰਾਪਤ ਕੀਤੀਆਂ




ਗਲਾਸਗੋ–(ਹਰਜੀਤ ਸਿੰਘ ਦੁਸਾਂਝ ਪੁਆਦੜਾ) – ਸਕਾਟਲੈਂਡ ਦੀ ਸਟਰਲਿੰਗ ਯੂਨੀਵਰਸਿਟੀ ਦੇ ਗਰਮੀਆਂ ਦਾ ਗ੍ਰੈਜੂਏਸ਼ਨ ਸਮਾਰੋਹ ਇਸ ਵਾਰ ਇੱਕ ਪਰਿਵਾਰ ਲਈ ਦੁੱਗਣੀ ਖੁਸ਼ੀ ਲੈ ਕੇ ਆਇਆ। 45 ਸਾਲਾ ਜੂਲੀਐਨ ਰੂਨੀ ਅਤੇ ਉਸ ਦੀ 22 ਸਾਲਾ ਧੀ ਐਨਾਬੈਲ ਕੂਗਨਜ਼ ਨੇ ਲਗਾਤਾਰ ਦੋ ਦਿਨਾਂ ਵਿੱਚ ਆਪਣੀਆਂ ਡਿਗਰੀਆਂ ਪ੍ਰਾਪਤ ਕਰਕੇ ਇੱਕ ਯਾਦਗਾਰ ਪਲ ਸਾਂਝਾ ਕੀਤਾ। ਰੁਦਰਗਲੈਨ ਦੀ ਰਹਿਣ ਵਾਲੀ ਜੂਲੀਐਨ, ਜੋ ਕਿ ਇੱਕ ਬਿਊਟੀਸ਼ੀਅਨ ਅਤੇ ਪ੍ਰੋਫੈਸ਼ਨਲ ਨੈਚੁਰਲ ਬਾਡੀਬਿਲਡਰ ਵੀ ਹੈ, ਨੇ 24 ਜੂਨ ਨੂੰ ਬੀ.ਏ. ਟੀਚਿੰਗ ਕੁਆਲੀਫਿਕੇਸ਼ਨ ਫਾਰ ਫਰਦਰ ਐਜੂਕੇਸ਼ਨ ਦੀ ਡਿਗਰੀ ਹਾਸਲ ਕੀਤੀ। ਇਸ ਤੋਂ ਅਗਲੇ ਦਿਨ ਉਨ੍ਹਾਂ ਦੀ ਧੀ ਐਨਾਬੈਲ ਨੇ ਬੀ.ਐੱਸ.ਈ. ਆਨਰਜ ਫਿਜਿਕਸ ਵਿੱਚ ਫਸਟ ਕਲਾਸ ਡਿਗਰੀ ਪ੍ਰਾਪਤ ਕਰਕੇ ਪਰਿਵਾਰ ਦਾ ਮਾਣ ਵਧਾਇਆ। ਐਨਾਬੈਲ ਆਪਣੇ ਪਰਿਵਾਰ ਵਿੱਚ ਯੂਨੀਵਰਸਿਟੀ ਆਫ਼ ਸਟਿਰਲਿੰਗ ਵਿੱਚ ਦਾਖਲਾ ਲੈਣ ਵਾਲੀ ਪਹਿਲੀ ਵਿਦਿਆਰਥਣ ਸੀ। ਉਸ ਤੋਂ ਬਾਅਦ ਉਸ ਦੀ ਮਾਂ ਜੂਲੀਐਨ ਨੇ ਵੀ ਇਸੇ ਯੂਨੀਵਰਸਿਟੀ ਵਿੱਚ ਪੜ੍ਹਾਈ ਸ਼ੁਰੂ ਕੀਤੀ। ਹੁਣ ਉਸ ਦਾ ਭਰਾ ਕ੍ਰਿਸਟੋਫਰ ਵੀ ਆਪਣੀ ਭੈਣ ਦੇ ਨਕਸ਼ੇ–ਕਦਮ ’ਤੇ ਚੱਲਦਿਆਂ ਪਹਿਲੇ ਸਾਲ ਵਿੱਚ ਮਨੋਵਿਗਿਆਨ ਦੀ ਪੜ੍ਹਾਈ ਕਰ ਰਿਹਾ ਹੈ। ਐਨਾਬੈਲ ਨੇ ਦੱਸਿਆ ਕਿ ਜਦੋਂ ਲੋਕਾਂ ਨੂੰ ਪਤਾ ਲੱਗਦਾ ਸੀ ਕਿ ਉਹ ਆਪਣੀ ਮਾਂ ਨਾਲ ਇੱਕੋ ਯੂਨੀਵਰਸਿਟੀ ਵਿੱਚ ਪੜ੍ਹ ਰਹੀ ਹੈ ਤਾਂ ਉਹ ਹੈਰਾਨ ਹੋ ਜਾਂਦੇ ਸਨ। ਪਰ ਉਸ ਲਈ ਇਹ ਮਾਣ ਵਾਲੀ ਗੱਲ ਸੀ। ਉਸ ਨੇ ਕਿਹਾ ਕਿ ਬਹੁਤ ਸਾਰੇ ਲੋਕਾਂ ਨੂੰ ਲੱਗਦਾ ਸੀ ਕਿ ਸ਼ਾਇਦ ਮੈਂ ਇਸ ਗੱਲ ਤੋਂ ਖੁਸ਼ ਨਹੀਂ ਹੋਵਾਂਗੀ, ਪਰ ਮੈਂ ਆਪਣੀ ਮਾਂ ’ਤੇ ਬਹੁਤ ਮਾਣ ਮਹਿਸੂਸ ਕਰਦੀ ਹਾਂ। ਕਦੇ ਵੀ ਇਹ ਅਹਿਸਾਸ ਨਹੀਂ ਹੋਇਆ ਕਿ ਮੈਂ ਆਪਣੀ ਮਾਂ ਨਾਲ ਯੂਨੀਵਰਸਿਟੀ ਵਿੱਚ ਪੜ੍ਹ ਰਹੀ ਹਾਂ। ਸਾਡੀ ਆਪਣੀ–ਆਪਣੀ ਪਛਾਣ ਅਤੇ ਪੜ੍ਹਾਈ ਸੀ। ਹਾਂ ਦੁਪਹਿਰ ਦੇ ਖਾਣੇ ਵੇਲੇ ਉਨ੍ਹਾਂ ਨਾਲ ਮਿਲਣਾ ਬਹੁਤ ਵਧੀਆ ਲੱਗਦਾ ਸੀ। ਮਾਂ–ਧੀ ਦੀ ਇਹ ਕਾਮਯਾਬੀ ਸਾਬਤ ਕਰਦੀ ਹੈ ਕਿ ਸਿੱਖਣ ਦੀ ਕੋਈ ਉਮਰ ਨਹੀਂ ਹੁੰਦੀ ਅਤੇ ਪਰਿਵਾਰ ਦਾ ਆਪਸੀ ਸਹਿਯੋਗ ਹਰ ਮੰਜ਼ਿਲ ਨੂੰ ਆਸਾਨ ਬਣਾ ਸਕਦਾ ਹੈ।

## ਢੰਗ ਮਨਚੰਦੇ ਦੇ

rajinder.pardesi7@gmail.com




ਤੇਜਿੰਦਰ ਮਨਚੰਦਾ ਪ੍ਰਦੇਸੀ




# VENEZUELA EARTHQUAKE DISASTER

The recent earthquake in Venezuela has left entire communities facing unimaginable loss. Families have lost their homes, essential services have been disrupted, and thousands of people are still in urgent need of clean water, medical supplies, hygine products, blankets and other basic necessities. Search and rescue efforts continue, while countless survivor's many of them children need immediate support. Last Wednesday two back to back earthquake 7.2 and 7.5 on the richter scale struck Venezuela. The scale of this disaster is still difficult to quantify, with over 50,000 people reported missing and countless others decased or injured. Venezuela has struggled for decades with the inadequate infrastructure, which is now worsened by lack of essential for rescue, hospital care, emergency respone , electricity and water. Our thoughts and prayers should be with the people of Venezuela as they recovering from this week devastating earthquake. In the midst of crisis, a powerful stories are told, sourced public has emerged.



ਲੰਬੜਦਾਰ ਧਰਮਵੀਰ ਸਿੰਘ ਕਲੇਰ, ਕਵੈਂਟਰੀ

When disaster strikes, seconds saves lives. But in venezuela, like many other countries, lacks a national early warning system. Venezuela sits on a fault that many scientists warned for years was primed to rupture. No one could say when and no one knew it would arrive as two quakes 34 seconds apart the strongest to hit the region in more than a century. That part is nature, but faults dont kill people, collapsing buildings do. Across Carcas the capital and the coast of Venezuela many people are suffering. The response where an act of nature became a failure of the state. People tried breaking the concrete with their bare hands, because no machinery ever came to lift the slabs off survivor's. The nation that has had many economical problems, where hospitals were already a disaster and medcine shortages are the norm. In many video i have seen the rescues that did happen where miracles a baby liffted from the rubble by strangers, a woman pulled alive from under a slab with one bare foot showing was a miracle. But for every one of them someone a few feet away couldn't be reached in time, because reaching them took machines that never came. Every hour lost was a hour someone trapped underneath didnt have as time was essential. Many of the people now counted among the dead are still on the rise. Rescue efforts and crew are coming from Spain, Mexicio, Colombia and aid from other nations including aircraft and modern machinery and specialist teams are flying towards the rubble and digging out those left behind. This is not the first time we've seen earthquake sequences challenge our assumptions. In 2023, the Turkey and syria earthquake sequences produced magnitude 7+ earthquake within hours of each other. Now Venezuela has shown that intervals between two major earthquake be measured not in hours, but seconds, nature does not make assumptions. My condolences to the loved one of those who lost their lives, wishing them strength to everyone affected.




**From : LAMBARDAR DHARMVEER SINGH CLAIRE COVENTRY**

# ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਸਾਬਕਾ ਪ੍ਰਧਾਨ ਅਤੇ ਸ਼੍ਰੋਮਣੀ ਅਕਾਲੀ ਦਲ ਯੂ ਕੇ ਦੇ ਸਾਬਕਾ ਪ੍ਰਧਾਨ ਸ: ਮਲਕੀਤ ਸਿੰਘ ਗਰੇਵਾਲ ਅਕਾਲ ਚਲਾਣਾ ਕਰ ਗਏ

## 1979 ਤੋਂ 1981 'ਚ ਦੋ ਸਾਲਾਂ ਵਿੱਚ 1600 ਪ੍ਰਾਣੀਆਂ ਨੂੰ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਵਿਖੇ ਅੰਮ੍ਰਿਤ ਛਕਾਇਆ - ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਵਿਖੇ ਆਸਾ ਦੀ ਵਾਰ ਦਾ ਰੋਜ਼ਾਨਾ ਕੀਰਤਨ ਅਤੇ ਰੋਜ਼ਾਨਾ ਲੰਗਰਾਂ ਦੀ ਸੇਵਾ ਸ: ਗਰੇਵਾਲ ਦੇ ਪ੍ਰਬੰਧਾਂ ਹੇਠ ਹੀ ਸ਼ੁਰੂ ਹੋਈ

## ਮਰਹੂਮ ਪੰਥਕ ਅਕਾਲੀ ਆਗੂ ਸ: ਮਲਕੀਤ ਸਿੰਘ ਗਰੇਵਾਲ ਦੇ ਮ੍ਰਿਤਕ ਸਰੀਰ ਦਾ ਅੰਤਿਮ ਸੰਸਕਾਰ ਮੰਗਲਵਾਰ 7 ਜੁਲਾਈ 2026 ਨੂੰ ਫੈਲਥਹੈਮ ਸ਼ਮਸ਼ਾਨਘਾਟ ਵਿਖੇ ਹੋਵੇਗਾ - ਸਿੰਘ ਸਭਾ ਵਿਖੇ ਅੰਤਿਮ ਅਰਦਾਸ ਮੌਕੇ ਸਿੱਖ ਆਗੂ ਸ਼ਰਧਾ ਦੇ ਫੁੱਲ ਅਰਪਿਤ ਕਰਨਗੇ




ਤਸਵੀਰਾਂ ਦਾ ਵੇਰਵਾ: ਮਰਹੂਮ ਅਕਾਲੀ ਆਗੂ ਸਵਰਗੀ ਸ: ਮਲਕੀਤ ਸਿੰਘ ਗਰੇਵਾਲ ਪੰਥਕ ਕਾਰਜਾਂ ਵਿੱਚ ਵੱਖ ਵੱਖ ਸਮਿਆਂ ਦੇ ਸਰਗਮ ਰਹਿਣ ਦੌਰਾਨ ਤਸਵੀਰਾਂ ਦੀ ਜ਼ੁਬਾਨੀ - 1, 2 ਤੇ 3 ਤਸਵੀਰਾਂ 'ਚ ਜੂਨ 1984 ਦੇ ਘੱਲੂਘਾਰੇ ਸਬੰਧੀ ਭਾਰਤੀ ਹਾਈ ਕਮਿਸ਼ਨ ਅੱਗੇ ਰੋਸ ਮੁਜ਼ਾਹਿਰਆਂ ਦੌਰਾਨ, 4) ਗਿਆਨੀ ਹਰਿੰਦਰ ਸਿੰਘ ਜੀ ਦੇ ਨਾਲ ਜਿਹਨਾਂ ਨੇ ਪਾਰਕ ਐਵੇਨਿਊ ਵਾਸਤੇ ਖਾਸ ਭੂਮਿਕਾ ਨਿਭਾਈ ਅਤੇ ਨਾਲ ਹੋਰ ਅਹਿਮ ਸ਼ਖਸੀਅਤਾਂ ਨਜ਼ਰ ਆ ਰਹੀਆਂ ਹਨ, 5-6) ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਨਾਲ, 7) ਜਥੇਦਾਰ ਗੁਰਚਰਨ ਸਿੰਘ ਟੌਹੜਾ ਦਾ ਸਨਮਾਨ ਕਰਨ ਸਮੇਂ, 8) ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ ਜੀ ਦੇ ਨਾਲ, ਅਤੇ ਐਨ ਹੇਠਾਂ ਤਿੰਨ ਸਾਬਕਾ ਪ੍ਰਧਾਨ ਬਚਿੱਤਰ ਸਿੰਘ, ਗਿਆਨੀ ਅਮੋਲਕ ਸਿੰਘ, ਸ: ਮਲਕੀਤ ਸਿੰਘ ਗਰੇਵਾਲ ਅਤੇ ਹੋਰ ਪਤਵੰਤੇ ਸੱਜਣ


## ਸਵਰਗੀ ਸ: ਮਲਕੀਤ ਸਿੰਘ ਗਰੇਵਾਲ ਨੂੰ ਯਾਦ ਕਰਦਿਆਂ

ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਸਾਬਕਾ ਪ੍ਰਧਾਨ ਅਤੇ ਸ਼੍ਰੋਮਣੀ ਅਕਾਲੀ ਦਲ ਯੂ ਕੇ ਦੇ ਸਾਬਕਾ ਪ੍ਰਧਾਨ ਸ: ਮਲਕੀਤ ਸਿੰਘ ਗਰੇਵਾਲ ਬੀਤੀ 20 ਜੂਨ 2026 ਦਿਨ ਸ਼ਨਿਚਰਵਾਰ ਨੂੰ ਫਾਨੀ ਦੁਨੀਆਂ ਨੂੰ ਅਲਵਿਦਾ ਕਹਿ ਗਏ।

ਸਿੱਖ ਸਫਾਂ ਵਿੱਚ ਸਰਗਰਮੀ ਨਾਲ ਵਿਚਰਨ ਵਾਲੇ ਸ: ਮਲਕੀਤ ਸਿੰਘ ਗਰੇਵਾਲ ਮਾਲਵੇ ਦੇ ਘੁੱਗ ਵੱਸਦੇ ਸ਼ਹਿਰ ਬਠਿੰਡਾ ਜਿਲ੍ਹੇ ਦੇ ਪਿੰਡ ਗੰਗਾ ਦੇ ਜੰਮਪਲ ਸਨ, ਉਹਨਾਂ ਦਾ ਜਨਮ 16 ਜੂਨ 1940 ਨੂੰ ਹੋਇਆ ਅਤੇ ਉਹ 1964 ਵਿੱਚ ਆਮ ਪੰਜਾਬੀਆ ਵਾਂਗ ਚੰਗੇ ਭਵਿੱਖ ਦੀ ਤਲਾਸ਼ ਕਰਦੇ ਯੂ ਕੇ ਪਹੁੰਚੇ ਅਤੇ ਸ਼ੁਰੂਆਤੀ ਸਾਲਾਂ ਵਿੱਚ ਗੈਟਵੈਕ ਹਵਾਈ ਅੱਡੇ ਕੋਲ ਵਾਲੇ ਸ਼ਹਿਰ ਕਰੌਲੀ ਵਿਖੇ ਰਹੇ। ਉਹਨਾਂ ਦਿਨਾਂ ਵਿੱਚ ਇੰਗਲੈਂਡ ਵਿੱਚ ਸੰਘਣੀ ਵਸੋਂ ਵਾਲੇ ਸ਼ਹਿਰ ਸਾਊਥਾਲ, ਬਰਮਿੰਘਮ, ਸ਼ੈਫਰਡਬੁਸ਼ ਵਿਖੇ ਹੀ ਗੁਰੂ ਘਰ ਸਿੱਖਾਂ ਵੱਲੋਂ ਸਥਾਪਿਤ ਕੀਤੇ ਗਏ ਸਨ। ਜਦ ਕਿ ਬਾਕੀ ਸ਼ਹਿਰਾਂ ਵਿੱਚ ਤਾਂ ਸਿੱਖ ਘਰਾਂ ਵਿੱਚ ਹੀ ਹਫਤਾਵਰੀ ਦੀਵਾਨ ਸਜਾ ਕੇ ਹੀ ਗੁਰੂ ਦੀਆਂ ਖੁਸ਼ੀਆਂ ਦੇ ਪਾਤਰ ਬਣਦੇ ਸਨ। ਕਰੌਲੀ ਸ਼ਹਿਰ ਵਿੱਚ ਵੀ ਸਿੱਖਾਂ ਨੇ 1967 ਵਿੱਚ ਇੱਕ ਚਰਚ ਦਾ ਹਾਲ ਕਿਰਾਏ ਤੇ ਲੈ ਕੇ ਦੀਵਾਨ ਸਜਾਉਣੇ ਸ਼ੁਰੂ ਕੀਤੇ ਸਨ। ਉਹਨਾਂ ਸਿੱਖਾਂ ਵਿੱਚ ਮਲਕੀਤ ਸਿੰਘ ਗਰੇਵਾਲ ਵੀ ਅਹਿਮ ਹਿੱਸਾ ਲੈਂਦੇ ਰਹੇ। 1968 ਵਿੱਚ ਬੀਬੀ ਅਮਰਜੀਤ ਕੌਰ ਨਾਲ ਵਿਆਹ ਤੋਂ ਬਾਅਦ 1971 ਵਿੱਚ ਉਹ ਪੰਜਾਬੀਆਂ ਦੇ ਗੜ੍ਹ ਵਜੋਂ ਜਾਣੇ ਜਾਂਦੇ ਸ਼ਹਿਰ ਸਾਊਥਾਲ ਵਿਖੇ ਡੇਰੇ ਲਾ ਲਏ। ਸ: ਗਰੇਵਾਲ ਦੋ ਬੱਚਿਆਂ ਸ਼ਿਵਦੇਵ ਸਿੰਘ ਅਤੇ ਬਰਜਿੰਦਰ ਸਿੰਘ ਦੇ ਪਿਤਾ ਸਨ।

ਸਿਆਸੀ ਸੁਭਾਅ ਵਾਲੇ ਹੋਣ ਕਰਕੇ ਸਾਊਥਾਲ ਵਿੱਚ ਉਹਨਾਂ ਆਪਣੀ ਪਹਿਲੀ ਸਰਗਰਮੀ ਉਦੋਂ ਭਾਰਤੀ ਲੋਕਾਂ ਦੀ ਅਵਾਜ਼ ਵਜੋਂ ਜਾਣੀ ਜਾਂਦੀ ਸੰਸਥਾ ਇੰਡੀਅਨ ਵਰਕਰਜ਼ ਐਸੋਸੀਏਸ਼ਨ ਵਿੱਚ ਹਿੱਸਾ ਲੈ ਕੇ ਸ਼ੁਰੂ ਕੀਤੀ। ਬਸ ਕੰਡਕਟਰ, ਬਿਜਨਿਸ ਮੈਨ ਅਤੇ ਹੋਰ ਕਈ ਕੰਮ ਕਰਕੇ ਪ੍ਰੀਵਾਰ ਦੀ ਪਾਲਣਾ ਕਰਦੇ ਰਹੇ। ਵਿਰਸੇ 'ਚੋਂ ਮਿਲੀ ਸਿੱਖੀ ਨੂੰ ਉਹਨਾਂ ਹਮੇਸ਼ਾਂ ਸੰਭਾਲ ਕੇ ਰੱਖਿਆ। ਗੁਰੂ ਘਰ ਦੇ ਨਿੱਤਨੇਮੀ ਹੋਣ ਕਰਕੇ ਹੌਲੀ ਹੌਲੀ ਸਿੱਖ ਸਿਆਸਤ ਵਿੱਚ ਵਿਚਰਨ ਲੱਗੇ। 1977 ਵਿੱਚ ਉਹਨਾਂ ਸਾਊਥਾਲ ਦੀ ਗੁਰਦੁਆਰਾ ਸਿਆਸਤ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ ਅਤੇ 1979 ਦੀਆਂ ਚੋਣਾਂ ਵਿੱਚ ਸੇਵਕ ਦਲ ਬਣਾ ਕੇ ਚੋਣ ਲੜੀ ਅਤੇ ਗੁਰੂ ਘਰ ਦੇ ਪ੍ਰਧਾਨ ਵਜੋਂ 1979 ਅਤੇ 1981 ਤੱਕ ਸੇਵਾਵਾਂ ਕੀਤੀਆਂ। ਸ: ਗਰੇਵਾਲ ਕਹਿੰਦੇ ਸਨ ਕਿ ਉਸ ਸਮੇਂ ਜੋੜਿਆਂ ਵਿੱਚ ਅਤੇ ਹੋਰ ਰੋਜ਼ਾਨਾ ਸੇਵਾ ਕਰਨ ਵਾਲੇ ਗੁਰਸਿੱਖਾਂ ਵੱਲੋਂ ਇਹ ਗਰੁੱਪ ਬਣਾਇਆ ਗਿਆ ਸੀ। ਇਹਨਾਂ ਚੋਣਾ ਵਿੱਚ ਸੇਵਕ ਦਲ ਦੇ 20 ਮੈਂਬਰ ਜਿੱਤੇ ਸਨ ਜਦ ਕਿ ਦੂਜੇ ਗਰੁੱਪਾਂ 'ਚੋਂ ਸਿਰਫ ਇੱਕ ਉਮੀਦਵਾਰ ਮਾਸਟਰ ਗੁਰਚਰਨ ਸਿੰਘ ਨੇ ਚੋਣ ਜਿੱਤੀ ਸੀ।

ਇਥੇ ਇਹ ਵੀ ਦੱਸਣ ਯੋਗ ਹੈ ਕਿ ਸ: ਗਰੇਵਾਲ ਹੁਣ ਤੱਕ ਦੇ ਪ੍ਰਧਾਨਾਂ 'ਚੋਂ ਸਭ ਤੋਂ




ਛੋਟੀ ਉਮਰ ਦੇ ਪ੍ਰਧਾਨ ਸਨ ਜੋ ਉਸ ਵੇਲੇ ਸਿਰਫ ਸਾਢੇ 38 ਵਰ੍ਹਿਆਂ ਦੇ ਸਨ। ਸ: ਗਰੇਵਾਲ ਨੇ ਦੱਸਿਆ ਕਿ ਇਸ ਸੇਵਾ ਕਾਲ ਮੌਕੇ ਸਭਾ ਵਿੱਚ ਅਹਿਮ ਕੀਤੇ ਕੰਮਕਾਜਾਂ ਨੂੰ ਅੱਜ ਵੀ ਯਾਦ ਕੀਤਾ ਜਾਂਦਾ ਹੈ। ਉਸ ਸਮੇਂ ਦੀਆਂ ਸੰਗਤਾਂ ਨੂੰ ਯਾਦ ਹੋਵੇਗਾ ਕਿ ਕਿਸ ਤਰ੍ਹਾਂ ਸਭਾ ਅੰਦਰ ਧਰਮ ਪ੍ਰਚਾਰ ਕੀਤਾ ਜਾਂਦਾ ਸੀ, ਦੂਰੋਂ ਦੂਰੋਂ ਸੰਗਤਾਂ ਅੰਮ੍ਰਿਤ ਸੰਚਾਰ ਲਈ ਸਾਊਥਾਲ ਆਉਂਦੀਆਂ ਸਨ। ਇਹਨਾਂ ਦੋ ਸਾਲਾਂ ਵਿੱਚ 1600 ਦੇ ਕਰੀਬ ਸਿੱਖ ਸੰਗਤਾਂ ਨੇ ਅੰਮ੍ਰਿਤਪਾਨ ਕੀਤਾ ਸੀ। ਜੋ ਆਪਣੇ ਆਪ ਵਿੱਚ ਇੱਕ ਮਿਸਾਲ ਹੈ। ਇਸੇ ਸਮੇਂ ਮਹਾਰਾਜਾ ਰਣਜੀਤ ਸਿੰਘ ਦੇ 200 ਸਾਲਾ ਸ਼ਤਾਬਦੀ ਮੌਕੇ ਗਨਰਬਰੀ ਮਿਊਜ਼ੀਅਮ ਵਿੱਚ ਸਿੱਖ ਇਤਿਹਾਸ ਨਾਲ ਸਬੰਧਿਤ ਚੀਜ਼ਾਂ ਇਕੱਠੀਆਂ ਕਰਕੇ 6 ਹਫਤਿਆਂ ਦੀ ਪ੍ਰਦਰਸ਼ਨੀ ਲਗਾਈ ਗਈ। 1981 ਵਿੱਚ ਵਿਸ਼ਵ ਪੰਜਾਬੀ ਕਾਨਫਰੰਸ ਕਰਵਾਈ ਗਈ, ਇਸ ਤੋਂ ਪਹਿਲਾਂ ਕਦੇ ਵੀ ਭਾਰਤ ਤੋਂ ਬਾਹਰ ਵਿਸ਼ਵ ਪੰਜਾਬੀ ਕਾਨਫਰੰਸ ਨਹੀਂ ਸੀ ਹੋਈ, ਇਹ ਪ੍ਰਿਤ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਤੋਂ ਹੀ ਸ਼ੁਰੂ ਹੋਈ ਅਤੇ ਅੱਜ ਦੁਨੀਆਂ ਦੇ ਕਈ ਦੇਸ਼ਾਂ ਵਿੱਚ ਅਜੇਹੀਆ ਕਾਨਫਰੰਸਾਂ ਕਰਵਾਈਆਂ ਜਾਂਦੀਆਂ ਹਨ। ਇਸ ਕਾਨਫਰੰਸ ਵਿੱਚ ਰਣਜੀਤ ਧੀਰ, ਸ਼ੇਰ ਜੰਗ ਜਾਂਗਲੀ ਆਦਿ ਪੰਜਾਬੀ ਦੇ ਮਹਾਨ ਲੇਖਕਾਂ ਦਾ ਵੱਡਾ ਯੋਗਦਾਨ ਰਿਹਾ।

ਸਾਊਥਾਲ, ਹੰਸਲੋ, ਈਲਿੰਗ, ਵੈਸਟ ਡਰੈਟਨ ਅਤੇ ਕਰੈਨਫੋਰਡ ਵਿੱਚ ਪੰਜਾਬੀ ਸਕੂਲ ਸ਼ੁਰੂ ਕੀਤੇ, ਇਹਨਾਂ ਸਕੂਲਾਂ ਲਈ ਅਧਿਆਪਕਾਂ ਦਾ ਪ੍ਰਬੰਧ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਵੱਲੋਂ ਕੀਤਾ ਜਾਂਦਾ ਸੀ। ਕਈ ਦਹਾਕੇ ਪਹਿਲਾਂ ਦੇ ਸਾਊਥਾਲ ਅਤੇ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਪ੍ਰਬੰਧਕੀ ਢਾਂਚੇ ਨੂੰ ਯਾਦ ਕਰਕੇ ਸ: ਗਰੇਵਾਲ ਕਈ ਵਾਰ ਭਾਵੁਕ ਹੋ ਜਾਂਦੇ ਸਨ, ਉਹਨਾਂ ਅਨੁਸਾਰ 1980 ਵਿੱਚ ਸਭਾ ਦਾ ਸੰਵਿਧਾਨ ਬਣਾਇਆ ਗਿਆ ਅਤੇ ਇਸ ਨੂੰ ਇੱਕ ਚੈਰਿਟੀ ਵਜੋਂ ਰਜਿਸਟਰਡ ਉਹਨਾਂ ਸਮੇਂ ਹੀ ਕਰਵਾਇਆ ਗਿਆ। ਗੁਰੂ ਨਾਨਕ ਰੋਡ (ਜੋ ਉਸ ਸਮੇਂ ਹੈਵਲਾਕ ਰੋਡ ਸੀ) ਗੁਰੂ ਘਰ ਵਿਖੇ ਪਹਿਲਾਂ ਬੁੱਧਵਾਰ ਨੂੰ ਬੀਬੀਆਂ ਦਾ ਲੰਗਰ ਅਤੇ ਸ਼ੁਕਰਵਾਰ, ਸ਼ਨੀਚਰਵਾਰ ਅਤੇ ਐਤਵਾਰ ਨੂੰ ਜੋ ਗੁਰਸਿੱਖ ਪ੍ਰੀਵਾਰ ਸ੍ਰੀ ਅਖੰਡ ਪਾਠ ਸਾਹਿਬ ਕਰਵਾਉਂਦੇ ਸਨ ਉਹਨਾਂ ਵੱਲੋਂ ਲੰਗਰ ਦੀ ਸੇਵਾ ਕੀਤੀ ਜਾਂਦੀ ਸੀ। ਲੰਗਰ ਪ੍ਰਥਾ ਨੂੰ ਸੱਤੇ ਦਿਨ ਉਸ ਸਮੇਂ ਦੀ ਕਮੇਟੀ ਨੇ ਹੀ ਸ਼ੁਰੂ ਕੀਤਾ ਜੋ ਅੱਜ ਪੂਰੇ ਜੋਰਾਂ ਸ਼ੋਰਾਂ ਨਾਲ ਚੱਲ ਰਿਹਾ ਹੈ। ਬੱਚਿਆਂ ਲਈ ਕੀਰਤਨ ਕਲਾਸਾਂ ਲਗਾਉਣ ਤੋਂ ਇਲਾਵਾ, ਦੋ ਸਾਲਾਂ ਵਿੱਚ 19 ਰੈਣਸਬਾਈ ਕੀਰਤਨ ਕਰਵਾਏ ਗਏ ਸਨ। ਸ: ਗਰੇਵਾਲ ਦੱਸਿਆ ਕਰਦੇ ਸਨ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਸੰਵਿਧਾਨ ਅਨੁਸਾਰ ਉਹਨਾਂ ਸਮਿਆਂ ਵਿੱਚ ਕੋਈ ਵੀ ਪ੍ਰਧਾਨ ਅਗਲੀਆਂ ਦੋ ਟਰਮਾਂ ਲਈ ਚੋਣ ਨਹੀਂ ਸੀ ਲੜ ਸਕਦਾ। ਇਸ ਸੰਵਿਧਾਨ ਨੂੰ ਬਾਅਦ ਵਿੱਚ ਬਦਲ ਦਿੱਤਾ ਗਿਆ ਸੀ।

ਸ: ਮਲਕੀਤ ਸਿੰਘ ਗਰੇਵਾਲ ਦੀ ਪ੍ਰਧਾਨਗੀ ਵਾਲੇ ਪ੍ਰਬੰਧ ਨੂੰ ਭਾਂਵੇਂ ਅੱਜ 45 ਵਰ੍ਹੇ ਬੀਤ ਗਏ ਹਨ ਪਰ ਉਹਨਾਂ ਦੀ ਦੇਖ ਰੇਖ ਹੇਠ ਕੀਤੇ ਕੰਮਾਂ ਨੂੰ ਸ: ਗਰੇਵਾਲ ਹਮੇਸ਼ਾਂ ਮਾਣ ਨਾਲ ਯਾਦ ਕਰਿਆ ਕਰਦੇ ਸਨ। ਅਕਾਲੀ ਪਿਛੋਕੜ ਵਾਲੇ ਹੋਣ ਕਰਕੇ ਉਹਨਾਂ ਦਾ ਸ਼੍ਰੋਮਣੀ ਅਕਾਲੀ ਦਲ ਨਾਲ ਬੇਅਥਾਹ ਲਗਾਵ ਰਿਹਾ ਉਹਨਾਂ ਨੂੰ ਗਿਆਨੀ ਅਮੋਲਕ ਸਿੰਘ ਦੀ ਪ੍ਰਧਾਨਗੀ ਮੌਕੇ ਯੂ ਕੇ ਦਾ ਮੀਤ ਪ੍ਰਧਾਨ ਥਾਪਿਆ ਗਿਆ। ਆਪ ਸੰਤ ਹਰਚੰਦ ਸਿੰਘ ਲੌਂਗੋਵਾਲ, ਸ: ਪ੍ਰਕਾਸ਼ ਸਿੰਘ ਬਾਦਲ ਅਤੇ ਜਥੇ: ਗੁਰਚਰਨ ਸਿੰਘ ਟੌਹੜਾ ਦੇ ਕਾਫੀ ਨੇੜੇ ਰਹੇ। ਪੰਜਾਬ ਦੀ ਹਰ ਸਿਆਸਤ ਦਾ ਅਸਰ ਦੁਨੀਆਂ ਭਰ ਦੇ ਪੰਜਾਬੀਆਂ ਤੇ ਪੈਣਾ ਸੁਭਾਵਿਕ ਹੈ, ਵਿਦੇਸ਼ਾਂ ਵਿੱਚ ਬੈਠੇ ਪੰਜਾਬੀਆਂ ਨੇ ਪੰਜਾਬ ਦੀ ਹਰ ਪੀੜਾ ਨੂੰ ਆਪਣੀ ਪੀੜਾ ਸਮਝਿਆ, ਹਰ ਦੁੱਖ ਨੂੰ ਵੰਡਾਉਣ ਲਈ ਆਪਣਾ ਯੋਗਦਾਨ ਪਾਇਆ। ਜਦੋਂ ਦਿੱਲੀ ਨਾਲ ਪੰਜਾਬ ਦੀ ਖੜਕੀ ਤਾਂ ਧਰਮਯੁੱਧ ਮੋਰਚਾ ਲੱਗਿਆ।

ਇੱਕ ਪਾਸੇ ਪੰਜਾਬ ਵਿੱਚ ਅਕਾਲੀ ਦਲ ਵੱਲੋਂ ਜੱਥੇ ਭੇਜ ਕੇ ਜੇਲ੍ਹ ਭਰੀਆਂ ਜਾਂਦੀਆਂ ਸਨ, ਦੂਜੇ ਪਾਸੇ ਯੂ ਕੇ ਵਰਗੇ ਦੇਸ਼ਾਂ ਵਿੱਚ ਭਾਰਤੀ ਹਾਈਕਮਿਸ਼ਨ ਸਾਹਮਣੇ ਰੋਸ ਪ੍ਰਦਰਸ਼ਨ ਹੁੰਦੇ ਸਨ। ਇਸੇ ਕਰਕੇ ਪੰਜਾਬ ਵਿੱਚ ਸ਼ੁਰੂ ਹੋਏ ਧਰਮ ਯੁੱਧ ਮੋਰਚੇ ਦਾ ਅਸਰ ਯੂ ਕੇ ਵਿੱਚ ਵੀ ਵੇਖਣ ਲਈ ਮਿਲਿਆ। ਭਾਰਤੀ ਹਾਈਕਮਿਸ਼ਨ ਸਾਹਮਣੇ ਉਹਨਾਂ ਦਿਨਾਂ ਵਿੱਚ ਹੋਏ ਰੋਸ ਮੁਜਾਹਰਿਆਂ ਵਿੱਚ ਸ: ਗਰੇਵਾਲ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਉਹ 2008 ਵਿੱਚ ਸ੍ਰੀ ਗੁਰੂ ਸਿੰਘ ਸਭਾ ਦੀ ਕਮੇਟੀ ਵਿੱਚ ਮੁੜ ਬਤੌਰ ਮੈਂਬਰ ਸੇਵਾਵਾਂ ਦਿੱਤੀਆਂ। ਯੂ ਕੇ ਵਿੱਚ ਸਿੱਖਾਂ ਦੇ ਇਤਿਹਾਸ ਨੂੰ ਅਤੇ ਖਾਸ ਤੌਰ ਤੇ ਸਭਾ ਦੇ ਇਤਿਹਾਸ ਨੂੰ ਉਹ ਆਪਣੀ ਜੁਬਾਨੀ ਇਸ ਤਰ੍ਹਾਂ ਰਟੀ ਬੈਠੇ ਸਨ ਜਿਵੇਂ ਉਹ ਸਭਾ ਦਾ ਤੁਰਦਾ ਫਿਰਦਾ ਇੰਸਾਈਕਲੋਪੀਡੀਆ ਹੋਣ। ਉਹਨਾਂ ਦੀ ਹਾਜ਼ਰ ਜਵਾਬੀ ਅਤੇ ਹਰ ਸਵਾਲ ਦਾ ਜਵਾਬ ਸ: ਮਲਕੀਤ ਸਿੰਘ ਗਰੇਵਾਲ ਦੀ ਸਖਸ਼ੀਅਤ ਨੂੰ ਹੋਰ ਵੀ ਨਿਖਾਰਦੀ ਸੀ। ਮੈਂ ਤਾਂ ਹਮੇਸ਼ਾਂ ਕਿਹਾ ਕਰਦਾ ਸੀ ਕਿ ਸ: ਗਰੇਵਾਲ ਉਹ ਬਜ਼ੁਰਗ ਹਨ ਜਿਹਨਾਂ ਨੂੰ ਪੁਰਾਣੇ ਸਮਿਆਂ ਵਿੱਚ ਸੰਦੂਕ ਵਿੱਚ ਬੰਦ ਕਰਕੇ ਜੰਝ ਵਿੱਚ ਨੌਜਵਾਨ ਆਪਣੇ ਨਾਲ ਲੈ ਗਏ ਸਨ, ਜੋ ਆਖਿਰ ਔਖੇ ਵੇਲੇ ਉਹਨਾਂ ਦੇ ਕੰਮ ਆਇਆ ਅਤੇ ਜਿਸ ਦੀ ਸਲਾਹ ਨਾਲ ਉਹਨਾਂ ਲੱਗੀ ਸ਼ਰਤ ਜਿੱਤੀ ਸੀ।

ਪਰ ਅਫਸੋਸ ਕਿ ਲੰਘੀ 20 ਜੂਨ 2026 ਦਿਨ ਸ਼ਨਿਚਰਵਾਰ ਨੂੰ ਉਹ ਅਚਾਨਕ ਇਸ ਦੁਨੀਆਂ ਨੂੰ ਅਲਵਿਦਾ ਕਹਿ ਕੇ ਆਪਣੇ ਹੱਸਦੇ ਵੱਸਦੇ ਪ੍ਰੀਵਾਰ ਅਤੇ ਚੰਗੀਆਂ ਯਾਦਾਂ ਨੂੰ ਛੱਡ ਕੇ ਚਲੇ ਗਏ। ਸ: ਮਲਕੀਤ ਸਿੰਘ ਗਰੇਵਾਲ ਨੂੰ ਹਮੇਸ਼ਾਂ ਉਹਨਾਂ ਦੇ ਕੀਤੇ ਕੰਮਾਂ ਕਰਕੇ ਉਹਨਾਂ ਦਾ ਪ੍ਰੀਵਾਰ ਦੇ ਨਾਲ ਨਾਲ ਸਮੁੱਚਾ ਸਿੱਖ ਭਾਈਚਾਰਾ ਯਾਦ ਰੱਖੇਗਾ। ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੀ ਸਮੁੱਚੀ ਪ੍ਰਬੰਧਕ ਕਮੇਟੀ ਅਤੇ ਅਦਾਰਾ ਪੰਜਾਬ ਟਾਈਮਜ਼ ਵੱਲੋਂ ਅਸੀਂ ਸ: ਮਲਕੀਤ ਸਿੰਘ ਗਰੇਵਾਲ ਨੂੰ ਹਾਰਦਿਕ ਸ਼ਰਧਾਂਜ਼ਲੀ ਭੇਂਟ ਕਰਦੇ ਹੋਏ, ਉਹਨਾਂ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕਰਦੇ ਹਾਂ। ਇਸ ਦੁੱਖ ਦੀ ਘੜੀ ਵਿੱਚ ਮਾਤਾ ਅਮਰਜੀਤ ਕੌਰ ਗਰੇਵਾਲ, ਸ: ਸ਼ਿਵਦੇਵ ਸਿੰਘ ਗਰੇਵਾਲ ਅਤੇ ਸ: ਬਰਜਿੰਦਰ ਸਿੰਘ ਗਰੇਵਾਲ ਅਤੇ ਸਮੁੱਚੇ ਗਰੇਵਾਲ ਪ੍ਰੀਵਾਰ ਦੇ ਦੁੱਖ ਵਿੱਚ ਸ਼ਾਮਿਲ ਹੁੰਦੇ ਹਾਂ। -

*ਲੇਖਕ: ਮਨਪ੍ਰੀਤ ਸਿੰਘ ਬੱਧਨੀ ਕਲਾਂ, ਪ੍ਰਤੀਨਿੱਧ ਪੰਜਾਬ ਟਾਈਮਜ਼*



ਤਸਵੀਰਾਂ ਦਾ ਵੇਰਵਾ: 1) ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਹੈਵਲਾਕ ਰੋਡ ਦੀ ਪੁਰਾਣੀ ਇਮਾਰਤ ਦੇ ਸਾਹਮਣੇ ਸੰਗਤਾਂ ਦੇ ਨਾਲ, 2) ਸ੍ਰੀ ਗੁਰੂ ਸਿੰਘ ਸਭਾ ਹੈਵਲਾਕ ਰੋਡ ਦੀ ਪੁਰਾਣੀ ਇਮਾਰਤ ਦੇ ਸਾਹਮਣੇ ਸੰਤਾਂ ਮਹਾਂਪੁਰਸ਼ਾਂ ਦੇ ਨਾਲ, 3) ਸਾਊਥਾਲ ਵਿਖੇ ਨਗਰ ਕੀਰਤਨ ਮੌਕੇ ਅਤੇ ਸਿੱਖ ਸੰਗਤਾਂ ਸਮੇਤ, 4) ਮਲਕੀਤ ਸਿੰਘ ਜੀ ਤੇ ਉਹਨਾਂ ਦੀ ਧਰਮ ਪਤਨੀ ਅਮਰਜੀਤ ਕੌਰ ਗਰੇਵਾਲ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਦੇ ਨਾਲ 5) ਸੱਜੇ ਸਿੰਘ ਸਾਹਿਬ ਗਿਆਨੀ ਹਰਪਾਲ ਸਿੰਘ ਜੀ ਫਤਿਹਗੜ੍ਹ ਸਾਹਿਬ ਦਾ ਸਵਾਗਤ ਕਰਨ ਮੌਕੇ ਅਤੇ ਹੇਠਾਂ 6, 7 ਤੇ 8) ਆਪਣੇ ਪਰਿਵਾਰਕ ਮੈਂਬਰਾਂ ਦੇ ਨਾਲ -*ਤਸਵੀਰਾਂ ਦਾ ਵੇਰਵਾ: ਮਨਪ੍ਰੀਤ ਸਿੰਘ ਬੱਧਨੀ ਕਲਾਂ*

# ਟਰੰਪ ਪ੍ਰਸ਼ਾਸਨ ਨੇ ਹਟਾਏ ਸੈਨਾ ਦੇ 20 ਤੋਂ ਵੱਧ ਵੱਡੇ ਅਫ਼ਸਰ; ਜਾਣੋ ਕੀ ਹੈ ਇਸ ਦੇ ਪਿੱਛੇ ਕਾਰਨ ?

ਖਾਸ ਖਬਰ

## ✪ ਅਮਰੀਕਾ 'ਚ ਸਰਕਾਰ ਅਤੇ ਸੈਨਾ ਦੇ ਸਬੰਧਾਂ 'ਤੇ ਉੱਠੇ ਸਵਾਲ

ਅਮਰੀਕਾ ਵਿੱਚ ਟਰੰਪ ਪ੍ਰਸ਼ਾਸਨ ਵੱਲੋਂ ਸੈਨਾ ਦੇ ਉੱਚ ਅਧਿਕਾਰੀਆਂ ਖ਼ਿਲਾਫ਼ ਕੀਤੀ ਜਾ ਰਹੀ ਵੱਡੀ ਕਾਰਵਾਈ ਨੇ ਹਲਚਲ ਮਚਾ ਦਿੱਤੀ ਹੈ। ਪਿਛਲੇ 15 ਮਹੀਨਿਆਂ ਦੌਰਾਨ ਟਰੰਪ ਪ੍ਰਸ਼ਾਸਨ ਨੇ 20 ਤੋਂ ਵੱਧ ਸੈਨਿਕ ਜਨਰਲਾਂ ਅਤੇ ਐਡਮਿਰਲਾਂ ਨੂੰ ਉਨ੍ਹਾਂ ਦੇ ਅਹੁਦਿਆਂ ਤੋਂ ਹਟਾ ਦਿੱਤਾ ਸੀ। ਇਸ ਕਾਰਵਾਈ ਤੋਂ ਬਾਅਦ ਹੁਣ ਅਮਰੀਕਾ ਵਿੱਚ ਸਰਕਾਰ ਅਤੇ ਸੈਨਾ ਦੇ ਆਪਸੀ ਸਬੰਧਾਂ ਨੂੰ ਲੈ ਕੇ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਹੋਣ ਲੱਗੇ ਹਨ।



ਰਿਪੋਰਟਾਂ ਅਨੁਸਾਰ, ਅਮਰੀਕਾ ਦੇ ਰੱਖਿਆ ਮੰਤਰੀ ਪੀਟ ਹੇਗਸੇਥ ਨੇ ਲਗਾਤਾਰ ਸੈਨਿਕ ਜਨਰਲਾਂ ਅਤੇ ਕਮਾਂਡਰਾਂ 'ਤੇ ਗਾਜ਼ ਡੇਗੀ ਹੈ। ਇਸ ਲਿਸਟ ਵਿੱਚ ਸਭ ਤੋਂ ਨਵਾਂ ਨਾਂ ਫੋਰ-ਸਟਾਰ ਜਨਰਲ ਕ੍ਰਿਸ ਡੋਨਹੂ ਦਾ ਹੈ, ਜੋ ਕਿ 2024 ਤੋਂ ਯੂਨਾਈਟਿਡ ਸਟੇਟਸ ਆਰਮੀ ਯੂਰਪ ਅਤੇ ਅਫਰੀਕਾ ਦੇ ਕਮਾਂਡਿੰਗ ਜਨਰਲ ਵਜੋਂ ਸੇਵਾਵਾਂ ਨਿਭਾ ਰਹੇ ਸਨ। ਜਨਰਲ ਡੋਨਹੂ ਦੇ ਸ਼ਾਨਦਾਰ ਰਿਕਾਰਡ ਨੂੰ ਵੇਖਦਿਆਂ ਇਹ ਅੰਦਾਜ਼ਾ ਲਗਾਇਆ ਜਾ ਰਿਹਾ ਸੀ ਕਿ ਉਹ ਆਉਣ ਵਾਲੇ ਸਮੇਂ ਵਿੱਚ ਪੂਰੀ ਸੈਨਾ ਦੀ ਕਮਾਨ ਸੰਭਾਲ ਸਕਦੇ ਹਨ, ਪਰ ਪ੍ਰਸ਼ਾਸਨ ਦੇ ਇਸ ਅਚਾਨਕ ਫੈਸਲੇ ਨੇ ਸਭ ਨੂੰ ਹੈਰਾਨ ਕਰ ਦਿੱਤਾ ਹੈ।

ਅਮਰੀਕੀ ਰਾਸ਼ਟਰਪਤੀ ਕੋਲ ਹੁੰਦਾ ਹੈ ਅਧਿਕਾਰ-ਤੁਹਾਨੂੰ ਦੱਸ ਦੇਈਏ ਕਿ ਅਮਰੀਕੀ ਸੰਵਿਧਾਨ ਦੇ ਤਹਿਤ ਮਿਲਟਰੀ ਅਧਿਕਾਰੀਆਂ ਨੂੰ ਕੋਈ 'ਨੌਕਰੀ ਦੀ ਗਾਰੰਟੀ' ਨਹੀਂ ਮਿਲਦੀ। ਸੰਵਿਧਾਨ ਦੇ ਆਰਟੀਕਲ II, ਸੈਕਸ਼ਨ 2 ਦੇ ਤਹਿਤ ਦੇਸ਼ ਦਾ ਰਾਸ਼ਟਰਪਤੀ ਹੀ ਸੈਨਾ ਦਾ 'ਕਮਾਂਡਰ-ਇਨ-ਚੀਫ਼' ਹੁੰਦਾ ਹੈ। ਇਸ ਨਾਤੇ ਉਨ੍ਹਾਂ ਕੋਲ ਅਧਿਕਾਰ ਹੁੰਦਾ ਹੈ ਕਿ ਉਹ ਕਿਸੇ ਵੀ ਅਧਿਕਾਰੀ ਨੂੰ ਨੌਕਰੀ ਤੋਂ ਕੱਢ ਸਕਦੇ ਹਨ ਜਾਂ ਉਨ੍ਹਾਂ ਨੂੰ ਹੇਠਲੇ ਅਹੁਦਿਆਂ 'ਤੇ ਭੇਜ ਸਕਦੇ ਹਨ।

ਜਨਰਲਾਂ ਨੂੰ ਹਟਾਉਣ ਦੇ ਪਿੱਛੇ ਕੀ ਹੈ ਕਾਰਨ ?-ਟਰੰਪ ਪ੍ਰਸ਼ਾਸਨ ਅਤੇ ਰੱਖਿਆ ਮੰਤਰੀ ਪੀਟ ਹੇਗਸੇਥ ਦਾ ਮੰਨਣਾ ਹੈ ਕਿ ਇਹ ਜਨਰਲ ਬਾਈਡੇਨ ਪ੍ਰਸ਼ਾਸਨ ਦੀਆਂ 'ਵਿਭਿੰਨਤਾ, ਸਮਾਨਤਾ ਅਤੇ ਸਮਾਵੇਸ਼' ਵਰਗੀਆਂ ਨੀਤੀਆਂ ਨੂੰ ਸੈਨਾ ਵਿੱਚ ਉਤਸ਼ਾਹਿਤ ਕਰ ਰਹੇ ਸਨ, ਜਿਸ ਨਾਲ ਸੈਨਾ ਦੀ ਯੁੱਧ ਸਮਰੱਥਾ ਕਮਜ਼ੋਰ ਹੋ ਰਹੀ ਸੀ। ਪ੍ਰਸ਼ਾਸਨ ਸੈਨਾ ਨੂੰ ਮੁੜ ਤੋਂ ਸਿਰਫ਼ ਯੁੱਧ ਜਿੱਤਣ ਅਤੇ ਸਰੀਰਕ ਤੰਦਰੁਸਤੀ 'ਤੇ ਕੇਂਦਰਿਤ ਕਰਨ ਵਾਲੀ 'ਵਾਰੀਅਰ ਮਾਨਸਿਕਤਾ' ਦੇ ਹਿਸਾਬ ਨਾਲ ਢਾਲਣਾ ਚਾਹੁੰਦਾ ਹੈ।

ਇਸ ਤੋਂ ਇਲਾਵਾ, ਜਿਹੜੇ ਅਧਿਕਾਰੀ ਟਰੰਪ ਪ੍ਰਸ਼ਾਸਨ ਦੀਆਂ ਹਮਲਾਵਰ ਵਿਦੇਸ਼ ਨੀਤੀਆਂ (ਜਿਵੇਂ ਕਿ ਇਰਾਨ ਨਾਲ ਤਣਾਅ) ਨਾਲ ਅਸਹਿਮਤ ਸਨ, ਉਨ੍ਹਾਂ ਨੂੰ ਵੀ ਬਾਹਰ ਦਾ ਰਸਤਾ ਦਿਖਾਇਆ ਗਿਆ ਹੈ। ਪ੍ਰਸ਼ਾਸਨ ਸੈਨਿਕ ਢਾਂਚੇ ਨੂੰ ਛੋਟਾ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਫੋਰ-ਸਟਾਰ ਜਨਰਲਾਂ ਦੀ ਗਿਣਤੀ ਵਿੱਚ 20 ਫੀਸਦੀ ਤੱਕ ਦੀ ਕਟੌਤੀ ਕਰਨ ਦੀ ਯੋਜਨਾ 'ਤੇ ਵੀ ਕੰਮ ਕਰ ਰਿਹਾ ਹੈ।

ਸਿਵਲ-ਮਿਲਟਰੀ ਸਬੰਧਾਂ ਨੂੰ ਲੈ ਕੇ ਕਿਉਂ ਵਧੀ ਚਿੰਤਾ ?-ਰੱਖਿਆ ਮਾਹਿਰਾਂ ਅਤੇ ਵਿਰੋਧੀ ਨੇਤਾਵਾਂ ਵੱਲੋਂ ਇਸ ਕਾਰਵਾਈ ਦੀ ਤਿੱਖੀ ਆਲੋਚਨਾ ਕੀਤੀ ਜਾ ਰਹੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਅਮਰੀਕਾ ਵਿੱਚ ਸੈਨਾ ਹਮੇਸ਼ਾ ਗੈਰ-ਰਾਜਨੀਤਿਕ ਰਹੀ ਹੈ ਅਤੇ ਉਹ ਕਿਸੇ ਪਾਰਟੀ ਜਾਂ ਰਾਸ਼ਟਰਪਤੀ ਦੀ ਬਜਾਏ ਦੇਸ਼ ਦੇ ਸੰਵਿਧਾਨ ਪ੍ਰਤੀ ਵਫ਼ਾਦਾਰ ਹੁੰਦੀ ਹੈ।

ਆਲੋਚਕਾਂ ਅਨੁਸਾਰ, ਰਾਜਨੀਤਿਕ ਅਧਾਰ 'ਤੇ ਕੀਤੀ ਜਾ ਰਹੀ ਇਸ ਛਾਂਟੀ ਅਤੇ ਅਧਿਕਾਰੀਆਂ ਦੀ ਸਮੀਖਿਆ ਲਈ ਬਣਾਏ ਗਏ 'ਵਾਰੀਅਰ ਬੋਰਡ' ਕਾਰਨ ਰੱਖਿਆ ਵਿਭਾਗ ਦੇ ਅੰਦਰ ਡਰ ਦਾ ਮਾਹੌਲ ਪੈਦਾ ਹੋ ਰਿਹਾ ਹੈ। ਇਸ ਨਾਲ ਇਹ ਖਤਰਾ ਵੀ ਵੱਧ ਗਿਆ ਹੈ ਕਿ ਭਵਿੱਖ ਵਿੱਚ ਅਧਿਕਾਰੀ ਰਾਸ਼ਟਰਪਤੀ ਨੂੰ ਨਿਰਪੱਖ ਸਲਾਹ ਦੇਣ ਦੀ ਬਜਾਏ ਸਿਰਫ਼ ਉਨ੍ਹਾਂ ਨੂੰ ਖੁਸ਼ ਕਰਨ ਵਾਲੀਆਂ ਗੱਲਾਂ ਹੀ ਕਹਿਣਗੇ, ਜਿਸ ਨਾਲ ਸੈਨਾ ਦੀ ਸੁਤੰਤਰਤਾ ਪ੍ਰਭਾਵਿਤ ਹੋ ਸਕਦੀ ਹੈ।

# ਪੰਜਾਬ ਵਿਚ ਹੋਇਆ ਯੂਰੀਆ ਘੁਟਾਲਾ

## ✪ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਉੱਚ ਪੱਧਰੀ ਜਾਂਚ ਦੇ ਹੁਕਮ, 7 ਉੱਚ ਅਧਿਕਾਰੀ ਚਾਰਜਸ਼ੀਟ

ਚੰਡੀਗੜ੍ਹ-ਪੰਜਾਬ ਵਿੱਚ ਇੱਕ ਵੱਡੇ 'ਯੂਰੀਆ ਘੁਟਾਲੇ' ਦਾ ਪਰਦਾਫਾਸ਼ ਹੋਣ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਨੇ ਸਖ਼ਤ ਰੁਖ਼ ਅਖਤਿਆਰ ਕਰ ਲਿਆ ਹੈ। ਮੁੱਖ ਮੰਤਰੀ ਨੇ ਇਸ ਮਾਮਲੇ ਦੀ ਉੱਚ ਪੱਧਰੀ ਪੜਤਾਲ ਦੇ ਹੁਕਮ ਜਾਰੀ ਕਰਦਿਆਂ ਸਪੱਸ਼ਟ ਕੀਤਾ ਹੈ ਕਿ ਜਨਤਕ ਸਰੋਤਾਂ ਦੀ ਦੁਰਵਰਤੋਂ ਕਰਨ ਵਾਲੇ ਕਿਸੇ ਵੀ ਅਧਿਕਾਰੀ, ਕਰਮਚਾਰੀ ਜਾਂ ਸੰਸਥਾ ਨੂੰ ਬਖ਼ਸ਼ਿਆ ਨਹੀਂ ਜਾਵੇਗਾ।

ਇਸ ਮਾਮਲੇ ਵਿੱਚ ਤੁਰੰਤ ਕਾਰਵਾਈ ਕਰਦੇ ਹੋਏ ਸਰਕਾਰ ਨੇ ਸੱਤ ਉੱਚ ਅਫ਼ਸਰਾਂ ਨੂੰ 'ਮੇਜਰ ਪੈਨਲਟੀ' (ਵੱਡੀ ਸਜ਼ਾ) ਲਈ ਚਾਰਜਸ਼ੀਟ ਜਾਰੀ ਕਰ ਦਿੱਤੀ ਹੈ ਅਤੇ ਇੱਕ ਸੀਨੀਅਰ ਸਹਾਇਕ ਦਾ ਤਬਾਦਲਾ ਕਰ ਦਿੱਤਾ ਗਿਆ ਹੈ।

### ਕੀ ਹੈ ਪੂਰਾ ਮਾਮਲਾ ਅਤੇ ਕਿਵੇਂ ਹੋਇਆ ਖੁਲਾਸਾ ?

ਇਸ ਘੁਟਾਲੇ ਦਾ ਪਰਦਾਫਾਸ਼ ਪ੍ਰਮੁੱਖਤਾ ਨਾਲ ਕੀਤਾ ਗਿਆ ਸੀ। ਜਾਂਚ ਵਿੱਚ ਸਾਹਮਣੇ ਆਇਆ ਕਿ ਦੋ ਪ੍ਰਾਈਵੇਟ ਕੰਪਨੀਆਂ ਵੱਲੋਂ ਖੇਤੀ ਲਈ ਸਬਸਿਡੀ ਵਾਲੀ ਯੂਰੀਆ ਖਾਦ ਨੂੰ ਟੈਕਨੀਕਲ ਗਰੇਡ ਯੂਰੀਆ ਦੱਸ ਕੇ ਮਾਰਕਫੈੱਡ ਅਤੇ ਮਿਲਕਫੈੱਡ ਦੀਆਂ ਚਾਰ ਕੈਟਲ ਫੀਡ (ਪਸ਼ੂ ਖ਼ੁਰਾਕ) ਫ਼ੈਕਟਰੀਆਂ ਵਿੱਚ ਸਪਲਾਈ ਕੀਤਾ ਜਾ ਰਿਹਾ ਸੀ। ਖੇਤੀਬਾੜੀ ਮਹਿਕਮੇ ਵੱਲੋਂ ਜਦੋਂ ਖਾਦ ਦੇ ਨਮੂਨੇ ਭਰੇ ਗਏ, ਤਾਂ ਇਸ ਵੱਡੇ ਘਪਲੇ ਦੀ ਪੁਸ਼ਟੀ ਹੋਈ।

ਪ੍ਰਾਈਵੇਟ ਕੰਪਨੀਆਂ ਵੱਲੋਂ 5.91 ਰੁਪਏ ਪ੍ਰਤੀ ਕਿੱਲੋ ਵਾਲੀ ਸਬਸਿਡੀ ਵਾਲੀ ਖੇਤੀ ਯੂਰੀਆ ਖਾਦ ਨੂੰ 61 ਪ੍ਰਤੀ ਕਿੱਲੋ ਰੁਪਏ ਵਾਲੀ 'ਟੈਕਨੀਕਲ ਗਰੇਡ ਖਾਦ' ਦਾ ਲੇਬਲ ਲਗਾ ਕੇ ਸਹਿਕਾਰੀ ਸਨਅਤਾਂ ਨੂੰ ਵੇਚਿਆ ਜਾ ਰਿਹਾ ਸੀ।

### ਇਨ੍ਹਾਂ ਅਧਿਕਾਰੀਆਂ ਖ਼ਿਲਾਫ਼ ਹੋਈ ਕਾਰਵਾਈ

ਮਾਰਕਫੈੱਡ ਅਤੇ ਮਿਲਕਫੈੱਡ ਦੇ ਮੈਨੇਜਿੰਗ ਡਾਇਰੈਕਟਰਾਂ ਨੂੰ ਇਸ ਮਾਮਲੇ ਦੀ 'ਤੱਥ ਖੋਜ ਜਾਂਚ' ਸੌਂਪੀ ਗਈ ਹੈ। ਮਿਲਕਫੈੱਡ (ਖੰਨਾ ਕੈਟਲ ਫੀਡ ਪਲਾਂਟ ਦੇ ਜਨਰਲ ਮੈਨੇਜਰ, ਮੈਨੇਜਰ, ਕੁਆਲਿਟੀ ਇੰਚਾਰਜ, ਡਿਪਟੀ ਮੈਨੇਜਰ (ਖ਼ਰੀਦ ਅਤੇ ਭੰਡਾਰਨ)/ਇੰਚਾਰਜ ਅਤੇ ਸੀਨੀਅਰ ਸਹਾਇਕ ਨੂੰ 'ਮੇਜਰ ਪੈਨਲਟੀ' ਚਾਰਜਸ਼ੀਟ ਦਿੱਤੀ ਗਈ ਹੈ।

ਮਾਰਕਫੈੱਡ ਦੇ ਚੀਫ਼ ਮੈਨੇਜਰ ਨੂੰ 'ਕਾਰਨ ਦੱਸੋ ਨੋਟਿਸ' ਜਾਰੀ ਕੀਤਾ ਗਿਆ ਹੈ, ਜਦਕਿ ਜਨਰਲ ਮੈਨੇਜਰ, ਸੀਨੀਅਰ ਅਕਾਊਂਟਸ ਅਫ਼ਸਰ ਅਤੇ ਸੀਨੀਅਰ ਸਹਾਇਕ



(ਕਮਰਸ਼ੀਅਲ) ਖ਼ਿਲਾਫ਼ ਚਾਰਜਸ਼ੀਟ ਜਾਰੀ ਹੋਈ ਹੈ। ਸਬੰਧਤ ਸੀਨੀਅਰ ਸਹਾਇਕ ਦਾ ਤਬਾਦਲਾ ਵੀ ਕਰ ਦਿੱਤਾ ਗਿਆ ਹੈ।

### ਟੈਕਸ ਚੋਰੀ ਅਤੇ ਨਿੰਮ ਕੋਟੇਡ ਯੂਰੀਆ ਦਾ ਸ਼ੱਕ

ਸਰਕਾਰੀ ਬੁਲਾਰੇ ਅਨੁਸਾਰ, ਜੀ.ਐੱਸ.ਟੀ ਦਸਤਾਵੇਜ਼ਾਂ ਵਿੱਚ ਜਿਸ ਉਤਪਾਦ ਦੀ ਘੋਸ਼ਣਾ ਕੀਤੀ ਗਈ ਸੀ, ਉਸ ਦੀ ਬਜਾਏ ਕਥਿਤ ਤੌਰ 'ਤੇ 'ਨਿੰਮ ਕੋਟੇਡ ਯੂਰੀਆ' ਸਪਲਾਈ ਕੀਤਾ ਗਿਆ ਸੀ। ਇਸ ਨਾਲ ਗ਼ਲਤ ਘੋਸ਼ਣਾ ਕਰਨ, ਇਨਪੁੱਟ ਟੈਕਸ ਕ੍ਰੈਡਿਟ ਦਾ ਨਾਜਾਇਜ਼ ਲਾਭ ਲੈਣ ਅਤੇ ਸਰਕਾਰ ਵੱਲੋਂ ਦਿੱਤੀ ਜਾਂਦੀ ਸਬਸਿਡੀ ਵਾਲੀ ਖਾਦ ਦੀ ਵੱਡੀ ਦੁਰਵਰਤੋਂ ਦਾ ਸ਼ੱਕ ਪੈਦਾ ਹੋਇਆ ਹੈ।


### ਸਪਲਾਈਰ ਕੰਪਨੀਆਂ 'ਤੇ ਸਖ਼ਤ ਐਕਸ਼ਨ

ਪੰਜਾਬ ਸਰਕਾਰ ਨੇ ਇਸ ਘੁਟਾਲੇ ਵਿੱਚ ਸ਼ਾਮਲ ਦੋ ਮੁੱਖ ਨਿੱਜੀ ਫਰਮਾਂ ਖ਼ਿਲਾਫ਼ ਵਿਸਤ੍ਰਿਤ ਜਾਂਚ ਲਈ ਮਾਮਲਾ ਕੇਂਦਰੀ ਕਰ ਵਿਭਾਗਾਂ ਨੂੰ ਭੇਜ ਦਿੱਤਾ ਹੈ।

ਇਸ ਤੋਂ ਇਲਾਵਾ, ਕਰ ਵਿਭਾਗ ਨੇ ਗਿੱਦੜਬਾਹਾ ਸਥਿਤ 'ਮੈਸਰਜ਼ ਇੰਡੋ ਆਰਗੈਨਿਕ' ਦੇ ਟਿਕਾਣਿਆਂ ਦੀ ਵੀ ਚੈਕਿੰਗ ਕੀਤੀ ਹੈ ਅਤੇ ਉਨ੍ਹਾਂ ਕੋਲੋਂ ਵਿੱਤੀ ਦਸਤਾਵੇਜ਼ ਮੰਗੇ ਹਨ।

ਮੁੱਖ ਮੰਤਰੀ ਭਗਵੰਤ ਮਾਨ ਨੇ ਸਹਿਕਾਰਤਾ ਵਿਭਾਗ ਨੂੰ ਹਦਾਇਤ ਕੀਤੀ ਹੈ ਕਿ ਭਵਿੱਖ ਵਿੱਚ ਅਜਿਹੀ ਧੋਖਾਧੜੀ ਨੂੰ ਰੋਕਣ ਲਈ ਮਾਰਕਫੈੱਡ ਨੂੰ ਪੰਜਾਬ ਵਿੱਚ ਟੈਕਨੀਕਲ ਗਰੇਡ ਯੂਰੀਆ ਦੀ ਖ਼ਰੀਦ ਅਤੇ ਸਪਲਾਈ ਲਈ ਨੋਡਲ ਏਜੰਸੀ ਬਣਾਉਣ ਵਾਸਤੇ ਲੋੜੀਂਦੀ ਕਾਰਵਾਈ ਤੁਰੰਤ ਸ਼ੁਰੂ ਕੀਤੀ ਜਾਵੇ।

# ਸਿਹਤ ਤੇ ਸੁੰਦਰਤਾ



# ਨਵੀਂ ਖੋਜ ਵਿਚ ਖ਼ੁਲਾਸਾ: ਮਾਤਾ-ਪਿਤਾ ਅਤੇ ਬੱਚਿਆਂ ਦੇ ਵਜ਼ਨ ਦਾ ਸਬੰਧ ਗਰਭ ਅਵਸਥਾ ਨਾਲ ਨਹੀਂ, ਸਗੋਂ 79% ਤੋਂ 94% ਤੱਕ 'ਜੈਨੇਟਿਕ' ਹੁੰਦੈ

## ਹੈਲਥ ਨਿਊਜ਼

ਲੰਡਨ/ਓਸਲੋ-ਬੱਚਿਆਂ ਵਿੱਚ ਮੋਟਾਪੇ ਅਤੇ ਵਜ਼ਨ ਨੂੰ ਲੈ ਕੇ ਇੱਕ ਬਹੁਤ ਹੀ ਮਹੱਤਵਪੂਰਨ ਅਤੇ ਨਵੀਂ ਖੋਜ ਸਾਹਮਣੇ ਆਈ ਹੈ। ਵਿਗਿਆਨੀਆਂ ਮੁਤਾਬਕ ਮਾਤਾ-ਪਿਤਾ ਦੇ ਬਾਡੀ ਮਾਸ ਇੰਡੈਕਸ ਅਤੇ ਬਚਪਨ ਵਿੱਚ ਉਨ੍ਹਾਂ ਦੇ ਬੱਚਿਆਂ ਦੇ ਬੀ.ਐੱਮ.ਆਈ. ਵਿਚਕਾਰ ਸਬੰਧ ਮੁੱਖ ਰੂਪ ਵਿੱਚ ਜੈਨੇਟਿਕ ਵਿਰਾਸਤ (ਖ਼ਾਨਦਾਨੀ ਕਾਰਕਾਂ) ਕਰਕੇ ਹੁੰਦਾ ਹੈ। ਖੋਜ ਵਿੱਚ ਇਹ ਸਾਫ਼ ਹੋਇਆ ਹੈ ਕਿ ਗਰਭ ਅਵਸਥਾ ਦੌਰਾਨ ਮਾਤਾ-ਪਿਤਾ ਦੇ ਵਜ਼ਨ ਦਾ ਬੱਚੇ 'ਤੇ ਕੋਈ ਸਿੱਧਾ ਬਾਇਓਲਾਜਿਕਲ ਅਸਰ ਨਹੀਂ ਪੈਂਦਾ।

ਇਹ ਅਹਿਮ ਖੋਜ 'ਪੀ.ਐੱਲ.ਓ.ਐੱਸ. ਮੈਡੀਸਨ ਜਰਨਲ ਵਿੱਚ ਪ੍ਰਕਾਸ਼ਿਤ ਹੋਈ ਹੈ, ਜੋ ਨਾਰਵੇਜੀਅਨ ਇੰਸਟੀਚਿਊਟ ਆਫ ਪਬਲਿਕ ਹੈਲਥ ਅਤੇ ਬਰਤਾਨੀਆ ਦੀ ਬ੍ਰਿਸਟਲ ਯੂਨੀਵਰਸਿਟੀ ਦੇ ਖੋਜਕਰਤਾਵਾਂ ਵੱਲੋਂ ਸਾਂਝੇ ਤੌਰ 'ਤੇ ਕੀਤੀ ਗਈ ਹੈ।

86 ਹਜ਼ਾਰ ਬੱਚਿਆਂ ਦੇ ਅੰਕੜਿਆਂ 'ਤੇ ਖੋਜ-ਇਹ ਅਧਿਐਨ ਸਾਲ 1999 ਤੋਂ 2009 ਤੱਕ ਪੈਦਾ ਹੋਏ 86 ਹਜ਼ਾਰ ਬੱਚਿਆਂ ਦੇ ਜਨਮ ਅਤੇ ਸਿਹਤ ਨਾਲ ਜੁੜੇ ਅੰਕੜਿਆਂ ਦੀ ਸਮੀਖਿਆ 'ਤੇ ਆਧਾਰਿਤ ਹੈ। ਖੋਜ ਵਿੱਚ 6 ਮਹੀਨੇ ਤੋਂ ਲੈ ਕੇ 8 ਸਾਲ ਦੀ ਉਮਰ ਤੱਕ ਦੇ



ਬੱਚਿਆਂ ਦੇ ਵਜ਼ਨ, ਬੀਐਮਆਈ ਅਤੇ ਉਨ੍ਹਾਂ ਦੀਆਂ ਖਾਣ-ਪੀਣ ਦੀਆਂ ਆਦਤਾਂ ਦਾ ਡੂੰਘਾਈ ਨਾਲ ਵਿਸ਼ਲੇਸ਼ਣ ਕੀਤਾ ਗਿਆ। ਸਹੀ ਨਤੀਜੇ 'ਤੇ ਪਹੁੰਚਣ ਲਈ ਖੋਜੀਆਂ ਨੇ ਕਈ ਪੀੜ੍ਹੀਆਂ ਦੇ ਜੁੜਵਾਂ ਬੱਚਿਆਂ, ਸਕੇ ਭਰਾ-ਭੈਣਾਂ ਅਤੇ ਮਤਰਏ ਭਰਾ-ਭੈਣਾਂ ਦੇ ਰਿਸ਼ਤਿਆਂ ਦਾ ਵੀ ਅਧਿਐਨ ਕੀਤਾ।

ਖੋਜ ਦੇ ਮੁੱਖ ਨਤੀਜੇ: ਮਾਂ ਅਤੇ ਪਿਤਾ ਦਾ ਪ੍ਰਭਾਵ-ਅਧਿਐਨ ਮੁਤਾਬਕ ਬੱਚੇ ਦੇ ਅੱਠ ਸਾਲ ਦੇ ਹੋਣ ਤੱਕ ਉਸ ਦੇ ਬੀਐਮਆਈ ਵਿੱਚ ਜੈਨੇਟਿਕ ਕਾਰਕਾਂ ਦੀ ਹਿੱਸੇਦਾਰੀ ਬਹੁਤ ਜ਼ਿਆਦਾ ਹੁੰਦੀ ਹੈ:

ਮਾਂ ਦਾ ਪ੍ਰਭਾਵ: ਮਾਂ ਦੇ ਬੀਐਮਆਈ ਅਤੇ ਬੱਚੇ ਦੇ ਭੀ ਵਿਚਾਲੇ ਸਬੰਧਾਂ ਵਿੱਚ ਜੈਨੇਟਿਕ ਕਾਰਕਾਂ ਦੀ ਹਿੱਸੇਦਾਰੀ ਅੰਦਾਜ਼ਨ 79 ਫ਼ੀਸਦੀ ਪਾਈ ਗਈ।

ਪਿਤਾ ਦਾ ਪ੍ਰਭਾਵ: ਪਿਤਾ ਦੇ ਮਾਮਲੇ ਵਿੱਚ ਇਹ ਹਿੱਸੇਦਾਰੀ ਹੋਰ ਵੀ ਵੱਧ ਯਾਨੀ 94 ਫ਼ੀਸਦੀ ਦੇਖੀ ਗਈ।

ਜਨਮ ਦੇ ਸਮੇਂ ਅਤੇ ਬਾਅਦ ਦੇ ਵਜ਼ਨ ਵਿੱਚ ਫ਼ਰਕ-ਜਨਮ ਦੇ ਸਮੇਂ ਵਜ਼ਨ: ਪਿਤਾ ਦੇ ਮੁਕਾਬਲੇ ਮਾਂ ਦੇ ਬੀਐਮਆਈ ਦਾ ਬੱਚੇ ਦੇ ਜਨਮ ਸਮੇਂ ਦੇ ਵਜ਼ਨ ਨਾਲ ਜ਼ਿਆਦਾ ਮਜ਼ਬੂਤ ਸਬੰਧ ਹੁੰਦਾ ਹੈ। ਇਹ ਇਸ ਲਈ ਹੈ ਕਿਉਂਕਿ ਮਾਂ ਦੇ ਸਰੀਰ ਦਾ ਵਜ਼ਨ ਯੂਟਰਸ (ਗਰਭ) ਦੇ ਅੰਦਰੂਨੀ ਵਾਤਾਵਰਣ ਰਾਹੀਂ ਬੱਚੇ ਦੇ ਸ਼ੁਰੂਆਤੀ ਵਜ਼ਨ 'ਤੇ ਅਸਰ ਪਾਉਂਦਾ ਹੈ।

ਜਨਮ ਤੋਂ ਬਾਅਦ ਵਜ਼ਨ: ਬੱਚੇ ਦੇ ਜਨਮ ਤੋਂ ਬਾਅਦ 2 ਤੋਂ 8 ਸਾਲ ਦੀ ਉਮਰ ਦੌਰਾਨ, ਮਾਂ ਅਤੇ ਪਿਤਾ ਦੋਵਾਂ ਦੇ ਬੀਐਮਆਈ ਦਾ ਬੱਚੇ ਦੇ ਵਜ਼ਨ 'ਤੇ ਪ੍ਰਭਾਵ ਮੋਟੇ ਤੌਰ 'ਤੇ ਇੱਕੋ ਜਿਹਾ (ਜੈਨੇਟਿਕ) ਪਾਇਆ ਗਿਆ।

ਖਾਣ-ਪੀਣ ਦੀਆਂ ਆਦਤਾਂ ਨਾਲ ਵੀ ਹੈ ਸਬੰਧ-ਖੋਜੀਆਂ ਨੇ ਪਾਇਆ ਕਿ ਜੇਕਰ ਮਾਤਾ-ਪਿਤਾ ਦਾ ਬੀਐਮਆਈ ਜ਼ਿਆਦਾ ਹੈ, ਤਾਂ ਬੱਚਿਆਂ ਵਿੱਚ ਮੋਟਾਪੇ ਦੇ ਨਾਲ-ਨਾਲ ਖਾਣ-ਪੀਣ ਦੀਆਂ ਕੁਝ ਖ਼ਾਸ ਆਦਤਾਂ ਵੀ ਵਿਕਸਿਤ ਹੋ ਜਾਂਦੀਆਂ ਹਨ। ਅਜਿਹੇ ਬੱਚੇ ਖਾਣੇ ਪ੍ਰਤੀ ਜ਼ਿਆਦਾ ਦਿਲਚਸਪੀ ਦਿਖਾਉਂਦੇ ਹਨ ਅਤੇ ਕਈ ਵਾਰ ਭਾਵਨਾਵਾਂ ਵਿੱਚ ਵਹਿ ਕੇ ਜ਼ਰੂਰਤ ਤੋਂ ਜ਼ਿਆਦਾ ਖਾਣਾ ਖਾ ਲੈਂਦੇ ਹਨ।

## * ਚੂੰਢੀਆਂ-ਪੌਂਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ





***ਬਰਤਾਨਵੀ ਪ੍ਰਧਾਨ ਮੰਤਰੀ ਨੇ ਆਪਣੇ ਅਹੁਦੇ ਤੋਂ ਦਿਤਾ ਅਸਤੀਫ਼ਾ- ਇਕ ਖ਼ਬਰ**

-ਆਹ ਲੈ ਫੜ ਮਿੱਤਰਾ, ਮੇਰੇ ਬਾਂਕਾਂ ਮੇਚ ਨਾ ਆਈਆਂ।



***ਭਾਜਪਾ ਨੇ ਰਾਹੁਲ ਗਾਂਧੀ ਨੂੰ ਦੱਸਿਆ 'ਸੈਰ-ਸਪਾਟਾ' ਆਗੂ- ਇਕ ਖ਼ਬਰ**

-ਵੈਸੇ ਇਹ ਲਕਬ ਇਕ ਹੋਰ 'ਬੰਦੇ' 'ਤੇ ਜ਼ਿਆਦਾ ਢੁੱਕਦਾ ਹੈ।



***ਸ੍ਰੀ ਅਕਾਲ ਤਖ਼ਤ ਦੀ ਮਰਯਾਦਾ ਨੂੰ ਢਾਅ ਲਾਉਣ ਲਈ ਜਥੇਦਾਰ ਗੜਗੱਜ ਜ਼ਿੰਮੇਵਾਰ- ਧਰਮੀ ਫੌਜੀ**

-ਗੋਰੇ ਰੰਗ ਨੂੰ ਕੋਈ ਨਹੀਂ ਪੁੱਛਦਾ, ਮੁੱਲ ਪੈਂਦੇ ਅਕਲਾਂ ਦੇ।



***ਅਮਰੀਕਾ-ਇਰਾਨ ਸ਼ਾਂਤੀ ਸਮਝੌਤੇ ਲਈ ਸਹਿਮਤ- ਇਕ ਖ਼ਬਰ**

-ਆਪਾਂ ਭੈਣ ਭਰਾ, ਆ ਜਾ ਆਪਾਂ ਦੋਵੇਂ ਨੱਚੀਏ।

***ਪੰਜਾਬ ਦੇ 21 ਜ਼ਿਲ੍ਹਿਆਂ 'ਚ ਅਮਰੀਕਾ ਨਾਲ ਵਪਾਰ ਸਮਝੌਤੇ ਨੂੰ ਲੈ ਕੇ ਮੋਦੀ-ਟਰੰਪ ਦੇ ਫੂਕੇ ਪੁਤਲੇ- ਇਕ ਖ਼ਬਰ**



-ਬੋਦੀ ਵਾਲ਼ਾ ਤਾਰਾ ਚੜ੍ਹਿਆ, ਘਰ ਘਰ ਹੋਣ ਵਿਚਾਰਾਂ।



***ਰਾਮ ਮੰਦਰ ਚੜ੍ਹਾਵਾ ਚੋਰੀ ਮਾਮਲੇ 'ਚ ਐੱਸ. ਆਈ. ਟੀ. ਨੇ ਚੰਪਤ ਰਾਏ ਸਮੇਤ 17 ਨੂੰ ਦੋਸ਼ੀ ਮੰਨਿਆਂ- ਇਕ ਖ਼ਬਰ**

-ਪਾਪ ਪੁੰਨ ਤੇਰੇ ਬੰਦਿਆ, ਤੱਕੜੀ 'ਤੇ ਤੁਲ ਜਾਣਗੇ।

***ਸ਼ਿਵ ਸੈਨਾ ਦੇ ਛੇ ਬਾਗ਼ੀ ਸਾਂਸਦਾਂ ਨੂੰ ਮਿਲੀ 'ਵਾਈ-ਪਲੱਸ' ਸੁਰੱਖਿਆ- ਇਕ ਖ਼ਬਰ**

-ਤੇਰੀ ਆਈ ਮੈਂ ਮਰ ਜਾਂ, ਤੇਰਾ ਵਾਲ਼ ਵੀ ਵਿੰਗਾ ਨਾ ਹੋਵੇ।



***ਇਜ਼ਰਾਈਲ ਦੀ ਲਿਬਨਾਨ ਤੋਂ ਵਾਪਸੀ ਤੱਕ ਕੋਈ ਸਮਝੌਤਾ ਨਹੀਂ- ਇਰਾਨ**

-ਲਾਲੀ ਮੇਰੀਆਂ ਅੱਖਾਂ ਵਿਚ ਰੜਕੇ, ਅੱਖ ਮੇਰੇ ਯਾਰ ਦੀ ਦੁਖੇ।




***ਊਧਵ ਠਾਕਰੇ ਦੀ ਸੈਨਾ ਬਿਖਰੀ, 6 ਸਾਂਸਦ ਹੋਏ ਬਾਗ਼ੀ- ਇਕ ਖ਼ਬਰ**

-ਚੁਗ਼ ਲੈ ਕਬੂਤਰ ਬਣ ਕੇ, ਮੋਤੀ ਖਿਲਰ ਗਏ।



***ਰਾਜਾ ਵੜਿੰਗ ਨੇ ਐਸ.ਸੀ. ਕਮਿਸ਼ਨ ਅੱਗੇ ਪੇਸ਼ ਹੋਣ ਤੋਂ ਕੀਤਾ ਇਨਕਾਰ- ਇਕ ਖ਼ਬਰ**

-ਤੇਰੀ ਰੰਨ ਦਾ ਨਾ ਭਰਨਾ ਪਾਣੀ, ਤੇਰੀ ਨਾ ਮੁਥਾਜ ਝੱਲਣੀ।




***ਕਿਸੇ ਵੀ ਕੀਮਤ 'ਤੇ ਇਰਾਨ ਨੂੰ ਪਰਮਾਣੂੰ ਹਥਿਆਰ ਨਹੀਂ ਰੱਖਣ ਦਿਆਂਗੇ- ਇਜ਼ਰਾਈਲ**

-ਜਿਊਣਾ ਮੌੜ ਵੱਢਿਆ ਨਾ ਜਾਵੇ, ਛਵ੍ਹੀਆਂ ਦੇ ਘੁੰਡ ਮੁੜ ਗਏ।

***ਹਰਿਆਣਾ ਦਾ ਆਈ. ਏ. ਐਸ. ਅਧਿਕਾਰੀ ਪ੍ਰਦੀਪ ਕੁਮਾਰ 590 ਕਰੋੜ ਦੇ ਘਪਲੇ 'ਚ ਫ਼ਰਾਰ- ਇਕ ਖ਼ਬਰ**

-ਤੁਸੀਂ ਕੀ ਚਾਹੁੰਦੇ ਹੋ ਕਿ ਉਹ ਘਰੇ ਬੈਠਾ ਫੜਿਆ ਜਾਂਦਾ!



***ਸ਼੍ਰੀ ਹਜ਼ੂਰ ਸਾਹਿਬ ਗੁਰਦੁਆਰਾ ਐਕਟ ਰੱਦ ਕਰਨ ਵਿਰੁੱਧ ਗੁਰਮਤਾ ਜਾਰੀ- ਇਕ ਖ਼ਬਰ**

-ਮੋੜੀਂ ਮੋੜੀਂ ਵੇ ਮੁਲਾਹਜ਼ੇਦਾਰਾ, ਮੱਝੀਆਂ ਹੀਰ ਦੀਆਂ।



***ਭਗੌੜੇ ਲੋਕ ਸੰਗਤਾਂ ਨੂੰ ਸ੍ਰੀ ਅਕਾਲ ਤਖ਼ਤ ਦੇ ਹੁਕਮਾਂ ਨੂੰ ਮੰਨਣ ਦੀ ਕਰ ਰਹੇ ਹਨ ਤਾਕੀਦ- ਗਿ. ਹਰਪ੍ਰੀਤ ਸਿੰਘ**

-ਆਪ ਨਾ ਵੱਸੀ ਸਹੁਰੇ, ਲੋਕਾਂ ਮੱਤੀਂ ਦੇ।



***ਰਾਜੇਵਾਲ, ਪੰਧੇਰ ਅਤੇ ਚੜੂਨੀ ਨੇ ਸਾਂਝੇ ਸੰਘਰਸ਼ ਲਈ ਮੁੜ ਹੱਥ ਮਿਲਾਇਆ- ਇਕ ਖ਼ਬਰ**

-ਝੰਡੇ ਨਿਕਲੇ ਕੂਚ ਦਾ ਹੁਕਮ ਹੋਇਆ, ਚੜ੍ਹੇ ਸੂਰਮੇ ਸਿੰਘ ਦਲੇਰ ਮੀਆਂ।

* * * * *

**ਰਣਜੀਤ ਸਿੰਘ ਦਮਦਮੀ ਟਕਸਾਲ**
**ਪ੍ਰਧਾਨ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ**



# ਸਰਕਾਰ ਦੀ ਹੋਈ ਹਾਰ, ਪੰਥ ਖ਼ਾਲਸਾ ਜੇਤੂ ਕਰਾਰ



2 ਦਸੰਬਰ 2024 ਨੂੰ ਸੁਖਬੀਰ ਸਿੰਘ ਬਾਦਲ ਅਤੇ ਹੋਰ ਅਕਾਲੀ ਆਗੂਆਂ ਦੀ ਪੰਥਕ ਪੇਸ਼ੀ ਤੋਂ ਬਾਅਦ ਅੱਜ ਮੁੜ 29 ਜੂਨ 2026 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਾਹੋ-ਜਲਾਲ, ਬੁਲੰਦ ਸ਼ਾਨ, ਮਹਾਨ ਰੁਤਬਾ ਤੇ ਵੱਖਰਾ ਜਲਵਾ ਵੇਖਣ ਨੂੰ ਮਿਲਿਆ ਜਦੋਂ ਆਮ ਆਦਮੀ ਪਾਰਟੀ ਅਤੇ ਹੋਰ ਪਾਰਟੀਆਂ ਦੇ ਸਮੂਹ ਸਿੱਖ ਵਿਧਾਇਕਾਂ ਅਤੇ ਮੰਤਰੀਆਂ ਦੀ ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਤਿਕਾਰ ਸੋਧ ਕਾਨੂੰਨ ਮਾਮਲੇ ਵਿੱਚ ਪੇਸ਼ੀ ਹੋਈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਅੱਜ ਵਧੀਆ ਭੂਮਿਕਾ ਨਿਭਾਈ ਤੇ ਜਥੇਦਾਰ ਗੜਗੱਜ ਸਚਮੁੱਚ ਗਰਜਦਾ ਨਜ਼ਰ ਆਇਆ।

ਅੱਜ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਝਾੜੂ ਪਾਰਟੀ ਦੀ ਹੈਂਕੜ ਭੰਨੀ ਗਈ ਤੇ 'ਸ੍ਰੀ ਅਕਾਲ ਤਖ਼ਤ ਸਾਹਿਬ ਮਹਾਨ ਹੈ, ਸਿੱਖ ਪੰਥ ਦੀ ਸ਼ਾਨ ਹੈ' ਮੁੜ ਸਾਬਿਤ ਹੋ ਗਿਆ ਜਿਸ ਦਾ ਸਿੱਧਾ ਪ੍ਰਸਾਰਨ ਪੂਰੀ ਦੁਨੀਆਂ ਨੇ ਵੇਖਿਆ। ਪੰਜਾਬ ਅਸੈਂਬਲੀ ਦੇ ਸਮੂਹ ਵਿਧਾਇਕਾਂ, ਮੰਤਰੀਆਂ ਤੇ ਸਪੀਕਰ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਨੂੰ ਮੰਨਿਆ। ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਅਖੌਤੀ ਭਾਰਤੀ ਲੋਕਤੰਤਰੀ ਪ੍ਰਣਾਲੀ ਵੀ ਲੀਰੋ-ਲੀਰ ਹੋਈ, ਅਕਾਲੀ ਦਲ ਅਤੇ ਕਾਂਗਰਸੀ ਵਿਧਾਇਕਾਂ ਨੇ ਖੁੱਲ੍ਹ ਕੇ ਦੱਸਿਆ ਕਿ ਵਿਧਾਨ ਸਭਾ ਵਿੱਚ ਤਾਂ ਝਾੜੂ ਪਾਰਟੀ ਵਾਲੇ ਬੋਲਣ ਹੀ ਨਹੀਂ ਦਿੰਦੇ ਤੇ ਤਾਨਾਸ਼ਾਹੀ ਤੇ ਹਿਟਲਰਸ਼ਾਹੀ ਕਰਦੇ ਨੇ। ਝਾੜੂ ਪਾਰਟੀ ਦੇ ਵਿਧਾਇਕਾਂ ਨੇ ਅੱਜ ਇਹ ਮੰਨ ਹੀ ਲਿਆ ਕਿ ਉਹਨਾਂ ਨੇ ਤਾਂ ਸਤਿਕਾਰ ਸੋਧ ਕਾਨੂੰਨ ਪੜ੍ਹਿਆ ਹੀ ਨਹੀਂ ਹੈ ਤੇ ਬਿਨਾਂ ਪੜ੍ਹੇ ਅਤੇ ਬਿਨਾਂ ਵਿਚਾਰੇ ਹੀ ਭਗਵੰਤ ਮਾਨ ਦੀ 'ਹਾਂ ਵਿੱਚ ਹਾਂ' ਮਿਲਾਉਂਦਿਆਂ ਇਸ ਨੂੰ ਪ੍ਰਵਾਨਗੀ ਦੇ ਦਿੱਤੀ। ਵਿਧਾਇਕਾਂ ਨੂੰ ਤਾਂ ਕਾਨੂੰਨ ਵਿੱਚ ਪੰਥ ਵਿਰੋਧੀ ਗੱਲਾਂ ਅਤੇ ਕਸਟੋਡੀਅਨ ਦੀ ਵਿਆਖਿਆ ਬਾਰੇ ਕੱਖ ਪਤਾ ਹੀ ਨਹੀਂ ਸੀ। ਭਗਵੰਤ ਮਾਨ ਦਾ ਵਿਧਾਨ ਸਭਾ ਅਤੇ ਪ੍ਰੈਸ ਵਿੱਚ ਬੋਲਿਆ ਝੂਠ ਵੀ ਸਾਹਮਣੇ ਆਇਆ ਕਿਉਂਕਿ ਕਾਨੂੰਨ ਵਿੱਚ ਤਾਂ ਬੇਅਦਬੀ ਕਰਨ ਵਾਲੇ ਮੰਦਬੁੱਧੀ ਦੇ ਪਰਿਵਾਰ ਅਤੇ ਪਾਲਣਹਾਰ ਨੂੰ ਸਜ਼ਾ ਦੇਣ ਬਾਰੇ ਕੋਈ ਜ਼ਿਕਰ ਹੀ ਨਹੀਂ ਹੈ।

ਸਮੂਹ ਪਾਰਟੀ ਦੇ ਵਿਧਾਇਕਾਂ ਨੇ ਮੰਨਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮਾਮਲੇ ਵਿੱਚ ਕਾਨੂੰਨ ਬਣ ਰਿਹਾ ਹੋਵੇ ਤੇ ਸ੍ਰੀ ਅਕਾਲ ਤਖ਼ਤ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸਿੱਖ ਜਥੇਬੰਦੀਆਂ, ਸਿੱਖ ਵਿਦਵਾਨਾਂ ਤੇ ਸਮੁੱਚੇ ਖ਼ਾਲਸਾ ਪੰਥ ਦੀ ਰਾਏ ਨਾ ਲੈਣੀ ਭਗਵੰਤ ਮਾਨ ਸਰਕਾਰ ਦੀ ਇੱਕ ਵੱਡੀ ਗ਼ਲਤੀ ਸੀ ਜਿਸ ਕਰਕੇ ਅੱਜ ਇਹ ਬਖੇੜੇ ਅਤੇ ਵਿਵਾਦ ਪੈਦਾ ਹੋਏ ਨੇ। ਸਮੂਹ ਵਿਧਾਇਕਾਂ ਅਤੇ ਮੰਤਰੀਆਂ ਨੇ ਅਖ਼ੀਰ 'ਤੇ ਹੱਥ ਖੜ੍ਹੇ ਕਰਕੇ ਕਾਨੂੰਨ 'ਚ ਸੋਧ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮ ਨੂੰ ਪ੍ਰਵਾਨ ਕੀਤਾ। ਇਸ ਤੋਂ ਪਹਿਲਾਂ ਭਗਵੰਤ ਮਾਨ ਅਤੇ ਉਸ ਦੀ ਪਾਰਟੀ ਦੇ ਆਗੂਆਂ ਅਤੇ ਆਈ.ਟੀ. ਸੈੱਲ ਨੇ ਜਥੇਦਾਰ ਦੀ ਬਥੇਰੀ ਕਿਰਦਾਰਕੁਸ਼ੀ ਕੀਤੀ ਸੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਖ਼ਾਲਸਾ ਪੰਥ ਨੂੰ ਚੁਣੌਤੀ ਦਿੱਤੀ ਤੇ ਵੰਗਾਰਿਆ ਸੀ ਅਤੇ ਉਹ ਸੱਤਾ ਦੇ ਨਸ਼ੇ ਵਿੱਚ ਆਪਹੁਦਰਾਪਣ ਕਰਦੇ ਰਹੇ ਤੇ ਇਸ ਕਾਨੂੰਨ ਨੂੰ ਠੋਕ-ਵਜਾ ਕੇ ਸਹੀ ਦੱਸਦੇ ਰਹੇ ਸਨ।

ਪਰ ਅੱਜ ਇਹਨਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਹਾਨਤਾ, ਸਰਵਉੱਚਤਾ, ਸਿਧਾਂਤ ਅਤੇ ਤਾਕਤ ਦਾ ਅੰਦਾਜ਼ਾ ਹੋ ਹੀ ਗਿਆ। ਸ੍ਰੀ ਅਕਾਲ ਤਖ਼ਤ ਸਾਹਿਬ ਨੇ ਇਨ੍ਹਾਂ ਸਮੂਹ ਵਿਧਾਇਕਾਂ ਨੂੰ ਸਹੀ ਸੇਧ ਦਿੱਤੀ ਤੇ ਇਹਨਾਂ ਦੀਆਂ ਗ਼ਲਤੀਆਂ ਤੋਂ ਜਾਣੂੰ ਕਰਵਾਇਆ। ਅਸੈਂਬਲੀ ਵਿੱਚ ਤਾਂ ਭਗਵੰਤ ਮਾਨ ਸਰਕਾਰ ਵੱਲੋਂ ਲਿਆਂਦੇ ਏਜੰਡੇ ਬਾਰੇ ਜੇ ਕੋਈ ਅਸਹਿਮਤੀ ਪ੍ਰਗਟਾਉਂਦਾ ਜਾਂ ਵੱਖਰੀ ਰਾਏ ਰੱਖਦਾ ਸੀ ਤਾਂ ਝਾੜੂ ਪਾਰਟੀ ਵਾਲੇ ਤੁਰੰਤ ਉਸ ਦੇ ਖ਼ਿਲਾਫ਼ ਹੋ ਜਾਂਦੇ ਸਨ ਤੇ ਉਸ ਨੂੰ ਗ਼ੱਦਾਰ ਐਲਾਨ ਦਿੰਦੇ ਸਨ ਪਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਅੱਜ ਹਰ ਇੱਕ ਦੀ ਗੱਲ ਸੁਣੀ, ਹਰ ਕਿਸੇ ਨੂੰ ਸਮਾਂ ਦਿੱਤਾ, ਜਵਾਬਤਲਬੀ ਕੀਤੀ ਅਤੇ ਸਪਸ਼ਟੀਕਰਨ ਲਿਆ। ਤੇ ਫਿਰ ਜਥੇਦਾਰ ਨੇ ਕਿਹਾ ਕਿ ਕਾਨੂੰਨ ਵਿੱਚ ਜਦੋਂ ਤਕ ਸੋਧ ਨਹੀਂ ਹੁੰਦੀ ਇਸ ਨੂੰ ਹੋਲਡ ਕੀਤਾ ਜਾਵੇ ਤੇ ਆਦੇਸ਼ ਦਿੱਤਾ ਕਿ ਇੱਕ ਮਹੀਨੇ ਵਿੱਚ ਕਾਨੂੰਨ ਵਿੱਚ ਸੋਧ ਕੀਤੀ ਜਾਵੇ ਤੇ ਇਤਰਾਜ਼ਯੋਗ ਮੱਦਾਂ ਹਟਾ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਖ਼ਾਲਸਾ ਪੰਥ ਦੀ ਰਾਏ ਤੇ ਭਾਵਨਾਵਾਂ ਅਨੁਸਾਰ ਹੀ ਕਾਨੂੰਨ ਬਣੇ। ਦੋਸ਼ੀਆਂ ਨੂੰ ਸਖ਼ਤ ਸਜ਼ਾ ਦਿਓ ਪਰ ਗੁਰੂ ਸਾਹਿਬ ਦੇ ਵਜ਼ੀਰਾਂ, ਪ੍ਰਬੰਧਕਾਂ, ਸੇਵਾਦਾਰਾਂ ਤੇ ਸੰਗਤਾਂ ਨੂੰ ਦੋਸ਼ੀ ਨਾ ਬਣਾਓ।

ਜਥੇਦਾਰ ਨੇ ਸਰਕਾਰ ਅਤੇ ਵਿਰੋਧੀ ਪਾਰਟੀਆਂ ਨੂੰ ਕਾਨੂੰਨ 'ਚ ਇੱਕ ਮੱਦ ਸ਼ਾਮਲ ਕਰਨ ਲਈ ਵੀ ਕਿਹਾ ਕਿ "ਜੇ ਕੋਈ ਸਿੱਖ ਵਿਰੋਧੀ ਡੇਰੇ ਦਾ ਚੇਲਾ ਜਾਣਬੁੱਝ ਕੇ ਜਾਂ ਸਾਜ਼ਿਸ਼ੀ ਢੰਗ ਨਾਲ ਬੇਅਦਬੀ ਕਰਦਾ ਹੈ ਤਾਂ ਉਸ ਡੇਰੇ ਦੇ ਮੁਖੀ ਖ਼ਿਲਾਫ਼ ਵੀ ਬੇਅਦਬੀ ਦਾ ਕੇਸ ਦਰਜ ਕੀਤਾ ਜਾਵੇ।" ਇਹ ਇਸ ਲਈ ਜ਼ਰੂਰੀ ਹੈ ਕਿ ਪਿਛਲੇ ਸਮੇਂ ਵਿੱਚ ਭਨਿਆਰੇ ਵਾਲੇ ਸਾਧ ਅਤੇ ਡੇਰਾ ਸਿਰਸਾ ਮੁਖੀ ਦੇ ਚੇਲਿਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀਆਂ ਬੇਅਦਬੀਆਂ ਕੀਤੀਆਂ ਹਨ। ਡੇਰਾ ਸਿਰਸਾ ਮੁਖੀ ਨੂੰ ਸੁਖਬੀਰ ਸਿੰਘ ਬਾਦਲ, ਕੈਪਟਨ ਅਮਰਿੰਦਰ ਸਿੰਘ ਅਤੇ ਭਗਵੰਤ ਮਾਨ ਤਿੰਨਾਂ ਸਰਕਾਰਾਂ ਨੇ ਹੱਥ ਨਾ ਪਾਇਆ।

ਅੱਜ ਹਰ ਸਿੱਖ ਨੂੰ ਇਹ ਵੀ ਮਹਿਸੂਸ ਹੋਇਆ ਕਿ ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਮਹਾਰਾਜ ਨੇ ਸਾਨੂੰ ਕਿੰਨਾ ਮਹਾਨ ਫ਼ਲਸਫ਼ਾ, ਰਵਾਇਤ, ਪ੍ਰੰਪਰਾ ਤੇ ਸਿਧਾਂਤ ਬਖ਼ਸ਼ਿਸ਼ ਕੀਤਾ ਹੈ ਜਿਸ ਨਾਲ ਵੱਡੇ ਤੋਂ ਵੱਡੇ ਹਾਕਮ ਨੂੰ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਝੁਕਣਾ ਪੈਂਦਾ ਹੈ। ਗਿਆਨੀ ਜ਼ੈਲ ਸਿੰਘ, ਬੂਟਾ ਸਿੰਘ, ਸੁਰਜੀਤ ਸਿੰਘ ਬਰਨਾਲਾ, ਸੰਤਾ ਸਿੰਘ ਨਿਹੰਗ, ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ ਸਭ ਨੂੰ ਇੱਥੇ ਨਿਮਾਣਾ ਬਣ ਕੇ ਆਉਣਾ ਪਿਆ ਸੀ ਤੇ ਪਿਛਲੇ ਸਮੇਂ ਵਿੱਚ ਅਜੋਕਾ ਮੁੱਖ ਮੰਤਰੀ ਭਗਵੰਤ ਮਾਨ ਵੀ ਜਥੇਦਾਰ ਨੂੰ ਸਪੱਸ਼ਟੀਕਰਨ ਦੇਣ ਲਈ ਪਹੁੰਚਿਆ ਸੀ।

ਭਗਵੰਤ ਮਾਨ ਦੀ ਦਸ ਗੁਰੂ ਸਾਹਿਬਾਨ ਅਤੇ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੀ ਇਤਰਾਜ਼ਯੋਗ ਵੀਡੀਓ ਬਾਰੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪਹਿਲਾਂ ਹੀ ਫ਼ੈਸਲਾ ਸੁਣਾਇਆ ਜਾ ਚੁੱਕਾ ਹੈ ਜਿਸ ਵਿੱਚ ਭਗਵੰਤ ਮਾਨ ਨੂੰ ਗੁਰੂ ਦੋਖੀ ਅਤੇ ਪੰਥ ਦੋਖੀ ਕਰਾਰ ਦਿੱਤਾ ਗਿਆ ਹੈ। ਅੱਜ ਝਾੜੂ ਪਾਰਟੀ ਦੀ ਹਿੰਮਤ ਨਹੀਂ ਪਈ ਕਿ ਉਹ ਇਹ ਕਹਿ ਸਕਣ ਕਿ ਸਾਡੇ ਮੁੱਖ ਮੰਤਰੀ ਵਿਰੁੱਧ ਤਾਂ ਤੁਸੀਂ ਹੁਕਮਨਾਮਾ ਜਾਰੀ ਕੀਤਾ ਹੋਇਆ ਹੈ, ਜੇ ਉਹ ਗੁਰੂ ਦੋਖੀ ਹੈ ਤਾਂ ਅਸੀਂ ਵੀ ਸਾਰੇ ਦੋਖੀ ਹੀ ਹਾਂ ਅਸੀਂ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਨਹੀਂ ਆਵਾਂਗੇ। ਪਰ ਇਹਨਾਂ ਵਿਧਾਇਕਾਂ ਨੂੰ ਅੰਦਰੋਂ ਪਤਾ ਹੈ ਕਿ ਭਗਵੰਤ ਮਾਨ ਦੀ ਗ਼ਲਤੀ ਹੈ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਟੱਕਰ ਸਾਨੂੰ ਸਭ ਨੂੰ ਮਹਿੰਗੀ ਪਵੇਗੀ। ਹੁਣ ਵੀ ਝਾੜੂ ਪਾਰਟੀ ਦੇ ਇਹ ਸਾਰੇ ਵਿਧਾਇਕ ਮੀਟਿੰਗ ਕਰਕੇ ਭਗਵੰਤ ਮਾਨ ਨੂੰ ਸਮਝਾਉਣ ਕਿ ਉਹ ਪੰਥ ਨਾਲ ਮੱਥਾ ਨਾ ਲਾਵੇ ਤੇ ਪੰਥ ਦੀ ਸ਼ਰਨ ਵਿੱਚ ਜਾ ਕੇ ਆਪਣਾ ਗੁਰੂ ਦੋਖੀ ਅਤੇ ਪੰਥ ਦੋਖੀ ਦਾ ਕਲੰਕ ਮਾਫ਼ ਕਰਾਵੇ, ਨਹੀਂ ਤਾਂ ਚੋਣ ਜ਼ਾਬਤਾ ਲੱਗਣ ਤੋਂ ਬਾਅਦ ਭਗਵੰਤ ਮਾਨ ਲਈ ਔਖਾ ਹੋ ਜਾਏਗਾ, ਕਿਸੇ ਨੇ ਗੁਰਦੁਆਰਾ ਸਾਹਿਬ 'ਚੋਂ ਸਿਰੋਪਾ ਨਹੀਂ ਦੇਣਾ ਤੇ ਉਸ ਦੇ ਖ਼ਿਲਾਫ਼ ਥਾਂ-ਥਾਂ ਉੱਤੇ ਲੱਗੇ ਬੋਰਡ ਭਾਰੀ ਮੁਸ਼ਕਿਲਾਂ ਪੈਦਾ ਕਰਨਗੇ ਤੇ ਸੱਤਾ ਖੁੱਸਣ ਤੋਂ ਬਾਅਦ ਉਸ ਨੇ ਕਿਸੇ ਜੋਗਾ ਨਹੀਂ ਰਹਿਣਾ। ਭਗਵੰਤ ਮਾਨ ਦੀ ਜ਼ਿੱਦ ਬਾਦਲਕਿਆਂ, ਕਾਂਗਰਸੀਆਂ ਤੇ ਭਾਜਪਾਈਆਂ ਨੂੰ ਸੂਤ ਬੈਠੇਗੀ।

ਭਗਵੰਤ ਮਾਨ ਇਹ ਵੀ ਆਖਦਾ ਹੁੰਦਾ ਸੀ ਕਿ ਜਥੇਦਾਰ ਸਾਰੀ ਕਾਰਵਾਈ ਨੂੰ ਲਾਈਵ ਕਰਨ, ਅਸੀਂ ਪੋਤੜੇ ਫਰੋਲਾਂਗੇ। ਪਰ ਅੱਜ ਜਦੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਇਹ ਸਾਰੀ ਕਾਰਵਾਈ ਸਿੱਧੇ ਪ੍ਰਸਾਰਨ ਰਾਹੀਂ ਟੀ.ਵੀ. ਚੈੱਨਲਾਂ ਤੇ ਸੋਸ਼ਲ ਮੀਡੀਆ 'ਤੇ ਵਿਖਾਈ ਜਾ ਰਹੀ ਸੀ ਜਿਸ ਵਿੱਚ ਝਾੜੂ ਪਾਰਟੀ ਦੋਸ਼ੀ ਸਾਬਤ ਹੋ ਰਹੀ ਸੀ ਤਾਂ ਆਪ ਪਾਰਟੀ ਦੇ ਵਿਧਾਇਕ ਇੰਦਰਬੀਰ ਸਿੰਘ ਨਿੱਝਰ ਨੇ ਬੇਨਤੀ ਕੀਤੀ ਕਿ ਇਹ ਮਾਮਲਾ ਜਨਤਕ ਤੌਰ 'ਤੇ ਪ੍ਰਸਾਰਿਤ ਨਾ ਕੀਤਾ ਜਾਵੇ ਪਰ ਜਥੇਦਾਰ ਨੇ ਅੱਗੋਂ ਚੰਗੀ ਝਾੜ ਪਾ ਦਿੱਤੀ ਜਿਸ ਨਾਲ ਭਗਵੰਤ ਮਾਨ ਦਾ ਮੂੰਹ ਭੰਨਿਆ ਗਿਆ। ਹਾਲਾਂਕਿ ਇਸ ਸਾਰੀ ਕਾਰਵਾਈ ਦੇ ਅੰਤ 'ਚ ਜਥੇਦਾਰ ਨੂੰ ਪਤਾ ਲੱਗਿਆ ਕਿ ਮੀਡੀਆ ਚੈਨਲਾਂ ਨੇ ਕਥਿਤ ਤੌਰ 'ਤੇ ਸਰਕਾਰ ਦੇ ਨਿਰਦੇਸ਼ਾਂ 'ਤੇ ਲਾਈਵ ਪ੍ਰਸਾਰਣ ਰੋਕ ਦਿੱਤਾ ਹੈ ਤਾਂ ਜਥੇਦਾਰ ਨੇ ਮੌਜੂਦਾ ਸਰਕਾਰ ਦੇ ਮੰਤਰੀਆਂ ਨੂੰ ਚੈੱਨਲਾਂ ਨੂੰ ਦੁਬਾਰਾ ਲਾਈਵ ਕਵਰੇਜ ਸ਼ੁਰੂ ਕਰਨ ਦੀ ਹਦਾਇਤ ਕੀਤੀ ਜਿਸ ਨਾਲ ਝਾੜੂ ਪਾਰਟੀ ਦਾ ਆਵਾਜ਼ ਦਬਾਉਣ ਦਾ ਚਿਹਰਾ ਮੁੜ ਨੰਗਾ ਹੋ ਗਿਆ।

ਸਤਿਕਾਰ ਸੋਧ ਕਾਨੂੰਨ ਤੋਂ ਬਾਅਦ ਜਿਹੜੇ ਕੁਝ ਸਿੱਖ ਆਗੂ ਅਤੇ ਜਥੇਬੰਦੀਆਂ ਅੰਨ੍ਹੇਵਾਹ ਭਗਵੰਤ ਮਾਨ ਸਰਕਾਰ ਦੀ ਅਤੇ ਕਾਨੂੰਨ ਦੀ ਹਮਾਇਤ ਕਰ ਰਹੀਆਂ ਸਨ ਤੇ ਜਥੇਦਾਰਾਂ ਅਤੇ ਖ਼ਾਲਸਾ ਪੰਥ ਨੂੰ ਚਿੜਾ ਰਹੀਆਂ ਸਨ, ਹੁਣ ਉਹਨਾਂ ਨੂੰ ਵੀ ਆਪਣੀ ਗਲਤੀ-ਭੁੱਲ ਬਖ਼ਸ਼ਾ ਲੈਣੀ ਚਾਹੀਦੀ ਹੈ ਤੇ ਹਕੀਕਤ ਨੂੰ ਸਮਝਣਾ ਚਾਹੀਦਾ ਹੈ, ਜਦੋਂ ਕਾਨੂੰਨ ਬਣਾਉਣ ਵਾਲੇ ਅੱਜ ਮੰਨ ਰਹੇ ਹਨ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਹੋਰ ਸੰਸਥਾਵਾਂ ਨੂੰ ਦਰ- ਕਿਨਾਰ ਕਰਨਾ, ਰਾਏ ਨਾ ਲੈਣੀ, ਮਨਮਰਜ਼ੀ ਦਾ ਕਾਨੂੰਨ ਬਣਾ ਦੇਣਾ ਉਹਨਾਂ ਦੀ ਵੱਡੀ ਗਲਤੀ ਹੈ ਜਿਸ ਵਿੱਚ ਸੋਧ ਹੋਵੇਗੀ ਤਾਂ ਫਿਰ ਉਹਨਾਂ ਸਿੱਖ ਆਗੂਆਂ ਨੂੰ ਵੀ ਹੁਣ ਬੇਵਜ੍ਹਾ ਬਿਆਨਬਾਜੀ ਅਤੇ ਗਤੀਵਿਧੀ ਨਹੀਂ ਕਰਨੀ ਚਾਹੀਦੀ, ਸਗੋਂ ਸਰਕਾਰ ਦਾ ਪੱਖ ਪੂਰਨਾ ਛੱਡ ਕੇ ਖ਼ਾਲਸਾ ਪੰਥ ਦੇ ਨਾਲ ਖੜ੍ਹ ਜਾਣਾ ਚਾਹੀਦਾ ਹੈ। ਅੱਜ ਦੀ ਸਾਰੀ ਕਾਰਵਾਈ ਨਾਲ ਭਗਵੰਤ ਮਾਨ ਸਰਕਾਰ ਦੀ ਹਾਰ ਅਤੇ ਖ਼ਾਲਸਾ ਪੰਥ ਜੇਤੂ ਕਰਾਰ ਹੋਇਆ ਹੈ।

**- ਰਣਜੀਤ ਸਿੰਘ ਦਮਦਮੀ ਟਕਸਾਲ (ਪ੍ਰਧਾਨ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ) ਮੋ:** 8872293883.

- ਲੇਖਕ -
ਗਿ: ਗੁਰਬਖਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743



# ਗੁਰੂ ਬੈਠਾ ਅਮਰੁ ਸਰੂਪ ਹੋਇ




**ਕਿਸ਼ਤ-44**

ਗੁਰਦੇਵ ਜੀ ਨੇ ਭਾਈ ਬਲਵੰਡ ਨੂੰ ਕਿਹਾ, 'ਭਾਈ ਜੀ! ਮਲਾਰ ਰਾਗ ਵਿਚ ਆਹ ਸ਼ਬਦ ਸੁਣਾਉ:

ਮਲਾਰ ਮਹਲਾ 3॥
ਇਹੁ ਮਨੁ ਗਿਰਹੀ
ਕਿ ਇਹੁ ਮਨੁ ਉਦਾਸੀ॥
ਕਿ ਇਹੁ ਮਨੁ ਅਵਰਨੁ ਸਦਾ ਅਬਿਨਾਸੀ॥
ਕਿ ਇਹੁ ਮਨੁ ਚੰਚਲੁ
ਕਿ ਇਹੁ ਮਨੁ ਬੈਰਾਗੀ॥
ਇਸੁ ਮਨ ਕਉ ਮਮਤਾ ਕਿਥਹੁ ਲਾਗੀ॥1॥
ਪੰਡਿਤ ਇਸੁ ਮਨ ਕਾ ਕਰਹੁ ਬੀਚਾਰੁ॥
ਅਵਰੁ ਕਿ ਬਹੁਤਾ ਪੜਹਿ
ਉਠਾਵਹਿ ਭਾਰੁ॥1॥ ਰਹਾਉ॥
ਮਾਇਆ ਮਮਤਾ ਕਰਤੈ ਲਾਈ॥
ਏਹੁ ਹੁਕਮੁ ਕਰਿ ਸ੍ਰਿਸਟਿ ਉਪਾਈ॥
ਗੁਰਪਰਸਾਦੀ ਬੂਝਹੁ ਭਾਈ॥
ਸਦਾ ਰਹਹੁ ਹਰਿ ਕੀ ਸਰਣਾਈ॥2॥
ਸੋ ਪੰਡਿਤੁ ਜੋ ਤਿਹਾਂ ਗੁਣਾ ਕੀ ਪੰਡ ਉਤਾਰੈ॥
ਅਨਦਿਨੁ ਏਕੋ ਨਾਮੁ ਵਖਾਣੈ॥
ਸਤਿਗੁਰ ਕੀ ਓਹੁ ਦੀਖਿਆ ਲੇਇ॥
ਸਤਿਗੁਰ ਆਗੈ ਸੀਸੁ ਧਰੇਇ॥
ਸਦਾ ਅਲਗੁ ਰਹੈ ਨਿਰਬਾਣੁ॥
ਸੋ ਪੰਡਿਤੁ ਦਰਗਹ ਪਰਵਾਣੁ॥3॥
ਸਭਨਾਂ ਮਹਿ ਏਕੋ ਏਕੁ ਵਖਾਣੈ॥
ਜਾਂ ਏਕੋ ਵੇਖੈ ਤਾਂ ਏਕੋ ਜਾਣੈ॥
ਜਾ ਕਉ ਬਖਸੇ ਮੇਲੇ ਸੋਇ॥
ਐਥੈ ਓਥੈ ਸਦਾ ਸੁਖੁ ਹੋਇ॥4॥
**ਕਹਤ ਨਾਨਕੁ ਕਵਨ ਬਿਧਿ ਕਰੇ ਕਿਆ ਕੋਇ॥**
ਸੋਈ ਮੁਕਤਿ ਜਾ ਕਉ ਕਿਰਪਾ ਹੋਇ॥
ਅਨਦਿਨੁ ਹਰਿ ਗੁਣ ਗਾਵੈ ਸੋਇ॥
ਸਾਸਤ੍ਰ ਬੇਦ ਕੀ ਫਿਰਿ ਕੂਕ ਨ ਹੋਇ॥
5॥1॥10॥

### ਬੇਣੀ ਜੀ ਸਿੱਖ ਹੋਏ

ਪੰਡਿਤ ਬੇਣੀ ਜੀ ਬੜੇ ਵਿਦਵਾਨ ਸਨ ਹੀ, ਨਾਲ ਓਹ ਚਿੰਤਕ ਸਨ ਅਰ ਇਸ ਸਭ ਕੁਝ ਦੇ ਨਾਲ ਓਹ ਵਡਭਾਗੀ ਸਨ ਜਿਨ੍ਹਾਂ ਉੱਪਰ ਗੁਰੂ ਕੀਆਂ ਮਿਹਰਾਂ ਬਰਸ ਰਹੀਆਂ ਸਨ। ਜਦੋਂ ਬਲਵੰਡ ਜੀ ਨੇ ਅੰਤ ਵਿਚ ਦੁਹਰਾਇਆ ਕਿ ਅਨਦਿਨੁ ਹਰਿ ਗੁਣ ਗਾਵੈ ਸੋਇ॥ ਸਾਸਤ ਬੇਦ ਕੀ ਫਿਰਿ ਕੂਕ ਨ ਹੋਇ॥ ਸੁਣਦਿਆਂ ਸੁਣਦਿਆਂ ਮਾਨੋ ਬੇਣੀ ਜੀ ਦੀ ਸਮਾਧੀ ਲਗ ਗਈ।

ਤਬ ਬੇਣੀ ਮਨ ਆਨੰਦ ਪਾਵਾ।
ਸਤਿਗੁਰ ਸੁਜਸ ਅਨਿਕ ਬਿਧਿ ਗਾਵਾ।..

ਸੁਚੇਤ ਹੋ ਕੇ ਹਜ਼ੂਰ ਦੇ ਚਰਨਾਂ ਵਿਚ ਮੱਥਾ ਟੇਕਦਿਆਂ ਕਿਹਾ,

'ਗੁਰੂ ਜੀ! ਆਪ ਜੀ ਦੇ ਬਚਨ ਸੁਣ ਕੇ ਮੈਂ ਧੰਨ ਹੋ ਗਿਆ ਹਾਂ। ਚੁਹਣੀਆਂ ਤੋਂ ਲੈ ਕੇ ਦੂਰ ਦੁਰਾਡੇ ਕਾਸ਼ੀ ਤੱਕ ਮੈਂ ਵਿਦਵਾਨਾਂ ਨਾਲ ਚਰਚਾ ਕੀਤੀ ਹੈ ਪਰ ਕਿਸੇ ਨੇ ਮੈਨੂੰ ਆਪਣੇ ਮਨ ਅੰਦਰ ਝਾਤ ਪਾਉਣ ਲਈ ਤੁਹਾਡੇ ਵਾਂਗ ਨਹੀਂ ਸੀ ਪ੍ਰੇਰਿਆ। ਹੁਣ ਕਿਰਪਾ ਕਰ ਕੇ ਮੈਨੂੰ ਵੀ ਆਪਣਾ ਸਿੱਖ ਬਣਾ ਲਵੋ ਅਰ ਆਪਣੇ ਦਰ ਦੀ ਸੇਵਾ ਬਖਸ਼ੋ'।

ਨਿਮਾਣਿਆਂ ਦੇ ਮਾਣ ਸਤਿਗੁਰੂ ਜੀ ਨੇ ਬੇਣੀ ਜੀ ਦੇ ਸਿਰ 'ਤੇ ਹੱਥ ਰੱਖਿਆ ਅਰ ਅਸੀਸਾਂ ਬਖ਼ਸ਼ੀਆਂ। ਬੇਣੀ ਜੀ ਨੇ ਕਈ ਊਠਾਂ ਦੇ ਭਾਰ ਸ਼ਾਸਤ੍ਰ ਆਦਿ ਪੁਸਤਕਾਂ ਬਿਆਸ ਦਰਿਆ ਵਿਚ ਪ੍ਰਵਾਹ ਕਰ ਦਿੱਤੇ ਅਰ ਆਪਣੇ ਵਿਦਿਆਰਥੀਆਂ ਸਹਿਤ ਗੁਰੂ ਘਰ ਦੀ ਸੇਵਾ ਵਿਚ ਲੱਗ ਗਏ।

ਉਸ਼ਟ ਭਾਰ ਜਿ ਪੁਸਤਕ ਬ੍ਰਿੰਦ।
ਸਰਿਤਾ ਬਿਖੈ ਬਹਾਇ ਬਿਲੰਦ।
39॥62॥ਰਾਸ 1

ਸਮਾਂ ਆਉਣ 'ਤੇ ਹਜ਼ੂਰ ਨੇ ਬੇਣੀ ਜੀ ਨੂੰ ਮੰਜੀ ਦੇ ਕੇ ਇਨ੍ਹਾਂ ਦੇ ਇਲਾਕੇ ਵਿਚ ਪ੍ਰਚਾਰ ਨਿਯੁਕਤ ਕੀਤਾ।

**ਹੋਰ ਇਤਿਹਾਸਕ ਹਵਾਲੇ:**

ਏਕ ਸਮੇ ਬੇਣੀ ਪੰਡਤ ਗੋਇੰਦਵਾਲ ਸਾਹਿਬ ਆਣ ਪਹੁੰਚਿਆ ਜਿਸ ਕੇ ਸਾਥ ਨਵ ਭਾਰ ਊਠਾ ਕੀ ਚਲਤੀ ਥੀ।..ਆਇ ਕਰ ਹਜੂਰ ਮੋ ਗੁਰੂ ਜੀ ਸੇ ਚਰਚਾ ਲਗਾ ਕਰਨੇ, ਤੁਮਾਰੇ ਪੰਥ ਮੋ ਤੀਰਥ ਬਰਤ ਨਹੀ, ਅਰ ਖਟ ਕਰਮੋ ਕਾ ਸਾਧਨ ਨਹੀ, ਇਨ ਸਿਖੋ ਕੀ ਕਉਨ ਗਤਿ ਹੋਵੈਗੀ।... ਤਿਸ ਕੇ ਪਰਥਾਇ ਸਬਦ ਹੂਆ। ਮਲਾਰ ਮਹਲਾ ।3। ਇਹ ਮਨ ਗਿਰਹੀ ਕਿ ਇਹ ਮਨ ਉਦਾਸੀ। ਕਿ ਇਹ ਮਨ ਅਵਰਨ ਸਦਾ ਅਵਿਨਾਸੀ।... ਤਬ ਇਹ ਬਚਨ ਸੁਣ ਕਰ ਪੰਡਤ ਗਦ ਗਦ ਹੋਇ ਗਇਆ।

ਅਰ ਸਤਿਗੁਰ ਕੇ ਚਰਨਾ
ਪਰ ਗਿਰ ਪਰਿਆ।51।ਮ.ਪ੍ਰ.ਵਾਰਤਕ
ਦੋਹਰਾ। ਗੁਰ ਉਸਤਤ ਬੇਨੀ ਕਰੀ
ਸਭ ਜਾਨਾ ਮਿਥਿਆ ਭਾਇ।
ਨੌ ਭਾਰ ਉਸਟ ਪੁਸਤਕ ਭਰੇ
ਦੀਨੇ ਨਦੀ ਬਹਾਇ।21॥
ਬੇਨੀ ਪੰਡਤ ਕੀ ਕਥਾ ਸੁਨੇ
ਸਿਖ ਮਨ ਲਾਇ।
ਗੁਰ ਮਹਿਮਾ ਹਿਰਦੇ ਧਰੇ
ਬਸੇ ਭਗਤਿ ਉਰ ਆਇ।23॥103॥
ਮ.ਪ੍ਰ.

ਪੰਡਿਤ ਧਿਆਨ ਬਨ੍ਹ ਕੇ ਸੁਣਦਾ ਰਿਹਾ ਸੀ। ਅਜ ਤਕ ਹੰਕਾਰ ਵਿਚ ਵਰਤਿਆ ਸੀ, ਅਜ ਨਿਰਹੰਕਾਰ ਹੋ ਕੇ ਯਥਾਰਥ ਬਚਨ ਸੁਣੇ ਤੇ ਕਲਯਾਨ ਦਾ ਸਹਜ ਤੇ ਸਿੱਧਾ ਰਾਹ ਸਚੇ ਗੁਰੂ ਤੋਂ, ਦਰਗਾਹ ਦੇ ਬਸੀਠ ਤੋਂ ਸੁਣਿਆ, ਨਾ ਕੇਵਲ ਸੁਣਿਆ ਉਸ ਦਾਤੇ ਦੀ ਮਿਹਰ ਤੇ 'ਰਸ-ਛੁਹ' ਪ੍ਰਾਪਤ ਹੋਈ, ਇਕ ਰਸ ਭਰੀ ਝਰਨਾਟ ਛਿੜੀ ਤੇ ਚਰਨੀ ਪੈ ਗਿਆ।31। ਗੁਰੂ ਚਮਤਕਾਰ, ਭਾਈ ਵੀਰ ਸਿੰਘ ਜੀ

## ਸਕਾਟਲੈਂਡ ਦੇ ਏਅਰਸ਼ਾਇਰ ਵਿੱਚ ਲਾਰੀ ਅਤੇ ਮੋਟਰਸਾਈਕਲ ਦੀ ਭਿਆਨਕ ਟੱਕਰ ਵਿੱਚ ਭਾਰਤੀ ਲੜਕੇ ਦੀ ਮੌਤ



ਗਲਾਸਗੋ,(ਹਰਜੀਤ ਸਿੰਘ ਦੁਸਾਂਝ ਪੁਆਦੜਾ) - ਸਕਾਟਲੈਂਡ ਦੇ ਸਾਊਥ ਏਰਸ਼ਾਇਰ ਵਿੱਚ ਮੋਟਰਸਾਈਕਲ ਅਤੇ ਲਾਰੀ ਵਿਚਾਲੇ ਹੋਏ ਭਿਆਨਕ ਸੜਕ ਹਾਦਸੇ ਵਿੱਚ 35 ਸਾਲਾ ਭਾਰਤੀ ਮੋਟਰਸਾਈਕਲ ਸਵਾਰ ਲੜਕੇ ਸ਼ਾਨ ਕੁਮਾਰ ਦੀ ਮੌਕੇ ਤੇ ਹੀ ਮੌਤ ਹੋ ਗਈ। ਇਹ ਹਾਦਸਾ ਸ਼ੁੱਕਰਵਾਰ ਸਵੇਰੇ ਕਰੀਬ 9 ਵਜੇ ਬੀ730 ਸੜਕ ਤੇ ਏ719 ਜੰਕਸ਼ਨ ਨੇੜੇ ਵਾਪਰਿਆ। ਲਾਰੀ ਸ਼ਾਨ ਕੁਮਾਰ ਦੇ ਸਿਰ ਉੱਪਰੋਂ ਲੰਘ ਗਈ ਅਤੇ ਉਹ ਬੁਰੀ ਤਰਾਂ ਕੁਚਲਿਆ ਗਿਆ। ਐਮਰਜੈਂਸੀ ਸੇਵਾਵਾਂ ਵੱਲੋਂ ਮੌਕੇ ਤੇ ਹੀ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਇਸ ਹਾਦਸੇ ਵਿੱਚ ਕਿਸੇ ਹੋਰ ਦੇ ਜ਼ਖ਼ਮੀ ਹੋਣ ਦੀ ਕੋਈ ਸੂਚਨਾ ਨਹੀਂ ਹੈ। ਸ਼ਾਨ ਕੁਮਾਰ ਕੁਮਾਰ ਮੁੰਬਈ ਦਾ ਰਹਿਣ ਵਾਲਾ ਸੀ ਅਤੇ ਬੀਤੇ 17 ਜੂਨ ਨੂੰ ਹੀ ਉਸ ਦਾ ਗਲਾਸਗੋ ਵਿੱਚ ਵਿਆਹ ਹੋਇਆ ਸੀ।ਹਾਦਸੇ ਦੀ ਜਾਂਚ ਕਰ ਰਹੇ ਸਰਜੈਂਟ ਗੋਰਡਨ ਸਟੀਵਰਟ ਨੇ ਕਿਹਾ ਕਿ ਮ੍ਰਿਤਕ ਦੇ ਪਰਿਵਾਰ ਅਤੇ ਦੋਸਤਾਂ ਨਾਲ ਪੁਲਿਸ ਦੀਆਂ ਹਮਦਰਦੀਆਂ ਹਨ। ਉਨ੍ਹਾਂ ਨੇ ਇਸ ਹਾਦਸੇ ਨੂੰ ਦੇਖਣ ਵਾਲੇ ਗਵਾਹਾਂ ਜਾਂ ਡੈਸ਼ਕੈਮ ਫੁਟੇਜ ਰੱਖਣ ਵਾਲੇ ਡਰਾਈਵਰਾਂ ਨੂੰ ਅੱਗੇ ਆ ਕੇ ਪੁਲਿਸ ਦੀ ਮਦਦ ਕਰਨ ਦੀ ਅਪੀਲ ਕੀਤੀ ਹੈ। ਜਾਣਕਾਰੀ ਦੇਣ ਵਾਲੇ ਲੋਕਾਂ ਨੂੰ ਸਕਾਟਲੈਂਡ ਪੁਲਿਸ ਦੇ ਨੰਬਰ 101 ਤੇ ਸੰਪਰਕ ਕਰਕੇ 26 ਜੂਨ 2026 ਦੇ ਰੈਫਰੈਂਸ ਨੰਬਰ 0850 ਦਾ ਹਵਾਲਾ ਦੇਣ ਲਈ ਕਿਹਾ ਗਿਆ ਹੈ।

**ਗੁਰੂ ਨਾਨਕ ਗੁਰਦੁਆਰਾ ਸਾਊਥ ਬ੍ਰਮਿੰਘਮ ਵਿਖੇ**

**ਗ੍ਰਥੀ ਸਿੰਘ ਦੀ ਲੋੜ ਹੈ**

***ਉਮੀਦਵਾਰ ਟੀਅਰ-5 ਦੇ ਮੁਤਾਬਕ ਹੇਠ ਲਿਖੀਆਂ ਸੇਵਾਵਾਂ ਨਿਭਾ ਸਕਦਾ ਹੋਵੇ ਜੀ :-***
ਗੁਰਬਾਣੀ ਪੜਨੀ, ਕੀਰਤਨ ਕਰਨਾ, ਅਰਦਾਸ, ਰੋਜ਼ਾਨਾ ਅਤੇ ਹਫ਼ਤਾਵਾਰੀ ਦੀਵਾਨ, ਵਿਆਹ ਅਤੇ ਕੁੜਮਾਈ, ਅੰਤਿਮ ਸੰਸਕਾਰ ਅਤੇ ਹੋਰ ਧਾਰਮਿਕ ਸੇਵਾਵਾਂ ਆਦਿ । ਤਜ਼ਰਬੇਕਾਰ ਅਤੇ ਯੋਗ ਵਿਅਕਤੀਆਂ ਨੂੰ ਪਹਿਲ ਦਿੱਤੀ ਜਾਵੇਗੀ ।ਇਹ ਯੋਗਤਾ ਰੱਖਣ ਵਾਲੇ ਨੂੰ 37 ਘੰਟੇ/ਹਫਤਾ ਕੰਮ, ਯੂ ਕੇ ਦੇ ਘੱਟੋ-ਘੱਟ ਵੇਜ ਕਾਨੂੰਨ ਮੁਤਾਬਕ ਤਨਖਾਹ ਦਿੱਤੀ ਜਾਵੇਗੀ। ਤੁਹਾਡੇ ਕੋਲ ਯੂ ਕੇ ਵਿੱਚ ਕੰਮ ਕਰਨ ਦੀ ਕਾਨੂੰਨੀ ਇਜ਼ਾਜ਼ਤ ਹੋਣੀ ਜ਼ਰੂਰੀ ਹੈ। ਰਿਹਾਇਸ਼ ਦਾ ਪ੍ਰਬੰਧ ਹੈ ।
**ਉਮੀਦਵਾਰ ਹੋਰ ਜਾਣਕਾਰੀ ਲਈ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਵੀ ਕਰ ਸਕਦਾ ਹੈ।**
**ਅਰਜ਼ੀ ਭੇਜਣ ਦੀ ਆਖਰੀ ਤਰੀਕ 17 ਜੁਲਾਈ 2026**

**VACANCY - at Guru Nanak Gurdwara South Birmingham.**

We need Granthi Singh (Tier 5) to do the following duties. Reading from Guru Granth Sahib Ji, singing Hymns, saying prayers, conducting daily and weekly Diwans, marriages & engagements, funeral and other religious ceremonies. Preference will be given to qualified and experienced person. The post is for 37 hours per week and earnings will be in accordance with UK minimum wage law. You should have no limit for working in UK. Full boarding and lodging facilities are available.

***Please apply or contact management committee.***

**Closing date: 17th July 2026**

**Contact: President Kulwinder Singh: 07817 721091**
**Head Granthi Kirpal Singh : 07480 175308**

**GURU NANAK GURDWARA SOUTH BIRMINGHAM**
***629-631 STRATFORD ROAD, SPARKHILL, BIRMINGHAM, B11 4LS***

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**716. ਸਾਕਤ ਦੀ ਸੰਗਤ ਨਾਲ਼ ਕੀ ਹੁੰਦਾ ਹੈ? ਕੀ ਸਾਕਤ ਦੀ ਸੰਗਤ ਕਰਨੀ ਚਾਹੀਦੀ ਹੈ ?**

ਸਾਕਤ ਮਨੁੱਖ ਇਕ ਵਿਸ਼ੈਲੇ ਰੁੱਖ ਵਾਂਗ ਹੈ, ਉਸ ਨੂੰ ਭਾਵੇਂ ਬਹੁਤਾ ਅੰਮ੍ਰਿਤ ਸਿੰਜੀਏ, ਉਸ ਦੀਆਂ ਟਾਹਣੀਆਂ ਤੇ ਉਸ ਦੇ ਫੁੱਲ ਸਭ ਵਿਸ਼ੈਲੇ ਹੀ ਰਹਿਣਗੇ । ਸਾਕਤ ਮਨੁੱਖ ਅੱਗੇ ਜਿਉਂ ਜਿਉਂ ਨੀਂਵੇ ਹੁੰਦੇ ਹਾਂ, ਤਿਉਂ ਤਿਉਂ ਉਹ ਛੇੜ-ਖਾਨੀਆਂ ਕਰ ਕੇ (ਆਪਣੇ ਅੰਦਰੋਂ) ਕੌੜਾ ਜ਼ਹਰ ਹੀ ਕੱਢਦਾ ਹੈ । "ਸਾਕਤ ਕਉ ਅੰਮ੍ਰਿਤ ਬਹੁ ਸਿੰਚਹੁ ਸਭ ਡਾਲ ਫੂਲ ਬਿਸੁਕਾਰੇ ॥ ਜਿਉ ਜਿਉ ਨਿਵਹਿ ਸਾਕਤ ਨਰ ਸੇਤੀ ਛੇੜਿ ਛੇੜਿ ਕਢੈ ਬਿਖੁ ਖਾਰੇ॥5॥ ਅੰਗ 983" । ਸਾਕਤ ਮਨੁੱਖ ਦੀ ਜੀਵਨ ਡੋਰ (ਮਾਇਆ ਦੇ ਬੰਧਨਾਂ ਦੀਆਂ) ਅਨੇਕਾਂ ਗੁੰਝਲਾਂ ਨਾਲ ਭਰੀ ਰਹਿੰਦੀ ਹੈ ਜਿਸ ਕਰਕੇ ਪਰਮਾਰਥ ਰੂਪੀ ਤਾਣਾ ਤਣਿਆ ਹੀ ਨਹੀਂ ਜਾ ਸਕਦਾ । ਉਹਨਾਂ ਗੁੰਝਲਾਂ ਵਿਚੋਂ ਇੱਕ ਭੀ ਧਾਗਾ ਨਹੀਂ ਨਿੱਕਲਦਾ; ਇਸ ਕਰਕੇ ਸਾਕਤ ਮਨੁੱਖ ਦਾ ਸਾਥ ਨਹੀਂ ਕਰਨਾ ਚਾਹੀਦਾ (ਕਿਉਂਕਿ ਉਹ ਤੁਹਾਡੀ ਜੀਵਨ ਤਾਣੀ ਵੀ ਉਲਝਾ ਕੇ ਰੱਖ ਦੇਵੇਗਾ) । "ਸਾਕਤ ਸੂਤੁ ਬਹੁ ਗੁਰਝੀ ਭਰਿਆ ਕਿਉ ਕਰਿ ਤਾਨੁ ਤਨੀਜੈ ॥ ਤੰਤੁ ਸੂਤੁ ਕਿਛੁ ਨਿਕਸੈ ਨਾਹੀ ਸਾਕਤ ਸੰਗੁ ਨ ਕੀਜੈ ॥6॥ ਅੰਗ 1324" ।

ਕਬੀਰ ਜੀ ਆਪਣੇ ਸਲੋਕਾਂ 'ਚ ਸਾਨੂੰ ਸਾਕਤ ਦੀ ਸੰਗਤ ਨਾ ਕਰਨ ਦੀ ਸਲਾਹ ਦਿੰਦੇ ਹਨ ਅਤੇ ਇਹ ਭੀ ਦੱਸਦੇ ਹਨ ਕਿ ਸਾਕਤ ਦੀ ਸੰਗਤ ਕਿਉਂ ਨਹੀਂ ਕਰਨੀ ਚਾਹੀਦੀ । (ੳ) ਕਬੀਰ ਜੀ ਕੇਲੇ ਤੇ ਬੇਰੀ ਦੀ ਮਿਸਾਲ ਦੇ ਕੇ ਸਾਨੂੰ ਸਮਝਾਉਂਦੇ ਹਨ ਕਿ ਸਾਕਤ ਦੀ ਸੰਗਤ ਨਹੀਂ ਤੱਕਣੀ ਚਾਹੀਦੀ; ਭਾਵ ਨਹੀਂ ਕਰਨੀ ਚਾਹੀਦੀ। ਕੇਲੇ ਦੇ ਨੇੜੇ ਬੇਰੀ ਉੱਗੀ ਹੋਈ ਹੋਵੇ, ਕੇਲੇ ਦੇ ਪੱਤੇ ਹਵਾ ਨਾਲ ਹੁਲਾਰੇ ਲੈਂਦੇ ਹਨ, ਤੇ ਬੇਰੀ ਦੇ ਕੰਡਿਆਂ ਨਾਲ ਚੀਰੇ ਜਾਂਦੇ ਹਨ; ਇਸੇ ਤਰ੍ਹਾਂ ਸਾਕਤ ਪੁਰਸ਼ਾਂ ਦੀ ਸੰਗਤ ਵਿਚ ਭਲੇ ਪੁਰਸ਼ਾਂ ਦਾ ਨੁਕਸਾਨ ਹੀ ਨੁਕਸਾਨ ਹੈ। "ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ ਬੇਰਿ ॥ ਉਹ ਝੂਲੈ ਉਹ ਚੀਰੀਐ ਸਾਕਤ ਸੰਗੁ ਨ ਹੇਰਿ 88॥ ਅੰਗ 1369" । (ਅ) ਹੇ ਕਬੀਰ! ਸਾਧ ਦੀ ਸੰਗਤਿ ਕਰੋ ਜੋ ਕਿ ਤੋੜ ਨਿਭਦੀ ਹੈ; ਭਾਵ ਅੰਤ ਵੇਲੇ ਕੰਮ ਆਉਂਦੀ ਹੈ । ਸਾਕਤ ਦੀ ਸੰਗਤ ਨਹੀਂ ਕਰਨੀ ਚਾਹੀਦੀ, ਜਿਸ ਤੋਂ ਕਿ ਆਤਮਿਕ ਜੀਵਨ ਦਾ ਨਾਸ ਹੁੰਦਾ ਹੈ । "ਕਬੀਰ ਸੰਗਤਿ ਕਰੀਐ ਸਾਧ ਕੀ ਅੰਤਿ ਕਰੈ ਨਿਰਬਾਹੁ ॥ ਸਾਕਤ ਸੰਗੁ ਨ ਕੀਜੀਐ ਜਾ ਤੇ ਹੋਇ ਬਿਨਾਹੁ ॥93॥ ਅੰਗ 1369" । (ੲ) ਹੇ ਕਬੀਰ! ਸਾਧੂ ਦੀ ਸੰਗਤਿ ਵਿਚ ਰਹੋ (ਜਿਸਤੋਂ ਕਿ ਲਾਭ ਹੀ ਲਾਭ ਹੈ) ਭਾਂਵੇ ਕਿ ਜੌਂ ਦੇ ਛਿੱਲੜ ਹੀ ਖਾਣੇ ਪੈਣ । ਜੋ ਹੋਣਾ ਹੈ ਹੋਣ ਦੇ (ਭਾਂਵੇ ਦੁਨਿਆਵੀ ਤੌਰ ਤੇ ਨੁਕਸਾਨ ਹੀ ਹੋਵੇ), ਸਾਕਤ ਦੀ ਸੰਗਤ ਵਿਚ ਨਾ ਜਾਹ। "ਕਬੀਰ ਸਾਧੂ ਕੀ ਸੰਗਤਿ ਰਹਉ ਜਉ ਕੀ ਭੂਸੀ ਖਾਉ ॥ ਹੋਨਹਾਰੁ ਸੋ ਹੋਇ ਹੈ ਸਾਕਤ ਸੰਗਿ ਨ ਜਾਉ ॥99॥ ਅੰਗ 1369" । (ਸ) ਹੇ ਕਬੀਰ! ਸਾਧ ਦੀ ਸੰਗਤਿ ਵਿਚ ਰਿਹਾਂ ਦਿਨੋ ਦਿਨ ਪਰਮਾਤਮਾ ਨਾਲ ਪਿਆਰ ਦੁੱਗਣਾ ਹੁੰਦਾ ਹੈ । ਸਾਕਤ ਮਨੁੱਖ ਇਕ ਤਰ੍ਹਾਂ ਦੀ ਕਾਲੀ ਕੰਬਲੀ ਹੈ ਜੋ ਕਿ ਧੋਤਿਆਂ ਭੀ ਚਿੱਟੀ ਨਹੀਂ ਹੁੰਦੀ (ਸਾਕਤ ਦੀ ਸੰਗਤ ਵਿਚ ਮਿਨ ਦੀ ਪਵਿਤ੍ਰਤਾ ਨਹੀਂ ਮਿਲ ਸਕਦੀ) । "ਕਬੀਰ ਸੰਗਤਿ ਸਾਧ ਕੀ ਦਿਨ ਦਿਨ ਦੂਨਾ ਹੇਤੁ ॥ ਸਾਕਤ ਕਾਰੀ ਕਾਂਬਰੀ ਧੋਏ ਹੋਇ ਨ ਸੇਤੁ ॥100॥ ਅੰਗ 1369" । ਅਤੇ (ਹ) ਕਬੀਰ ਜੀ ਆਪਣੇ ਆਪ ਨੂੰ ਸੰਬੋਧਨ ਕਰਕੇ ਸਾਨੂੰ ਨੇਕ ਸਲਾਹ ਦਿੰਦੇ ਹਨ ਕਿ ਹੇ ਕਬੀਰ! ਸਾਕਤ (ਰੱਬ ਨਾਲੋਂ ਟੁੱਟੇ ਹੋਏ ਬੰਦੇ) ਦੀ ਸੰਗਤ ਨਹੀਂ ਕਰਨੀ ਚਾਹੀਦੀ, ਉਸ ਤੋਂ ਦੂਰ ਭੱਜ ਜਾਣਾ ਚਾਹੀਦਾ ਹੈ । ਕਿਉਂਕਿ ਜੇ ਕਿਸੇ ਕਾਲੇ ਭਾਂਡੇ ਨੂੰ ਛੋਹੀਏ, ਤਾਂ ਥੋੜਾ-ਬਹੁਤ ਦਾਗ਼ ਲੱਗ ਹੀ ਜਾਂਦਾ ਹੈ । "ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ ॥ ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ ॥131॥ ਅੰਗ 1371" ।

ਸਤਿਗੁਰੂ ਨਾਨਕ ਦੇਵ ਜੀ ਕਾਂ ਤੇ ਹੰਸ ਦੀ ਸੰਗਤ (ਜਿਹਨਾਂ ਦਾ ਕੋਈ ਮੇਲ ਨਹੀਂ ਹੈ) ਦੀ ਮਿਸਾਲ ਦੇ ਕੇ ਸਾਨੂੰ ਸਾਕਤ ਦੀ ਸੰਗਤ ਨਾ ਕਰਨ ਦਾ ਉਪਦੇਸ਼ ਦਿੰਦੇ ਹਨ । ਕੱਲਰ ਦੀ ਛਪੜੀ ਵਿਚ ਕਾਂ ਮਲ ਮਲ ਕੇ ਨਹਾਉਂਦਾ ਹੈ। ਉਸ ਅਵਗੁਣੀ ਦਾ ਤਨ ਤੇ ਮਨ ਮੈਲ਼ਾ ਹੁੰਦਾ ਹੈ ਤੇ ਦੁਰਗੰਧ ਨਾਲ ਉਸਦੀ ਚੁੰਜ ਭਰੀ ਰਹਿੰਦੀ ਹੈ । (ਮਾਨ) ਸਰੋਵਰ ਵਿਚ ਰਹਿਣ ਵਾਲ਼ੇ ਹੰਸ ਨੇ ਭੈੜੇ ਪੰਛੀ ਕਾਂ ਦੀ (ਕੁ)ਸੰਗਤ ਨੂੰ ਨਹੀਂ ਸਮਝਿਆ । ਹੇ ਗਿਆਨੀ ਪੁਰਸ਼ ਪਿਆਰ ਨਾਲ਼ ਸਮਝ ਕਿ ਸਾਕਤ ਤੇ ਭਲੇ ਪੁਰਸ਼ ਦੀ ਸੰਗਤ ਇਸ ਤਰ੍ਹਾਂ ਹੈ ਜਿਸ ਤਰ੍ਹਾਂ ਕਿ ਕਾਂ ਤੇ ਹੰਸ ਦੀ; ਭਾਵ ਭਲੇ ਪੁਰਸ਼ਾਂ ਨੂੰ ਸਾਕਤਾਂ ਦੀ ਸੰਗਤ ਨਹੀਂ ਕਰਨੀ ਚਾਹੀਦੀ । "ਕਲਰ ਕੇਰੀ ਛਪੜੀ ਕਊਆ ਮਲਿ ਮਲਿ ਨਾਇ ॥ ਮਨੁ ਤਨੁ ਮੈਲਾ ਅਵਗੁਣੀ ਚਿੰਜੁ ਭਰੀ ਗੰਧੀ ਆਇ ॥ ਸਰਵਰੁ ਹੰਸਿ ਨ ਜਾਣਿਆ ਕਾਗ ਕੁਪੰਖੀ ਸੰਗਿ ॥ ਸਾਕਤ ਸਿਉ ਐਸੀ ਪ੍ਰੀਤਿ ਹੈ ਬੂਝਹੁ ਗਿਆਨੀ ਰੰਗਿ ॥ ਅੰਗ 1411"।

**717. ਕੀ ਪ੍ਰਭੂ ਦੇ ਦਾਸ ਤੇ ਸਾਕਤ ਦਾ ਸਾਥ ਹੁੰਦਾ ਹੈ?**

ਜੀ ਨਹੀਂ! ਪ੍ਰਭੂ ਦੇ ਦਾਸ (ਭਗਤ) ਨਾਲ ਸਾਕਤ ਮਨੁੱਖ ਦਾ ਸਾਥ ਨਹੀਂ ਹੁੰਦਾ, ਕਿਉਂਕਿ ਸਾਕਤ ਵਿਸ਼ਈ ਹੁੰਦਾ ਹੈ ਤੇ ਭਗਤ ਨੂੰ ਪ੍ਰਭੂ ਨਾਲ ਪ੍ਰੇਮ ਹੁੰਦਾ ਹੈ ।1।ਰਹਾਉ। "ਹਰਿ ਕੇ ਦਾਸ ਸਿਉ ਸਾਕਤ ਨਹੀ ਸੰਗੁ ॥ ਓਹੁ ਬਿਖਈ ਓਸੁ ਰਾਮ ਕੋ ਰੰਗੁ ॥1॥ ਰਹਾਉ ॥ ਅੰਗ 198" ।

**718. ਕੀ ਸਾਕਤ ਨੂੰ ਪ੍ਰਭੂ ਦੇ ਗੁਣ ਸੁਣਾਉਣੇ ਚਾਹੀਦੇ ਹਨ ਜਾਂ ਗੁਰਮਤਿ ਦਾ ਉਪਦੇਸ਼ ਦੇਣਾ ਚਾਹੀਦਾ ਹੈ?**

ਕਬੀਰ ਜੀ ਕਹਿੰਦੇ ਨਹੀਂ! ਜਿਸ ਤਰ੍ਹਾਂ ਕੁੱਤੇ ਨੂੰ ਸਿੰਮ੍ਰਿਤੀਆਂ ਸੁਣਾਉਣ ਦਾ ਕੋਈ ਲਾਭ ਨਹੀਂ ਹੁੰਦਾ, ਉਸੇ ਤਰ੍ਹਾਂ ਸਾਕਤ ਦੇ ਕੋਲ ਪਰਮਾਤਮਾ ਦੇ ਗੁਣ ਗਾਉਣ ਨਾਲ਼ ਸਾਕਤ ਉੱਤੇ ਅਸਰ ਨਹੀਂ ਹੁੰਦਾ । ਸਦਾ ਪਰਮਾਤਮਾ ਦਾ ਸਿਮਰਨ ਕਰਨਾ ਚਾਹੀਦਾ ਹੈ, ਕਦੇ ਭੀ ਕਿਸੇ ਸਾਕਤ ਨੂੰ ਸਿਮਰਨ ਕਰਨ ਦੀ ਸਿੱਖਿਆ ਨਹੀਂ ਦੇਣੀ ਚਾਹੀਦੀ।1।ਰਹਾਉ। "ਕਹਾ ਸੁਆਨ ਕਉ ਸਿਮ੍ਰਿਤਿ ਸੁਨਾਏ ॥ ਕਹਾ ਸਾਕਤ ਪਹਿ ਹਰਿ ਗੁਨ ਗਾਏ ॥1॥ ਰਾਮ ਰਾਮ ਰਾਮ ਰਮੇ ਰਮਿ ਰਹੀਐ ॥ ਸਾਕਤ ਸਿਉ ਭੂਲਿ ਨਹੀ ਕਹੀਐ ॥1॥ ਰਹਾਉ ॥ ਅੰਗ 481" ।

**719. ਕੀ ਸਾਕਤ ਦੇ ਘਰ ਦਾ ਖਾਣਾ ਖਾਣਾ ਚਾਹੀਦਾ ਹੈ?**

ਜੀ ਨਹੀਂ! ਸੰਤਾਂ ਦੇ ਘਰ ਦੀ ਰੁੱਖੀ ਰੋਟੀ (ਦੁਨੀਆਂ ਦੇ) ਸਾਰੇ ਖ਼ਜ਼ਾਨਿਆਂ ਤੁੱਲ ਹੈ । ਅਤੇ ਸਾਕਤ ਮਨੁੱਖ ਦੇ ਘਰ ਵਿਚ 36 ਪ੍ਰਕਾਰ ਦੇ ਭੋਜਨ ਵੀ ਜ਼ਹਿਰ ਦੇ ਬਰਾਬਰ ਹਨ । "ਸੰਤਨ ਕਾ ਦਾਨਾ ਰੂਖਾ ਸੋ ਸਰਬ ਨਿਧਾਨ ॥ ਗ੍ਰਿਹਿ ਸਾਕਤ ਛਤੀਹ ਪ੍ਰਕਾਰ ਤੇ ਬਿਖੂ ਸਮਾਨ ॥2॥ ਅੰਗ 811" ।

**720. ਕੀ ਸਾਕਤ ਮਨੁੱਖ ਦੇ ਦਿੱਤੇ ਕੱਪੜੇ ਪਹਿਨਣੇ ਚਾਹੀਦੇ ਹਨ?**

ਜੀ ਨਹੀਂ! ਭਗਤਾਂ ਪਾਸੋਂ ਜੇ ਪਾਟਾ ਹੋਇਆ ਭੂਰਾ ਭੀ ਮਿਲ ਜਾਏ, ਤਾਂ ਉਸ ਨੂੰ ਪਹਿਨ ਕੇ ਬੰਦਾ ਨੰਗਾ ਨਹੀਂ ਹੁੰਦਾ; ਭਾਵ ਪਾਪ ਕੱਜੇ ਰਹਿੰਦੇ ਹਨ । ਇਸਦੇ ਉੱਲਟ ਸਾਕਤ ਮਨੁੱਖ ਪਾਸੋਂ ਜੇ ਰੇਸ਼ਮੀ ਸਿਰੋਪਾ (ਭੀ) ਮਿਲੇ, ਤਾਂ ਉਹ ਪਹਿਨਿਆਂ ਇੱਜ਼ਤ ਗਵਾ ਲਈਦੀ ਹੈ। "ਭਗਤ ਜਨਾ ਕਾ ਲੂਗਰਾ ਓਢਿ ਨਗਨ ਨ ਹੋਈ ॥ ਸਾਕਤ ਸਿਰਪਾਉ ਰੇਸਮੀ ਪਹਿਰਤ ਪਤਿ ਖੋਈ ॥3॥ ਅੰਗ 811" ।

ਚਲਦਾ...

ਪੰਜਾਬ ਟਾਈਮਜ਼

PANJAB TIMES (EST 1965)

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

FOR SUBSCRIPTION
(PLEASE TICK ONE RELEVANT BOX)

6 MONTHS ---- £105 ☐
1 YEAR ---- £205 ☐

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ । ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ ।

NAME.......................................................................
ADDRESS..................................................................
..........................................POST CODE..........................
TEL...........................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85


*Post with payments to:* ***SUBSCRIPTION***

PANJAB TIMES BRIDLE GATE LANE, ALVASTON, DERBY, DE24 0QW, U.K.

or call on / WHATSAPP NO : 07966 388 388

*www.panjabtimes.uk Email: Panjabtimes@aol.com*

## ਮੁਸ਼ਕਲਾਂ ਸਾਨੂੰ ਤੋੜਦੀਆਂ ਨਹੀਂ, ਸਗੋਂ ਸਾਨੂੰ ਹੋਰ ਮਜ਼ਬੂਤ ਅਤੇ ਇੱਕਜੁੱਟ ਕਰਦੀਆਂ ਹਨ – ਰਵੀ ਸਿੰਘ



ਗਲਾਸਗੋ-(ਹਰਜੀਤ ਸਿੰਘ ਦੁਸਾਂਝ ਪੁਆਦੜਾ) – ਗੁਰਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਅਲਬਰਟ ਡਰਾਈਵ ਗਲਾਸਗੋ ਵਿਖੇ ਪ੍ਰਸਿੱਧ ਸਮਾਜ ਸੇਵੀ ਅਤੇ ਖਾਲਸਾ ਏਡ ਦੇ ਸੰਸਥਾਪਕ ਰਵੀ ਸਿੰਘ ਨੇ ਸੰਗਤ ਨੂੰ ਇੱਕ ਮਹੱਤਵਪੂਰਨ ਸੰਦੇਸ਼ ਦਿੱਤਾ। ਉਨ੍ਹਾਂ ਨੇ ਮੁਸ਼ਕਲ ਸਮਿਆਂ ਵਿੱਚ ਇਕੱਠੇ ਰਹਿਣ, ਆਪਸੀ ਪਿਆਰ, ਏਕਤਾ ਅਤੇ ਹੌਂਸਲੇ ਦੀ ਮਹੱਤਤਾ ਉੱਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਮੁਸ਼ਕਲਾਂ ਸਾਨੂੰ ਤੋੜਦੀਆਂ ਨਹੀਂ, ਸਗੋਂ ਸਾਨੂੰ ਹੋਰ ਮਜ਼ਬੂਤ ਅਤੇ ਇੱਕਜੁੱਟ ਕਰਦੀਆਂ ਹਨ। ਉਨ੍ਹਾਂ ਨੇ ਇੰਗਲੈਂਡ ਦੇ ਸਾਉਥੈਮਪਟਨ ਵਿੱਚ ਸਿੱਖ ਲੜਕੇ ਵਿਕਰਮ ਡਿਗਵਾ ਹੱਥੋਂ ਮਾਰੇ ਗਏ ਨੋਵਾਕ ਹੈਨਰੀ ਪ੍ਰਤੀ ਵੀ ਦੁੱਖ ਪ੍ਰਗਟ ਕੀਤਾ ਅਤੇ ਕਿਹਾ ਕਿ ਅਜਿਹਾ ਨਹੀਂ ਸੀ ਹੋਣਾ ਚਾਹੀਦਾ। ਉਨ੍ਹਾਂ ਕਿਹਾ ਕਿ ਅਜਿਹੇ ਮਾਮਲਿਆਂ ਵਿੱਚ ਸਿੱਖਾਂ ਨੂੰ ਸੰਜਮ ਵਰਤਣ ਚਾਹੀਦਾ ਹੈ। ਰਵੀ ਸਿੰਘ ਜੀ ਨੇ ਕਿਹਾ ਕਿ ਔਖੇ ਸਮੇਂ ਸਾਨੂੰ ਕਮਜ਼ੋਰ ਨਹੀਂ ਕਰਦੇ, ਸਗੋਂ ਇੱਕ-ਦੂਜੇ ਦੇ ਹੋਰ ਨੇੜੇ ਲਿਆਉਂਦੇ ਹਨ। ਉਨ੍ਹਾਂ ਦੇ ਪ੍ਰੇਰਣਾਦਾਇਕ ਵਿਚਾਰਾਂ ਨੇ ਸੰਗਤ ਨੂੰ ਮਨੁੱਖਤਾ ਦੀ ਸੇਵਾ ਅਤੇ ਸਮਾਜ ਲਈ ਨਿਸ਼ਕਾਮ ਯੋਗਦਾਨ ਦੇਣ ਲਈ ਉਤਸ਼ਾਹਿਤ ਕੀਤਾ। ਖਾਲਸਾ ਏਡ ਵੱਲੋਂ ਦੁਨੀਆ ਭਰ ਵਿੱਚ ਲੋੜਵੰਦਾਂ ਦੀ ਬਿਨਾਂ ਕਿਸੇ ਭੇਦਭਾਵ ਦੇ ਕੀਤੀ ਜਾ ਰਹੀ ਸੇਵਾ ਅੱਜ ਵੀ ਲੱਖਾਂ ਲੋਕਾਂ ਲਈ ਪ੍ਰੇਰਣਾ ਦਾ ਸਰੋਤ ਹੈ। ਕੁਦਰਤੀ ਆਫ਼ਤਾਂ, ਜੰਗਾਂ ਅਤੇ ਹੋਰ ਸੰਕਟਾਂ ਦੌਰਾਨ ਸੰਸਥਾ ਨੇ ਹਮੇਸ਼ਾ ਮਨੁੱਖਤਾ ਦੀ ਸੇਵਾ ਨੂੰ ਪਹਿਲ ਦਿੱਤੀ ਹੈ।

# PANJAB TIMES FEATURE: Tweets of the Week

## X Twitter:@SanghaDr. Principal Dr. Sujinder Singh Sangha OBE FRSA

– ਲੇਖਕ –
ਪਿੰ. ਡਾ. ਸੁਜਿੰਦਰ ਸਿੰਘ ਸੰਘਾ ੳ.ਬੀ.ਈ



15ਵੀਂ ਸਦੀ ਤੋਂ ਹੁਣ 21ਵੀਂ ਸਦੀ ਤਕ, ਦਿੱਲੀ ਤੋਂ ਮੁਗਲ, ਪੱਛਮੀਂ ਸਾਮਰਾਜ, ਕਾਂਗਰਸ ਤੇ ਹੁਣ ਇਹ ਨਵੇਂ 'ਧਾੜਵੀ' ਆਮ ਆਦਮੀ ਪਾਰਟੀ ਦੇ ਹਾਕਮ, ਸ੍ਰੀ ਅਕਾਲ ਤਖਤ ਸਾਹਿਬ ਅਮ੍ਰਿਤਸਰ ਦੀ ਮੀਰੀ-ਪੀਰੀ, ਸਿਧਾਂਤਕ, ਇਖਲਾਕੀ ਅਤੇ ਨੈਤਿਕਤਾ ਅਧਾਰਤ ਸਿੱਖ ਪੰਥਕ ਮਰਿਆਦਾ ਦੀ ਸਰਬਉਚਮਤਾਈ ਉਪਰ ਹਮਲੇ ਕਰਦੇ ਹਨ। ਦੇਸ਼-ਵਿਦੇਸ਼ਾਂ 'ਚ ਸਿਖ ਕੌਮ, ਕੌਮਾਂਤਰੀ-ਪੰਜਾਬ ਅਤੇ ਪੰਜਾਬੀ, ਅਜੋਕੇ ਤਾਜੇ ਹਮਲੇ ਵੀ ਹਰਾ ਰਹੇ ਹਨ ਅਤੇ ਪਛਾੜ ਰਹੇ ਹਨ।

.................................

ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬਾਨ ਵਲੋਂ, ਦੀਰਘ ਸੰਵਾਦ ਉਪਰੰਤ ਹੁੰਦੇ ਸਮੂਹਿਕ ਹੁਕਮਨਾਮੇ, ਪੂਰੀ ਤਰਾਂ ਲਾਗੂ ਕਰਵਾਉਂਣ ਦਾ ਫਰਜ ਅਤੇ ਜਿੰਮੇਵਾਰੀ ਸ਼੍ਰੋ.ਗੁ.ਪ੍ਰ.ਕ ਅਮ੍ਰਿਤਸਰ ਸਾਹਿਬ ਦੀ ਹੈ। ਸ਼੍ਰੋਮਣੀ ਅਕਾਲੀ ਦਲ - ਸਮੂਹਕ ਹੀ - ਜਥੇਬੰਦਕ ਅਤੇ ਅਗਵਾਈ ਪਖੌਂ; ਆਪਣੇਂ-ਆਪ 'ਚ ਵੀ ਅਤੇ ਸਮਾਜਿਕ ਪ੍ਰਸੰਗ ਵਿੱਚ ਵੀ, ਪੰਥਕ ਮੁਹਿੰਮ ਰਹੀਂ ਸਹਿਯੋਗ ਦੇ ਰਿਹੈ, ਇਹ ਇਤਿਹਾਸਕ ਕਰਮ ਹੈ।




.................................

ਹਰ ਰਾਜਨੀਤਕ ਸਿੱਖ, ਫਖਰ ਅਤੇ ਸਮਝ ਨਾਲ ਸਮਕਾਲੀਨ ਘਸਮਾਂਣ ਵਾਲੇ ਸਮਿਆਂ ਦੁਰਾਂਨ ਵੀ, ਕਾਨੂੰਨ ਅਤੇ ਇਨਸਾਫ ਪ੍ਰਣਾਲੀ ਤੋਂ ਵੀ ਵਧ ਕੇ, ਪੰਥਕ ਮਰਿਆਦਾ ਅਨੁਸਾਰ ਨੈਤਿਕਤਾ, ਇਖਲਾਕ ਅਤੇ ਵਿਰਾਸਤੀ ਪ੍ਰੰਪਰਾਵਾਂ ਨੂੰ ਸਮਰਪਿਤ ਹੋ ਰਿਹੇ। ਧਾਰਮਿਕਤਾ, ਰੂਹਾਨੀਅਤ, ਨੈਤਿਕਤਾ, ਇਖਲਾਕ ਅਤੇ ਸਦਚਾਰਕ ਵਰਤਾਰਇਆਂ ਪੱਖੋਂ, ਸ਼੍ਰੀ ਅਕਾਲ ਤਖਤ ਸਾਹਿਬ ਦੀ ਸਰਬ-ਉਚ ਹਸਤੀ ਨੂੰ ਹਰ ਸੰਦਰਭ ਵਿੱਚ ਬਣਾਈ ਰੱਖਣਾਂ ਮਰਿਆਦਾ ਦੀ ਸਦੀਵੀ ਨਿਰੰਤਰਤਾ ਲਈ ਅਤਿਅੰਤ ਜਰੂਰੀ ਹੈ।

............................

ਵਿਚਾਰਧਾਰਕ ਰਾਜਨੀਤੀ ਦਾ ਅੰਤ ਤਾਂ ਨਹੀਂ ਹੋਇਆ ਪਰ ਠੀਕ ਹੈ ਕਿ 'ਮਾਨ' ਤੋਂ 'ਟਰੰਪ' ਤਕ ਤਿਕੜਮਵਾਜੀ ਵਾਲੀ ਸਿਆਸਤ ਭਾਰੂ ਹੈ - ਇਹ ਲੋਕਾਂ ਲਈ ਮਾਰੂ ਸਾਬਤ ਹੋ ਰਹੀ ਹੈ। ਮਾਨਵਤਾ ਹਿਤ ਸਮਾਜ ਉਸਾਰੂ ਸਿਆਸਤ ਰਾਜਨੀਤਕ ਵਿਵਾਦ-ਸੰਵਾਦ ਤੇ ਹੀ ਅਧਾਰਤ ਹੀ ਹੋ ਸਕਦੀ ਹੈ।

..............................

ਪੰਜਾਬ ਤੇ ਦੇਸ਼ ਵਿਆਪਕ ਤਬਦੀਲੀਆਂ ਗੁਰੂ ਸਾਹਿਬਾਨਾਂ ਅਤੇ ਮਹਾਂ-ਆਤਮਾਵਾਂ ਦੇ ਗੁਰੂ ਗ੍ਰੰਥ ਵਿੱਚ ਜਾਗਤ-ਜੋਤ ਸੰਦੇਸ਼ੇ ਬਣਦੇ ਰਹੇ ਹਨ। ਇਹਨਾਂ ਵਿਚਾਰਧਾਰਕ ਤਬਦੀਲੀਆਂ ਦਾ ਪ੍ਰਮੁੱਖ ਅਧਾਰ ਸ਼ੁੱਭ ਨੈਤਿਕਤਾ, ਇਖਲਾਕੀ ਕਦਰਾਂ-ਕੀਮਤਾਂ ਅਤੇ ਰੂਹਾਨੀਅਤਾ ਰਹੀ ਹੈ। ਤਿਕੜਮਵਾਜੀ ਤੇ ਕਲਾਬਾਜੀਆਂ ਵਾਲੀ ਚਲੰਤ




ਸਿਆਸਤ, ਸਤਾਹ ਅਤੇ ਸਵਾਰਥਾਂ ਤਕ ਸੀਮਤ ਹੈ। ਇਹ ਕੀ ਸੰਵਾਰ ਰਹੀ ਹੈ? ਮੁੜ, ਅਗਾਂਹ ਵਧਣ ਲਈ 'ਪੰਜਾਬ ਵਸਦਾ ਗੁਰਾਂ ਦੇ ਨਾਂ' ਵਲ ਤੁਰਨਾਂ ਪਵੇਗਾ।

Punjabis and Sikhs in Punjab - India, and across the transnational world, expect the elected state leadership to uphold the basic Sikh - Punjabi heritage values of morality and ethics but unfortunately, the AAP led Bhagwant Mann's Punjab government has been failing in it.

.................................

Punjab CM Bhagwant Mann and his Punjab government should consult an instructive and applicable recent Hukamnama from Sri Harmandir Sahib Amritsar for guidance. The people of this land desrve leadership, which believes in and practice the moral, ethical and spiritual values of our great Gurus, Pirs and Saints. The SAD demand for a CBI probe into the videos affair and the controversy surrounding it; can close the matter.

..............................

What are the credible media and social media positions on the declining morality and ethics of so many Punjab politicians - do they really believe their viewers, lisenfers and readers are...? In any credible institution, such functionaries as Bhagwant Mann are suspended until a credible investigaton is completed for a just action.

..........................................

Former CM passed S. ParkashSinghBadal 's comment of early 2010s on the press, can be a strategic way forward for Shiromani Akali Dal, Sukhbir Singh Badal and their competitor Akalis and leaders . The issue is how they can contribute to strengthening the Sikh heritage values of truth, morality and ethics in Punjab in the best interests of Punjabis.

.................................

People and voters of Punjab in India would have to wake up, take responsibility and recognise the fact that Punjabi culture and Sikh heritage values and the core heritage institutions have been constantly undermined and are under attacks especially the SGPC, Sri Akal Takht Sahib and the Akali movement.

..................................

An objective and dispassionate review of much of the media and socialmedia in Punjab India including some YouTube outlets ie news' narratives' analyses' appear disingenuous, reasons could be financial inticements/sponsorships/protection from wrong doings/propaganda/favours etc.

...........................

AAP led Bhagwant Mann Punjab government has little credibility left...One of the most credible press conferences of Punjab Congress was addressed by MP Charanjit Singh Channi and their senior leadership on the current crisis.

The INC India should also hold a similar national conference to rectify their own past history in relation to Sikhs and Sri Akal Takhat Sahib Amritsar which could open a way forward for developing a strategic Punjab Alliance to address the real issues that Punjab and Punjabis are facing.

...........................

On the video issue involving Punjab CM Bhagwant Mann, Punjab Congress chief Amarinder Singh Ra-Warring said "when we said that you got entrapped in religious matter - we didn't say that... you got a certificate from a false lab, now it has been proved, the lab doesn't exist, who asked you to do that, you got caught in concealing a lie. Now the matter is in front of everyone."

................................

Keir Starmer: having rebuilt a successful UK Labour party, resetting the Labour in government has made a clean and graceful departure. He has set a purposeful aim for his successor leadership to build on the achievements so far; inorder to win the next General Election in 2029.


..........................................

Delhi, Mumbai, Bengaluru and Rajkot airports are to be designated as International Transit centres to challenge Gulf Rivals. The government should also add Amritsar, as there is a huge potential for attracting transit services and passengers in the future.

...............................

Imagine the UK as a University, College or a School if, a Governing Body removes/replaces a Vice Chancellor, Principal or a Head every two years; students, staff stakeholders, funding and quality bodies will mark the institution down and introduce special measures!

.............................



Not with standing party political circumstances and party leadership aspirations, a democratically mandated prime minister or president should be enabled to complete his/her term - Keir Starmerwas was given overwhelming mandate to lead the country for five years!

................................



One of the big challenges for India is to move up the world ranking in HealthCare. On agricultural development, a meeting in Ludhiana could prove significant only if Dr S S Johal's advice is incorporated into a future Punjab agriculture policy and strategy. It was the Punjab agro crisis solutions on mind that Nitin Nabin seems to have met Dr. SS Johal in Ludhiana recently.

..................................

Can future UK Labour leadership continue to build its strategic strength for improvements and reconnect with people and voters across Britain; instead of indulging in internal politics? The PM Keir Starmer MP has left under pressure from Labour MPs and ministers. The potential new PM Andy Burnham seems promising but will have big policy, strategy and resourcing challenges.

# ਬੰਦੂਕ ਤੋਂ ਕਲਮ ਤੱਕ

**ਲੜੀਵਾਰ ਨਾਵਲ**

ਲੇਖਕ
ਗੁਰਨਾਮ ਬਾਵਾ
ਮ +91 83073 6430



ਲੜੀ ਜੋੜਨ ਲਈ ਪਿਛਲਾ ਅੰਕ ਦੇਖੋ
**ਕਿਸ਼ਤ-14**

**ਸੋਨੂੰ ਨੇ ਪਤਾ ਨਹੀਂ ਕਿਸ ਗੱਲੋਂ ਮੇਹਸ਼ੀ ਨਾਲ ਇਸ ਬਾਰੇ ਗੱਲ ਨਾ ਕੀਤੀ । ਪਰ ਹੁਣ ਦੋ ਸਾਲ ਹੋ ਗਏ ਸਨ, ਸੋਨੂੰ ਨੂੰ ਐਥੇ ਰਹਿੰਦਿਆਂ । ਉਹ ਟਰਾਂਸਪੋਰਟ ਏਰੀਏ ਤੋਂ ਬਾਹਰ ਬਹੁਤ ਘੱਟ ਜਾਂਦਾ ਸੀ । ਜਾਂਦਾ ਵੀ ਤਾਂ ਨਾਲ ਲੱਗਦੇ ਇਕ ਛੋਟੇ ਜਿਹੇ ਬਾਜ਼ਾਰ ਵਿੱਚ ਜ਼ਰੂਰਤ ਦਾ ਸਮਾਨ ਲੈਣ ਜਾਂਦਾ ਸੀ। ਸੋਨੂੰ ਨੂੰ ਜੋ ਤਨਖ਼ਾਹ ਮਿਲਦੀ ਸੀ, ਉਸ ਵਿੱਚੋਂ ਜ਼ਿਆਦਾ ਬੱਚ ਜਾਂਦੀ ਸੀ । ਕਈ ਵਾਰ ਸੋਨੂੰ ਨੂੰ ਇਹ ਪੈਸੇ ਕਿਸੇ ਕੰਮ ਦੇ ਨਾ ਲੱਗਦੇ ਪਰ ਫਿਰ ਵੀ ਉਸ ਨੇ ਕੱਪੜੇ ਰੱਖਣ ਵਾਲੀ ਇਕ ਅਲਮਾਰੀ ਖਰੀਦ ਲਈ ਸੀ । ਉਸ ਵਿੱਚ ਪੈਸੇ ਰੱਖ, ਤਾਲਾ ਲਗਾ ਕੇ ਰੱਖਦਾ । ਕਈ ਵਾਰ ਲੋੜਵੰਦ ਡਰਾਈਵਰ ਜਾਂ ਕਲੀਨਰ ਜੋ ਐਥੇ ਹੀ ਕੰਮ ਕਰਦੇ ਸਨ। ਉਹ ਪੰਜਾਬ ਛੁੱਟੀ ਜਾਣ ਲੱਗੇ, ਉਸ ਤੋਂ ਉਧਾਰੇ ਪੈਸੇ ਮੰਗ ਲੈਂਦੇ ਤਾਂ ਸੋਨੂੰ ਦੇ ਦੇਂਦਾ ਸੀ ।**

## ਭਾਗ 16

ਨਿਰਮਲ ਨੇ ਗੱਡੀ ਇਕ ਪਾਸੇ ਖ਼ਾਲੀ ਥਾਂ ਦੇਖ ਕੇ ਖੜ੍ਹੀ ਕੀਤੀ ਤੇ ਸੋਨੂੰ ਨੂੰ ਕਿਹਾ, ਆਜਾ ਸ਼ੇਰਾ ਆ ਗਈ ਆਪਣੀ ਮੰਜ਼ਿਲ। ਸੋਨੂੰ ਵੀ ਬਾਰੀ ਖੋਲ੍ਹ ਕੇ ਹੇਠਾਂ ਆ, ਉਸ ਦੇ ਪਿੱਛੇ-ਪਿੱਛੇ ਤੁਰ ਪਿਆ। ਨਿਰਮਲ ਨੇ ਟਰਾਂਸਪੋਰਟ ਦਫ਼ਤਰ ਅੰਦਰ ਵੜਦਿਆਂ, ਸਾਹਮਣੇ ਕੁਰਸੀ 'ਤੇ ਬੈਠੇ ਇਕ ਸਾਬਤ ਸੂਰਤ ਸਿੱਖ ਨੌਜਵਾਨ ਨੂੰ ਕਿਹਾ, ਸਤਿ ਸ੍ਰੀ ਅਕਾਲ, ਸਰਦਾਰ ਜੀ। ਅੱਗੋਂ ਉਸ ਨੌਜਵਾਨ ਨੇ ਵੀ ਸਤਿ ਸ੍ਰੀ ਅਕਾਲ ਦਾ ਜਵਾਬ ਦਿੰਦੇ ਹੋਏ ਨਿਰਮਲ ਨੂੰ ਪੁੱਛਿਆ, ਹੋਰ ਨਿਰਮਲ ਸਿਹਾਂ, ਸਫ਼ਰ ਠੀਕ ਰਿਹਾ, ਕੋਈ ਪ੍ਰੇਸ਼ਾਨੀ ਤਾਂ ਨਹੀਂ ਹੋਈ ਰਾਹ ਵਿੱਚ? ਨਿਰਮਲ ਅੱਗੋਂ ਕੋਈ ਜਵਾਬ ਦੇਂਦਾ ਪਰ ਸਰਦਾਰ ਜੀ, ਸੋਨੂੰ ਵੱਲ ਦੇਖ ਕੇ ਬੋਲੇ, ਇਹ ਜਵਾਨ ਕੌਣ ਹੈ? ਨਿਰਮਲ ਨੇ ਦੋਵਾਂ ਦੀ ਜਾਣ-ਪਹਿਚਾਣ ਕਰਾਉਂਦੇ ਕਿਹਾ, ਸਰਦਾਰ ਜੀ ਇਹ ਸੋਨੂੰ ਹੈ, ਜਿਸ ਬਾਰੇ ਸਾਡੇ ਸਰਦਾਰ ਜੀ ਨੇ ਤੁਹਾਨੂੰ ਦੱਸਿਆ ਸੀ। ਫਿਰ ਨਿਰਮਲ ਨੇ ਸੋਨੂੰ ਵੱਲ ਮੂੰਹ ਕਰ ਕੇ ਕਿਹਾ, ਸੋਨੂੰ ਇਹ ਆਪਣੇ ਸਰਦਾਰ ਜੀ ਦੇ, ਜੀਜਾ ਜੀ ਹਨ, ਹੁਣ ਤੂੰ ਇਨ੍ਹਾਂ ਕੋਲ ਹੀ ਰਹਿਣਾ ਹੈ।

ਨਿਰਮਲ ਦੀ ਗੱਲ ਸੁਣ ਕੇ ਸੋਨੂੰ ਨੇ ਵੀ ਦੋਵੇਂ ਹੱਥ ਜੋੜ ਕੇ ਸਰਦਾਰ ਜੀ ਨੂੰ ਸਤਿ ਸ੍ਰੀ ਅਕਾਲ ਬੁਲਾਈ। ਸਰਦਾਰ ਜੀ ਨੇ ਬੜੇ ਪਿਆਰ ਨਾਲ ਕਿਹਾ, ਆਉ ਜੀ, ਜੀ ਆਇਆਂ ਨੂੰ।

ਸਰਦਾਰ ਜੀ ਵੱਲੋਂ ਦੱਬੇ ਘੰਟੀ ਦੇ ਬਟਨ ਨਾਲ, ਵੱਜੀ ਘੰਟੀ ਦੀ ਆਵਾਜ਼ ਸੁਣ ਕੇ, ਇਕ ਬਾਬੂ ਜਿਹਾ ਬੰਦਾ ਅੰਦਰ ਆ ਕੇ ਪੁੱਛਣ ਲੱਗਾ, ਹਾਂਜੀ, ਸਰਦਾਰ ਜੀ।

ਉਸ ਵੱਲ ਦੇਖ ਕੇ ਸਰਦਾਰ ਜੀ ਨੇ ਸੋਨੂੰ ਵੱਲ ਇਸ਼ਾਰਾ ਕਰਦਿਆਂ ਕਿਹਾ, ਚੈਟਰਜੀ, ਜੇਹ ਪੰਜਾਬ ਸੇ ਆਏ ਹੈਂ, ਇਨਕੋ ਉਪਰ ਵਾਲੇ ਕਮਰੇ ਮੇਂ ਠਹਿਰਾ ਦੋ, ਜੇਹ ਅਬ ਹਮਾਰੇ ਪਾਸ ਹੀ ਕਾਮ ਕਰੇਂਗੇ, ਬਾਕੀ ਕੱਲ੍ਹ ਦੇਖੇਂਗੇ ਇਨਕੋ ਕਿਆ ਕਾਮ ਦੇਣਾ ਹੈ।

ਚੈਟਰਜੀ ਨੇ ਕਿਹਾ, ਠੀਕ ਹੈ, ਸਰਦਾਰ ਜੀ।

ਫਿਰ ਸੋਨੂੰ ਵੱਲ ਦੇਖ ਕੇ ਉਸ ਨੂੰ ਕਿਹਾ, ਆ ਜਾਉ, ਆਪਣਾ ਸਮਾਨ ਭੀ ਲੇ ਲੋ, ਮੈਂ ਆਪ ਕੋ ਕਮਰੇ ਮੇਂ ਛੋੜ ਦੇਤਾ ਹੂੰ।

ਸੋਨੂੰ ਬਾਹਰ ਪਏ ਬੈਗ ਨੂੰ ਮੋਢੇ 'ਤੇ ਟੰਗ ਉਸ ਦੇ ਪਿੱਛੇ-ਪਿੱਛੇ ਪੌੜੀਆਂ ਚੜ੍ਹ ਗਿਆ।

ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ !
-ਸੰਪਾਦਕ

ਕਮਰੇ ਵਿੱਚ ਇਕ ਬੈਡ ਪਿਆ ਸੀ। ਸੋਨੂੰ ਨੇ ਉਸ 'ਤੇ ਬੈਗ ਰੱਖ ਦਿੱਤਾ। ਕਮਰੇ ਅੰਦਰ ਹੀ ਇਕ ਬਾਥਰੂਮ ਵੀ ਬਣਿਆ ਹੋਇਆ ਸੀ। ਫ਼ਰਸ਼ ਵੱਲ ਦੇਖਿਆਂ ਲੱਗਦਾ ਸੀ ਕਿ ਝਾੜੂ ਤੇ ਪੋਚਾ ਮਾਰਨ ਦੀ ਲੋੜ ਹੈ ਪਰ ਸੋਨੂੰ ਕੁਝ ਬੋਲਦਾ, ਉਸ ਤੋਂ ਪਹਿਲਾਂ ਹੀ ਚੈਟਰਜੀ ਬੋਲ ਪਿਆ, ਕੱਲ੍ਹ ਸੁਭਾ ਦਫ਼ਤਰ ਸਾਫ ਕਰਨੇ ਵਾਲਾ ਲੜਕਾ ਆਏਗਾ, ਉਸ ਕੋ ਬੋਲ ਕਰ ਆਪਕੇ ਕਮਰੇ ਕੀ ਭੀ ਸਫਾਈ ਕਰਵਾ ਦੂੰਗਾ। ਜਾਂਦੇ-ਜਾਂਦੇ ਚੈਟਰਜੀ ਨੇ ਸੋਨੂੰ ਨੂੰ ਉਸ ਦਾ ਨਾਮ ਪੁੱਛਿਆ ਤਾਂ ਸੋਨੂੰ ਨੇ ਆਪਣਾ ਨਾਮ ਦੱਸਿਆ।

ਸੋਨੂੰ ਹੇਠਾਂ ਆ ਕੇ ਸਾਹਮਣੇ ਬਣੇ ਚਾਹ ਦੇ ਖੋਖੇ 'ਤੇ ਨਿਰਮਲ ਕੋਲ ਆਉਂਦਾ ਬੋਲਿਆ, ਬਾਈ। ਮੇਰੇ ਲਈ ਵੀ ਚਾਹ ਬਣਵਾ ਲੈ।

ਨਿਰਮਲ ਨੇ ਚਾਹ ਵਾਲੇ ਨੂੰ ਇਕ ਕੱਪ ਚਾਹ ਹੋਰ ਦੇਣ ਲਈ ਕਿਹਾ।

ਚਾਹ ਪੀਂਦੇ ਸੋਨੂੰ ਨੇ ਨਿਰਮਲ ਨੂੰ ਪੁੱਛਿਆ, ਤੂੰ ਕਦ ਵਾਪਿਸ ਜਾਣਾ?

ਨਿਰਮਲ ਨੇ ਕਿਹਾ ਦੇਖਦੇ ਆਂ ਕਦ ਗੇੜਾ ਮਿਲਦਾ, ਇਕ ਦੋ ਦਿਨ ਤਾਂ ਲੱਗਦਾ, ਲੱਗ ਹੀ ਜਾਣਗੇ ਤੂੰ ਫ਼ਿਕਰ ਨਾ ਕਰ, ਤੇਰੇ ਕੋਲ ਹੀ ਹਾਂ ਤੇਰੀ ਸਾਰੀ ਸੈਟਿੰਗ ਕਰਵਾ ਕੇ ਜਾਵਾਂਗਾ।

ਸੋਨੂੰ ਨੂੰ ਨਿਰਮਲ ਨੇ ਰਾਤ ਨੂੰ ਪੰਜਾਬੀ ਢਾਬਾ ਦਿਖਾ ਦਿੱਤਾ। ਉਹ ਵੀ ਇਕ ਪੰਜਾਬੀ ਦਾ ਹੀ ਸੀ। ਹੁਣ ਐਥੋਂ ਹੀ ਸੋਨੂੰ ਨੇ ਰੋਟੀ ਖਾਣ ਬਾਰੇ ਸੋਚਿਆ। ਨਾਲ ਲੱਗਦੇ ਢਾਬੇ ਸਾਰੇ ਬੰਗਾਲੀ ਹੀ ਸਨ। ਉਥੇ ਜ਼ਿਆਦਾ ਚੌਲ-ਮੱਛੀ ਹੀ ਬਣਦੇ ਸਨ।

ਨਿਰਮਲ ਦੋ ਦਿਨ ਬਾਅਦ ਕਾਨਪੁਰ ਦਾ ਮਾਲ ਭਰ ਕੇ ਚਲਾ ਗਿਆ। ਸੋਨੂੰ ਨੂੰ ਇਕੱਲੇ ਰਹਿਣਾ ਪੈ ਰਿਹਾ ਸੀ। ਹੌਲੀ-ਹੌਲੀ ਮੁਨੀਮੀ ਦਾ ਕੰਮ ਚੈਟਰਜੀ ਨੇ ਸਿਖਾ ਦਿੱਤਾ ਸੀ। ਚੈਟਰਜੀ ਦੇ ਕਹਿਣ 'ਤੇ ਹੀ ਉਸ ਨੇ ਆਪਣੇ ਕਮਰੇ ਅੰਦਰ ਇਕ ਆਪਣੀ ਛੋਟੀ ਜਿਹੀ ਰਸੋਈ ਵੀ ਬਣਾ ਲਈ। ਸਵੇਰ ਨੂੰ ਆਪਣੀ ਚਾਹ ਆਪ ਬਣਾ ਲੈਂਦਾ ਤੇ ਰਾਤ ਦੀ ਰੋਟੀ ਵੀ ਆਪ ਹੀ ਬਣਾ ਲੈਂਦਾ ਸੀ। ਦੂਜੇ ਪਾਸੇ ਕੁਲਵਿੰਦਰ ਨੇ ਆਪਣੀ ਭੈਣ ਨੂੰ ਸੋਨੂੰ ਬਾਰੇ ਦੱਸ ਦਿੱਤਾ ਸੀ ਇਸ ਲਈ ਜੀਜਾ ਜੀ ਦੇ ਨਾਲ ਕੰਵਲ ਲਈ ਵੀ ਦੁਪਹਿਰ ਦੀ ਰੋਟੀ ਘਰੋਂ ਹੀ ਆ ਜਾਂਦੀ ਸੀ।

ਹੁਣ ਸੋਨੂੰ ਦੀ ਨਾਲ ਲੱਗਦੀ ਟਰਾਂਸਪੋਰਟ ਦੇ ਮਾਲਕ ਦੇ ਮੁੰਡੇ ਮੇਹਸ਼ੀ ਨਾਲ ਵੀ ਯਾਰੀ ਪੈ ਗਈ ਸੀ। ਸੋਨੂੰ ਨੂੰ ਇਕ ਦਿਨ ਬੈਠੇ-ਬੈਠੇ ਨਿਰਮਲ ਦੀ ਬੜੀ ਯਾਦ ਆਈ। ਉਹ ਸੋਚ ਹੀ ਰਿਹਾ ਸੀ ਕਿ ਤਿੰਨ ਮਹੀਨੇ ਹੋ ਗਏ ਬਾਈ ਨੂੰ ਗਿਆਂ, ਮੁੜ ਕੇ ਨਹੀਂ ਆਇਆ, ਆ ਜਾਏ ਤਾਂ ਉਸ ਨੂੰ ਕਹਾਂ ਕਿ ਜੱਸੇ ਦੀ ਮਾਤਾ ਨੂੰ ਕੁਝ ਪੈਸੇ ਦੇ ਆਵੇ। ਉਹ ਅੱਜ ਬੜਾ ਉਦਾਸ ਸੀ। ਸੋਨੂੰ ਨੂੰ ਨੀਂਦ ਨਹੀਂ ਆ ਰਹੀ ਸੀ। ਰਾਤ ਦੇ ਕੋਈ ਬਾਰਾਂ ਕੁ ਵਜੇ ਉਸ ਦਾ ਦਰਵਾਜ਼ਾ ਖੜਕਿਆ ਤਾਂ ਸੋਨੂੰ ਨੇ ਸੋਚਿਆ ਕੋਈ ਡਰਾਈਵਰ ਆਇਆ ਹੋਣਾ ਕਿਉਂਕਿ ਆਮ ਹੀ ਰਾਤ ਨੂੰ ਕਈ ਡਰਾਈਵਰ ਆ ਕੇ ਉਸ ਨੂੰ ਉਠਾ ਲੈਂਦੇ ਸਨ।

ਦਰਵਾਜ਼ਾ ਦੁਬਾਰਾ ਖੜਕਿਆ ਤਾਂ ਸੋਨੂੰ ਖਿਝ ਕੇ ਬੋਲਿਆ, ਖੋਲ੍ਹਦਾ ਆਂ, ਕਿਉਂ ਏਵੇਂ ਦਰਵਾਜ਼ਾ ਤੋੜਨ ਲੱਗਾ ਭਾਈ।

ਜਦ ਸੋਨੂੰ ਨੇ ਦਰਵਾਜ਼ਾ ਖੋਲ੍ਹਿਆ ਤਾਂ ਅੱਗੇ ਨਿਰਮਲ ਖੜ੍ਹਾ ਸੀ। ਸੋਨੂੰ ਨੇ ਭੱਜ ਕੇ ਉਸ ਨੂੰ ਜੱਫੀ ਪਾਈ ਤੇ ਕਿਹਾ, ਅੱਜ ਤਾਂ ਰੱਬ ਤੋਂ ਜੋ ਮੰਗ ਲੈਂਦਾ ਮਿਲ ਜਾਣਾ ਸੀ, ਤੈਨੂੰ ਹੀ ਯਾਦ ਕਰ ਰਿਹਾ ਸੀ।

ਨਿਰਮਲ ਨੇ ਕਿਹਾ, ਤੂੰ ਯਾਦ ਕੀਤਾ ਤੇ ਮੈਂ ਆ ਗਿਆ, ਚੱਲ ਹੁਣ ਅੰਦਰ ਚੱਲ।

ਅੰਦਰ ਆਉਂਦਿਆਂ ਹੀ ਸੋਨੂੰ ਨੇ ਨਿਰਮਲ ਨੂੰ ਪੁੱਛਿਆ, ਚਾਹ ਬਣਾਵਾਂ?

ਚਾਹ ਪੀ ਕੇ ਸੋਨੂੰ ਨੇ ਕੁਲਵਿੰਦਰ ਦਾ ਹਾਲ-ਚਾਲ ਪੁੱਛਿਆ।


ਸਵੇਰੇ ਨਿਰਮਲ ਦੇਰ ਨਾਲ ਉੱਠਿਆ। ਸੋਨੂੰ ਹੇਠਾਂ ਦਫ਼ਤਰ ਜਾ ਚੁੱਕਾ ਸੀ। ਅੱਜ ਸੋਨੂੰ ਨੂੰ ਚਾਅ ਚੜ੍ਹਿਆ ਹੋਇਆ ਸੀ। ਉਹ ਚੈਟਰਜੀ ਨੂੰ ਕਹਿ ਕੇ ਉਪਰ ਚਲਾ ਗਿਆ। ਨਿਰਮਲ ਵੀ ਉਠ ਗਿਆ ਸੀ।

ਸੋਨੂੰ ਨੇ ਉਸ ਨੂੰ ਕਿਹਾ, ਬਾਈ ਤੂੰ ਮੂੰਹ ਹੱਥ ਧੋ ਲੈ, ਮੈਂ ਤੇਰੇ ਲਈ ਚਾਹ ਲੈ ਕੇ ਆਇਆ।

ਚਾਹ ਪੀਂਦੇ ਸੋਨੂੰ ਨੂੰ ਨਿਰਮਲ ਨੇ ਪੁੱਛਿਆ, ਕਿਵੇਂ ਆਂ? ਮਨ ਲੱਗ ਗਿਆ? ਕੋਈ ਦਿੱਕਤ, ਪ੍ਰੇਸ਼ਾਨੀ ਤਾਂ ਨਹੀਂ?

ਸੋਨੂੰ ਨੇ ਉਦਾਸ ਹੁੰਦੇ ਕਿਹਾ, ਮਨ ਤਾਂ ਲੱਗ ਹੀ ਜਾਣਾ, ਬੱਸ ਇਕ ਵੱਡੀ ਦਿੱਕਤ ਹੈ, ਰਾਤ-ਬਰਾਤੇ ਡਰਾਈਵਰ ਆ ਕੇ ਤੰਗ ਕਰਦੇ ਨੇ। ਸੋਚ ਰਿਹਾਂ ਨੇੜੇ-ਤੇੜੇ ਕੋਈ ਕਮਰਾ ਮਿਲ ਜਾਏ, ਰਾਤ ਨੂੰ ਆਰਾਮ ਨਾਲ ਨੀਂਦ ਪੂਰੀ ਹੋ ਜਾਇਆ ਕਰੇਗੀ।

ਨਿਰਮਲ ਨੇ ਪੁੱਛਿਆ, ਤੇਰੀ ਐਥੇ ਕਿਸੇ ਨਾਲ ਦੋਸਤੀ ਨਹੀਂ ਹੋਈ?




ਸੋਨੂੰ ਨੇ ਕਿਹਾ, ਆ ਨਾਲ ਦੀ ਟਰਾਂਸਪੋਰਟ ਵਾਲਿਆਂ ਦਾ ਮੁੰਡਾ ਮੇਹਸ਼ੀ ਮੇਰਾ ਦੋਸਤ ਬਣ ਗਿਆ। ਇਹ ਵੀ ਗੁਰਦਾਸਪੁਰ ਦੇ ਨੇ।

ਨਿਰਮਲ ਨੇ ਕਿਹਾ, ਫੇਰ ਉਸ ਨੂੰ ਕਹਿ ਉਹ ਕਰਵਾ ਦੇਵੇਗਾ ਤੇਰਾ ਕੰਮ।

ਅਗਲੇ ਦਿਨ ਨਿਰਮਲ ਜਦ ਜਾਣ ਲੱਗਾ ਤਾਂ ਸੋਨੂੰ ਨੇ ਪੰਜ ਹਜ਼ਾਰ ਰੁਪਏ ਦਿੰਦੇ ਕਿਹਾ, ਬਾਈ! ਆ ਪੈਸੇ ਕਿਸੇ ਤਰੀਕੇ ਫਗਵਾੜਾ, ਹੁਸ਼ਿਆਰਪੁਰ ਰੋਡ 'ਤੇ ਪਿੰਡ ਹੈ ਰਾਣੀਪੁਰ! ਉਥੇ ਜੱਸੇ ਦੀ ਮਾਂ ਇਕੱਲੀ ਰਹਿੰਦੀ ਹੈ, ਉਸ ਨੂੰ ਜੇਕਰ ਪੁੱਜਦੇ ਕਰ ਦੇਵੇਂ ਤਾਂ ਤੇਰਾ ਬਹੁਤ ਵੱਡਾ ਅਹਿਸਾਨ ਹੋਵੇਗਾ।

ਨਿਰਮਲ ਨੇ ਪੈਸੇ ਫੜ ਕੇ ਕਿਹਾ, ਕੋਈ ਨਾ, ਤੂੰ ਫ਼ਿਕਰ ਨਾ ਕਰ, ਪੁੱਜ ਜਾਣਗੇ। ਨਿਰਮਲ ਨੇ ਉਸ ਨੂੰ ਜੱਫੀ ਪਾਈ ਤੇ ਟਰੱਕ ਵੱਲ ਚਲ ਪਿਆ।

ਸੋਨੂੰ ਨੇ ਪਤਾ ਨਹੀਂ ਕਿਸ ਗੱਲੋਂ ਮੇਹਸ਼ੀ ਨਾਲ ਇਸ ਬਾਰੇ ਗੱਲ ਨਾ ਕੀਤੀ। ਪਰ ਹੁਣ ਦੋ ਸਾਲ ਹੋ ਗਏ ਸਨ, ਸੋਨੂੰ ਨੂੰ ਐਥੇ ਰਹਿੰਦਿਆਂ। ਉਹ ਟਰਾਂਸਪੋਰਟ ਏਰੀਏ ਤੋਂ ਬਾਹਰ ਬਹੁਤ ਘੱਟ ਜਾਂਦਾ ਸੀ। ਜਾਂਦਾ ਵੀ ਤਾਂ ਨਾਲ ਲੱਗਦੇ ਇਕ ਛੋਟੇ ਜਿਹੇ ਬਾਜ਼ਾਰ ਵਿੱਚ ਜ਼ਰੂਰਤ ਦਾ ਸਮਾਨ ਲੈਣ ਜਾਂਦਾ ਸੀ। ਸੋਨੂੰ ਨੂੰ ਜੋ ਤਨਖ਼ਾਹ ਮਿਲਦੀ ਸੀ, ਉਸ ਵਿੱਚੋਂ ਜ਼ਿਆਦਾ ਬੱਚ ਜਾਂਦੀ ਸੀ। ਕਈ ਵਾਰ ਸੋਨੂੰ ਨੂੰ ਇਹ ਪੈਸੇ ਕਿਸੇ ਕੰਮ ਦੇ ਨਾ ਲੱਗਦੇ ਪਰ ਫਿਰ ਵੀ ਉਸ ਨੇ ਕੱਪੜੇ ਰੱਖਣ ਵਾਲੀ ਇਕ ਅਲਮਾਰੀ ਖਰੀਦ ਲਈ ਸੀ। ਉਸ ਵਿੱਚ ਪੈਸੇ ਰੱਖ, ਤਾਲਾ ਲਗਾ ਕੇ ਰੱਖਦਾ। ਕਈ ਵਾਰ ਲੋੜਵੰਦ ਡਰਾਈਵਰ ਜਾਂ ਕਲੀਨਰ ਜੋ ਐਥੇ ਹੀ ਕੰਮ ਕਰਦੇ ਸਨ। ਉਹ ਪੰਜਾਬ ਛੁੱਟੀ ਜਾਣ ਲੱਗੇ, ਉਸ ਤੋਂ ਉਧਾਰੇ ਪੈਸੇ ਮੰਗ ਲੈਂਦੇ ਤਾਂ ਸੋਨੂੰ ਦੇ ਦੇਂਦਾ ਸੀ। ਜੇਕਰ ਕੋਈ ਆ ਕੇ ਪੈਸੇ ਵਾਪਿਸ ਕਰ ਦੇਂਦਾ ਤਾਂ ਵੀ ਠੀਕ, ਨਹੀਂ ਤਾਂ ਸੋਨੂੰ ਕਦੇ ਵੀ ਉਨ੍ਹਾਂ ਤੋਂ ਨਾ ਮੰਗਦਾ, ਜਿਵੇਂ ਉਹ, ਉਨ੍ਹਾਂ ਦੀ ਮਜ਼ਬੂਰੀ ਸਮਝਦਾ ਹੋਵੇ।

ਪਰ ਅੱਜ ਕੱਲ੍ਹ ਸੋਨੂੰ ਦਾ ਮਨ ਐਥੇ ਰਹਿਣ ਨੂੰ ਨਹੀਂ ਕਰ ਰਿਹਾ ਸੀ। ਉਹ ਸੋਚਦਾ ਮੈਂ ਵੀ ਬਾਕੀਆਂ ਵਾਂਗ ਸਵੇਰੇ ਆਵਾਂ ਤੇ ਸ਼ਾਮ ਨੂੰ ਸਮੇਂ ਨਾਲ ਵਾਪਿਸ ਆਪਣੇ ਘਰ ਜਾਵਾਂ।

**ਬਾਕੀ ਹਿਸਾ ਅਗਲੇ ਸਫ਼ੇ 32 ਤੇ ਪੜ੍ਹੋ**

# ਫ਼ਲਸਤੀਨ ਦੇ ਮਾਸੂਮਾਂ ਦਾ ਖ਼ੂਨ, ਹਥਿਆਰ ਕੰਪਨੀਆਂ ਦੇ ਅਰਬਾਂ ਡਾਲਰਾਂ ਦੇ ਠੇਕੇ, ਇਨਸਾਨੀਅਤ ਬੇਵੱਸ

**ਲੇਖਕ: ਗੁਰਪ੍ਰੀਤ ਸਿੰਘ ਬਿਲਿੰਗ**

**ਲੜੀ ਜੋੜਨ ਲਈ 3135 ਅੰਕ ਦੇਖੋ**

**ਆਖਰੀ ਕਿਸ਼ਤ**



ਇਹ ਬਿਨਾਂ ਕਿਸੇ ਝਿਜਕ ਦੇ ਮੰਨਣਾ ਪਵੇਗਾ ਕਿ ਗਜ਼ਾ ਖੇਤਰ ਅੱਜ ਸਿਰਫ਼ ਨਕਸ਼ੇ 'ਤੇ ਇੱਕ ਜਗ੍ਹਾ ਦਾ ਨਾਮ ਨਹੀਂ ਹੈ, ਬਲਕਿ ਇਹ ਅੱਜ ਦੀ ਦੁਨੀਆ ਦਾ ਇੱਕ ਨਿਸ਼ਫ਼ਲ ਸ਼ੀਸ਼ਾ ਹੈ। ਗਜ਼ਾ ਦੀ ਸਵਾਹ ਵਿੱਚ ਸਿਰਫ਼ ਫ਼ਲਸਤੀਨੀਆਂ ਦੇ ਬੇਸ਼ੁਮਾਰ ਘਰ ਨਹੀਂ ਸੜੇ, ਬਲਕਿ ਉਸ ਸਵਾਹ ਵਿੱਚ ਪੱਛਮ ਦੇ ਅੰਤਰਰਾਸ਼ਟਰੀ ਕਾਨੂੰਨ ਦੀ ਰਹੀ-ਸਹੀ ਭਰੋਸੇਯੋਗਤਾ ਵੀ ਪੂਰੀ ਤਰ੍ਹਾਂ ਸੜ ਕੇ ਕੋਲਾ ਹੋ ਚੁੱਕੀ ਹੈ। ਉੱਥੇ ਮਨੁੱਖੀ ਅਧਿਕਾਰਾਂ ਦੇ ਵੱਡੇ-ਵੱਡੇ ਦਾਅਵਿਆਂ ਦੀ ਖੋਖਲੀ ਨੈਤਿਕਤਾ ਵੀ ਸੜ ਚੁੱਕੀ ਹੈ। ਗਜ਼ਾ ਦੀ ਜੰਗ ਵਿੱਚ ਉਹ ਸਾਰੀ ਆਧੁਨਿਕ ਵਿਸ਼ਵ ਵਿਵਸਥਾ ਪੂਰੀ ਤਰ੍ਹਾਂ ਨੰਗੀ ਹੋ ਗਈ ਹੈ, ਜੋ ਮੰਚਾਂ ਤੋਂ "ਕਾਨੂੰਨ ਅਤੇ ਸ਼ਾਂਤੀ" ਦੀ ਗੱਲ ਤਾਂ ਬਹੁਤ ਉੱਚੀ ਆਵਾਜ਼ ਵਿੱਚ ਕਰਦੀ ਹੈ, ਪਰ ਅਰਬਾਂ ਡਾਲਰਾਂ ਦੇ ਹਥਿਆਰਾਂ ਦੇ ਵਪਾਰ ਅਤੇ ਮੁਨਾਫ਼ੇ ਅੱਗੇ ਗੋਡੇ ਟੇਕ ਕੇ ਚੁੱਪ ਹੋ ਜਾਂਦੀ ਹੈ। ਗਜ਼ਾ ਅੱਜ ਉਹ ਇਤਿਹਾਸਕ ਸ਼ੀਸ਼ਾ ਹੈ, ਜਿਸ ਵਿੱਚ ਦੁਨੀਆ ਦੀਆਂ ਸਰਕਾਰਾਂ ਜੇ ਚਾਹੁਣ ਤਾਂ ਆਪਣਾ ਅਸਲੀ ਕਰੂਰ ਅਤੇ ਦੋਹਰਾ ਚਿਹਰਾ ਸਾਫ਼ ਵੇਖ ਸਕਦੀਆਂ ਹਨ।

ਇਸਰਾਇਲ ਬਨਾਮ ਫ਼ਲਸਤੀਨ-ਗਜ਼ਾ ਦੀ ਇਸ ਜੰਗ ਨੇ ਸੰਯੁਕਤ ਰਾਸ਼ਟਰ ਪ੍ਰਣਾਲੀ ਅਤੇ ਦੂਜੇ ਵਿਸ਼ਵ ਯੁੱਧ ਦੀ ਸਮਾਪਤੀ ਤੋਂ ਬਾਅਦ ਬਣੇ ਸਮੁੱਚੇ ਗਲੋਬਲ ਕਾਨੂੰਨੀ ਢਾਂਚੇ ਦੀਆਂ ਸੀਮਾਵਾਂ ਅਤੇ ਨਾਕਾਮੀਆਂ ਨੂੰ ਪੂਰੀ ਤਰ੍ਹਾਂ ਜਨਤਕ ਤੌਰ 'ਤੇ ਬੇਨਕਾਬ ਕਰ ਦਿੱਤਾ ਹੈ। ਸਾਲ 1945 ਤੋਂ ਬਾਅਦ ਸੰਸਾਰ ਦੇ ਆਮ ਲੋਕਾਂ ਨੂੰ ਇਹ ਯਕੀਨ ਦਿਵਾਇਆ ਗਿਆ ਸੀ ਕਿ ਹੁਣ ਦੁਨੀਆ ਵਿੱਚ "ਕਦੇ ਵੀ ਨਸਲਕੁਸ਼ੀ ਨਹੀਂ ਹੋਣ ਦਿੱਤੀ ਜਾਵੇਗੀ।" ਪਰ ਰਵਾਂਡਾ ਦੇਸ਼ ਵਿਚਲੀ ਭਿਆਨਕ ਨਸਲਕੁਸ਼ੀ ਤੋਂ ਲੈ ਕੇ ਬੋਸਨੀਆ ਦੀ ਨਸਲਕੁਸ਼ੀ ਅਤੇ ਹੁਣ ਗਜ਼ਾ ਦੇ ਇਸ ਮਹਾਂ-ਕਤਲੇਆਮ ਤੱਕ, ਇਤਿਹਾਸ ਨੇ ਵਾਰ-ਵਾਰ ਇਹ ਕੌੜਾ ਸੱਚ ਦਿਖਾਇਆ ਹੈ ਕਿ ਜਦੋਂ ਵੀ ਸੰਸਾਰ ਦੀਆਂ ਮਹਾਂਸ਼ਕਤੀਆਂ ਦੇ ਨਿੱਜੀ ਰਣਨੀਤਕ ਅਤੇ ਆਰਥਿਕ ਹਿੱਤ ਦਾਅ 'ਤੇ ਲੱਗੇ ਹੋਣ, ਤਾਂ ਅੰਤਰਰਾਸ਼ਟਰੀ ਕਾਨੂੰਨ ਅਕਸਰ ਇੱਕ ਬੇਬਸ ਖਿਡੌਣਾ ਬਣ ਕੇ ਰਹਿ ਜਾਂਦਾ ਹੈ।

ਅਮਰੀਕਾ ਨੇ ਵਾਰ-ਵਾਰ ਆਪਣੀ ਅੰਨ੍ਹੀ ਤਾਕਤ ਦਾ ਪ੍ਰਦਰਸ਼ਨ ਕਰਦੇ ਹੋਏ ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਵਿੱਚ ਗਜ਼ਾ ਜੰਗਬੰਦੀ ਨਾਲ ਜੁੜੇ ਹਰ ਇੱਕ ਮਹੱਤਵਪੂਰਨ ਪ੍ਰਸਤਾਵ ਉੱਤੇ ਬਿਨਾਂ ਕਿਸੇ ਸ਼ਰਮ ਦੇ ਆਪਣੀ 'ਵੀਟੋ ਪਾਵਰ' ਦੀ ਵਰਤੋਂ ਕੀਤੀ ਹੈ। ਇਸ ਪੱਖਪਾਤੀ ਰੁਖ਼ ਨਾਲ ਇਹ ਵੀ ਬਿਲਕੁਲ ਸਪਸ਼ਟ ਹੋ ਗਿਆ ਕਿ ਮੌਜੂਦਾ ਵਿਸ਼ਵ ਵਿਵਸਥਾ ਵਿੱਚ ਇਨਸਾਫ਼ ਦਾ ਮਾਪਦੰਡ ਸਭ ਲਈ ਇੱਕੋ ਜਿਹਾ ਬਿਲਕੁਲ ਨਹੀਂ ਹੈ। ਕਮਜ਼ੋਰ ਅਤੇ ਗਰੀਬ ਮੁਲਕਾਂ ਉੱਤੇ ਤਾਂ ਮਾਮੂਲੀ ਗੱਲ 'ਤੇ ਵੀ ਤੁਰੰਤ ਸਖ਼ਤ ਆਰਥਿਕ ਅਤੇ ਰਾਜਨੀਤਿਕ ਪਾਬੰਦੀਆਂ ਲਗਾ ਦਿੱਤੀਆਂ ਜਾਂਦੀਆਂ ਹਨ, ਪਰ ਜਦੋਂ ਗੱਲ ਤਾਕਤਵਰ ਮੁਲਕਾਂ ਅਤੇ ਉਨ੍ਹਾਂ ਦੇ ਚਹੇਤੇ ਸਾਥੀਆਂ ਦੀ ਆਉਂਦੀ ਹੈ, ਤਾਂ ਕਾਨੂੰਨ ਦੀਆਂ ਪਰਿਭਾਸ਼ਾਵਾਂ ਅਤੇ ਵਿਆਖਿਆਵਾਂ ਰਾਤੋ-ਰਾਤ ਬਦਲ ਦਿੱਤੀਆਂ ਜਾਂਦੀਆਂ ਹਨ। ਇਸ ਕੌੜੀ ਹਕੀਕਤ ਨੇ ਅੱਜ 'ਗਲੋਬਲ ਸਾਊਥ' - ਵਿਕਾਸਸ਼ੀਲ ਅਤੇ ਗਰੀਬ ਦੇਸ਼ਾਂ) ਦੇ ਕਈ ਮੁਲਕਾਂ ਅਤੇ ਉੱਥੋਂ ਦੇ ਲੋਕਾਂ ਵਿੱਚ ਇਹ ਭਾਵਨਾ ਹੋਰ ਜ਼ਿਆਦਾ ਪੱਕੀ ਅਤੇ ਮਜ਼ਬੂਤ ਕਰ ਦਿੱਤੀ ਹੈ ਕਿ ਮੌਜੂਦਾ ਅੰਤਰਰਾਸ਼ਟਰੀ ਨਿਜ਼ਾਮ ਅਸਲ ਵਿੱਚ ਨਿਆਂ ਦੇ ਉੱਚ ਅਸੂਲਾਂ ਉੱਤੇ ਨਹੀਂ, ਸਗੋਂ ਸਿਰਫ਼ ਅਤੇ ਸਿਰਫ਼ ਜਿਸਦੀ ਲਾਠੀ ਉਸਦੀ ਮੱਜ (ਤਾਕਤ ਦੇ ਸੰਤੁਲਨ) ਉੱਤੇ ਚੱਲਦਾ ਹੈ।

ਗਜ਼ਾ ਖੇਤਰ ਦੀ ਇਸ ਜੰਗ ਨੇ ਸੰਸਾਰ ਦੇ ਮੁੱਖ ਧਾਰਾ ਦੇ ਮੀਡੀਆ, ਵੱਡੇ ਬੌਧਿਕ ਵਰਗ ਅਤੇ ਜਾਣਕਾਰੀ ਦੇ ਨਿਯੰਤਰਣ ਦੇ ਪਿੱਛੇ ਕੰਮ ਕਰਦੀਆਂ ਗੰਧਲੀਆਂ ਸਾਜ਼ਿਸ਼ਾਂ ਨੂੰ ਵੀ ਬਹੁਤ ਡੂੰਘਾਈ ਨਾਲ ਬੇਨਕਾਬ ਕੀਤਾ ਹੈ। ਪੱਛਮੀ ਮੀਡੀਆ ਦੇ ਇੱਕ ਬਹੁਤ ਵੱਡੇ ਅਤੇ ਪ੍ਰਭਾਵਸ਼ਾਲੀ ਹਿੱਸੇ ਨੇ ਜੰਗ ਦੇ ਸ਼ੁਰੂਆਤੀ ਮਹੀਨਿਆਂ ਵਿੱਚ ਇਸਰਾਈਲੀ ਸਰਕਾਰ ਦੀ ਪੱਖਪਾਤੀ ਬਿਆਨਬਾਜ਼ੀ ਨੂੰ ਲਗਭਗ ਬਿਨਾਂ ਕੋਈ ਸਵਾਲ ਕੀਤੇ ਅੰਨ੍ਹੇਵਾਹ ਦੁਹਰਾਇਆ। ਜਦਕਿ ਦੂਜੇ ਪਾਸੇ, ਹਜ਼ਾਰਾਂ ਫ਼ਲਸਤੀਨੀ ਨਾਗਰਿਕਾਂ ਅਤੇ ਮਾਸੂਮ ਬੱਚਿਆਂ ਦੀਆਂ ਦਰਦਨਾਕ ਮੌਤਾਂ ਨੂੰ ਅਕਸਰ "ਸਹਾਇਕ ਨੁਕਸਾਨ" ਜਾਂ "ਸੁਰੱਖਿਆ ਕਾਰਵਾਈ" ਦੀ ਚਾਲਾਕ ਭਾਸ਼ਾ ਵਿੱਚ ਲੁਕਾ ਕੇ ਪੇਸ਼ ਕੀਤਾ ਗਿਆ।

ਪਰ ਇਸ ਦੇ ਬਾਵਜੂਦ, ਅੱਜ ਦੇ ਆਧੁਨਿਕ ਸੋਸ਼ਲ ਮੀਡੀਆ ਅਤੇ ਸੁਤੰਤਰ ਨਾਗਰਿਕ ਪੱਤਰਕਾਰਿਤਾ ਨੇ ਮੀਡੀਆ ਦੇ ਇਸ ਇੱਕ-ਪੱਖੀ ਝੂਠੇ ਕਥਾ-ਪ੍ਰਸੰਗ ਨੂੰ ਬਹੁਤ ਵੱਡੀ ਚੁਣੌਤੀ ਦਿੱਤੀ। ਗਜ਼ਾ ਦੇ ਸਥਾਨਕ ਬਹਾਦਰ ਪੱਤਰਕਾਰ ਜਾਨ ਦੀ ਪਰਵਾਹ ਨਾ ਕਰਦੇ ਹੋਏ, ਬੰਬਾਂ ਦੇ ਮਲਬੇ ਅਤੇ ਲਾਸ਼ਾਂ ਦੇ ਵਿਚਕਾਰੋਂ ਸਿੱਧੀਆਂ ਤਸਵੀਰਾਂ ਅਤੇ ਵੀਡੀਓਜ਼ ਸੋਸ਼ਲ ਮੀਡੀਆ ਰਾਹੀਂ ਦੁਨੀਆ ਤੱਕ ਭੇਜ ਰਹੇ ਸਨ।

ਸਾਲ 2025 ਤੱਕ ਆਉਂਦੇ-ਆਉਂਦੇ, ਸੱਚ ਨੂੰ ਦੁਨੀਆ ਤੱਕ ਪਹੁੰਚਾਉਣ ਦੀ ਕੀਮਤ ਚੁਕਾਉਂਦੇ ਹੋਏ ਗਜ਼ਾ ਵਿੱਚ 200 ਤੋਂ ਵੱਧ ਪੱਤਰਕਾਰ ਇਸਰਾਈਲੀ ਹਮਲਿਆਂ ਵਿੱਚ ਮਾਰੇ ਜਾ ਚੁੱਕੇ ਸਨ, ਜਿਸ ਨੂੰ ਦੁਨੀਆ ਭਰ ਦੀਆਂ ਕਈ ਪ੍ਰਮੁੱਖ ਮਨੁੱਖੀ ਹੱਕ ਸੰਸਥਾਵਾਂ ਅਤੇ ਪ੍ਰੈਸ ਫੋਰਮਾਂ ਨੇ ਆਧੁਨਿਕ ਇਤਿਹਾਸ ਵਿੱਚ ਪੱਤਰਕਾਰਾਂ ਲਈ ਸਭ ਤੋਂ ਖ਼ਤਰਨਾਕ ਅਤੇ ਖ਼ੂਨੀ ਜੰਗੀ ਦੌਰ ਐਲਾਨਿਆ ਹੈ। ਮਸ਼ਹੂਰ ਅਮਰੀਕੀ ਵਿਦਵਾਨ ਐਡਵਰਡ ਐਸ. ਹਰਮਨ ਅਤੇ ਨੋਆਮ ਚੌਮਸਕੀ ਨੇ ਆਪਣੀ ਵਿਸ਼ਵ-ਪ੍ਰਸਿੱਧ ਇਤਿਹਾਸਕ ਕਿਤਾਬ "ੳਨੁਡੳਚਟੁਰਿਨਗ ਛੋਨਸੲਨਟ: ਠਹੲ ਫੋਲਿਟਿਚੳਲ ੲਚੋਨੋਮੇ ੋਡ ਟਹੲ ੍ਰੳਸਸ ੍ਰੲਦਿੳ" ਵਿੱਚ ਬਹੁਤ ਪਹਿਲਾਂ ਲਿਖਿਆ ਸੀ ਕਿ ਵੱਡਾ ਕਾਰਪੋਰੇਟ ਮੀਡੀਆ ਅਕਸਰ ਤਾਕਤਵਰ ਰਾਜਨੀਤਿਕ ਅਤੇ ਕਾਰਪੋਰੇਟ ਹਿੱਤਾਂ ਦੇ ਅਨੁਕੂਲ ਹੀ ਲੋਕਾਂ ਦੀ ਸੋਚ (ਲੋਕਧਾਰਨਾ) ਨੂੰ ਯੋਜਨਾਬੱਧ ਤਰੀਕੇ ਨਾਲ ਤਿਆਰ ਕਰਦਾ ਹੈ। ਗਜ਼ਾ ਦੀ ਜੰਗ ਵਿੱਚ ਚੌਮਸਕੀ ਦਾ ਇਹ ਪ੍ਰਸਿੱਧ ਸਿਧਾਂਤ ਇੱਕ ਵਾਰ ਫਿਰ ਅੱਖਰ-ਅੱਖਰ ਸੱਚ ਸਾਬਤ ਹੁੰਦਾ ਨਜ਼ਰ ਆਇਆ, ਜਿੱਥੇ ਜ਼ਮੀਨੀ ਜੰਗ ਦੇ ਨਾਲ-ਨਾਲ ਜਾਣਕਾਰੀ ਦੀ ਜੰਗ ਵੀ ਬੰਬਾਂ ਅਤੇ ਮਿਸਾਇਲਾਂ ਜਿੰਨੀ ਹੀ ਅਹਿਮ ਅਤੇ ਖ਼ਤਰਨਾਕ ਬਣ ਚੁੱਕੀ ਸੀ।

ਗਜ਼ਾ ਖੇਤਰ ਦੀ ਇਸ ਲੰਮੀ ਜੰਗ ਨੇ ਭਵਿੱਖ ਵਿੱਚ ਉਭਰ ਰਹੇ ਨਵੇਂ ਵਿਸ਼ਵ ਕ੍ਰਮ ਦੀ ਦਿਸ਼ਾ ਅਤੇ ਦਸ਼ਾ ਬਾਰੇ ਵੀ ਦੁਨੀਆ ਭਰ ਦੇ ਚਿੰਤਕਾਂ ਅੱਗੇ ਕਈ ਡੂੰਘੇ ਅਤੇ ਚਿੰਤਾਜਨਕ ਸਵਾਲ ਖੜ੍ਹੇ ਕੀਤੇ ਹਨ। ਯੂਨਾਈਟਡ ਸਟੇਟਸ (ਅਮਰੀਕਾ), ਚੀਨ ਅਤੇ ਰੂਸ ਵਿਚਾਲੇ ਵਧ ਰਹੇ ਭੂ-ਰਾਜਨੀਤਿਕ ਟਕਰਾਅ ਦੇ ਇਸ ਨਵੇਂ ਦੌਰ ਵਿੱਚ, ਫ਼ਲਸਤੀਨ ਇੱਕ ਵਾਰ ਫਿਰ ਸੰਸਾਰ ਦੀਆਂ ਇਨ੍ਹਾਂ ਸੁਆਰਥੀ ਮਹਾਸ਼ਕਤੀਆਂ ਦੀ ਰਣਨੀਤਕ ਸ਼ਤਰੰਜ ਦੀ ਖੇਡ ਦਾ ਇੱਕ ਮੋਹਰਾ ਅਤੇ ਖ਼ੂਨੀ ਮੈਦਾਨ ਬਣਦਾ ਦਿਖ ਰਿਹਾ ਹੈ॥

ਇੱਕ ਪਾਸੇ ਜਿੱਥੇ ਅਮਰੀਕਾ ਨੇ ਅੰਨ੍ਹੇਵਾਹ ਇਸਰਾਇਲ ਦੀ ਹਰ ਤਰ੍ਹਾਂ ਦੀ ਫੌਜੀ, ਆਰਥਿਕ ਅਤੇ ਕੂਟਨੀਤਿਕ ਹਿਮਾਇਤ ਜਾਰੀ ਰੱਖੀ ਹੋਈ ਹੈ, ਉੱਥੇ ਦੂਜੇ ਪਾਸੇ ਚੀਨ ਅਤੇ ਰੂਸ ਨੇ ਪੱਛਮੀ ਦੇਸ਼ਾਂ ਦੇ ਇਸ ਦੋਹਰੇ ਮਾਪਦੰਡਾਂ ਉੱਤੇ ਸੰਸਾਰ ਮੰਚਾਂ 'ਤੇ ਤਿੱਖੇ ਸਵਾਲ ਤਾਂ ਜ਼ਰੂਰ ਚੁੱਕੇ, ਪਰ ਉਹ ਖੁਦ ਵੀ ਆਪਣੀਆਂ ਸਿਆਸੀ ਹੱਦਾਂ ਕਾਰਨ ਇਸ ਭਿਆਨਕ ਜੰਗ ਨੂੰ ਰੋਕਣ ਲਈ ਕੋਈ ਠੋਸ ਜਾਂ ਨਿਰਣਾਇਕ ਗਲੋਬਲ ਢਾਂਚਾ ਖੜ੍ਹਾ ਕਰਨ ਵਿੱਚ ਬੁਰੀ ਤਰ੍ਹਾਂ ਨਾਕਾਮ ਰਹੇ ਹਨ।

ਇਸ ਜੰਗ ਨੇ ਇਹ ਪੂਰੀ ਤਰ੍ਹਾਂ ਸਾਬਤ ਕਰ ਦਿੱਤਾ ਹੈ ਕਿ ਆਉਣ ਵਾਲੇ ਦੌਰ ਦੀ ਵਿਸ਼ਵ ਰਾਜਨੀਤੀ ਵਿੱਚ "ਮਨੁੱਖੀ ਅਧਿਕਾਰ" ਅਤੇ "ਇਨਸਾਨੀਅਤ" ਵਰਗੀ ਸੁੰਦਰ ਭਾਸ਼ਾ ਦੀ ਵਰਤੋਂ ਤਾਂ ਸਿਰਫ਼ ਭਾਸ਼ਣਾਂ ਨੂੰ ਚਮਕਾਉਣ ਲਈ ਬਹੁਤ ਕੀਤੀ ਜਾਵੇਗੀ, ਪਰ ਜ਼ਮੀਨ 'ਤੇ ਅਸਲ ਫ਼ੈਸਲੇ ਸਿਰਫ਼ ਦੇਸ਼ਾਂ ਦੇ ਆਪਣੇ ਰਣਨੀਤਕ ਹਿੱਤਾਂ, ਹਥਿਆਰਾਂ ਦੇ ਅਰਬਾਂ ਡਾਲਰ ਦੇ ਬਾਜ਼ਾਰਾਂ, ਤੇਲ-ਊਰਜਾ ਦੇ ਲਾਂਘਣ ਵਾਲੇ ਰੂਟਾਂ ਅਤੇ ਨਵੇਂ ਭੂ-ਰਾਜਨੀਤਿਕ ਗਠਜੋੜਾਂ ਦੇ ਨਫ਼ੇ-ਨੁਕਸਾਨ ਦੇ ਆਧਾਰ 'ਤੇ ਹੀ ਲਏ ਜਾਣਗੇ। ਇਸ ਇਤਿਹਾਸਕ ਅਰਥ ਵਿੱਚ, ਗਜ਼ਾ ਸਿਰਫ਼ ਇੱਕ ਆਮ ਖੇਤਰੀ ਜੰਗ ਨਹੀਂ ਹੈ, ਸਗੋਂ ਇਹ ਇੱਕ ਅਜਿਹੀ ਭਿਆਨਕ ਇਤਿਹਾਸਕ ਪ੍ਰਯੋਗਸ਼ਾਲਾ ਬਣ ਗਿਆ ਹੈ, ਜਿੱਥੇ ਇੱਕਵੀਹੀਂ ਸਦੀ ਦੇ ਬੇਰਹਿਮ ਨਵੇਂ ਵਿਸ਼ਵ ਨਿਜ਼ਾਮ ਦੀਆਂ ਕਰੂਰ ਹਕੀਕਤਾਂ ਪੂਰੀ ਤਰ੍ਹਾਂ ਖੁੱਲ੍ਹ ਕੇ ਦੁਨੀਆ ਦੇ ਸਾਹਮਣੇ ਆਈਆਂ ਹਨ।

ਸਭ ਤੋਂ ਵੱਡਾ ਅਤੇ ਬੁਨਿਆਦੀ ਸਵਾਲ ਸਿਰਫ਼ ਇਹ ਨਹੀਂ ਹੈ ਕਿ ਇਸਰਾਇਲ ਨੇ ਗਜ਼ਾ ਖੇਤਰ ਵਿੱਚ ਕੀ-ਕੀ ਅਣਮਨੁੱਖੀ ਕਾਰੇ ਕੀਤੇ ਹਨ। ਅਸਲ ਸਵਾਲ ਇਹ ਵੀ ਹੈ ਕਿ ਇਸ ਸੰਸਾਰ ਦੀ ਵਿਵਸਥਾ ਵਿੱਚ ਕਿਸ-ਕਿਸ ਨੇ ਪਰਦੇ ਦੇ ਪਿੱਛੇ ਰਹਿ ਕੇ ਉਸ ਨੂੰ ਇਹ ਸਭ ਕੁਝ ਕਰਨ ਦੀ ਖੁੱਲ੍ਹ ਦਿੱਤੀ? ਕਿਸਨੇ ਉਸ ਨੂੰ ਮਾਸੂਮਾਂ ਨੂੰ ਮਾਰਨ ਲਈ ਆਧੁਨਿਕ ਹਥਿਆਰ ਦਿੱਤੇ?

ਕਿਸਨੇ ਉਸ ਨੂੰ ਅੰਤਰਰਾਸ਼ਟਰੀ ਨਿਯਮਾਂ ਨੂੰ ਤੋੜਨ ਦੇ ਅਧਿਕਾਰ ਦਿੱਤੇ? ਕਿਸਨੇ ਉਸ ਦੇ ਅੰਦਰਖਾਤੇ ਬਣੇ ਵਪਾਰਕ ਅਤੇ ਰਾਜਨੀਤਿਕ ਹਮਾਇਤੀਆਂ ਨੂੰ ਇੱਕ ਖ਼ੂੰਖਾਰ ਅਤੇ ਗੁਨਾਹਗਾਰ ਚੁੱਪ ਦਿੱਤੀ? ਅਤੇ ਕਿਸਨੇ ਬੜੀ ਚਾਲਾਕੀ ਨਾਲ ਦੁਨੀਆ ਨੂੰ ਨੈਤਿਕਤਾ, ਵਿਸ਼ਵ ਭਲਾਈ, ਲੋਕਤੰਤਰ, "ਸਾਰਾ ਸੰਸਾਰ ਇੱਕ ਪਰਿਵਾਰ ਹੈ", ਦਹਿਸ਼ਤਗਰਦੀ ਦਾ ਖ਼ਾਤਮਾ ਅਤੇ ਭਲੇਮਾਣਸੀ ਦਾ ਪਾਠ ਉੱਚੀ-ਉੱਚੀ ਪੜ੍ਹਾਉਣ ਦੀ ਪਖੰਡੀ ਚਾਲਾਕੀ ਦਿੱਤੀ? ਅਤੇ ਕਿਸਨੇ ਮਨੁੱਖਤਾ ਦੇ ਨਾਮ 'ਤੇ ਸਿਰਫ਼ ਕਾਗਜ਼ੀ ਬਿਆਨ ਜਾਰੀ ਕਰਕੇ ਆਪਣੇ ਫ਼ਰਜ਼ਾਂ ਤੋਂ ਪੱਲਾ ਝਾੜ ਲਿਆ?

ਸਵਾਲ ਬਹੁਤ ਹਨ ਅਤੇ ਬੇਹੱਦ ਗੰਭੀਰ ਵੀ ਹਨ, ਪਰ ਅੱਜ ਦੀ ਇਸ ਪੂੰਜੀਵਾਦੀ ਅਤੇ ਤਾਕਤ-ਪ੍ਰਸਤ ਦੁਨੀਆ ਦਾ ਸਭ ਤੋਂ ਵੱਡਾ ਕੌੜਾ ਸੱਚ ਇਹੀ ਹੈ ਕਿ ਇੱਥੇ ਅਮੀਰ ਅਤੇ ਸ਼ਕਤੀਸ਼ਾਲੀ ਸਦਾ ਸਹੀ ਕਿਉਂ ਹੁੰਦਾ ਹੈ? ਜਿਵੇਂ ਸਾਡੇ ਬਜ਼ੁਰਗ ਕਹਿੰਦੇ ਆਏ ਹਨ ਕਿ ਜਿਸ ਦੇ ਘਰ ਦਾਣੇ ਹੁੰਦੇ ਹਨ, ਉਸ ਦੇ ਕਮਲੇ (ਝੱਲੇ) ਵੀ ਦੁਨੀਆ ਨੂੰ ਸਿਆਣੇ ਕਿਉਂ ਲੱਗਦੇ ਹਨ? ਠੀਕ ਇਦਾਂ ਹੀ ਅਮਰੀਕਾ ਦਿ ਇਸਰਾਇਲ ਸਭ ਨੂੰ 100% ਸਹੀ ਲੱਗ ਰਿਹਾ ਹੈ ਅਤੇ ਦੂਜੇ ਪਾਸੇ ਫ਼ਲਸਤੀਨ ਦੇ ਮਰਦੇ ਬਾਲਕ ਗਾਜਰ ਮੂਲੀ ਲੱਗ ਰਹੇ ਹਨ। ਗਜ਼ਾ ਦੀ ਜੰਗ ਨੇ ਇਸ ਲੋਕ-ਸਿਆਣਪ ਦੇ ਪਿੱਛੇ ਲੁਕੇ ਸੰਸਾਰ ਰਾਜਨੀਤੀ ਦੇ ਸਭ ਤੋਂ ਕਰੂਰ ਸੱਚ ਨੂੰ ਸਾਡੇ ਸਾਹਮਣੇ ਲਿਆ ਕੇ ਖੜ੍ਹਾ ਕਰ ਦਿੱਤਾ ਹੈ।

ਲੇਖਕ: ਗੁਰਪ੍ਰੀਤ ਸਿੰਘ ਬਿਲਿੰਗ
ਮੋਬਾਇਲ: 75086-98066
ਈ-ਮੇਲ:
gurpreetnews@gmail.com

**31 ਸਫ਼ੇ ਦੀ ਬਾਕੀ**

ਸ਼ਾਮ ਨੂੰ ਮੇਹਸ਼ੀ ਉਸ ਕੋਲ ਆਇਆ ਤਾਂ ਸੋਨੂੰ ਦਾ ਉਦਾਸ ਚਿਹਰਾ ਦੇਖ ਕੇ ਉਸ ਨੇ ਪੁੱਛਿਆ, ਕੀ ਗੱਲ ਅੱਜ ਉਦਾਸ ਜਿਹਾ ਲੱਗ ਰਿਹਾਂ ?

ਸੋਨੂੰ ਨੇ ਕੋਈ ਭੂਮਿਕਾ ਬੰਨ੍ਹਣ ਤੋਂ ਬਿਨਾਂ ਸਾਫ਼ ਕਿਹਾ, ਮੇਹਸ਼ੀ! ਮੈਂ ਵੀ ਐਥੋਂ ਕਿਧਰੇ ਬਾਹਰ ਰਹਿਣਾ ਚਾਹੁੰਦਾ ਹਾਂ, ਐਥੇ ਰਾਤ ਨੂੰ ਨੀਂਦ ਨਹੀਂ ਪੂਰੀ ਹੁੰਦੀ, ਕੋਈ ਕਮਰਾ ਬਾਹਰ ਐਥੋਂ ਨੇੜੇ-ਤੇੜੇ ਕਿਰਾਏ 'ਤੇ ਮਿਲ ਜਾਏ ਤਾਂ. .।.

ਮੇਹਸ਼ੀ ਨੇ ਹੱਸ ਕੇ ਕਿਹਾ, ਬੱਸ, ਇਸ ਲਈ ਉਦਾਸ ਹੋਇਆ ਪਿਆਂ, ਤੂੰ ਪਹਿਲਾਂ ਕਿਉਂ ਨਹੀਂ ਦੱਸਿਆ, ਚੱਲ ਕੋਈ ਨਹੀਂ, ਕਰਦਾ ਆਂ, ਕੱਲ੍ਹ ਤੱਕ ਕੋਈ ਹੱਲ।

ਅਗਲੇ ਦਿਨ ਆ ਕੇ ਮੇਹਸ਼ੀ ਨੇ ਦੱਸਿਆ ਕਿ ਸਮੱਸਿਆ ਦਾ ਹੱਲ ਹੋ ਗਿਆ। ਮੇਰੇ ਗੁਆਂਢ ਹੀ ਇਕ ਚੁਬਾਰਾ ਹੈ। ਐਤਵਾਰ ਨੂੰ ਉਥੇ ਤੇਰਾ ਸਮਾਨ ਲੈ ਚੱਲਾਂਗੇ। ਸੋਨੂੰ ਸੀਮਾ ਹੋਰਾਂ ਦੇ ਘਰ ਉਨ੍ਹਾਂ ਦੇ ਚੁਬਾਰੇ ਵਿੱਚ ਜਾ ਟਿਕਿਆ।




ਜੇ ਅੱਜ ਦੇ ਸਮੇਂ ਦੀ ਗੱਲ ਕਰੀਏ ਤੱਦ ਅੱਜ ਦੁਨੀਆਂ ਇਕ ਗਲੋਬਲ ਪਿੰਡ ਬਣ ਚੁੱਕੀ ਆ, ਕੋਈ ਕੱਲਾ ਦੇਸ਼ ਨਹੀਂ ਰਹਿਆ, ਸਭ ਦੇਸ਼ ਇਕ ਦੂਜੇ ਨਾਲ ਜੁੜ ਚੁੱਕੇ ਨੇ ਵਿਉਪਾਰ ਪੱਖੋਂ, ਜਦ ਅੱਜ ਕਿਤੇ ਵੀ ਲੜਾਈ ਲੱਗਦੀ ਆ, ਉਸ ਲੜਾਈ ਦਾ ਅਸਰ ਸਾਰੇ ਦੇਸ਼ਾਂ ’ਤੇ ਸਾਰੇ ਲੋਕਾਂ ’ਤੇ ਪੈਂਦਾ। ਜਿਦਾਂ ਅਸੀਂ ਅੱਜ ਭਰ ਰਹੇ ਹਾਂ। ਸਿਰਫ ਲੜਾਈ ਮਹੀਨਾ ਕੁ ਚੱਲੀ ਆ, ਹਰ ਇਕ ਚੀਜ ਨੂੰ ਅੱਗ ਲੱਗ ਗਈ, ‘ਮਹਿੰਗਾਈ ਵਾਲੇ ਦੈਂਤ ‘ਨੇ ਆਪਣਾ ਮੂੰਹ ਪੂਰਾ ਖੋਲ ਲਿਆ,

>> ਰਣਵੀਰ ਸਿੰਘ ਰਾਣਾ <<



ਜਦੋਂ ਮਨੁੱਖ ਸੰਸਾਰ ’ਤੇ ਆਉਂਦਾ, ਸਭ ਤੋਂ ਪਹਿਲੀ ਚੀਜ਼ ਜਿਹੜੀ ਉਹਨੂੰ ਵੱਸ ਕਰਦੀ ਆ, ਉਹ ਲਾਲਚ ਆਂ ਜਿਦਾਂ ਜਿਦਾਂ ਮਨੁੱਖ ਦੀ ਉਮਰ ਵੱਧਦੀ ਜਾਂਦੀ ਆ, ਉੱਦਾ ਉੱਦਾ ਇਹ ਵੀ ਵੱਧਦਾ ਜਾਂਦਾ। ਬਹੁਤ ਘੱਟ ਲੋਕ ਹੁੰਦੇ ਨੇ ਜਿਹੜੇ ਇਸ ‘ਤੋਂ ਬਚ ਜਾਂਦੇ ਨੇ, ਨਹੀਂ ਤਾਂ ਇਹ ਕਿਸੇ ਨੂੰ ਨਹੀਂ ਛੱਡਦਾ, ਇਹ ਜਦੋ ਪਹਿਲਾਂ ਮਨੁੱਖ ਧਰਤੀ ’ਤੇ ਆਇਆ ਉਦੋਂ ਤੋਂ ਸ਼ੁਰੂ ਹੋ ਗਿਆ, ਅੱਜ ਤੱਕ ਨਿਰੰਤਰ ਇਹ ਜਾਰੀ ਆ, ਆਪਣਾ ਕੰਮ ਬੜੀ ਤਨਦੇਹੀ ਨਾਲ ਨਿਭਾ ਰਿਹਾ ਹੈ।

ਜਦੋਂ ਮਨੁੱਖ ਜੰਗਲ ਵਿੱਚ ਰਹਿੰਦਾ ਸੀ, ਹੌਲੀ ਹੌਲੀ ਤਰੱਕੀ ਕਰਨ ਲੱਗਾ। ਫੇਰ ਜੰਗਲਾਂ ਵਿੱਚੋਂ ਨਿਕਲ ਕੇ ਧਰਤੀ ’ਤੇ ਘਾਹ ਭੂਸ ਦੇ ਘਰ ਬਣਾ ਕੇ ਰਹਿਣ ਲੱਗਾ। ਪਿੰਡ ਬਣ ਗਏ, ਫੇਰ ਮਨੁੱਖ ਨੇ ਇਕ ਸਿਸਟਮ ਸ਼ੁਰੂ ਕੀਤਾ, ਸਾਰੇ ਪਿੰਡਾਂ ਨੇ ਇਕ ਮੁਖੀਆਂ ਥਾਪ ਲਿਆ, ਤਾਂ ਜੋ ਪਿੰਡ ਦੇ ਫ਼ੈਸਲੇ ਤੇ ਬਾਹਰਲੇ ਪਿੰਡਾਂ ਨਾਲ ਗੱਲਬਾਤ ਕਰਨੀ ਹੋਵੇ ਤਦ ਮੁੱਖੀਆਂ ਮੂਹਰੇ ਹੋਵੇ। ਉਸ ਤੋਂ ਬਾਅਦ ਰਾਜ ਸ਼ਾਹੀ ਸ਼ੁਰੂ ਹੋ ਗਈ, ਆਪਣੇ ਆਪਣੇ ਇਲਾਕੇ ਸਾਂਭ ਲਏ, ਫੇਰ ਲਾਲਚ ਨੇ ਉਛਾਲਾਂ ਮਾਰਿਆ ਰਾਜੇ ਇਕ ਦੂਜੇ ਦੇ ਇਲਾਕੇ ਸਾਂਭਣ ਲੱਗ ਪਏ, ਨਾਲੇ ਫ਼ੌਜਾਂ ਤਿਆਰ ਕਰ ਲਈਆਂ, ਨਾਲੇ ਡਾਂਗਾਂ ਸੋਟਿਆਂ ਤੋਂ ਕੰਮ ਸ਼ੁਰੂ ਹੋ ਕੇ ਨਵੇਂ ਹਥਿਆਰ ਬਣਨ ਲੱਗੇ।

ਜਿੱਥੇ ਦੇਸ਼ਾਂ ਦੀਆਂ ਹੱਦਾਂ ਬਣ ਗਈਆਂ, ਉੱਥੇ ਨਵੇਂ ਨਵੇਂ ਦੇਸ਼ ਇਨਸਾਨ ਲੱਭਣ ਲਈ ਮਨੁੱਖ ਆਪਣੇ ਦੇਸ਼ਾਂ ‘ਤੋਂ ਨਿਕਲ ਤੁਰੇ, ਉਹਨਾਂ ਦੇਸ਼ਾਂ ਵਿੱਚ ਪਹੁੰਚ ਕੇ ਉੱਥੇ ਦੇ ਵਾਸੀਆਂ ਦੀਆਂ ਕਮਜ਼ੋਰੀਆਂ ਲੱਭੀਆਂ, ਕਮਜ਼ੋਰੀਆਂ ਲੱਭਣ ਦੀ ਦੇਰ ਸੀ , ਉਹਨਾਂ ਕਮਜ਼ੋਰੀਆਂ ਦਾ ਫ਼ਾਇਦਾ ਉਠਾ ਕੇ ਉਹ ਦੇਸ ਆਪਣੇ ਹੱਥਾਂ ਹੇਠ ਕਰ ਲਏ। ਉਥੇ ਦੇ ਕੁਦਰਤੀ ਖਜ਼ਾਨਿਆਂ ਨੂੰ ਰੱਜ ਕੇ ਲੁੱਟਿਆ ਗਿਆ। ਕਿਉਂਕਿ ਧਰਤੀ ਦਾ ਹਰ ਕੋਨਾ ’ਤੇ ਹਰ ਹਿੱਸੇ ਵਿੱਚ ਕੁਦਰਤ ਨੇ ਬਹੁਤ ਚੀਜ਼ਾਂ ਧਰਤੀ ਦੇ ਥੱਲੇ ਲਕੋ ਕੇ ਰੱਖੀਆਂ ਹੋਈਆਂ ਨੇ, ਜਦੋਂ ਸਮੇਂ ਸਮੇਂ ਸਿਰ ਮਨੁੱਖ ਨੂੰ ਲੋੜ ਪਵੇ, ਆਪਣੀ ਬੁੱਧੀ ਵਰਤ ਕੇ ਕੱਢ ਲਵੇ।

ਜਿਦਾਂ ਜਿਦਾਂ ਮਨੁੱਖ ਤਰੱਕੀ ਕਰਦਾ ਗਿਆ ਉਦਾ ਉਦਾ ਲਾਲਚ ਵੀ ਵੱਧਦਾ ਗਿਆ, ਉਦਾ ਨਾਲ ਨਾਲ ਮਨੁੱਖ ਨੇ ਮਾਰੂ ਹਥਿਆਰ ਵੀ ਬਣਾਉਣੇ ਸ਼ੁਰੂ ਕਰ ਦਿੱਤਾ , ਸਾਰੇ ਦੇਸ਼ ਇਸ ਦੌੜ ਵਿੱਚ ਸ਼ਾਮਲ ਹੋ ਗਏ ਡਾਂਗਾਂ ਸੋਟਿਆਂ ਦੀ ਲੜਾਈ ਤੋਂ ਤੁਰਿਆ ਮਨੁੱਖ ਹੁਣ ਕੰਪਿਊਟਰ ਦੀ ਲੜਾਈ ਤੱਕ ਆ ਗਿਆ ਇੱਕ ਬਟਨ ਦੱਬਣ ਨਾਲ ਹਜ਼ਾਰਾਂ ਮੀਲਾਂ ਤੱਕ ਮਾਰਾਂ ਕਰਨ ਵਾਲੇ ਮਾਰੂ ਹਥਿਆਰ ਬਣਾ ਲਏ।

ਅੱਜ ਹਰ ਦੇਸ਼ ਦਾ 40/: ਪੈਸਾ ਹਥਿਆਰਾਂ ਤੇ ਰੱਖਿਆ ’ਤੇ ਖਰਚ ਹੁੰਦਾ, ਕਾਸ਼ ਕਿਤੇ ਇਹੋ ਪੈਸਾ ਹਰ ਇੱਕ ਦੇਸ਼ ਮਨੁੱਖਤਾ ਦੀ ਭਲਾਈ ਲਈ ਖ਼ਰਚਦਾ ਅੱਜ ‘ਗਰੀਬੀ ‘ਨਾਂ ਦਾ ਸ਼ਬਦ ਦੁਨੀਆਂ ’ਤੇ ਕਦੇ ਨਾ ਹੁੰਦਾ। ਅੱਜ ਹਰ ਤਕੜਾ ਦੇਸ਼ ਜਿਸ ਦੇਸ਼ ਕੋਲ ਕੋਈ ਕੁਦਰਤੀ ਖਜਾਨਾ ਹੁੰਦਾ, ਉਹਨੂੰ ਖੋਹਣ ਲਈ ਕੋਈ ਨਾ ਕੋਈ ਬਹਾਨਾ ਲੱਭ ਲੈਂਦਾ। ਜਿੱਥੇ ਸਰਕਾਰਾਂ ਇਹਨਾਂ ਕੰਮਾਂ ਵਿੱਚੋਂ ਦੋਸ਼ੀ ਹਨ, ਉੱਥੇ ਉਹਨਾਂ ਦੇਸ਼ਾਂ ਦੇ ਲੋਕ ਵੀ ਉਨ੍ਹਾਂ ਦੋਸ਼ੀ ਨੇ, ਕਾਸ਼ ਕਿਤੇ ਲੋਕ ਉਹ ਸਰਕਾਰਾਂ ਚੁਣਦੇ, ਜਿਹਨਾਂ ਦੇ ਹੱਥਾਂ ਵਿੱਚ ਲੜਾਈ ਦੇ ਰਿਮੋਟ ਬਟਨ ਦੀ ਥਾਂ ਹੱਥਾਂ ਵਿੱਚ ਕਲਮਾਂ ਤੇ ਕਿਤਾਬਾਂ ਹੁੰਦੀਆਂ।

ਪਹਿਲਾਂ ਪਹਿਲ ਜਦੋਂ ਮਾਰੂ ਹਥਿਆਰਾਂ ਵਾਲਾ ‘ਲੜਾਈ ਜੁਗ’ ਸ਼ੁਰੂ ਹੋਇਆ ਜਿਹੜਾ ਦੇਸ਼ ਹਾਰ ਜਾਂਦਾ ਸੀ, ਲੋਕਾਂ ਦੀ ਕਮਾਈ ਤੋਂ ਕਈ ਸਾਲ ਸਰਕਾਰਾਂ ਦੀ ਲੜਾਈ ਦੀ ਭਰਪਾਈ ਜਤੇ ਲੱਗ ਜਾਂਦੇ, ਤਦ ਕਿਤੇ ਸਰਕਾਰਾਂ ਇਸ ਜਿੱਲਣ ਤੋਂ ਬਾਹਰ ਨਿਕਲਦੀਆਂ। ਬਹੁਤੇ ਦੇਸ਼ਾਂ ਦੀਆਂ ਸਰਕਾਰਾਂ ਨੇ ਇਹਨਾਂ ਲੜਾਈਆਂ ਤੋਂ ਸਬਕ ਸਿੱਖ ਲਏ, ਮੁੜ ਕੇ ਨਾ ਲੜਨ ਦੀ ਸਹੁੰ ਖਾ ਲਈ, ਉਹ ਦੇਸ਼ ਤਰੱਕੀ ਵਾਲੇ ਰਾਹਾਂ ਵੱਲ ਵੱਧਣ ਲੱਗੇ। ਜਿਦਾਂ ਅਕਸਰ ਕਿਹਾ ਜਾਂਦਾ, “ਲੜਾਈ ਤੇ ਪਿਆਰ ਵਿੱਚ ਸਭ ਕੁਝ ਜਾਇਜ਼ ਹੈ।” ਇਸ ਕਰਕੇ ਇਹਨਾਂ ਲੜਾਈਆਂ ਦੀ ਸਭ ‘ਤੋਂ ਵੱਧ ਮਾਰ ਔਰਤਾਂ ’ਤੇ ਪੈਂਦੀਆਂ।

ਜਦੋਂ ਪੁਰਾਣੇ ਸਮਿਆਂ ਵਿੱਚ ਲੜਾਈਆਂ ਲੱਗਦੀਆਂ ਜਿਹੜੇ ਦੇਸ਼ ਹਾਰ ਜਾਂਦੇ, ਅਕਸਰ ਔਰਤਾਂ ਨਾਲ ਬਲਾਤਕਾਰ ਵਰਗੀਆਂ ਵਾਰਦਾਤਾਂ ਵਾਪਰਦੀਆਂ, ਜਾ ਉਹਨਾਂ ਔਰਤਾਂ ਨੂੰ ਜਬਰੀ ਆਪਣੇ ਘਰ ਵਸਾਇਆ ਜਾਂਦਾ, ਜਾਂ ਕਈ ਤਾਂ ਇਸ ਤੋਂ ਵੀ ਅੱਗੇ ਚਲੇ ਜਾਂਦੇ ਔਰਤਾਂ ਨੂੰ ਬਜ਼ਾਰ ਵਿੱਚ ਵੇਚਿਆਂ ਜਾਂਦਾ। ਕਿੱਥੇ ਆਪਣੀਆ ਸ਼ਿਕਾਇਤਾਂ ਕਰਦੀਆਂ, ਹਾਰੇ ਹੋਏ ਦੇਸ਼ ’ਤੇ ਜਿੱਤੇ ਹੋਏ ਦੇਸ਼ ਦੇ ਕਾਨੂੰਨ ਚੱਲਦੇ, ਕੋਈ ਦਾਦ ਫ਼ਰਿਆਦ ਨਾ ਸੁਣੀ ਜਾਂਦੀ।

ਹੁਣ ਭਾਵੇਂ ਸਮੇਂ ਬਦਲ ਗਏ ਨੇ, ਪਰ ਅੱਜ ਵੀ ਸਭ ਤੋਂ ਵੱਧ ਔਰਤਾਂ ਨੂੰ ਹੀ ਨੁਕਸਾਨ ਉਠਾਉਣਾ ਪੈਂਦਾ। ਬੇਸ਼ੱਕ ਅੱਜ ਬਲਾਤਕਾਰ ਵਰਗੀਆਂ ਘਟਨਾਵਾਂ ਤਾਂ ਨਹੀਂ ਵਾਪਰਦੀਆਂ, ਪਰ ਜਦੋਂ ਫ਼ੌਜੀ ਜੰਗ ਵਿੱਚ ਸ਼ਹੀਦ ਹੋ ਜਾਂਦੇ ਨੇ, ਔਰਤਾਂ ਦੇ ਸਾਰੀ ਉਮਰ ਦਾ ਜ਼ਖ਼ਮ ਦਿਲ ’ਤੇ ਨਾਸੂਰ ਬਣ ਲੱਗ ਜਾਂਦਾ, ਜਿੱਥੇ ਆਪਣੇ ਸਿਰ ਤੋਂ ਪਤੀ ਦਾ ਸਾਇਆ ਉੱਠ ਜਾਂਦਾ ਉੱਥੇ ਬੱਚਿਆਂ ਦੇ ਸਿਰ ਤੋਂ ਬਾਪ ਦਾ ਵੀ ਸਾਇਆ ਸਿਰ ‘ਤੋਂ ਜਾਂਦਾ ਲੱਗਦਾ, ਬੇਸ਼ੱਕ ਜ਼ਿੰਦਗੀ ਤਾਂ ਜਿਊਣੀ ਪੈਂਦੀ ਆ, ਪਰ ਹਰ ਪਲ ਲੰਘ ਦੇ ਬੜੇ ਤਕਲੀਫ ਦੇ ਹੁੰਦੇ ਨੇ, ਭਾਵੇਂ ਸਰਕਾਰਾਂ ਵਲੋਂ ਮਦਦ ਕੀਤੀ ਜਾਂਦੀ ਆ, ਪਰ ਕਦੇ ਵੀ ਪੂਰੀ ਤਰ੍ਹਾਂ ਭਰਪਾਈ ਨਹੀਂ ਕਰਦੀ। ਜਦੋਂ ਪਹਿਲੀ ਵਾਰੀ ਕਿਤੇ ਲੜਾਈ ਲੱਗੀ ਹੋਵੇਗੀ, ਜਦੋਂ ਔਰਤਾਂ ‘ਤੇ ਇੱਦਾਂ ਦੇ ਅੱਤਿਆਚਾਰ ਹੋਏ ਹੋਣਗੇ ਉਦੋਂ ਔਰਤਾਂ ਦੀ ਕੁੱਖ ਵਿਚੋਂ ਪਹਿਲੇ ਬੋਲ ਇਹੋ ਗੂੰਜੇ ਹੋਣਗੇ। ‘‘ਦੇਖੀ ਕਿਤੇ ਹਾਕਮਾਂ ਜੰਗ ਨਾ ਲਾਵੀਂ’’

ਜੇ ਅੱਜ ਦੇ ਸਮੇਂ ਦੀ ਗੱਲ ਕਰੀਏ ਤੱਦ ਅੱਜ ਦੁਨੀਆਂ ਇਕ ਗਲੋਬਲ ਪਿੰਡ ਬਣ ਚੁੱਕੀ ਆ, ਕੋਈ ਕੱਲਾ ਦੇਸ਼ ਨਹੀਂ ਰਹਿਆ, ਸਭ ਦੇਸ਼ ਇਕ ਦੂਜੇ ਨਾਲ ਜੁੜ ਚੁੱਕੇ ਨੇ ਵਿਉਪਾਰ ਪੱਖੋਂ, ਜਦ ਅੱਜ ਕਿਤੇ ਵੀ ਲੜਾਈ ਲੱਗਦੀ ਆ, ਉਸ ਲੜਾਈ ਦਾ ਅਸਰ ਸਾਰੇ ਦੇਸ਼ਾਂ ’ਤੇ ਸਾਰੇ ਲੋਕਾਂ ’ਤੇ ਪੈਂਦਾ। ਜਿਦਾਂ ਅਸੀਂ ਅੱਜ ਭਰ ਰਹੇ ਹਾਂ। ਸਿਰਫ ਲੜਾਈ ਮਹੀਨਾ ਕੁ ਚੱਲੀ ਆ, ਹਰ ਇਕ ਚੀਜ ਨੂੰ ਅੱਗ ਲੱਗ ਗਈ, ‘ਮਹਿੰਗਾਈ ਵਾਲੇ ਦੈਂਤ ‘ਨੇ ਆਪਣਾ ਮੂੰਹ ਪੂਰਾ ਖੋਲ ਲਿਆ, ਅੱਜ ਹਰ ਇੱਕ ਦੇਸ਼ ਦੀ ਸਰਕਾਰ ਤੋਂ ਇਹ ‘ਮਹਿੰਗਾਈ ਵਾਲਾ ਦੈਂਤ ਕੰਟਰੋਲ’ ਤੋਂ ਬਾਹਰ ਹੋ ਗਿਆ। ਹੁਣ ਇਹਨੂੰ ਨੱਥ ਪਾਉਣੀ ਖਾਲਾ ਜੀ ਦਾ ਵਾੜਾ ਨਹੀਂ। ਇਹ ਕੰਧ ’ਤੇ ਲਿਖਿਆ ਸੱਚ ਲੋਕਾਂ ਨੂੰ ਹਨੇਰੇ ਵਿੱਚ ਵੀ ਦਿਸਦਾ। ਅੱਜ ਲੋਕਾਂ ਦੇ ਕਿਸੇ ਵੀ ਚੀਜ ਨੂੰ ਹੱਥ ਲਾਉਣ ਲੱਗਿਆ ਹੱਥ ਕੰਬਦੇ ਨੇ।

ਬਹੁਤ ਸਾਰੇ ‘ਆਰਥਿਕ ਮਾਹਿਰ’ ਨੇ ਇਹ ਦੱਸਣਾ ਸ਼ੁਰੂ ਕਰ ਦਿੱਤਾ। ‘ਜੇ ਇਹ ਲੜਾਈ ਅੱਜ ਵੀ ਬੰਦ ਹੁੰਦੀ ਆ, ਇਹਦਾ ਖ਼ੁਮਿਆਜਾ ਲੋਕਾਂ ਨੂੰ ਅਗਲੇ ਪੰਜ ਸਾਲਾਂ ਤੱਕ ਭੁਗਤਣਾ ਪਵੇਗਾ।’ ਜਾਣੀ ਲੋਕਾਂ ਨੂੰ ਅਗਲੇ ਪੰਜ ਸਾਲ ਤੱਕ ਟੈਕਸਾਂ ਦੀ ਮਾਰ ਝੱਲਣੀ ਪਵੇਗੀ, “ਟੈਕਸ ਰੂਪੀ ਦੈਂਤ “ਪੂਰੇ ਪੰਜ ਸਾਲ ਦੁਨੀਆਂ ਦੇ ਲੋਕਾਂ ਦਾ ਲਹੂ ਪੀਵੇਗਾ। ਪਰ ਹਾਲੇ ਤੱਕ ਵੀ ਇਸ ਲੜਾਈ ਦੇ ਬੰਦ ਹੋਣ ਦੇ ਆਸਾਰ ਨਜ਼ਰ ਨਹੀਂ ਆ ਰਹੇ। ਪਰ ਹੁਣ ਇਕ ‘ਤਪਦੇ ਮਾਰੂਥਲ’ ਤੋਂ ਠੰਢੀ ਹਵਾ ਦਾ ਬੁੱਲਾ ਆਇਆ, ਅਕਸਰ ਜਿਦਾਂ ਲੜਾਈ ਵਿੱਚ ਹਰ ਵਾਰ ਹੁੰਦਾ, ਕਰੋੜਾ ਦਾ ਨੁਕਸਾਨ ਕਰਾ ਕੇ ਅਖੀਰ ਗੱਲ ‘ਟੇਬਲ ਟਾਕ’ ’ਤੇ ਮੁੱਕਦੀ ਆ। ਐਤਕੀਂ ਵੀ ਇਸ ਤਰ੍ਹਾਂ ਹੋਇਆ, ਦੋਵੇਂ ਸਰਕਾਰਾਂ 19 ਜੂਨ ਨੂੰ ਆਮਣੇ ਸਾਹਮਣੇ ਬੈਠ ਕੇ ਲੜਾਈ ਬੰਦ ਕਰ ਰਹੀਆਂ ਨੇ, ਮਸਾਂ ਕਿਤੇ ਦੁਨੀਆਂ ਨੂੰ ਇਹ ਖ਼ਬਰ ਸੁਣ ਕੇ ਸੁੱਖ ਦਾ ਸਾਹ ਆਇਆ।

ਅੱਜ ਭਾਵੇਂ ਦੁਨੀਆਂ ’ਤੇ ਕੋਈ ਵੀ ਦੇਸ਼ ਹੋਵੇ। ਸਭ ਤੋਂ ਪਹਿਲਾਂ ਇਸ ਦਾ ਅਸਰ ਤੇਲ ‘ਤੇ ਪਿਆ, ਅੱਜ ਦੁਨੀਆ ਭਰ ਵਿੱਚ ਤੇਲ ਨੂੰ ਅੱਗ ਲੱਗ ਗਈ ਹੈ। ਅਗਲਾ ਅਸਰ ਦੁਨੀਆ ਭਰ ਦੀਆਂ ਫਲਾਈਟਾਂ ’ਤੇ ਪਿਆ, ਸਾਰੇ ਦੇਸ਼ਾਂ ਨੇ ਆਪਣੀਆਂ ਫਲਾਈਟਾਂ ਕੱਟ ਕਰ ਦਿੱਤੀਆਂ ਨੇ, ਉੱਥੇ ਨਾਲੋਂ ਨਾਲ ਵਰਕਰਾਂ ਦੀ ਵੀ ਛੁੱਟੀ ਹੋ ਰਹੀ ਹੈ।

ਭਾਵੇਂ ਛੁਰੀ ਖਰਬੂਜੇ ’ਤੇ ਡਿੱਗੇ, ਭਾਵੇਂ ਖਰਬੂਜੇ ਛੁਰੀ ‘ਤੇ ਡਿੱਗੇ, ਸੱਤਿਆਨਾਸ ਖਰਬੂਜੇ ਦਾ ਸਦਾ ਹੁੰਦਾ। ਇੱਦਾਂ ਲੜਾਈਆਂ ਦਾ ਹਰਜਾਨਾ ਸਦਾ ਪਬਲਿਕ ਨੂੰ ਭਰਨਾ ਪੈਂਦਾ। ਸਾਰੀ ਦੁਨੀਆਂ ਵਿੱਚ ਇਸ ਲੜਾਈ ਦਾ ਅਸਰ ਦਿਸਣ ਲੱਗ ਪਿਆ ਆ, ਜਿੱਥੇ ਮਹਿੰਗਾਈ ਨੇ ਅੱਤ ਚੁੱਕੀ ਹੋਈ ਆ, ਉੱਥੇ ‘‘ਜੌਬਾ ਕੱਟ ਵਾਲਾ ਕੁਹਾੜਾ’’ ਵੀ ਨਾਲ ਹੀ ਚੱਲਣ ਲੱਗ ਪਿਆ ਆ। ਲੋਕ ਦੋਹਾਂ ਪਾਸੇ ਮਾਰੇ ਜਾਣਗੇ।

ਇਹ ਕੰਮ ਕਈ ਸਾਲ ਚਲਦਾ ਰਹਿਣਾ, ਲੜਾਈ ਭਾਵੇਂ ਘਰ ਵਿੱਚ ਹੋਵੇ, ਭਾਵੇਂ ਪਿੰਡ ਵਿੱਚ ਹੋਵੇ, ਭਾਵੇ ਸੂਬੇ ਵਿੱਚ ਹੋਵੇ, ਭਾਵੇਂ ਦੇਸ਼ ਵਿੱਚ ਹੋਵੇ, ਇਹਦੇ ਸਦਾ ਭਿਆਨਕ ਸਿੱਟੇ ਨਿਕਲਦੇ ਨੇ, ਪਰ ਇਹਨਾਂ ਸਿਆਸਤਦਾਨਾਂ ਨੂੰ ਕੌਣ ਆਖੇ, ‘‘ਰਾਣੀਏ ਅੱਗਾਂ ਢੱਕ’’ ਆਖੀਰ ਵਿੱਚ ਸਾਰੀ ਦੁਨੀਆਂ ਰੱਬ ਅੱਗੇ ਇਹੋ ਅਰਦਾਸ ਕਰ ਸਕਦਾ ਆ, ਇਹਨਾਂ ਸਿਆਸਤਦਾਨਾਂ ਨੂੰ ਥੋੜੀ ਅਕਲ ਦੇਵੀ, ਹੋਰ ਜੋ ਮਰਜ਼ੀ ਕਰੀ ਜਾਣ, ਪਰ ਆਹ ਲਹੂ ਪੀਣੀ ‘ਹਾਕਮ ਜੰਗ ਨਾ ਲਾਉਣ।’

* * * * * * * *

# ਸ਼੍ਰੋਮਣੀ ਕਮੇਟੀ ਦਾ ਕੈਲੰਡਰ ਵਿਗਿਆਨ

ਸਰਬਜੀਤ ਸਿੰਘ ਸੈਕਰਾਮੈਂਟੋ



ਸਿੱਖ ਪੰਥ ਦੇ ਕੇਦਰੀ ਅਸਥਾਨ, ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ, ਜਿਨ੍ਹਾਂ ਦੀ ਉਸਾਰੀ ਗੁਰੂ ਸਾਹਿਬ ਜੀ ਨੇ ਆਪਣੀ ਦੇਖ-ਰੇਖ ਹੇਠ ਕਰਵਾਈ ਸੀ। ਦਰਬਾਰ ਸਾਹਿਬ ਜੀ ਦੀ ਨੀਂਹ 1 ਮਾਘ, ਮਾਘ ਵਦੀ 5, ਸੰਮਤ 1645 ਬਿਕ੍ਰਮੀ (28 ਦਸੰਬਰ 1588 ਈ: ਜੂਲੀਅਨ) ਦਿਨ ਸ਼ਨਿਚਰਵਾਰ ਨੂੰ ਰੱਖੀ ਗਈ ਸੀ। ਅੱਜ ਵੀ ਇਹ ਦਿਹਾੜਾ ਸ਼੍ਰੋਮਣੀ ਕਮੇਟੀ ਦੇ ਕੈਲੰਡਰ ਵਿੱਚ 1 ਮਾਘ (12 ਜਨਵਰੀ) ਦਾ ਹੀ ਦਰਜ ਹੈ। ਸਪੱਸ਼ਟ ਹੈ ਕਿ ਸ਼੍ਰੋਮਣੀ ਕਮੇਟੀ ਇਹ ਦਿਹਾੜਾ ਪ੍ਰਵਿਸ਼ਟਿਆਂ ਮੁਤਾਬਕ ਹੀ ਦਰਜ ਕਰਦੀ ਅਤੇ ਮਨਾਉਂਦੀ ਹੈ। ਨਾਨਕਸ਼ਾਹੀ ਕੈਲੰਡਰ ਵਿੱਚ ਵੀ ਇਸੇ ਪ੍ਰਵਿਸ਼ਟੇ ਭਾਵ 1 ਮਾਘ ਨੂੰ ਮੁੱਖ ਰੱਖਿਆ ਗਿਆ ਹੈ। ਅਕਾਲ ਤਖਤ ਸਾਹਿਬ ਜੀ ਦਾ ਸਿਰਜਣਾ ਦਿਵਸ, ਭਾਵ ਥੜ੍ਹਾ ਸਾਹਿਬ ਦੀ ਉਸਾਰੀ ਦਾ ਆਰੰਭ 18 ਹਾੜ, ਹਾੜ ਵਦੀ 5, ਸੰਮਤ 1662 ਬਿਕ੍ਰਮੀ ਦਿਨ ਐਤਵਾਰ (15 ਜੂਨ 1606 ਈ: ਜੂਲੀਅਨ) ਨੂੰ ਹੋਇਆ ਸੀ। ਨਾਨਕਸ਼ਾਹੀ ਕੈਲੰਡਰ ਵਿੱਚ ਅੱਜ ਵੀ ਇਹ ਦਿਹਾੜਾ 18 ਹਾੜ ਦਾ ਹੀ ਦਰਜ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਾਨਕਸ਼ਾਹੀ ਕੈਲੰਡਰ ਲਾਗੂ ਕਰਨ ਵੇਲੇ ਤੋਂ (ਸੰਮਤ 535 ਨਾਨਕਸ਼ਾਹੀ/ ਮਾਰਚ 2003 ਈ:) ਅੱਜ ਤਾਂਈ, ਹਰ ਸਾਲ ਦਰਬਾਰ ਸਾਹਿਬ ਦਾ ਨੀਂਹ ਪੱਥਰ ਰੱਖਣ ਦਾ ਦਿਹਾੜਾ 1 ਮਾਘ ਨੂੰ ਹੀ ਮਨਾਇਆ ਜਾਂਦਾ ਹੈ। ਇਸੇ ਤਰ੍ਹਾਂ ਹੀ ਅਕਾਲ ਤਖਤ ਸਾਹਿਬ ਜੀ ਦਾ ਸਿਰਜਣਾ ਦਿਵਸ 535 ਨਾਨਕਸ਼ਾਹੀ (2003-04 ਈ:) ਤੋਂ ਸੰਮਤ 554 ਨਾਨਕਸ਼ਾਹੀ (2022-23) ਤੀਕ 18 ਹਾੜ ਨੂੰ ਮਨਾਇਆ ਜਾਂਦਾ ਰਿਹਾ ਹੈ। ਯਾਦ ਰਹੇ ਸ਼੍ਰੋਮਣੀ ਕਮੇਟੀ ਨੇ ਨਾਨਕਸ਼ਾਹੀ ਕੈਲੰਡਰ ਨੂੰ ਸੰਮਤ 542 ਨਨਾਕਸ਼ਾਹੀ ਵਿੱਚ (ਮਾਰਚ 2010 ਈ:) ਰੱਦ ਕਰਕੇ, ਧੁਮੱਕੜਸ਼ਾਹੀ ਕੈਲੰਡਰ ਲਾਗੂ ਕਰ ਦਿੱਤਾ ਸੀ। ਪਰ ਸਿਰਜਣਾ ਦਿਵਸ ਸ੍ਰੀ ਅਕਾਲ ਤਖਤ ਸਾਹਿਬ ਦਾ ਪ੍ਰਵਿਸ਼ਟਾ ਨਾਨਕਸ਼ਾਹੀ ਕੈਲੰਡਰ ਮੁਤਾਬਕ 18 ਹਾੜ ਹੀ ਰੱਖਿਆ ਸੀ।





| | |
|---|---|
| ਸ਼ਹੀਦੀ ਦਿਹਾੜਾ ਬਾਬਾ ਬੰਦਾ ਸਿੰਘ ਜੀ ਬਹਾਦਰ | ੧੧ ਹਾੜ |
| ਬਰਸੀ ਮਹਾਰਾਜਾ ਰਣਜੀਤ ਸਿੰਘ ਜੀ | ੧੫ ਹਾੜ |
| ਮੀਰੀ-ਪੀਰੀ ਦਿਵਸ ਪਾਤਸ਼ਾਹੀ ਛੇਵੀਂ | ੧੭ ਹਾੜ |
| ਸਿਰਜਣਾ ਦਿਵਸ ਸ੍ਰੀ ਅਕਾਲ ਤਖ਼ਤ ਸਾਹਿਬ | ੧੮ ਹਾੜ |
| ਸ਼ਹੀਦੀ ਦਿਹਾੜਾ ਭਾਈ ਮਨੀ ਸਿੰਘ ਜੀ | ੨੫ ਹਾੜ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | ੩੧ ਹਾੜ |

ਅਕਾਲ ਤਖਤ ਸਾਹਿਬ ਜੀ ਨਾਲ ਸਬੰਧਿਤ ਹੀ ਇਕ ਹੋਰ ਦਿਹਾੜਾ ਹੈ ਉਹ ਹੈ, ਮੀਰੀ-ਪੀਰੀ ਦਿਵਸ। ਇਤਿਹਾਸਿਕ ਵਸੀਲਿਆਂ ਮੁਤਾਬਕ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਦੋ ਤਲਵਾਰਾਂ, 6 ਸਾਵਣ, ਹਾੜ ਸੁਦੀ 10, ਸੰਮਤ 1663 ਬਿਕ੍ਰਮੀ (5 ਜੁਲਾਈ 1606 ਈ: ਜੂਲੀਅਨ) ਦਿਨ ਸ਼ਨਿਚਰਵਾਰ ਨੂੰ ਧਾਰਨ ਕੀਤੀਆ ਗਈਆ ਸਨ। ਨਾਨਕਸ਼ਾਹੀ ਕੈਲੰਡਰ ਵਿੱਚ ਇਹ ਦਿਹਾੜਾ 6 ਸਾਵਣ (21 ਜੁਲਾਈ) ਦਾ ਹੀ ਦਰਜ ਹੈ। ਸ਼੍ਰੋਮਣੀ ਕਮੇਟੀ ਨੇ ਮਾਰਚ 2010 ਈ: ਵਿੱਚ ਧੁਮੱਕੜਸ਼ਾਹੀ ਕੈਲੰਡਰ ਲਾਗੂ ਕਰਨ ਵੇਲੇ ਇਹ ਦਿਹਾੜਾ 6 ਸਾਵਣ ਦਾ ਹੀ ਰੱਖਿਆ ਸੀ। ਪਰ ਮਾਰਚ 2015 ਈ: ਵਿੱਚ ਛਾਪੇ ਕੈਲੰਡਰ (547 ਨ: ਸ:) ਵਿੱਚ ਇਹ ਦਿਹਾੜਾ 11 ਸਾਵਣ (26 ਜੁਲਾਈ) ਦਾ ਦਰਜ ਕਰ ਦਿੱਤਾ। ਪੜਤਾਲ ਕਰਨ ਤੇ ਪਤਾ ਲੱਗਾ ਕਿ ਇਸ ਦਿਨ ਹਾੜ ਸੁਦੀ 10 ਸੀ। ਭਾਵ ਕਿ ਬਿਨਾ ਕਿਸੇ ਸਲ੍ਹਾ-ਮਸ਼ਵਰੇ ਦੇ, ਮੀਰੀ ਪੀਰੀ ਦਿਵਸ ਦੀ ਤਾਰੀਖ 6 ਸਾਵਣ ਤੋਂ ਬਦਲ ਕੇ ਹਾੜ ਸੁਦੀ 10 ਲਿਖ ਦਿੱਤੀ ਗਈ। ਇਸ ਦਾ ਕਾਰਨ ਜਾਨਣ ਲਈ, ਮੇਰੇ ਵੱਲੋਂ ਸ੍ਰੋਮਣੀ ਕਮੇਟੀ ਨੂੰ ਲਿਖੇ ਪੱਤਰ ਦਾ ਜਵਾਬ ਅੱਜ ਤਾਂਈ ਨਹੀਂ ਆਇਆ।

ਹੁਣ ਇਕ ਨਵੀ ਸਮੱਸਿਆ ਸਾਹਮਣੇ ਆ ਖੜੀ ਹੋਈ। ਅਕਾਲ ਤਖਤ ਸਾਹਿਬ ਦਾ ਸਿਰਜਣਾ ਦਿਵਸ ਪ੍ਰਵਿਸ਼ਟਿਆਂ ਮੁਤਾਬਕ 18 ਹਾੜ ਅਤੇ ਮੀਰੀ ਪੀਰੀ ਦਿਵਸ ਵਦੀ-ਸੁਦੀ ਮੁਤਾਬਕ, ਹਾੜ ਸੁਦੀ 10 ਹੋਣ ਕਾਰਨ, ਹਰ ਸਾਲ ਇਨ੍ਹਾਂ ਦੋਵਾਂ ਦਿਹਾੜਿਆਂ ਦੇ ਦਿਨਾਂ ਦਾ ਅੰਤਰ ਵੱਖ-ਵੱਖ ਹੋਣਾ ਸੁਭਾਵਕ ਹੀ ਸੀ। ਹੈਰਾਨੀ ਤਾਂ ਕਮੇਟੀ ਵੱਲੋਂ ਛਾਪੇ ਗਏ ਸੰਮਤ 552 ਨਾਨਕਸ਼ਾਹੀ ( ਮਾਰਚ 2020 ਈ: ) ਦੇ ਕੈਲੰਡਰ ਨੂੰ ਵੇਖ ਕੇ ਹੋਈ, ਜਿਸ ਵਿੱਚ ਮੀਰੀ ਪੀਰੀ ਦਿਵਸ 17 ਹਾੜ ਅਤੇ ਸਿਰਜਣਾ ਦਿਵਸ ਸ੍ਰੀ ਅਕਾਲ ਤਖਤ ਸਾਹਿਬ 18 ਹਾੜ ਦਾ ਦਰਜ ਸੀ।

ਸ਼੍ਰੋਮਣੀ ਕਮੇਟੀ ਵੱਲੋਂ ਸੰਮਤ 554 ਨਾਨਕਸ਼ਾਹੀ ਦਾ ਕੈਲੰਡਰ ਜਾਰੀ ਕਰਨ ਪਿੱਛੋਂ, ਮੇਰੇ ਵੱਲੋਂ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜੀ ਨੂੰ ਇਕ ਪੱਤਰ (14 ਮਾਰਚ 2022) ਲਿਖਿਆ ਗਿਆ ਸੀ। ਜਿਸ ਵਿੱਚ ਕਈ ਹੋਰ ਨੁਕਤਿਆਂ ਦੇ ਨਾਲ ਨਾਲ ਉਪ੍ਰੋਕਤ ਪ੍ਰਵਿਸ਼ਟਿਆਂ (17 ਹਾੜ ਅਤੇ 18 ਹਾੜ) ਦਾ ਜਿਕਰ ਵੀ ਕੀਤਾ ਗਿਆ ਸੀ, ਅਤੇ ਇਹ ਵੀ ਲਿਖਿਆ ਗਿਆ ਸੀ ਕਿ, "ਜੇ ਅਜੇ ਵੀ ਨਾ ਜਾਗੇ ਤਾਂ ਧਰਮ ਪ੍ਰਚਾਰ ਕਮੇਟੀ ਨੇ ਅਗਲੇ ਸਾਲ (ਸੰਮਤ 555 ਨਾਨਕਸ਼ਾਹੀ) ਦੇ ਕੈਲੰਡਰ ਵਿੱਚ ਮੀਰੀ-ਪੀਰੀ ਦਾ ਦਿਹਾੜਾ, ਥੜ੍ਹਾ ਸਾਹਿਬ ਦੀ ਉਸਾਰੀ (18 ਹਾੜ) ਤੋਂ 4 ਦਿਨ ਪਹਿਲਾ ਦਾ (14 ਹਾੜ) ਦਰਜ ਕਰ ਦੇਣਾ ਹੈ। ਦੱਸੋ, ਨਵੀਂ ਪੀੜੀ ਇਸ ਤੋਂ ਕੀ ਸੇਧ ਲਵੇਗੀ ?"। ਮੈਨੂੰ ਆਸ ਸੀ ਕਿ ਆਪਣੇ ਆਪ ਨੂੰ ਸ਼੍ਰੋਮਣੀ ਅਖਵਾਉਣ ਵਾਲੀ ਕਮੇਟੀ ਅਗਲੇ ਸਾਲ ਤੋਂ ਮੀਰੀ-ਪੀਰੀ ਦਿਵਸ ਨੂੰ ਅਸਲ ਪ੍ਰਵਿਸ਼ਟੇ ਮੁਤਾਬਕ 6 ਸਾਵਣ ਦਾ ਦਰਜ ਕਰੇਗੀ। ਪਰ ਹੋਇਆ ਇਸ ਤੋਂ ਉਲਟ, ਕਮੇਟੀ ਨੇ ਅਕਾਲ ਤਖਤ ਸਾਹਿਬ ਦਾ ਸਿਰਜਣਾ ਦਿਵਸ 18 ਹਾੜ ਤੋਂ ਬਦਲ ਕੇ ਵਦੀ-ਸੁਦੀ ਮੁਤਾਬਕ ਹਾੜ ਵਦੀ 5 ਦਾ ਦਰਜ ਕਰ ਦਿੱਤਾ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 14 ਮਾਰਚ 2010 ਈ: ਤੋਂ ਲਾਗੂ ਕੀਤੇ ਗਏ ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ (ਦ੍ਰਿਕ ਗਿਣਤ ਸਿਧਾਂਤ), ਜਿਸ ਨੂੰ ਦੋ ਮੈਂਬਰੀ ਕੈਲੰਡਰ ਵਿਗਾੜੂ ਕਮੇਟੀ (ਭਾਈ ਹਰਨਾਮ ਸਿੰਘ ਧੁੰਮਾ ਅਤੇ ਜਥੇਦਾਰ ਅਵਤਾਰ ਸਿੰਘ ਮੱਕੜ) ਦੇ ਨਾਮ ਨਾਲ (ਧੁਮੱਕੜਸ਼ਾਹੀ ਕੈਲੰਡਰ) ਯਾਦ ਕੀਤਾ ਜਾਂਦਾ ਹੈ, ਵਿੱਚ ਕੁਝ ਦਿਹਾੜੇ ਵਦੀ-ਸੁਦੀ ਮੁਤਾਬਕ (ਸਾਲ ਦੀ ਲੰਬਾਈ 354.37 ਦਿਨ, ਚੌਥੇ ਸਾਲ 385 ਦਿਨ) ਕੁਝ ਦਿਹਾੜੇ ਪ੍ਰਵਿਸ਼ਟਿਆਂ ਮੁਤਾਬਕ (ਸਾਲ ਦੀ ਲੰਬਈ 1964 ਈ: ਤੋਂ ਪਹਿਲਾ 365.2587 ਦਿਨ ਅਤੇ 1964 ਈ: ਤੋਂ ਪਿਛੋਂ 365.2563 ਦਿਨ) ਅਤੇ ਕੁਝ ਦਿਹਾੜੇ ਅੰਗਰੇਜੀ ਕੈਲੰਡਰ (ਸਾਲ ਦੀ ਲੰਬਾਈ 1752 ਈ:ਤੋਂ ਪਹਿਲਾ 365.25 ਦਿਨ, ਪਿੱਛੋਂ 365.2425 ਦਿਨ) ਦਰਜ ਕੀਤੇ ਜਾਂਦੇ ਹਨ। ਯਾਦ ਰਹੇ ਜੂਲੀਅਨ ਕੈਲੰਡਰ ਕਦੇਂ ਵੀ ਆਪਣੇ ਦੇਸ਼ ਵਿੱਚ ਲਾਗੂ ਨਹੀਂ ਰਿਹਾ। ਅੰਗਰੇਜਾਂ ਦੇ ਆਉਣ ਪਿਛੋਂ ਆਪਣੇ ਦੇਸ਼ ਵਿੱਚ ਗਰੈਗੋਰੀਅਨ ਕੈਲੰਡਰ (365.2425 ਦਿਨ) ਹੀ ਆਇਆ ਸੀ।

ਹੁਣ ਇਸ ਸਵਾਲ ਦਾ ਜਵਾਬ ਕੌਣ ਦੇਵੇਗਾ, ਕਿ ਹਰ ਸਾਲ ਦਰਬਾਰ ਸਾਹਿਬ ਦਾ ਨੀਂਹ ਪੱਥਰ ਰੱਖਣ ਦਾ ਦਿਹਾੜਾ ਪ੍ਰਵਿਸ਼ਟਿਆ ਮੁਤਾਬਕ 1 ਮਾਘ ਨੂੰ ਮਨਾਉਣ ਨਾਲ ਜੇ ਕੋਈ ਮਰਯਾਦਾ ਭੰਗ ਨਹੀਂ ਹੋਈ ਤਾਂ ਸਿਰਜਣਾ ਦਿਵਸ ਅਕਾਲ ਤਖਤ ਸਾਹਿਬ 18 ਹਾੜ, ਅਤੇ ਮੀਰੀ ਪੀਰੀ ਦਿਵਸ 6 ਸਾਵਣ ਨੂੰ ਮਨਾਉਣ ਨਾਲ ਗੁਰਮਤਿ ਅਤੇ ਇਤਿਹਾਸ ਦੇ ਕਿਹੜੇ ਸਿਧਾਂਤ ਦੀ ਅਵੱਗਿਆ ਹੋਵੇਗੀ ? ਖਾਲਸਾ ਜੀ ਜਾਗੋਂ !

| ਸੰਮਤ ਨ: ਸ: | ਨੀਂਹ ਪੱਥਰ ਦਿਵਸ ਦਰਬਾਰ ਸਾਹਿਬ | ਸਿਰਜਣਾ ਦਿਵਸ ਅਕਾਲ ਤਖਤ ਸਾਹਿਬ | ਮੀਰੀ ਪੀਰੀ ਦਿਵਸ |
|---|---|---|---|
| 549 | 1 ਮਾਘ | 18 ਹਾੜ | 19 ਹਾੜ |
| 550 | 1 ਮਾਘ | 18 ਹਾੜ | 7 ਸਾਵਣ |
| 551 | 1 ਮਾਘ | 18 ਹਾੜ | 27 ਹਾੜ |
| 552 | 1 ਮਾਘ | 18 ਹਾੜ | 17 ਹਾੜ |
| 553 | 1 ਮਾਘ | 18 ਹਾੜ | 4 ਸਾਵਣ |
| 554 | 1 ਮਾਘ | 18 ਹਾੜ | 25 ਹਾੜ |
| 555 | 1 ਮਾਘ | 25 ਜੇਠ | 14 ਹਾੜ |
| 556 | 1 ਮਾਘ | 13 ਹਾੜ | 1 ਸਾਵਣ |
| 557 | 1 ਮਾਘ | 2 ਹਾੜ | 21 ਹਾੜ |
| 558 | 1 ਮਾਘ | 21 ਹਾੜ | 9 ਸਾਵਣ |

**ਜ਼ਰੂਰੀ ਸੂਚਨਾ**

ਪੰਜਾਬ ਟਾਈਮਜ਼ ਵਿਚ ਸਿਹਤ ਸਬੰਧੀ ਛਪਣ ਵਾਲੇ ਲੇਖਾਂ, ਸੁਝਾਵਾਂ ਅਤੇ ਇਸ਼ਤਿਹਾਰਾਂ ਵਿੱਚ ਕੀਤੇ ਗਏ ਦਾਅਵਿਆਂ ਬਾਰੇ, ਸਬੰਧਿਤ ਲੇਖਕ ਅਤੇ ਇਸ਼ਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਵਾਰ ਹੁੰਦੀ ਹੈ, ਤੁਸੀਂ ਕਿਸੇ ਵੀ ਸਲਾਹ ਦੇ ਨਾਲ ਨਾਲ ਆਪਣੇ ਨਿੱਜੀ ਡਾਕਟਰ ਦੀ ਸਲਾਹ ਵੀ ਲੈ ਸਕਦੇ ਹੋ । ਇਸ ਲਈ ਸੰਪਾਦਕ ਅਤੇ ਅਦਾਰਾ ਜਿੰਮੇਵਾਰ ਨਹੀਂ ਹੈ ।
ਵੱਲੋਂ – ਸੰਪਾਦਕ ਪੰਜਾਬ ਟਾਈਮਜ਼ ਡਰਬੀ

# ਕੀ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਖੇਤਰੀ ਪਾਰਟੀ ਵਜੋਂ ਮੁੜ ਉਭਰੇਗਾ ?

ਗੁਰਮੀਤ ਸਿੰਘ ਪਲਾਹੀ
9815802070



ਦੇਸ਼ ਵਿੱਚ ਐਮਰਜੈਂਸੀ ਦੀ 51ਵੀਂ ਵਰ੍ਹੇ ਗੰਢ ਦੇ ਮੌਕੇ 'ਤੇ ਸਭ ਤੋਂ ਵੱਡੀ ਭੂਮਿਕਾ ਨਿਭਾਉਣ ਵਾਲੇ ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਵਾਸੀਆਂ ਨਾਲ ਐਮਰਜੈਂਸੀ ਸਮੇਂ ਦੌਰਾਨ ਹੋਈਆਂ ਜ਼ਿਆਦਤੀਆਂ ਨੂੰ ਸਾਂਝਾ ਨਹੀਂ ਕੀਤਾ। ਯਾਦ ਰਹੇ ਪੰਜਾਬੀਆਂ ਨੇ ਐਮਰਜੈਂਸੀ ਦੇ ਦੌਰ 'ਚ ਸਭ ਤੋਂ ਵੱਧ ਕਸ਼ਟ ਭੋਗਿਆ ਸੀ। ਦੇਸ਼ ਭਰ 'ਚ ਵਿਰੋਧੀ ਧਿਰਾਂ ਨੇ ਐਮਰਜੈਂਸੀ ਦੇ ਕਾਲੇ ਦੌਰ ਨੂੰ ਖ਼ੂਬ ਪ੍ਰਚਾਰਿਆ ਅਤੇ ਕਾਂਗਰਸ ਖ਼ਿਲਾਫ਼ ਪ੍ਰਚਾਰ ਕਰਕੇ ਸਿਆਸੀ ਲਾਹਾ ਲੈਣ ਦਾ ਯਤਨ ਕੀਤਾ। ਪਰ ਸ਼੍ਰੋਮਣੀ ਅਕਾਲੀ ਦਲ ਦੇ ਮੁੱਖ ਨੇਤਾ ਸਿਰਫ਼ ਇੱਕ ਬਿਆਨ ਦੇ ਕੇ ਚੁੱਪੀ ਸਾਧੀ ਬੈਠੇ ਰਹੇ। ਆਖ਼ਿਰ ਕਿਉਂ ? ਸ਼੍ਰੋਮਣੀ ਅਕਾਲੀ ਦਲ ਦਾ ਇਤਿਹਾਸ ਲਗਭਗ ਇੱਕ ਸਦੀ ਪੁਰਾਣਾ ਹੈ। ਇਹ ਸਿਰਫ਼ ਇੱਕ ਸਿਆਸੀ ਪਾਰਟੀ ਨਹੀਂ, ਬਲਕਿ ਪੰਜਾਬ, ਪੰਜਾਬੀਅਤ ਅਤੇ ਸਿੱਖ ਪੰਥ ਦੇ ਹੱਕਾਂ ਦੀ ਰਾਖੀ ਲਈ ਹੋਂਦ ਵਿੱਚ ਆਈ ਇੱਕ ਅਜਿਹੀ ਲਹਿਰ ਸੀ ਜਿਸ ਨੇ ਦੇਸ਼ ਦੀ ਆਜ਼ਾਦੀ ਤੋਂ ਲੈ ਕੇ ਸਮਾਜਿਕ ਅਤੇ ਸੂਬਾਈ ਹੱਕਾਂ ਦੀ ਲੜਾਈ ਵਿੱਚ ਹਮੇਸ਼ਾ ਮੋਹਰੀ ਰੋਲ ਅਦਾ ਕੀਤਾ। ਕਦੇ ਇਹ ਪੰਜਾਬ ਖੇਤਰ ਦੀ ਤਰਜ਼ਮਾਨੀ ਕਰਨ ਵਾਲੀ ਪੰਜਾਬ ਦੀ ਵੱਡੀ ਸਿਆਸੀ ਧਿਰ ਸੀ। ਪਰ ਅੱਜ ਇਹ ਪਾਰਟੀ ਵਿੱਖਰੀ ਹੋਈ ਹੈ। ਫੁਟ ਦਾ ਸ਼ਿਕਾਰ ਹੈ। ਕੀ ਇਹ ਸਵਾਰਥ ਸਿੱਧੀ ਦਾ ਨਤੀਜਾ ਨਹੀਂ ਹੈ ?

ਸਵਾਲ ਇਹ ਵੀ ਖੜ੍ਹਾ ਹੁੰਦਾ ਹੈ ਕਿ ਕੀ ਕੁਰਬਾਨੀਆਂ ਦੇ ਇਤਿਹਾਸ ਵਾਲੀ ਇਹ ਜਥੇਬੰਦੀ ਪੰਜਾਬ ਵਿੱਚ ਇੱਕ ਮਜ਼ਬੂਤ ਖੇਤਰੀ ਪਾਰਟੀ ਵਜੋਂ ਮੁੜ ਉਭਰ ਸਕੇਗੀ ? ਪੰਜਾਬ ਦੇ ਮੌਜੂਦਾ ਹਾਲਾਤ, ਕੇਂਦਰੀ ਪਾਰਟੀਆਂ ਦੀਆਂ ਚਾਲਾਂ ਅਤੇ ਅਕਾਲੀ ਦਲ ਦੀ ਅੰਦਰੂਨੀ ਫੁੱਟ ਨੂੰ ਵੇਖਦਿਆਂ ਇਹ ਸਵਾਲ ਬਹੁਤ ਗੰਭੀਰ ਹੋ ਗਿਆ ਹੈ। ਅਕਾਲੀ ਦਲ ਦੀ ਪਛਾਣ ਹਮੇਸ਼ਾ ਜ਼ੁਲਮ ਅਤੇ ਬੇਇਨਸਾਫ਼ੀ ਖ਼ਿਲਾਫ਼ ਡਟਣ ਵਾਲੀ ਪਾਰਟੀ ਵਜੋਂ ਰਹੀ ਹੈ। ਜਦੋਂ 1975 ਵਿੱਚ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਦੇਸ਼ ਵਿੱਚ ਐਮਰਜੈਂਸੀ ਲਗਾਈ, ਵਿਰੋਧੀ ਧਿਰ ਦੇ ਆਗੂਆਂ ਨੂੰ ਜੇਲ੍ਹਾਂ ਵਿੱਚ ਡੱਕ ਦਿੱਤਾ ਅਤੇ ਪ੍ਰੈੱਸ 'ਤੇ ਪਾਬੰਦੀਆਂ ਲਗਾ ਦਿੱਤੀਆਂ, ਤਾਂ ਉਹ ਸ਼੍ਰੋਮਣੀ ਅਕਾਲੀ ਦਲ ਹੀ ਸੀ ਜਿਸ ਨੇ ਸਭ ਤੋਂ ਵੱਡੇ ਪੱਧਰ 'ਤੇ ਇਸ ਤਾਨਾਸ਼ਾਹੀ ਦਾ ਵਿਰੋਧ ਕੀਤਾ। ਸਵਰਗਵਾਸੀ ਪ੍ਰਕਾਸ਼ ਸਿੰਘ ਬਾਦਲ ਸਮੇਤ ਕਈ ਵੱਡੇ ਅਕਾਲੀ ਆਗੂਆਂ, ਵਰਕਰਾਂ ਨੇ ਲੰਮਾ ਸਮਾਂ ਜੇਲ੍ਹਾਂ ਕੱਟੀਆਂ ਤੇ ਕੁਰਬਾਨੀਆਂ ਦਿੱਤੀਆਂ। ਜਾਪਦਾ ਹੈ ਇਹਨਾਂ ਕੁਰਬਾਨੀਆਂ ਨੂੰ ਨੇਤਾਵਾਂ ਪੈਰਾਂ 'ਚ ਰੋਲ ਕੇ ਰੱਖ ਦਿੱਤਾ ਹੈ !

ਅਕਾਲੀ ਦਲ ਦੇ ਮੌਜੂਦਾ ਕਿਰਦਾਰ ਵੱਲ ਝਾਤ ਮਾਰਦਿਆਂ ਤਾਂ ਬੜੇ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਇਹ ਪਾਰਟੀ ਆਪਣੇ ਹੀ ਸ਼ਾਨਦਾਰ ਇਤਿਹਾਸ ਨੂੰ ਪੂਰੀ ਤਰ੍ਹਾਂ ਵਿਸਾਰ ਚੁੱਕੀ ਹੈ। ਇੱਥੇ ਤਿੰਨ ਅਜਿਹੀਆਂ ਵੱਡੀਆਂ ਗੱਲਾਂ ਹਨ ਜਿਨ੍ਹਾਂ 'ਤੇ ਅਕਾਲੀ ਦਲ ਦੀ ਚੁੱਪੀ ਪੰਜਾਬੀਆਂ ਦੇ ਹਿਰਦੇ ਵਲੂੰਧਰਦੀ ਹੈ: ਪਹਿਲੀ ਇਹ ਕਿ ਐਮਰਜੈਂਸੀ ਦੀਆਂ ਜ਼ਿਆਦਤੀਆਂ ਨੂੰ ਇਹ ਪਾਰਟੀ ਭੁੱਲ ਚੁੱਕੀ ਹੈ। ਜਿਸ ਤਾਨਾਸ਼ਾਹੀ ਖ਼ਿਲਾਫ਼ ਅਕਾਲੀ ਦਲ ਨੇ ਸਭ ਤੋਂ ਵੱਡਾ ਮੋਰਚਾ ਲਾਇਆ ਸੀ, ਅੱਜ ਦੀ ਲੀਡਰਸ਼ਿਪ ਐਮਰਜੈਂਸੀ ਦੌਰਾਨ ਹੋਈਆਂ ਉਨ੍ਹਾਂ ਭਿਆਨਕ ਜ਼ਿਆਦਤੀਆਂ ਅਤੇ ਆਪਣੇ ਆਗੂਆਂ ਦੇ ਸੰਘਰਸ਼ ਨੂੰ ਪੂਰੀ ਤਰ੍ਹਾਂ ਵਿਸਾਰ ਬੈਠੀ ਹੈ।

ਦੂਜਾ ਇਹ ਪਾਰਟੀ ਸੂਬਿਆਂ ਦੇ ਵੱਧ ਅਧਿਕਾਰਾਂ ਅਤੇ ਅਨੰਦਪੁਰ ਮਤੇ ਤੋਂ ਕਿਨਾਰਾ ਕਰੀ ਬੈਠੀ ਹੈ। ਭਾਰਤ ਦੇ ਸੰਘੀ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਰਾਜਾਂ ਨੂੰ ਵੱਧ ਸਵੈ-ਖ਼ੁਦਮੁਖਤਿਆਰੀ (ਅਧਿਕਾਰ) ਦਿਵਾਉਣ ਲਈ ਅਕਾਲੀ ਦਲ ਨੇ ਇਤਿਹਾਸਕ 'ਅਨੰਦਪੁਰ ਸਾਹਿਬ ਦਾ ਮਤਾ' ਪਾਸ ਕੀਤਾ ਸੀ। ਪਰ ਅੱਜ ਅਕਾਲੀ ਦਲ ਇਸ ਮਤੇ ਨੂੰ ਅੱਗੇ ਲਿਆਉਣ ਤੋਂ ਪੂਰੀ ਤਰ੍ਹਾਂ ਪਿੱਛੇ ਹਟ ਗਿਆ ਹੈ ਅਤੇ ਕੇਂਦਰੀਕਰਨ ਦੀ ਸਿਆਸਤ ਅੱਗੇ ਗੋਡੇ ਟੇਕ ਚੁੱਕਾ ਹੈ।

ਤੀਜਾ ਇਸ ਪਾਰਟੀ ਵੱਲੋਂ ਪੰਜਾਬ ਦੇ ਪਾਣੀਆਂ ਅਤੇ ਹੋਰ ਮੰਗਾਂ ਪ੍ਰਤੀ ਇਹ ਮੋਰਚਾ ਲਾਉਣ ਦੇ ਆਪਣੇ ਸੁਭਾਅ ਨੂੰ ਭੁੱਲ ਚੁੱਕੀ ਹੈ। ਪੰਜਾਬ ਦੇ ਪਾਣੀਆਂ ਦੀ ਲੁੱਟ, ਚੰਡੀਗੜ੍ਹ ਦੀ ਵਾਪਸੀ ਅਤੇ ਪੰਜਾਬੀ ਬੋਲਦੇ ਇਲਾਕਿਆਂ ਦੇ ਮਸਲੇ ਪੰਜਾਬ ਦੇ ਹੋਂਦ ਦੀ ਲੜਾਈ ਹਨ। ਅਤੀਤ ਵਿੱਚ ਇਨ੍ਹਾਂ ਮੁਦਿਆਂ 'ਤੇ ਜੇਲ੍ਹਾਂ ਭਰਨ ਵਾਲਾ ਅਕਾਲੀ ਦਲ ਅੱਜ ਇਨ੍ਹਾਂ ਗੰਭੀਰ ਮਸਲਿਆਂ 'ਤੇ ਮੁੜ ਕੋਈ ਮੋਰਚਾ ਲਾਉਣ ਜਾਂ ਸੰਘਰਸ਼ ਵਿੱਢਣ ਦੀ ਹਿੰਮਤ ਨਹੀਂ ਦਿਖਾ ਰਿਹਾ। ਯਾਦ ਰਹੇ ਇਹ ਅਕਾਲੀ ਦਲ ਹੀ ਸੀ, ਜਿਸਨੇ ਪੰਜਾਬੀ ਸੂਬੇ ਦਾ ਇਤਿਹਾਸਿਕ ਮੋਰਚਾ ਲਗਾਇਆ। ਵੱਡੀਆਂ ਕੁਰਬਾਨੀਆਂ ਕੀਤੀਆਂ। ਪੰਜਾਬ ਦੇ ਲੋਕਾਂ ਦਾ ਦਿਲ ਜਿੱਤਿਆ। ਪਰ ਅੱਜ ਅਕਾਲੀ ਦਲ ਕੀ ਪੰਜਾਬ ਦੀ ਵੱਡੀ ਸਿਆਸੀ ਧਿਰ ਵਜੋਂ ਆਪਣੀ ਹੋਂਦ ਗੁਆ ਰਹੀ ਹੈ ?

ਅਕਾਲੀ ਦਲ ਦੇ ਪਤਨ ਅਤੇ ਮੌਜੂਦਾ ਸੰਕਟ ਦਾ ਇੱਕ ਵੱਡਾ ਕਾਰਨ ਧਾਰਮਿਕ ਸੰਸਥਾਵਾਂ ਦੀ ਸਿਆਸੀ ਹਿੱਤਾਂ ਲਈ ਵਰਤੋਂ ਕਰਨਾ ਮੰਨਿਆ ਜਾ ਰਿਹਾ ਹੈ। ਅੱਜ ਜਦੋਂ ਪਾਰਟੀ ਸਿਆਸੀ ਤੌਰ 'ਤੇ ਹਾਸ਼ੀਏ 'ਤੇ ਹੈ, ਤਾਂ ਇਸ 'ਤੇ ਲਗਾਤਾਰ ਇਹ ਦੋਸ਼ ਲੱਗ ਰਹੇ ਹਨ ਕਿ ਇਹ ਆਪਣੀ ਡੁੱਬਦੀ ਬੇੜੀ ਨੂੰ ਬਚਾਉਣ ਲਈ ਮੁੜ ਸਿੱਖ ਜਜ਼ਬਾਤ ਅਤੇ ਧਾਰਮਿਕ ਮੰਚਾਂ ਦਾ ਸਹਾਰਾ ਲੈ ਰਹੀ ਹੈ। ਹੁਣੇ ਜਿਹੇ, ਅਕਾਲ ਤਖ਼ਤ ਸਾਹਿਬ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ 'ਪੰਥ ਦੋਖੀ' ਕਰਾਰ ਦਿੱਤੇ ਜਾਣ ਦਾ ਜੋ ਹੁਕਮਨਾਮਾ ਸਾਹਮਣੇ ਆਇਆ ਹੈ, ਉਸ ਪਿੱਛੇ ਵੀ ਅਕਾਲੀ ਦਲ ਦੀ ਬੈਕ ਸਟੇਜ ਸਿਆਸਤ ਹੋਣ ਦੇ ਗੰਭੀਰ ਦੋਸ਼ ਲੱਗ ਰਹੇ ਹਨ।

ਪੰਜਾਬ ਦੀ ਸਿਆਸੀ ਕਚਹਿਰੀ ਵਿੱਚ ਇਹ ਚਰਚਾ ਆਮ ਹੈ ਕਿ ਅਕਾਲੀ ਦਲ ਇਸ ਹੁਕਮਨਾਮੇ ਦੀ ਖੁੱਲ੍ਹ ਕੇ ਪਿੱਠ ਪੂਰ ਰਿਹਾ ਹੈ ਤਾਂ ਜੋ ਮੌਜੂਦਾ 'ਆਪ' ਸਰਕਾਰ ਦੇ ਖ਼ਿਲਾਫ਼ ਪੰਥਕ ਸਫ਼ਾਂ ਵਿੱਚ ਗੁੱਸਾ ਪੈਦਾ ਕੀਤਾ ਜਾ ਸਕੇ। ਪਰ ਸਵਾਲ ਇਹ ਉੱਠਦਾ ਹੈ ਕਿ ਕੀ ਅਜਿਹੀ ਧਾਰਮਿਕ ਪੈਂਤਰੇਬਾਜ਼ੀ ਅਕਾਲੀ ਦਲ ਨੂੰ ਮੁੜ ਸੁਰਜੀਤ ਕਰ ਸਕੇਗੀ ? ਇਤਿਹਾਸ ਗਵਾਹ ਹੈ ਕਿ ਜਦੋਂ ਵੀ ਸਿਆਸੀ ਪਾਰਟੀਆਂ ਨੇ ਸਰਵਉੱਚ ਧਾਰਮਿਕ ਸੰਸਥਾਵਾਂ ਨੂੰ ਆਪਣੇ ਨਿੱਜੀ ਜਾਂ ਜੱਥੇਬੰਦਕ ਲਾਹੇ ਲਈ ਵਰਤਣ ਦੀ ਕੋਸ਼ਿਸ਼ ਕੀਤੀ ਹੈ, ਉਸ ਨਾਲ ਸੰਸਥਾਵਾਂ ਦੀ ਮਰਿਆਦਾ ਨੂੰ ਵੀ ਢਾਹ ਲੱਗੀ ਹੈ ਅਤੇ ਲੋਕਾਂ ਵਿੱਚ ਉਸ ਪਾਰਟੀ ਦਾ ਅਕਸ ਹੋਰ ਖ਼ਰਾਬ ਹੋਇਆ ਹੈ।

ਅਸਲ ਮਾਇਨਿਆਂ ਵਿੱਚ ਕਿਸੇ ਸਿਆਸੀ ਪਾਰਟੀ ਦਾ ਮੈਂਬਰ ਹੋਣਾ ਉਸ ਪਾਰਟੀ ਦੀਆਂ ਨੀਤੀਆਂ ਅਤੇ ਵਿਚਾਰਧਾਰਾ ਪ੍ਰਤੀ ਵਫ਼ਾਦਾਰੀ ਦਾ ਪ੍ਰਤੀਕ ਹੁੰਦਾ ਹੈ। ਇੱਕ ਸੁਚੱਜੇ ਲੋਕਤੰਤਰ ਵਿੱਚ ਪਾਰਟੀਆਂ ਦੀਆਂ ਨੀਤੀਆਂ ਬੜੀਆਂ ਸਪਸ਼ਟ ਹੁੰਦੀਆਂ ਨੇ ਅਤੇ ਜਿਹੜੇ ਵਰਕਰ ਜਾਂ ਆਗੂ ਇਸ ਦੇ ਮੈਂਬਰ ਬਣਦੇ ਨੇ, ਉਹ ਉਨ੍ਹਾਂ ਨੀਤੀਆਂ ਦੀ ਪਹਿਰੇਦਾਰੀ ਲਈ ਆਪਣਾ ਜੀਵਨ ਲਗਾ ਦਿੰਦੇ ਹਨ। ਜਿੱਥੇ ਵੀ ਕਿਸੇ ਨੇਤਾ ਨੂੰ ਸੱਤਾ ਜਾਂ ਕੁਰਸੀ ਦੀ ਚਮਕ ਦਿਸਦੀ ਹੈ, ਉਹ ਉਸੇ ਹਿਸਾਬ ਦੇ ਨਾਲ ਬਿਨਾਂ ਕਿਸੇ ਸ਼ਰਮ ਦੇ ਆਪਣੀ ਪਾਰਟੀ ਬਦਲ ਲੈਂਦਾ ਹੈ। ਪੰਜਾਬ ਵਿੱਚ ਅੱਜ 'ਆਇਆ ਰਾਮ, ਗਿਆ ਰਾਮ' ਦੀ ਇਹ ਸਿਆਸਤ ਸਿਖਰਾਂ 'ਤੇ ਹੈ। ਨੇਤਾ ਇੱਕ ਪਾਰਟੀ ਛੱਡ ਕੇ ਦੂਜੀ ਵਿੱਚ ਛਾਲਾਂ ਮਾਰ ਰਹੇ ਹਨ। ਇਸ ਮੌਕਾਪ੍ਰਸਤੀ ਨੇ ਆਮ ਜਨਤਾ ਦਾ ਸਿਆਸੀ ਜਮਾਤ ਤੋਂ ਭਰੋਸਾ ਹੀ ਉਠਾ ਦਿੱਤਾ ਹੈ, ਅਤੇ ਅਕਾਲੀ ਦਲ ਵੀ ਇਸ ਅੰਦਰੂਨੀ ਟੁੱਟ-ਭੱਜ ਅਤੇ ਮੌਕਾਪ੍ਰਸਤੀ ਤੋਂ ਅਛੂਤਾ ਨਹੀਂ ਰਿਹਾ।

ਇਸ ਸਿਆਸੀ ਖਿੱਚੋਤਾਣ ਦੇ ਦਰਮਿਆਨ ਪੰਜਾਬ ਦੇ ਅਸਲ ਬੁਨਿਆਦੀ ਮਸਲੇ ਹਾਸ਼ੀਏ 'ਤੇ ਚਲੇ ਗਏ ਹਨ। ਅੱਜ ਪੰਜਾਬ ਵਿੱਚ ਬੇਰੋਜ਼ਗਾਰੀ ਬਹੁਤ ਜ਼ਿਆਦਾ ਵੱਧ ਚੁੱਕੀ ਹੈ, ਜਿਸ ਕਾਰਨ ਸਾਡੀ ਸਭ ਤੋਂ ਵੱਡੀ ਤਾਕਤ-ਸਾਡੀ ਨੌਜਵਾਨੀ-ਭਵਿੱਖ ਦੇ ਧੁੰਦਲੇਪਣ ਤੋਂ ਡਰਦੀ ਹੋਈ ਧੜਾਧੜ ਵਿਦੇਸ਼ਾਂ ਨੂੰ ਭੱਜ ਰਹੀ ਹੈ। ਪੰਜਾਬ ਦੇ ਘਰ ਖਾਲੀ ਹੋ ਰਹੇ ਹਨ ਅਤੇ ਬਜ਼ੁਰਗ ਇਕੱਲੇ ਰਹਿ ਗਏ ਹਨ। ਦੂਜੇ ਪਾਸੇ, ਜਿਹੜੀ ਨੌਜਵਾਨੀ ਇੱਥੇ ਰਹਿ ਗਈ ਹੈ, ਉਸ ਨੂੰ ਨਸ਼ਿਆਂ ਦਾ ਪ੍ਰਕੋਪ ਲਗਾਤਾਰ ਆਪਣੀ ਗ੍ਰਿਫ਼ਤ ਵਿੱਚ ਲੈ ਰਿਹਾ ਹੈ। ਨਸ਼ਿਆਂ ਦਾ ਇਹ ਕੋਹੜ ਪੰਜਾਬ ਦੀਆਂ ਜੜ੍ਹਾਂ ਨੂੰ ਰੋਜ਼ਾਨਾ ਖੋਖਲਾ ਕਰ ਰਿਹਾ ਹੈ। ਆਮ ਪੰਜਾਬੀ ਅੱਜ ਇਹ ਸਵਾਲ ਪੁੱਛ ਰਿਹਾ ਹੈ ਕਿ ਕੀ ਅਕਾਲੀ ਦਲ ਕੋਲ ਇਨ੍ਹਾਂ ਭਖਦੇ ਮਸਲਿਆਂ ਲਈ ਕੋਈ ਠੋਸ ਅਤੇ ਸਪਸ਼ਟ ਏਜੰਡਾ ਹੈ, ਜਾਂ ਫਿਰ ਉਹ ਸਿਰਫ਼ ਧਾਰਮਿਕ ਫ਼ਤਵਿਆਂ ਦੇ ਓਹਲੇ ਆਪਣੀ ਸਿਆਸੀ ਹੋਂਦ ਬਚਾਉਣ ਦੀ ਤਾਕ ਵਿੱਚ ਹੈ ?

ਅਕਾਲੀ ਦਲ ਨੂੰ ਸਭ ਤੋਂ ਵੱਡਾ ਨੁਕਸਾਨ ਭਾਰਤੀ ਜਨਤਾ ਪਾਰਟੀ ਨਾਲ ਲੰਮੀ ਸਿਆਸੀ ਭਾਈਵਾਲੀ ਕਾਰਨ ਹੋਇਆ ਹੈ। ਭਾਜਪਾ ਵੱਲੋਂ ਦੇਸ਼ ਭਰ ਵਿੱਚ 'ਸਾਮ, ਦਾਮ, ਦੰਡ, ਭੇਦ' ਦੀ ਨੀਤੀ ਤਹਿਤ ਖੇਤਰੀ ਪਾਰਟੀਆਂ ਨੂੰ ਹੌਲੀ-ਹੌਲੀ ਖ਼ਤਮ ਜਾਂ ਕਮਜ਼ੋਰ ਕਰਨ ਦੀ ਖੇਡ ਖੇਡੀ ਜਾ ਰਹੀ ਹੈ ਅਤੇ ਅਕਾਲੀ ਦਲ ਵੀ ਇਸੇ ਦਾ ਸ਼ਿਕਾਰ ਹੋਇਆ ਹੈ। ਕੀ ਅਕਾਲੀ ਦਲ ਦੀ ਲੀਡਰਸ਼ਿਪ ਇਹ ਸਮਝ ਨਹੀਂ ਰਹੀ ?

ਕੇਂਦਰ ਵੱਲੋਂ ਸੂਬਾਈ ਤਾਕਤਾਂ ਨੂੰ ਦਬਾਉਣ ਦੀ ਇਹ ਖੇਡ ਨਵੀਂ ਨਹੀਂ ਹੈ। ਕਾਂਗਰਸ ਵੀ ਪਹਿਲਾਂ ਇਸ ਖੇਡ ਵਿੱਚ ਉਸਤਾਦ ਰਹੀ ਹੈ, ਜਿਸ ਨੇ ਸੰਵਿਧਾਨ ਦੀ ਧਾਰਾ 356 ਦਾ ਮਨਮਾਨਾ ਇਸਤੇਮਾਲ ਕਰਕੇ ਕਈ ਵਾਰ ਪੰਜਾਬ ਦੀਆਂ ਚੁਣੀਆਂ ਹੋਈਆਂ ਸਰਕਾਰਾਂ ਨੂੰ ਡੇਗਿਆ ਸੀ। ਪਰ ਦੁੱਖ ਦੀ ਗੱਲ ਇਹ ਹੈ ਕਿ ਅਕਾਲੀ ਦਲ ਨੇ ਭਾਜਪਾ ਨਾਲ ਸੱਤਾ ਵਿੱਚ ਹੁੰਦਿਆਂ ਵੀ ਪੰਜਾਬ ਦੇ ਪੱਕੇ ਮਸਲੇ ਹੱਲ ਕਰਵਾਉਣ ਦੀ ਬਜਾਏ ਆਪਣੀ ਕੁਰਸੀ ਨੂੰ ਹੀ ਤਰਜੀਹ ਦਿੱਤੀ। ਭਾਵੇਂ ਕਿ ਮਜ਼ਬੂਰਨ ਕਿਸਾਨ ਅੰਦੋਲਨ ਵੇਲੇ ਉਸ ਵੱਲੋਂ ਇਹ ਭਾਈਵਾਲੀ ਛੱਡ ਦਿੱਤੀ ਗਈ।

ਦੇਸ਼ ਦੀ ਆਜ਼ਾਦੀ ਤੋਂ ਬਾਅਦ ਹੀ ਪੰਜਾਬ ਦੇ ਨਾਲ ਕੇਂਦਰ ਸਰਕਾਰਾਂ ਵੱਲੋਂ ਲਗਾਤਾਰ ਬੜੇ ਲੰਮੇ ਸਮੇਂ ਤੋਂ ਵਿਤਕਰੇ ਹੁੰਦੇ ਆ ਰਹੇ ਹਨ। ਚਾਹੇ ਉਹ ਪੰਜਾਬ ਦੇ ਪਾਣੀਆਂ ਦੀ ਬੇਇਨਸਾਫ਼ੀ ਹੋਵੇ, ਰਾਜਧਾਨੀ ਚੰਡੀਗੜ੍ਹ ਦਾ ਮਸਲਾ ਹੋਵੇ, ਜਾਂ ਫਿਰ ਪੰਜਾਬੀ ਬੋਲਦੇ ਇਲਾਕਿਆਂ ਨੂੰ ਸੂਬੇ ਤੋਂ ਬਾਹਰ ਰੱਖਣ ਦੀ ਸਾਜ਼ਿਸ਼-ਪੰਜਾਬ ਨੇ ਹਮੇਸ਼ਾ ਕੇਂਦਰੀਕਰਨ ਦੀ ਮਾਰ ਝੱਲੀ ਹੈ। ਇਨ੍ਹਾਂ ਇਤਿਹਾਸਕ ਵਿਤਕਰਿਆਂ ਨੂੰ ਦੂਰ ਕਰਨ ਲਈ ਪੰਜਾਬ ਨੂੰ ਅੱਜ ਕਿਸੇ ਦਿੱਲੀ-ਪ੍ਰੇਰਿਤ ਪਾਰਟੀ ਦੀ ਨਹੀਂ, ਬਲਕਿ ਇੱਕ ਅਜਿਹੀ ਮਜ਼ਬੂਤ ਅਤੇ ਸੱਚੀ ਖੇਤਰੀ ਪਾਰਟੀ ਦੀ ਅਤਿਅੰਤ ਲੋੜ ਹੈ ਜੋ ਬਿਨਾਂ ਕਿਸੇ ਡਰ ਦੇ 'ਪੰਜਾਬ, ਪੰਜਾਬੀ ਅਤੇ ਪੰਜਾਬੀਅਤ' ਦੀ ਅਸਲ ਰਾਖੀ ਕਰ ਸਕੇ। ਪੰਜਾਬ ਦੇ ਲੋਕ ਇੱਕ ਅਜਿਹੀ ਲੀਡਰਸ਼ਿਪ ਚਾਹੁੰਦੇ ਹਨ ਜੋ ਪੰਜਾਬ ਖੇਤਰ ਦੇ ਸਥਾਨਕ ਮਸਲਿਆਂ ਨੂੰ ਹੱਲ ਕਰਨ ਲਈ ਹਿੱਕ ਤਾਣ ਕੇ ਖੜ੍ਹੇ ਅਤੇ ਕੇਂਦਰ ਅੱਗੇ ਗੋਡੇ ਟੇਕਣ ਦੀ ਬਜਾਏ ਪੰਜਾਬ ਦੇ ਹੱਕਾਂ ਲਈ ਯਤਨ ਕਰੇ।

ਅੱਜ ਜਦੋਂ ਕਿ ਚੋਣਾਂ ਦੇ ਦਿਨ ਆ ਚੁੱਕੇ ਨੇ, ਪੰਜਾਬ ਦੇ ਲੋਕਾਂ ਵਿੱਚ ਇਸ ਨਿਰਾਸ਼ਾ ਦੇ ਦੌਰ ਦਰਮਿਆਨ ਅਕਾਲੀ ਦਲ ਦਾ ਆਪਣਾ ਸਟੈਂਡ ਬਿਲਕੁਲ ਸਾਫ਼ ਨਹੀਂ ਹੈ। ਪਾਰਟੀ ਨੂੰ ਪੰਜਾਬ ਦੀ ਕਚਹਿਰੀ ਵਿੱਚ ਇਹ ਸਪੱਸ਼ਟ ਕਰਨਾ ਪਵੇਗਾ ਕਿ ਉਸ ਦਾ ਪੰਜਾਬ ਦੇ ਖੇਤਰ ਅਤੇ ਇੱਥੋਂ ਦੇ ਲੋਕਾਂ ਪ੍ਰਤੀ ਅਸਲ ਸਟੈਂਡ ਕੀ ਹੈ ? ਕੀ ਉਹ ਸਿਰਫ਼ ਵੋਟਾਂ ਦੀ ਸਿਆਸਤ ਤੱਕ ਸੀਮਤ ਰਹੇਗੀ ਜਾਂ ਫਿਰ ਪੰਜਾਬ ਦੇ ਲਤਾੜੇ ਜਾ ਚੁੱਕੇ ਹੱਕਾਂ ਲਈ ਸੱਚਮੁੱਚ ਲੜਨ ਵਾਸਤੇ ਤਿਆਰ ਹੈ ? ਪੰਜਾਬ ਪਿਛਲੇ ਲੰਮੇ ਸਮੇਂ ਤੋਂ ਸਿਆਸੀ ਅਤੇ ਆਰਥਿਕ ਤੌਰ 'ਤੇ ਬਹੁਤ ਬੁਰੀ ਤਰ੍ਹਾਂ ਲਤਾੜਿਆ ਜਾ ਚੁੱਕਾ ਹੈ।

ਹੁਣ ਦੇਖਣਾ ਇਹ ਹੋਵੇਗਾ ਕਿ ਕੀ ਸ਼੍ਰੋਮਣੀ ਅਕਾਲੀ ਦਲ (ਜਾਂ ਇਸ ਦੇ ਵੱਖ-ਵੱਖ ਧੜੇ) ਚੋਣਾਂ ਦੇ ਇਸ ਨਾਜ਼ੁਕ ਮੋੜ 'ਤੇ ਪੰਜਾਬ ਨੂੰ ਮਜ਼ਬੂਤ ਅਗਵਾਈ ਦੇ ਸਕਣਗੇ ? ਕੀ ਉਹ ਆਪਣੀਆਂ ਇਤਿਹਾਸਕ ਭੁੱਲਾਂ ਨੂੰ ਸੁਧਾਰ ਕੇ ਲੋਕਾਂ ਵਿੱਚ ਆਪਣਾ ਗੁਆਚਿਆ ਹੋਇਆ ਵਿਸ਼ਵਾਸ ਮੁੜ ਬਣਾ ਸਕਣਗੇ ?

ਸ਼੍ਰੋਮਣੀ ਅਕਾਲੀ ਦਲ ਦਾ ਮੁੜ ਉਭਾਰ ਤਾਂ ਹੀ ਸੰਭਵ ਹੈ ਜੇਕਰ ਇਹ ਨਿੱਜੀ ਹਿੱਤਾਂ, ਧੜੇਬੰਦੀਆਂ, ਮੌਕਾਪ੍ਰਸਤ ਸਿਆਸਤ ਅਤੇ ਧਾਰਮਿਕ ਸੰਸਥਾਵਾਂ ਦੀ ਸਿਆਸੀ ਵਰਤੋਂ ਦੇ ਦੋਸ਼ਾਂ ਤੋਂ ਉੱਪਰ ਉੱਠ ਕੇ, ਚੋਣਾਂ ਦੇ ਮੌਜੂਦਾ ਦੌਰ ਵਿੱਚ ਪੰਜਾਬ ਦੇ ਲੋਕਾਂ ਸਾਹਮਣੇ ਆਪਣੀ ਨੀਤੀ ਸਪੱਸ਼ਟ ਕਰੇ। ਇਸ ਨੂੰ ਮੁੜ ਤੋਂ "ਪੰਜਾਬ, ਪੰਜਾਬੀਅਤ, ਪਾਣੀਆਂ ਦੇ ਹੱਕ, ਨੌਜਵਾਨੀ ਦੇ ਰੁਜ਼ਗਾਰ ਤੇ ਅਨੰਦਪੁਰ ਸਾਹਿਬ ਦੇ ਮਤੇ" ਦੀ ਅਸਲ ਪਹਿਰੇਦਾਰ ਬਣ ਕੇ ਮੈਦਾਨ ਵਿੱਚ ਨਿੱਤਰਨਾ ਪਵੇਗਾ।

# 'ਗੁਰਦੁਆਰਾ ਦਮਦਮਾ ਸਾਹਿਬ ਠੱਟਾ - ਇਤਿਹਾਸ, ਪਰੰਪਰਾ ਅਤੇ ਮਹਾਂਪੁਰਖਾਂ ਦੇ ਪਰਉਪਕਾਰੀ ਜੀਵਨ'

## ਪੁਸਤਕ ਸਮੀਖਿਆ

### ਮੁਖਤਾਰ ਸਿੰਘ ਚੰਦੀ



ਉੱਘੇ ਗ਼ਜ਼ਲਗੋ ਅਤੇ ਲੇਖਕ ਮੁਖਤਾਰ ਸਿੰਘ ਚੰਦੀ ਜੀ ਇੱਕ ਗੁਰਸਿੱਖ ਸ਼ਖ਼ਸੀਅਤ ਹਨ। ਗੁਰੂ-ਘਰ ਨਾਲ ਪ੍ਰੀਤ ਅਤੇ ਸਿੱਖੀ ਜੀਵਨ-ਮੁੱਲਾਂ ਨਾਲ ਜੁੜਾਅ ਉਨ੍ਹਾਂ ਨੂੰ ਆਪਣੇ ਮਾਪਿਆਂ ਤੋਂ ਵਿਰਸੇ ਵਿੱਚ ਪ੍ਰਾਪਤ ਹੋਇਆ ਹੈ। ਸੰਤ-ਮਹਾਂਪੁਰਸ਼ਾਂ ਦੀ ਸੰਗਤ ਕਰਨੀ, ਉਨ੍ਹਾਂ ਦੀ ਜੀਵਨ-ਜਾਚ ਨੂੰ ਗਹੁ ਨਾਲ ਵੇਖਣਾ ਅਤੇ ਉਸ ਨੂੰ ਆਪਣੇ ਜੀਵਨ ਵਿੱਚ ਅਪਣਾਉਣਾ ਉਨ੍ਹਾਂ ਦੇ ਵਿਲੱਖਣ ਗੁਣਾਂ ਵਿੱਚ ਸ਼ਾਮਲ ਹੈ। ਇਨ੍ਹਾਂ ਦੀ ਦਿਲੀ ਇੱਛਾ ਸੀ ਕਿ ਗੁਰਦੁਆਰਾ ਦਮਦਮਾ ਸਾਹਿਬ ਠੱਟਾ ਜੋ ਕਿ ਇਸ ਇਲਾਕੇ ਦਾ ਵੱਡਾ ਧਾਰਮਿਕ ਕੇਂਦਰ ਹੈ, ਦੇ ਇਤਿਹਾਸ, ਪ੍ਰੰਪਰਾਵਾ ਅਤੇ ਇਸ ਅਸਥਾਨ ਨਾਲ ਸਬੰਧਿਤ ਮਹਾਂ ਪੁਰਖਾਂ ਦੇ ਜੀਵਨ, ਵਿਚਾਰਾਂ ਅਤੇ ਪਰਉਪਕਾਰੀ ਕਾਰਜਾਂ ਨੂੰ ਸੰਗਤਾਂ ਦੇ ਰੂਬਰੂ ਲਿਖਤੀ ਰੂਪ ਵਿੱਚ ਕੀਤਾ ਜਾਵੇ ਤਾਂ ਜੋ ਆਮ ਮਨੁੱਖ ਉਨ੍ਹਾਂ ਦੇ ਜੀਵਨ-ਫਲਸਫ਼ੇ ਤੋਂ ਪ੍ਰੇਰਨਾ ਲੈ ਕੇ ਧਾਰਮਿਕ, ਨੈਤਿਕ ਅਤੇ ਸੱਚਾ-ਸੁੱਚਾ ਜੀਵਨ ਬਤੀਤ ਕਰ ਸਕੇ।

ਗੁਰਦੁਆਰਾ ਦਮਦਮਾ ਸਾਹਿਬ ਠੱਟਾ, ਮਹਾਨ ਸ਼ਹੀਦ ਬਾਬਾ ਬੀਰ ਸਿੰਘ ਨੌਰੰਗਾਬਾਦੀ ਜੀ ਨਾਲ ਸਬੰਧਤ ਇੱਕ ਇਤਿਹਾਸਕ ਅਸਥਾਨ ਹੈ। ਇਤਿਹਾਸਕ ਸਰੋਤਾਂ ਅਨੁਸਾਰ ਬਾਬਾ ਜੀ ਨੇ ਦੋ ਵਾਰ ਇਸ ਅਸਥਾਨ ਉੱਤੇ ਆਪਣੇ ਪਵਿੱਤਰ ਚਰਨ ਪਾਏ। ਆਮ ਸੰਗਤ ਵਿੱਚ ਇਸ ਗੁਰਦੁਆਰਾ ਸਾਹਿਬ ਦੀ ਮਹੱਤਤਾ ਮੁੱਖ ਤੌਰ 'ਤੇ ਬਾਬਾ ਬੀਰ ਸਿੰਘ ਜੀ ਦੇ ਅਸਥਾਨ ਵਜੋਂ ਹੈ। ਪਰੰਤੂ 'ਸਿੱਖ ਪੰਥ ਵਿਸ਼ਵ ਕੋਸ਼' ਅਨੁਸਾਰ ਗੁਰੂ ਨਾਨਕ ਦੇਵ ਜੀ ਸੰਨ 1487 ਵਿੱਚ ਮਾਤਾ ਸੁਲੱਖਣੀ ਜੀ ਨੂੰ ਸੁਲਤਾਨਪੁਰ ਲੋਧੀ ਤੋਂ ਬਟਾਲਾ ਵਿਆਹੁਣ ਜਾਂਦੇ ਸਮੇਂ ਆਪਣੀ ਬਰਾਤ ਸਮੇਤ ਇੱਥੇ ਠਹਿਰੇ ਸਨ। ਇਸ ਤੋਂ ਇਲਾਵਾ ਗੁਰੂ ਨਾਨਕ ਸਾਹਿਬ ਜੀ ਦੀ ਅੰਸ਼-ਬੰਸ਼ ਵਿੱਚੋਂ ਬਾਬਾ ਸਾਹਿਬ ਸਿੰਘ ਬੇਦੀ ਜੀ ਨੇ ਵੀ ਇਸ ਪਾਵਨ ਅਸਥਾਨ 'ਤੇ ਚਰਨ ਪਾਏ ਸਨ।

ਇਸ ਪੁਸਤਕ ਵਿੱਚ ਮਹਾਨ ਸ਼ਹੀਦ ਬਾਬਾ ਬੀਰ ਸਿੰਘ ਜੀ ਦਾ ਜੀਵਨ, ਗੁਰਦੁਆਰਾ ਦਮਦਮਾ ਸਾਹਿਬ ਠੱਟਾ ਦਾ ਇਤਿਹਾਸ ਅਤੇ ਇਸ ਡੇਰੇ ਦੇ ਨਾਲ ਸਬੰਧਤ ਮਹਾਂ ਪੁਰਖਾਂ ਬਾਬਾ ਕਾਹਨ ਸਿੰਘ ਜੀ, ਬਾਬਾ ਖੜਗ ਸਿੰਘ ਜੀ, ਬਾਬਾ ਜਗਤ ਸਿੰਘ ਜੀ, ਬਾਬਾ ਕਰਤਾਰ ਸਿੰਘ ਜੀ, ਬਾਬਾ ਤਰਲੋਚਨ ਸਿੰਘ ਜੀ, ਬਾਬਾ ਗੁਰਚਰਨ ਸਿੰਘ ਜੀ ਅਤੇ ਮੌਜੂਦਾ ਮੁੱਖੀ ਬਾਬਾ ਹਰਜੀਤ ਸਿੰਘ ਜੀ ਦੇ ਧਾਰਮਿਕ, ਸਮਾਜਿਕ ਅਤੇ ਰੂਹਾਨੀ ਜੀਵਨ ਬਾਰੇ ਮਹੱਤਵਪੂਰਨ ਜਾਣਕਾਰੀ ਮਿਲਦੀ ਹੈ। ਇਸ ਤੋਂ ਇਲਾਵਾ ਗੁਰਦੁਆਰਾ ਸਾਹਿਬ ਨਾਲ ਸਿੱਧੇ ਜਾਂ ਅਸਿੱਧੇ ਤੌਰ 'ਤੇ ਜੁੜੀਆਂ ਹੋਰ ਸੰਤ-ਸ਼ਖ਼ਸੀਅਤਾਂ, ਸੱਜਣ ਪੁਰਸ਼ਾਂ ਅਤੇ ਸਮਾਜਿਕ ਆਗੂਆਂ ਬਾਰੇ ਵੀ ਜਾਣਕਾਰੀ ਪ੍ਰਾਪਤ ਹੁੰਦੀ ਹੈ।

ਲੇਖਕ ਨੇ ਬਾਬਾ ਬੀਰ ਸਿੰਘ ਜੀ ਦੇ ਜੀਵਨ ਦੇ ਅਨੇਕਾਂ ਪੱਖਾਂ ਨੂੰ ਬੜੀ ਸੁਚੱਜੀ ਢੰਗ ਨਾਲ ਪੇਸ਼ ਕੀਤਾ ਹੈ। ਆਪ ਜੀ ਦੇ ਪਿਤਾ ਸ. ਸੇਵਾ ਸਿੰਘ ਜੀ, ਸ. ਨਿਹਾਲ ਸਿੰਘ ਅਟਾਰੀਵਾਲਾ ਦੀ ਫ਼ੌਜ ਵਿੱਚ ਲੜਦੇ ਹੋਏ ਸ਼ਹੀਦ ਹੋ ਗਏ ਸਨ। ਆਪ ਜੀ ਦੀ ਦਰਸ਼ਨੀ ਦਿੱਖ ਅਤੇ ਯੋਗਤਾ ਨੂੰ ਵੇਖਦਿਆਂ ਉਨ੍ਹਾਂ ਨੂੰ ਪਿਤਾ ਜੀ ਦੀ ਥਾਂ ਫੌਜ ਵਿੱਚ ਭਰਤੀ ਕਰ ਲਿਆ ਗਿਆ। ਫੌਜ ਵਿੱਚ ਰਹਿੰਦਿਆਂ ਹੀ ਉਨ੍ਹਾਂ ਨੇ ਰੂਹਾਨੀ ਜੀਵਨ ਦੀ ਰਾਹ ਅਪਨਾਈ। ਬਾਬਾ ਭਾਗ ਸਿੰਘ ਕੁਰੀ ਵਾਲਿਆਂ ਦੀ ਸਰਪ੍ਰਸਤੀ ਅਤੇ ਬਾਬਾ ਸਾਹਿਬ ਸਿੰਘ ਊਨਾ ਵਾਲਿਆਂ ਦੀ ਅਗਵਾਈ ਹੇਠ ਸੇਵਾ-ਸਿਮਰਨ ਕਰਦਿਆਂ ਉਨ੍ਹਾਂ ਨੇ ਉੱਚ ਆਤਮਿਕ ਬੁਲੰਦੀਆਂ ਨੂੰ ਛੂਹਿਆ। ਨੌਰੰਗਾਬਾਦ (ਅੰਮ੍ਰਿਤਸਰ) ਡੇਰੇ ਦੀ ਸਥਾਪਨਾ ਕੀਤੀ ਅਤੇ ਵੱਖ-ਵੱਖ ਇਲਾਕਿਆਂ ਵਿੱਚ ਜਾ ਕੇ ਗੁਰਮਤਿ ਦਾ ਪ੍ਰਚਾਰ ਕੀਤਾ।

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਲਾਹੌਰ ਦਰਬਾਰ ਵਿੱਚ ਭਰਾਮਾਰੂ ਜੰਗ ਛਿੜ ਗਈ। ਬਾਬਾ ਜੀ ਨੇ ਇਸ ਟਕਰਾਅ ਦਾ ਹਿੱਸਾ ਬਣਨ ਦੀ ਥਾਂ ਧੀਰਜ, ਸਹਿਣਸ਼ੀਲਤਾ ਅਤੇ ਅਕਾਲ ਪੁਰਖ ਦੇ ਭਾਣੇ ਵਿੱਚ ਰਹਿਣ ਦਾ ਮਾਰਗ ਚੁਣਿਆ ਅਤੇ ਮੁੱਠਿਆਵਾਲੀ ਨੇੜੇ ਭੰਗਾਲਾ ਲੱਲਾ ਵਾਲਾ ਵਿਖੇ ਸ਼ਹੀਦੀ ਜਾਮ ਪੀ ਕੇ ਉਸ ਸਰਬ-ਸ਼ਕਤੀਮਾਨ ਦੀ ਜੋਤ ਵਿੱਚ ਲੀਨ ਹੋ ਗਏ। ਲੇਖਕ ਨੇ ਅੰਗਰੇਜ਼ਾਂ ਅਤੇ ਡੋਗਰਿਆਂ ਦੀ ਮਿਲੀ ਭੁਗਤ ਨੂੰ ਜ਼ਾਹਿਰ ਕਰਦਾ ਏ. ਐਫ. ਰਿਚਰਡ ਦਾ ਮਿਤੀ 11 ਮਈ 1844 ਦਾ ਪੱਤਰ ਅਤੇ ਸ਼੍ਰੀ ਅਕਾਲ ਤਖਤ ਸਾਹਿਬ ਵੱਲੋਂ ਬਾਬਾ ਜੀ ਦੀ ਦੁਖਦਾਇਕ ਸ਼ਹੀਦੀ ਸਬੰਧੀ 176 ਸਾਲ ਬਾਅਦ ਕਰਵਾਏ ਪ੍ਰਾਸ਼ਚਿਤ ਸਮਾਗਮ ਦੀ ਜਾਣਕਾਰੀ ਦੇ ਕੇ ਇਸ ਪੁਸਤਕ ਨੂੰ ਇਤਿਹਾਸਕ ਦਸਤਾਵੇਜ ਬਣਾ ਦਿੱਤਾ ਹੈ।

ਇਸ ਪੁਸਤਕ ਵਿੱਚ ਗੁਰਦੁਆਰਾ ਦਮਦਮਾ ਸਾਹਿਬ ਦੇ ਪਹਿਲੇ ਸੇਵਾਦਾਰ ਬਾਬਾ ਕਾਹਨ ਸਿੰਘ ਜੀ ਅਤੇ ਦੂਸਰੇ ਸੇਵਾਦਾਰ ਬਾਬਾ ਖੜਗ ਸਿੰਘ ਜੀ ਵੱਲੋਂ ਗੁਰਦੁਆਰਾ ਸਾਹਿਬ ਦੀ ਇਮਾਰਤ, ਪੁਰਾਣਾ ਲੰਗਰ ਹਾਲ, ਚੁਬਾਰਾ ਅਤੇ ਹੋਰ ਇਮਾਰਤਾਂ ਦੀ ਉਸਾਰੀ ਦਾ ਵੇਰਵਾ ਤੱਥਾਂ ਅਤੇ ਤਿਥਾਂ ਸਮੇਤ ਸੰਗਤਾਂ ਦੀ ਜਾਣਕਾਰੀ ਲਈ ਦਰਸਾਇਆ ਗਿਆ ਹੈ। ਇਸੇ ਤਰ੍ਹਾਂ ਖੇਤੀਬਾੜੀ ਵਾਲੇ ਖੂਹ ਜਿਸ ਦੀ ਸੰਪੂਰਨਤਾ ਬਾਬਾ ਖੜਗ ਸਿੰਘ ਜੀ ਵੱਲੋਂ 1893 ਈ ਵਿੱਚ ਕਰਵਾਈ ਗਈ ਸੀ। ਇਹ ਜਾਣਕਾਰੀ ਇੱਕ ਇਤਿਹਾਸਕ ਪੱਥਰ-ਲੇਖ ਦੇ ਆਧਾਰ 'ਤੇ ਦਿੱਤੀ ਗਈ ਹੈ, ਜਿਸ ਬਾਰੇ ਬਹੁਤ ਸਾਰੀ ਸੰਗਤ ਪਹਿਲਾਂ ਸ਼ਾਇਦ ਜਾਣੂ ਨਾ ਹੋਵੇ।

ਭਾਰਤ-ਪਾਕਿਸਤਾਨ ਦੀ ਵੰਡ ਸਮੇਂ ਗੁਰਦੁਆਰਾ ਦਮਦਮਾ ਸਾਹਿਬ ਦੇ ਮੁੱਖੀ ਬਾਬਾ ਜਗਤ ਸਿੰਘ ਜੀ ਸਨ। ਉਸ ਵੇਲੇ ਦੋਹਾਂ ਫਿਰਕਿਆਂ ਵਿਚਾਲੇ ਹਾਲਾਤ ਬਹੁਤ ਨਾਜ਼ੁਕ ਸਨ ਅਤੇ ਕਿਸੇ ਵੀ ਸਮੇਂ ਵੱਡਾ ਦੁਖਾਂਤ ਵਾਪਰ ਸਕਦਾ ਸੀ। ਪਰ ਬਾਬਾ ਜਗਤ ਸਿੰਘ ਜੀ ਨੇ ਆਪਣੀ ਰੂਹਾਨੀ ਸੂਝ-ਬੂਝ ਅਤੇ ਦੂਰਅੰਦੇਸ਼ੀ ਨਾਲ ਦੋਹਾਂ ਧਿਰਾਂ ਨੂੰ ਸ਼ਾਂਤ ਕਰਕੇ ਇਲਾਕੇ ਵਿੱਚ ਅਮਨ ਅਤੇ ਭਾਈਚਾਰੇ ਨੂੰ ਕਾਇਮ ਰੱਖਣ ਵਿੱਚ ਅਹਿਮ ਭੂਮਿਕਾ ਨਿਭਾਈ।

ਬਾਬਾ ਜਗਤ ਸਿੰਘ ਜੀ ਦੇ ਉੱਤਰਾਧਿਕਾਰੀ ਸੰਤ ਕਰਤਾਰ ਸਿੰਘ ਜੀ ਬਣੇ, ਜਿਨ੍ਹਾਂ ਨੂੰ ਆਮ ਤੌਰ 'ਤੇ ਕਾਰ ਸੇਵਾ ਵਾਲੇ ਸੰਤਾਂ ਦੇ ਰੂਪ ਵਿੱਚ ਜਾਣਿਆ ਜਾਂਦਾ ਹੈ। ਉਨ੍ਹਾਂ ਨੇ ਸਿੱਖ ਪੰਥ ਦੇ ਤਖ਼ਤ ਸਾਹਿਬਾਨ ਅਤੇ ਹੋਰ ਕੇਂਦਰੀ ਧਾਰਮਿਕ ਅਸਥਾਨਾਂ 'ਤੇ ਨਿਸ਼ਕਾਮ ਕਾਰ ਸੇਵਾਵਾਂ ਕਰਵਾਈਆਂ ਅਤੇ ਸਿੱਖ ਜਗਤ ਵਿੱਚ ਖੂਬ ਨਿਮਾਣਾ ਖੱਟਿਆ। ਇਸ ਤੋਂ ਇਲਾਵਾ ਉਨ੍ਹਾਂ ਨੇ ਪਿੰਡਾਂ ਦੇ ਕੱਚੇ ਰਸਤੇ ਪੱਕੇ ਕਰਵਾਏ, ਚੈਰੀਟੇਬਲ ਹਸਪਤਾਲਾਂ ਅਤੇ ਵਿਦਿਅਕ ਅਦਾਰਿਆਂ ਦੀਆਂ ਇਮਾਰਤਾਂ ਦੀ ਕਾਰ ਸੇਵਾ ਕਰਵਾਈ ਅਤੇ ਅਨੇਕਾਂ ਪਿੰਡਾਂ ਦੇ ਗੁਰਦੁਆਰਾ ਸਾਹਿਬਾਨਾਂ ਦੀ ਸੇਵਾ ਸੰਪੰਨ ਕਰਵਾਈ। ਦਰਜਨਾਂ ਪਿੰਡਾਂ ਨੂੰ ਹੜ੍ਹਾਂ ਦੀ ਮਾਰ ਤੋਂ ਬਚਾਉਣ ਲਈ ਬਿਆਸ ਦਰਿਆ 'ਤੇ ਧੁੱਸੀ ਬਣਵਾਉਣਾ ਵੀ ਉਨ੍ਹਾਂ ਦੀ ਮਹੱਤਵਪੂਰਨ ਦੇਣ ਹੈ।

ਬਾਬਾ ਕਰਤਾਰ ਸਿੰਘ ਜੀ ਤੋਂ ਬਾਅਦ ਬਾਬਾ ਗੁਰਚਰਨ ਸਿੰਘ ਜੀ ਨੇ ਵੀ ਇਸੇ ਪਰੰਪਰਾ ਨੂੰ ਅੱਗੇ ਵਧਾਇਆ। ਉਨ੍ਹਾਂ ਨੇ ਸਕੂਲਾਂ, ਗੁਰਦੁਆਰਾ ਸਾਹਿਬਾਨਾਂ ਅਤੇ ਮਨੁੱਖਤਾ ਦੀ ਭਲਾਈ ਨਾਲ ਸਬੰਧਤ ਅਨੇਕਾਂ ਕਾਰਜ ਸੰਪੰਨ ਕੀਤੇ। ਮੌਜੂਦਾ ਮੁੱਖੀ ਬਾਬਾ ਹਰਜੀਤ ਸਿੰਘ ਜੀ ਵੀ ਆਪਣੇ ਪੂਰਵਜਾਂ ਦੀਆਂ ਪਾਈਆਂ ਪੈੜਾਂ 'ਤੇ ਚੱਲਦਿਆਂ ਸੇਵਾ, ਸਿਮਰਨ ਅਤੇ ਪਰਉਪਕਾਰ ਦੀ ਇਸ ਮਹਾਨ ਪਰੰਪਰਾ ਨੂੰ ਅੱਗੇ ਵਧਾ ਰਹੇ ਹਨ।

ਲੇਖਕ ਪਹਿਲਾਂ ਵੀ ਪਾਠਕਾਂ ਦੀ ਝੋਲੀ ਵਿੱਚ ਦੋ ਕਿਤਾਬਾਂ (ਇੱਕ ਕਵਿਤਾ-ਸੰਗ੍ਰਹਿ ਅਤੇ ਦੂਜੀ ਗ਼ਜ਼ਲ-ਸੰਗ੍ਰਹਿ) ਪਾ ਚੁੱਕੇ ਹਨ। ਭਾਵੇਂ ਵਾਰਤਕ ਦੇ ਖੇਤਰ ਵਿੱਚ ਇਹ ਉਨ੍ਹਾਂ ਦੀ ਪਹਿਲੀ ਕਿਤਾਬ ਹੈ, ਪਰ ਇਹ ਲੇਖਕ ਦੀ ਵਿਲੱਖਣ ਸ਼ੈਲੀ ਨੂੰ ਉਜਾਗਰ ਕਰਦੀ ਹੈ ਅਤੇ ਦਰਸਾਉਂਦੀ ਹੈ ਕਿ ਉਹ ਬਹੁਪੱਖੀ ਗੁਣਾਂ ਅਤੇ ਵਿਸ਼ਾਲ ਸ਼ਬਦ-ਭੰਡਾਰ ਦੇ ਮਾਲਕ ਹਨ। ਇਸ ਕਿਤਾਬ ਦੀ ਇੱਕ ਅਹਿਮ ਵਿਸ਼ੇਸਤਾ ਹੈ ਕਿ ਜਿਥੇ ਇਸ ਪੁਸਤਕ ਦਾ ਸਿਰਲੇਖ ਵਿਸ਼ਾ - ਵਸਤੂ ਅਨੁਸਾਰ ਢੁੱਕਵਾ ਹੈ, ਉਥੇ ਕਿਤਾਬ ਦਾ ਟਾਈਟਲ ਵੀ ਬਹੁਤ ਦਿਲਕਸ਼ ਅਤੇ ਮਨਮੋਹਨਾ ਹੈ। ਇਸ ਵਿਲੱਖਣ ਕਾਰਜ ਲਈ ਪ੍ਰਕਾਸ਼ਕ ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ ਵੀ ਵਧਾਈ ਦੇ ਹੱਕਦਾਰ ਹਨ।

ਮੈਂ ਮੁਖਤਾਰ ਸਿੰਘ ਚੰਦੀ ਜੀ ਨੂੰ ਦਿਲੋਂ ਮੁਬਾਰਕਬਾਦ ਦਿੰਦਾ ਹਾਂ ਕਿ ਉਨ੍ਹਾਂ ਨੇ ਗੁਰਦੁਆਰਾ ਦਮਦਮਾ ਸਾਹਿਬ ਠੱਟਾ (ਕਪੂਰਥਲਾ) ਦੇ ਇਤਿਹਾਸ, ਪਰੰਪਰਾ ਅਤੇ ਵਿਕਾਸ ਨਾਲ ਸਬੰਧਤ ਮੂਲ ਅਤੇ ਮੌਖਿਕ ਸਰੋਤਾਂ ਦਾ ਗੰਭੀਰ ਅਧਿਐਨ ਕਰਕੇ, ਕਾਫ਼ੀ ਖੋਜ ਅਤੇ ਛਾਣਬੀਣ ਉਪਰੰਤ ਇਹ ਮਹੱਤਵਪੂਰਨ ਪੁਸਤਕ ਸੰਗਤ ਦੀ ਝੋਲੀ ਪਾਈ ਹੈ। "ਸਾਧ ਜਨਾ ਕੀ ਅਚਰਜ ਕਥਾ॥" ਨੂੰ ਸ਼ਬਦਾਂ ਵਿੱਚ ਪਰੋਣ ਦੀ ਸੋਝੀ ਵੀ ਲੇਖਕ ਨੂੰ ਅਕਾਲ ਪੁਰਖ ਦੀ ਬਖ਼ਸ਼ਿਸ਼ ਸਦਕਾ ਹੀ ਪ੍ਰਾਪਤ ਹੋਈ ਹੈ। ਇਹ ਪਹਿਲੀ ਐਸੀ ਪੁਸਤਕ ਹੈ ਜੋ ਸੰਗਤ ਨੂੰ ਧਰਮ ਦੇ ਇਸ ਮਹੱਤਵਪੂਰਨ ਕੇਂਦਰ ਅਤੇ ਇਸ ਨਾਲ ਸਬੰਧਤ ਮਹਾਂਪੁਰਖਾਂ ਦੇ ਪਰਉਪਕਾਰੀ ਜੀਵਨ ਬਾਰੇ ਵਡਮੁੱਲੀ ਅਤੇ ਪ੍ਰਮਾਣਿਕ ਜਾਣਕਾਰੀ ਪ੍ਰਦਾਨ ਕਰਦੀ ਹੈ। ਮੈਨੂੰ ਪੂਰਾ ਵਿਸ਼ਵਾਸ ਹੈ ਕਿ ਇਹ ਪੁਸਤਕ ਸਮੁੱਚੀ ਸਿੱਖ ਸੰਗਤ, ਖਾਸ ਕਰਕੇ ਇਸ ਅਸਥਾਨ ਨਾਲ ਜੁੜੀ ਸੰਗਤ ਅਤੇ ਖੋਜੀ ਵਿਦਵਾਨਾਂ ਲਈ ਬੇਹੱਦ ਲਾਹੇਵੰਦ ਅਤੇ ਮਾਰਗਦਰਸ਼ਕ ਸਾਬਤ ਹੋਵੇਗੀ।

*ਪ੍ਰਿੰਸੀਪਲ (ਰਿਟ.)*
*ਲਖਬੀਰ ਸਿੰਘ ਸੈਦਪੁਰ*
*9779952440*

## ਪਾਠਕਾਂ ਦੇ ਪੱਤਰ


# ਗੁਰਿ ਕਹਿਆ ਸਾ ਕਾਰ ਕਮਾਵਹੁ ਗੁਰ ਕੀ ਕਰਣੀ ਕਾਹੇ ਧਾਵਹੁ ॥

ਸਤਿਕਾਰ ਯੋਗ ਸੰਪਾਦਕ ਜੀਓ,

ਵਾਹਿਗੁਰੂ ਜੀ ਕਾ ਖ਼ਾਲਸਾ

ਵਾਹਿਗੁਰੂ ਜੀ ਕੀ ਫ਼ਤਹਿ

ਗੁਰਮਤਿ ਟੀ: ਵੀ–ਸਿੱਖਾਂ ਦੇ ਭੱਖਦੇ ਮਸਲੇ ਯੂ:ਟੀਊਬ ਵਾਲਿਆਂ ਇਕ ਵੀਡੀ–ਓ, ਸੰਤ ਜਰਨੈਲ ਸਿੰਘ ਦਾ ਇਹ ਫੈਸਲਾ ਗਲਤ ਸੀ ਇਹ ਸਾਨੂੰ ਮੰਨਣਾ ਪੈਣਾ, ਦੇ ਸਿਰਲੇਖ ਹੇਠ ਇਹ ਵੀਡੀਉ ਪ੍ਰਸਾਰਨ ਕੀਤੀ ਹੈ। ਮੈਨੂੰ ਇਹ ਵੀਡੀਉ ਮੇਰੇ ਦੋਸਤ ਨੇ ਭੇਜਕੇ ਪੁੱਛਿਆ ਹੈ ਕਿ ਇਸ ਵੀਡੀਉ ਵਿੱਚ ਸੰਤ ਜਰਨੈਲ ਸਿੰਘ ਨੂੰ ਗਲਤ ਸਾਬਤ ਕਰਨ ਲਈ, ਦਰਬਾਰ ਸਾਹਿਬ ਦੇ ਸਤਿਕਾਰ ਵਾਸਤੇ, ਗੁਰੂ ਹਰਗੋਬਿੰਦ ਤੇ ਗੁਰੂ ਗੋਬਿੰਦ ਸਿੰਘ ਦੇ ਫੈਸਲੇ, ਸਿੱਖ ਮਿਸਲਾਂ ਦੇ ਫੈਸਲੇ ਅਤੇ ਬਾਬਾ ਗੁਰਬਖ਼ਸ਼ ਸਿੰਘ ਦੇ ਫੈਸਲੇ ਬਾਰੇ ਜੋ ਇਤਿਹਾਸਕ ਦਲੀਲਾਂ ਦਿੱਤੀਆਂ ਗਈਆਂ ਹਨ, ਕੀ ਉਹ ਤੱਥਾਂ 'ਤੇ ਆਧਾਰਤ ਹਨ ਜਾਂ ਮਨਘੜਤ ਦਲੀਲਾਂ ਹਨ? ਸਾਰੀ ਵੀਡੀਉ ਸੁਣਣ ਤੋਂ ਬਾਅਦ ਦਾਸ ਇਸ ਨਤੀਜੇ 'ਤੇ ਪਹੁੰਚਿਆ ਕਿ ਇਸ ਵੀਡੀਉ ਵਿੱਚ ਗੁਰੂ ਸਾਹਿਬਾਨ ਬਾਰੇ ਦਿੱਤੀਆਂ ਗਈਆਂ ਸਾਰੀਆਂ ਦਲੀਲਾਂ ਮਨਘੜਤ ਹਨ। ਇਸ ਵੀਡੀਉ ਵਿੱਚ ਜੋ ਕਿਹਾ ਗਿਆ ਹੈ ਦਾਸ ਨੇ ਜੇ ਹੂ–ਬ–ਹੂ ਲਿਖਣ ਦੀ ਕੋਸ਼ਿਸ਼ ਕੀਤੀ ਤਾਂ ਪੱਤਰ ਬਹੁਤ ਲੰਬਾ ਹੋ ਜਾਵੇਗਾ (ਸਬੂਤ ਵਜੋਂ ਉਹ ਵੀਡੀਉ ਵੀ ਨਾਲ ਭੇਜ ਰਿਹਾ ਹਾਂ) ਇਸ ਕਰਕੇ ਉਸ ਵੀਡੀਉ ਵਿੱਚ ਬਿਆਨ ਕੀਤੇ ਗਏ ਗਲਤ ਇਤਿਹਾਸਕ ਤੱਥਾਂ ਬਾਰੇ ਹੀ ਪਾਠਕਾਂ ਨਾਲ ਆਪਣੇ ਵਿਚਾਰ ਸਾਂਝੇ ਕਰਾਂਗਾ। ਵੀਡੀਉ ਵਿੱਚ ਆਖੀਆਂ ਗਈਆਂ ਗੱਲਾਂ ਦਾ ਸਾਰ ਅੰਸ਼ ਇਸ ਪ੍ਰਕਾਰ ਹੈ: ਜੇ ਇਤਿਹਾਸ ਤੋਂ ਸਬਕ ਲੈਣਾ ਤਾਂ ਦਰਬਾਰ ਸਾਹਿਬ 'ਤੇ ਅਟੈਕ ਪਹਿਲੀ ਵਾਰੀ ਨਹੀਂ ਹੋਇਆ, ਇਸ ਤੋਂ ਪਹਿਲਾਂ ਵੀ ਦਰਬਾਰ ਸਾਹਿਬ 'ਤੇ ਅਟੈਕ ਹੁੰਦੇ ਰਹੇ ਹਨ (ਨੋਟ–ਇਥੇ ਵੀਡੀਉ ਵਾਲੇ ਵੀਰ ਜੂਨ 1984 ਨੂੰ ਭਾਰਤੀ ਫੌਜ ਵੱਲੋਂ ਦਰਬਾਰ ਸਾਹਿਬ 'ਤੇ ਤੋਪਾਂ ਟੈਂਕਾਂ ਨਾਲ ਕੀਤੇ ਗਏ ਹਮਲੇ ਤੋਂ ਪਹਿਲਾਂ ਗੁਰੂ ਕਾਲ ਵੇਲੇ ਅਤੇ ਬਾਅਦ ਵਿੱਚ ਅਹਿਮਦ ਸ਼ਾਹ ਅਬਦਾਲੀ ਦੇ ਦਰਬਾਰ ਸਾਹਿਬ ਉੱਤੇ ਹੋਏ ਹਮਲਿਆਂ ਦਾ ਜ਼ਿਕਰ ਕਰਦੇ ਹਨ)। ਵੀਡੀਉ ਵਾਲਾ ਵੀਰ ਆਪਣੀ ਗੱਲ ਜਾਰੀ ਰੱਖਦਾ ਹੋਇਆ ਕਹਿੰਦਾ ਹੈ ਕਿ ਇਤਿਹਾਸ ਜਿਥੋਂ ਵੀ ਪੜ੍ਹਾਂਗੇ ਜੇ ਮਿਸਲਾਂ ਦੇ ਟਾਈਮ ਦੀ ਵੀ ਗੱਲ ਕਰੀਏ ਜਾਂ ਇਸ ਤੋਂ ਪਹਿਲਾਂ ਦੀ ਗੱਲ ਕਰੀਏ, ਗੁਰੂ ਹਰਗੋਬਿੰਦ ਪਾਤਸ਼ਾਹ ਵੀ ਦਰਬਾਰ ਸਾਹਿਬ ਏਸ ਕਰਕੇ ਛੱਡਕੇ ਆਏ ਕਿ ਜਿਹੜੀ ਸੈਂਟਰ ਜਗਾਹ ਇਸ ਨੂੰ ਕੋਈ ਨੁਕਸਾਨ ਨਾ ਪਹੁੰਚੇ, ਉਨ੍ਹਾਂ ਨੇ ਹਰਗੋਬਿੰਦਪੁਰੇ ਜਾਂ ਕਰਤਾਰਪੁਰ ਆ ਕੇ ਤਾਂ ਹੀ ਡੇਰੇ ਲਾਏ ਸੀ। (ਨੋਟ–ਇਥੇ ਇਹ ਵੀ ਦੱਸਣਯੋਗ ਹੈ ਕਿ ਗੁਰੂ ਹਰਗੋਬਿੰਦ ਪਾਤਸ਼ਾਹ ਨੇ ਨਾ ਹਰਗੋਬਿੰਦਪੁਰੇ ਤੇ ਨਾ ਹੀ ਕਰਤਾਰਪੁਰ ਡੇਰੇ ਲਾਏ ਉਨ੍ਹਾਂ ਕੀਰਤਪੁਰ ਸ਼ਹਿਰ ਵਸਾਇਆ ਅਤੇ ਆਪਣੇ ਪੋਤਰੇ ਹਰਿਰਾਏ ਸਾਹਿਬ ਨੂੰ ਗੁਰੂ ਨਾਨਕ ਦੇ ਤਖ਼ਤ ਦੀ ਜ਼ਿੰਮੇਵਾਰੀ ਸੰਭਾਲ ਕੇ ਜੋਤੀ ਜੋਤ ਸਮਾਉਣ ਤੱਕ ਕੀਰਤਪੁਰ ਹੀ ਰਹੇ ਅਤੇ ਉਨ੍ਹਾਂ ਦੇ ਜੀਵਨ ਕਾਲ ਵਿੱਚ ਦਰਬਾਰ ਸਾਹਿਬ 'ਤੇ ਕੋਈ ਹਮਲਾ ਨਹੀਂ ਹੋਇਆ ਤੇ ਨਾ ਹੀ ਉਹ ਕੀਰਤਪੁਰ ਇਸ ਕਰਕੇ ਗਏ ਸੀ ਕਿ ਉਨ੍ਹਾਂ ਨੂੰ ਦਰਬਾਰ ਸਾਹਿਬ ਉੱਤੇ ਕੋਈ ਹਮਲਾ ਹੋਣ ਦਾ ਡਰ ਸੀ) ਆਪਣੀ ਗੱਲ ਜਾਰੀ ਰੱਖਦਿਆਂ ਹੋਇਆਂ ਵੀਡੀਉ ਵਾਲੇ ਵੀਰ ਜੀ ਕਹਿੰਦੇ ਹਨ ਕਿ ਉਸ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਆਪਣੀ ਸਾਰੀ ਜ਼ਿੰਦਗੀ ਦਰਬਾਰ ਸਾਹਿਬ ਨਹੀਂ ਗਏ ਕਿਉਂਕਿ ਉਹ ਐਸੀ ਜਗਾਹ ਬਣਾਈ ਹੋਈ ਸੀ ਜਿਸ ਨੂੰ ਅਸੀਂ ਸੈਂਟਰ ਕਹਿ ਲਈਏ ਜਾਂ ਸਿੱਖਾਂ ਦਾ ਮੱਕਾ ਵੀ ਕਹਿ ਦਿਨੇ ਆਂ, ਉਥੇ ਨਹੀਂ ਗਏ ਤਾਂ ਕਿ ਉਥੇ ਕੋਈ ਹਮਲਾ ਨਾ ਹੋਵੇ ਕੋਈ ਅਟੈਕ ਨਾ ਹੋਵੇ। (ਨੋਟ–ਇਥੇ ਵਿਚਾਰਨ ਯੋਗ ਤੱਥ ਇਹ ਹੈ ਕਿ ਜਿੰਨਾਂ ਚਿਰ ਗੁਰੂ ਨਾਨਕ ਜੋਤ ਦਸਾਂ ਗੁਰੂ ਸਾਹਿਬਾਨਾਂ ਦੇ ਸਰੀਰਾਂ ਵਿੱਚ ਪ੍ਰਗਟ ਰਹੀ, ਤਖ਼ਤ ਤੇ ਤਾਕਤ ਉਥੇ ਹੀ ਸੀ, ਜਿਥੇ ਗੁਰੂ ਸਾਹਿਬ ਖ਼ੁਦ ਮੌਜੂਦ ਸਨ, ਭਾਵੇਂ ਉਹ ਕੀਰਤਪੁਰ ਹੋਵੇ, ਭਾਵੇਂ ਅਨੰਦਪੁਰ ਸਾਹਿਬ ਹੋਵੇ। ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਗੁਰੂ ਹਰਿਗੋਬਿੰਦ ਪਾਤਸ਼ਾਹ ਕੀਤੀ। ਭਾਵੇਂ ਗੁਰੂ ਹਰਿਗੋਬਿੰਦ ਪਾਤਸ਼ਾਹ ਮਗਰੋਂ ਕੋਈ ਗੁਰੂ ਤਖ਼ਤ 'ਤੇ ਨਹੀਂ ਬੈਠੇ ਪਰ ਉਨ੍ਹਾਂ ਨੇ ਸਿੱਖ ਸੰਗਤਾਂ ਨੂੰ ਹੁਕਮਨਾਮੇ ਜਾਰੀ ਕਰਨ ਦੀ ਪ੍ਰਥਾ ਜਾਰੀ ਰੱਖੀ, ਕਿਉਂਕਿ ਤਖ਼ਤ ਉਥੇ ਸੀ ਜਿਥੇ ਗੁਰੂ ਸੀ। ਦੂਸਰਾ ਵਿਚਾਰਨ ਯੋਗ ਤੱਥ ਇਹ ਹੈ ਜੇ ਗੁਰੂ ਹਰਗੋਬਿੰਦ ਪਾਤਸ਼ਾਹ ਜਾਂ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਨੂੰ ਦਰਬਾਰ ਸਾਹਿਬ ਉੱਤੇ ਕਿਸੇ ਦੁਸ਼ਮਣ ਦੇ ਹਮਲੇ ਦਾ ਡਰ ਹੁੰਦਾ ਤਾਂ ਉਹ ਦਰਬਾਰ ਸਾਹਿਬ ਨੂੰ ਦੁਸ਼ਮਣ ਦੇ ਹਵਾਲੇ ਕਰਨ ਲਈ ਸੁੰਨਾ ਨਹੀਂ ਸੀ ਛੱਡ ਸਕਦੇ, ਇਸ ਕਰਕੇ ਗੁਰੂ ਸਾਹਿਬ ਦੇ ਮਨ ਦੀ ਗੱਲ ਜਾਂ ਉਨ੍ਹਾਂ ਦੇ ਫੈਸਲਿਆਂ ਦੇ ਅਸਲ ਕਾਰਨ ਜਾਨਣ ਦਾ ਕੋਈ ਵੀ ਮਨੁੱਖ ਦਾਅਵਾ ਨਹੀਂ ਕਰ ਸਕਦਾ ਕਿਉਂਕਿ, ਗੁਰੂ ਪਰਮੇਸਰੁ ਏਕ ਹੈ, ਗੁਰ ਨਾਨਕ ਜੋਤਿ ਵਿੱਚ ਹੀ ਨਿਰੰਕਾਰ ਨੇ ਆਪਣਾ ਆਪ ਪ੍ਰਗਟ ਕੀਤਾ ਹੈ। ਗੁਰਬਾਣੀ ਦਾ ਫੁਰਮਾਨ ਹੈ: ਗੁਰਿ ਕਹਿਆ ਸਾ ਕਾਰ ਕਮਾਵਹੁ ਗੁਰ ਕੀ ਕਰਣੀ ਕਾਹੇ ਧਾਵਹੁ, ਅੰਗ 929) ਅੱਗੇ ਚੱਲਕੇ ਵੀਰ ਜੀ ਆਪਣੀ ਵੀਡੀਉ ਵਿੱਚ ਫੁਰਮਾਉਂਦੇ ਹਨ: ਕਿ ਇਨ੍ਹਾਂ ਨੇ (ਟਕਸਾਲ ਨੇ) ਗੁਰਬਖ਼ਸ਼ ਸਿੰਘ ਨੂੰ ਆਪਣੇ ਨਾਲ ਜੋੜਿਆ ਹੋਇਆ ਹੈ ਕਿ ਉਹ ਸਾਡੇ ਮੁਖੀ ਹਨ। ਗੁਰਬਖ਼ਸ਼ ਸਿੰਘ ਦੀ ਚਾਲੀ ਸਿੰਘਾਂ ਸਮੇਤ ਜ਼ਿੰਮੇਵਾਰੀ ਸੀ ਕਿ ਉਹ ਦਰਬਾਰ ਸਾਹਿਬ ਦੀ ਰਾਖੀ ਕਰਨ, ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਅਬਦਾਲੀ ਚੜ੍ਹਕੇ ਆ ਰਿਹਾ ਹੈ ਤਾਂ ਉਹ ਗੁਰਦੁਆਰੇ ਤੋਂ ਬਾਹਰ ਨਿਕਲਕੇ ਸੜਕ 'ਤੇ ਆ ਕੇ ਲੜੇ ਸਨ ਤਾਂ ਕਿ ਗੁਰਦੁਆਰੇ ਨੂੰ ਕੋਈ ਨੁਕਸਾਨ ਨਾ ਪਹੁੰਚੇ। ਇਸ ਵੀਡੀਉ ਵਿੱਚ ਬਾਬਾ ਗੁਰਬਖ਼ਸ਼ ਸਿੰਘ ਬਾਰੇ ਜੋ ਉਕਤ ਕਹਾਣੀ ਦੱਸੀ ਹੈ ਉਹ ਸਾਰੀ ਹੀ ਮਨਘੜਤ ਕਹਾਣੀ ਹੈ। ਆਉ ਜਾਣੀਏ ਬਾਬਾ ਗੁਰਬਖ਼ਸ਼ ਸਿੰਘ ਤੇ ਉਸ ਦੇ 30 ਸਾਥੀਆਂ ਨੇ ਦਰਬਾਰ ਸਾਹਿਬ ਦੀ ਰਾਖੀ ਕਰਨ ਲਈ ਅਬਦਾਲੀ ਦੇ ਜਰਨੈਲ ਜਹਾਨ ਖਾਨ ਦੀ 30 ਹਜ਼ਾਰ ਫੌਜ ਨਾਲ ਲੜਕੇ ਦਰਬਾਰ ਸਾਹਿਬ ਦੇ ਸਨਮੁੱਖ ਕਿਵੇਂ ਲੜ ਕੇ ਕਿਵੇਂ ਸ਼ਹੀਦ ਹੋਏ। ਇਸ ਲੜਾਈ ਦਾ ਅੱਖੀਂ ਡਿੱਠਾ ਹਾਲ ਕਾਜੀ ਨੂਰ ਮੁਹੰਮਦ ਨੇ, ਜੰਗਨਾਮੇ ਵਿੱਚ ਬੜੇ ਵਿਸਥਾਰ ਨਾਲ ਲਿਖਿਆ ਹੈ। ਜਹਾਨ ਖਾਂ ਦੇ ਏਲਚੀਆਂ ਨੇ ਅੱਗੇ ਵੱਧਕੇ ਬਾਬਾ ਗੁਰਬਖ਼ਸ਼ ਸਿੰਘ ਨੂੰ ਕਿਹਾ ਸਾਡੀ ਫੌਜ ਹਜਾਰਾਂ ਦੀ ਗਿਣਤੀ, ਤੁਸੀਂ ਕੇਵਲ ਗਿਣਤੀ ਵਿੱਚ 30 ਹੋ, ਲੜਾਈ ਵਿੱਚ ਤੁਸੀਂ ਜਿੱਤ ਨਹੀਂ ਸਕੋਗੇ, ਸੋ ਲੜ ਕੇ ਜਾਨਾਂ ਗੁਆਉਣ ਨਾਲੋਂ ਹਥਿਆਰ ਸੁੱਟ ਦਿਉ ਤੇ ਮਾਫ਼ੀ ਮੰਗ ਲਵੋ। ਅੱਗੋਂ ਸ਼ੇਰ–ਦਿਲ ਸੰਤ–ਸਿਪਾਹੀ ਬਾਬਾ ਗੁਰਬਖ਼ਸ਼ ਸਿੰਘ ਨੇ ਕਿਹਾ ਅਸੀਂ ਜਾਨ ਬਚਾਉਣ ਵਾਸਤੇ ਨਹੀਂ ਆਪਣੇ ਗੁਰਧਾਮਾਂ ਦੀ ਆਨ–ਸ਼ਾਨ ਬਚਾਉਣ ਵਾਸਤੇ ਸ਼ਹੀਦ ਹੋਣ ਲਈ ਜਨਮੇ ਹਾਂ। ਅਸਾਂ ਹਥਿਆਰ ਵੈਰੀ ਦੇ ਪੈਰਾਂ ਵਿੱਚ ਰੱਖਣ ਲਈ ਨਹੀਂ, ਮਰਦਾਂ ਵਾਂਗ ਮੈਦਾਨ ਵਿੱਚ ਪਰਖਣ ਵਾਸਤੇ ਪਹਿਨੇ ਹਨ। ਅੱਜ ਅਸੀਂ ਆਪਣੇ ਗੁਰੂ ਮਹਾਰਾਜ ਦਾ ਸਵਾ ਲਾਖ ਸੇ ਏਕ ਲੜਾਊਂ ਵਾਲਾ ਮਹਾਂ ਵਾਕ ਸੱਚਾ ਸਾਬਤ ਕਰਨ ਵਾਸਤੇ ਪਿੜ ਮਲਿਆ ਹੈ। ਤੁਹਾਡੀ ਕਈ ਹਜ਼ਾਰ ਸੈਨਾ ਨਾਲ ਕਲਗੀਧਰ ਪਾਤਸ਼ਾਹ ਦਾ ਇਕ ਇਕ ਸਿੰਘ ਲੜੇਗਾ। ਦਿਲ ਵਿੱਚ ਕੋਈ ਅਰਮਾਨ ਨਾ ਰਹਿ ਜਾਵੇ। ਜਹਾਨ ਖਾਂ ਨੂੰ ਕਹੋ, ਪਹਿਲ ਕਰ ਲਵੇ, ਖ਼ਾਲਸਾ ਤਿਆਰ–ਬਰ–ਤਿਆਰ ਹੈ। ਬਾਬਾ ਗੁਰਬਖ਼ਸ਼ ਸਿੰਘ ਨੇ ਦਰਬਾਰ ਸਾਹਿਬ ਮੱਥਾ ਟੇਕਿਆ ਤੇ ਫਿਰ ਅਕਾਲ ਤਖ਼ਤ ਦੇ ਸਾਹਮਣੇ ਸ਼ਹੀਦੀ ਪ੍ਰਾਪਤ ਕਰਨ ਲਈ ਅਰਦਾਸ ਕੀਤੀ। ਦਰਬਾਰ ਸਾਹਿਬ ਦੇ ਸਨਮੁੱਖ ਅਕਾਲ ਤਖ਼ਤ ਦੇ ਸਾਹਮਣੇ ਦੋਹਾਂ ਧਿਰਾਂ ਵਿੱਚ ਗਹਿ–ਗੱਚ ਲੜਾਈ ਹੋਈ। (ਨੋਟ–ਲੜਾਈ ਅਕਾਲ ਤਖ਼ਤ ਤੇ ਦਰਬਾਰ ਸਾਹਿਬ ਦੇ ਸਨਮੁੱਖ ਹੋਈ ਬਾਹਰ ਸੜਕ 'ਤੇ ਆਣ ਕੇ ਨਹੀਂ ਹੋਈ) ਬਾਬਾ ਗੁਰਬਖ਼ਸ਼ ਸਿੰਘ ਤੇ ਉਸ ਦੇ 30 ਸਾਥੀ ਜਹਾਨ ਖਾਂ ਦੀ ਹਜ਼ਾਰਾਂ ਦੀ ਫੌਜ ਨਾਲ ਸੂਰਮਿਆਂ ਵਾਂਗ ਸ਼ਹੀਦ ਹੋਏ। ਕਾਜੀ ਨੂਰ ਮੁਹੰਮਦ ਇਸ ਲੜਾਈ ਦੇ ਅੱਖੀਂ ਡਿੱਠੇ ਹਾਲ ਨੂੰ ਇੰਜ ਬਿਆਨ ਕਰਦਾ ਹੈ ਕਿ: ਇਕ ਇਕ ਸਿੱਖ ਸਾਡੇ ਪੰਜਾਹ ਪੰਜਾਹ ਸਿਪਾਹੀਆਂ ਨੂੰ ਮਾਰ ਕੇ ਸ਼ਹੀਦ ਹੋਇਆ। ਤੇ ਫਿਰ ਅੰਤ ਵਿੱਚ ਇਹ ਵੀਡੀਉ ਵਾਲਾ ਵੀਰ ਅਤੇ ਉਨ੍ਹਾਂ ਦਾ ਇਕ ਕਾਲਰ ਕਹਿੰਦਾ ਹੈ ਕਿ ਮੈਂ ਤੁਹਾਡੀ ਇਸ ਗੱਲ ਨਾਲ ਸਹਿਮਤ ਹਾਂ ਅੰਦਰੋਂ (ਸੰਤ ਜਰਨੈਲ ਸਿੰਘ) ਵੱਲੋਂ ਮੋਰਚਾ ਬੰਦੀ ਕਰਨ ਦਾ ਕੋਈ ਵੀ ਆਡੀਆ ਨਹੀਂ ਸੀ ਬਣਦਾ। ਸਾਨੂੰ ਇਹ ਮੰਨਣਾ ਪੈਣਾ ਕਿ ਇਹ ਫੈਸਲਾ ਗਲਤ ਸੀ। ਅੱਜ ਮੰਨ ਲਉ, ਕੱਲ੍ਹ ਮੰਨ ਲਉ, ਇਤਿਹਾਸ ਵਿੱਚ ਏਦੂੰ ਵੱਡਾ ਗਲਤ ਫੈਸਲਾ ਇਹ ਵੀਡੀਉ ਵਾਲੇ ਵੀਰ ਨੇ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ। ਕਿ ਸੰਤ ਜਰਨੈਲ ਸਿੰਘ ਤੇ ਉਸ ਦੇ ਸਾਥੀਆਂ ਨੂੰ ਦਰਬਾਰ ਸਾਹਿਬ ਵਿੱਚ ਮੋਰਚਾ ਬੰਦੀ ਕਰਕੇ ਇੰਦਰਾ ਗਾਂਧੀ ਦੀ ਫੌਜ ਦਾ ਮੁਕ–ਾਬਲਾ ਨਹੀਂ ਸੀ ਕਰਨਾ ਚਾਹੀਦਾ, ਸਗੋਂ ਫੌਜ ਅੱਗੇ ਹਥਿਆਰ ਸੁੱਟ ਕੇ ਬਾਹਾਂ ਖੜ੍ਹੀਆਂ ਕਰਕੇ ਦਰਬਾਰ ਵਿੱਚੋਂ ਬਾਹਰ ਆ ਜਾਣਾ ਚਾਹੀਦਾ ਸੀ, ਕਿਉਂਕਿ ਦਰਬਾਰ ਸਾਹਿਬ ਅੰਦਰ ਲੜਾਈ ਹੋਣ ਨਾਲ ਦਰਬਾਰ ਸਾਹਿਬ ਦੀ ਬੇ–ਅਦਬੀ ਹੋਈ ਹੈ, ਇਹ ਕੈਸਾ ਅਣਖ–ਹੀਣ ਤਰਕ ਹੈ। ਗੁਰੂ ਕਾਲ ਅਤੇ ਸਿੱਖ ਮਿਸਲ ਕਾਲ ਵੇਲੇ ਮੌਜੂਦਾ ਵੋਟ ਤੰਤਰ ਵਾਲਾ ਰਾਜਨੀਤਕ ਢਾਂਚਾ ਨਹੀਂ ਸੀ। ਇਸ ਕਰਕੇ ਉਸ ਸਮੇਂ ਦੀਆਂ ਸਥਿਤੀਆਂ ਨੂੰ ਮੌਜੂਦਾ ਰਾਜਨੀਤਕ ਸਥਿਤੀਆਂ ਦੇ ਮਾਪ ਦੰਡਾਂ ਨਾਲ ਨਹੀਂ ਤੋਲਿਆ ਜਾ ਸਕਦਾ। ਗੁਰੂ ਕਾਲ ਅਤੇ ਸਿੱਖ ਮਿਸਲ ਕਾਲ ਵੇਲੇ ਅੱਜ ਵਰਗਾ ਮੁਲਕ ਦਾ ਕੋਈ ਸੰਵਿਧਾਨ ਨਹੀਂ ਸੀ, ਉਸ ਵੇਲੇ ਦਿੱਲੀ ਦੇ ਬਾਦਸ਼ਾਹ ਦਾ ਹੁਕਮ ਹੀ ਕਾਨੂੰਨ ਤੇ ਸੰਵਿਧਾਨ ਹੁੰਦਾ ਸੀ। ਉਦੋਂ ਹੁਣ ਵਾਂਗ ਵੋਟਾਂ ਨਾਲ ਚੁਣੀ ਹੋਈ ਸਰਕਾਰ ਨਹੀਂ ਸੀ ਹੁੰਦੀ। ਪਰ ਹੁਣ ਨੁਮਾਇੰਦਾ ਬਹੁ–ਗਿਣਤੀ ਹਿੰਦੂ ਸੋਚ ਦੀ ਧਾਰਨੀ ਵੋਟਾਂ ਨਾਲ ਚੁਣੀ ਸਰਕਾਰ, ਘੱਟ ਗਿਣਤੀਆਂ ਨੂੰ ਇਨਸਾਫ਼ ਨਹੀਂ ਦੇ ਰਹੀ। ਤੇ ਨਾ ਹੀ ਸਿੱਖਾਂ ਨੂੰ 'ਸਿੱਖ ਵੱਖਰੀ ਕੌਮ' ਵਜੋਂ ਮਾਨਤਾ ਦੇ ਰਹੀ ਹੈ। ਸਗੋਂ ਵਿਲੱਖਣ ਤੇ ਸੁਤੰਤਰ ਸਿੱਖ ਧਰਮ ਨੂੰ ਹਿੰਦੂ ਧਰਮ ਵਿੱਚ ਜਜ਼ਬ ਕਰਨਾ ਚਾਹੁੰਦੀ ਹੈ। ਵੀਹਵੀਂ ਸਦੀ ਦੇ ਮਹਾਨ ਸਿੱਖ ਸ਼ਹੀਦ ਸੰਤ ਜਰਨੈਲ ਸਿੰਘ ਖ਼ਾਲਸਾ ਨੇ ਮੀਰੀ–ਪੀਰੀ ਦੇ ਸਿਧਾਂਤ ਦੀ ਸਹੀ ਤਰਜ–ਮਾਨੀ ਕਰਦਿਆਂ ਗੁਰੂ ਨਾਨਕ ਪਾਤਸ਼ਾਹ ਦੁਆਰਾ ਮਨੁੱਖ ਨੂੰ ਰੂਹਾਨੀ, ਮਾਨਸਿਕ ਤੇ ਸਰੀਰਕ ਗੁਲਾਮੀ ਤੋਂ ਮੁਕਤ ਕਰਨ ਲਈ ਅਰੰਭੇ ਸੰਘਰਸ਼ ਨੂੰ ਅੱਗੇ ਵਧਾਉਂਦਿਆਂ ਸ੍ਰੀ ਅਕਾਲ ਤਖ਼ਤ ਦੇ ਸਨਮੁੱਖ ਸ਼ਹਾਦਤ ਦਾ ਜਾਮ ਪੀ ਕੇ ਗੁਰੂ ਅਰਜਨ ਸਾਹਿਬ ਵੱਲੋਂ ਤੋਰੀ ਸ਼ਹਾਦਤ ਦੀ ਪਰੰਪਰਾ ਨੂੰ ਕਾਇਮ ਰੱਖਿਆ। 20ਵੀਂ ਸਦੀ ਵਿੱਚ ਸੰਤਾਂ ਦੀ ਸ਼ਹਾਦਤ ਨੇ ਜਿਥੇ ਸਿੱਖ ਸਿਧਾਂਤਾਂ ਦੀ ਸੁੱਚ–ਤਾ ਦਾ ਵਿਲੱਖਣ ਨਮੂਨਾ ਪੇਸ਼ ਕੀਤਾ ਉਥੇ ਉਨ੍ਹਾਂ ਨੇ ਸਿੱਖ ਸਿਆਸਤ ਦੀ ਦਿਸ਼ਾ ਵੀ ਬਦਲ ਕੇ ਰੱਖ ਦਿੱਤੀ। ਉਨ੍ਹਾਂ ਨੇ ਖ਼ਾਲਸਾ ਪੰਥ ਨੂੰ ਆਪਣੀ ਹੋਣੀ ਦੇ ਮਾਲਕ ਆਪ ਬਣਨ ਦਾ ਰਾਹ ਦੱਸਿਆ। ਅੰਤ ਵਿੱਚ ਇਹ ਵੀ ਦੱਸਣ ਯੋਗ ਹੈ ਕਿ ਸੰਤ ਜਰਨੈਲ ਸਿੰਘ ਵੀ ਅਕਾਲ ਤਖ਼ਤ ਦੇ ਸਨਮੁੱਖ ਉਸੇ ਥਾਂ 'ਤੇ ਸ਼ਹੀਦ ਹੋਏ, ਜਿਥੇ ਬਾਬਾ ਗੁਰਬਖ਼ਸ਼ ਸਿੰਘ ਤੇ ਉਸ ਦੇ ਸਾਥੀ ਜਹਾਨ ਖਾਂ ਦੀ ਫੌਜ ਨਾਲ ਲੜਦਿਆਂ ਸ਼ਹੀਦ ਹੋਏ ਸਨ। ਐਸੀਆਂ ਆਪਣੀ ਮਨਮਤ ਅਨੁਸਾਰ ਵੀਡੀਉ ਪਾਉਣ ਤੋਂ ਗੁਰੇਜ਼ ਕਰੋ, ਜਿਨ੍ਹਾਂ ਨਾਲ ਸਿੱਖ ਧਰਮ, ਗੁਰ–ਇਤਿਹਾਸ ਤੇ ਸਿੱਖ ਇਤਿਹਾਸ ਨੂੰ ਪੁੱਠਾ ਗੇੜਾ ਆਵੇ ਅਤੇ ਸਿੱਖ ਕੌਮ ਦਾ ਮੌਜੂਦਾ ਸੰਕਟ ਹੋਰ ਡੂੰਘਾ ਹੋ ਜਾਵੇ।



ਭੁੱਲਾਂ ਚੁੱਕਾਂ ਦੀ ਖਿਮਾਂ

ਗੁਰੂ ਪੰਥ ਦਾ ਦਾਸ

ਜਥੇਦਾਰ ਮਹਿੰਦਰ ਸਿੰਘ ਯੂ.ਕੇ.


* * * * *

# ਸ਼੍ਰੋਮਣੀ ਸ਼ਹੀਦ ਭਾਈ ਮਨੀ ਸਿੰਘ ਦੀ ਕੁਰਬਾਨੀ ਨੂੰ ਯਾਦ ਕਰਦਿਆਂ

(9 ਜੁਲਾਈ) ਸ਼ਹੀਦੀ ਦਿਵਸ 'ਤੇ ਵਿਸ਼ੇਸ਼



– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com



ਗੁਰੂ ਘਰ ਦੇ ਅਨਿਨ ਗੁਰਸਿੱਖ ਸ਼੍ਰੋਮਣੀ ਵਿਦਵਾਨ ਤੇ ਸ਼੍ਰੋਮਣੀ ਸ਼ਹੀਦ ਭਾਈ ਮਨੀ ਸਿੰਘ ਨੇ ਦਮਦਮਾ ਸਾਹਿਬ (ਤਲਵੰਡੀ ਸਾਬੋ) ਦੀ ਧਰਤੀ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਨੂੰ ਸੰਪੂਰਨਤਾ ਦੇਣ ਸਮੇਂ ਲਿਖਾਰੀ ਵਜੋਂ ਜਿਹੜਾ ਮਹਾਨ ਕਾਰਜ ਕੀਤਾ, ਉਹ ਇਤਿਹਾਸਕ ਵੀ ਹੈ ਅਤੇ ਵਿਲੱਖਣ ਵੀ ਹੈ। ਕਲਗੀਧਰ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਹਾਜ਼ਰੀ ਵਿੱਚ ਜਿਥੇ ਪਾਵਨ ਬੀੜ ਨੂੰ ਲਿਖਣ ਦਾ ਕਾਰਜ ਕੀਤਾ, ਉਥੇ ਨੌਵੇਂ ਸਤਿਗੁਰੂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪਾਵਨ ਬਾਣੀ ਵੀ ਦਰਜ ਕੀਤੀ। ਭਾਈ ਸਾਹਿਬ ਨੂੰ 9 ਜੁਲਾਈ, 1734 ਈ: ਨੂੰ ਲਾਹੌਰ ਦੇ ਨਖਾਸ ਚੌਂਕ ਵਿੱਚ ਸ਼ਹੀਦ ਕੀਤਾ ਗਿਆ। ਇਤਿਹਾਸ ਇਸ ਗੱਲ ਦੀ ਗਵਾਹੀ ਦਿੰਦਾ ਹੈ ਕਿ ਭਾਈ ਸਾਹਿਬ ਗੁਰੂ ਘਰ ਦੇ ਇਕ ਮਹਾਨ ਸਿਦਕੀ ਸਿੱਖ ਹੋਣ ਦੇ ਨਾਲ-ਨਾਲ ਨੇਮੀ, ਪ੍ਰੇਮੀ ਤੇ ਸ਼ਰਧਾਵਾਨ ਵਿਦਵਾਨ ਵੀ ਸਨ। ਭਾਈ ਸਾਹਿਬ ਨੇ ਸਮੇਂ-ਸਮੇਂ ਜੰਗਾਂ-ਯੁੱਧਾਂ ਵਿੱਚ ਜੰਗੀ ਕਰਤਵ ਵੀ ਦਿਖਾਏ। ਸਮਾਂ ਆਉਣ 'ਤੇ ਗੁਰਬਾਣੀ ਦੇ ਅਰਥ, ਕਥਾ ਵਿਆਖਿਆ ਅਤੇ ਪ੍ਰਵਚਨਾਂ ਦੁਆਰਾ ਵੀ ਸਿੱਖ ਧਰਮ ਦੀ ਫਿਲਾਸਫੀ, ਸਿਧਾਂਤਾਂ ਅਤੇ ਪਰੰਪਰਾਵਾਂ ਦਾ ਪ੍ਰਚਾਰ ਕੀਤਾ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਵਜੋਂ ਵੀ ਸੇਵਾ ਨਿਭਾਈ। ਸਿੱਖ ਧਰਮ ਦੀ ਮਰਿਯਾਦਾ ਅਤੇ ਸਿਧਾਂਤਾਂ ਨੂੰ ਕਾਇਮ ਰੱਖਣ ਲਈ ਬੰਦ-ਬੰਦ ਕਟਵਾਉਣ ਤੋਂ ਵੀ ਸੰਕੋਚ ਨਹੀਂ ਕੀਤਾ। ਇਤਿਹਾਸਕ ਹਵਾਲਿਆਂ ਮੁਤਾਬਕ ਬੰਦਈ ਅਤੇ ਤੱਤ ਖ਼ਾਲਸੇ ਦੇ ਝਗੜੇ ਨੂੰ ਬੜੀ ਸੂਝ-ਬੂਝ ਨਾਲ ਨਿਬੇੜਨ ਵਿੱਚ ਮਹਾਨ ਯੋਗਦਾਨ ਪਾਇਆ। ਸਿੱਖ ਵਿਦਵਾਨ ਵਜੋਂ ਭਾਈ ਸਾਹਿਬ ਵੱਲੋਂ ਲਿਖੀਆਂ ਦੋ ਮਹਾਨ ਪੁਸਤਕਾਂ ਜਨਮਸਾਖੀ (ਗਿਆਨ ਰਤਨਾਵਲੀ) ਅਤੇ ਸਿੱਖਾਂ ਦੀ ਭਗਤ ਮਾਲਾ (ਭਗਤ ਰਤਨਾਵਲੀ) ਸਿੱਖ ਜਗਤ ਵਿੱਚ ਸ਼ਰਧਾ ਨਾਲ ਪੜ੍ਹੀਆਂ ਜਾਂਦੀਆਂ ਹਨ।

ਸ਼ਹੀਦ ਭਾਈ ਮਨੀ ਸਿੰਘ ਨੂੰ ਸਿੱਖ ਇਤਿਹਾਸ ਦੇ ਵੱਖ-ਵੱਖ ਸਰੋਤਾਂ ਮੁਤਾਬਿਕ ਕਿਸੇ ਨੇ ਪਰਮਾਰ ਰਾਜਪੂਤ, ਕਿਸੇ ਨੇ ਕੰਬੋਜ ਅਤੇ ਕਿਸੇ ਨੇ ਦੂਲਟ ਜੱਟ ਦੱਸਿਆ ਹੈ। ਇਤਿਹਾਸਕ ਹਵਾਲਿਆਂ ਮੁਤਾਬਿਕ ਆਪ ਦਾ ਜਨਮ ਭਾਈ ਮਾਈ ਦਾਸ ਦੇ ਗ੍ਰਹਿ ਵਿਖੇ ਮਾਤਾ ਮਧਰੀ ਦੀ ਕੁੱਖ ਤੋਂ ਹੋਇਆ। ਜਦੋਂ ਆਪ ਜੀ 13 ਸਾਲ ਦੇ ਸਨ ਤਾਂ ਆਪਣੇ ਪਿਤਾ ਦੇ ਨਾਲ ਕੀਰਤ-ਪੁਰ ਸਾਹਿਬ ਵਿਖੇ ਸੱਤਵੇਂ ਪਾਤਸ਼ਾਹ ਗੁਰੂ ਹਰਿ ਰਾਏ ਸਾਹਿਬ ਦੇ ਦਰਸ਼ਨਾਂ ਨੂੰ ਆਏ। ਦੋ ਸਾਲ ਤੱਕ ਆਪ ਗੁਰੂ ਹਰਿ ਰਾਏ ਸਾਹਿਬ ਦੀ ਸੰਗਤ ਵਿੱਚ ਵਿਚਰੇ। ਇਸ ਤੋਂ ਪਿੱਛੋਂ ਆਪ ਜੀ ਦੇ ਪਿਤਾ ਜੀ ਆਪ ਜੀ ਨੂੰ ਸ਼ਾਦੀ ਕਰਨ ਲਈ ਵਾਪਸ ਲੈ ਗਏ। ਆਪ ਜੀ ਦੀ ਸ਼ਾਦੀ ਭਾਈ ਲੱਖੀ ਸ਼ਾਹ ਵਣਜਾਰਾ ਦੀ ਸਪੁੱਤਰੀ ਬੀਬੀ ਸੀਤੋ ਦੇਵੀ ਨਾਲ ਹੋਈ ਦੱਸੀ ਜਾਂਦੀ ਹੈ। ਵਿਆਹ ਤੋਂ ਕੁਝ ਸਮਾਂ ਪਿੱਛੋਂ ਆਪ ਦੁਬਾਰਾ ਫਿਰ ਆਪਣੇ ਦੋ ਭਾਈਆਂ ਭਾਈ ਜੇਠਾ ਜੀ ਅਤੇ ਭਾਈ ਦਿਆਲਾ ਜੀ ਨਾਲ ਕੀਰਤਪੁਰ ਸਾਹਿਬ ਆ ਗਏ। ਕਈ ਇਤਿਹਾਸਕਾਰਾਂ ਮੁਤਾਬਕ ਭਾਈ ਸਾਹਿਬ ਅੱਠਵੇਂ ਪਾਤਸ਼ਾਹ ਨਾਲ ਦਿੱਲੀ ਵੀ ਗਏ ਅਤੇ ਨੌਵੇਂ ਪਾਤਸ਼ਾਹ ਨਾਲ ਬਾਬਾ ਬਕਾਲਾ ਸਾਹਿਬ ਵਿਖੇ ਵੀ ਗਏ ਸਨ। ਨੌਵੇਂ ਪਾਤਸ਼ਾਹ ਜੀ ਦੀ ਸ਼ਹਾਦਤ ਤੋਂ ਬਾਅਦ ਆਪ ਜੀ ਦਸ਼ਮੇਸ਼ ਪਿਤਾ ਜੀ ਪਾਸ ਆ ਗਏ। ਦੱਸਵੇਂ ਪਾਤਸ਼ਾਹ ਦੇ ਹੁਕਮ ਮੁਤਾਬਕ ਹਰ ਸਮੇਂ ਜੰਗਾਂ ਯੁੱਧਾਂ ਵਿੱਚ ਆਪਣਾ ਯੋਗਦਾਨ ਪਾਉਂਦੇ ਰਹੇ। ਇਸ ਤਰ੍ਹਾਂ ਸੱਤਵੇਂ ਪਾਤਸ਼ਾਹ ਤੋਂ ਲੈ ਕੇ ਦੱਸਵੇਂ ਪਾਤਸ਼ਾਹ ਤੱਕ ਆਪ ਜੀ ਗੁਰੂ ਘਰ ਦੇ ਅੰਗ-ਸੰਗ ਰਹਿ ਕੇ ਸੇਵਾ ਨਿਭਾਉਂਦੇ ਰਹੇ। ਇਤਿਹਾਸਕ ਹਵਾਲਿਆਂ ਅਨੁਸਾਰ 30 ਮਾਰਚ, 1699 ਈ: ਦੀ ਵਿਸਾਖੀ ਵਾਲੇ ਦਿਨ ਖ਼ਾਲਸਾ ਸਾਜਨਾ ਸਮੇਂ ਆਪ ਜੀ ਨੇ ਆਪਣੇ ਪੰਜ ਪੁੱਤਰਾਂ ਭਾਈ ਬਚਿੱਤਰ ਸਿੰਘ, ਭਾਈ ਉਦੈ ਸਿੰਘ, ਭਾਈ ਅਨਿਨ ਸਿੰਘ, ਭਾਈ ਅਜਬ ਸਿਘ ਅਤੇ ਭਾਈ ਅਜਾਇਬ ਸਿੰਘ ਨੂੰ ਨਾਲ ਲੈ ਕੇ ਦਸਮ ਪਾਤਸ਼ਾਹ ਜੀ ਦੀ ਸੇਵਾ ਵਿੱਚ ਹਾਜ਼ਰ ਹੋਏ ਅਤੇ ਸਾਰਿਆਂ ਨੇ ਇਕੱਠਿਆਂ ਖੰਡੇ ਬਾਟੇ ਦੀ ਪਾਹੁਲ ਪ੍ਰਾਪਤ ਕੀਤੀ।

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਦੀ ਸੇਵਾ ਆਪ ਨੂੰ ਸੋਢੀ ਹਰਿ ਜੀ ਦੇ ਅਕਾਲ ਚਲਾਣੇ ਤੋਂ ਪਿੱਛੋਂ ਸੰਭਾਲੀ। ਇਤਿਹਾਸਕ ਹਵਾਲਿਆਂ ਮੁਤਾਬਕ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਸੇਵਾ ਦੌਰਾਨ ਆਪ ਜੀ ਨੇ ਸਿੱਖ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਜਿਹੜਾ ਯੋਗਦਾਨ ਪਾਇਆ, ਉਸ ਦੀ ਮਿਸਾਲ ਕਿਤੇ ਨਹੀਂ ਮਿਲਦੀ। ਸ੍ਰੀ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ ਵੇਲੇ ਆਪ ਦਸਮ ਪਾਤਸ਼ਾਹ ਜੀ ਦੇ ਨਾਲ ਹੀ ਸਨ। ਸਰਸਾ ਨਦੀ ਦੇ ਪਰਿਵਾਰ ਵਿਛੋੜੇ ਸਮੇਂ ਨਦੀ ਪਾਰ ਕਰਨ ਦੇ ਵਕਤ ਸਰਬੰਸਦਾਨੀ ਪਿਤਾ ਜੇ ਦੇ ਆਪਣੇ ਮਹਿਲ (ਧਰਮ ਸੁਪਤਨੀਆਂ) ਨੂੰ ਭਾਈ ਮਨੀ ਸਿੰਘ ਜੀ ਨਾਲ ਦਿੱਲੀ ਭੇਜਿਆ। ਦੱਸਿਆ ਜਾਂਦਾ ਹੈ ਜਦੋਂ ਦਸਮ ਪਿਤਾ ਜੀ ਦਮਦਮਾ ਸਾਹਿਬ ਪਹੁੰਚੇ ਤਾਂ ਭਾਈ ਮਨੀ ਸਿੰਘ ਦਿੱਲੀ ਤੋਂ ਦਮਦਮਾ ਸਾਹਿਬ ਪਹੁੰਚ ਗਏ। ਇਥੇ ਭਾਈ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨਤਾ ਦੀ ਸੇਵਾ ਨਿਭਾਈ। ਗੁਰੂ ਸਾਹਿਬ ਨੇ ਇਸ ਪਾਵਨ ਅਸਥਾਨ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬਾਣੀ ਨੂੰ ਅਰਥਾਂ ਸਹਿਤ ਵਿਚਾਰਿਆ । ਅਰਥ ਸਰਵਣ ਕਰਨ ਸਮੇਂ 48 ਮਹਾਨ ਵਿਦਵਾਨਾਂ ਵਿੱਚ ਭਾਈ ਮਨੀ ਸਿੰਘ ਅਤੇ ਬਾਬਾ ਦੀਪ ਸਿੰਘ ਵੀ ਸ਼ਾਮਿਲ ਸਨ। ਦਸਮ ਪਿਤਾ ਜੀ ਨੇ ਇਨ੍ਹਾਂ ਦੋਵੇਂ ਪਿਆਰੇ ਗੁਰਸਿੱਖਾਂ ਨੂੰ ਗੁਰਬਾਣੀ ਦੇ ਅਰਥਾਂ ਨੂੰ ਜਾਰੀ ਰੱਖਣ ਦੇ ਆਦੇਸ਼ ਦਿਤੇ। ਪੜ੍ਹਨ-ਪੜ੍ਹਾਉਣ ਦਾ ਮਹਾਨ ਕਾਰਜ ਇਨ੍ਹਾਂ ਦੋਵਾਂ ਆਦਰਸ਼ ਜੀਵਨ ਵਾਲੇ ਗੁਰੂ ਪਿਆਰਿਆਂ ਨੇ ਸ਼ਹਾਦਤ ਦਾ ਜਾਮ ਪੀਣ ਤੱਕ ਨਿਭਾਇਆ, ਜੋ ਹੁਣ ਤੱਕ ਨਿਰੰਤਰ ਚੱਲ ਰਿਹਾ ਹੈ। ਦਸਮ ਪਾਤਸ਼ਾਹ ਨੇ ਇਨ੍ਹਾਂ ਦੋਵਾਂ ਕਹਿਣੀ ਤੇ ਕਰਣੀ ਦੇ ਪੂਰੇ ਗੁਰਸਿੱਖਾਂ ਨੂੰ ਗੁਰਬਾਣੀ ਦੇ ਅਰਥਾਂ ਦੀ ਟੀਕਾ ਪ੍ਰਣਾਲੀ ਨੂੰ ਜਾਰੀ ਰੱਖਣ ਦੇ ਆਦੇਸ਼ ਦਿੱਤੇ।

ਜਦੋਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੱਖਣ ਵੱਲ ਚਲੇ ਗਏ ਤਾਂ ਭਾਈ ਮਨੀ ਸਿੰਘ ਅੰਮ੍ਰਿਤਸਰ ਦੀ ਪਾਵਨ ਧਰਤੀ 'ਤੇ ਪੁੱਜ ਗਏ। ਦੀਵਾਲੀ ਅਤੇ ਵਿਸਾਖੀ ਦੇ ਪਾਵਨ ਅਵਸਰਾਂ 'ਤੇ ਕਰ (ਟੈਕਸ) ਨਾ ਦੇ ਸਕਣ ਕਾਰਨ ਲਾਹੌਰ ਦੀ ਹਕੂਮਤ ਨੇ ਭਾਈ ਸਾਹਿਬ ਨੂੰ ਗ੍ਰਿਫ਼ਤਾਰ ਕਰ ਲਿਆ।

ਭਾਈ ਸਾਹਿਬ ਨੇ ਹਕੂਮਤ ਵੱਲੋਂ ਜਬਰੀ ਧਰਮ ਤਬਦੀਲ ਕਰਨ ਦੀਆਂ ਸਾਰੀਆਂ ਪੇਸ਼ਕਸ਼ਾਂ ਨੂੰ ਪੂਰੀ ਤਰ੍ਹਾਂ ਠੁਕਰਾ ਦਿੱਤਾ ਤਾਂ ਜ਼ਕਰੀਆ ਖਾਨ ਨੇ ਬੰਦ-ਬੰਦ ਕੱਟ ਕੇ ਸ਼ਹੀਦ ਕਰਨ ਦਾ ਹੁਕਮ ਸੁਣਾ ਦਿੱਤਾ। ਇਸ ਤਰ੍ਹਾਂ ਭਾਈ ਸਾਹਿਬ ਨੇ ਸਿੱਖੀ ਸਿਦਕ ਨਿਭਾਉਂਦਿਆਂ ਸ਼ਹਾਦਤ ਤਾਂ ਪ੍ਰਾਪਤ ਕਰ ਲਈ ਪਰ ਸਿੱਖ ਸਿਧਾਂਤਾਂ, ਰਵਾਇਤਾਂ ਅਤੇ ਮਰਿਯਾਦਾ ਨੂੰ ਕਾਇਮ ਰੱਖਣ ਲਈ ਆਪਾ ਵਾਰ ਦਿੱਤਾ। ਸ਼ਹੀਦ ਭਾਈ ਮਨੀ ਸਿੰਘ ਜੀ ਦੀ ਸ਼ਹਾਦਤ ਹਮੇਸ਼ਾਂ ਲਈ ਕੌਮ ਦੇ ਮਰਜੀਵੜਿਆਂ ਨੂੰ ਚਾਨਣ ਮੁਨਾਰੇ ਵਾਂਗ ਰੁਸ਼ਨਾਉਂਦੀ ਰਹੀ ਹੈ ਅਤੇ ਰੁਸ਼ਨਾਉਂਦੀ ਰਹੇਗੀ। ਸ਼ਹੀਦ ਭਾਈ ਮਨੀ ਸਿੰਘ ਜੀ ਦੀ ਸ਼ਹਾਦਤ ਨੂੰ ਸਾਡਾ ਪ੍ਰਣਾਮ।

## ਭਾਰਤੀ ਮੂਲ ਦੇ ਵਿਅਕਤੀ ਨੇ ਵੀਜ਼ਾ ਧੋਖਾਧੜੀ ਮਾਮਲੇ ਵਿੱਚ ਗੁਨਾਹ ਮੰਨਿਆ, ਸਜ਼ਾ 29 ਜੁਲਾਈ ਨੂੰ ਸੁਣਾਈ ਜਾਵੇਗੀ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) – ਮੈਸੇਚਿਉਸੇਟਸ ਵਿੱਚ ਗੈਰ-ਕਾਨੂੰਨੀ ਤੌਰ ਤੇ ਰਹਿ ਰਹੇ ਇੱਕ ਭਾਰਤੀ ਨਾਗਰਿਕ ਨੇ ਇੱਕ ਵੀਜ਼ਾ ਧੋਖਾਧੜੀ ਯੋਜਨਾ ਵਿੱਚ ਹਿੱਸਾ ਲੈਣ ਦਾ ਗੁਨਾਹ ਮੰਨ ਲਿਆ ਹੈ ਜਿਸ ਵਿੱਚ ਨਕਲੀ ਹਥਿਆਰਬੰਦ ਡਕੈਤੀਆਂ ਕੀਤੀਆਂ ਗਈਆਂ ਸਨ ਤਾਂ ਜੋ ਭਾਗੀਦਾਰ ਅਪਰਾਧ ਪੀੜਤ ਹੋਣ ਦਾ ਝੂਠਾ ਦਾਅਵਾ ਕਰ ਸਕਣ ਅਤੇ ਅਮਰੀਕੀ ਇਮੀਗ੍ਰੇਸ਼ਨ ਲਾਭ ਪ੍ਰਾਪਤ ਕਰ ਸਕਣ। ਵੋਰਸੇਸਟਰ ਦੇ 40 ਸਾਲਾ ਮਿਤੁਲ ਪਟੇਲ ਨੇ ਸੰਘੀ ਅਦਾਲਤ ਵਿੱਚ ਮੰਨਿਆ ਕਿ ਉਹ ਵੀਜ਼ਾ ਧੋਖਾਧੜੀ ਸਾਜ਼ਿਸ਼ ਵਿੱਚ ਸ਼ਾਮਿਲ ਸੀ। ਉਸ ਨੂੰ 29 ਜੁਲਾਈ ਨੂੰ ਸਜ਼ਾ ਸੁਣਾਈ ਜਾਣੀ ਹੈ। ਵਕੀਲਾਂ ਅਨੁਸਾਰ ਇਹ ਯੋਜਨਾ 2023 ਵਿੱਚ ਸ਼ੁਰੂ ਹੋਈ ਸੀ ਜਿਸ ਤਹਿਤ ਮੈਸੇਚਿਉਸੇਟਸ ਅਤੇ ਹੋਰ ਰਾਜਾਂ ਵਿੱਚ ਸੁਵਿਧਾ ਸਟੋਰਾਂ, ਸ਼ਰਾਬ ਦੀਆਂ ਦੁਕਾਨਾਂ ਅਤੇ ਫਾਸਟ-ਫੂਡ ਰੈਸਟੋਰੈਂਟਾਂ ਵਿੱਚ ਫਰਜੀ ਹਥਿਆਰਬੰਦ ਡਕੈਤੀਆਂ ਕੀਤੀਆਂ ਗਈਆਂ। ਜਾਂਚਕਰਤਾਵਾਂ ਅਨੁਸਾਰ ਇੱਕ ਵਿਅਕਤੀ ਲੁਟੇਰਾ ਹੋਣ ਦਾ ਦਿਖਾਵਾ ਕਰਦਾ ਹੋਇਆ ਇੱਕ ਸਟੋਰ ਵਿੱਚ ਦਾਖਲ ਹੁੰਦਾ ਸੀ, ਕਰਮਚਾਰੀਆਂ ਨੂੰ ਬੰਦੂਕ ਵਰਗੀ ਚੀਜ਼ ਨਾਲ ਧਮਕਾਉਂਦਾ ਸੀ, ਨਕਦੀ ਲੈਂਦਾ ਸੀ ਤੇ ਫਰਾਰ ਹੋ ਜਾਂਦਾ ਸੀ। ਸਟੋਰ ਦੇ ਕਰਮਚਾਰੀ ਫਿਰ ਪੁਲਿਸ ਨੂੰ ਬੁਲਾਉਣ ਤੋਂ ਪਹਿਲਾਂ ਕਈ ਮਿੰਟ ਉਡੀਕ ਕਰਦੇ ਸਨ ਤਾਂ ਜੋ ਡਕੈਤੀ ਅਸਲੀ ਦਿਖਾਈ ਦੇਵੇ।

## ਨਿਰਮਲ ਸਹਿਗਲ ਇੰਗਲੈਂਡ ਵਿੱਚ 'ਪੌਂਟਲੈਂਡ ਟਾਊਨ ਕੌਂਸਲ' ਦੀ ਪਹਿਲੀ ਪੰਜਾਬੀ ਅਤੇ ਭਾਰਤੀ ਮੂਲ ਦੀ ਮੇਅਰ ਬਣੀ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪੰਜਾਬੀ ਮੂਲ ਦੀ 77 ਸਾਲਾ ਨਿਰਮਲ ਸਹਿਗਲ ਨੇ ਇੰਗਲੈਂਡ ਵਿੱਚ 'ਪੌਂਟਲੈਂਡ ਟਾਊਨ ਕੌਂਸਲ' ਦੀ ਪਹਿਲੀ ਪੰਜਾਬੀ ਅਤੇ ਭਾਰਤੀ ਮੂਲ ਦੀ ਮੇਅਰ ਬਣ ਕੇ ਇੱਕ ਨਵਾਂ ਇਤਿਹਾਸ ਰਚਿਆ ਹੈ।ਪੰਜਾਬ ਦੇ ਫਿਲੌਰ ਵਿੱਚ ਜਨਮੀ ਅਤੇ ਪਲੀ ਨਿਰਮਲ ਸਹਿਗਲ ਨੇ ਮੁਢਲੀ ਸਿੱਖਿਆ ਫਿਲੌਰ ਤੋਂ ਅਤੇ ਉੱਚ ਸਿੱਖਿਆ ਗੌਰਮਿੰਟ ਕਾਲਜ ਫਾਰ ਵੂਮੈਨ, ਲੁਧਿਆਣਾ ਤੋਂ ਪ੍ਰਾਪਤ ਕੀਤੀ। 1969 ਵਿੱਚ ਆਪਣੇ ਸਵਰਗੀ ਪਤੀ ਪੁਰਸ਼ੋਤਮ ਡੀ. ਸਹਿਗਲ ਨਾਲ ਵਿਆਹ ਤੋਂ ਬਾਅਦ ਯੂ ਕੇ ਚਲੀ ਗਈ। ਜਿੱਥੇ ਉਹਨਾਂ ਬਰਮਿੰਘਮ ਪਬਲਿਕ ਲਾਇਬ੍ਰੇਰੀ ਵਿੱਚ ਇੱਕ ਲਾਇਬ੍ਰੇਰੀਅਨ ਵਜੋਂ ਕੰਮ ਕੀਤਾ। ਡਾਕ ਵਿਭਾਗ ਨਾਲ ਕੰਮ ਕਰਨ ਦੇ ਨਾਲ ਨਾਲ ਉਹ ਪੰਜਾਬੀ ਭਾਈਚਾਰੇ ਲਈ ਮੁਫਤ ਸੇਵਾਵਾਂ ਵੀ ਕਰਦੇ ਰਹੇ। ਬੀਤੇ ਤਿੰਨ ਦਹਾਕੇ ਤੋਂ ਪੌਂਟਲੈਂਡ ਵਿੱਚ ਰਹਿਣ ਵਾਲੀ ਨਿਰਮਲ ਸਹਿਗਲ ਨੇ ਸਮਾਜ ਸੇਵੀ ਸੰਸਥਾਵਾਂ ਨਾਲ ਮਿਲ ਕੇ ਲੋਕ ਭਲਾਈ ਦੇ ਕੰਮ ਕੀਤੇ। ਨਿਊਕਾਸਲ ਦੇ ਹਿੰਦੂ ਮੰਦਰ ਦੇ ਟਰੱਸਟੀ ਅਤੇ ਵਾਈਸ-ਚੇਅਰਮੈਨ ਵਜੋਂ ਸੇਵਾ ਨਿਭਾਉਂਦੇ ਹੋਏ, ਉਨ੍ਹਾਂ ਨੇ ਪੰਜਾਬ ਵਿੱਚ ਹੜ੍ਹ ਰਾਹਤ ਕਾਰਜਾਂ ਲਈ ਅਹਿਮ ਭੂਮਿਕਾ ਨਿਭਾਈ।ਨਿਰਮਲ ਸਹਿਗਲ ਨੇ ਯੂ ਕੇ ਦੀ 'ਕੰਜ਼ਰਵੇਟਿਵ ਪਾਰਟੀ' ਵੱਲੋਂ ਚੋਣ ਜਿੱਤ ਕੇ ਕੌਂਸਲਰ ਬਣੀ ਅਤੇ ਪਿਛਲੇ ਸਾਲ ਹੋਈਆਂ ਚੋਣਾਂ ਵਿੱਚ ਉਹ ਨਿਰਵਿਰੋਧ ਕੌਂਸਲਰ ਚੁਣੇ ਗਏ। ਹੁਣ ਉਹਨਾਂ ਦੀ ਮੇਅਰ ਵਜੋਂ ਚੋਣ ਹੋਣਾ ਪੰਜਾਬੀ ਭਾਈਚਾਰੇ ਲਈ ਇੱਕ ਮਾਣ ਵਾਲੀ ਗੱਲ ਹੈ।


– ਲੇਖਕ –
ਗਿਆਨੀ
ਗੁਰਦਿੱਤ ਸਿੰਘ



ਲੜੀ ਜੋੜਨ ਲਈ ਪਿਛਲਾ ਅੰਕ ਦੇਖੋ
ਕਿਸ਼ਤ-49

# ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ

**ਲੇਖਕ ਨੇ ਕੁਝ ਅਜੇਹੀਆਂ ਪ੍ਰਾਚੀਨ ਬੀੜਾਂ ਦੇ ਦਰਸ਼ਨ ਕੀਤੇ ਹਨ, ਜਿਨ੍ਹਾਂ ਵਿੱਚ ਪ੍ਰਾਣ ਸੰਗਲੀ ਕਿਤੇ ਥੋੜ੍ਹੀ ਕਿਤੇ ਬਹੁਤੀ ਲਿਖੀ ਹੋਈ ਹੈ । ਕਈ ਹੋਰ ਪ੍ਰਾਚੀਨ ਹੱਥ ਲਿਖਤਾਂ ਵਿੱਚ ਪ੍ਰਾਣ ਸੰਗਲੀ ਦੇ ਵੱਖੋ ਵੱਖਰੇ ਅਧਿਆਇ ਲਿਖੇ ਮਿਲਦੇ ਹਨ, ਜਿਨ੍ਹਾਂ ਵਿੱਚੋਂ ਦੋ ਲਿਖਤੀ ਪੋਥੀਆਂ ਅਸਾਡੇ ਪਾਸ ਹਨ । ਪਹਿਲੀ ਵਲੈਤ ਵਾਲੀ ਜਨਮਸਾਖੀ ਵਿੱਚ ਭੀ ਪ੍ਰਾਣ ਸੰਗਲੀ ਲਿਖਣ ਦਾ ਵ੍ਰਿਤਾਂਤ ਆਉਂਦਾ ਹੈ, ਜਿਸ ਤੋਂ ਪ੍ਰਗਟ ਹੁੰਦਾ ਹੈ, ਇਹ ਲਿਖਤ ੧੬੬੦-੭੦ ਸੰਮਤ ਵਿੱਚ ਗੁਰੂ ਹਰਿਗੋਬਿੰਦ ਜੀ ਦੇ ਸਮੇਂ ਤੋਂ ਪਹਿਲਾਂ ਪ੍ਰਸਿੱਧ ਸੀ। ਪ੍ਰਾਣ ਸੰਗਲੀ ਨੂੰ ਮਹੱਤਵਪੂਰਨ ਗ੍ਰੰਥ ਸਮਝਕੇ ਗੁਰੂ ਅਰਜਨ ਦੇਵ ਜੀ ਨੇ ਸੰਮਤ ੧੬੬੧ ਤੋਂ ਪਹਿਲਾਂ ਆਦਿ ਬੀੜ ਤਿਆਰ ਕਰਨ ਵੇਲੇ ਖਾਸ ਤੌਰ 'ਤੇ ਪੈੜਾ ਮੋਖਾ ਨਾਂ ਦੇ ਸਿੱਖ ਨੂੰ ਭੇਜ ਕੇ ਸਿੰਘਲਾ ਦੀਪ ਤੋਂ ਮੰਗਾਇਆ ਸੀ ।**




**ਗੁਰੂ ਨਾਨਕ ਜੀ:**
ਨਾਨਕ ਬ੍ਰਹਮ ਸੂਖਮ ਸੁੰਨ ਅਸਥੂਲ,
ਮਨ ਹੈ ਪਵਨ ਡਾਲ ਹੈ ਮੂਲ।
ਕਰਮ ਲੈ ਸੋਵਹੁ ਸੁਰਤ ਲੈ ਜਾਗੋ
ਬ੍ਰਹਮ ਅਗਨਿ ਤੁਮ ਤਾਪਹੁ।
ਨਿਸ ਬਾਸਰ ਤੁਮ ਖੋਜਹੁ ਨਿਜ ਘਰ
ਇਹ ਬਿਧ ਰਹੋ ਉਦਾਸੋ।
ਸਤਿਗੁਰ ਕਹੈ ਸੁਨਹੁ ਰੇ ਚੇਲਾ
ਇਹ ਲਛਣ ਪਰਗਾਸੋ।
ਗੁਰ ਪ੍ਰਸਾਦਿ ਸਰਬ ਮਹਿ ਪੇਖਹੁ
ਸੁੰਨ ਮੰਡਲ ਕਰ ਬਾਸੋ॥6॥
**ਭਗਤ ਕਬੀਰ ਜੀ:**
ਉਹਾ ਜਾਇ ਨ ਦੇਇ ਸੰਦੇਸ਼ਾ।
ਕਿਆ ਅਸਚਰਜ ਹੋਇ ਜਾਈ।
ਮੈ ਭੈ ਚਕ੍ਰ ਭਇਓ ਗੁਰ ਪੂਰੇ
ਇਹ ਬਿਧ ਦੇਹੁ ਬਤਾਈ।
ਆਪਣਾ ਅਨੁਭਵ ਕਹੇ ਗੁਰੂ ਜੀ
ਪਰਮ ਜੋਤਿ ਕਯੋ ਪਾਈ॥7॥
**ਗੁਰੂ ਨਾਨਕ ਜੀ:**
ਨਾਨਕ, ਸਸੀਅਰ ਰਲਤ ਦੇਖ
ਤੁਮ ਲਾਖਉ ਜਹਿ ਕੀਟੀ ਭੀਰ ਨਾ ਹੋਤਾ।
ਸਤਿਗੁਰ ਕਹੈ ਸੁਨਹੁ ਰੇ ਚੇਲਾ,
ਮਿਲੈ ਪਰਮ ਤਤੁ ਜੇਤਾ॥8॥
**ਭਗਤ ਕਬੀਰ ਜੀ:**
ਧੰਨ ਧੰਨ ਗੁਰ ਨਾਨਕ,
ਜੋਗੀ ਸਤਿਗੁਰ ਪਰਮ ਉਦਾਰਾ।
ਨਿਰਮਲ ਪਦ ਦਿਖਾਰਾਇਓ
ਮੋਕਉ ਰਮਤਾ ਰਾਮ ਅਪਾਰਾ॥9॥
ਜਬ ਹਮ ਭਗਤ ਭਏ ਸੁਖ ਦੇਵਾ,
ਜਨਕ ਵਿਦੇਹ ਕੀਆ ਗੁਰਦੇਵਾ।
ਕਲਿ ਮੈਂ ਕੇਰੀ ਜੁਲਾਹਾ ਨਾਮ ਕਬੀਰਾ
ਢੂੰਢ ਥਕੇ ਮਨ ਭਯੋ ਨਾ ਬੀਰਾ।
ਬਹੁਤ ਭਾਂਤਿ ਤਪ ਸਿਮ੍ਰਨ ਕੀਨੋ।
ਤਉ ਨ ਇਹ ਮਨ ਚੰਚਲ ਭੀਨਾ।
ਹਾਰ ਪਰੇ ਸਤਿਗੁਰ ਕੇ ਦੁਆਰੇ।
ਗੁਰੂ ਨਾਮ ਦਾਨ ਲੇ ਲੀਉ ਉਬਾਰੋ॥10॥
ਸਮਝ ਪਰੀ ਤਬ ਭਯੋ ਉਦਾਸੀ।
ਤਬ ਕਾਟੀ ਜਮ ਕਾਲ ਕੀ ਫਾਸੀ।
ਜਾਤਿ ਕਮੀਨ ਜੁਲਹਾ ਅਪਰਾਧੀ,
ਗੁਰ ਕ੍ਰਿਪਾ ਤੇ ਭਗਤ ਸਮਾਧੀ।
ਸਤਿਪੁਰਖ ਸਤਿਗੁਰ ਤੇ ਪਾਯਾ।
ਤਬ ਸਤਿਨਾਮ ਲੈ ਰਿਦੈ ਵਸਾਯਾ।
ਮੁਕਤ ਭਏ ਸਤਿਗੁਰ ਨਾਨਕ ਜਪਿਆ,
ਕੀਟ ਮੁਰੀਦ ਕਬੀਰਾ॥11॥
ਲੈ ਉਦੇਸ਼ ਪੂਰਣ ਗੁਰ ਕਾ,
ਮਨ ਮਹਿ ਭਇਆ ਅਨੰਦ।
ਮੁਕਤ ਕਰੀ ਨਾਨਕ ਗੁਰੂ
ਰੰਚਕ ਰਾਮਾਨੰਦ॥1॥
ਨਾ ਪਿੰਜਰ ਨਾ ਸੂਹਟਾ ਨਾ ਬਾਣੀ ਨਾ ਬੇਦ।
ਕਲ ਕੀਰਤ ਨਾਨਕ ਰਹੀ
ਪਇਓ ਅਲਖ ਅਛੇਦ।
ਚੰਦ ਸੂਰਜ ਨਹੀਂ ਬਾਸਨਾ
ਨਹਿ ਵਿਦਿਆ ਨਹਿ ਬੇਦ।
ਦਾਸ ਕਬੀਰ, ਗੁਰੂ ਭਏ,
ਗੁਰ ਨਾਨਕ ਦੀਨੋ ਬੇਦ।
ਕਹਾਂ ਨਾਥ ਕਹਾਂ ਸਿਧ ਹੈ
ਕੋਉ ਨਾ ਯਾ ਜਗਬੀਰ।
ਨਾਨਕ ਗੁਰੂ ਸਰਵਤਰ ਥਿਰ,
ਇਹੋ ਗਹਿ ਰਹੈ ਕਬੀਰ॥12॥

ਜਬ ਐਸਾ ਉਪਦੇਸ਼, ਸ੍ਰੀ ਬਾਬੇ ਜੀ, ਕਬੀਰ ਯੋਗ ਕੀਤਾ ਤੇ ਸਤਿਨਾਮ ਕਾ ਨਾਮ ਮੰਤਰ ਦਿੱਤਾ, ਤਾਂ ਬਾਬੇ ਆਖਿਆ, ਇਹੁ ਚਾਰ ਅੱਖਰ ਤੇਰੇ ਹਿਰਦੇ ਕਾ ਤਮ ਹਰਨ ਹਾਰੇ ਹੈ। ਕਲਿਯੁਗ ਮੇਂ ਕਲੇਸ਼ ਮਿਟਾਵਨੇ ਕੋ ਵਿਸਨਵਤ ਸਮ੍ਰਥ ਹੈ। ਹਿਰਦੇ ਕੇ ਵਿਖੇ ਧਾਰਣੇ ਕਰਿ ਮਨ ਕੇ ਸੰਕਲਪ ਵਿਕਲਪ ਕੋ ਛੇਦਣੇਹਾਰ ਹੈ। ਸਰਵ ਸ਼ਾਸਤ੍ਰੋਂ ਕਾ ਅਰ ਸਰਵ ਸਲੋਕਾ ਅਰ ਸਰਵ ਦੇਵਤਿਉਂ ਕਾ ਇਹੋ ਬੀਜ ਹੈ, ਜੈਸੇ ਬ੍ਰਿਛ ਕਾ ਬੀਜ ਹੈ, ਤੈਸੇ ਸਰਵ ਕਾ ਬੀਜ ਸਤ ਹੈ। ਜਾ ਬਾਬੇ ਜੀ ਕਹਿਆ ਤਾਂ ਕਬੀਰ ਜੀ ਬਹੁਤ ਪ੍ਰਸੰਨ ਹੋਏ ਤੇ ਆਖਿਉਸ ਜੀ ਅੱਜ ਮੇਰੀ ਭਗਤਿ ਸੰਪੂਰਨ ਹੋਈ ਤੇ ਸਰਵ ਪੁੰਨ ਕਾ ਫਲ ਮੈਨੇ ਪਾਇਆ ਹੈ ਕਿਉਂ ਜੁ ਪ੍ਰਤੱਖ ਪ੍ਰਮੇਸਰ ਕਾ ਦਰਸ਼ਨ ਹੋਇਆ ਹੈ। ਧੰਨ ਭਾਗ ਹੈ ਮੇਰੇ। ਇਹ ਬਚਨ ਕਹਿ ਕਰ ਕਬੀਰ ਜੀ ਗੁਰੂ ਜੀ ਕੇ ਚਰਨੋਂ ਪਰ ਮੱਥਾ ਟੇਕਿਆ। (ਪ੍ਰਾਣ ਸੰਗਲੀ ਹਿੰਦੀ ਭਾਗ ਦੂਜਾ ਸਫ਼ਾ 254 ਨਵੀਂ ਛਪੀ ਐਡੀਸ਼ਨ ਤ੍ਰਿਤੀਯ ਭਾਗ ਸਫ਼ਾ 62)

ਸੰਤ ਜੀ ਨੇ ਵਿਸਥਾਰ ਸਹਿਤ ਲਿਖੀ ਭੂਮਿਕਾ ਵਿੱਚ (ਸਫ਼ਾ 57 ਕਬੀਰ ਤੇ ਗੁਰੂ ਨਾਨਕ ਜੀ ਦਾ ਮੇਲ ਅਤੇ ਉਨ੍ਹਾਂ ਦੀਆਂ ਪ੍ਰਸਪਰ ਹੋਈਆਂ ਵਿਚਾਰਾਂ ਦਾ ਸਾਰ ਇਸ ਗੋਸ਼ਟੀ ਵਿੱਚ ਦੱਸਿਆ ਹੈ। ਸੰਤ ਜੀ ਲਿਖਦੇ ਹਨ: ਗੁਰੂ ਨਾਨਕ ਜੀ ਸੰਮਤ 1563 ਮੇਂ ਕਾਂਸੀ ਜੀ ਪਧਾਰੇ। ਕਬੀਰ ਭਗਤ ਜੀ ਨਗਰ ਕੇ ਬਾਹਰ ਰਾਘੁਨਾਥਪੁਰ ਗਾਂਵ ਮੇਂ ਗਏ ਹੋਏ ਥੇ। ਗੁਰੂ ਸਾਹਿਬ ਕਾ ਆਗਮਨ ਸੁਨ ਕਰ ਮਿਲਨੇ ਕੀ ਅਭਿਲਾਸ਼ਾ ਸੇ ਉਧਰ ਸੇ ਕਾਂਸੀ ਲੌਟ ਰਹੇ ਥੇ ਗੁਰੂ ਨਾਨਕ ਜੀ ਰਘੁਨਾਥਪੁਰ ਜਾ ਰਹੇ ਥੇ, ਰਸਤੇ ਮੇਂ ਹੀ ਦੋਨੋ ਮਹਾਂਪੁਰਖੋ ਕਾ ਮਿਲਾਪ ਹੂਆ। ਕਈ ਦਿਨ ਤੱਕ ਵਹਾਂ ਹੀ ਚਰਚਾ ਚਲਤੀ ਰਹੀ, ਜਿਸ ਦਾ ਸਾਰ ਗਰਭਿਤ ਭਾਵ ਪ੍ਰਾਣ ਸੰਗਲੀ ਕੇ ਗ੍ਰੰਥ ਮੇਂ ਕਬੀਰ ਕੀ ਗੋਸ਼ਟੀ ਕੇ ਨਾਮ ਸੇ ਪ੍ਰਗਟ ਹੈ।

ਸੰਤ ਜੀ ਨੇ ਕਬੀਰ ਜੀ ਦੇ ਚਲਾਣੇ ਉੱਤੇ ਸੰਖੇਪ ਜਿਹੀ ਬਹਿਸ ਕਰਕੇ ਦੱਸਿਆ ਹੈ ਕਿ ਕਬੀਰ ਜੀ ਨੇ 1575 ਵਿੱਚ ਚਲਾਣਾ ਕੀਤਾ ਸੀ ਤੇ ਇਹ ਕਬੀਰ ਪੰਥੀਆਂ ਦੀ ਆਪਣੀ ਹੀ ਮੰਨੀ ਹੋਈ ਪ੍ਰਮਾਣਿਕ ਤਿਥੀ ਦੱਸੀ ਗਈ ਹੈ। ਵਿਦਵਾਨਾਂ ਦੇ ਲੇਖਾਂ ਤੋਂ ਇਹ ਦੱਸ ਆਏ ਹਾਂ, ਇਹੋ 1575 ਤਿਥੀ ਵਾਲਾ ਸੰਮਤ ਕਬੀਰ ਜੀ ਦੇ ਚਲਾਣੇ ਦਾ ਹੁਣ ਤੱਕ ਸਭਨਾਂ ਨੇ ਠੀਕ ਮੰਨਿਆ ਹੈ। ਪ੍ਰਾਣ ਸੰਗਲੀ ਅਤੇ ਉਸ ਵਿੱਚ ਆਈ ਇਹ ਗੋਸ਼ਟੀ ਦਾ ਲਿਖਣ ਕਾਲ ਇਕਦਮ ਨਿਰਧਾਰਤ ਕਰਨਾ, ਬਿਨਾ ਪੁਰਾਤਨ ਹੱਥ ਲਿਖਤ ਜੋ ਤਿਥੀ ਬਧ ਹੋਵੇ ਬੇਸ਼ੱਕ ਅਸੰਭਵ ਹੈ, ਪਰ ਆਦਿ ਬੀੜ ਦੀ ਰਚਨਾ ਸਮੇਂ ਇਹ ਗ੍ਰੰਥ ਚਰਚਿਤ ਰਿਹਾ ਹੈ।

ਲੇਖਕ ਨੇ ਕੁਝ ਅਜੇਹੀਆਂ ਪ੍ਰਾਚੀਨ ਬੀੜਾਂ ਦੇ ਦਰਸ਼ਨ ਕੀਤੇ ਹਨ, ਜਿਨ੍ਹਾਂ ਵਿੱਚ ਪ੍ਰਾਣ ਸੰਗਲੀ ਕਿਤੇ ਥੋੜ੍ਹੀ ਕਿਤੇ ਬਹੁਤੀ ਲਿਖੀ ਹੋਈ ਹੈ। ਕਈ ਹੋਰ ਪ੍ਰਾਚੀਨ ਹੱਥ ਲਿਖਤਾਂ ਵਿੱਚ ਪ੍ਰਾਣ ਸੰਗਲੀ ਦੇ ਵੱਖੋ ਵੱਖਰੇ ਅਧਿਆਇ ਲਿਖੇ ਮਿਲਦੇ ਹਨ, ਜਿਨ੍ਹਾਂ ਵਿੱਚੋਂ ਦੋ ਲਿਖਤੀ ਪੋਥੀਆਂ ਅਸਾਡੇ ਪਾਸ ਹਨ। ਪਹਿਲੀ ਵਲੈਤ ਵਾਲੀ ਜਨਮਸਾਖੀ ਵਿੱਚ ਭੀ ਪ੍ਰਾਣ ਸੰਗਲੀ ਲਿਖਣ ਦਾ ਵ੍ਰਿਤਾਂਤ ਆਉਂਦਾ ਹੈ, ਜਿਸ ਤੋਂ ਪ੍ਰਗਟ ਹੁੰਦਾ ਹੈ, ਇਹ ਲਿਖਤ 1660-70 ਸੰਮਤ ਵਿੱਚ ਗੁਰੂ ਹਰਿਗੋਬਿੰਦ ਜੀ ਦੇ ਸਮੇਂ ਤੋਂ ਪਹਿਲਾਂ ਪ੍ਰਸਿੱਧ ਸੀ। ਪ੍ਰਾਣ ਸੰਗਲੀ ਨੂੰ ਮਹੱਤਵਪੂਰਨ ਗ੍ਰੰਥ ਸਮਝਕੇ ਗੁਰੂ ਅਰਜਨ ਦੇਵ ਜੀ ਨੇ ਸੰਮਤ 1661 ਤੋਂ ਪਹਿਲਾਂ ਆਦਿ ਬੀੜ ਤਿਆਰ ਕਰਨ ਵੇਲੇ ਖਾਸ ਤੌਰ 'ਤੇ ਪੈੜਾ ਮੋਖਾ ਨਾਂ ਦੇ ਸਿੱਖ ਨੂੰ ਭੇਜ ਕੇ ਸਿੰਘਲਾ ਦੀਪ ਤੋਂ ਮੰਗਾਇਆ ਸੀ। ਸੰਤ ਸੰਪੂਰਨ ਸਿੰਘ ਜੀ ਨੇ ਕਿਸ ਪੁਰਾਣੀ ਹੱਥ ਲਿਖਤ ਨੁਸਖੇ ਤੋਂ ਨਕਲ ਕਰਕੇ ਹਿੰਦੀ ਰੂਪ ਕੀਤਾ ਹੈ, ਇਹ ਉਨ੍ਹਾਂ ਦੱਸਿਆ ਨਹੀਂ।

ਗਿਆਨੀ ਗਿਆਨ ਸਿੰਘ ਜੀ ਨੇ ਆਪਣੇ ਜੀਵਨ ਭਰ ਦੀ ਖੋਜ ਤੋਂ ਅਧਾਰਿਤ ਤਵਾਰੀਖ ਗੁਰੂ ਖਾਲਸਾ ਸੰਨ 1891 (ਬਿਕ੍ਰਮੀ 1948) ਵਿੱਚ ਸਿਆਲਕੋਟ ਤੋਂ ਛਪਾਈ ਸੀ। ਤਵਾਰੀਖ ਗੁਰੂ ਖਾਲਸਾ ਵਿੱਚ ਦੇਸ਼ ਵਿਦੇਸ਼ ਵਿਚਰਕੇ ਲੋਕਾਂ ਨੂੰ ਮਿਲਕੇ ਸਾਰੇ ਹਾਲਾਤ ਸੁਣ ਪੁੱਛ ਕੇ ਸਭ ਤੋਂ ਪੂਰੀ ਤਵਾਰੀਖ ਲਿਖੀ। ਇਤਿਹਾਸਕ ਘਟਨਾਵਾਂ ਦੇ ਪਹਿਲੀ ਵਾਰ ਖੋਜ ਕੇ ਵੇਰਵੇ ਦਿੱਤੇ। ਇਸ ਸਿੱਖ ਤਵਾਰੀਖ ਵਿੱਚ ਕਬੀਰ ਜੀ ਅਤੇ ਗੁਰੂ ਨਾਨਕ ਜੀ ਦੇ ਮਿਲਣ ਦੀ ਵਾਰਤਾ ਇਸ ਤਰ੍ਹਾਂ ਲਿਖੀ ਹੋਈ ਹੈ:-

ਕਬੀਰ ਜੀ ਕਾਂਸੀ ਨਹੀਂ ਰਘੁਨਾਥਪੁਰ ਵਿੱਚ, ਜਿਥੇ ਬਿਜਲੀ ਖਾਂ ਨਵਾਬ ਉਨ੍ਹਾਂ ਦਾ ਸੇਵਕ ਸੀ ਉਥੇ ਗਏ ਹੋਏ ਸੀ। ਜਦ ਉਸਦੇ ਮਿਲਣ ਲਈ ਗੁਰੂ ਜੀ ਕਾਸੀਓ ਚਲੇ ਤਾਂ ਉਧਰੋਂ ਉਹ ਭੀ ਆਯਾ, ਰਸਤੇ ਵਿੱਚ ਪੂਸੇ ਪਿੰਡ ਪਾਸ 27 ਅੱਸੂ ਸੰਮਤ 1563 ਬਿ. ਨੂੰ ਦੋਹਾਂ ਦਾ ਮੇਲ ਹੋਯਾ। ਬਹੁਤ ਖੁਸ਼ੀ ਹੋਏ। ਪ੍ਰਸਪਰ ਸ਼ਬਦ ਸੁਣੇ ਸੁਣਾਏ। ਆਤਮਾ ਪ੍ਰਮਾਤਮਾ ਦੇ ਨਿਰਨੇ ਦੀ ਚਰਚਾ ਕਰਦੇ ਰਹੇ ਆਪਸ ਮੇਂ ਬਹੁਤ ਅਨੰਦ ਹੋਏ ਸੱਤ ਦਿਨ ਕਬੀਰ ਅਤੇ ਗੁਰੂ ਸਾਹਿਬ ਜੀ ਇਕੱਠੇ ਰਹੇ। ਫੇਰ ਬਾਬਾ ਜੀ ਉਥੋਂ ਚਲਕੇ ਜੌਨਪੁਰ ਆਕੇ ਬਕਸਰ ਆਦਿਕ ਸ਼ਹਿਰਾਂ, ਤੀਰਥਾਂ ਆਦਿ ਉੱਤੇ ਹੁੰਦੇ ਹੋਏ ਇਕ ਜੰਗਲ ਵਿੱਚ ਜਾ ਰਹੇ।

ਉਨ੍ਹਾਂ ਇਹ ਭੀ ਲਿਖਿਆ ਹੈ:

ਕਈ ਅਣਜਾਣ ਲੋਕ ਆਖਿਆ ਕਰਦੇ ਹਨ, ਕਬੀਰ ਬਾਬੇ ਨਾਨਕ ਤੋਂ ਪਹਿਲਾਂ ਹੋਇਆ ਹੈ। ਏਸ ਵਾਸਤੇ ਉਸਦੇ ਜਨਮ ਦਿਨ ਤੇ ਹੋਰ ਸੰਮਤ ਦਿਖਾਉਂਦੇ ਹਾਂ। ਅੱਗੇ ਜਾਕੇ ਗਿਆਨੀ ਜੀ ਨੇ ਕਬੀਰ ਪੰਥੀਆਂ ਦੀਆਂ ਲਿਖਤਾਂ ਤੇ ਪੋਥੀਆਂ ਵਿੱਚੋਂ ਸੰਮਤ ਦਿੱਤੇ ਹਨ। 1575 ਵਿੱਚ ਮੱਘਰ ਸੁਦੀ 11 ਨੂੰ ਪ੍ਰਲੋਕ ਗਵਨ ਕੀਤਾ, ਇਹ ਤਿੱਥਾਂ ਦਿੱਤੀਆਂ ਹਨ। (ਵੇਖੋ ਤਵਾਰੀਖ ਗੁਰੂ ਖ਼ਾਲਸਾ-91)

ਗਿਆਨੀ ਜੀ ਨੇ ਗੁਰੂ ਨਾਨਕ ਅਤੇ ਕਬੀਰ ਜੀ ਦੇ ਮੇਲ ਦਾ ਜੋ ਸੰਮਤ ਦਿੱਤਾ ਹੈ ਇਹ ਦੂਜੀ ਵਾਰ ਦਾ ਹੋ ਸਕਦਾ ਹੈ। ਪਹਿਲਾ ਮੇਲ ਪਹਿਲਾਂ ਦਾ ਲਿਖਿਆ ਮਿਲਦਾ ਹੈ।

ਸ੍ਰ. ਨਿਹਾਲ ਸਿੰਘ ਸੂਰੀ ਨੇ ਆਪਣੀ ਖੋਜ ਭਰੀ ਪੁਸਤਕ ਕਬੀਰ ਜੀ ਬਾਰੇ 1917 ਵਿੱਚ ਛਪਵਾਈ ਸੀ, ਭੂਮਿਕਾ ਸੰਤ ਤੇਜਾ ਸਿੰਘ ਜੀ (ਡਬਲ ਐਮ.ਏ.) ਨੇ ਲਿਖੀ ਸੀ। ਉਨ੍ਹਾਂ ਇਸ ਪੁਸਤਕ ਵਿੱਚ ਦੱਸਿਆ ਹੈ, ਰਾਮ ਦਇਆਲ ਆਰਿਫ, ਨਿਵਾਸੀ ਕੋਟ ਪਿੰਡੀ ਦਾਸ, ਜ਼ਿਲ੍ਹਾ ਲਾਹੌਰ ਦਾ ਇਕ ਪ੍ਰੇਮੀ ਵਿਦਵਾਨ ਹੋਇਆ ਹੈ। ਉਸ ਨੇ ਪੁਰਾਤਨ ਨੁਸਖਿਆਂ ਤੋਂ ਤਿਆਰ ਕਰਕੇ 1904 ਵਿੱਚ ਗੁਰੂ ਨਾਨਕ ਜੀ ਦੀ ਤਵਾਰੀਖ ਜਾਂ ਇਕ ਜਨਮਸਾਖੀ ਉਰਦੂ ਵਿੱਚ ਪ੍ਰਕਾਸ਼ਿਤ ਕੀਤੀ ਸੀ। ਉਸ ਜਨਮ ਸਾਖੀ ਦੀ ਸਫ਼ਾ 35 ਉੱਤੇ ਇਹ ਲਿਖਤ ਦਿੱਤੀ ਗਈ ਹੈ:

ਚਲਦਾ......

# ਗੀਤ



ਡਾ. ਮੁਹਿੰਦਰ ਸਿੰਘ ਰਾਏ

ਸੂਰਜ ਨਹੀਂ ਚੜ੍ਹਨਾ ਭੁੱਲਦਾ।
ਬੱਦਲ ਨਹੀਂ ਵਰ੍ਹਨਾ ਭੁੱਲਦਾ।
ਹਨ ਮੌਜਾਂ ਕਰਤਾਰ ਦੀਆਂ।
ਨਾਪੀਆਂ ਨਹੀਂ ਜਾਣੀਆਂ
ਹੱਦਾਂ ਪਰਵਰਦਗਾਰ ਦੀਆਂ।
ਸਮਾਂ ਨਾ ਰੁਕਣਾ ਜਾਣੇ।
ਸਾਗਰ ਨਾ ਸੁੱਕਣਾ ਜਾਣੇ।
ਸਿਫ਼ਤਾਂ ਸਿਰਜਣਹਾਰ ਦੀਆਂ।
ਨਾਪੀਆਂ ਨਹੀਂ ਜਾਣੀਆਂ ....
ਅੱਖੀਆਂ ਨਾ ਸੌਣਾ ਭੁੱਲਣ।
ਕੋਇਲਾਂ ਨਾ ਗਾਉਣਾ ਭੁੱਲਣ।
ਦਿਲਾਂ ਨੂੰ ਠਾਰਦੀਆਂ।
ਨਾਪੀਆਂ ਨਹੀਂ ਜਾਣੀਆਂ.....
ਸਾਹ ਸੁੱਤਿਆਂ ਵੀ ਆਉਂਦਾ।
ਸੁਪਨਾ ਅੱਖੀਆਂ 'ਚ ਆਉਂਦਾ।
ਰੱਖਾਂ ਪਾਲਣਹਾਰ ਦੀਆਂ।
ਨਾਪੀਆਂ ਨਹੀਂ ਜਾਣੀਆਂ.....
ਦਿਮਾਗ ਨਹੀਂ ਕਦੀ ਵੀ ਸੌਂਦਾ।
ਰਹੇ ਦਿਲ ਨੂੰ ਚਾਲੇ ਪਾਉਂਦਾ।
ਕੀ ਜਾਣੋ ਰਾਖਣਹਾਰ ਦੀਆਂ।
ਨਾਪੀਆਂ ਨਹੀਂ ਜਾਣੀਆਂ.....
ਨਦੀਆਂ ਕਦੇ ਰਾਹ ਨਾ ਪੁੱਛਣ।
ਰੁੱਤਾਂ ਆ ਵਿਹੜੇ ਢੁੱਕਣ।
ਸੱਭ ਦਾਤਾਂ ਦਾਤਾਰ ਦੀਆਂ।
ਨਾਪੀਆਂ ਨਹੀਂ ਜਾਣੀਆਂ।
ਛੋਟੇ ਬੀਜ 'ਚ ਕੀ ਕੁੱਝ ਭਰਿਆ
ਕਿੱਡਾ ਵੱਡਾ ਬੋਹੜ ਹੈ ਬਣਿਆ।
ਬਖਸ਼ਾਂ ਬਖ਼ਸ਼ਣਹਾਰ ਦੀਆਂ।
ਨਾਪੀਆਂ ਨਹੀਂ ਜਾਣੀਆਂ.....
ਮੱਛੀਆਂ ਨਾ ਤਰਨਾ ਭੁੱਲਣ।
ਕੂੰਜਾਂ ਕਦੇ ਰਾਹ ਨਾ ਭੁੱਲਣ।
'ਰਾਏ' ਰਹਿਮਤਾਂ ਰਹਿਮਤਕਾਰ ਦੀਆਂ।
ਨਾਪੀਆਂ ਨਹੀਂ ਜਾਣੀਆਂ
ਹੱਦਾਂ ਪਰਵਰਦਗਾਰ ਦੀਆਂ।

# ਰੱਬ ਦਾ ਬੰਦਾ

ਉਹ ਅਕਸਰ ਜਾਂਦਾ ਰਿਹਾ
ਆਪਣੇ ਰੱਬ ਦੇ ਦੁਆਰੇ
ਲੁਕੋ ਕੇ ਚਿੱਟੇ ਪਹਿਰਾਵੇ ਵਿੱਚ
ਆਪਣੇ ਕਾਲੇ ਕਾਰਨਾਮੇ...

...ਤੇ ਉਹਹਹ
ਉਹਦੇ ਦਿੱਤੇ ਜ਼ਖ਼ਮਾਂ ਨੂੰ ਪਲੋਸਦੀ
ਅਕਸਰ ਕੋਸਦੀ ਰਹੀ
ਉਸੇ ਰੱਬ ਨੂੰ!
..........
ਤੇ ਅਡੰਬਰੀ ਸਮਾਜ ਦੇ ਕਟਹਿਰੇ ਵਿੱਚ
ਅਕਸਰ ਹੀ ਕੁਰੇਦੇ ਜਾਂਦੇ ਰਹੇ
ਉਹਦੇ ਜ਼ਖ਼ਮ!



ਪਰਰਰਰਰਰ

ਅਕਸਰ ਹੀ
ਬਰੀ ਹੋ ਜਾਂਦਾ ਰਿਹਾ
ਉਹ ਰੱਬ ਦਾ ਬੰਦਾ...।

**-ਕਰਮਜੀਤ ਕੌਰ ਕਿਸ਼ਾਂਵਲ**

# ਕਾਵਿ-ਕਿਆਰੀ

# ਗੀਤ

ਬੋਲ ਭਾਵੇਂ ਜ਼ੁਬਾਨ ਵਿੱਚੋਂ ਨਿਕਲਦਾ ਨਹੀਂ,
ਅੱਖ ਦਿਲਾਂ ਦੀ ਗੱਲ ਝੱਟ ਬੁੱਝ ਜਾਵੇ।
ਭਾਵੇਂ ਘਰ ਇਕ ਮੁੱਠ ਨਹੀਂ ਦਾਣਿਆਂ ਦੀ,
ਆਟਾ ਰਾਂਝੇ ਦੀ ਚੂਰੀ ਲਈ ਗੁੱਝ ਜਾਵੇ।
ਹੀਰ ਰਾਂਝੇ ਦੇ ਕਾਸੇ ਵਿੱਚ ਖੈਰ ਪਾਉਂਦੀ,
ਦੇਖ ਲਵੇ ਸਹਿਤੀ, ਬੂਥਾ ਸੁੱਜ ਜਾਵੇ।
ਕਮਾਨੋਂ ਨਿਕਲਿਆ ਤੀਰ ਤਾਂ ਰੁਕ ਸਕਦੈ,
ਚੁਗਲੀ ਝੱਟ ਟਿਕਾਣੇ 'ਤੇ ਪੁੱਜ ਜਾਵੇ।

ਪੈਰ ਇਸ਼ਕ ਦੀ ਪੌੜੀ 'ਤੇ ਧਰਨਾ ਔਖਾ,
ਔਖੀ ਸਮਝਣੀ ਇਸ਼ਕ ਦੀ ਚਾਲ ਮੀਆਂ।
ਹੱਥ ਧੋ ਕੇ ਹੀਰ ਦੇ ਪਿਆ ਪਿੱਛੇ,
ਰਾਂਝਾ ਸਮਝ ਕੇ ਪਿਉ ਦਾ ਮਾਲ ਮੀਆਂ।
ਕੰਨੀਂ ਪਾ ਮੁੰਦਰਾਂ, ਬਣਿਆਂ ਫਿਰੇ ਜੋਗੀ,
ਨਹੀਂ ਸਕਿਆ ਹੀਰ ਉਧਾਲ ਮੀਆਂ।
ਪਾਟੇ ਕੰਨਾਂ ਦੇ ਵਿੱਚ ਵੀ ਪਾਕ ਪੈ ਗਈ,
ਕੱਢੇ ਨਾਥ ਨੂੰ ਸੋ ਸੌ ਗਾਲ੍ਹ ਮੀਆਂ।

ਤਿਰਛੇ ਨੈਣਾਂ ਦੇ ਤਿੱਖੇ ਜਾਂ ਤੀਰ ਚੱਲੇ,
ਦੋਹੀਂ ਪਾਸੀਂ ਫਿਰ ਦਿਲ ਪਰੁੰਨ੍ਹ ਹੋ ਗਏ।
ਅੱਗ ਲੱਗੀ ਤੇ ਇਸ਼ਕ ਦੇ ਬਲੇ ਭਾਂਬੜ,
ਕੰਨ ਪਾਟੇ ਤੇ ਸਿਰ ਵੀ ਮੁੰਨ ਹੋ ਗਏ।
ਜਦੋਂ ਯਾਰ ਲਈ ਮੱਛੀ ਨਾ ਫੜ ਹੋਈ,
ਕੱਢ ਕੇ ਪੱਟ ਵਿੱਚੋਂ ਮਾਸ ਵੀ ਭੁੰਨ ਹੋ ਗਏ।
ਜਦੋਂ ਇਸ਼ਕ ਦਾ ਰੂਟ ਤਬਦੀਲ ਹੋਇਆ,
ਆਸ਼ਕ ਜੰਡ ਦੇ ਵਿੱਚ ਹੀ ਤੁੰਨ ਹੋ ਗਏ।

ਜਦੋਂ ਸੱਸੀ ਨੇ ਪੁੰਨ੍ਹੂ ਬਲੋਚ ਡਿੱਠਾ,
ਰਹੀ ਹੋਸ਼ ਨਾ ਉਹੋ ਸੁਦੈਣ ਹੋਈ।
ਉਹਦੇ ਇਸ਼ਕ ਦਾ ਜਦੋਂ ਅਸਮਾਨ ਪਾਟਾ,
ਨਾ ਫਿਰ ਦਿਨ ਚੜ੍ਹਿਆ ਨਾ ਹੀ ਰੈਣ ਹੋਈ।
ਰੋ ਰੋ ਹਿਜ਼ਰ ਵਿੱਚ ਭੁੱਖੀ ਦਾ ਢਿੱਡ ਦੁਖਦਾ,
ਤੁੰਮੇਂ ਮਾਰਵੀਂ ਦਿਉ ਜੁਵੈਣ ਕੋਈ।
ਰੁੱਤ ਸਿਆਲ ਦੀ ਸੱਸੀ ਨੂੰ ਕਿਵੇਂ ਲੰਘੂ,
ਪੁੰਨ੍ਹੂ ਛੱਡ ਨਾ ਗਿਆ ਬੁਨੈਣ ਕੋਈ।

ਰੁੱਤ ਆਸ਼ਕਾਂ ਲਈ, ਸਿਆਲ ਦੀ ਬਹੁਤ ਮਾੜੀ,
ਇਨ੍ਹਾਂ ਕੋਲ ਨਾ ਕੰਬਲ ਨਾ ਖੇਸ ਹੁੰਦਾ।
ਕਾਸਾ ਦਿਲ ਦਾ ਖਾਲੀ ਇਹ ਲਈ ਫਿਰਦੇ,
ਤਨ 'ਤੇ ਲੀਰਾਂ, ਫਕੀਰਾਂ ਦਾ ਭੇਸ ਹੁੰਦਾ।
ਜਿੰਦ ਜਾਨ ਮਾਸ਼ੂਕ ਦੇ ਨਾਂਉਂ ਲਾਉਂਦੇ,
ਘਰ ਬਾਰ ਨਾ ਇਨ੍ਹਾਂ ਦਾ ਦੇਸ ਹੁੰਦਾ।
ਭੁੱਜਦੇ ਇਸ਼ਕ ਵਿੱਚ ਔਂਤਰੇ ਮਰ ਜਾਂਦੇ,
ਇਸ਼ਕ ਆਸ਼ਕਾਂ ਦਾ ਪੱਟੀ ਮੇਸ ਹੁੰਦਾ।

ਰਾਂਝਾ ਹੀਰ ਦੇ ਬੂਹੇ 'ਤੇ ਆਣ ਖੜ੍ਹਿਆ,
ਪੈਰੋਂ ਨੰਗਾ ਗੱਲ ਟਾਈ ਤੇ ਕੋਟ ਹੈ ਨਹੀਂ।
ਛੋਲੇ ਕਾਬਲੀ ਬੋਝੇ ਵਿੱਚੋਂ ਕਿਰੇ ਸਾਰੇ,
ਕੋਲ ਮੁੰਗਫ਼ਲੀ ਤੇ ਅਖ਼ਰੋਟ ਹੈ ਨਹੀਂ।
ਨਾਲ ਸੈਨਤਾਂ ਹੀਰ ਨੂੰ ਬਾਹਰ ਸੱਦੇ,
ਉਹਦੇ ਕੋਲ ਕੋਈ ਰੜਾ-ਰਿਮੋਟ ਹੈ ਨਹੀਂ।
ਚੂਚਕ ਸੋਚਦਾ, ਭੁੱਖੀ ਇਹ ਮਾਰ ਦਊਗਾ,
ਇਹਦੇ ਅਕਾਊਂਟ ਵਿੱਚ ਇਕ ਵੀ ਨੋਟ ਹੈ ਨਹੀਂ।



**-ਤੇਜਾ ਸਿੰਘ ਤੇਜ ਕੋਟਲੇ ਵਾਲਾ**
**ਇਕ ਲੱਪ ਖਿੱਲਾਂ ਦੀ ਵਿੱਚੋਂ ਧੰਨਵਾਦ ਸਹਿਤ**

** * * *

# ਤੇਰੀ ਚੜ੍ਹਦੀ ਜਵਾਨੀ

ਤੇਰੀ ਚੜ੍ਹਦੀ ਜਵਾਨੀ, ਤੇਰੀ ਅੱਖ ਮਸਤਾਨੀ,
ਜਿੱਥੇ ਨਜ਼ਰਾਂ ਮਿਲਾਵੇਂ, ਬਣੇ ਨਵੀਂ ਹੀ ਕਹਾਣੀ।
ਤੇਰੀ ਚੜ੍ਹਦੀ ਜਵਾਨੀ, ਤੇਰੀ ਅੱਖ ਮਸਤਾਨੀ,
ਜਿੱਥੇ ਨਜ਼ਰਾਂ ਮਿਲਾਵੇਂ, ਬਣੇ ਨਵੀਂ ਹੀ ਕਹਾਣੀ।


ਅਦਾਵਾਂ ਤੇਰੀਆਂ ਨੇ ਬਿੱਲੋ, ਜੱਗ ਪੱਟਿਆ ਏ ਸਾਰਾ,
ਜਿੱਥੋਂ ਲੰਘੇਂ ਇੱਕੋ ਵਾਰੀ, ਹੁੰਦਾ ਵਖਰਾ ਨਜ਼ਾਰਾ।
ਅਦਾਵਾਂ ਤੇਰੀਆਂ ਨੇ ਬਿੱਲੋ, ਜੱਗ ਪੱਟਿਆ ਏ ਸਾਰਾ,
ਜਿੱਥੋਂ ਲੰਘੇਂ ਇੱਕੋ ਵਾਰੀ, ਹੁੰਦਾ ਵਖਰਾ ਨਜ਼ਾਰਾ।
ਛੱਡ ਜਾਵੇਂ ਦਿਲਾਂ ਉੱਤੇ, ਇੱਕ ਵੱਖਰੀ ਨਿਸ਼ਾਨੀ।
ਜਿੱਥੇ ਨਜ਼ਰਾਂ ਮਿਲਾਵੇਂ, ਬਣੇ ਨਵੀਂ ਹੀ ਕਹਾਣੀ।
ਤੇਰੀ ਚੜ੍ਹਦੀ ਜਵਾਨੀ, ਤੇਰੀ ਅੱਖ ਮਸਤਾਨੀ,
ਜਿੱਥੇ ਨਜ਼ਰਾਂ ਮਿਲਾਵੇਂ, ਬਣੇ ਨਵੀਂ ਹੀ ਕਹਾਣੀ।

ਪਹਿਲੀ ਨਜ਼ਰੇ ਮੈਂ ਤੇਰੇ ਉੱਤੇ, ਡੁੱਲ੍ਹ ਗਿਆ ਸਾਰਾ,
ਮੈਨੂੰ ਦਿਸੇ ਤੇਰੇ ਬਾਝੋਂ ਹੁਣ, ਕੋਈ ਨਾ ਸਹਾਰਾ।
ਪਹਿਲੀ ਨਜ਼ਰੇ ਮੈਂ ਤੇਰੇ ਉੱਤੇ, ਡੁੱਲ੍ਹ ਗਿਆ ਸਾਰਾ,
ਮੈਨੂੰ ਦਿਸੇ ਤੇਰੇ ਬਾਝੋਂ ਹੁਣ, ਕੋਈ ਨਾ ਸਹਾਰਾ।
ਜਪਾਂ ਨਾਮ ਤੇਰਾ ਦਿਨ ਰਾਤ, ਆਪਣੀ ਜ਼ੁਬਾਨੀ,
ਜਿੱਥੇ ਨਜ਼ਰਾਂ ਮਿਲਾਵੇਂ, ਬਣੇ ਨਵੀਂ ਹੀ ਕਹਾਣੀ।
ਤੇਰੀ ਚੜ੍ਹਦੀ ਜਵਾਨੀ, ਤੇਰੀ ਅੱਖ ਮਸਤਾਨੀ,
ਜਿੱਥੇ ਨਜ਼ਰਾਂ ਮਿਲਾਵੇਂ, ਬਣੇ ਨਵੀਂ ਹੀ ਕਹਾਣੀ।

ਰਾਤੀਂ ਸੁਪਨੇ ਵੀ ਤੇਰੇ, ਦਿਨੇ ਤੇਰੇ ਹੀ ਫਸਾਨੇ,
ਤੇਰੀ ਦੀਦ ਲਈ ਘੜਾਂ, ਨਿੱਤ ਲੱਖਾਂ ਹੀ ਬਹਾਨੇ।
ਰਾਤੀਂ ਸੁਪਨੇ ਵੀ ਤੇਰੇ, ਦਿਨੇ ਤੇਰੇ ਹੀ ਫਸਾਨੇ,
ਤੇਰੀ ਦੀਦ ਲਈ ਘੜਾਂ, ਨਿੱਤ ਲੱਖਾਂ ਹੀ ਬਹਾਨੇ।
ਦਿਲ ਚਾਹੇ ਤੇਰੇ ਲਈ, ਕਰਾਂ ਹਰ ਕੁਰਬਾਨੀ,
ਜਿੱਥੇ ਨਜ਼ਰਾਂ ਮਿਲਾਵੇਂ, ਬਣੇ ਨਵੀਂ ਹੀ ਕਹਾਣੀ।
ਤੇਰੀ ਚੜ੍ਹਦੀ ਜਵਾਨੀ, ਤੇਰੀ ਅੱਖ ਮਸਤਾਨੀ,
ਜਿੱਥੇ ਨਜ਼ਰਾਂ ਮਿਲਾਵੇਂ, ਬਣੇ ਨਵੀਂ ਹੀ ਕਹਾਣੀ।

ਤੇਰੀ ਚੜ੍ਹਦੀ ਜਵਾਨੀ, ਤੇਰੀ ਅੱਖ ਮਸਤਾਨੀ,
ਜਿੱਥੇ ਨਜ਼ਰਾਂ ਮਿਲਾਵੇਂ, ਬਣੇ ਨਵੀਂ ਹੀ ਕਹਾਣੀ।
ਜਿੱਥੇ ਨਜ਼ਰਾਂ ਮਿਲਾਵੇਂ, ਬਣੇ ਨਵੀਂ ਹੀ ਕਹਾਣੀ।
ਜਿੱਥੇ ਨਜ਼ਰਾਂ ਮਿਲਾਵੇਂ, ਬਣੇ ਨਵੀਂ ਹੀ ਕਹਾਣੀ।

**ਰਵਿੰਦਰ ਸਿੰਘ ਕੁੰਦਰਾ**
**ਕੌਵੈਂਟਰੀ, ਯੂ ਕੇ**



# ਪਗਡੰਡੀਆਂ 'ਤੇ ਤੁਰਨ ਵਾਲੇ

ਪਗਡੰਡੀਆਂ 'ਤੇ ਤੁਰਨ ਵਾਲਿਆਂ ਨੂੰ
ਅਕਸਰ ਸਹਿਣੀ ਪੈਂਦੀ
ਕੰਡਿਆਂ ਦੀ ਚੁਭਣ..
ਤੇ ਤਨ ਦੀ ਓਡਣੀ ਨੂੰ
ਛੱਲਣੀ ਕਰ ਛੱਡਦੀਆਂ
ਮਨਘੜਤ ਅਸੂਲਾਂ ਦੀਆਂ ਸੂਲਾਂ -

ਪਰ ਜਦ
ਖੀਵੀ ਹੋਈ ਰੂਹ ਦਾ ਸਰੂਰ
ਝਲਕਦਾ ਉਨ੍ਹਾਂ ਦੇ ਨੈਣੀਂ
ਤਾਂ ਇਨ੍ਹਾਂ ਕੰਡਿਆਂ ਤੇ ਸੂਲਾਂ ਦੇ
ਮੂੰਹ ਖੁੰਢੇ ਹੋ ਜਾਂਦੇ।

**-ਕਰਮਜੀਤ ਕੌਰ ਕਿਸ਼ਾਂਵਲ**
**ਗਗਨ ਦਮਾਮੇ ਦੀ ਤਾਲ ਵਿੱਚੋਂ**
**ਧੰਨਵਾਦ ਸਹਿਤ**

# ਖਾਲਸਾ ਰਾਜ ਦੀ ਸ਼ਾਨ ਮਹਾਰਾਜਾ ਰਣਜੀਤ ਸਿੰਘ ਨੂੰ ਸ਼ਰਧਾਂਜਲੀ !

**ਡਾ. ਇਕਬਾਲ ਸਿੰਘ ਲਾਲਪੁਰਾ**



ਅੱਜ ਤੋਂ 187 ਸਾਲ ਪਹਿਲਾਂ ਆਜ਼ਾਦ ਸਿੱਖ ਰਾਜ ਦੇ ਬਾਦਸ਼ਾਹ ਮਹਾਰਾਜਾ ਰਣਜੀਤ ਸਿੰਘ ਨੇ ਆਖ਼ਰੀ ਸਾਹ ਲਿਆ। ਲਾਹੌਰ ਸ਼ਹਿਰ ਦੇ ਵਸਨੀਕਾਂ ਨੇ ਜ਼ੁਲਮ ਤੇ ਬੇਇਨਸਾਫ਼ੀ ਤੋਂ ਤੰਗ ਆ ਕੇ ਨੌਜਵਾਨ ਸਰਦਾਰ ਰਣਜੀਤ ਸਿੰਘ ਸ਼ੁਕਰਚੱਕੀਆ ਨੂੰ ਬੁਲਾਵਾ ਭੇਜਿਆ, ਜਿਸ ਵਿੱਚ ਹਿੰਦੂ ਤੇ ਮੁਸਲਮਾਨ ਸ਼ਾਮਲ ਸਨ। ਉਨ੍ਹਾਂ ਦਾ ਫ਼ੈਸਲਾ ਇੱਕ ਭਵਿੱਖਬਾਣੀ 'ਤੇ ਆਧਾਰਿਤ ਸੀ, ਜੋ ਸੱਚ ਸਾਬਤ ਹੋਇਆ।

ਅਗਲੇ ਚਾਲੀ ਸਾਲ ਜੋ ਅਮਨ, ਸ਼ਾਂਤੀ, ਆਪਸੀ ਭਾਈਚਾਰਾ ਤੇ ਖੁਸ਼ਹਾਲੀ ਖਾਲਸਾ ਰਾਜ ਨੇ ਦਿੱਤੀ ਤੇ ਵੇਖੀ, ਅੱਜ ਵੀ ਦੁਨੀਆ ਭਰ ਦੇ ਇਤਿਹਾਸ ਵਿੱਚ ਮਹਾਰਾਜਾ ਰਣਜੀਤ ਸਿੰਘ ਜੀ ਨੂੰ ਮਹਾਨ ਸ਼ਾਸਕਾਂ ਵਿੱਚ ਸ਼ਾਮਲ ਕਰਦੀ ਹੈ। ਇਹ ਹਲੇਮੀ ਰਾਜ, ਰਾਮ ਰਾਜ ਅਤੇ ਬੇਗਮਪੁਰਾ ਦੇ ਗੁਰਮਤਿ ਸੰਕਲਪ ਦੀ ਉਦਾਹਰਨ ਬਣ ਕੇ ਅੱਜ ਤੱਕ ਦੁਨੀਆ 'ਤੇ ਰਾਜ ਕਰਨ ਵਾਲਿਆਂ ਲਈ ਪ੍ਰੇਰਣਾ ਸਰੋਤ ਹੈ। ਇਸ ਬਾਰੇ ਸ਼ਾਹ ਮੁਹੰਮਦ ਨੂੰ ਵੀ ਦਰਜ ਕਰਨਾ ਪਿਆ, ਕਿਉਂਕਿ ਉਹ ਤਾਂ ਅੰਗਰੇਜ਼ਾਂ ਨੇ ਸਿੱਖ ਰਾਜ ਨੂੰ ਬਦਨਾਮ ਕਰਨ ਤੇ ਆਪਸੀ ਫੁੱਟ ਪਾਉਣ ਲਈ ਨਿਯੁਕਤ ਕੀਤਾ ਸੀ।

ਮਹਾਂਬਲੀ ਰਣਜੀਤ ਸਿੰਘ ਹੋਇਆ ਪੈਦਾ,
ਨਾਲ ਜ਼ੋਰ ਦੇ ਮੁਲਖ ਹਿਲਾਇ ਗਿਆ।
ਮੁਲਤਾਨ, ਕਸ਼ਮੀਰ, ਪਿਸ਼ੌਰ, ਚੰਬਾ,
ਜੰਮੂ, ਕਾਂਗੜਾ ਕੋਟ, ਨਿਵਾਇ ਗਿਆ।
ਤਿੱਬਤ ਦੇਸ਼ ਲੱਦਾਖ ਤੇ ਚੀਨ ਤੋੜੀਂ,
ਸਿੱਕਾ ਆਪਣੇ ਨਾਮ ਚਲਾਇ ਗਿਆ।
ਸ਼ਾਹ ਮੁਹੰਮਦਾ ਜਾਣ ਪਚਾਸ ਬਰਸਾਂ,
ਹੱਛਾ ਰੱਜ ਕੇ ਰਾਜ ਕਮਾਇ ਗਿਆ।

ਖਾਲਸਾ ਰਾਜ ਵਿੱਚ ਆਪਸੀ ਟਕਰਾਅ ਅਤੇ ਸਾਜ਼ਿਸ਼ਾਂ-ਮਹਾਰਾਜ ਸਾਹਿਬ ਦੇ ਅਕਾਲ ਚਲਾਣੇ ਤੋਂ ਬਾਅਦ ਖਾਲਸਾ ਰਾਜ ਵਿੱਚ ਆਪਸੀ ਲੜਾਈ ਸ਼ੁਰੂ ਹੋ ਗਈ। ਇਸ ਦੇ ਦੋਸ਼ੀ ਸਾਜ਼ਸ਼ੀ, ਲਾਲਚੀ ਤੇ ਗੱਦਾਰ ਅਹਿਲਕਾਰ ਸਨ, ਜਿਸ ਬਾਰੇ ਵੀ ਸ਼ਾਹ ਮੁਹੰਮਦ ਦਰਜ ਕਰਦਾ ਹੈ।

ਜਦੋਂ ਹੋਏ ਸਰਕਾਰ ਦੇ ਸਾਸ ਪੂਰੇ,
ਜਮ੍ਹਾ ਹੋਏ ਨੀ ਸਭ ਸਰਦਾਰ ਮੀਆਂ।
ਚੇਤ ਸਿੰਘ ਨੂੰ ਮਾਰਿਆ ਕੌਰ ਸਾਹਿਬ,
ਸ਼ੁਰੂ ਹੋਈ ਦਰਬਾਰ ਤਲਵਾਰ ਮੀਆਂ।
ਖੜਕ ਸਿੰਘ ਮਹਾਰਾਜ ਨੇ ਢਾਹ ਮਾਰੀ,
ਮੋਇਆ ਮੁੱਢ ਕਦੀਮ ਦਾ ਯਾਰ ਮੀਆਂ।
ਸ਼ਾਹ ਮੁਹੰਮਦਾ ਅਸਾਂ ਭੀ ਨਾਲ ਮਰਨਾ,
ਸਾਡਾ ਇਹੋ ਸੀ ਕੌਲ-ਕਰਾਰ ਮੀਆਂ।

ਸੰਨ 1845 ਤੱਕ ਕੇਵਲ ਛੇ ਸਾਲਾਂ ਅੰਦਰ ਹੀ ਮਹਾਰਾਜਾ ਖੜਕ ਸਿੰਘ, ਕੰਵਰ ਨੌਨਿਹਾਲ ਸਿੰਘ, ਮਹਾਰਾਣੀ ਚੰਦ ਕੌਰ ਤੇ ਮਹਾਰਾਜਾ ਸ਼ੇਰ ਸਿੰਘ ਕਤਲ ਕਰ ਦਿੱਤੇ ਗਏ। ਕਰਨਲ ਸਟੇਨਵੇਕ, ਜੋ 1836 ਵਿੱਚ ਖਾਲਸਾ ਫੌਜ ਵਿੱਚ ਭਰਤੀ ਹੋਇਆ ਸੀ, ਨੇ ਅੰਗਰੇਜ਼ ਸਰਕਾਰ ਨੂੰ ਖਾਲਸਾ ਰਾਜ 'ਤੇ ਕਬਜ਼ਾ ਕਰਨ ਦੀ ਤਜਵੀਜ਼ ਭੇਜੀ, ਜੋ ਪੰਜਾਬ ਪੁਸਤਕ ਦੇ ਰੂਪ ਵਿੱਚ ਅੱਜ ਵੀ ਮੌਜੂਦ ਹੈ। ਉਸ ਨੇ ਇਹ ਵੀ ਦਰਜ ਕੀਤਾ ਕਿ ਮੁਸਲਮਾਨ ਸਿੱਖ ਵਿਰੋਧੀ ਹੋ ਗਏ ਹਨ ਤੇ ਹਿੰਦੂਆਂ ਤੇ ਸਿੱਖਾਂ ਨੂੰ ਵੰਡਣ ਦੀ ਲੋੜ ਹੈ। ਇਹ ਵੀ ਸਪਸ਼ਟ ਕਰਦਾ ਹੈ ਕਿ ਕੰਵਰ ਨੌਨਿਹਾਲ ਸਿੰਘ, ਅਫ਼ਗਾਨਿਸਤਾਨ ਦੇ ਸ਼ਾਹ ਤੇ ਨੇਪਾਲ ਦੇ ਬਾਦਸ਼ਾਹ ਨਾਲ ਮਿਲ ਕੇ ਭਾਰਤ ਨੂੰ ਅੰਗਰੇਜ਼ਾਂ ਤੋਂ ਆਜ਼ਾਦ ਕਰਾਉਣ ਲਈ ਕੋਸ਼ਿਸ਼ ਕਰ ਰਿਹਾ ਸੀ। ਸ਼ਾਇਦ ਇਹੀ ਉਸ ਦੀ ਮੌਤ ਦਾ ਕਾਰਨ ਬਣਿਆ ਹੋਵੇ।

ਵਫ਼ਾਦਾਰ ਅਹਿਲਕਾਰਾਂ ਦੀ ਨਿਰਾਸ਼ਾ-ਇਸ ਕਤਲੋਗਾਰਤ ਤੋਂ ਨਿਰਾਸ਼ ਹੋ ਕੇ ਬਹੁਤ ਸਾਰੇ ਵਫ਼ਾਦਾਰ ਅਹਿਲਕਾਰਾਂ ਨੇ ਖਾਲਸਾ ਰਾਜ ਤੋਂ ਦੂਰ ਜਾਣ ਦਾ ਫ਼ੈਸਲਾ ਕੀਤਾ। ਸ਼ਾਹ ਮੁਹੰਮਦ ਇਸ ਬਾਰੇ ਵੀ ਲਿਖਦਾ ਹੈ:

ਲਹਿਣਾ ਸਿੰਘ ਸਰਦਾਰ ਮਜੀਠੀਆ (ਸੁੰਦਰ ਸਿੰਘ ਨਾਲ ਕੋਈ ਸਬੰਧ ਨਹੀਂ) ਸੀ,
ਵੱਡਾ ਅਕਲ ਦਾ ਕੋਟ ਕਮਾਲ ਮੀਆਂ।
ਮਹਾਂਬਲੀ ਸਰਦਾਰ ਸੀ ਪੰਥ ਵਿਚੋਂ,
ਡਿੱਠੀ ਬਣੀ ਕੁਚਲਣੀ ਚਾਲ ਮੀਆਂ।
ਦਿਲ ਆਪਣੇ ਬੈਠ ਵਿਚਾਰ ਕਰਦਾ,
ਏਥੇ ਕਈਆਂ ਦੇ ਹੋਣਗੇ ਕਾਲ ਮੀਆਂ।
ਸ਼ਾਹ ਮੁਹੰਮਦਾ ਤੁਰ ਗਿਆ ਤੀਰਥਾਂ ਨੂੰ,
ਸਾਰਾ ਛੱਡ ਕੇ ਦੰਗ-ਦਵਾਲ ਮੀਆਂ।

ਜਦੋਂ ਸਿੱਧ ਹੀ ਪਰਬਤ ਵਿੱਚ ਛਿਪ ਜਾਣ ਤਾਂ ਫਿਰ ਕੌਮ ਨੂੰ ਕਿਸ ਨੇ ਸੰਭਾਲਣਾ ਤੇ ਬਚਾਉਣਾ ਸੀ ? ਹਾਲਾਤ ਇਸ ਤਰ੍ਹਾਂ ਦੇ ਹੋ ਗਏ।

ਪਿੱਛੇ ਇਕ ਸਰਕਾਰ ਦੇ ਖੇਡ ਚੱਲੀ,
ਪਈ ਨਿੱਤ ਹੁੰਦੀ ਮਾਰੋ-ਮਾਰ ਮੀਆਂ।
ਸਿੰਘਾਂ ਮਾਰ ਸਰਦਾਰਾਂ ਦਾ ਨਾਸ ਕੀਤਾ,
ਸਭੋ ਕਤਲ ਹੋਏ ਵਾਰੋ-ਵਾਰ ਮੀਆਂ।
ਸਿਰ 'ਤੇ ਫੌਜ ਦੇ ਰਿਹਾ ਨਾ ਕੋਈ ਕੁੰਡਾ,
ਹੋਇਆ ਸ਼ੁਤਰ ਜਿਉਂ ਬਾਝ ਮੁਹਾਰ ਮੀਆਂ।
ਸ਼ਾਹ ਮੁਹੰਮਦਾ ਫਿਰਨ ਸਰਦਾਰ ਲੁਕਦੇ,
ਭੂਤ ਮੰਡਲੀ ਹੋਈ ਤਿਆਰ ਮੀਆਂ।

ਅਜੋਕੇ ਹਾਲਾਤ ਅਤੇ ਇਤਿਹਾਸਕ ਸਮਾਨਤਾ-ਜਦੋਂ ਅਸੀਂ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮਨਾਉਂਦੇ ਹੋਏ 187 ਸਾਲ ਬਾਦ ਵਿਚਾਰ ਕਰ ਰਹੇ ਹਾਂ ਤਾਂ ਅੱਜ ਦੇ ਹਾਲਾਤ ਵੀ ਉਨ੍ਹਾਂ ਹਾਲਾਤਾਂ ਨਾਲ ਮੇਲ ਖਾਂਦੇ ਹੀ ਨਜ਼ਰ ਆਉਂਦੇ ਹਨ। ਭਲੇ ਤੇ ਕੌਮ ਦੀ ਚੜ੍ਹਦੀ ਕਲਾ ਮੰਗਣ ਵਾਲੇ ਪਿੱਛੇ ਬੈਠ ਰਹੇ ਹਨ। ਅੰਗਰੇਜ਼ ਸਰਕਾਰ ਨੇ ਰਾਜ਼ੀਨਾਮਾ ਕਰਨ ਦੀ ਗੱਲ ਵੀ ਸ਼ਾਹ ਮੁਹੰਮਦ ਨੇ ਲਿਖੀ ਹੈ, ਜੋ ਕੇਵਲ ਅੰਗਰੇਜ਼ੀ ਸਰਕਾਰ ਨੂੰ ਸੁਰਖ਼ਰੂ ਕਰਨ ਲਈ ਲਿਖੀ ਲੱਗਦੀ ਹੈ।

ਅਰਜ਼ੀ ਲਿਖੀ ਫ਼ਿਰੰਗੀਆਂ ਖ਼ਾਲਸੇ ਨੂੰ,
'ਤੁਸੀਂ ਕਾਸ ਨੂੰ ਜੰਗ ਮਚਾਂਵਦੇ ਹੋ।
ਮਹਾਰਾਜੇ ਦੇ ਨਾਲ ਸੀ ਨੇਮ ਸਾਡਾ,
ਤੁਸੀਂ ਸੁੱਤੀਆਂ ਕਲਾਂ ਜਗਾਂਵਦੇ ਹੋ।
ਕਈ ਲੱਖ ਰੁਪਏ ਲੈ ਜਾਓ ਸਾਥੋਂ,
ਦੇਈਏ ਹੋਰ ਜੋ ਤੁਸੀਂ ਫੁਰਮਾਂਵਦੇ ਹੋ।
ਸ਼ਾਹ ਮੁਹੰਮਦਾ ਅਸਾਂ ਨਾ ਮੂਲ ਲੜਨਾ,
ਤੁਸੀਂ ਏਤਨਾ ਜ਼ੋਰ ਕਿਉਂ ਲਾਂਵਦੇ ਹੋ।'

ਉਸ ਤੋਂ ਬਾਅਦ ਤਾਂ ਘਰ-ਘਰ ਪਹਾੜਾ ਸਿੰਘ ਬਣਨ ਲੱਗ ਪਏ। ਮਹਾਰਾਜਾ ਦਲੀਪ ਸਿੰਘ ਲਈ ਹਾਂ ਦਾ ਨਾਅਰਾ ਮਾਰਨ ਵਾਲਾ ਵੀ ਕੋਈ ਨਹੀਂ ਰਿਹਾ।

ਪਹਾੜਾ ਸਿੰਘ ਸੀ ਯਾਰ ਫ਼ਿਰੰਗੀਆਂ ਦਾ,
ਸਿੰਘਾਂ ਨਾਲ ਸੀ ਓਸ ਦੀ ਗੈਰਸਾਲੀ।
ਪਿੱਛੋਂ ਭੱਜ ਕੇ ਲਾਟ ਨੂੰ ਜਾਇ ਮਿਲਿਆ,
ਗੱਲ ਜਾਇ ਦੱਸੀ ਸਾਰੀ ਭੇਤ ਵਾਲੀ।
'ਉਥੋਂ ਹੋ ਗਿਆ ਹਰਨ ਹੈ ਖ਼ਾਲਸਾ ਜੀ,
ਚੌਦਾਂ ਹੱਥਾਂ ਦੀ ਮਾਰ ਕੇ ਜਾਣ ਛਾਲੀ।
ਸ਼ਾਹ ਮੁਹੰਮਦਾ ਸਾਂਭ ਲੈ ਸਿਲੇਖਾਨੇ,
ਛੱਡ ਗਏ ਨੀ ਸਿੰਘ ਮੈਦਾਨ ਖਾਲੀ।'

ਭਵਿੱਖ ਦੀ ਰਣਨੀਤੀ ਅਤੇ ਕੌਮੀ ਇੱਕਜੁਟਤਾ-ਅੱਜ ਫਿਰ ਮਤਾ ਕਰਨ ਦੀ ਲੋੜ ਹੈ। ਖਾਲਸਾ ਪੰਥ ਤੇ ਰਾਜਨੀਤੀ ਨੂੰ ਬਚਾਉਣਾ ਜ਼ਿੰਮੇਵਾਰੀ ਹੈ। ਆਓ ਠਾਕੁਰ ਸਿੰਘ ਸੰਧਾਵਾਲੀਆ ਦੇ ਧਰਮ-ਪਰਿਵਰਤਨ ਤੋਂ ਬਚਾਉਣ ਲਈ ਸਿੰਘ ਸਭਾ ਲਹਿਰ ਨੂੰ ਪੁਨਰ-ਸੁਰਜੀਤ ਕਰਨ ਬਾਰੇ ਵਿਚਾਰ ਕਰੀਏ। ਜੇਕਰ ਕਾਂਗਰਸ ਪਾਰਟੀ ਦੇ ਆਗੂਆਂ ਨੇ ਵਾਅਦਾ ਨਹੀਂ ਨਿਭਾਇਆ ਤਾਂ ਅੱਜ ਦੀ ਕੇਂਦਰੀ ਸਰਕਾਰ ਨਾਲ ਗੱਲਬਾਤ ਸ਼ੁਰੂ ਕਰੀਏ।

ਪਿਛੋਂ ਬੈਠ ਸਰਦਾਰਾਂ ਗੁਰਮਤਾ ਕੀਤਾ,
ਕੋਈ ਅਕਲ ਦਾ ਕਰੋ ਇਲਾਜ ਯਾਰੋ।
ਫੇੜ (ਛੇੜ) ਬੁਰਛਿਆਂ ਦੀ ਸਾਡੇ ਪੇਸ਼ ਆਈ,
ਪੱਗ-ਦਾੜ੍ਹੀਆਂ ਦੀ ਰੱਖੋ ਲਾਜ ਯਾਰੋ।
ਮੁੱਠ ਮੀਟੀ ਸੀ ਏਸ ਪੰਜਾਬ ਦੀ ਜੀ,
ਇਨ੍ਹਾਂ ਖੋਲ੍ਹ ਦਿੱਤਾ ਸਾਰਾ ਪਾਜ ਯਾਰੋ।
ਸ਼ਾਹ ਮੁਹੰਮਦਾ ਮਾਰ ਕੇ ਮਰੋ ਏਥੇ,
ਕਦੇ ਰਾਜ ਨਾ ਹੋਇ ਮੁਹਤਾਜ ਯਾਰੋ।

ਕੌਮ ਦੇ ਨੌਜਵਾਨ ਅੱਜ ਵੀ ਕਮਜ਼ੋਰ ਨਹੀਂ। ਦੇਸ਼ ਲਈ ਲੜਦੇ ਹੋਏ ਸਭ ਤੋਂ ਵੱਧ ਵੀਰ ਚੱਕਰ ਤੇ ਹੋਰ ਸਨਮਾਨ ਜਿੱਤਦੇ ਹਨ। ਲੇਕਿਨ ਲੜਾਈ ਦਾ ਰਾਹ ਛੱਡ ਤਰੱਕੀ ਵਾਲੇ ਪਾਸੇ ਕਿਉਂ ਨਾ ਚੱਲੀਏ ?

ਜੰਗ ਹਿੰਦ ਪੰਜਾਬ ਦਾ ਹੋਣ ਲੱਗਾ,
ਦੋਵੇਂ ਪਾਤਸ਼ਾਹੀ ਫੌਜਾਂ ਭਾਰੀਆਂ ਨੀ।
ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ,
ਜਿਹੜੀਆਂ ਖ਼ਾਲਸੇ ਨੇ ਤੇਗਾਂ ਮਾਰੀਆਂ ਨੀ।
ਘੋੜੇ ਆਦਮੀ ਗੋਲਿਆਂ ਨਾਲ ਉੱਡਣ,
ਹਾਥੀ ਢਹਿੰਦੇ ਸਣੇ ਅੰਬਾਰੀਆਂ ਨੀ।
ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ,
ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ।

ਅੱਜ ਦਾ ਸਿੱਖ ਨੌਜਵਾਨ ਭੜਕਾਇਆ ਜਾ ਰਿਹਾ ਹੈ। ਨਾ ਨੀਤੀ ਹੈ ਤੇ ਨਾ ਹੀ ਨੇਤਾ। ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ, ਜਿਹੜੀਆਂ ਖ਼ਾਲਸੇ ਨੇ ਤੇਗਾਂ ਮਾਰੀਆਂ ਹਨ! ਵਿਅਕਤੀਗਤ ਨਹੀਂ ਤਾਂ ਸੰਸਥਾ ਦੇ ਰੂਪ ਵਿੱਚ ਅੱਗੇ ਆਇਆ ਜਾਵੇ। ਸਿੱਖ ਸਮਾਜ ਵਿੱਚ ਬਹੁਤ ਹੀ ਸਤਿਕਾਰਯੋਗ, ਗਿਆਨਵਾਨ, ਤਜਰਬੇਕਾਰ ਅਤੇ ਵਿਦਵਾਨ ਹਰ ਖੇਤਰ ਵਿੱਚ ਹਨ। ਆਓ ਮਿਲ ਬੈਠੀਏ ਤੇ ਕੌਮ ਲਈ ਅਮਨ, ਸ਼ਾਂਤੀ, ਵਿੱਦਿਆ ਤੇ ਖੁਸ਼ਹਾਲੀ ਲਈ ਕੰਮ ਕਰੀਏ। ਲੋਕਤੰਤਰ ਵਿੱਚ ਹਥਿਆਰ ਨਹੀਂ, ਵਿਚਾਰ, ਤਰਕ ਤੇ ਗੱਲਬਾਤ ਦੀ ਕਲਾ ਦੀ ਲੋੜ ਹੈ।

ਸ਼ਾਹ ਮੁਹੰਮਦ ਵੀ ਅੰਤ ਵਿੱਚ ਕੌਮ ਦੀ ਢਹਿੰਦੀ ਕਲਾ ਦੀ ਗੱਲ ਕਰਦਾ ਹੋਇਆ ਸਿੱਖਾਂ ਵੱਲੋਂ ਅੰਗਰੇਜ਼ਾਂ ਲਈ ਰਸਤਾ ਸਾਫ਼ ਹੋਣ ਦਾ ਜ਼ਿਕਰ ਕਰਦਾ ਹੈ।

ਰੱਬ ਚਾਹੇਗਾ ਤਾਂ ਕਰੇਗਾ ਮਿਹਰਬਾਨੀ,
ਹੋਇਆ ਸਿੰਘਾਂ ਦਾ ਕੰਮ ਅਰਾਸਤਾ ਈ।
ਵੱਡੀ ਸਾਂਝ ਹੈ ਹਿੰਦੂਆਂ ਮੁਸਲਮਾਨਾਂ,
ਉਹ ਦੇ ਨਾਲ ਨਾ ਕਿਸੇ ਦਾ ਵਾਸਤਾ ਈ।
ਉਹਦੇ ਨਾਲ ਨਾ ਬੈਠ ਕੇ ਗੱਲ ਕਰਨੀ,
ਖੁਦੀ ਆਪਣੀ ਵਿੱਚ ਮਹਾਸਤਾ ਈ।
ਸ਼ਾਹ ਮੁਹੰਮਦਾ ਦੌਲਤਾਂ ਜਮ੍ਹਾਂ ਕਰਦਾ,
ਸ਼ਾਹੂਕਾਰ ਦਾ ਜਿਵੇਂ ਗੁਮਾਸ਼ਤਾ ਈ।

ਅੰਤ ਵਿੱਚ ਵਾਹਿਗੁਰੂ ਦੇ ਚਰਨਾਂ ਵਿੱਚ ਅਰਦਾਸ ਕਰੀਏ। ਹੇ ਅਕਾਲ ਪੁਰਖ ! ਮਹਾਰਾਜ ਸਾਹਿਬ ਆਪਣੇ ਚੰਗੇ ਕੰਮਾਂ ਨਾਲ ਆਪ ਦੀ ਦਰਗਾਹ ਵਿੱਚ ਸਦੀਵੀ ਨਿਵਾਸ ਬਣਾ ਕੇ ਗਏ ਹਨ। ਉਨ੍ਹਾਂ ਦੀ ਆਤਮਾ 'ਤੇ ਕਿਰਪਾ ਦ੍ਰਿਸ਼ਟੀ ਰੱਖਣਾ। ਅਸੀਂ ਜੋ ਮਹਾਰਾਜ ਸਾਹਿਬ ਦੀ ਬਰਸੀ ਮਨਾ ਰਹੇ ਹਾਂ, ਉਨ੍ਹਾਂ ਦੇ ਰਾਹ 'ਤੇ ਚੱਲਣ ਦੀ ਬਲ-ਬੁੱਧੀ ਤੇ ਕੌਮੀ ਜਜ਼ਬਾ ਬਖ਼ਸ਼ਣਾ।

*ਸਾਬਕਾ ਚੇਅਰਮੈਨ, ਕੌਮੀ ਘੱਟ ਗਿਣਤੀਆਂ ਕਮਿਸ਼ਨ, ਭਾਰਤ ਸਰਕਾਰ*



# ਇੱਕ ਪੁਰਾਣੇ ਲੱਕੜ ਦੇ ਢਾਂਚੇ ਤੋਂ ਪਤਾ ਲੱਗ ਸਕਦਾ ਹੈ ਕਿ ਪ੍ਰਾਚੀਨ ਬ੍ਰਿਟੇਨ ਵਾਸੀਆਂ ਨੇ ਸੂਰਜ ਦੀ ਚਾਲ ਨੂੰ ਪਹਿਲੀ ਵਾਰ ਕਿਵੇਂ ਟਰੈਕ ਕੀਤਾ – ਖੋਜ ਰਿਪੋਰਟ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪੁਰਾਤੱਤਵ ਵਿਗਿਆਨੀਆਂ ਨੂੰ ਸਟੋਨਹੈਂਜ ਦੇ ਨੇੜੇ ਇੱਕ ਬਹੁਤ ਹੀ ਮਹੱਤਵਪੂਰਨ ਖੋਜ ਮਿਲੀ ਹੈ, ਜਿਸ ਤੋਂ ਇਹ ਸਾਹਮਣੇ ਆਇਆ ਹੈ ਕਿ ਵਿਸ਼ਵ ਪ੍ਰਸਿੱਧ ਪੱਥਰ ਦੇ ਸਰਕਲ ਦੇ ਬਣਨ ਤੋਂ ਸਦੀਆਂ ਪਹਿਲਾਂ ਹੀ ਇੱਥੋਂ ਦੇ ਪ੍ਰਾਚੀਨ ਲੋਕ ਸੂਰਜ ਦੀ ਚਾਲ ਅਤੇ ਬਦਲਦੇ ਮੌਸਮਾਂ ਨੂੰ ਸਮਝ ਚੁੱਕੇ ਸਨ।

ਸਟੋਨਹੈਂਜ ਤੋਂ ਮਹਿਜ਼ 3 ਮੀਲ (5 ਕਿਲੋਮੀਟਰ) ਦੂਰ ਬੁਲਫੋਰਡ ਪਿੰਡ ਨੇੜੇ ਲਗਭਗ 5,000 ਸਾਲ ਪੁਰਾਣਾ ਇੱਕ ਅਜਿਹਾ ਢਾਂਚਾ ਮਿਲਿਆ ਹੈ, ਜੋ ਲੱਕੜ ਦਾ ਬਣਿਆ ਹੋਇਆ ਸੀ। 'ਵੈਸੈਕਸ ਆਰਕੀਓਲੋਜੀ' ਦੀ ਟੀਮ ਵੱਲੋਂ ਕੀਤੀ ਗਈ ਇਹ ਖੋਜ ਸਟੋਨਹੈਂਜ ਦੇ ਵੱਡੇ ਪੱਥਰ ਲਗਾਏ ਜਾਣ ਤੋਂ ਲਗਭਗ 500 ਸਾਲ ਪਹਿਲਾਂ (ਯਾਨੀ 2950 ਈਸਾ ਪੂਰਵ) ਦੀ ਦੱਸੀ ਜਾ ਰਹੀ ਹੈ।

ਇਹ ਖੋਜ ਬ੍ਰਿਟੇਨ ਦੇ ਰੱਖਿਆ ਮੰਤਰਾਲੇ ਲਈ ਬਣਾਏ ਜਾ ਰਹੇ ਰਿਹਾਇਸ਼ੀ ਪ੍ਰੋਜੈਕਟ ਦੀ ਖੁਦਾਈ ਦੌਰਾਨ ਹੋਈ। ਪੁਰਾਤੱਤਵ ਵਿਗਿਆਨੀਆਂ ਨੂੰ ਇੱਥੇ ਲੱਕੜ ਦੇ ਦੋ ਵੱਡੇ ਅਤੇ ਮਜ਼ਬੂਤ ਖੰਭੇ ਗੱਡਣ ਲਈ ਬਣਾਏ ਗਏ ਟੋਏ ਮਿਲੇ ਹਨ, ਜੋ ਇੱਕ ਦੂਜੇ ਤੋਂ ਲਗਭਗ 120 ਮੀਟਰ (400 ਫੁੱਟ) ਦੀ ਦੂਰੀ 'ਤੇ ਸਨ। ਜਦੋਂ ਮਾਹਿਰਾਂ ਨੇ ਇਸ ਜਗ੍ਹਾ ਦਾ ਨਕਸ਼ਾ ਤਿਆਰ ਕੀਤਾ, ਤਾਂ ਇੱਕ ਹੈਰਾਨੀਜਨਕ ਗੱਲ ਸਾਹਮਣੇ ਆਈ। ਇਹ ਦੋਵੇਂ ਖੰਭੇ ਬਿਲਕੁਲ ਉਸੇ 50-ਡਿਗਰੀ ਦੇ ਕੋਣ 'ਤੇ ਸਨ, ਜਿਸ 'ਤੇ ਬਾਅਦ ਵਿੱਚ ਸਟੋਨਹੈਂਜ ਨੂੰ ਬਣਾਇਆ ਗਿਆ ਸੀ। ਇਹ ਸਿੱਧੀ ਲਾਈਨ ਇੱਕ ਪਾਸੇ ਤੋਂ ਗਰਮੀਆਂ ਦੇ ਸਭ ਤੋਂ ਲੰਬੇ ਦਿਨ ਦੇ ਸੂਰਜ ਚੜ੍ਹਨ ਦੀ ਦਿਸ਼ਾ ਅਤੇ ਦੂਜੇ ਪਾਸੇ ਤੋਂ ਸਰਦੀਆਂ ਦੇ ਸਭ ਤੋਂ ਛੋਟੇ ਦਿਨ ਦੇ ਸੂਰਜ ਡੁੱਬਣ ਦੀ ਦਿਸ਼ਾ ਵੱਲ ਇਸ਼ਾਰਾ ਕਰਦੀ ਹੈ।



ਇੰਗਲੈਂਡ ਦਾ 5000 ਸਾਲ ਪੁਰਾਤਨ ਇਤਿਹਾਸ ਦਾ ਅਜੂਬਾ "ਸਟੋਨਹੈਂਜ"

ਖਗੋਲ-ਵਿਗਿਆਨੀਆਂ ਨੇ ਕੰਪਿਊਟਰ ਮਾਡਲਿੰਗ ਰਾਹੀਂ 5,000 ਸਾਲ ਪਹਿਲਾਂ ਦੇ ਅਸਮਾਨ ਦੀ ਜਾਂਚ ਕੀਤੀ। ਉਨ੍ਹਾਂ ਮੁਤਾਬਕ, ਉਸ ਦੌਰ ਵਿੱਚ ਇਨ੍ਹਾਂ ਟੋਇਆਂ ਵਿੱਚ 2 ਤੋਂ 4 ਮੀਟਰ ਉੱਚੇ ਲੱਕੜ ਦੇ ਮੋਟੇ ਖੰਭੇ ਲਗਾਏ ਗਏ ਹੋਣਗੇ, ਜੋ ਸੂਰਜ ਦੀਆਂ ਕਿਰਨਾਂ ਨੂੰ ਬਿਲਕੁਲ ਸਹੀ ਦਿਸ਼ਾ ਵਿੱਚ ਫਰੇਮ ਕਰਦੇ ਸਨ।

ਉਸ ਸਮੇਂ ਦੇ ਖੇਤੀਬਾੜੀ ਕਰਨ ਵਾਲੇ ਸਮਾਜ ਲਈ ਸੂਰਜ ਦੀ ਚਾਲ ਨੂੰ ਸਮਝਣਾ ਸਿਰਫ਼ ਧਾਰਮਿਕ ਨਹੀਂ ਬਲਕਿ ਬਹੁਤ ਜ਼ਰੂਰੀ ਪ੍ਰੈਕਟੀਕਲ ਕੰਮ ਸੀ। ਇਸੇ ਰਾਹੀਂ ਉਹ ਫ਼ਸਲਾਂ ਬੀਜਣ, ਮੌਸਮ ਬਦਲਣ ਅਤੇ ਆਪਣੇ ਸਮਾਜਿਕ ਇਕੱਠਾਂ ਦੇ ਸਮੇਂ ਦਾ ਹਿਸਾਬ-ਕਿਤਾਬ ਰੱਖਦੇ ਸਨ।

ਮਾਹਿਰਾਂ ਦਾ ਮੰਨਣਾ ਹੈ ਕਿ ਇਹ ਲੱਕੜ ਦਾ ਢਾਂਚਾ ਉਸੇ ਭਾਈਚਾਰੇ ਜਾਂ ਉਨ੍ਹਾਂ ਦੇ ਪੂਰਵਜਾਂ ਦੁਆਰਾ ਬਣਾਇਆ ਗਿਆ ਸੀ, ਜਿਨ੍ਹਾਂ ਨੇ ਬਾਅਦ ਵਿੱਚ ਸਟੋਨਹੈਂਜ ਦੇ ਵਿਸ਼ਾਲ ਪੱਥਰਾਂ ਨੂੰ ਉੱਥੇ ਲਿਆ ਕੇ ਖੜ੍ਹਾ ਕੀਤਾ। ਇਸ ਖੋਜ ਤੋਂ ਇਹ ਸਾਬਤ ਹੁੰਦਾ ਹੈ ਕਿ ਬ੍ਰਿਟੇਨ ਵਿੱਚ ਪੱਥਰਾਂ ਦੇ ਮਹਾਨ ਸਮਾਰਕ ਬਣਾਉਣ ਤੋਂ ਸਦੀਆਂ ਪਹਿਲਾਂ ਹੀ ਸੂਰਜ ਨੂੰ ਟਰੈਕ ਕਰਨ ਦੀ ਪਰੰਪਰਾ ਅਤੇ ਤਕਨੀਕ ਇੱਥੋਂ ਦੇ ਸਥਾਨਕ ਸੱਭਿਆਚਾਰ ਵਿੱਚ ਡੂੰਘੀ ਤਰ੍ਹਾਂ ਰਚੀ-ਵੱਸੀ ਹੋਈ ਸੀ।

# ਮਹਾਰਾਜਾ ਚਾਰਲਸ ਆਪਣਾ ਟੈਕਸ ਜਨਤਕ ਕਰਨ ਵਾਲੇ ਪਹਿਲੇ ਮਹਾਰਾਜਾ ਬਣੇ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਮਹਾਰਾਜਾ ਚਾਰਲਸ ਆਪਣਾ ਟੈਕਸ ਬਿੱਲ ਜਨਤਕ ਕਰਨ ਵਾਲੇ ਪਹਿਲੇ ਮਹਾਰਾਜਾ ਬਣ ਗਏ ਹਨ। ਦਸਤਾਵੇਜ਼ਾਂ ਅਨੁਸਾਰ ਬੀਤੇ ਤਿੰਨ ਸਾਲਾਂ ਵਿੱਚ ਸ਼ਾਹੀ ਗ੍ਰਾਂਟ ਲਗਭਗ ਦੁੱਗਣੀ ਹੋਈ ਹੈ। ਉਨ੍ਹਾਂ ਵੱਲੋਂ ਸਾਂਝੇ ਕੀਤੇ ਗਏ ਅੰਕੜਿਆਂ ਮੁਤਾਬਕ ਉਨ੍ਹਾਂ ਨੇ ਸਾਲ 2024-2025 ਲਈ 1 ਕਰੋੜ 29 ਲੱਖ ਪੌਂਡ ਦਾ ਟੈਕਸ ਅਦਾ ਕੀਤਾ ਹੈ।

ਜਿਸ ਨਾਲ ਮਹਾਰਾਜਾ ਯੂ ਕੇ ਦੇ ਚੋਟੀ ਦੇ 100 ਟੈਕਸਦਾਤਾਵਾਂ ਦੀ ਸੂਚੀ ਵਿੱਚ ਸ਼ਾਮਲ ਹੋ ਗਏ ਹਨ। ਸਾਲਾਨਾ ਸ਼ਾਹੀ ਰਿਪੋਰਟ ਅਤੇ ਖਾਤਿਆਂ ਦੇ ਅੰਕੜਿਆਂ ਅਨੁਸਾਰ, ਪ੍ਰਿੰਸ ਆਫ਼ ਵੇਲਜ਼ ਪ੍ਰਿੰਸ ਵਿਲੀਅਮ ਨੇ 77.6 ਲੱਖ ਪੌਂਡ ਦਾ ਟੈਕਸ ਅਦਾ ਕੀਤਾ ਹੈ।

ਖਾਤਿਆਂ ਤੋਂ ਪਤਾ ਲੱਗਦਾ ਹੈ ਕਿ ਸ਼ਾਹੀ ਘਰਾਣੇ ਲਈ ਜਨਤਕ ਫੰਡਿੰਗ ਦਾ ਮੁੱਖ ਸਰੋਤ 'ਪ੍ਰਭੂਸੱਤਾ ਗ੍ਰਾਂਟ' ਹੈ ਜੋ ਅਗਲੇ ਤਿੰਨ ਸਾਲਾਂ ਵਿੱਚ ਲਗਭਗ ਦੁੱਗਣੀ ਹੋ ਕੇ 2027-28 ਤੱਕ 100 ਮਿਲੀਅਨ ਪੌਂਡ ਦੇ ਕਰੀਬ ਪਹੁੰਚ ਜਾਵੇਗੀ। ਸਾਲ 2024-25 ਲਈ ਪ੍ਰਭੂਸੱਤਾ ਗ੍ਰਾਂਟ 8.63 ਕਰੋੜ ਪੌਂਡ ਸੀ, ਜਿਸ ਵਿੱਚੋਂ 5.18 ਕਰੋੜ ਮੁੱਖ ਖ਼ਰਚਿਆਂ ਲਈ ਅਤੇ ਵਾਧੂ £34.5 ਮਿਲੀਅਨ ਬਕਿੰਘਮ ਪੈਲੇਸ ਦੇ ਨਵੀਨੀਕਰਨ (ਮੁਰੰਮਤ) ਦੇ ਕੰਮ ਲਈ ਦਿੱਤੇ ਗਏ ਸਨ। ਜਦੋਂ ਇਹ ਮੁਰੰਮਤ ਦਾ ਕੰਮ ਪੂਰਾ ਹੋ ਜਾਵੇਗਾ, ਤਾਂ ਕੁੱਲ ਰਕਮ 13.79 ਕਰੋੜ ਪੌਂਡ ਤੋਂ ਘਟ ਕੇ 9.99 ਕਰੋੜ ਪੌਂਡ ਰਹਿ ਜਾਵੇਗੀ, ਪਰ ਇਹ ਪਿਛਲੇ ਸਾਲਾਂ ਦੇ ਮੁਕਾਬਲੇ ਕਾਫ਼ੀ ਜ਼ਿਆਦਾ ਹੋਵੇਗੀ। ਇਹ ਗ੍ਰਾਂਟ ਸ਼ਾਹੀ ਘਰਾਣੇ ਦੇ ਚੱਲ ਰਹੇ ਖ਼ਰਚਿਆਂ ਜਿਵੇਂ ਕਿ ਸਟਾਫ ਦੀਆਂ ਤਨਖਾਹਾਂ, ਸ਼ਾਹੀ ਰੁਝੇਵਿਆਂ ਲਈ ਯਾਤਰਾ, ਅਤੇ ਅਧਿਕਾਰਤ ਘਰੇਲੂ ਖ਼ਰਚਿਆਂ (ਜਿਵੇਂ ਕਿ ਸਮਾਗਮਾਂ ਅਤੇ ਮਹਿਲਾਂ ਦੀ ਦੇਖਭਾਲ) ਲਈ ਵਰਤੀ ਜਾਂਦੀ ਹੈ।

**ਪਾਰਦਰਸ਼ਤਾ ਦੀ ਮੰਗ**

ਖਾਤਿਆਂ ਅਨੁਸਾਰ ਕਿੰਗ ਨੇ 2023-24 ਲਈ £11.7 ਮਿਲੀਅਨ ਦਾ ਟੈਕਸ ਅਦਾ ਕੀਤਾ ਸੀ, ਜਦੋਂ ਕਿ ਪ੍ਰਿੰਸ ਵਿਲੀਅਮ ਨੇ ਉਸੇ ਸਮੇਂ ਲਈ £8.34 ਮਿਲੀਅਨ ਦਾ ਭੁਗਤਾਨ ਕੀਤਾ ਸੀ। ਰਾਜੇ ਦੇ ਨਿੱਜੀ ਟੈਕਸ ਦੇ ਵੇਰਵੇ ਪ੍ਰਕਾਸ਼ਤ ਕਰਨ ਦਾ ਇਹ ਫੈਸਲਾ ਐਂਡਰਿਊ ਮਾਊਂਟਬੈਟਨ-ਵਿੰਡਸਰ ਦੇ ਆਲੇ-ਦੁਆਲੇ ਦੇ ਵਿਵਾਦਾਂ ਤੋਂ ਬਾਅਦ, ਸ਼ਾਹੀ ਵਿੱਤ ਵਿੱਚ ਵਧੇਰੇ ਪਾਰਦਰਸ਼ਤਾ ਦੀਆਂ ਮੰਗਾਂ ਦੇ ਮੱਦੇਨਜ਼ਰ ਲਿਆ ਗਿਆ ਹੈ। ਸੰਸਦ ਮੈਂਬਰਾਂ (MPs) ਨੇ ਇਸ ਗੱਲ 'ਤੇ ਚਿੰਤਾ ਜਤਾਈ ਸੀ ਕਿ ਸ਼ਾਹੀ ਪਰਿਵਾਰ ਦੁਆਰਾ ਜਨਤਕ ਫੰਡਾਂ ਦੀ ਵਰਤੋਂ ਕਿਵੇਂ ਕੀਤੀ ਜਾਂਦੀ ਹੈ, ਇਸ ਬਾਰੇ ਜਵਾਬਦੇਹੀ ਦੀ ਕਮੀ ਹੈ। ਪੈਲੇਸ ਦੇ ਸਾਲਾਨਾ ਖਾਤਿਆਂ ਵਿੱਚ ਇਹ ਬਦਲਾਅ ਵਧੇਰੇ ਖੁੱਲ੍ਹੇਪਣ (ਪਾਰਦਰਸ਼ਤਾ) ਲਈ ਜਨਤਕ ਭਾਵਨਾਵਾਂ ਨੂੰ ਦਰਸਾਉਂਦਾ ਹੈ।


ਉਨ੍ਹਾਂ ਦੇ ਦਫ਼ਤਰਾਂ ਅਨੁਸਾਰ, ਕਿੰਗ ਅਤੇ ਪ੍ਰਿੰਸ ਵਿਲੀਅਮ ਦੁਆਰਾ ਸਵੈ-ਇੱਛਾ ਨਾਲ ਕਿੰਨਾ ਟੈਕਸ ਅਦਾ ਕੀਤਾ ਜਾਂਦਾ ਹੈ, ਇਸ ਨੂੰ ਜਨਤਕ ਕਰਨ ਦਾ ਫੈਸਲਾ ਦੋਵਾਂ ਦਾ ਨਿੱਜੀ ਫੈਸਲਾ ਸੀ। ਬਕਿੰਘਮ ਪੈਲੇਸ ਨੇ ਇਸ ਕਦਮ ਨੂੰ ਪਾਰਦਰਸ਼ਤਾ ਵਧਾਉਣ ਵਾਲਾ ਦੱਸਿਆ ਅਤੇ ਕਿਹਾ ਕਿ ਇਸਦਾ ਉਦੇਸ਼ "ਸਾਡੀ ਜਵਾਬਦੇਹੀ ਬਾਰੇ ਵਿਆਪਕ ਸਮਝ ਨੂੰ ਉਤਸ਼ਾਹਿਤ ਕਰਨਾ" ਹੈ। ਸਾਲ 2022 ਵਿੱਚ ਜਦੋਂ ਤੋਂ ਕਿੰਗ ਚਾਰਲਸ ਰਾਜਾ ਬਣੇ ਹਨ ਅਤੇ ਵਿਲੀਅਮ ਪ੍ਰਿੰਸ ਆਫ਼ ਵੇਲਜ਼ ਬਣੇ ਹਨ, ਉਦੋਂ ਤੋਂ ਪਿਓ-ਪੁੱਤ ਦੁਆਰਾ ਐਚਐਮ ਰੈਵੇਨਿਊ ਐਂਡ ਕਸਟਮਜ਼ ਨੂੰ ਦਿੱਤਾ ਗਿਆ ਸਾਂਝਾ ਟੈਕਸ ਬਿੱਲ £50 ਮਿਲੀਅਨ ਤੋਂ ਵੱਧ ਰਿਹਾ ਹੈ। ਮਹਾਰਾਜੇ ਨੂੰ ਆਪਣੀ 'ਡਚੀ ਆਫ਼ ਲੈਨਕਾਸਟਰ' ਜਾਇਦਾਦ ਤੋਂ ਸਾਲਾਨਾ ਆਮਦਨ ਮਿਲਦੀ ਹੈ, ਜੋ ਕਿ ਮਹਾਰਾਜੇ ਨੂੰ ਅਧਿਕਾਰਤ ਅਤੇ ਨਿੱਜੀ ਖ਼ਰਚਿਆਂ ਲਈ ਫੰਡਾਂ ਦਾ ਇੱਕ ਸੁਤੰਤਰ ਸਰੋਤ ਪ੍ਰਦਾਨ ਕਰਨ ਲਈ ਬਣਾਈ ਗਈ ਸੀ। ਇਹ ਜ਼ਮੀਨ, ਨਿਵੇਸ਼ਾਂ ਅਤੇ ਜਾਇਦਾਦਾਂ ਦਾ ਇੱਕ ਢਾਂਚਾ ਹੈ, ਜਿਸ ਤੋਂ 2025-26 ਵਿੱਚ ਰਾਜੇ ਨੂੰ 2.52 ਕਰੋੜ ਪੌਂਡ ਦੀ ਸਾਲਾਨਾ ਆਮਦਨ ਹੋਈ।

ਪ੍ਰਿੰਸ ਵਿਲੀਅਮ ਨੇ ਵੀ ਟੈਕਸ ਦੇ ਭੁਗਤਾਨ ਨੂੰ ਜਨਤਕ ਕਰ ਦਿੱਤਾ ਹੈ। ਪ੍ਰਿੰਸ ਵਿਲੀਅਮ ਨੂੰ 'ਡਚੀ ਆਫ਼ ਕੌਰਨਵਾਲ' ਤੋਂ ਆਮਦਨ ਮਿਲਦੀ ਹੈ। ਜੋ ਕਿ ਇੱਕ ਅਰਬ ਪੌਂਡ ਦੀ, 130,000 ਏਕੜ ਦੀ ਜੱਦੀ ਜਾਇਦਾਦ ਹੈ ਜਿਸ ਵਿੱਚ ਲੰਡਨ ਦਾ ਓਵਲ ਕ੍ਰਿਕਟ ਮੈਦਾਨ ਵੀ ਸ਼ਾਮਲ ਹੈ।

# ਕੋਈ ਵੀ ਪਾਰਟੀ ਆਪਣੀ ਸਹੀ ਨੀਤੀ ਤਹਿ ਨਹੀਂ ਕਰ ਰਹੀ

## ਪਾਠਕਾਂ ਦੇ ਪੱਤਰ

ਚਲੋ ਹੁਣ 5 ਰਾਜਾਂ ਵਿੱਚ ਅਸੈਂਬਲੀ ਚੋਣਾਂ ਹੋ ਰਹੀਆਂ ਹਨ। ਪੰਜਾਬ ਭਾਜਪਾ, ਅਕਾਲੀ ਦਲ ਬਾਦਲ, ਕਾਂਗਰਸ ਅਤੇ ਝਾੜੂ ਆਦਿ ਪਾਰਟੀਆਂ ਵਿੱਚ ਟੱਕਰ ਹੈ। ਬਾਕੀ ਛੋਟੀਆਂ ਪਾਰਟੀਆਂ ਹਨ, ਅਜ਼ਾਦ ਉਮੀਦਵਾਰ ਭੀ ਖੜ੍ਹੇ ਹੋਣਗੇ। ਹਰ ਕੋਈ ਆਪਣਾ ਆਪਣਾ ਜ਼ੋਰ ਲਾ ਲਵੇਗਾ। ਇਕ ਗੱਲ ਦੇਖੋ ਕੋਈ ਭੀ ਪਾਰਟੀ ਆਪਣੀ ਸਰਕਾਰ ਬਣਨ 'ਤੇ ਸਹੀ ਕੀ ਕਰਨਾ ਹੈ ਰੁਜ਼ਗਾਰ ਲਈ ਉਨ੍ਹਾਂ ਦੀ ਕੀ ਨੀਤੀ ਹੈ। ਹੈਲਥ ਲਈ ਕੀ ਕੀ ਕਰਨਗੇ। ਅੱਗੇ ਕੀ ਕੀ ਹੋਵੇਗਾ। ਬਜ਼ੁਰਗਾਂ ਲਈ ਹੋਰ ਕੀ ਕੁਝ ਕਰਨਗੇ। ਬੱਚਿਆਂ ਦਾ ਭਵਿੱਖ ਕੀ ਹੋਵੇਗਾ, ਪੜ੍ਹਾਈ ਵਿੱਚ ਹੋਰ ਕੀ ਕਰਨਗੇ। ਕਿਸੇ ਪਾਰਟੀ ਦਾ ਇਸ ਬਾਰੇ ਵਿਸ਼ੇਸ਼ ਪ੍ਰੋਗਰਾਮ ਨਹੀਂ। ਪਹਿਲਾਂ ਭਾਜਪਾ ਪਾਰਟੀ ਦਾ ਦੇਖੋ ਨਵਾਂ ਪ੍ਰਧਾਨ ਲੈ ਆਏ ਹਨ, ਉਸ ਦਾ ਉਦੇਸ਼ ਹੈ ਮਹਾਰਾਜਾ ਰਣਜੀਤ ਸਿੰਘ ਵਰਗਾ ਰਾਜ ਕਾਇਮ ਕਰਨਾ। ਚਲੋ ਰਾਜ ਕਰਨ ਪਾਰਟੀ ਜਿੱਤੇ, ਇਹ ਮੁੱਖ ਮੰਤਰੀ ਬਨਣ ਪਹਿਲਾਂ ਪਾਰਟੀ ਵਿੱਚ ਭੀ ਮੁੱਖ ਮੰਤਰੀ ਬਣਨ ਲਈ ਹੋਰ ਹਨ। ਮਹਾਰਾਜਾ ਰਣਜੀਤ ਸਿੰਘ ਦਾ ਰਾਜ ਉਹ ਕਿਵੇਂ ਲਾਗੂ ਕਰ ਸਕਦੇ ਹਨ। ਉਨ੍ਹਾਂ ਬਾਰੇ ਕਿਤਾਬਾਂ ਜਰੂਰ ਪੜ੍ਹੀਆਂ ਹੋਣਗੀਆਂ, ਪਰ ਉਨ੍ਹਾਂ ਦੀਆਂ ਨੀਤੀਆਂ ਉਹ ਹੀ ਜਾਣ ਸਕਦੇ ਹਨ, ਹੋਰ ਕਿਸੇ ਨੂੰ ਭੀ ਉਸ ਵਰਗਾ ਰਾਜ ਦੇਣਾ ਅਸੰਭਵ ਹੈ। ਸਿਰਫ਼ ਫੋਟੋ ਦਫ਼ਤਰਾਂ ਵਿੱਚ ਲਾ ਕੇ ਉਸ ਵਰਗਾ ਰਾਜ ਨਹੀਂ ਹੋ ਸਕਦਾ। ਜਿਸ ਦਾ ਰਾਜ ਉਸੀ ਦੀ ਵੋਟ, ਜਿਸ ਦਾ ਰਾਜ ਹੋਵੇ ਉਹ ਜੋ ਮਰਜ਼ੀ ਕਹੇ ਕਰੇ, ਕੋਈ ਰੋਕ ਨਹੀਂ ਸਕਦਾ। ਹੁਣ ਦੇਖੋ ਅਕਾਲੀ ਦਲ ਬਾਦਲ ਸਾਹਿਬ ਦੀ ਪਾਰਟੀ ਸੱਚ ਮੁੱਚ ਪਾਰਟੀ ਇਲੈਕਸ਼ਨ ਜਿੱਤਣ ਲਈ ਕਹਿ ਰਹੇ ਹਨ, ਬੱਸ ਸਮਝ ਲਵੋ ਵੋਟ ਪਾਉਣੀ ਬਾਕੀ ਹੈ ਕਿਤਨੇ ਨਵੇਂ ਜਰਨੈਲ ਲਾਣੇ ਚੁਣ ਲਏ ਹਨ ਮਗਰ ਭਾਵ ਕੋਈ ਕੋਈ ਜਿੱਤ ਹਾਸਲ ਕਰ ਸਕੇ। ਸਿਰਫ਼ ਝਾੜੂ ਨੂੰ ਸੱਤਾ ਤੋਂ ਬਾਹਰ ਕਰਨਾ ਇਕ ਮੁੱਦਾ ਹੈ ਉਸ ਤੋਂ ਬਗੈਰ ਨਾ ਕੋਈ ਲੈਕਚਰ ਵਿੱਚ ਹੁੰਦੀ ਹੈ ਨਾ ਸਹੀ ਸਲਾਮਤ ਜਾਂ ਕੇਂਦਰ ਸਰਕਾਰ ਦੇ ਬਾਰੇ ਬਿਆਨ ਹੁੰਦੇ ਹਨ। ਜਦੋਂ ਉਨ੍ਹਾਂ ਦੀ ਪਤਨੀ ਜਦੋਂ ਕੇਂਦਰੀ ਮੰਤਰੀ ਸਨ, ਬੀ.ਜੇ.ਪੀ. ਵਰਗੀ ਕੋਈ ਪਾਰਟੀ ਨਹੀਂ ਸੀ, ਹੁਣ ਉਲਟਾ ਕਾਂਗਰਸ ਭਾਵੇਂ ਪਾਟੋ ਧਾੜ ਹੈ ਪਰ ਉਨ੍ਹਾਂ ਦੇ ਕੰਮ ਭੀ ਪਿਛਲੀਆਂ ਸਰਕਾਰਾਂ ਵਾਲੇ ਹੀ ਰਹਿਣਗੇ। ਪਹਿਲਾਂ ਮੁੱਖ ਮੰਤਰੀ ਬਣਾ ਲੈਣਾ, ਫਿਰ ਜੋ ਕੁਝ ਕਰਨਾ ਹੈ ਕਰਨ, ਅਸਲ ਵਿੱਚ ਹੱਕ ਸਰਦਾਰ ਪ੍ਰਤਾਪ ਸਿੰਘ ਬਾਜਵਾ ਦਾ ਹੈ। ਹਰ ਕੋਨੇ ਤੋਂ ਪੂਰੇ ਹਨ ਈਮਾਨਦਾਰ ਸਿਆਸਤਦਾਨ, ਨੀਤੀਵਾਨ ਸਭ ਕੁਝ ਉਨ੍ਹਾਂ ਪਾਸ ਹੈ। ਹੁਣ ਰਹੀ ਝਾੜੂ ਦੀ ਪਾਰਟੀ ਜੋ ਕਰ ਰਹੀ ਹੈ ਜਨਤਾ ਨੂੰ ਪਤਾ ਹੈ ਜੋ ਕੀਤਾ ਉਹ ਭੀ ਜਨਤਾ ਜਾਣਦੀ ਹੈ।



K.Jogi

# ਗਲੋਬਲ ਸਟਾਰ ਦਿਲਜੀਤ ਦੋਸਾਂਝ ਨੇ 'ਔਰਾ ਟੂਰ' ਰਾਹੀਂ ਕਮਾਏ ਰਿਕਾਰਡ 267 ਕਰੋੜ ਰੁਪਏ

## ✪ ਆਪਣਾ ਹੀ ਰਿਕਾਰਡ ਤੋੜ ਕੇ ਦਿਲਜੀਤ ਨੇ ਮੁੜ ਰਚਿਆ ਇਤਿਹਾਸ, ਪੱਛਮੀ ਦੇਸ਼ਾਂ 'ਚ ਵਜਾਇਆ ਪੰਜਾਬੀਅਤ ਦਾ ਡੰਕਾ ✪ ਪੰਜਾਬੀ ਤੋਂ ਗੈਰ-ਪੰਜਾਬੀ ਤੱਕ ਹਰ ਕੋਈ ਹੋਇਆ ਦੀਵਾਨਾ ✪ ਲਾਸ ਏਂਜਲਸ ਵਿਚ ਮਨਾਇਆ ਜਾਵੇਗਾ 'ਦਿਲਜੀਤ ਦੋਸਾਂਝ ਦਿਵਸ', ਅਮਰੀਕਾ ਫਤਿਹ ਕਰਨ ਮਗਰੋਂ ਹੁਣ ਲੰਡਨ ਦੀ ਵਾਰੀ

**ਖਾਸ ਖਬਰ**

ਪੰਜਾਬੀ ਮਿਊਜ਼ਿਕ ਇੰਡਸਟਰੀ ਦੇ 'ਗਲੋਬਲ ਸਟਾਰ' ਦਿਲਜੀਤ ਦੋਸਾਂਝ ਦੀ ਸਫ਼ਲਤਾ ਦਾ ਰੱਥ ਜਿਸ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ, ਉਹ ਨਾ ਸਿਰਫ਼ ਸੰਗੀਤ ਜਗਤ ਬਲਕਿ ਸਮੁੱਚੀ ਪੰਜਾਬੀ ਕੌਮ ਲਈ ਇੱਕ ਇਤਿਹਾਸਕ ਮੀਲ ਪੱਥਰ ਹੈ। ਦਿਲਜੀਤ ਨੇ ਇੱਕ ਵਾਰ ਫਿਰ ਅੰਤਰਰਾਸ਼ਟਰੀ ਪੱਧਰ 'ਤੇ ਉਹ ਮੁਕਾਮ ਹਾਸਲ ਕਰ ਲਿਆ ਹੈ, ਜਿਸ ਦੀ ਕਲਪਨਾ ਵੀ ਪਹਿਲਾਂ ਕਿਸੇ ਭਾਰਤੀ ਕਲਾਕਾਰ ਨੇ ਨਹੀਂ ਸੀ ਕੀਤੀ। ਆਪਣੀ ਸਫ਼ਲਤਾ ਦੇ ਸਿਖਰ 'ਤੇ ਪਹੁੰਚ ਕੇ ਉਨ੍ਹਾਂ ਨੇ ਕਿਸੇ ਹੋਰ ਦਾ ਨਹੀਂ, ਬਲਕਿ ਆਪਣਾ ਹੀ ਸਭ ਤੋਂ ਵੱਡਾ ਰਿਕਾਰਡ ਤੋੜ ਕੇ ਇਤਿਹਾਸ ਦੇ ਪੰਨਿਆਂ ਵਿੱਚ ਆਪਣਾ ਨਾਂ ਸੁਨਹਿਰੀ ਅੱਖਰਾਂ ਵਿੱਚ ਦਰਜ ਕਰਵਾ ਲਿਆ ਹੈ। ਉਨ੍ਹਾਂ ਦਾ ਨਵਾਂ 'ਔਰਾ ਵਰਲਡ ਟੂਰ' ਹੁਣ ਉੱਤਰੀ ਅਮਰੀਕਾ ਵਿੱਚ ਕਿਸੇ ਵੀ ਪੰਜਾਬੀ ਕਲਾਕਾਰ ਵੱਲੋਂ ਕੀਤਾ ਗਿਆ ਹੁਣ ਤੱਕ ਦਾ ਸਭ ਤੋਂ ਵੱਧ ਕਮਾਈ ਕਰਨ ਵਾਲਾ ਟੂਰ ਬਣ ਗਿਆ ਹੈ, ਜਿਸ ਨੇ ਪੱਛਮੀ ਦੇਸ਼ਾਂ ਵਿੱਚ ਭਾਰਤੀ ਸੰਗੀਤ ਦੀ ਤਾਕਤ ਦਾ ਲੋਹਾ ਮਨਵਾਇਆ ਹੈ।



ਜੇਕਰ ਦਿਲਜੀਤ ਦੋਸਾਂਝ ਦੀ ਵਿਸ਼ਵ ਪੱਧਰੀ ਮਕਬੂਲੀਅਤ ਦੇ ਕਾਰਨਾਂ ਅਤੇ ਉਨ੍ਹਾਂ ਦੀਆਂ ਖ਼ਾਸੀਅਤਾਂ 'ਤੇ ਨਜ਼ਰ ਮਾਰੀਏ, ਤਾਂ ਸਭ ਤੋਂ ਵੱਡੀ ਵਜ੍ਹਾ ਉਨ੍ਹਾਂ ਦੀ ਜੜ੍ਹਾਂ ਨਾਲ ਜੁੜੇ ਰਹਿਣ ਦੀ ਪ੍ਰਵਿਰਤੀ ਹੈ। ਦਿਲਜੀਤ ਨੇ ਕਦੇ ਵੀ ਗਲੋਬਲ ਹੋਣ ਲਈ ਆਪਣੀ ਪੰਜਾਬੀ ਪਛਾਣ, ਪੱਗ ਅਤੇ ਦੇਸੀ ਅੰਦਾਜ਼ ਨਾਲ ਸਮਝੌਤਾ ਨਹੀਂ ਕੀਤਾ, ਬਲਕਿ ਇਸੇ ਪਛਾਣ ਨੂੰ ਆਪਣਾ ਸਭ ਤੋਂ ਵੱਡਾ ਹਥਿਆਰ ਬਣਾਇਆ। ਉਨ੍ਹਾਂ ਦੇ ਸੰਗੀਤ ਵਿੱਚ ਪੰਜਾਬ ਦੀ ਮਿੱਟੀ ਦੀ ਮਹਿਕ ਹੈ, ਜਿਸ ਨੂੰ ਉਹ ਬੇਹੱਦ ਆਧੁਨਿਕ ਅਤੇ ਅੰਤਰਰਾਸ਼ਟਰੀ ਪੱਧਰ ਦੇ ਸੰਗੀਤਕ ਪ੍ਰੋਡਕਸ਼ਨ ਨਾਲ ਪੇਸ਼ ਕਰਦੇ ਹਨ। ਉਨ੍ਹਾਂ ਦੀ ਦੂਜੀ ਵੱਡੀ ਖ਼ਾਸੀਅਤ ਉਨ੍ਹਾਂ ਦਾ ਨਿਮਰ ਸੁਭਾਅ ਅਤੇ ਸਟੇਜ 'ਤੇ ਪ੍ਰਸ਼ੰਸਕਾਂ ਨਾਲ ਬੇਮਿਸਾਲ ਤਾਲਮੇਲ ਹੈ। ਉਹ ਜਿੰਨੀ ਸਹਿਜਤਾ ਨਾਲ ਗਾਉਂਦੇ ਹਨ, ਉਨੇ ਹੀ ਸਰਲ ਅੰਦਾਜ਼ ਵਿੱਚ ਲੋਕਾਂ ਦੇ ਦਿਲਾਂ ਵਿੱਚ ਉਤਰ ਜਾਂਦੇ ਹਨ। ਇਹੀ ਕਾਰਨ ਹੈ ਕਿ ਅੱਜ ਨਾ ਸਿਰਫ਼ ਪੰਜਾਬੀ, ਬਲਕਿ ਗੈਰ-ਪੰਜਾਬੀ ਅਤੇ ਵਿਦੇਸ਼ੀ ਲੋਕ ਵੀ ਉਨ੍ਹਾਂ ਦੀ ਬੋਲੀ ਨੂੰ ਸਮਝੇ ਬਿਨਾਂ ਉਨ੍ਹਾਂ ਦੀ ਗਾਇਕੀ ਅਤੇ ਊਰਜਾ ਦੇ ਦੀਵਾਨੇ ਹੋ ਚੁੱਕੇ ਹਨ।

ਇਸੇ ਦੀਵਾਨਗੀ ਸਦਕਾ ਸਾਂ ਫਰਾਂਸਿਸਕੋ ਦੇ 'ਚੇਜ਼ ਸੈਂਟਰ' ਵਿੱਚ ਖ਼ਤਮ ਹੋਏ 'ਔਰਾ ਵਰਲਡ ਟੂਰ' ਨੇ ਕਮਾਈ ਅਤੇ ਭੀੜ ਦੇ ਮਾਮਲੇ ਵਿੱਚ ਪਿਛਲੇ ਸਾਰੇ ਰਿਕਾਰਡ ਮਾਤ ਪਾ ਦਿੱਤੇ ਹਨ। ਦਿਲਜੀਤ ਨੇ ਇਸ ਟੂਰ ਦੌਰਾਨ ਅਮਰੀਕਾ ਅਤੇ ਕੈਨੇਡਾ ਦੇ 15 ਪ੍ਰਮੁੱਖ ਸ਼ਹਿਰਾਂ-ਜਿਵੇਂ ਕਿ ਵੈਨਕੂਵਰ, ਟੋਰਾਂਟੋ, ਨਿਊਯਾਰਕ, ਐਡਮੰਟਨ ਅਤੇ ਵਿਨੀਪੈਗ ਵਿੱਚ ਲਗਾਤਾਰ ਅਜਿਹੇ ਸ਼ੋਅ ਕੀਤੇ, ਜਿਨ੍ਹਾਂ ਦੀਆਂ ਸਾਰੀਆਂ ਟਿਕਟਾਂ ਮਿੰਟਾਂ ਵਿੱਚ ਵਿਕ ਗਈਆਂ। ਇਸ ਟੂਰ ਨੇ ਉਨ੍ਹਾਂ ਦੇ ਸਾਲ 2024 ਦੇ 'ਦਿਲ-ਲੁਮੀਨਾਟੀ ਟੂਰ' ਦੀ 27 ਮਿਲੀਅਨ ਡਾਲਰ (ਲਗਭਗ 225 ਕਰੋੜ ਰੁਪਏ) ਦੀ ਕਮਾਈ ਨੂੰ ਪਿੱਛੇ ਛੱਡਦਿਆਂ, 32 ਮਿਲੀਅਨ ਡਾਲਰ ਯਾਨੀ ਲਗਭਗ 267 ਕਰੋੜ ਰੁਪਏ ਦੀ ਬੰਪਰ ਕਮਾਈ ਕਰਕੇ ਇੱਕ ਨਵਾਂ ਕੀਰਤੀਮਾਨ ਸਥਾਪਿਤ ਕੀਤਾ ਹੈ। ਇਸ ਸ਼ਾਨਦਾਰ ਸਫ਼ਰ ਦੌਰਾਨ 2,25,000 ਤੋਂ ਵੱਧ ਪ੍ਰਸ਼ੰਸਕਾਂ ਨੇ ਲਾਈਵ ਸ਼ੋਅ ਦਾ ਆਨੰਦ ਮਾਣਿਆ।

ਕਾਮਯਾਬੀ ਦਾ ਇਹ ਸਿਲਸਿਲਾ ਸਿਰਫ਼ ਕਮਾਈ ਤੱਕ ਸੀਮਤ ਨਹੀਂ ਹੈ, ਬਲਕਿ ਇਹ ਸੱਭਿਆਚਾਰਕ ਮਾਨਤਾ ਦੇ ਸਰਵਉੱਚ ਸ਼ਿਖਰ 'ਤੇ ਪਹੁੰਚ ਗਿਆ ਹੈ। ਪਿਛਲੇ ਹਫ਼ਤੇ ਲਾਸ ਏਂਜਲਸ ਸਿਟੀ ਕੌਂਸਲ ਨੇ ਇੱਕ ਇਤਿਹਾਸਕ ਫ਼ੈਸਲਾ ਲੈਂਦੇ ਹੋਏ 6 ਜਨਵਰੀ 2027 ਨੂੰ ਅਧਿਕਾਰਤ ਤੌਰ 'ਤੇ 'ਦਿਲਜੀਤ ਦੋਸਾਂਝ ਦਿਵਸ' ਵਜੋਂ ਮਨਾਉਣ ਦਾ ਐਲਾਨ ਕੀਤਾ ਹੈ, ਜੋ ਕਿਸੇ ਵੀ ਭਾਰਤੀ ਲਈ ਬਹੁਤ ਵੱਡੇ ਮਾਣ ਵਾਲੀ ਗੱਲ ਹੈ। ਆਪਣੀ ਇਸ ਪ੍ਰਾਪਤੀ 'ਤੇ ਭਾਵੁਕ ਹੁੰਦੇ ਹੋਏ ਦਿਲਜੀਤ ਨੇ ਵੀ ਪ੍ਰਸ਼ੰਸਕਾਂ ਦਾ ਧੰਨਵਾਦ ਕਰਦਿਆਂ ਲਿਖਿਆ ਕਿ ਅਸੀਂ ਸਟੇਡੀਅਮਾਂ ਅਤੇ ਇਤਿਹਾਸਕ ਥਾਵਾਂ 'ਤੇ ਪਰਫਾਰਮ ਕੀਤਾ ਅਤੇ ਹੁਣ ਲਾਸ ਏਂਜਲਸ ਸ਼ਹਿਰ ਨੇ ਸਾਡੇ ਨਾਂ 'ਤੇ ਦਿਨ ਐਲਾਨ ਦਿੱਤਾ ਹੈ।

ਅਮਰੀਕਾ ਅਤੇ ਕੈਨੇਡਾ ਵਿੱਚ ਪੰਜਾਬੀਅਤ ਦਾ ਡੰਕਾ ਵਜਾਉਣ ਤੋਂ ਬਾਅਦ ਹੁਣ ਦਿਲਜੀਤ ਦਾ ਅਗਲਾ ਨਿਸ਼ਾਨਾ ਲੰਡਨ ਨੂੰ ਫਤਿਹ ਕਰਨਾ ਹੈ। ਆਉਣ ਵਾਲੀ 12 ਸਤੰਬਰ ਨੂੰ ਉਹ ਲੰਡਨ ਦੇ ਇਤਿਹਾਸਕ ਵੈਂਬਲੇ ਸਟੇਡੀਅਮ ਵਿੱਚ ਇੱਕ ਹੋਰ ਵੱਡਾ ਕੰਸਰਟ ਕਰਨ ਜਾ ਰਹੇ ਹਨ, ਜਿਸ ਦੀਆਂ ਸਾਰੀਆਂ ਟਿਕਟਾਂ ਪਹਿਲਾਂ ਹੀ ਵਿਕ ਚੁੱਕੀਆਂ ਹਨ। ਜ਼ਿਕਰਯੋਗ ਹੈ ਕਿ ਉਹ ਇਸ ਤੋਂ ਪਹਿਲਾਂ ਲੰਡਨ ਦੇ 'ਓ2 ਅਰੇਨਾ' ਵਿੱਚ ਵੀ ਸਭ ਤੋਂ ਵੱਧ ਟਿਕਟਾਂ ਵੇਚਣ ਵਾਲੇ ਪਹਿਲੇ ਦੱਖਣੀ ਏਸ਼ੀਆਈ ਕਲਾਕਾਰ ਬਣਨ ਦਾ ਮਾਣ ਹਾਸਲ ਕਰ ਚੁੱਕੇ ਹਨ। ਦਿਲਜੀਤ ਦੋਸਾਂਝ ਦੀ ਇਹ ਸਫ਼ਲਤਾ ਸਿਰਫ਼ ਇੱਕ ਵਿਅਕਤੀ ਦੀ ਤਰੱਕੀ ਨਹੀਂ, ਬਲਕਿ ਪੰਜਾਬੀ ਭਾਸ਼ਾ, ਸੰਸਕ੍ਰਿਤੀ ਅਤੇ ਕਲਾ ਦੀ ਗਲੋਬਲ ਸਵੀਕਾਰਤਾ ਦਾ ਪ੍ਰਤੀਕ ਹੈ, ਜੋ ਆਉਣ ਵਾਲੀਆਂ ਨਸਲਾਂ ਨੂੰ ਆਪਣੀ ਬੋਲੀ 'ਤੇ ਮਾਣ ਕਰਨਾ ਸਿਖਾਉਂਦੀ ਹੈ।

# ਪੰਜਾਬ ਚੋਣਾਂ 2027: 'ਵਾਰਿਸ ਪੰਜਾਬ ਦੇ' ਵੱਲੋਂ ਸਿਆਸੀ ਰੋਡਮੈਪ ਤਿਆਰ

## ✪ ਅੰਮ੍ਰਿਤਪਾਲ ਸਿੰਘ ਹੋਣਗੇ ਮੁੱਖ ਮੰਤਰੀ ਦਾ ਚਿਹਰਾ

ਫ਼ਰੀਦਕੋਟ-ਸਾਲ 2027 ਵਿੱਚ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਸੂਬੇ ਦੀ ਸਿਆਸਤ ਵਿੱਚ ਇੱਕ ਵੱਡਾ ਧਮਾਕਾ ਹੋਇਆ ਹੈ। 'ਵਾਰਿਸ ਪੰਜਾਬ ਦੇ' ਜਥੇਬੰਦੀ ਨੇ ਆਪਣੀਆਂ ਸਿਆਸੀ ਸਰਗਰਮੀਆਂ ਦਾ ਆਗਾਜ਼ ਕਰਦਿਆਂ ਐਲਾਨ ਕੀਤਾ ਹੈ ਕਿ ਜੇਲ੍ਹ ਵਿੱਚ ਬੰਦ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਆਉਣ ਵਾਲੀਆਂ ਚੋਣਾਂ ਵਿੱਚ ਉਨ੍ਹਾਂ ਦੇ ਮੁੱਖ ਮੰਤਰੀ ਦੇ ਉਮੀਦਵਾਰ ਹੋਣਗੇ। ਇਸ ਸਬੰਧੀ ਰਣਨੀਤੀ ਘੜਨ ਲਈ ਬੀਤੇ ਦਿਨੀਂ ਫ਼ਰੀਦਕੋਟ ਵਿਖੇ ਜਥੇਬੰਦੀ ਦੀ ਇੱਕ ਅਹਿਮ ਮੀਟਿੰਗ ਹੋਈ।



ਫ਼ਰੀਦਕੋਟ ਦੇ ਸੰਸਦ ਮੈਂਬਰ ਸਰਬਜੀਤ ਸਿੰਘ ਖ਼ਾਲਸਾ ਦੀ ਅਗਵਾਈ ਵਿੱਚ ਹੋਈ ਇਸ ਉੱਚ-ਪੱਧਰੀ ਮੀਟਿੰਗ ਵਿੱਚ ਜਥੇਬੰਦੀ ਦੇ ਅਹੁਦੇਦਾਰਾਂ ਅਤੇ ਸਮਰਥਕਾਂ ਨੇ 2027 ਦੀਆਂ ਚੋਣਾਂ ਲਈ ਆਪਣਾ ਸਿਆਸੀ ਰੋਡਮੈਪ ਅਤੇ ਠੋਸ ਚੋਣ ਰਣਨੀਤੀ ਤਿਆਰ ਕੀਤੀ।

ਆਗੂਆਂ ਨੇ ਐਲਾਨ ਕੀਤਾ ਕਿ ਜਥੇਬੰਦੀ ਪੂਰੇ ਪੰਜਾਬ ਵਿੱਚ ਚੋਣ ਲੜੇਗੀ, ਪਰ ਇਸ ਦਾ ਮੁੱਖ ਕੇਂਦਰ ਬਿੰਦੂ ਮਾਲਵਾ ਖੇਤਰ ਹੋਵੇਗਾ। 'ਵਾਰਿਸ ਪੰਜਾਬ ਦੇ' ਵੱਲੋਂ ਆਉਣ ਵਾਲੀਆਂ ਚੋਣਾਂ ਵਿੱਚ ਮੁੱਖ ਤੌਰ 'ਤੇ ਹੇਠ ਲਿਖੇ ਮੁੱਦਿਆਂ ਨੂੰ ਉਭਾਰਿਆ ਜਾਵੇਗਾ:

ਨਸ਼ਿਆਂ ਵਿਰੁੱਧ ਲੜਾਈ: ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਦੀ ਦਲਦਲ ਵਿੱਚੋਂ ਕੱਢਣਾ।

ਸੂਬੇ ਦੇ ਅਧਿਕਾਰ: ਪੰਜਾਬ ਦੇ ਹੱਕਾਂ ਅਤੇ ਸੰਘੀ ਢਾਂਚੇ ਦੀ ਰਾਖੀ ਕਰਨਾ।

ਪੰਥਕ ਮਾਮਲੇ: ਸਿੱਖ ਕੌਮ ਅਤੇ ਧਾਰਮਿਕ ਹਿੱਤਾਂ ਨਾਲ ਜੁੜੇ ਅਹਿਮ ਮੁੱਦਿਆਂ ਨੂੰ ਉਠਾਉਣਾ।

ਮੀਟਿੰਗ ਵਿੱਚ ਪਹੁੰਚੀਆਂ ਪ੍ਰਮੁੱਖ ਸ਼ਖ਼ਸੀਅਤਾਂ-ਇਸ ਸਿਆਸੀ ਇਕੱਠ ਵਿੱਚ ਕਈ ਸੀਨੀਅਰ ਸਿਆਸੀ ਅਤੇ ਧਾਰਮਿਕ ਆਗੂਆਂ ਨੇ ਸ਼ਿਰਕਤ ਕੀਤੀ, ਜਿਨ੍ਹਾਂ ਵਿੱਚ ਸ਼ਾਮਲ ਸਨ:

ਮਨਪ੍ਰੀਤ ਸਿੰਘ ਇਯਾਲੀ (ਅਕਾਲੀ ਵਿਧਾਇਕ ਅਤੇ ਪਾਰਟੀ ਦੀ ਤਾਲਮੇਲ ਕਮੇਟੀ ਦੇ ਨਵੇਂ ਨਿਯੁਕਤ ਕਨਵੀਨਰ)

ਤਰਸੇਮ ਸਿੰਘ (ਅੰਮ੍ਰਿਤਪਾਲ ਸਿੰਘ ਦੇ ਪਿਤਾ ਅਤੇ ਜਥੇਬੰਦੀ ਦੇ ਸਰਪ੍ਰਸਤ)

ਪਰਮਜੀਤ ਸਿੰਘ ਜੌਹਲ (ਮੁੱਖ ਸੂਬਾ ਕੋਆਰਡੀਨੇਟਰ)


ਰਾਜੀਵ ਕੁਮਾਰ ਲਵਲੀ ਅਤੇ ਸੰਦੀਪ ਸਿੰਘ ਰੁਪਾਲੋਂ (ਕੋਰ ਕਮੇਟੀ ਮੈਂਬਰ)

# ਖ਼ਾਲਸੇ ਦੀਆਂ ਲਾਡਲੀਆਂ ਫ਼ੌਜਾਂ: ਬਿਖੜੇ ਸਮਿਆਂ ਦੇ ਪਹਿਰੇਦਾਰ ਅਤੇ ਗੁਰੂ ਪੰਥ ਦੀ ਜਿਉਂਦੀ-ਜਾਗਦੀ ਮਿਸਾਲ

ਬਲਵਿੰਦਰਪਾਲ ਸਿੰਘ ਪ੍ਰੋਫੈਸਰ
ਸੰਪਰਕ 9815700916







ਪਿਛਲੇ ਦਿਨੀਂ ਉੱਤਰਾਖੰਡ ਦੇ ਨਾਗਰਾਸੂ ਗੁਰਦੁਆਰਾ ਸਾਹਿਬ ਵਿਖੇ ਵਾਪਰੀ ਘਟਨਾ ਤੋਂ ਬਾਅਦ ਜਿੱਥੇ ਸਥਾਨਕ ਪ੍ਰਸ਼ਾਸਨ ਅਤੇ ਸਿੱਖ ਜਥੇਬੰਦੀਆਂ ਦੀ ਸੂਝ-ਬੂਝ ਸਦਕਾ ਮਾਮਲਾ ਪਿਆਰ ਨਾਲ ਸੁਲਝ ਗਿਆ ਹੈ, ਉੱਥੇ ਹੀ ਕੁਝ ਫਿਰਕੂ ਹਿੰਦੂਤਵੀ ਹਲਕਿਆਂ ਵੱਲੋਂ ਸਿੱਖ ਕੌਮ ਦੇ ਸਭ ਤੋਂ ਨਿਵੇਕਲੇ ਅੰਗ - 'ਨਿਹੰਗ ਸਿੰਘਾਂ' ਦੇ ਸਰੂਪ, ਸ਼ਸਤਰਾਂ ਅਤੇ ਰੀਤਾਂ, ਸੰਵਿਧਾਨਕ ਹੱਕਾਂ 'ਤੇ ਮੁੜ ਸਵਾਲ ਖੜ੍ਹੇ ਕੀਤੇ ਜਾਣ ਲੱਗੇ ਹਨ। ਅਜਿਹੇ ਸਮੇਂ ਇਹ ਬੇਹੱਦ ਜ਼ਰੂਰੀ ਹੋ ਜਾਂਦਾ ਹੈ ਕਿ ਅਸੀਂ ਕਿਸੇ ਇੱਕ ਘਟਨਾ ਦੇ ਚਸ਼ਮੇ ਤੋਂ ਦੇਖਣ ਦੀ ਬਜਾਏ ਨਿਹੰਗ ਸਿੰਘਾਂ ਦੇ ਮਾਣਮੱਤੇ ਇਤਿਹਾਸ, ਉਨ੍ਹਾਂ ਦੀ ਸਖ਼ਤ ਰਹਿਤ-ਮਰਯਾਦਾ ਅਤੇ ਖ਼ਾਲਸਾ ਪੰਥ ਵਿੱਚ ਉਨ੍ਹਾਂ ਦੀ ਕੇਂਦਰੀ ਭੂਮਿਕਾ ਨੂੰ ਨਿਰਪੱਖਤਾ ਨਾਲ ਸਮਝੀਏ।

ਸਿੱਖ ਇਤਿਹਾਸ ਗਵਾਹ ਹੈ ਕਿ ਨਿਹੰਗ ਸਿੰਘ (ਜਿਨ੍ਹਾਂ ਨੂੰ ਅਕਾਲੀ ਵੀ ਕਿਹਾ ਜਾਂਦਾ ਹੈ)। ਇਹ ਕੋਈ ਡੇਰਾ, ਸਾਧ ਜਾਂ ਆਮ ਸੰਪਰਦਾ ਨਹੀਂ, ਸਗੋਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਤਿਆਰ ਕੀਤੀ ਗਈ ਉਹ 'ਲਾਡਲੀ ਫ਼ੌਜ' ਹੈ, ਜਿਸ ਦਾ ਮੁੱਖ ਮਕਸਦ ਧਰਮ ਦੀ ਰੱਖਿਆ, ਗੁਰਧਾਮਾਂ ਦੀ ਪਹਿਰੇਦਾਰੀ ਅਤੇ ਜ਼ੁਲਮ ਖਿਲਾਫ਼ ਹਮੇਸ਼ਾ ਤਿਆਰ-ਬਰ-ਤਿਆਰ ਰਹਿਣਾ ਰਿਹਾ ਹੈ। ਇਸ ਨਿਵੇਕਲੇ ਸਰੂਪ ਦੀ ਸ਼ੁਰੂਆਤ ਪਿੱਛੇ ਬੜਾ ਮਨਮੋਹਕ ਮੂੰਹ ਬੋਲਦਾ ਇਤਿਹਾਸ ਹੈ। ਇਤਿਹਾਸਕ ਗ੍ਰੰਥਾਂ (ਜਿਵੇਂ ਬਾਬਾ ਸੁਮੇਰ ਸਿੰਘ ਰਚਿਤ ਸ੍ਰੀ ਗੁਰ ਪਦ ਪ੍ਰੇਮ ਪ੍ਰਕਾਸ਼) ਮੁਤਾਬਕ, ਇੱਕ ਵਾਰ ਗੁਰੂ ਸਾਹਿਬ ਦੇ ਸਭ ਤੋਂ ਛੋਟੇ ਸਾਹਿਬਜ਼ਾਦੇ ਬਾਬਾ ਫ਼ਤਿਹ ਸਿੰਘ ਜੀ ਨੇ ਨੀਲੇ ਰੰਗ ਦਾ ਪੋਸ਼ਾਕਾ ਪਹਿਨ ਕੇ ਅਤੇ ਸਿਰ 'ਤੇ ਉੱਚਾ ਦੁਮਾਲਾ ਸਜਾ ਕੇ ਗੁਰੂ ਸਾਹਿਬ ਦੇ ਸਨਮੁਖ ਪੇਸ਼ ਹੋਏ।

ਗੁਰੂ ਜੀ ਨੇ ਉਨ੍ਹਾਂ ਦੇ ਇਸ ਬੀਰ-ਰਸੀ ਸਰੂਪ ਨੂੰ ਬੇਹੱਦ ਪਸੰਦ ਕੀਤਾ ਅਤੇ ਬਚਨ ਕੀਤੇ ਕਿ ਇਸ ਰੂਪ ਵਾਲੇ ਯੋਧੇ 'ਨਿਹੰਗ ਸਿੰਘ' ਕਹਾਉਣਗੇ, ਜੋ ਧਰਮ ਦੇ ਰਾਖੇ ਹੋਣਗੇ। ਭਾਈ ਦਇਆ ਸਿੰਘ ਜੀ ਦੇ ਰਹਿਤਨਾਮੇ ਵਿੱਚ ਵੀ ਨਿਹੰਗਾਂ ਨੂੰ ਨੀਲੇ ਬਸਤਰਾਂ ਅਤੇ ਸ਼ਸਤਰਾਂ ਨਾਲ ਲੈਸ 'ਅਕਾਲੀ' (ਅਕਾਲ ਪੁਰਖ ਦੀ ਫ਼ੌਜ) ਕਿਹਾ ਗਿਆ ਹੈ।

ਅੱਜ ਬਹੁਤ ਸਾਰੇ ਲੋਕ ਨਿਹੰਗ ਸਿੰਘਾਂ ਦੇ ਹੱਥਾਂ ਵਿੱਚ ਸ਼ਸਤਰ ਦੇਖ ਕੇ ਭੈਅਭੀਤ ਹੁੰਦੇ ਹਨ ਜਾਂ ਉਨ੍ਹਾਂ ਦੀ ਆਲੋਚਨਾ ਕਰਦੇ ਹਨ, ਪਰ ਉਹ ਇਹ ਭੁੱਲ ਜਾਂਦੇ ਹਨ ਕਿ ਇਹ ਸ਼ਸਤਰ ਧਰਮ ਅਤੇ ਮਜ਼ਲੂਮ ਦੀ ਰੱਖਿਆ ਲਈ ਹਨ, ਨਾ ਕਿ ਕਿਸੇ ਨਿਹੱਥੇ 'ਤੇ ਵਾਰ ਕਰਨ ਲਈ। 18ਵੀਂ ਸਦੀ ਦੇ ਬਿਖੜੇ ਦਿਨਾਂ ਵਿੱਚ ਜਦੋਂ ਮੁਗਲ ਹਕੂਮਤ ਅਤੇ ਅਹਿਮਦ ਸ਼ਾਹ ਅਬਦਾਲੀ ਵਰਗੇ ਧਾੜਵੀ ਸਿੱਖਾਂ ਦੀ ਨਸਲਕੁਸ਼ੀ 'ਤੇ ਉਤਾਰੂ ਸਨ, ਉਦੋਂ ਇਨ੍ਹਾਂ ਅਕਾਲੀ ਨਿਹੰਗ ਸਿੰਘਾਂ ਨੇ ਹੀ ਜੰਗਲਾਂ ਵਿੱਚ ਭੁੱਖੇ-ਭਾਣੇ ਰਹਿ ਕੇ ਵੀ ਸ੍ਰੀ ਦਰਬਾਰ ਸਾਹਿਬ ਸਮੇਤ ਤਮਾਮ ਗੁਰਧਾਮਾਂ ਦੀ ਪਹਿਰੇਦਾਰੀ ਕੀਤੀ ਅਤੇ ਸਿੱਖੀ ਦੀ ਆਨ-ਬਾਨ-ਸ਼ਾਨ ਨੂੰ ਆਂਚ ਨਹੀਂ ਆਉਣ ਦਿੱਤੀ।

ਇਤਿਹਾਸਕਾਰ ਗਿਆਨੀ ਗਿਆਨ ਸਿੰਘ ਅਨੁਸਾਰ, ਨਿਹੰਗ ਸਿੰਘ "ਜੰਗ, ਸ਼ਸਤਰ ਅਤੇ ਘੋੜਿਆਂ" ਦੇ ਪ੍ਰੇਮੀ ਜ਼ਰੂਰ ਹਨ, ਪਰ ਉਹ ਗੁਰੂ ਸਾਹਿਬ ਦੇ ਦੱਸੇ 10 ਗੁਣਾਂ - ਦਇਆ, ਦਾਨ, ਖਿਮਾ, ਸ਼ੁੱਧਤਾ, ਮਨ ਦੀ ਇਕਾਗਰਤਾ ਅਤੇ ਅਕਾਲ ਪੁਰਖ ਦੀ ਭਗਤੀ ਦੇ ਧਾਰਨੀ ਹੁੰਦੇ ਹਨ। ਉਨ੍ਹਾਂ ਦੀ ਰਹਿਤ ਨਿਰਦਈ ਹਿੰਸਾ, ਹੰਕਾਰ, ਆਲਸ ਅਤੇ ਅਪਵਿੱਤਰਤਾ ਵਰਗੇ ਔਗੁਣਾਂ ਤੋਂ ਦੂਰ ਰਹਿਣ ਦੀ ਪ੍ਰੇਰਨਾ ਦਿੰਦੀ ਹੈ। ਬਾਬਾ ਅਕਾਲੀ ਫੂਲਾ ਸਿੰਘ ਜੀ ਵਰਗੇ ਮਹਾਨ ਜਰਨੈਲ ਇਸੇ ਪਰੰਪਰਾ ਦੇ ਪ੍ਰਤੀਕ ਸਨ, ਜੋ ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ ਦੇ ਸਭ ਤੋਂ ਵੱਡੇ ਥੰਮ੍ਹ ਹੋਣ ਦੇ ਨਾਲ-ਨਾਲ ਇੰਨੇ ਖ਼ੁਦਮੁਖਤਿਆਰ ਸਨ ਕਿ ਰਾਜੇ ਦੀ ਧਾਰਮਿਕ ਭੁੱਲ 'ਤੇ ਉਨ੍ਹਾਂ ਨੂੰ ਅਕਾਲ ਤਖ਼ਤ 'ਤੇ ਤਲਬ ਕਰਨ ਦੀ ਜੁਰਅੱਤ ਰੱਖਦੇ ਸਨ।

ਖਾਲਸਾ ਰਾਜ ਦੀ ਰਖਿਆ ਲਈ ਮਹਾਰਾਜਾ ਰਣਜੀਤ ਸਿੰਘ ਨੂੰ ਸਹਿਯੋਗ ਵੀ ਦਿੰਦੇ ਸਨ। ਮਹਾਰਾਜਾ ਰਣਜੀਤ ਸਿੰਘ ਦੀ ਹਰ ਜੰਗ ਦੀ ਜਿੱਤ ਵਿਚ ਨਿਹੰਗ ਸਿੰਘਾਂ ਦੀ ਭੂਮਿਕਾ ਸੀ।1823 ਦੀ ਨੌਸ਼ਹਿਰਾ ਦੀ ਜੰਗ ਵਿੱਚ ਅਕਾਲੀ ਫੂਲਾ ਸਿੰਘ ਜੀ ਦੀ ਸ਼ਹੀਦੀ ਨੇ ਸਿੱਖ ਸਾਮਰਾਜ ਦੀਆਂ ਨੀਹਾਂ ਮਜ਼ਬੂਤ ਕੀਤੀਆਂ ਅਤੇ ਨਿਹੰਗਾਂ ਦੇ ਰੁਤਬੇ ਨੂੰ ਅਮਰ ਕਰ ਦਿੱਤਾ।

ਨਿਹੰਗਾਂ ਦੀ ਇੱਕ ਹੋਰ ਦਿਲਚਸਪ ਤੇ ਨਿਵੇਕਲੀ ਵਿਸ਼ੇਸ਼ਤਾ ਉਨ੍ਹਾਂ ਦੀ 'ਗੜਗੱਜ ਬੋਲੀ' ਜਾਂ ਖ਼ਾਲਸਾਈ ਬੋਲੇ ਹਨ। ਜੰਗਲਾਂ ਅਤੇ ਮੁਸ਼ਕਿਲ ਹਾਲਾਤਾਂ ਵਿੱਚ ਰਹਿਣ ਦੇ ਬਾਵਜੂਦ ਆਪਣੇ ਹੌਸਲੇ ਬੁਲੰਦ ਰੱਖਣ ਲਈ ਉਨ੍ਹਾਂ ਨੇ ਅਜਿਹੇ ਸ਼ਬਦ ਘੜੇ ਜੋ ਅੱਜ ਵੀ ਚੜ੍ਹਦੀ ਕਲਾ ਦਾ ਪ੍ਰਤੀਕ ਹਨ - ਜਿਵੇਂ ਇੱਕ ਸਿੰਘ ਨੂੰ 'ਸਵਾ ਲੱਖ' ਕਹਿਣਾ, ਸੁੱਕੇ ਛੋਲਿਆਂ ਨੂੰ 'ਬਾਦਾਮ' ਆਖਣਾ, ਰੁਪਿਆਂ ਨੂੰ 'ਛਿੱਲੜ' ਅਤੇ ਟੁੱਟੀ ਹੋਈ ਛੱਪਰੀ ਨੂੰ 'ਸ਼ੀਸ਼ ਮਹਿਲ' ਕਹਿਣਾ। ਇਹ ਬੋਲੀ ਦਰਸਾਉਂਦੀ ਹੈ ਕਿ ਨਿਹੰਗ ਸਿੰਘ ਹਰ ਮੁਸੀਬਤ ਨੂੰ ਹੱਸ ਕੇ ਝੱਲਣ ਵਾਲੇ ਸੁਭਾਅ ਦੇ ਮਾਲਕ ਹਨ।

ਇਹ ਸੱਚ ਹੈ ਕਿ ਸਮੇਂ ਦੇ ਬਦਲਣ ਨਾਲ ਅਤੇ ਕੇਂਦਰੀ ਕਮਾਂਡ ਦੀ ਘਾਟ ਕਾਰਨ ਕੁਝ ਥਾਵਾਂ 'ਤੇ ਆਪਸੀ ਮਤਭੇਦ ਜਾਂ ਵਿਵਾਦ ਸਾਹਮਣੇ ਆਉਂਦੇ ਹਨ। ਅੱਜ ਨਿਹੰਗ ਸਿੰਘ ਕਿਸੇ ਇੱਕ ਕੇਂਦਰੀ ਕਮਾਂਡ ਦੇ ਅਧੀਨ ਨਹੀਂ ਹਨ, ਸਗੋਂ ਇਹ ਵੱਖ-ਵੱਖ ਦਲਾਂ (ਜਿਵੇਂ ਬੁੱਢਾ ਦਲ, ਤਰੁਣਾ ਦਲ) ਵਿੱਚ ਵੰਡੇ ਹੋਏ ਹਨ, ਜਿਨ੍ਹਾਂ ਦੇ ਆਪਣੇ ਜਥੇਦਾਰ ਹੁੰਦੇ ਹਨ। ਇਹ ਸਿੰਘ ਅੱਜ ਵੀ ਘੋੜਸਵਾਰੀ, ਗੱਤਕਾ (ਸਿੱਖ ਮਾਰਸ਼ਲ ਆਰਟ) ਅਤੇ ਪੁਰਾਤਨ ਖ਼ਾਲਸਾਈ ਰਹਿਣੀ-ਬਹਿਣੀ ਨੂੰ ਜਿਉਂਦਾ ਰੱਖ ਰਹੇ ਹਨ। ਅਨੰਦਪੁਰ ਸਾਹਿਬ ਵਿਖੇ ਹੋਲਾ-ਮਹੱਲਾ ਦੇ ਦਿਨ ਨਿਹੰਗ ਸਿੰਘਾਂ ਦੇ ਜੌਹਰ ਦੇਖਣਯੋਗ ਹੁੰਦੇ ਹਨ।

ਪੁਰਾਤਨ ਸਮੇਂ ਜੰਗਾਂ ਦੌਰਾਨ ਸਰੀਰਕ ਪੀੜਾ ਘਟਾਉਣ ਲਈ ਵਰਤੀ ਜਾਂਦੀ 'ਸ਼ਹੀਦੀ ਦੇਗ' (ਸੁੱਖਾ) ਦੀ ਵਰਤੋਂ ਨੂੰ ਲੈ ਕੇ ਵੀ ਅਜੋਕੇ ਸਿੱਖ ਵਿਦਵਾਨਾਂ ਵਿੱਚ ਚਰਚਾ ਹੁੰਦੀ ਹੈ। ਪਰ ਇਨ੍ਹਾਂ ਵਖਰੇਵਿਆਂ ਦੇ ਬਾਵਜੂਦ, ਨਿਹੰਗ ਸਿੰਘਾਂ ਵੱਲੋਂ ਦੁਮਾਲਾ, ਫ਼ਰਲਾ ਅਤੇ ਪੁਰਾਤਨ ਸਿੱਖ ਮਾਰਸ਼ਲ ਆਰਟ (ਗੱਤਕਾ) ਤੇ ਘੋੜਸਵਾਰੀ ਦੀ ਵਿਰਾਸਤ ਨੂੰ ਜਿਉਂਦਾ ਰੱਖਣਾ ਬੇਮਿਸਾਲ ਹੈ।

18ਵੀਂ ਸਦੀ ਵਿੱਚ ਜਦੋਂ ਸਿੱਖ ਜੰਗਲਾਂ ਵਿੱਚ ਰਹਿ ਕੇ ਮੁਗਲਾਂ ਅਤੇ ਅਫ਼ਗਾਨ ਧਾੜਵੀਆਂ ਨਾਲ ਗੁਰੀਲਾ ਯੁੱਧ (ਧਾੜਵੀ ਜੰਗਾਂ) ਲੜ ਰਹੇ ਸਨ, ਉਦੋਂ ਉਨ੍ਹਾਂ ਨੇ ਮੁਸ਼ਕਿਲ ਹਾਲਾਤ ਵਿੱਚ ਵੀ ਆਪਣੇ ਹੌਸਲਿਆਂ ਨੂੰ ਚੜ੍ਹਦੀ ਕਲਾ ਵਿੱਚ ਰੱਖਣ ਅਤੇ ਦੁਸ਼ਮਣ ਨੂੰ ਭੁਲੇਖਾ ਪਾਉਣ ਲਈ ਇਸ ਗੁਪਤ (ਕੋਡਡ) ਭਾਸ਼ਾ ਦੀ ਸਿਰਜਣਾ ਕੀਤੀ।

ਇਸ ਬੋਲੀ ਦੀ ਖ਼ਾਸੀਅਤ ਇਹ ਹੈ ਕਿ ਇਸ ਵਿੱਚ ਮਾੜੀ ਜਾਂ ਥੋੜ੍ਹੀ ਚੀਜ਼ ਨੂੰ ਬਹੁਤ ਵੱਡੀ ਅਤੇ ਸ਼ਾਹੀ ਕਰਕੇ ਦੱਸਿਆ ਜਾਂਦਾ ਹੈ।

ਜੇਕਰ ਇੱਕ ਸਿੰਘ ਕੋਲ ਪੈਸੇ ਖ਼ਤਮ ਹੋ ਗਏ ਹੋਣ ਅਤੇ ਉਹ ਟੁੱਟੀ ਝੁੱਗੀ ਵਿੱਚ ਰਹਿ ਰਿਹਾ ਹੋਵੇ, ਤਾਂ ਉਹ ਇਹ ਨਹੀਂ ਕਹੇਗਾ ਕਿ "ਮੈਂ ਗਰੀਬ ਹਾਂ ਤੇ ਮੇਰੇ ਕੋਲ ਪੈਸੇ ਨਹੀਂ ਹਨ।" ਉਹ ਚੜ੍ਹਦੀ ਕਲਾ ਵਿੱਚ ਆਖੇਗਾ: "ਫ਼ੌਜਾਂ ਅੱਜਕੱਲ੍ਹ 'ਸ਼ੀਸ਼ ਮਹਿਲ' ਵਿੱਚ ਬਿਰਾਜਮਾਨ ਹਨ ਅਤੇ ਖ਼ਜ਼ਾਨਾ 'ਮਸਤ' ਹੈ (ਯਾਨੀ ਛਿੱਲੜ ਖ਼ਤਮ ਹਨ)!"

18ਵੀਂ ਸਦੀ ਦੇ ਜੰਗੀ ਮੈਦਾਨਾਂ ਤੋਂ ਲੈ ਕੇ ਆਧੁਨਿਕ ਦੌਰ ਦੇ ਸ਼ਾਂਤਮਈ ਅੰਦੋਲਨਾਂ ਤੱਕ, ਨਿਹੰਗ ਸਿੰਘਾਂ ਦਾ ਯੋਗਦਾਨ ਬੇਮਿਸਾਲ ਰਿਹਾ ਹੈ। ਵੀਹਵੀਂ ਸਦੀ ਦੇ 'ਧਰਮਯੁੱਧ ਮੋਰਚੇ' ਤੋਂ ਲੈ ਕੇ ਦਿੱਲੀ ਦੀਆਂ ਬਰੂਹਾਂ 'ਤੇ ਲੜੇ ਗਏ ਇਤਿਹਾਸਕ 'ਕਿਸਾਨ ਮੋਰਚੇ' ਤੱਕ ਨਿਹੰਗ ਸਿੰਘਾਂ ਨੇ ਪੰਜਾਬ ਦੀ ਅਣਖ ਅਤੇ ਹੱਕਾਂ ਦੀ ਰਾਖੀ ਲਈ ਵਡਮੁੱਲਾ ਯੋਗਦਾਨ ਪਾਇਆ ਹੈ। ਧਰਮਯੁੱਧ ਮੋਰਚਾ ਜਿੱਥੇ ਪੰਥਕ ਅਤੇ ਰਾਜਸੀ ਹੱਕਾਂ ਦੀ ਲੜਾਈ ਸੀ, ਉੱਥੇ ਕਿਸਾਨ ਮੋਰਚਾ ਪੰਜਾਬ ਦੀ ਆਰਥਿਕਤਾ ਅਤੇ ਹੋਂਦ ਦੀ ਲੜਾਈ ਸੀ। ਨਿਹੰਗ ਸਿੰਘਾਂ ਨੇ ਦੋਵਾਂ ਮੋਰਚਿਆਂ ਵਿੱਚ ਸ਼ਾਮਲ ਹੋ ਕੇ ਇਹ ਸਪੱਸ਼ਟ ਕਰ ਦਿੱਤਾ ਕਿ ਉਹ ਸਮਾਜ ਤੋਂ ਵੱਖਰੇ ਨਹੀਂ ਹਨ। ਗੁਰੂ ਗੋਬਿੰਦ ਸਿੰਘ ਜੀ ਦੇ 'ਸੰਤ-ਸਿਪਾਹੀ' ਦੇ ਸਿਧਾਂਤ ਮੁਤਾਬਕ, ਜਿੱਥੇ ਉਹ ਨਾਮ-ਬਾਣੀ ਦੇ ਧਾਰਨੀ ਹਨ, ਉੱਥੇ ਹੀ ਉਹ ਮਜ਼ਲੂਮ, ਕਿਸਾਨ ਅਤੇ ਕਿਰਤੀ ਦੀ ਰੱਖਿਆ ਲਈ ਆਪਣੀ ਜਾਨ ਤਲੀ 'ਤੇ ਰੱਖਣ ਤੋਂ ਕਦੇ ਪਿੱਛੇ ਨਹੀਂ ਹਟਦੇ।

ਅਖੀਰ ਵਿੱਚ, ਸਾਨੂੰ ਇਹ ਸਮਝਣਾ ਹੋਵੇਗਾ ਕਿ ਭਰਾਵਾਂ ਵਿੱਚ ਮਤਭੇਦ ਹੋ ਸਕਦੇ ਹਨ, ਪਰ ਨਿਹੰਗ ਸਿੰਘਾਂ ਦੀ ਜੜ੍ਹ ਗੁਰੂ ਸਾਹਿਬ ਦੇ ਪਿਆਰ ਅਤੇ ਸਿਧਾਂਤ ਵਿੱਚ ਹੈ। ਅਜੋਕੇ ਆਧੁਨਿਕ ਸਮਾਜ ਵਿੱਚ ਜਿੱਥੇ ਕਦਰਾਂ-ਕੀਮਤਾਂ ਬਦਲ ਰਹੀਆਂ ਹਨ, ਉੱਥੇ ਨਿਹੰਗ ਸਿੰਘ ਸਿੱਖੀ ਦੀ ਮੂਲ ਮਾਰਸ਼ਲ ਸਪਿਰਿਟ (ਜੰਗੀ ਜਜ਼ਬੇ) ਅਤੇ ਤਿਆਗ ਦੀ ਜਿਉਂਦੀ-ਜਾਗਦੀ ਮਿਸਾਲ ਹਨ। ਸਮਾਜ ਅਤੇ ਪ੍ਰਸ਼ਾਸਨ ਨੂੰ ਉਨ੍ਹਾਂ ਦੇ ਸਰੂਪ ਅਤੇ ਇਤਿਹਾਸ ਪ੍ਰਤੀ ਸੰਵੇਦਨਸ਼ੀਲ ਹੋਣ ਦੀ ਲੋੜ ਹੈ, ਕਿਉਂਕਿ ਉਹ ਕੇਵਲ ਬੀਤੇ ਕੱਲ੍ਹ ਦਾ ਇਤਿਹਾਸ ਨਹੀਂ, ਸਗੋਂ ਖ਼ਾਲਸਾ ਪੰਥ ਦਾ ਅਣਖੀਲਾ ਇਤਿਹਾਸ ਅੱਜ ਵੀ ਹਨ।

# ਗਲੋਬਲ ਵਾਰਮਿੰਗ ਕਾਰਨ ਪੂਰਾ ਯੂਰਪ ਬਣਿਆ 'ਭੱਠੀ'

## ✪ ਬ੍ਰਿਟੇਨ ਵਿਚ ਪਿਘਲਣ ਲੱਗੀਆਂ ਸੜਕਾਂ, ਇਕੱਲੇ ਫਰਾਂਸ ਵਿਚ 1000 ਤੋਂ ਵੱਧ ਮੌਤਾਂ ✪ ਯਾਤਰਾ ਸਬੰਧੀ ਚਿਤਾਵਨੀ ਜਾਰੀ, ਆਵਾਜਾਈ ਉਪਰ ਅਸਰ

ਲੰਡਨ-ਗਲੋਬਲ ਵਾਰਮਿੰਗ ਅਤੇ ਜਲਵਾਯੂ ਪਰਿਵਰਤਨ ਦੇ ਭਿਆਨਕ ਪ੍ਰਭਾਵ ਹੁਣ ਪੱਛਮੀ ਯੂਰਪ ਵਿੱਚ ਸਾਫ਼ ਦੇਖਣ ਨੂੰ ਮਿਲ ਰਹੇ ਹਨ। ਬ੍ਰਿਟੇਨ ਅਤੇ ਯੂਰਪ ਦੇ 16 ਦੇਸ਼ ਇਸ ਸਮੇਂ ਰਿਕਾਰਡ-ਤੋੜ ਅੱਤ ਦੀ ਗਰਮੀ ਦੀ ਲਪੇਟ ਵਿੱਚ ਹਨ, ਜਿਸ ਨਾਲ ਪਿਛਲੇ ਕਈ ਦਹਾਕਿਆਂ ਪੁਰਾਣੇ ਰਿਕਾਰਡ ਟੁੱਟ ਗਏ ਹਨ। ਇਸ ਕੁਦਰਤੀ ਆਫ਼ਤ ਕਾਰਨ ਜਿੱਥੇ ਆਮ ਜੀਵਨ ਪੂਰੀ ਤਰ੍ਹਾਂ ਅਸਥਿਰ ਹੋ ਗਿਆ ਹੈ, ਉੱਥੇ ਹੀ ਇਕੱਲੇ ਫਰਾਂਸ ਵਿੱਚ ਮਹਿਜ਼ ਚਾਰ ਦਿਨਾਂ ਅੰਦਰ 1,000 ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ।

ਬ੍ਰਿਟੇਨ ਵਿੱਚ ਤਾਪਮਾਨ 37 ਡਿਗਰੀ ਸੈਲਸੀਅਸ ਦੇ ਨੇੜੇ ਪਹੁੰਚ ਗਿਆ ਹੈ, ਜੋ ਉੱਥੋਂ ਦੇ ਬੁਨਿਆਦੀ ਢਾਂਚੇ ਲਈ ਬਹੁਤ ਜ਼ਿਆਦਾ ਹੈ। ਗਰਮੀ ਇੰਨੀ ਭਿਆਨਕ ਹੈ ਕਿ ਦੇਸ਼ ਦੇ ਕਈ ਹਿੱਸਿਆਂ ਵਿੱਚ ਲੁੱਕ ਦੀਆਂ ਬਣੀਆਂ ਸੜਕਾਂ ਨਰਮ ਹੋ ਕੇ ਪਿਘਲਣੀਆਂ ਸ਼ੁਰੂ ਹੋ ਗਈਆਂ ਹਨ। ਇਸ ਨਾਜ਼ੁਕ ਸਥਿਤੀ ਨੂੰ ਦੇਖਦੇ ਹੋਏ ਅਧਿਕਾਰੀਆਂ ਨੇ ਕਈ ਖੇਤਰਾਂ ਲਈ ਯਾਤਰਾ ਸਬੰਧੀ ਸਖ਼ਤ ਐਡਵਾਈਜ਼ਰੀ ਜਾਰੀ ਕੀਤੀ ਹੈ। ਸੜਕ ਸੁਰੱਖਿਆ ਦੇ ਮੱਦੇਨਜ਼ਰ ਵਾਹਨਾਂ ਦੀ ਗਤੀ (ਸਪੀਡ ਲਿਮਿਟ) 'ਤੇ ਪਾਬੰਦੀਆਂ ਲਗਾਈਆਂ ਗਈਆਂ ਹਨ। ਬਹੁਤ ਜ਼ਿਆਦਾ ਤਾਪਮਾਨ ਕਾਰਨ ਰੇਲਵੇ ਟ੍ਰੈਕਾਂ ਅਤੇ ਹੋਰ ਆਵਾਜਾਈ ਸੇਵਾਵਾਂ 'ਤੇ ਵੀ ਬੁਰਾ ਅਸਰ ਪਿਆ ਹੈ, ਜਿਸ ਕਾਰਨ ਕਈ ਰੂਟਾਂ 'ਤੇ ਸੇਵਾਵਾਂ ਪੂਰੀ ਤਰ੍ਹਾਂ ਵਿਘਨ ਪਈਆਂ ਹਨ।



ਫਰਾਂਸੀਸੀ ਸਿਹਤ ਅਧਿਕਾਰੀਆਂ (ਪਬਲਿਕ ਹੈਲਥ ਫਰਾਂਸ) ਨੇ ਚਿੰਤਾਜਨਕ ਅੰਕੜੇ ਜਾਰੀ ਕਰਦਿਆਂ ਦੱਸਿਆ ਹੈ ਕਿ 24 ਜੂਨ ਤੋਂ 27 ਜੂਨ ਦੇ ਵਿਚਕਾਰ ਦੇਸ਼ ਵਿੱਚ ਉਮੀਦ ਨਾਲੋਂ 1,000 ਤੋਂ ਵੱਧ ਵਾਧੂ ਮੌਤਾਂ ਦਰਜ ਕੀਤੀਆਂ ਗਈਆਂ ਹਨ।

ਮਰਨ ਵਾਲਿਆਂ ਵਿੱਚ 85 ਫੀਸਦੀ ਲੋਕ 65 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਸਨ। ਸਿਹਤ ਵਿਭਾਗ ਮੁਤਾਬਕ, ਜ਼ਿਆਦਾਤਰ ਮੌਤਾਂ ਹਸਪਤਾਲਾਂ ਦੀ ਬਜਾਏ ਨਿੱਜੀ ਘਰਾਂ ਵਿੱਚ ਹੋਈਆਂ ਹਨ। ਰਾਜਧਾਨੀ ਪੈਰਿਸ ਅਤੇ ਇਸ ਦੇ ਆਲੇ-ਦੁਆਲੇ ਦੇ ਇਲਾਕੇ ਸਭ ਤੋਂ ਵੱਧ ਪ੍ਰਭਾਵਿਤ ਹੋਏ ਹਨ।

### 16 ਦੇਸ਼ਾਂ ਵਿੱਚ ਟੁੱਟੇ ਰਿਕਾਰਡ, ਜਰਮਨੀ 'ਚ ਪਾਰਾ 41 ਡਿਗਰੀ ਤੋਂ ਪਾਰ

ਇਸ ਹੀਟਵੇਵ ਨੇ ਪੂਰੇ ਯੂਰਪ ਨੂੰ ਇੱਕ ਭੱਠੀ ਵਿੱਚ ਤਬਦੀਲ ਕਰ ਦਿੱਤਾ ਹੈ। ਜਰਮਨੀ ਵਿੱਚ ਬੀਤੇ ਦਿਨੀਂ ਹੁਣ ਤੱਕ ਦਾ ਸਭ ਤੋਂ ਵੱਧ 41.3 ਡਿਗਰੀ ਸੈਲਸੀਅਸ ਤਾਪਮਾਨ ਦਰਜ ਕੀਤਾ ਗਿਆ। ਇਸੇ ਤਰ੍ਹਾਂ ਫਰਾਂਸ ਦੇ ਕਈ ਖੇਤਰਾਂ ਵਿੱਚ ਤਾਪਮਾਨ ਲਗਾਤਾਰ 40 ਡਿਗਰੀ ਸੈਲਸੀਅਸ ਤੋਂ ਉੱਪਰ ਬਣਿਆ ਹੋਇਆ ਹੈ। ਸਪੇਨ, ਬ੍ਰਿਟੇਨ, ਡੈਨਮਾਰਕ, ਇਟਲੀ ਅਤੇ ਸਵਿਟਜ਼ਰਲੈਂਡ ਸਮੇਤ 16 ਦੇਸ਼ਾਂ ਵਿੱਚ ਗਰਮੀ ਦੇ ਪੁਰਾਣੇ ਰਿਕਾਰਡ ਟੁੱਟ ਚੁੱਕੇ ਹਨ। ਅੱਤ ਦੀ ਗਰਮੀ ਕਾਰਨ ਲੋਕਾਂ ਨੂੰ ਸਾਹ ਲੈਣ ਵਿੱਚ ਤਕਲੀਫ਼ ਅਤੇ ਦਿਲ ਦੇ ਦੌਰੇ ਵਰਗੀਆਂ ਗੰਭੀਰ ਸਿਹਤ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਦੇ ਨਾਲ ਹੀ, ਗਰਮੀ ਤੋਂ ਬਚਣ ਲਈ ਨਦੀਆਂ-ਨਾਲਿਆਂ ਵਿੱਚ ਨਹਾਉਂਦੇ ਸਮੇਂ ਕਈ ਲੋਕਾਂ ਦੇ ਡੁੱਬਣ ਦੀਆਂ ਦੁਖਦਾਈ ਖ਼ਬਰਾਂ ਵੀ ਸਾਹਮਣੇ ਆਈਆਂ ਹਨ।

### ਸਰਕਾਰਾਂ ਅਤੇ ਪ੍ਰਸ਼ਾਸਨ ਵੱਲੋਂ ਕੀਤੇ ਜਾ ਰਹੇ ਇੰਤਜ਼ਾਮ

ਸਥਿਤੀ ਨੂੰ ਕਾਬੂ ਹੇਠ ਕਰਨ ਅਤੇ ਨਾਗਰਿਕਾਂ ਦੀ ਸੁਰੱਖਿਆ ਲਈ ਯੂਰਪੀ ਦੇਸ਼ਾਂ ਦੀਆਂ ਸਰਕਾਰਾਂ ਹੇਠ ਲਿਖੇ ਸਖ਼ਤ ਕਦਮ ਚੁੱਕ ਰਹੀਆਂ ਹਨ:

ਐਮਰਜੈਂਸੀ ਸੇਵਾਵਾਂ ਅਤੇ ਹਸਪਤਾਲਾਂ 'ਤੇ ਵਧਦੇ ਬੋਝ ਨੂੰ ਦੇਖਦਿਆਂ ਪੈਰਿਸ ਪ੍ਰਸ਼ਾਸਨ ਨੇ ਵੀਕੈਂਡ 'ਤੇ ਹੋਣ ਵਾਲੇ ਮਸ਼ਹੂਰ 'ਪ੍ਰਾਈਡ ਮਾਰਚ' ਨੂੰ ਅਗਲੇ ਹੁਕਮਾਂ ਤੱਕ ਮੁਲਤਵੀ ਕਰ ਦਿੱਤਾ ਹੈ। ਪਿਘਲ ਰਹੀਆਂ ਸੜਕਾਂ ਕਾਰਨ ਵਾਹਨਾਂ ਦੇ ਹਾਦਸਾਗ੍ਰਸਿਤ ਹੋਣ ਦੇ ਖ਼ਤਰੇ ਨੂੰ ਰੋਕਣ ਲਈ ਹਾਈਵੇਅਜ਼ 'ਤੇ ਸਪੀਡ ਲਿਮਿਟ ਘਟਾ ਦਿੱਤੀ ਗਈ ਹੈ। ਹਾਲਾਂਕਿ ਐਤਵਾਰ ਨੂੰ ਤਾਪਮਾਨ ਵਿੱਚ ਮਾਮੂਲੀ ਗਿਰਾਵਟ ਦੇਖੀ ਗਈ ਹੈ, ਪਰ ਸਿਹਤ ਏਜੰਸੀਆਂ ਨੇ ਲੋਕਾਂ, ਖਾਸ ਕਰਕੇ ਬਜ਼ੁਰਗਾਂ ਅਤੇ ਬੱਚਿਆਂ ਨੂੰ ਬਿਨਾਂ ਵਜ੍ਹਾ ਘਰੋਂ ਬਾਹਰ ਨਾ ਨਿਕਲਣ ਅਤੇ ਵੱਧ ਤੋਂ ਵੱਧ ਪਾਣੀ ਪੀਣ ਦੀ ਸਲਾਹ ਦਿੱਤੀ ਹੈ। ਜਲਵਾਯੂ ਮਾਹਰਾਂ ਦਾ ਕਹਿਣਾ ਹੈ ਕਿ ਜੇਕਰ ਗਲੋਬਲ ਤਾਪਮਾਨ ਨੂੰ ਰੋਕਣ ਲਈ ਠੋਸ ਕਦਮ ਨਾ ਚੁੱਕੇ ਗਏ ਤਾਂ ਆਉਣ ਵਾਲੇ ਸਾਲਾਂ ਵਿੱਚ ਯੂਰਪ ਨੂੰ ਅਜਿਹੀਆਂ ਹੋਰ ਭਿਆਨਕ ਆਫ਼ਤਾਂ ਦਾ ਸਾਹਮਣਾ ਕਰਨਾ ਪਵੇਗਾ।

## ਕੱਚੇ ਤੇਲ ਦੀਆਂ ਕੀਮਤਾਂ ਘਟਣ ਦੇ ਬਾਵਜੂਦ ਪੈਟਰੋਲ-ਡੀਜ਼ਲ ਮਹਿੰਗਾ ਕਿਉਂ? ਟਰੰਪ ਨੇ ਤੇਲ ਕੰਪਨੀਆਂ ਨੂੰ ਦਿੱਤੀ ਸਖ਼ਤ ਚੇਤਾਵਨੀ

ਵਾਸ਼ਿੰਗਟਨ –ਅਮਰੀਕੀ ਰਾਸ਼ਟਰਪਤੀ Donald Trump ਨੇ ਤੇਲ ਕੰਪਨੀਆਂ ਨੂੰ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਤੁਰੰਤ ਕਟੌਤੀ ਕਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਕੱਚੇ ਤੇਲ ਦੀਆਂ ਅੰਤਰਰਾਸ਼ਟਰੀ ਕੀਮਤਾਂ ਵਿੱਚ ਗਿਰਾਵਟ ਆਉਣ ਦੇ ਬਾਵਜੂਦ ਇਸ ਦਾ ਲਾਭ ਆਮ ਖਪਤਕਾਰਾਂ ਤੱਕ ਨਹੀਂ ਪਹੁੰਚ ਰਿਹਾ। ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ Truth Soical 'ਤੇ ਕੀਤੀ ਪੋਸਟ ਵਿੱਚ ਲਿਖਿਆ ਕਿ ਕੱਚੇ ਤੇਲ ਦੀ ਕੀਮਤ ਲਗਭਗ 68 ਡਾਲਰ ਪ੍ਰਤੀ ਬੈਰਲ ਤੱਕ ਆ ਗਈ ਹੈ, ਪਰ ਦੇਸ਼ ਭਰ ਵਿੱਚ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਅਜੇ ਵੀ ਉੱਚੇ ਪੱਧਰ 'ਤੇ ਬਣੀਆਂ ਹੋਈਆਂ ਹਨ। ਉਨ੍ਹਾਂ ਤੇਲ ਕੰਪਨੀਆਂ ਨੂੰ ਅਪੀਲ ਕੀਤੀ ਕਿ ਪੈਟਰੋਲ ਦੀ ਕੀਮਤ ਕਰੀਬ 2.50 ਡਾਲਰ ਪ੍ਰਤੀ ਗੈਲਨ ਦੇ ਨੇੜੇ ਲਿਆਂਦੀ ਜਾਵੇ ਤਾਂ ਜੋ ਲੋਕਾਂ ਨੂੰ ਰਾਹਤ ਮਿਲ ਸਕੇ। ਰਾਸ਼ਟਰਪਤੀ ਨੇ ਦੋਸ਼ ਲਗਾਇਆ ਕਿ ਕੱਚੇ ਤੇਲ ਦੀਆਂ ਕੀਮਤਾਂ ਘਟਣ ਦੇ ਬਾਵਜੂਦ ਗਾਹਕਾਂ ਤੋਂ ਵੱਧ ਰਕਮ ਵਸੂਲੀ ਜਾ ਰਹੀ ਹੈ।

ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਕੰਪਨੀਆਂ ਨੇ ਕੀਮਤਾਂ ਵਿੱਚ ਜਲਦੀ ਕਟੌਤੀ ਨਾ ਕੀਤੀ ਤਾਂ ਉਨ੍ਹਾਂ ਨੂੰ ਕਾਨੂੰਨੀ ਅਤੇ ਪ੍ਰਸ਼ਾਸਨਿਕ ਕਾਰਵਾਈ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

# ਭਾਰਤੀ ਹਾਈ ਕਮਿਸ਼ਨ ਲੰਡਨ ਵਿਖੇ ਭਾਰਤੀ ਪੁਰਸ਼ ਹਾਕੀ ਟੀਮ ਦਾ ਸ਼ਾਨਦਾਰ ਸਵਾਗਤ

## ✪ ਖੇਡਾਂ ਭਾਰਤ-ਯੂਕੇ ਸਬੰਧਾਂ ਨੂੰ ਬਣਾਉਂਦੀਆਂ ਹਨ ਮਜ਼ਬੂਤ: ਹਾਈ ਕਮਿਸ਼ਨਰ



*ਭਾਰਤੀ ਹਾਕੀ ਟੀਮ ਦੇ ਖਿਡਾਰੀ ਅਤੇ ਹਾਈ ਕਮਿਸ਼ਨਰ ਭਾਰਤੀ ਭਵਨ ਲੰਡਨ ਵਿਖੇ*

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ)-ਬਰਤਾਨੀਆ ਦੇ ਦੌਰੇ 'ਤੇ ਆਈ ਭਾਰਤੀ ਪੁਰਸ਼ ਹਾਕੀ ਟੀਮ ਦੇ ਸਵਾਗਤ ਲਈ ਇੰਡੀਆ ਹਾਊਸ ਲੰਡਨ ਵਿਖੇ ਇੱਕ ਸ਼ਾਨਦਾਰ ਸਮਾਰੋਹ ਦਾ ਆਯੋਜਨ ਕੀਤਾ ਗਿਆ। ਇਸ ਖ਼ਾਸ ਮੌਕੇ 'ਤੇ ਟੀਮ ਦੇ ਖਿਡਾਰੀ, ਕੋਚ, ਹਾਕੀ ਇੰਡੀਆ ਦੇ ਅਧਿਕਾਰੀ, ਇੰਗਲੈਂਡ ਹਾਕੀ ਦੇ ਨੁਮਾਇੰਦੇ ਅਤੇ ਭਾਰਤੀ ਭਾਈਚਾਰੇ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਨੇ ਸ਼ਿਰਕਤ ਕੀਤੀ। ਸਮਾਰੋਹ ਦੌਰਾਨ ਉਸ ਟੀਮ ਦਾ ਜਸ਼ਨ ਮਨਾਇਆ ਗਿਆ ਜੋ ਆਪਣੀ ਉੱਤਮਤਾ, ਦ੍ਰਿੜ੍ਹਤਾ ਅਤੇ ਨਿਰੰਤਰ ਸਫ਼ਲਤਾ ਰਾਹੀਂ ਲਗਾਤਾਰ ਸਭ ਨੂੰ ਪ੍ਰੇਰਿਤ ਕਰਦੀ ਆ ਰਹੀ ਹੈ। ਸਮਾਰੋਹ ਨੂੰ ਸੰਬੋਧਨ ਕਰਦਿਆਂ ਹਾਈ ਕਮਿਸ਼ਨਰ ਪੀ. ਕੁਮਾਰਨ ਨੇ ਭਾਰਤ ਦੀ ਖੇਡ ਵਿਰਾਸਤ ਵਿੱਚ ਹਾਕੀ ਦੇ ਵਿਸ਼ੇਸ਼ ਸਥਾਨ ਦਾ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਖੇਡਾਂ ਭਾਰਤ ਅਤੇ ਯੂ ਕੇ ਵਿਚਾਲੇ ਇੱਕ ਮਜ਼ਬੂਤ ਪੁਲ ਵਜੋਂ ਕੰਮ ਕਰਦੀਆਂ ਹਨ, ਜੋ ਆਪਸੀ ਤਾਲਮੇਲ, ਸਤਿਕਾਰ ਅਤੇ ਨਿਰਪੱਖ ਖੇਡ ਦੀਆਂ ਸਾਂਝੀਆਂ ਕਦਰਾਂ-ਕੀਮਤਾਂ ਰਾਹੀਂ ਲੋਕਾਂ ਦੇ ਆਪਸੀ ਸਬੰਧਾਂ ਨੂੰ ਹੋਰ ਗੂੜ੍ਹਾ ਕਰਦੀਆਂ ਹਨ। ਇਸ ਦੁਪਹਿਰ ਦੇ ਸਮਾਰੋਹ ਦਾ ਮੁੱਖ ਆਕਰਸ਼ਣ ਟੀਮ ਦੇ ਕਪਤਾਨ ਹਰਮਨਪ੍ਰੀਤ ਸਿੰਘ, ਹਾਰਦਿਕ ਸਿੰਘ, ਰਾਜੇਂਦਰ ਸਿੰਘ ਅਤੇ ਮਨਪ੍ਰੀਤ ਸਿੰਘ ਨਾਲ ਹੋਈ ਇੱਕ ਦਿਲਚਸਪ ਗੱਲਬਾਤ ਰਹੀ। ਇਨ੍ਹਾਂ ਸਟਾਰ ਖਿਡਾਰੀਆਂ ਨੇ ਖੇਡ ਦੇ ਮੈਦਾਨ ਤੋਂ ਬਾਹਰ ਦੀਆਂ ਕੁਝ ਅਣਸੁਣੀਆਂ ਕਹਾਣੀਆਂ ਅਤੇ ਆਪਣੀਆਂ ਨਿੱਜੀ ਯਾਦਾਂ ਸਾਂਝੀਆਂ ਕੀਤੀਆਂ। ਉਨ੍ਹਾਂ ਦੀ ਇਸ ਗੱਲਬਾਤ ਨੇ ਭਾਰਤੀ ਹਾਕੀ ਨੂੰ ਅੱਗੇ ਲੈ ਕੇ ਜਾਣ ਵਾਲੇ ਜਜ਼ਬੇ, ਸਮਰਪਣ ਅਤੇ ਖੇਡ ਭਾਵਨਾ ਦੀ ਇੱਕ ਬੇਹੱਦ ਯਾਦਗਾਰ ਝਲਕ ਪੇਸ਼ ਕੀਤੀ।

# ਬਰੈਂਪਟਨ ਵਿਚ ਅਕਾਲੀ ਕਾਨਫਰੰਸ ਵਾਲੇ ਹਾਲ ’ਤੇ ਤਾਬੜਤੋੜ ਗੋਲੀਆਂ

## ✪ ਪੁਲਿਸ ਨੇ ਇਮਾਰਤ ਕੀਤੀ ਸੀਲ

ਬਰੈਂਪਟਨ (ਕੈਨੇਡਾ)-ਕੈਨੇਡਾ ਦੌਰੇ ’ਤੇ ਆਏ ਸ਼੍ਰੋਮਣੀ ਅਕਾਲੀ ਦਲ ਦੇ ਵਫ਼ਦ ਦੀ ਆਖ਼ਰੀ ਕਾਨਫਰੰਸ ਤੋਂ ਪਹਿਲਾਂ ਇੱਥੋਂ ਦੇ ਨੂਰ ਕਨਵੈਨਸ਼ਨ ਸੈਂਟਰ (ਸਟੀਲ ਰੋਡ) ਵਿਖੇ ਰਾਤ ਦੇ ਨ੍ਹੇਰੇ ਵਿੱਚ ਅਣਪਛਾਤੇ ਹਮਲਾਵਰਾਂ ਵੱਲੋਂ ਅੰਨ੍ਹੇਵਾਹ ਗੋਲੀਆਂ ਚਲਾਉਣ ਦਾ ਸਨਸਨੀਖੇਜ਼ ਮਾਮਲਾ ਸਾਹਮਣੇ ਆਇਆ ਹੈ। ਇਹ ਘਟਨਾ ਤੜਕੇ ਢਾਈ ਵਜੇ ਦੇ ਕਰੀਬ ਵਾਪਰੀ, ਜਿਸ ਤੋਂ ਬਾਅਦ ਹਮਲਾਵਰ ਮੌਕੇ ਤੋਂ ਫ਼ਰਾਰ ਹੋ ਗਏ। ਘਟਨਾ ਦੀ ਸੂਚਨਾ ਮਿਲਦਿਆਂ ਹੀ ਕੈਨੇਡਾ ਪੁਲਿਸ ਨੇ ਇਮਾਰਤ ਨੂੰ ਸੀਲ ਕਰਕੇ ਪੂਰੇ ਇਲਾਕੇ ਨੂੰ ਘੇਰੇ ਵਿੱਚ ਲੈ ਲਿਆ ਹੈ।



ਕਾਨਫਰੰਸ ਵਾਲੇ ਹਾਲ ਤੇ ਗੋਲੀਆਂ ਦੇ ਨਿਸ਼ਾਨ

ਕੈਨੇਡਾ ਪੁਲਿਸ ਇਸ ਗੱਲ ਦੀ ਛਾਣਬੀਣ ਕਰ ਰਹੀ ਹੈ ਕਿ ਇਹ ਮਾਮਲਾ ਪੈਲੇਸ ਮਾਲਕਾਂ ਤੋਂ ਫਿਰੌਤੀ ਮੰਗਣ ਦਾ ਹੈ ਜਾਂ ਫਿਰ ਕੋਈ ਨਿੱਜੀ ਰੰਜਿਸ਼। ਪੁਲਿਸ ਵੱਲੋਂ ਮੁੱਖ ਹਾਲ ਸੀਲ ਕੀਤੇ ਜਾਣ ਕਾਰਨ ਦਿਨ ਵੇਲੇ ਹੋਣ ਵਾਲੀ ਕਾਨਫਰੰਸ ਰੱਦ ਕਰਨੀ ਪਈ। ਪਰ ਪ੍ਰਬੰਧਕਾਂ ਅਤੇ ਸੰਗਤ ਨੇ ਗੋਲੀਆਂ ਦੇ ਖ਼ੌਫ਼ ਨੂੰ ਪੂਰੀ ਤਰ੍ਹਾਂ ਨਕਾਰ ਦਿੱਤਾ। ਉਨ੍ਹਾਂ ਨੇ ਖੜ੍ਹੇ ਪੈਰ ਰਣਨੀਤੀ ਬਦਲਦਿਆਂ ਕਾਨਫਰੰਸ ਦੀ ਥਾਂ ਬਦਲ ਦਿੱਤੀ ਅਤੇ ਇਹ ਸਮਾਗਮ ਇੱਕ ਟ੍ਰਾਂਸਪੋਰਟ ਕੰਪਨੀ ਦੇ ਗੈਰਾਜ ਵਿੱਚ ਕਰਵਾਇਆ ਗਿਆ।

ਗੈਰਾਜ ਵਿੱਚ ਨਾ ਤਾਂ ਕੁਰਸੀਆਂ ਸਨ ਅਤੇ ਨਾ ਹੀ ਮੇਜ਼, ਜਿਸ ਕਾਰਨ ਅਕਾਲੀ ਆਗੂਆਂ ਨੂੰ ਬੈਂਚਾਂ ’ਤੇ ਖੜ੍ਹੇ ਹੋ ਕੇ ਭਾਸ਼ਣ ਕਰਨੇ ਪਏ। ਉੱਥੇ ਪੁੱਜੀ ਸੰਗਤ ਨੇ ਵੀ ਖੜ੍ਹੇ ਹੋ ਕੇ ਆਗੂਆਂ ਦੇ ਵਿਚਾਰ ਸੁਣੇ।

ਕਾਨਫਰੰਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੀ ਸੀਨੀਅਰ ਆਗੂ, ਚੰਡੀਗੜ੍ਹ ਦੀ ਸਾਬਕਾ ਮੇਅਰ ਅਤੇ ਐੱਸ.ਜੀ.ਪੀ.ਸੀ. ਦੀ ਕਾਰਜਕਾਰੀ ਮੈਂਬਰ ਬੀਬੀ ਹਰਜਿੰਦਰ ਕੌਰ ਨੇ ਆਖਿਆ:

“ਗੋਲੀ ਚੱਲਣ ਦੇ ਪਿੱਛੇ ਚਾਹੇ ਕੋਈ ਵੀ ਮਨਸ਼ਾ ਹੋਵੇ, ਪਰ ਪੰਜਾਬੀ ਭਾਈਚਾਰੇ ਨੇ ਬਦਲਵੀਂ ਥਾਂ ’ਤੇ ਵੱਡੀ ਗਿਣਤੀ ’ਚ ਇਕੱਠੇ ਹੋ ਕੇ ਸਾਬਤ ਕਰ ਦਿੱਤਾ ਹੈ ਕਿ ਗੋਲੀਆਂ ਉਨ੍ਹਾਂ ਨੂੰ ਡਰਾ ਨਹੀਂ ਸਕਦੀਆਂ। ਅੱਜ ਸਾਨੂੰ ਦੇਸ਼-ਕੌਮ ਲਈ ਇੱਕ ਵਾਰ ਫਿਰ ਅਕਾਲੀ ਲਹਿਰ ਚਲਾਉਣ ਦੀ ਲੋੜ ਹੈ, ਜਿਸ ਦਾ ਮੁੱਢ ਗ਼ਦਰੀ ਲਹਿਰ ਵਾਂਗ ਕੈਨੇਡਾ ਦੀ ਧਰਤੀ ਤੋਂ ਹੀ ਬੰਨ੍ਹਿਆ ਜਾਵੇ।”

ਉਨ੍ਹਾਂ ਐੱਨ.ਆਰ.ਆਈ.ਵੀਰਾਂ ਨੂੰ ਅਪੀਲ ਕੀਤੀ ਕਿ ਉਹ ਸਿੱਖ ਸਿਧਾਂਤਾਂ ਦੀ ਰਾਖੀ ਅਤੇ ਪੰਜਾਬ ਵਿੱਚ ਅਗਲੀ ਪੰਥਕ ਸਰਕਾਰ ਬਣਾਉਣ ਲਈ ਅੱਜ ਤੋਂ ਹੀ ਜਹਾਜ਼ਾਂ ਦੀਆਂ ਟਿਕਟਾਂ ਬੁੱਕ ਕਰਵਾਉਣ ਅਤੇ ਚੋਣਾਂ ਤੋਂ ਪਹਿਲਾਂ ਪੰਜਾਬ ਪਹੁੰਚ ਕੇ ਆਪੋ-ਆਪਣੇ ਪਿੰਡਾਂ ਦੀਆਂ ਜ਼ਿੰਮੇਵਾਰੀਆਂ ਸੰਭਾਲਣ।

# ਟੂਣੇ ਕਰਨ ਵਾਲੇ ਬੰਦੇ ਦੀ ਹੋਈ ਛਿੱਤਰ-ਪਰੇਡ !

## ✪ ਸੋਸ਼ਲ ਮੀਡੀਆ ’ਤੇ ਵਾਇਰਲ ਹੋਈ ਵੀਡੀਓ



ਲੁਧਿਆਣਾ-ਥਾਣਾ ਸਲੇਮ ਟਾਬਰੀ ਦੇ ਅਧੀਨ ਆਉਂਦੇ ਮੁਹੱਲਾ ਖਜੂਰ ਚੌਕ ਵਿਚ ਬੀਤੀ ਰਾਤ ਇਕ ਵਿਅਕਤੀ ਵੱਲੋਂ ਜਾਦੂ-ਟੂਣਾ ਕਰਦਿਆਂ ਇਕ ਘਰ ਵਿਚ ਕੁਝ ਸਮੱਗਰੀ ਸੁੱਟੀ ਗਈ। ਜਦੋਂ ਸਵੇਰੇ ਉਕਤ ਵਿਅਕਤੀ ਨੇ ਆਪਣੇ ਘਰ ਦੇ ਅੰਦਰ ਜਾਦੂ-ਟੂਣੇ ਦਾ ਸਾਮਾਨ ਡਿੱਗਿਆ ਵੇਖਿਆ ਤਾਂ ਉਸ ਨੇ ਘਰ ਦੇ ਬਾਹਰ ਲੱਗੇ ਸੀ. ਸੀ. ਟੀ. ਵੀ. ਕੈਮਰੇ ਚੈੱਕ ਕੀਤੇ। ਇਸ ਵਿਚ ਮੁਹੱਲੇ ਦਾ ਇਕ ਵਿਅਕਤੀ ਸੀ. ਸੀ. ਟੀ. ਵੀ. ਕੈਮਰੇ ਵਿਚ ਇਹ ਸਮੱਗਰੀ ਸੁੱਟਦਾ ਨਜ਼ਰ ਆਇਆ। ਉਕਤ ਵਿਅਕਤੀ ਵੱਲੋਂ ਮੁਹੱਲੇ ਵਿਚ ਰਹਿਣ ਵਾਲੇ ਜਾਦੂ ਟੂਣਾ ਕਰਨ ਵਾਲੇ ਵਿਅਕਤੀ ਨੂੰ ਫੜ ਕੇ ਕੁੱਟਮਾਰ ਕੀਤੀ ਗਈ ਤੇ ਉਸ ਦੇ ਮੂੰਹ ਉੱਪਰ ਚੱਪਲਾਂ ਮਾਰੀਆਂ ਗਈਆਂ। ਇਸ ਦੀ ਵੀਡੀਓ ਸੋਸ਼ਲ ਮੀਡੀਆ ’ਤੇ ਕਾਫ਼ੀ ਵਾਇਰਲ ਹੋ ਰਹੀ ਹੈ। ਮੁਹੱਲੇ ਦੇ ਲੋਕਾਂ ਨੇ ਦੱਸਿਆ ਕਿ ਉਕਤ ਵਿਅਕਤੀ ਪਿਛਲੇ ਲੰਮੇ ਸਮੇਂ ਤੋਂ ਮੁਹੱਲੇ ਵਿਚ ਜਾਦੂ-ਟੂਣੇ ਕਰਦਾ ਰਹਿੰਦਾ ਹੈ, ਜਿਸ ਕਾਰਨ ਇਲਾਕੇ ਦੇ ਲੋਕ ਉਸ ਤੋਂ ਕਾਫ਼ੀ ਦੁਖੀ ਹਨ।

# ਅਮਰੀਕਾ ਦੇ ਦਰਵਾਜ਼ੇ ਸ਼ਰਣ ਮੰਗਣ ਵਾਲਿਆਂ ਲਈ ਹੋਏ ਬੰਦ– ਟਰੰਪ ਪ੍ਰਸ਼ਾਸਨ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–ਟਰੰਪ ਪ੍ਰਸ਼ਾਸਨ ਨੇ ਕਿਹਾ ਹੈ ਕਿ ਸ਼ਰਣ ਮੰਗਣ ਵਾਲਿਆਂ ਲਈ ਅਮਰੀਕਾ ਦੇ ਦਰਵਾਜ਼ੇ ਪ੍ਰਭਾਵਸ਼ਾਲੀ ਢੰਗ ਨਾਲ ਬੰਦ ਕਰ ਦਿੱਤੇ ਹਨ ਜਦ ਕਿ ਉਹ ਦੇਸ਼ ਨਿਕਾਲੇ ਦਾ ਵਿਸਤਾਰ ਜਾਰੀ ਰੱਖੇਗਾ। ਵਾਈਟ ਹਾਊਸ ਦੇ ਡਿਪਟੀ ਚੀਫ਼ ਆਫ਼ ਸਟਾਫ਼ ਸਟੀਫਨ ਮਿਲਰ ਨੇ ਪ੍ਰਸ਼ਾਸਨ ਦੇ ਸਖ਼ਤ ਇਮੀਗ੍ਰੇਸ਼ਨ ਏਜੰਡੇ ਦਾ ਖੁਲਾਸਾ ਕਰਦਿਆਂ ਕਿਹਾ ਕਿ ਇਸ ਨਾਲ ਅਮਰੀਕਾ ਵਿੱਚ ਸੁਰੱਖਿਆ ਮੰਗਣ ਵਾਲੇ ਲੋਕ ਪ੍ਰਭਾਵਿਤ ਹੋ ਸਕਦੇ ਹਨ। ਵਾਈਟ ਹਾਊਸ ਵਿਖੇ ਪੱਤਰਕਾਰਾਂ ਨਾਲ ਗੱਲ ਕਰਦੇ ਹੋਏ, ਮਿਲਰ ਨੇ ਕਿਹਾ ਕਿ ਪ੍ਰਸ਼ਾਸਨ ਨੇ ਸ਼ਰਣ ਮੰਗਣ ਵਾਲੇ ਲੋਕਾਂ ਨੂੰ ਅਮਰੀਕਾ ਵਿੱਚ ਰਹਿਣ ਦੀ ਇਜਾਜ਼ਤ ਦੇਣ ਦੀ ਬਜਾਏ ਦੂਜੇ ਦੇਸ਼ਾਂ ਨਾਲ ਆਪਣੇ ਲੋਕਾਂ ਨੂੰ ਵਾਪਿਸ ਲੈਣ ਲਈ ਸਮਝੌਤੇ ਕੀਤੇ ਹਨ। ਮਿਲਰ ਨੇ ਕਿਹਾ ਕਿ ਅਮਰੀਕਾ ਦੇ ਦਰਵਾਜ਼ੇ ਸ਼ਰਣ ਮੰਗਣ ਵਾਲਿਆਂ ਲਈ ਪੂਰੀ ਤਰਾਂ ਬੰਦ ਹਨ ਤੇ ਜੇਕਰ ਕੋਈ ਸ਼ਰਣ ਚਹੁੰਦਾ ਹੈ ਤਾਂ ਉਸ ਲਈ ਅਸੀਂ ਦੁਨੀਆ ਵਿੱਚ ਕਿਤੇ ਹੋਰ ਕੋਈ ਦੇਸ਼ ਲੱਭਾਂਗੇ। ਮਿਲਰ ਨੇ ਪ੍ਰਸ਼ਾਸਨ ਦੀ ਵਿਆਪਕ ਇਮੀਗ੍ਰੇਸ਼ਨ ਨੀਤੀ ਦਾ ਪੱਖ ਪੂਰਦੇ ਹੋਏ ਕਿਹਾ ਕਿ ਗੈਰ–ਕਾਨੂੰਨੀ ਪ੍ਰਵਾਸ ਨੂੰ ਖਤਮ ਕਰਨਾ ਸਭ ਤੋਂ ਵਧ ਮਾਨਵਤਾਵਾਦੀ ਪਹੁੰਚ ਹੈ ਕਿਉਂਕਿ ਇਹ ਪ੍ਰਵਾਸੀ ਤਸਕਰੀ, ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਮਨੁੱਖੀ ਤਸਕਰੀ ਵਿੱਚ ਸ਼ਾਮਲ ਅੰਤਰਰਾਸ਼ਟਰੀ ਅਪਰਾਧਿਕ ਸੰਗਠਨਾਂ ਨੂੰ ਰੋਕਦੀ ਹੈ। "ਸਭ ਤੋਂ ਮਾਨਵਤਾਵਾਦੀ ਚੀਜ਼ ਜੋ ਅਸੀਂ ਕਰ ਸਕਦੇ ਹਾਂ ਉਹ ਹੈ ਜੋ ਅਸੀਂ ਕਰ ਰਹੇ ਹਾਂ ਅਤੇ ਕੀਤਾ ਹੈ, ਜੋ ਕਿ ਗੈਰ–ਕਾਨੂੰਨੀ ਪ੍ਰਵਾਸ ਨੂੰ ਖਤਮ ਕਰਨਾ ਹੈ" ਮਿਲਰ ਨੇ ਕਿਹਾ। ਉਨਾਂ ਕਿਹਾ ਕਿ ਸ਼ਰਣ ਮੰਗਣ ਵਾਲੇ ਅਸਲ ਵਿਚ ਆਰਥਿਕ ਪ੍ਰਵਾਸੀ ਹਨ ਨਾ ਕਿ ਉਹ ਜੁਲਮਾਂ ਤੋਂ ਸਤਾਏ ਹੋਏ ਲੋਕ ਹਨ।


## CHANGE OF NAME

Please one tick box
- ☐ £30 Print in UK only
- ☐ £60 Print UK & India
- ☐ £85 Print UK & India (Express)

NOTE: Please allow 6 weeks for India delivery or 2 weeks for Express Courier

I MR / MRS / MISS ____________

SON / DAUGHTER / WIFE OF MR ____________

WHOSE PERMANENT ADDRESS IN INDIA IS ____________

____________

AND IS NOW LIVING AT ____________

____________ HEREBY GIVE NOTICE OF MY INTENTION

TO CHANGE MY NAME TO ____________

TEL ____________

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

Account Name: Punjab Times Trust Ltd
Account No: 20853011 Sort Code: 20-25-85


## CHANGE OF NAME

I, MR SEETU S/O GARIB DASS WHOSE PERMANENT ADDRESS IN INDIA IS VPO: MIONWAL TEHSIL PHILLAUR, DISTT JALANDHAR, PIN: 144035, PUNJAB AND NOW LIVING AT 148 OXHILL ROAD, BIRMINGHAM, B21 8EP (UK) DECLARE THAT I KNOWN BY TWO NAMES SEETU AND SURJIT RAM BOTH NAME'S ARE MINE AND SAME AND THE ONE PERSON ALL CONCERNED PLEASE NOTE. (U)

I, MRS PUSHPA W/O MR SATISH KUMAR OHRI WHOSE PERMANENT ADDRESS IN INDIA IS 114 RAJIV GANDHI AVENUE, SCHEME NO. 2, HOSHIARPUR, PIN: 146001, PUNJAB AND NOW LIVING AT 6 SHAKESPEARE STREET, SINFIN, DERBY, DE24 9HF, UK HEREBY GIVE NOTICE OF MY INTENTION TO CHANGE MY NAME TO PUSHPA OHRI. (U)

I, KULWINDER KAUR D/O JARNAIL SINGH JAT WHOSE PERMANENT ADDRESS IN INDIA IS KHUN KHUN GOBINDPUR HOSHIARPUR PUNJAB 144208 AND NOW LIVING AT 4 DEVEY DRIVE, TIPTON, WEST MIDLANDS DY4 0LU HEREBY GIVE NOTICE OF MY INTENTION TO CHANGE MY NAME TO KULWINDER KAUR ( GIVEN NAME) ATWAL (SURNAME). (U/I)

# ਲੁਧਿਆਣਾ ਵਿਚ ਨਸ਼ਾ ਤਸਕਰਾਂ ਦੇ ਬੇਖ਼ੌਫ਼ ਹੌਸਲੇ

## ✪ ਬਿਹਾਰੀ ਕਾਲੋਨੀ ਵਿਚ ਸ਼ਰੇਆਮ ਵਿਕ ਰਿਹਾ 'ਚਿੱਟਾ' ✪ ਸਮਗਲਰ ਨੇ ਵੀਡੀਓ ਬਣਾ ਕੇ ਪੁਲਸ ਨੂੰ ਦਿੱਤਾ ਖੁੱਲ੍ਹਾ ਚੈਲੰਜ

ਲੁਧਿਆਣਾ-ਮਹਾਨਗਰ ਵਿੱਚ ਨਸ਼ਾ ਤਸਕਰਾਂ ਦੇ ਹੌਸਲੇ ਇਸ ਕਦਰ ਬੁਲੰਦ ਹੋ ਚੁੱਕੇ ਹਨ ਕਿ ਹੁਣ ਉਨ੍ਹਾਂ ਨੂੰ ਕਾਨੂੰਨ ਜਾਂ ਪੁਲਸ ਦਾ ਕੋਈ ਡਰ ਨਹੀਂ ਰਿਹਾ। ਥਾਣਾ ਡਵੀਜ਼ਨ ਨੰਬਰ 7 ਦੇ ਅਧੀਨ ਆਉਂਦੇ ਤਾਜਪੁਰ ਰੋਡ ਸਥਿਤ ਬਿਹਾਰੀ ਕਾਲੋਨੀ ਦੀ ਇੱਕ ਬੇਹੱਦ ਹੈਰਾਨ ਕਰਨ ਵਾਲੀ ਵੀਡੀਓ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ। ਫੇਸਬੁੱਕ ਲਾਈਵ ਦੀ ਇਸ ਵੀਡੀਓ ਵਿੱਚ ਇੱਕ ਨਸ਼ਾ ਸਮੱਗਲਰ ਸ਼ਰੇਆਮ ਕੈਮਰੇ ਦੇ ਸਾਹਮਣੇ ਬੈਠ ਕੇ ਨਸ਼ੇ (ਚਿੱਟੇ) ਦੀਆਂ ਪੁੜੀਆਂ ਤਿਆਰ ਕਰ ਰਿਹਾ ਹੈ ਅਤੇ ਪੁਲਸ ਪ੍ਰਸ਼ਾਸਨ ਨੂੰ ਖੁੱਲ੍ਹੀ ਚੁਣੌਤੀ ਦੇ ਰਿਹਾ ਹੈ। ਇਹ ਵੀਡੀਓ ਇਲਾਕੇ ਦੇ ਹੀ ਰਹਿਣ ਵਾਲੇ ਅਵਤਾਰ ਸਾਹਨੀ ਨਾਮੀ ਨੌਜਵਾਨ ਨੇ ਹਿੰਮਤ ਦਿਖਾਉਂਦੇ ਹੋਏ ਆਪਣੇ ਆਫ਼ੀਸ਼ੀਅਲ ਫੇਸਬੁੱਕ ਅਕਾਊਂਟ ਤੋਂ ਲਾਈਵ ਕੀਤੀ। ਵੀਡੀਓ ਵਿੱਚ ਕਾਲੇ ਰੰਗ ਦੀ ਟੀ-ਸ਼ਰਟ ਪਾਈ ਬੈਠਾ ਮੁੱਖ ਤਸਕਰ ਬਿਨਾਂ ਕਿਸੇ ਖ਼ੌਫ਼ ਦੇ ਨਸ਼ੇ ਦੇ ਪੈਕਟਾਂ 'ਤੇ ਰਬੜ ਬੈਂਡ ਚੜ੍ਹਾਉਂਦਾ ਨਜ਼ਰ ਆ ਰਿਹਾ ਹੈ। ਹੱਦ ਤਾਂ ਉਦੋਂ ਹੋ ਗਈ ਜਦੋਂ ਵੀਡੀਓ ਬਣਾ ਰਹੇ ਨੌਜਵਾਨ ਨੇ ਉਸ ਨੂੰ ਪੁਲਸ ਅਤੇ ਜੇਲ੍ਹ ਜਾਣ ਦਾ ਡਰ ਦਿਖਾਇਆ, ਤਾਂ ਤਸਕਰ ਨੇ ਡਰਨ ਦੀ ਬਜਾਏ ਸ਼ਾਤਰਾਨਾ ਢੰਗ ਨਾਲ ਮੁਸਕੁਰਾਉਂਦੇ ਹੋਏ ਕੈਮਰੇ ਵੱਲ ਉਂਗਲਾਂ ਨਾਲ 'ਵਿਕਟਰੀ' (ਜਿੱਤ) ਦਾ ਨਿਸ਼ਾਨ ਬਣਾ ਦਿੱਤਾ। ਵੀਡੀਓ ਵਿੱਚ ਸਭ ਤੋਂ ਵੱਧ ਹੈਰਾਨ ਅਤੇ ਪ੍ਰੇਸ਼ਾਨ ਕਰਨ ਵਾਲਾ ਖੁਲਾਸਾ ਉਦੋਂ ਹੋਇਆ, ਜਦੋਂ ਨਸ਼ਾ ਵੇਚਣ ਵਾਲੇ ਨੇ ਦਾਅਵਾ ਕੀਤਾ ਕਿ ਉਸ ਨੇ ਸਥਾਨਕ ਪੁਲਸ ਨੂੰ ਅਡਵਾਂਸ ਵਿੱਚ 'ਮਹੀਨਾ' (ਰਿਸ਼ਵਤ) ਦੇ ਰੱਖਿਆ ਹੈ। ਉਸ ਨੇ ਸ਼ਰੇਆਮ ਆਖਿਆ: "ਜਦੋਂ ਤੱਕ ਮੇਰਾ ਦਿੱਤਾ ਹੋਇਆ ਮਹੀਨਾ ਖ਼ਤਮ ਨਹੀਂ ਹੁੰਦਾ, ਉਦੋਂ ਤੱਕ ਮੈਂ ਆਪਣਾ ਇਹ ਧੰਦਾ ਇਵੇਂ ਹੀ ਚਲਾਵਾਂਗਾ ਅਤੇ ਮੇਰਾ ਕੋਈ ਕੁਝ ਨਹੀਂ ਵਿਗਾੜ ਸਕਦਾ।"



ਨਸ਼ੇ ਦਾ ਗੜ੍ਹ ਬਣੀ ਬਿਹਾਰੀ ਕਾਲੋਨੀ, ਪੁਲਸ ਦੀ ਕਾਰਵਾਈ 'ਤੇ ਉੱਠੇ ਸਵਾਲ- ਸਥਾਨਕ ਲੋਕਾਂ ਅਨੁਸਾਰ ਬਿਹਾਰੀ ਕਾਲੋਨੀ ਪੂਰੀ ਤਰ੍ਹਾਂ ਨਸ਼ੇੜੀਆਂ ਅਤੇ ਤਸਕਰਾਂ ਦਾ ਗੜ੍ਹ ਬਣ ਚੁੱਕੀ ਹੈ। ਇੱਥੇ ਸਵੇਰ ਤੋਂ ਲੈ ਕੇ ਦੇਰ ਰਾਤ ਤੱਕ ਨਸ਼ਾ ਖ਼ਰੀਦਣ ਵਾਲਿਆਂ ਦੀਆਂ ਲਾਈਨਾਂ ਲੱਗੀਆਂ ਰਹਿੰਦੀਆਂ ਹਨ, ਜਿਸ ਕਾਰਨ ਇਲਾਕੇ ਦੇ ਲੋਕ ਅਤੇ ਖ਼ਾਸ ਕਰਕੇ ਪ੍ਰਵਾਸੀ ਮਜ਼ਦੂਰ (ਭਈਏ) ਵੀ ਇਸ ਕਾਲੇ ਧੰਦੇ ਦੀ ਦਲਦਲ ਵਿੱਚ ਫਸਦੇ ਜਾ ਰਹੇ ਹਨ। ਲੋਕਾਂ ਦਾ ਦੋਸ਼ ਹੈ ਕਿ ਇਲਾਕੇ ਵਿੱਚ ਪੁਲਸ ਦੀ ਗਸ਼ਤ ਨਾ ਦੇ ਬਰਾਬਰ ਹੈ। ਇਸ ਵਾਇਰਲ ਵੀਡੀਓ ਨੇ ਲੁਧਿਆਣਾ ਪੁਲਸ ਵੱਲੋਂ ਨਸ਼ਾ ਖ਼ਤਮ ਕਰਨ ਦੇ ਕੀਤੇ ਜਾ ਰਹੇ ਵੱਡੇ-ਵੱਡੇ ਦਾਅਵਿਆਂ ਦੀ ਫੂਕ ਕੱਢ ਦਿੱਤੀ ਹੈ। ਵੀਡੀਓ ਸਾਹਮਣੇ ਆਉਣ ਤੋਂ ਬਾਅਦ ਹੁਣ ਜਨਤਾ ਵਿੱਚ ਭਾਰੀ ਰੋਸ ਹੈ। ਹੁਣ ਦੇਖਣਾ ਇਹ ਹੋਵੇਗਾ ਕਿ ਉੱਚ ਪੁਲਸ ਅਧਿਕਾਰੀ ਇਸ ਖੁੱਲ੍ਹੇ ਚੈਲਿੰਜ ਦਾ ਨੋਟਿਸ ਲੈ ਕੇ ਮੁਲਜ਼ਮ ਅਤੇ ਉਸ ਦੀ ਪਿੱਠ ਥਾਪੜਨ ਵਾਲੇ ਮੁਲਾਜ਼ਮਾਂ ਖ਼ਿਲਾਫ਼ ਕਾਰਵਾਈ ਕਰਦੇ ਹਨ ਜਾਂ ਫਿਰ ਤਸਕਰ ਦਾ ਪੁਲਸ ਨਾਲ ਗੰਢਤੁਪ ਦਾ ਦਾਅਵਾ ਸੱਚ ਸਾਬਤ ਹੁੰਦਾ ਹੈ।

# ਅੰਮ੍ਰਿਤਸਰ ਵਿਚ ਅੰਤਰਰਾਸ਼ਟਰੀ ਹਥਿਆਰ ਤਸਕਰੀ ਨੈੱਟਵਰਕ ਦਾ ਪਰਦਾਫਾਸ਼

## ✪ 10 ਆਧੁਨਿਕ ਪਿਸਤੌਲਾਂ ਸਣੇ ਸਰਹੱਦੀ ਪਿੰਡਾਂ ਦੇ 4 ਤਸਕਰ ਕਾਬੂ



ਚੰਡੀਗੜ੍ਹ-ਬੀਤੇ ਦਿਨੀਂ ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਸਰਹੱਦ ਪਾਰੋਂ ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ ਕਰਨ ਵਾਲੇ ਇੱਕ ਅੰਤਰਰਾਸ਼ਟਰੀ ਨੈੱਟਵਰਕ ਦਾ ਪਰਦਾਫਾਸ਼ ਕਰਦਿਆਂ 4 ਤਸਕਰਾਂ ਰਵੀ ਸਿੰਘ, ਸ਼ਰਨਬੀਰ ਸਿੰਘ, ਮਨਪ੍ਰੀਤ ਸਿੰਘ, ਪਿੱਪਲ ਸਿੰਘ ਨੂੰ 10 ਆਧੁਨਿਕ ਪਿਸਤੌਲਾਂ ਅਤੇ ਜ਼ਿੰਦਾ ਕਾਰਤੂਸਾਂ ਸਮੇਤ ਗ੍ਰਿਫਤਾਰ ਕੀਤਾ ਹੈ। ਮੁਲਜ਼ਮ ਵਿਦੇਸ਼-ਅਧਾਰਿਤ ਤਸਕਰ ਦੇ ਇਸ਼ਾਰੇ 'ਤੇ ਸਰਹੱਦ ਪਾਰੋਂ ਖੇਪ ਮੰਗਵਾ ਕੇ ਅਪਰਾਧਿਕ ਅਨਸਰਾਂ ਨੂੰ ਸਪਲਾਈ ਕਰਦੇ ਸਨ। ਇਹ ਜਾਣਕਾਰੀ ਪੰਜਾਬ ਦੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਗੌਰਵ ਯਾਦਵ ਨੇ ਦਿੱਤੀ। ਡੀਜੀਪੀ ਗੌਰਵ ਯਾਦਵ ਨੇ ਦੱਸਿਆ "ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਇਹ ਮੁਲਜ਼ਮ ਸਰਹੱਦ ਪਾਰ ਦੇ ਰੂਟਾਂ ਰਾਹੀਂ ਹਥਿਆਰਾਂ ਦੀਆਂ ਖੇਪਾਂ ਪ੍ਰਾਪਤ ਕਰਦੇ ਸਨ। ਇਸ ਗੈਰ-ਕਾਨੂੰਨੀ ਹਥਿਆਰ ਸਪਲਾਈ ਚੇਨ ਵਿੱਚ ਸ਼ਾਮਲ ਹੋਰਨਾਂ ਮੁਲਜ਼ਮਾਂ ਦੀ ਪਛਾਣ ਲਈ ਅਗਲੇ-ਪਿਛਲੇ ਸਬੰਧਾਂ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ।" ਪੁਲਿਸ ਵੱਲੋਂ ਇਸ ਸਬੰਧੀ ਦੋ ਵੱਖ-ਵੱਖ ਥਾਣਿਆਂ ਵਿੱਚ ਅਸਲਾ ਐਕਟ ਤਹਿਤ ਮਾਮਲੇ ਦਰਜ ਕੀਤੇ ਗਏ ਹਨ।

# ਲੁਧਿਆਣਾ ਵਿਚ ਜੀਜੇ ਨੇ 15 ਸਾਲਾ ਨਾਬਾਲਗ ਸਾਲੀ ਨਾਲ ਕੀਤਾ ਜਬਰ-ਜ਼ਿਨਾਹ, ਯੂਪੀ ਵਿਚ ਕੇਸ ਦਰਜ

ਲੁਧਿਆਣਾ-ਰਿਸ਼ਤਿਆਂ ਦੀ ਮਰਿਆਦਾ ਨੂੰ ਛਿੱਕੇ ਟੰਗਦਿਆਂ ਹਵਸ ਵਿੱਚ ਅੰਨ੍ਹੇ ਹੋਏ ਇੱਕ ਵਿਅਕਤੀ ਵੱਲੋਂ ਆਪਣੀ ਹੀ 15 ਸਾਲਾ ਨਾਬਾਲਗ ਸਾਲੀ ਨੂੰ ਹਵਸ ਦਾ ਸ਼ਿਕਾਰ ਬਣਾਉਣ ਦਾ ਬੇਹੱਦ ਸ਼ਰਮਨਾਕ ਮਾਮਲਾ ਸਾਹਮਣੇ ਆਇਆ ਹੈ। ਮੁਲਜ਼ਮ ਨੇ ਸ਼ਰਾਬ ਦੇ ਨਸ਼ੇ ਵਿੱਚ ਟੁੰਨ ਹੋ ਕੇ ਇਸ ਵਾਰਦਾਤ ਨੂੰ ਅੰਜਾਮ ਦਿੱਤਾ ਅਤੇ ਪੀੜਤਾ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ। ਡਰੀ-ਸਹਿਮੀ ਨਾਬਾਲਗ ਨੇ ਆਪਣੇ ਜੱਦੀ ਪਿੰਡ ਪਹੁੰਚ ਕੇ ਮਾਪਿਆਂ ਕੋਲ ਇਸ ਹੌਲਨਾਕ ਘਟਨਾ ਦਾ ਰਾਜ਼ ਖੋਲ੍ਹਿਆ, ਜਿਸ ਤੋਂ ਬਾਅਦ ਪੁਲਿਸ ਹਰਕਤ ਵਿੱਚ ਆਈ। ਪੁਲਿਸ ਨੂੰ ਦਿੱਤੀ ਸ਼ਿਕਾਇਤ ਅਨੁਸਾਰ ਪੀੜਿਤ ਬੱਚੀ ਲੁਧਿਆਣਾ ਦੇ ਕੁੰਮ ਕਲਾਂ ਇਲਾਕੇ ਵਿੱਚ ਆਪਣੀ ਭੈਣ ਅਤੇ ਜੀਜੇ ਨਾਲ ਰਹਿੰਦੀ ਸੀ। ਇਹ ਤਿੰਨੋਂ ਇੱਕੋ ਵਿਹੜੇ ਵਿੱਚ ਰਹਿ ਕੇ ਇੱਕ ਫੈਕਟਰੀ ਵਿੱਚ ਕੰਮ ਕਰਦੇ ਸਨ। ਦੋਸ਼ ਹੈ ਕਿ ਮੁਲਜ਼ਮ ਜੀਜਾ ਕਾਫ਼ੀ ਸਮੇਂ ਤੋਂ ਨਾਬਾਲਗ 'ਤੇ ਮਾੜੀ ਨਜ਼ਰ ਰੱਖ ਰਿਹਾ ਸੀ। ਕੁਝ ਹਫ਼ਤੇ ਪਹਿਲਾਂ ਜਦੋਂ ਨਾਬਾਲਗ ਘਰ ਵਿੱਚ ਇਕੱਲੀ ਸੀ, ਤਾਂ ਮੁਲਜ਼ਮ ਨੇ ਸ਼ਰਾਬ ਦੇ ਨਸ਼ੇ ਵਿੱਚ ਧੁੱਤ ਹੋ ਕੇ ਉਸ ਨਾਲ ਜਬਰ-ਜ਼ਿਨਾਹ ਕੀਤਾ। ਇਸ ਘਿਨਾਉਣੀ ਹਰਕਤ ਤੋਂ ਬਾਅਦ ਮੁਲਜ਼ਮ ਨੇ ਲੜਕੀ ਨੂੰ ਧਮਕੀ ਦਿੱਤੀ ਕਿ ਜੇਕਰ ਉਸ ਨੇ ਕਿਸੇ ਨੂੰ ਕੁਝ ਦੱਸਿਆ ਤਾਂ ਉਹ ਉਸ ਨੂੰ ਜਾਨੋਂ ਮਾਰ ਦੇਵੇਗਾ। ਇਸੇ ਡਰ ਕਾਰਨ ਪੀੜਤਾ ਕਾਫ਼ੀ ਸਮਾਂ ਚੁੱਪ ਰਹੀ।

### ਉੱਤਰ ਪ੍ਰਦੇਸ਼ ਵਿੱਚ ਖੁੱਲ੍ਹਿਆ ਰਾਜ਼

ਜਦੋਂ ਪਰਿਵਾਰ ਲੁਧਿਆਣਾ ਤੋਂ ਆਪਣੇ ਜੱਦੀ ਪਿੰਡ ਉੱਤਰ ਪ੍ਰਦੇਸ਼ ਦੇ ਸੀਤਾਪੁਰ ਜ਼ਿਲ੍ਹੇ ਵਿੱਚ ਪਹੁੰਚਿਆ, ਤਾਂ ਉੱਥੇ ਜਾ ਕੇ ਡਰੀ ਹੋਈ ਨਾਬਾਲਗ ਨੇ ਆਪਣੇ ਮਾਪਿਆਂ ਨੂੰ ਸਾਰੀ ਹੱਡਬੀਤੀ ਸੁਣਾਈ। ਪਰਿਵਾਰ ਨੇ ਤੁਰੰਤ ਸੀਤਾਪੁਰ ਦੇ ਸਦਰਪੁਰ ਥਾਣੇ ਵਿੱਚ ਪਹੁੰਚ ਕੇ ਸ਼ਿਕਾਇਤ ਦਰਜ ਕਰਵਾਈ। ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਯੂਪੀ ਪੁਲਿਸ ਨੇ 'ਜ਼ੀਰੋ ਐਫਆਈਆਰ' ਦਰਜ ਕੀਤੀ ਅਤੇ ਅਗਲੇਰੀ ਜਾਂਚ ਤੇ ਕਾਰਵਾਈ ਲਈ ਡੋਜ਼ੀਅਰ ਲੁਧਿਆਣਾ ਦੇ ਥਾਣਾ ਕੁੰਮ ਕਲਾਂ ਨੂੰ ਭੇਜ ਦਿੱਤਾ।

ਥਾਣਾ ਕੁੰਮ ਕਲਾਂ ਅਧੀਨ ਪੈਂਦੀ ਚੌਂਕੀ ਕਟਾਣੀ ਦੇ ਇੰਚਾਰਜ ਸੁਰਜੀਤ ਸਿੰਘ ਸੈਣੀ ਨੇ ਦੱਸਿਆ ਕਿ "ਪੁਲਿਸ ਵੱਲੋਂ ਇਸ ਮਾਮਲੇ ਦੀ ਬਹੁਤ ਹੀ ਡੂੰਘਾਈ ਅਤੇ ਬਰੀਕੀ ਨਾਲ ਪੜਤਾਲ ਕੀਤੀ ਜਾ ਰਹੀ ਹੈ। ਮੁਲਜ਼ਮ ਖ਼ਿਲਾਫ਼ ਭਾਰਤੀ ਨਿਆਂ ਸੰਹਿਤਾ ਅਤੇ ਪੋਕਸੋ ਐਕਟ ਦੀਆਂ ਸੰਗੀਨ ਧਾਰਾਵਾਂ ਤਹਿਤ ਕੇਸ ਦਰਜ ਕਰ ਲਿਆ ਗਿਆ ਹੈ। ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ ਅਤੇ ਮੁਲਜ਼ਮ ਨੂੰ ਜਲਦ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।"

# ਮਾਨਸਾ ਪੁਲਸ ਨੇ ਅੰਨ੍ਹੇ ਕਤਲ ਦੀ ਗੁੱਥੀ ਸੁਲਝਾਈ

## ✪ ਪਤਨੀ, ਉਸ ਦਾ ਆਸ਼ਕ ਅਤੇ ਸਾਥੀ ਗ੍ਰਿਫ਼ਤਾਰ

ਮਾਨਸਾ-ਮਾਨਸਾ ਪੁਲਸ ਨੇ ਮੁਸਤੈਦੀ ਦਿਖਾਉਂਦੇ ਹੋਏ ਪਿੰਡ ਕੋਟ ਧਰਮੂ ਵਿਖੇ ਹੋਏ ਇੱਕ ਅੰਨ੍ਹੇ ਕਤਲ ਦੇ ਮਾਮਲੇ ਨੂੰ ਕੁਝ ਹੀ ਘੰਟਿਆਂ ਵਿੱਚ ਸੁਲਝਾ ਲਿਆ ਹੈ। ਪੁਲਸ ਨੇ ਇਸ ਵਾਰਦਾਤ ਵਿੱਚ ਸ਼ਾਮਲ ਮ੍ਰਿਤਕ ਦੀ ਪਤਨੀ, ਉਸ ਦੇ ਆਸ਼ਕ ਅਤੇ ਇੱਕ ਹੋਰ ਸਾਥੀ ਸਮੇਤ ਤਿੰਨ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਵਿੱਚ ਵੱਡੀ ਸਫ਼ਲਤਾ ਹਾਸਲ ਕੀਤੀ ਹੈ। ਨਾਜਾਇਜ਼ ਸਬੰਧਾਂ ਦੇ ਚੱਲਦਿਆਂ ਰਚੀ ਗਈ ਇਸ ਖ਼ੌਫ਼ਨਾਕ ਸਾਜ਼ਿਸ਼ ਦਾ ਪਰਦਾਫਾਸ਼ ਕਰਦਿਆਂ ਪੁਲਸ ਨੇ ਤਿੰਨਾਂ ਨੂੰ ਸਲਾਖਾਂ ਪਿੱਛੇ ਭੇਜ ਦਿੱਤਾ ਹੈ।

ਮਾਮਲੇ ਦੀ ਜਾਣਕਾਰੀ ਦਿੰਦਿਆਂ ਐੱਸ. ਐੱਸ. ਪੀ. ਮਾਨਸਾ ਭਾਗੀਰਥ ਸਿੰਘ ਮੀਨਾ ਨੇ ਦੱਸਿਆ ਕਿ 26 ਜੂਨ 2026 ਨੂੰ ਕੋਟ ਧਰਮੂ ਦੀ ਰਹਿਣ ਵਾਲੀ ਜਗਮੀਤ ਕੌਰ ਨੇ ਥਾਣਾ ਸਦਰ ਮਾਨਸਾ ਵਿਖੇ ਬਿਆਨ ਦਰਜ ਕਰਵਾਇਆ ਸੀ। ਉਸ ਨੇ ਦਾਅਵਾ ਕੀਤਾ ਸੀ ਕਿ ਉਸ ਦੇ ਪਤੀ ਤਰਸੇਮ ਸਿੰਘ ਦਾ ਘਰ ਦੇ ਅੰਦਰ ਹੀ ਕਿਸੇ ਅਣਪਛਾਤੇ ਵਿਅਕਤੀ ਵੱਲੋਂ ਗਲਾ ਘੁੱਟ ਕੇ ਕਤਲ ਕਰ ਦਿੱਤਾ ਗਿਆ ਹੈ ਅਤੇ ਲਾਸ਼ ਮੰਜੇ 'ਤੇ ਪਈ ਮਿਲੀ। ਪੁਲਸ ਨੇ ਸ਼ੁਰੂਆਤ ਵਿੱਚ ਅਣਪਛਾਤੇ ਲੋਕਾਂ ਖ਼ਿਲਾਫ਼ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕੀਤੀ ਸੀ।

ਜਾਂਚ ਦੌਰਾਨ ਜਦੋਂ ਮ੍ਰਿਤਕ ਦੇ ਭਰਾ ਕੁਲਦੀਪ ਸਿੰਘ ਦੇ ਬਿਆਨ ਦਰਜ ਕੀਤੇ ਗਏ, ਤਾਂ ਕੇਸ ਵਿੱਚ ਨਵਾਂ ਮੋੜ ਆਇਆ। ਕੁਲਦੀਪ ਸਿੰਘ ਨੇ ਖ਼ੁਲਾਸਾ ਕੀਤਾ ਕਿ ਉਸ ਦੀ ਭਰਜਾਈ ਜਗਮੀਤ ਕੌਰ ਦੇ ਉਸ ਦੇ ਮਾਮੇ ਦੇ ਪੁੱਤਰ ਦੀਪ ਸਿੰਘ ਕਾਲੂ ਸਿੰਘ (ਵਾਸੀ ਬੁਢਲਾਡਾ) ਨਾਲ ਨਾਜਾਇਜ਼ ਸਬੰਧ ਸਨ, ਜਿਸ ਕਾਰਨ ਪਤੀ-ਪਤਨੀ ਵਿਚਾਲੇ ਅਕਸਰ ਝਗੜਾ ਰਹਿੰਦਾ ਸੀ।

### ਰਾਤ ਦੇ ਹਨੇਰੇ 'ਚ ਕੰਧ ਟੱਪ ਕੇ ਦਿੱਤਾ ਵਾਰਦਾਤ ਨੂੰ ਅੰਜਾਮ

ਪੁਲਸ ਨੇ ਤੱਥਾਂ ਦੇ ਆਧਾਰ 'ਤੇ ਜਗਮੀਤ ਕੌਰ ਅਤੇ ਦੀਪ ਸਿੰਘ ਨੂੰ ਨਾਮਜ਼ਦ ਕਰਕੇ ਜਾਂਚ ਤੇਜ਼ ਕੀਤੀ। 27 ਜੂਨ ਨੂੰ ਪੁਲਸ ਨੇ ਜਗਮੀਤ ਕੌਰ ਨੂੰ ਹਿਰਾਸਤ ਵਿੱਚ ਲੈ ਕੇ ਉਸ ਦਾ ਮੋਬਾਈਲ ਬਰਾਮਦ ਕੀਤਾ, ਜਿਸ ਰਾਹੀਂ ਉਹ ਆਪਣੇ ਆਸ਼ਕ ਨਾਲ ਸੰਪਰਕ ਵਿੱਚ ਸੀ। ਇਸ ਤੋਂ ਬਾਅਦ ਮੁੱਖ ਦੋਸ਼ੀ ਦੀਪ ਸਿੰਘ ਨੂੰ ਕਾਬੂ ਕੀਤਾ ਗਿਆ।

ਪੁੱਛਗਿੱਛ ਦੌਰਾਨ ਦੀਪ ਸਿੰਘ ਨੇ ਮੰਨਿਆ ਕਿ ਉਸ ਨੇ ਆਪਣੇ ਸਾਥੀ ਗੋਬਿੰਦ ਸਿੰਘ ਨਾਲ ਮਿਲ ਕੇ ਇਸ ਕਤਲ ਨੂੰ ਅੰਜਾਮ ਦਿੱਤਾ। ਦੋਵੇਂ ਰਾਤ ਦੇ ਸਮੇਂ ਕੰਧ ਟੱਪ ਕੇ ਤਰਸੇਮ ਸਿੰਘ ਦੇ ਘਰ ਵੜੇ ਅਤੇ ਪਰਨੇ ਨਾਲ ਗਲਾ ਘੁੱਟ ਕੇ ਉਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਪੁਲਸ ਨੇ ਮੁਸਤੈਦੀ ਦਿਖਾਉਂਦੇ ਹੋਏ ਦੀਪ ਸਿੰਘ ਅਤੇ ਗੋਬਿੰਦ ਸਿੰਘ ਨੂੰ ਡਰੇਨ ਪੁਲ ਸਹਾਰਨਾ ਇਲਾਕੇ ਤੋਂ ਗ੍ਰਿਫ਼ਤਾਰ ਕਰ ਲਿਆ।

ਦੇਗ ਤੇਗ ਫਤਹਿ॥ ਰਾਜ ਕਰੇਗਾ ਖਾਲਸਾ ਆਕੀ ਰਹੇ ਨਾ ਕੋਇ॥ ਪੰਥ ਕੀ ਜੀਤ

## ਖਾਲਸਾ ਦਰਬਾਰ ਗੁਰਦੁਆਰਾ ਡਰਬੀ ਅਤੇ ਸੁਪਰੀਮ ਸਿੱਖ ਕੌਂਸਲ ਯੂ ਕੇ ਵੱਲੋਂ

# ਖਾਲਸਾ ਦਰਬਾਰ ਗੁਰਦੁਆਰਾ ਡਰਬੀ ਵਿਖੇ



# ਵਿਸ਼ਾਲ ਪੰਥਕ ਕਾਨਫਰੰਸ





## ਐਤਵਾਰ 12 ਜੁਲਾਈ 2026 ਨੂੰ ਸਵੇਰੇ 11 ਵਜੇ ਤੋਂ 1:00 ਵਜੇ ਤੱਕ ਹੋਵੇਗੀ


ਪ੍ਰੋ: ਕਲਿਆਣ ਸਿੰਘ
ਜੀ ਸੀ ਯੂਨੀਵਰਸਿਟੀ ਲਹੌਰ



ਗਿਆਨੀ ਦਇਆ ਸਿੰਘ
ਮੁੱਖ ਗ੍ਰੰਥੀ ਨਨਕਾਣਾ ਸਾਹਿਬ


ਸ: ਅਮਰੀਕ ਸਿੰਘ
ਚੀਫ ਅਕਾਊਂਟੈਂਟ


ਪ੍ਰੋਫੈਸਰ ਸਤਵੰਤ ਕੌਰ
ਜਨ: ਸੈ: PGPC


ਹਰਦਿਆਲ ਸਿੰਘ ਧਮੜੈਤ
ਗੁ: ਖਾਲਸਾ ਦਰਬਾਰ ਡਰਬੀ


ਭਾਈ ਜੋਗਾ ਸਿੰਘ
ਜਨ: ਸੈਕ: WSP


ਸੁਰਿੰਦਰ ਸਿੰਘ ਜੰਡੂ
ਸੈ: ਜਨ: SSCU.K.


ਰਾਜਿੰਦਰ ਸਿੰਘ ਪੁਰੇਵਾਲ
ਜ:ਸੈ: ਸਿੰਘ ਸਭਾ ਡਰਬੀ


ਗਿ: ਗੁਰਬਖਸ਼ ਸਿੰਘ
ਕਨਵੀਨਰ SSCU.K.

ਗੁਰੂ ਪਿਆਰੀ ਸਾਧ ਸੰਗਤ ਜੀ, ਸੁਪਰੀਮ ਸਿੱਖ ਕੌਂਸਲ ਯੂ ਕੇ ਦੇ ਇੰਡੀਅਨ ਸਬ-ਕੌਂਟੀਨੈਂਟ ਅਫੇਅਰ ਕਮੇਟੀ ਦੇ ਚੇਅਰਮੈਨ ਸ: ਹਰਦਿਆਲ ਸਿੰਘ ਧਮੜੈਤ ਦੇ ਸੱਦੇ 'ਤੇ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਬੀਬੀ ਸਤਵੰਤ ਕੌਰ, ਪ੍ਰੋਫੈਸਰ ਡਾਕਟਰ ਕਲਿਆਣ ਸਿੰਘ, ਗਿਆਨੀ ਦਇਆ ਸਿੰਘ ਹੈਡ ਗਰੰਥੀ ਸ੍ਰੀ ਨਨਕਾਣਾ ਸਾਹਿਬ ਅਤੇ ਸ: ਅਮਰੀਕ ਸਿੰਘ ਚੀਫ਼ ਅਕਾਊਂਟੈਂਟ ਗੌਰਮਿੰਟ ਆਫ਼ ਪਾਕਿਸਤਾਨ ਯੂ ਕੇ ਦੇ ਦੌਰੇ 'ਤੇ ਪਹੁੰਚੇ ਹੋਏ ਹਨ ।

ਇਸ ਮੌਕੇ 12 ਜੁਲਾਈ 2026 ਦਿਨ ਐਤਵਾਰ ਨੂੰ ਗੁਰ-ਦੁਆਰਾ ਖਾਲਸਾ ਦਰਬਾਰ, ਸਿਨਫਿਨ ਲੇਨ, ਡਰਬੀ ਵਿਖੇ ਪੰਥਕ ਕਾਨਫਰੰਸ ਆਯੋਜਿਤ ਕੀਤੀ ਜਾ ਰਹੀ ਹੈ, ਜਿਸ ਵਿੱਚ ਪਾਕਿਸਤਾਨ ਵਿਚਲੇ ਗੁਰੂ ਘਰਾਂ ਦੀ ਸਾਂਭ ਸੰਭਾਲ ਅਤੇ ਪੰਥ ਦੇ ਮੌਜੂਦਾ ਹਾਲਾਤ ਬਾਰੇ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ । ਪੰਥ ਦਰਦੀ ਸਿੱਖ ਸੰਗਤਾਂ ਨੂੰ ਇਸ ਮੌਕੇ ਪਹੁੰਚਣ ਲਈ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ, ਇਸ ਮੌਕੇ ਹਾਜ਼ਰੀ ਭਰ ਕੇ ਪੰਥਕ ਬੁਲਾਰਿਆਂ ਦੇ ਵਿਚਾਰ ਸਰਵਣ ਕਰੋ ।

**ਸਾਰਾ ਦਿਨ ਗੁਰੂ ਕੇ ਅਤੁੱਟ ਲੰਗਰ ਵਰਤਣਗੇ**




### ======= ਪਹੁੰਚ ਰਹੇ ਪੰਥਕ ਬੁਲਾਰੇ: =======

* ਗਿਆਨੀ ਦਇਆ ਸਿੰਘ
* ਪ੍ਰੋ: ਕਲਿਆਣ ਸਿੰਘ
* ਸ: ਅਮਰੀਕ ਸਿੰਘ
* ਪ੍ਰੋਫੈਸਰ ਸਤਵੰਤ ਕੌਰ
* ਹਰਦਿਆਲ ਸਿੰਘ ਧਮੜੈਤ
* ਗਿ: ਗੁਰਬਖਸ਼ ਸਿੰਘ ਗੁਲਸ਼ਨ
* ਭਾਈ ਜੋਗਾ ਸਿੰਘ
* ਰਾਜਿੰਦਰ ਸਿੰਘ ਪੁਰੇਵਾਲ
* ਸੁਰਿੰਦਰ ਸਿੰਘ ਜੰਡੂ

## ਬੇਨਤੀ ਕਰਤਾ : ਸੁਪਰੀਮ ਸਿੱਖ ਕੌਂਸਲ ਯੂ ਕੇ ਅਤੇ ਪ੍ਰਬੰਧਕ ਕਮੇਟੀ ਗੁਰਦੁਆਰਾ ਖਾਲਸਾ ਦਰਬਾਰ ਡਰਬੀ

## VENUE: KHALSA DARBAR GURDWARA DERBY, SINFIN LANE, DERBY, DE24 9GP

====================== ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: ======================

ਪ੍ਰਧਾਨ ਬਹਾਦਰ ਸਿੰਘ ਚੇੜਾ ਫੋਨ: 07875 289454 / ਹਰਦਿਆਲ ਸਿੰਘ ਧਮੜੈਤ ਫੋਨ: 07373 359229 / ਸੁਰਿੰਦਰ ਸਿੰਘ ਜੰਡੂ ਫੋਨ: 07931 762974

Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# LET'S SAVE SIKHISM BEFORE POLITICS DEFINES IT

– ਲੇਖਕ –
ਇਕਬਾਲ ਸਿੰਘ
ਲਾਲਪੁਰਾ
ਫੋਨ: 91 97800 03333



For more than five centuries, Sikhism has stood as one of the world's most remarkable faith traditions. Founded on the timeless principles of devotion to one God, equality of all humanity, justice, selfless service (seva), and courage, it has survived persecution, imperial rule, Partition, terrorism, and political upheaval. Yet today, many Sikhs believe that the greatest challenge facing the Panth is no longer external oppression alone, but internal fragmentation, political polarization, religious confusion, and the gradual weakening of the Sikh community's relationship with the Shabad Guru.

Recent controversies involving Punjab Chief Minister Bhagwant Mann and Sikh religious institutions have once again demonstrated that political leaders, regardless of party affiliation, must exercise restraint and respect when commenting on matters of faith. At the same time, Sikh religious institutions also carry the responsibility of maintaining public confidence by acting fairly, transparently, and independently of partisan politics. Governments are temporary; the Guru is eternal. Sikh institutions should never become extensions of political parties, nor should politicians attempt to become interpreters of Sikh doctrine.

The defining theological principle of Sikhism is that Guru Gobind Singh Ji ended the line of human Gurus and bestowed eternal Guruship upon Sri Guru Granth Sahib Ji. The declarations "Guru Maneyo Granth" and "Guru Khalsa Maneyo Pargat Guran Ki Deh" are not merely historical events; they form the very foundation of Sikh theology. For mainstream Sikh belief, the Shabad is the Eternal Guru. This is why Sikhs reject the idea of any living individual claiming spiritual authority equal to, or succeeding, the Ten Gurus. This concern is not directed against the dignity or constitutional rights of individuals who follow different beliefs. Every citizen enjoys complete freedom of religion. Rather, it reflects the Sikh community's commitment to preserving the integrity of its own faith as handed down by the Gurus.History repeatedly demonstrates the dangers of personality-centered religious authority. Guru Gobind Singh Ji abolished the Masand system after it had become corrupt and directed the Khalsa to remain directly under the Guru. In the nineteenth and early twentieth centuries, the Mahant system controlling many historic gurdwaras ultimately led to the Gurdwara Reform Movement (1920–1925), which restored community control over Sikh institutions. Likewise, theological differences with organizations such as the Sant Nirankari Mission became major flashpoints in modern Sikh history. These experiences reinforce the conviction among Sikhs that preserving the exclusive authority of Sri Guru Granth Sahib Ji is essential for maintaining the distinct identity of the Panth.

Another issue that continues to generate debate is the relationship between Sikhism and the Rashtriya Swayamsevak Sangh (RSS). The reality is more complex than political slogans often suggest. On numerous occasions, leaders associated with the RSS have publicly expressed deep respect for the Sikh Gurus, Sikh sacrifices, and the immense contribution of Sikhs to India's history and nation-building , including accepting Sikh as independent Religion. At the same time, many Sikhs have expressed concern over alleged statements and writings that appear to interpret Sikhism within a broader Hindu civilizational framework rather than recognizing it as an independent religion.

For Sikhs, the distinct identity of their faith is clearly reflected in Gurbani. Guru Arjan Dev Ji declared, "Na Hum Hindu Na Musalman" (Sri Guru Granth Sahib, Ang 1136), emphasizing a unique spiritual path. Sikhism is also recognized as a distinct religion under the Government of India Act, 1935, the Constitution of India (Article 25, with its well-known legal interpretation), and the National Commission for Minorities Act, 1992. Nevertheless, differing interpretations have contributed to decades of mistrust and recurring controversy.

This raises an important question. If the Shiromani Akali Dal and the Bharatiya Janata Party, along with its predecessor Jan Sangh, remained political allies for several decades—from 1967 until 2020—why was this ideological issue never conclusively addressed? If both parties valued the alliance for over five decades, why was there never a comprehensive public declaration affirming mutual respect for Sikhism as an independent religion while acknowledging its place within India's shared national heritage? Political cooperation demonstrated that alliances were possible, yet theological and identity-related questions remained unresolved, allowing them to be repeatedly exploited for political purposes.

India is the birthplace of four major religions—Hinduism, Buddhism, Jainism, and Sikhism. There is no significant public dispute regarding the independent identity of Hinduism, Buddhism, or Jainism. Why, then, has the relationship between Hindu and Sikh identities remained a recurring subject of political controversy?

Perhaps the time has come for a permanent and principled solution. Such a solution need not require either side to abandon its convictions. Instead, it can rest upon mutual respect and constitutional values. Sikhism can be fully acknowledged as an independent religion with its own scripture, theology, institutions, traditions, and code of conduct, while the Sikh Gurus and Sikh history continue to be honoured as an integral part of India's national heritage. Respect does not require theological assimilation, and distinct religious identity need not weaken national unity. A clear and lasting commitment by political and religious leaders to avoid unnecessary identity disputes could significantly reduce decades of mistrust.

No discussion of contemporary Sikh concerns can ignore the Dharam Yudh Morcha (1982–1984) and the tragic events that followed. The movement began with demand for release of Bhai Amrik Singh etc coupled with constitutional, political, and federal demands, including greater state autonomy and implementation of aspects of the Anandpur Sahib Resolution. However, the period ultimately culminated in immense tragedy: Operation Blue Star, the assassination of Prime Minister Indira Gandhi, the horrific anti-Sikh massacres of 1984, years of militancy, counter-insurgency operations, and the loss of thousands of innocent lives. The failure to fully implement the Rajiv–Longowal Accord further deepened disappointment and mistrust. More than four decades later, both the Sikh community and India must ask difficult but necessary questions. What lasting political gains emerged from the violence between 1978 and 1993? Which constitutional demands were fulfilled? Which remain unresolved? What was the human cost in terms of lives lost, broken families, damaged institutions, and fractured social harmony?

An honest assessment must reject simplistic narratives. Governments of the period committed serious mistakes that have been widely criticised. Militant violence also inflicted immense suffering upon civilians, public servants, and fellow Punjabis. The anti-Sikh massacres of 1984 remain among the darkest chapters in independent India's history and continue to demand justice, accountability, and remembrance. Genuine reconciliation requires acknowledging the suffering of all victims while remaining firmly committed to truth, justice, and constitutional values.

Another challenge confronting Sikh society is the increasing influence of Christian missionary activity in certain parts of Punjab. Sikh historians trace this concern back to the conversions of Maharaja Duleep Singh and Raja Harnam Singh Ahluwalia during the colonial period. Today, many Sikhs worry about continuing religious conversions, while others observe that individuals often seek emotional support, education, healthcare, social acceptance, or relief from personal hardships.

Regardless of one's perspective, confrontation alone cannot provide a lasting solution. If Sikh society wishes to strengthen its own faith, the more constructive response lies in transforming gurdwaras into vibrant centres of education, spiritual learning, youth engagement, counselling, community service, and social welfare. When individuals experience meaningful belonging within their own tradition, they are less likely to seek spiritual fulfilment elsewhere.

The Panth must also undertake sincere introspection. Many Sikh children today are unable to read Gurmukhi fluently. Religious education often ends in childhood. Social media influencers increasingly shape religious understanding, sometimes replacing careful study of Gurbani and Sikh history. Political debates frequently overshadow personal spiritual discipline and moral development. These internal weaknesses cannot simply be attributed to external forces.

Revitalising Sikh education should therefore become a community priority. Greater emphasis must be placed on direct engagement with Sri Guru Granth Sahib Ji, high-quality scholarship, ethical leadership, institutional transparency, and investment in young Sikh leaders capable of addressing the challenges of the twenty-first century.

... Continue on page 50

# DERBY SHAHEEDI FOOTBALL TOURNAMENT ENJOYED BY THOUSANDS OF FOOTBALL FANS






1. SINGH BROTHERS DERBY KFF CHAMPIONS BIRMINGHAM 2026 DIVISION 1. AND OVER 35s 2. SINGH BROTHERS DERBY UNDER 13s CHAMPIONS KFF BIRMINGHAM 2026 3. Catherine Atkinson Derby north M.P With Harpreet Dhillon and Gurdev Singh Dhillon 4. GSA FOOTBALL CLUB PREMIER DIVISION KFF CHAMPIONS BIRMINGHAM 2026

The annual Derby Shaheedi Football tournament took place on 27 and 28 June 2006 at Leisure United, Racecourse Playing Fields, St. Marks Road, Derby, DE21 6AL which provided excellent facilities. It was organised by Khalsa Football Federation KFF and Derby Sports Committee DSC and was supported by local Gurdwaras and businesses. The tournament was well attended in which teams from Slough, Southall, Birmingham, Coventry, Leicester, Nuneaton, Bedford, Wolverhampton and other cities took part.

SENIOR SECTION

In the first semi-final of Premier Division GSA FC scored more goals than FC Khalsa Leicester to reach the final. Similarly, in the second semi-final GNG Leicester beat Southall to reach the final which was played on Sunday 28th June at 1.30 pm on Pitch 1. The Leicester team scored in the opening minutes with GSA equalising shortly afterwards and GNG Leicester scoring again before half time to lead 2-1.. In the second half GSA scored three times and won the Premier Division again which they also won at Birmingham tournament. This was the most watched match of the whole tournament. Deen Master won the Player of the Tournament Award. GSA FC Manager commented " Tough final against a strong GNG Leicester side. GNG took an early lead from a direct free kick.We equalised shortly after. GNG took 2-1 lead before half-time.. In the second half the game turned with GSA pressure taking its toll , scoring 3 goals to win the game 4-2. "

Division 1 final was between GNG Leicester Res. and Singh Brothers Derby Res. which the Derby team won 4-2. Singh Brothers Derby Res. had defeated Queens Park Bedford in the semi-final 4-2. In the other semi-final GNG Leicester beat Milton Keynes 2-1.

Vets Over 35 was won by Singh Brothers Derby who beat Shere Punjab RRG FC 2-1 in the final. Warley Stars were Runners -Up in the Vets Over 45s which was won by FC Punjab Sandwell.

JUNIOR FOOTBALL

This is by far the most colouful day of the tournament played on Sunday 28th June in which grandparents , parents and relatives of young superstars of the future play in Under 8, Under 9, Under 11, Under 13 and Under 15 divisions.

After winning the Walsall tournament, Runners-Up at Birmingham, FC Khalsa Leicester won the Derby tournament by winning 3-1 against GNG Leicester. Nottingham Sikh Lions came 3rd. In the Under 13s Blue Tigers Derby won against GNP Coventry on penalties, Singh Brothers Derby came 3rd. Blue Tigers Derby won the Under 11s Division who beat Nottingham Sikh Lions in the final. Singh Brothers Derby came 3rd. in the Under 9s division , Nuneaton were winners, Nottingham Sikh Lions were Runners-Up and BDS Birmingham were 3rd. In the Under 8s division GNG Leicester Lions were winners, GNG Leicester Tigers were Runners-Up, and GNG Leicester Panthers were 3rd.

Loads of Congratulations to Derby Sports Committee, Singh Brothers Derby, Nachhatar Singh Chhoker, Manjit Singh Maan, Bhajan Singh Dhillion, Gurdev Singh Dhillion, Kulwant Singh Kooner, Rashpal Singh Sandhu, Jassa Singh Lehl, Bikar Singh Chahal, Paramjit singh Cheema and Rajinder Singh Purewal for all their efforts in organising an excellent football tournament which was enjoyed by thousands of football loving fans from all over the country.

It was great honour to see our hard working M.P Catherine Atkinson Derby North and Cllr. Ajit Singh Atwal Ex Mayor Derby, joining the community event and presenting trophies and talk with budding future stars of football from Asian community . Thank you Catherine sparing some time from your busy schedule.Again requesting, let we work together for our young generation, making them good and successful sportsman and women. Support these tournaments for bright future for new generation.

REPORT BY : TARLOCHAN SINGH VIRK, LEICESTER

***... Continue from page 49***

Every Sikh child should understand the transformative vision of the Gurus. Guru Nanak Dev Ji declared:

"Balhari Gur Apne, Diuhari Sad Var; Jin Manas Te Devte Kiye, Karat Na Lagi Var."

The Guru transforms ordinary human beings into divine personalities. Guru Gobind Singh Ji further proclaimed:

"Akal Purakh Ki Murat Eh; Pargatio Aap Khalsa Deh."

The Khalsa is intended to embody the Divine Will in human society through righteousness, humility, courage, and service. The challenge before the Panth today is not merely preserving historical memory but reviving this spiritual ideal in everyday life.

The future of Sikhism will not be secured by political slogans alone. It will be strengthened through stronger families, better education, ethical leadership, honest scholarship, vibrant institutions, community service, economic opportunity, and an unwavering commitment to the eternal Guru. Political alliances will change. Governments will come and go. Public controversies will rise and fade. The Guru alone remains constant.

If the Sikh community remains united around Sri Guru Granth Sahib Ji while engaging confidently with modern India and the wider world, it has every reason to look to the future with confidence. Preserving Sikh identity does not require isolation, nor does national integration require surrendering distinct religious beliefs. Both are entirely compatible when dialogue replaces suspicion, constitutional values prevail over sectarian politics, and the eternal message of the Guru remains at the centre of Sikh life. Sikh intelligentsia may think about a broader plan, to preach and protect religion, to initiate dialogue with all other stake holders and to join all Punjabi for promotion of Punjab, Punjabi and Punjabiat . The greatest tribute today's generation can offer to the Gurus is not endless argument over the past, but the creation of a future in which Sikh faith, scholarship, service, and institutions flourish with confidence. That is the true path to the preservation, growth, and continued relevance of the Panth.

Dr. Iqbal Singh Lalpura
Former Chairman National Commission for Minorities
Government of India
Iqbalsingh _73 @ yahoo.co.in

# ਭਾਰਤ ਦੇ 'ਚਿਕਨ ਨੈਕ' 'ਤੇ ਚੀਨ ਦੀ ਨਜ਼ਰ ? ਕੀ ਹੈ ਤੀਸਤਾ ਪ੍ਰੋਜੈਕਟ ਦਾ ਪੂਰਾ ਵਿਵਾਦ

## ✪ ਭਾਰਤ-ਬੰਗਲਾਦੇਸ਼ ਵਿਚਾਲੇ ਤਣਾਅ, ਚੀਨ ਦੀ ਐਂਟਰੀ ਨੇ ਵਧਾਈ 'ਚਿਕਨ ਨੈਕ' ਦੀ ਚਿੰਤਾ ✪ ਪਾਣੀ ਦਾ ਵਿਵਾਦ ਬਣਿਆ ਰਣਨੀਤਕ ਜੰਗ

ਖਾਸ ਖ਼ਬਰ

ਭਾਰਤ ਅਤੇ ਬੰਗਲਾਦੇਸ਼ ਵਿਚਕਾਰ ਕਈ ਸਾਲਾਂ ਤੋਂ ਚੱਲ ਰਿਹਾ ਤੀਸਤਾ ਨਦੀ ਦੇ ਪਾਣੀ ਦਾ ਵਿਵਾਦ ਹੁਣ ਸਿਰਫ਼ ਇੱਕ ਜਲ ਸੰਕਟ ਨਹੀਂ ਰਿਹਾ, ਸਗੋਂ ਇਹ ਦੱਖਣੀ ਏਸ਼ੀਆ ਦੀ ਭੂ-ਰਾਜਨੀਤੀ ਅਤੇ ਸੁਰੱਖਿਆ ਨਾਲ ਜੁੜਿਆ ਇੱਕ ਵੱਡਾ ਮੁੱਦਾ ਬਣ ਗਿਆ ਹੈ। ਬੰਗਲਾਦੇਸ਼ ਵੱਲੋਂ ਇਸ ਪ੍ਰੋਜੈਕਟ ਵਿੱਚ ਚੀਨ ਨੂੰ ਸ਼ਾਮਲ ਕਰਨ ਦੇ ਫੈਸਲੇ ਨੇ ਭਾਰਤ ਦੀਆਂ ਚਿੰਤਾਵਾਂ ਨੂੰ ਵਧਾ ਦਿੱਤਾ ਹੈ।

ਬੰਗਲਾਦੇਸ਼ ਵਿੱਚ ਤੀਸਤਾ ਨਦੀ ਵਿੱਚ ਪਾਣੀ ਦੀ ਕਮੀ, ਭਾਰੀ ਗਾਰ ਦਾ ਜਮ੍ਹਾਂ ਹੋਣਾ ਅਤੇ ਹਰ ਸਾਲ ਆਉਣ ਵਾਲਾ ਹੜ੍ਹ ਇੱਕ ਵੱਡੀ ਸਮੱਸਿਆ ਹੈ। ਇਸ ਦੇ ਹੱਲ ਲਈ ਬੰਗਲਾਦੇਸ਼ ਨੇ ਲਗਭਗ 98 ਕਰੋੜ ਡਾਲਰ ਦੀ ਲਾਗਤ ਵਾਲਾ 'ਤੀਸਤਾ ਰਿਵਰ ਕੰਪਰੀਹੈਂਸਿਵ ਮੈਨੇਜਮੈਂਟ ਐਂਡ ਰਿਸਟੋਰੇਸ਼ਨ ਪ੍ਰੋਜੈਕਟ' ਤਿਆਰ ਕੀਤਾ ਹੈ।

ਬੰਗਲਾਦੇਸ਼ ਇਸ ਪ੍ਰੋਜੈਕਟ ਨੂੰ ਇਸ ਲਈ ਬਣਾਉਣਾ ਚਾਹੁੰਦਾ ਹੈ ਤਾਂ ਜੋ:ਸੁੱਕੇ ਦੇ ਮੌਸਮ ਵਿੱਚ ਉੱਤਰੀ ਬੰਗਲਾਦੇਸ਼ ਦੇ ਇਲਾਕਿਆਂ ਵਿੱਚ ਖੇਤੀ ਅਤੇ ਸਿੰਚਾਈ ਲਈ ਪਾਣੀ ਯਕੀਨੀ ਬਣਾਇਆ ਜਾ ਸਕੇ। ਬਰਸਾਤ ਦੇ ਦਿਨਾਂ ਵਿੱਚ ਹੜ੍ਹ ਦੀ ਸਮੱਸਿਆ 'ਤੇ ਕਾਬੂ ਪਾਇਆ ਜਾ ਸਕੇ।




ਇਸ ਪ੍ਰੋਜੈਕਟ ਲਈ ਬੰਗਲਾਦੇਸ਼ ਨੇ ਚੀਨ ਤੋਂ ਲਗਭਗ 72.5 ਕਰੋੜ ਡਾਲਰ ਦੀ ਆਰਥਿਕ ਮਦਦ ਮੰਗੀ ਸੀ। ਚੀਨ ਨੇ ਇਸ ਪ੍ਰੋਜੈਕਟ ਨੂੰ ਆਪਣੇ ਵਿਸ਼ੇਸ਼ ਅਤੇ ਅਭਿਲਾਸ਼ੀ ਇਨੀਸ਼ੀਏਟਿਵ 'ਬੈਲਟ ਐਂਡ ਰੋਡ ਇਨੀਸ਼ੀਏਟਿਵ' ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਹੈ।

ਯਾਦ ਰਹੇ ਕਿ ਮਾਰਚ 2025 ਵਿੱਚ ਬੰਗਲਾਦੇਸ਼ ਦੇ ਮੁੱਖ ਸਲਾਹਕਾਰ ਮੁਹੰਮਦ ਯੂਨਸ ਨੇ ਚੀਨ ਦਾ ਦੌਰਾ ਕੀਤਾ ਸੀ। ਇਸ ਦੌਰੇ ਤੋਂ ਬਾਅਦ ਜਾਰੀ ਸਾਂਝੇ ਬਿਆਨ ਵਿੱਚ ਬੰਗਲਾਦੇਸ਼ ਨੇ ਪਹਿਲੀ ਵਾਰ ਖੁੱਲ੍ਹ ਕੇ ਕਿਹਾ ਕਿ ਉਹ ਇਸ ਪ੍ਰੋਜੈਕਟ ਵਿੱਚ ਚੀਨੀ ਤਕਨੀਕ ਅਤੇ ਨਿਵੇਸ਼ ਦਾ ਸਵਾਗਤ ਕਰਦਾ ਹੈ। ਇਸ ਨਾਲ ਇਹ ਸਾਫ਼ ਹੋ ਗਿਆ ਸੀ ਕਿ ਚੀਨ ਹੁਣ ਇਸ ਪ੍ਰੋਜੈਕਟ ਵਿੱਚ ਬਹੁਤ ਵੱਡੀ ਭੂਮਿਕਾ ਨਿਭਾਉਣ ਜਾ ਰਿਹਾ ਹੈ।

ਇਸ ਪ੍ਰੋਜੈਕਟ ਵਿੱਚ ਚੀਨ ਦੀ ਮੌਜੂਦਗੀ ਨੂੰ ਲੈ ਕੇ ਭਾਰਤ ਦੀ ਚਿੰਤਾ ਦਾ ਮੁੱਖ ਕਾਰਨ ਰਾਸ਼ਟਰੀ ਸੁਰੱਖਿਆ ਹੈ। ਇਹ ਪ੍ਰੋਜੈਕਟ ਭਾਰਤ ਦੇ ਬਹੁਤ ਹੀ ਸੰਵੇਦਨਸ਼ੀਲ ਇਲਾਕੇ 'ਚਿਕਨ ਨੈਕ' (ਸਿਲੀਗੁੜੀ ਕਾਰੀਡੋਰ) ਤੋਂ 100 ਕਿਲੋਮੀਟਰ ਤੋਂ ਵੀ ਘੱਟ ਦੀ ਦੂਰੀ 'ਤੇ ਸਥਿਤ ਹੈ।

### 'ਚਿਕਨ ਨੈਕ' (ਸਿਲੀਗੁੜੀ ਕਾਰੀਡੋਰ) ਕੀ ਹੈ ?

ਇਹ ਪੱਛਮੀ ਬੰਗਾਲ ਵਿੱਚ ਸਥਿਤ ਇੱਕ ਬਹੁਤ ਹੀ ਤੰਗ ਜ਼ਮੀਨੀ ਪੱਟੀ ਹੈ, ਜੋ ਭਾਰਤ ਦੇ ਬਾਕੀ ਹਿੱਸੇ ਨੂੰ ਉੱਤਰ-ਪੂਰਬੀ ਰਾਜਾਂ ਨਾਲ ਜੋੜਦੀ ਹੈ। ਰਣਨੀਤਕ ਤੌਰ 'ਤੇ ਇਹ ਭਾਰਤ ਲਈ ਬੇਹੱਦ ਮਹੱਤਵਪੂਰਨ ਹੈ ਕਿਉਂਕਿ ਜੇਕਰ ਕੋਈ ਦੁਸ਼ਮਣ ਇਸ ਰਸਤੇ ਨੂੰ ਬੰਦ ਕਰ ਦੇਵੇ, ਤਾਂ ਉੱਤਰ-ਪੂਰਬੀ ਰਾਜਾਂ ਦਾ ਸੰਪਰਕ ਪੂਰੇ ਭਾਰਤ ਨਾਲੋਂ ਟੁੱਟ ਸਕਦਾ ਹੈ। ਭਾਰਤ ਨੂੰ ਡਰ ਹੈ ਕਿ ਵਿਕਾਸ ਪ੍ਰੋਜੈਕਟ ਦੇ ਬਹਾਨੇ ਚੀਨੀ ਕੰਪਨੀਆਂ ਅਤੇ ਇੰਜੀਨੀਅਰ ਭਾਰਤੀ ਸਰਹੱਦ ਦੇ ਬਿਲਕੁਲ ਨੇੜੇ ਲੰਬੇ ਸਮੇਂ ਤੱਕ ਡੇਰੇ ਜਮਾਉਣਗੇ, ਜਿਸ ਨਾਲ ਚੀਨ ਭਾਰਤ ਦੇ ਇਸ ਸੰਵੇਦਨਸ਼ੀਲ ਇਲਾਕੇ ਦੀ ਜਾਸੂਸੀ ਜਾਂ ਨਿਗਰਾਨੀ ਕਰ ਸਕਦਾ ਹੈ।

## ਸਾਲ 2011 ਵਿੱਚ ਕਿਉਂ ਨਹੀਂ ਹੋ ਸਕਿਆ ਸੀ ਸਮਝੌਤਾ ?

ਸਾਲ 2011 ਵਿੱਚ ਭਾਰਤ ਦੇ ਤਤਕਾਲੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਬੰਗਲਾਦੇਸ਼ ਦੌਰੇ ਦੌਰਾਨ ਇਸ ਜਲ ਸਮਝੌਤੇ 'ਤੇ ਦਸਤਖਤ ਹੋਣੇ ਲਗਭਗ ਤੈਅ ਸਨ। ਪਰ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬਨਰਜੀ ਦੇ ਤਿੱਖੇ ਵਿਰੋਧ ਕਾਰਨ ਇਹ ਸਮਝੌਤਾ ਅਟਕ ਗਿਆ ਸੀ। ਮਮਤਾ ਬਨਰਜੀ ਦਾ ਤਰਕ ਸੀ ਕਿ ਜੇਕਰ ਬੰਗਲਾਦੇਸ਼ ਨੂੰ ਜ਼ਿਆਦਾ ਪਾਣੀ ਦਿੱਤਾ ਗਿਆ ਤਾਂ ਪੱਛਮੀ ਬੰਗਾਲ ਦੇ ਉੱਤਰੀ ਹਿੱਸੇ ਵਿੱਚ ਖੇਤੀ ਅਤੇ ਪੀਣ ਵਾਲੇ ਪਾਣੀ ਦਾ ਸੰਕਟ ਪੈਦਾ ਹੋ ਜਾਵੇਗਾ। ਭਾਰਤੀ ਸੰਵਿਧਾਨ ਮੁਤਾਬਕ ਨਦੀਆਂ ਦਾ ਮੁੱਦਾ ਰਾਜਾਂ ਦੇ ਅਧਿਕਾਰ ਖੇਤਰ ਵਿੱਚ ਵੀ ਆਉਂਦਾ ਹੈ, ਇਸ ਲਈ ਕੇਂਦਰ ਸਰਕਾਰ ਪੱਛਮੀ ਬੰਗਾਲ ਦੀ ਸਹਿਮਤੀ ਤੋਂ ਬਿਨਾਂ ਇਹ ਸਮਝੌਤਾ ਨਹੀਂ ਕਰ ਸਕੀ।

ਇਸ ਪ੍ਰੋਜੈਕਟ ਕਾਰਨ ਬੰਗਲਾਦੇਸ਼ ਹੁਣ ਦੋ-ਪਾਸੜ ਮੁਸ਼ਕਲ ਵਿੱਚ ਫਸ ਗਿਆ ਹੈ। ਉਸ ਲਈ ਭਾਰਤ ਅਤੇ ਚੀਨ ਵਿਚਕਾਰ ਸੰਤੁਲਨ ਬਣਾਉਣਾ ਬੇਹੱਦ ਔਖਾ ਹੋ ਗਿਆ ਹੈ: ਇੱਕ ਪਾਸੇ ਉਸ ਨੂੰ ਆਪਣੇ ਕਿਸਾਨਾਂ ਦੀ ਭਲਾਈ, ਸਿੰਚਾਈ ਅਤੇ ਹੜ੍ਹਾਂ ਤੋਂ ਰਾਹਤ ਲਈ ਇਸ ਪ੍ਰੋਜੈਕਟ ਅਤੇ ਚੀਨੀ ਨਿਵੇਸ਼ ਦੀ ਸਖ਼ਤ ਲੋੜ ਹੈ।

ਦੂਜੇ ਪਾਸੇ ਭਾਰਤ ਉਸ ਦਾ ਸਭ ਤੋਂ ਵੱਡਾ ਗੁਆਂਢੀ ਅਤੇ ਰਣਨੀਤਕ ਭਾਈਵਾਲ ਹੈ, ਜਿਸ ਨਾਲ ਰਿਸ਼ਤੇ ਖਰਾਬ ਕਰਨਾ ਬੰਗਲਾਦੇਸ਼ ਦੇ ਹਿੱਤ ਵਿੱਚ ਨਹੀਂ ਹੈ।

ਤੀਸਤਾ ਨਦੀ ਹੁਣ ਸਿਰਫ਼ ਪਾਣੀ ਦੀ ਵੰਡ ਦਾ ਮੁੱਦਾ ਨਹੀਂ ਰਹੀ, ਸਗੋਂ ਇਹ ਚੀਨ ਦੇ ਵਧਦੇ ਕਦਮਾਂ ਅਤੇ ਭਾਰਤ ਦੀ ਖੇਤਰੀ ਸੁਰੱਖਿਆ ਵਿਚਕਾਰ ਇੱਕ ਵੱਡੀ ਰਣਨੀਤਕ ਜੰਗ ਦਾ ਮੈਦਾਨ ਬਣ ਚੁੱਕੀ ਹੈ। ਆਉਣ ਵਾਲੇ ਸਮੇਂ ਵਿੱਚ ਇਸ 'ਤੇ ਲਏ ਜਾਣ ਵਾਲੇ ਫੈਸਲੇ ਪੂਰੇ ਦੱਖਣੀ ਏਸ਼ੀਆ ਦੇ ਭਵਿੱਖ ਨੂੰ ਪ੍ਰਭਾਵਿਤ ਕਰਨਗੇ।

# ਲਾਹੌਰ ਵਿਚ ਸ਼ਰਧਾ ਨਾਲ ਮਨਾਈ ਗਈ ਮਹਾਰਾਜਾ ਰਣਜੀਤ ਸਿੰਘ ਦੀ 187ਵੀਂ ਬਰਸੀ

ਅੰਮ੍ਰਿਤਸਰ-ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ 187ਵੀਂ ਬਰਸੀ ਪਾਕਿਸਤਾਨ ਦੇ ਲਾਹੌਰ ਵਿਖੇ ਪੂਰੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਈ ਗਈ। ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀਅਤੇ ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ ਵੱਲੋਂ ਸਾਂਝੇ ਤੌਰ 'ਤੇ ਲਾਹੌਰ ਸ਼ਾਹੀ ਕਿਲ੍ਹੇ ਦੇ ਸਾਹਮਣੇ ਸਥਿਤ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਵਿਖੇ ਇੱਕ ਵਿਸ਼ੇਸ਼ ਸਮਾਗਮ ਕਰਵਾਇਆ ਗਿਆ।

ਇਸ ਸਮਾਗਮ ਵਿੱਚ ਭਾਰਤ ਤੋਂ ਗਏ ਸਿੱਖ ਜਥਿਆਂ ਸਮੇਤ ਕਈ ਪ੍ਰਮੁੱਖ ਸ਼ਖ਼ਸੀਅਤਾਂ ਨੇ ਹਾਜ਼ਰੀ ਭਰੀ। ਬਰਸੀ ਸਮਾਗਮ ਦੌਰਾਨ ਲਹਿੰਦੇ ਪੰਜਾਬ (ਪਾਕਿਸਤਾਨੀ ਪੰਜਾਬ) ਦੇ ਘੱਟ ਗਿਣਤੀ ਮਾਮਲਿਆਂ ਬਾਰੇ ਸੂਬਾਈ ਮੰਤਰੀ ਅਤੇ ਪੀ. ਐੱਸ. ਜੀ. ਪੀ. ਸੀ. ਦੇ ਪ੍ਰਧਾਨ ਰਮੇਸ਼ ਸਿੰਘ ਅਰੋੜਾ ਨੇ ਸੰਗਤ ਨੂੰ ਸੰਬੋਧਨ ਕੀਤਾ। ਉਨ੍ਹਾਂ ਆਪਣੇ ਬਿਆਨ ਵਿੱਚ ਸਿੱਖ ਕੌਮ ਦੀ ਸ਼ਲਾਘਾ ਕਰਦਿਆਂ ਆਖਿਆ ਕਿ



"ਸਿੱਖ ਕੌਮ ਪਾਕਿਸਤਾਨ ਦੇ ਸਿਰ ਦਾ ਤਾਜ ਹੈ ਅਤੇ ਸਰਕਾਰ ਇੱਥੇ ਘੱਟ ਗਿਣਤੀਆਂ ਅਤੇ ਉਨ੍ਹਾਂ ਦੇ ਧਾਰਮਿਕ ਅਸਥਾਨਾਂ ਦੀ ਸੁਰੱਖਿਆ ਲਈ ਪੂਰੀ ਤਰ੍ਹਾਂ ਵਚਨਬੱਧ ਹੈ।"

ਪ੍ਰਮੁੱਖ ਸ਼ਖ਼ਸੀਅਤਾਂ ਦੀ ਹਾਜ਼ਰੀ ਅਤੇ ਸਨਮਾਨ-ਇਸ ਇਤਿਹਾਸਕ ਸਮਾਗਮ ਵਿੱਚ ਪਾਕਿਸਤਾਨੀ ਪ੍ਰਸ਼ਾਸਨ ਅਤੇ ਭਾਰਤੀ ਸਿੱਖ ਜਥਿਆਂ ਦੇ ਕਈ ਆਗੂ ਸ਼ਾਮਲ ਹੋਏ, ਜਿਨ੍ਹਾਂ ਵਿੱਚ ਮੁੱਖ ਤੌਰ 'ਤੇ ਹੇਠ ਲਿਖੇ ਨਾਮ ਸ਼ਾਮਲ ਹਨ:

ਪਾਕਿਸਤਾਨੀ ਅਧਿਕਾਰੀ/ਆਗੂ: ਈ. ਟੀ. ਪੀ. ਬੀ. ਦੇ ਵਧੀਕ ਸਕੱਤਰ (ਸ਼ਰਾਈਨਜ਼) ਨਾਸਿਰ ਮੁਸ਼ਤਾਕ, ਡਿਪਟੀ ਸਕੱਤਰ ਫ਼ਰਾਜ਼ ਅੱਬਾਸ, ਪੀ. ਐੱਸ. ਜੀ. ਪੀ. ਸੀ. ਦੀ ਜਨਰਲ ਸਕੱਤਰ ਸਤਵੰਤ ਕੌਰ, ਮਹੇਸ਼ ਸਿੰਘ ਅਤੇ ਡਾ. ਮਿਮਪਾਲ ਸਿੰਘ।

ਭਾਰਤੀ ਸਿੱਖ ਪ੍ਰਤੀਨਿਧ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਥਾ ਲੀਡਰ ਖੁਸ਼ਵਿੰਦਰ ਸਿੰਘ ਭਾਟੀਆ, ਬੀਬੀ ਹਰਜਿੰਦਰ ਕੌਰ, ਮੀਤ ਸਕੱਤਰ ਅਜ਼ਾਦਦੀਪ ਸਿੰਘ; ਦਿੱਲੀ ਕਮੇਟੀ ਵੱਲੋਂ ਹਰਵਿੰਦਰ ਸਿੰਘ ਬਖ਼ਸ਼ੀ, ਮਨਮੋਹਨ ਸਿੰਘ ਅਤੇ ਜਗਤਾਰ ਸਿੰਘ।

ਧਾਰਮਿਕ ਸ਼ਖ਼ਸੀਅਤਾਂ: ਗੁਰਦੁਆਰਾ ਡੇਰਾ ਸਾਹਿਬ ਦੇ ਗ੍ਰੰਥੀ ਭਾਈ ਰਣਜੀਤ ਸਿੰਘ ਅਤੇ ਭਾਈ ਮਨਜੀਤ ਸਿੰਘ।

ਸਮਾਗਮ ਦੇ ਅਖੀਰ ਵਿੱਚ ਪਾਕਿਸਤਾਨੀ ਸਿੱਖ ਆਗੂਆਂ ਵੱਲੋਂ ਵਧੀਕ ਸਕੱਤਰ ਨਾਸਿਰ ਮੁਸ਼ਤਾਕ ਅਤੇ ਭਾਰਤ ਤੋਂ ਆਏ ਸਿੱਖ ਜਥੇ ਦੇ ਆਗੂਆਂ ਨੂੰ ਗੁਰੂ ਘਰ ਦੀ ਬਖ਼ਸ਼ਿਸ਼ ਸਿਰੋਪਾਓ ਅਤੇ ਯਾਦਗਾਰੀ ਚਿੰਨ੍ਹ ਭੇਟ ਕਰਕੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।

# ਅੰਮ੍ਰਿਤਸਰ ਵਿਚ ਨਸ਼ਾ ਤੇ ਹਥਿਆਰ ਤਸਕਰੀ ਦੇ ਦੋਸ਼ ਵਿਚ10 ਮੁਲਜ਼ਮ ਗ੍ਰਿਫ਼ਤਾਰ

## ✪ 11 ਪਿਸਤੌਲ, 11 ਕਿੱਲੋ ਹੈਰੋਇਨ ਬਰਾਮਦ ਅਤੇ ਕਰੋੜਾਂ ਦੀ ਜਾਇਦਾਦ ਫ਼ਰੀਜ਼

ਅੰਮ੍ਰਿਤਸਰ/ਅਟਾਰੀ-ਅੰਮ੍ਰਿਤਸਰ ਦਿਹਾਤੀ ਪੁਲਿਸ ਨੂੰ ਸਰਹੱਦ ਪਾਰ ਤੋਂ ਹੋਣ ਵਾਲੀ ਹਥਿਆਰਾਂ ਅਤੇ ਨਸ਼ਿਆਂ ਦੀ ਤਸਕਰੀ ਖ਼ਿਲਾਫ਼ ਵਿੱਢੀ ਮੁਹਿੰਮ ਵੱਖ-ਵੱਖ ਇਲਾਕਿਆਂ ਵਿੱਚ ਛਾਪੇਮਾਰੀ ਕਰਕੇ 10 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਨ੍ਹਾਂ ਮੁਲਜ਼ਮਾਂ ਦੇ ਕਬਜ਼ੇ ਵਿੱਚੋਂ 11 ਪਿਸਤੌਲ, ਭਾਰੀ ਮਾਤਰਾ ਵਿੱਚ ਗੋਲੀ-ਸਿੱਕਾ, ਲਗਭਗ 11 ਕਿੱਲੋ ਹੈਰੋਇਨ, ਆਈਸ ਡਰੱਗ ਅਤੇ ਡਰੱਗ ਮਨੀ ਬਰਾਮਦ ਕੀਤੀ ਗਈ ਹੈ। ਇਸ ਦੇ ਨਾਲ ਹੀ ਪੁਲਿਸ ਨੇ ਤਸਕਰਾਂ ਦੀ ਸਵਾ ਤਿੰਨ ਕਰੋੜ ਰੁਪਏ ਦੀ ਜਾਇਦਾਦ ਫ਼ਰੀਜ਼ ਕਰਵਾਉਣ ਦੀ ਪ੍ਰਕਿਰਿਆ ਵੀ ਸ਼ੁਰੂ ਕਰ ਦਿੱਤੀ ਹੈ। ਐੱਸ.ਐੱਸ.ਪੀ. ਦਿਹਾਤੀ ਕੰਵਲਪ੍ਰੀਤ ਸਿੰਘ ਚਾਹਲ ਨੇ ਦੱਸਿਆ ਕਿ ਇਹ ਵੱਡੀ ਕਾਰਵਾਈ ਘਰਿੰਡਾ, ਮਜੀਠਾ, ਅਜਨਾਲਾ ਅਤੇ ਕੱਥੂਨੰਗਲ ਦੇ ਖੇਤਰਾਂ ਵਿੱਚ ਕੀਤੀ ਗਈ ਹੈ।

ਥਾਣਾ ਘਰਿੰਡਾ: ਅੰਮ੍ਰਿਤਪਾਲ ਸਿੰਘ (ਵਾਸੀ ਜਠੌਲ ਕਲਾਂ) ਨੂੰ 2 ਪਿਸਤੌਲ, 15 ਜ਼ਿੰਦਾ ਰੌਂਦ ਅਤੇ 560 ਗ੍ਰਾਮ ਹੈਰੋਇਨ ਸਮੇਤ ਕਾਬੂ ਕੀਤਾ। ਗੁਰਸਾਹਿਬ ਸਿੰਘ (ਵਾਸੀ ਧਨੋਟੇ ਕਲਾਂ) ਅਤੇ ਸਵਿੰਦਰ ਸਿੰਘ ਉਰਫ਼ ਸ਼ਿੰਦਾ (ਵਾਸੀ ਗਹਿਰੀ) ਪਾਸੋਂ 5 ਪਿਸਤੌਲ, 8 ਕਿੱਲੋ 480 ਗ੍ਰਾਮ ਹੈਰੋਇਨ ਅਤੇ 52 ਹਜ਼ਾਰ ਰੁਪਏ ਡਰੱਗ ਮਨੀ ਬਰਾਮਦ ਹੋਈ। ਗੁਰਕਮਲ ਸਿੰਘ (ਵਾਸੀ ਪਿੰਡ ਡੰਡੇ) ਅਤੇ ਗੁਰਪ੍ਰੀਤ ਸਿੰਘ ਉਰਫ਼ ਗੋਪੀ (ਵਾਸੀ ਬੁਟਾਰੀ) ਕੋਲੋਂ 1 ਕਿੱਲੋ 19 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ।

ਥਾਣਾ ਅਜਨਾਲਾ: ਪੁਲਿਸ ਨੇ ਸਨੀ (ਵਾਸੀ ਲਦੇਹ), ਲਵਜੀਤ ਸਿੰਘ (ਵਾਸੀ ਸਰਾਏ), ਗੁਰਸੇਵਕ ਸਿੰਘ (ਵਾਸੀ ਫੂਲੇ ਚੱਕ) ਅਤੇ ਸਵਰਾਜ ਸਿੰਘ (ਵਾਸੀ ਪਿੰਡ ਤੇੜਾ) ਨੂੰ 3 ਪਿਸਤੌਲ ਅਤੇ 14 ਜ਼ਿੰਦਾ ਰੌਂਦ ਸਮੇਤ ਗ੍ਰਿਫ਼ਤਾਰ ਕੀਤਾ। ਥਾਣਾ ਕੱਥੂਨੰਗਲ ਅਤੇ ਤਰਸਿੱਕਾ: ਥਾਣਾ ਕੱਥੂਨੰਗਲ ਦੀ ਪੁਲਿਸ ਨੇ 2 ਕਿੱਲੋਗ੍ਰਾਮ ਹੈਰੋਇਨ ਬਰਾਮਦ ਕਰਨ ਵਿੱਚ ਸਫ਼ਲਤਾ ਹਾਸਿਲ ਕੀਤੀ। ਥਾਣਾ ਤਰਸਿੱਕਾ ਦੀ ਪੁਲਿਸ ਵੱਲੋਂ ਰਵਲਜੀਤ ਸਿੰਘ (ਵਾਸੀ ਤਿੰਮੋਵਾਲ) ਤੋਂ 1 ਪਿਸਤੌਲ ਅਤੇ 3 ਜ਼ਿੰਦਾ ਰੌਂਦ ਬਰਾਮਦ ਕੀਤੇ ਗਏ। ਤਸਕਰਾਂ ਦੀਆਂ ਜਾਇਦਾਦਾਂ 'ਤੇ ਚੱਲਿਆ ਪੁਲਿਸ ਦਾ ਡੰਡਾ-ਐੱਸ.ਐੱਸ.ਪੀ. ਚਾਹਲ ਨੇ ਦੱਸਿਆ ਕਿ ਨਸ਼ਾ ਤਸਕਰਾਂ ਵੱਲੋਂ ਗ਼ੈਰ-ਕਾਨੂੰਨੀ ਕਮਾਈ ਨਾਲ ਬਣਾਈਆਂ ਜਾਇਦਾਦਾਂ ਨੂੰ ਜ਼ਬਤ ਕਰਨ ਦੀ ਮੁਹਿੰਮ ਤੇਜ਼ ਕਰ ਦਿੱਤੀ ਗਈ ਹੈ। ਹੁਣ ਤੱਕ ਕੁੱਲ 3 ਮਾਮਲਿਆਂ ਵਿੱਚ 1 ਕਰੋੜ, 20 ਲੱਖ 30 ਹਜ਼ਾਰ ਰੁਪਏ ਦੀ ਜਾਇਦਾਦ ਫ਼ਰੀਜ਼ ਕਰਵਾਈ ਜਾ ਚੁੱਕੀ ਹੈ। ਇਸ ਤੋਂ ਇਲਾਵਾ 80 ਤੋਂ ਵੱਧ ਹੋਰ ਨਸ਼ਾ ਤਸਕਰਾਂ ਦੀਆਂ ਪ੍ਰਾਪਰਟੀਆਂ ਨੂੰ ਫ਼ਰੀਜ਼ ਕਰਵਾਉਣ ਦੀ ਕਾਨੂੰਨੀ ਕਾਰਵਾਈ ਵੀ ਪ੍ਰਕਿਰਿਆ ਅਧੀਨ ਹੈ।

ਇਸ ਅਹਿਮ ਪ੍ਰੈੱਸ ਕਾਨਫਰੰਸ ਦੌਰਾਨ ਡੀ.ਐੱਸ.ਪੀ. ਗੁਰਿੰਦਰਪਾਲ ਸਿੰਘ ਨਾਗਰਾ ਅਤੇ ਡੀ.ਐੱਸ.ਪੀ. ਅਟਾਰੀ ਯਾਦਵਿੰਦਰ ਸਿੰਘ ਸਮੇਤ ਹੋਰ ਉੱਚ ਪੁਲਿਸ ਅਧਿਕਾਰੀ ਵੀ ਮੌਜੂਦ ਸਨ। ਪੁਲਿਸ ਮੁਤਾਬਕ ਇਨ੍ਹਾਂ ਗ੍ਰਿਫ਼ਤਾਰੀਆਂ ਨਾਲ ਸਰਹੱਦ ਪਾਰ ਦੇ ਸਮਗਲਿੰਗ ਨੈੱਟਵਰਕ ਨੂੰ ਵੱਡਾ ਝਟਕਾ ਲੱਗਾ ਹੈ।

# 80 ਸਾਲਾ ਬਜ਼ੁਰਗ ਔਰਤ ਨਾਲ ਜਬਰ-ਜਨਾਹ, ਹਸਪਤਾਲ ਵਿਚ ਹਾਲਤ ਗੰਭੀਰ, ਪੁਲਿਸ 'ਤੇ ਲੱਗੇ ਲਾਪ੍ਰਵਾਹੀ ਦੇ ਦੋਸ਼

ਬਠਿੰਡਾ-ਬਠਿੰਡਾ ਵਿਖੇ ਇੱਕ ਬੇਹੱਦ ਇਨਸਾਨੀਅਤ ਨੂੰ ਸ਼ਰਮਸਾਰ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਇੱਕ 80 ਸਾਲਾ ਬਜ਼ੁਰਗ ਔਰਤ ਨਾਲ ਕਥਿਤ ਤੌਰ 'ਤੇ ਜਬਰ-ਜਨਾਹ ਕੀਤਾ ਗਿਆ। ਦੋਸ਼ ਮੁਤਾਬਕ ਪੀੜਤ ਔਰਤ ਦੇ ਗੁਆਂਢ ਵਿੱਚ ਹੀ ਰਹਿਣ ਵਾਲਾ ਇੱਕ ਨੌਜਵਾਨ ਕੰਧ ਟੱਪ ਕੇ ਘਰ ਦੇ ਅੰਦਰ ਦਾਖ਼ਲ ਹੋਇਆ ਅਤੇ ਬਜ਼ੁਰਗ ਔਰਤ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾ ਕੇ ਮੌਕੇ ਤੋਂ ਫ਼ਰਾਰ ਹੋ ਗਿਆ। ਸੁਖਪਾਲ ਸਿੰਘ ਸਰਾਂ ਨੇ ਖ਼ਦਸ਼ਾ ਜ਼ਾਹਿਰ ਕੀਤਾ ਹੈ ਕਿ ਇਸ ਵਾਰਦਾਤ ਵਿੱਚ ਇੱਕ ਤੋਂ ਲੈ ਕੇ ਤਿੰਨ ਵਿਅਕਤੀਆਂ ਦੀ ਸ਼ਮੂਲੀਅਤ ਹੋ ਸਕਦੀ ਹੈ। ਬਜ਼ੁਰਗ ਔਰਤ ਦੇ ਸਰੀਰ 'ਤੇ ਗੰਭੀਰ ਸੱਟਾਂ ਦੇ ਨਿਸ਼ਾਨ ਹਨ।

ਪੁਲਿਸ ਦੀ ਕਾਰਜਪ੍ਰਣਾਲੀ 'ਤੇ ਉੱਠੇ ਸਵਾਲ-ਭਾਜਪਾ ਆਗੂ ਸੁਖਪਾਲ ਸਿੰਘ ਸਰਾਂ ਨੇ ਸਥਾਨਕ ਪੁਲਿਸ 'ਤੇ ਗੰਭੀਰ ਦੋਸ਼ ਲਗਾਉਂਦਿਆਂ ਕਾਰਵਾਈ ਵਿਚ ਢਿੱਲ-ਮੱਠ ਦੇ ਇਲਜ਼ਾਮ ਲਗਾਏ ਹਨ। ਉਨ੍ਹਾਂ ਕਿਹਾ ਕਿ ਜਦੋਂ ਪੀੜਤ ਬਜ਼ੁਰਗ ਔਰਤ ਇਨਸਾਫ਼ ਲਈ ਪੁਲਿਸ ਕੋਲ ਪਹੁੰਚੀ, ਤਾਂ ਪੁਲਿਸ ਨੇ ਉਨ੍ਹਾਂ ਨੂੰ ਤੁਰੰਤ ਮਦਦ ਦੇਣ ਜਾਂ ਹਸਪਤਾਲ ਪਹੁੰਚਾਉਣ ਦੀ ਬਜਾਏ, ਖ਼ੁਦ ਹਸਪਤਾਲ ਜਾਣ ਲਈ ਕਹਿ ਦਿੱਤਾ। ਮੈਡੀਕਲ ਜਾਂਚ ਵਿੱਚ ਹੋਈ ਇਸ ਦੇਰੀ ਕਾਰਨ ਕੇਸ ਨਾਲ ਜੁੜੇ ਅਹਿਮ ਅਤੇ ਮਹੱਤਵਪੂਰਨ ਸਬੂਤ ਪ੍ਰਭਾਵਿਤ ਹੋ ਸਕਦੇ ਹਨ। ਇਸ ਪੂਰੇ ਮਾਮਲੇ ਦੀ ਉੱਚ ਪੱਧਰੀ ਜਾਂਚ ਹੋਣੀ ਚਾਹੀਦੀ ਹੈ। ਦੂਜੇ ਪਾਸੇ ਜਦੋਂ ਇਸ ਮਾਮਲੇ ਸਬੰਧੀ ਪੁਲਿਸ ਦਾ ਪੱਖ ਜਾਣਨਾ ਚਾਹਿਆ ਤਾਂ ਥਾਣਾ ਥਰਮਲ ਦੇ ਮੁੱਖ ਅਫ਼ਸਰ ਹਰਜੀਵਨ ਸਿੰਘ ਨੇ ਦੱਸਿਆ ਕਿ ਫਿਲਹਾਲ ਪੁਲਿਸ ਕੋਲ ਕਿਸੇ ਵੀ ਧਿਰ ਵੱਲੋਂ ਬਿਆਨ ਦਰਜ ਨਹੀਂ ਕਰਵਾਏ ਗਏ ਹਨ। ਉਨ੍ਹਾਂ ਕਿਹਾ ਕਿ ਜਿਵੇਂ ਹੀ ਪੀੜਤ ਪੱਖ ਵੱਲੋਂ ਬਿਆਨ ਦਰਜ ਕਰਵਾਏ ਜਾਂਦੇ ਹਨ, ਤਾਂ ਕਾਨੂੰਨ ਅਨੁਸਾਰ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

# ਕੈਨੇਡਾ ਤੇ ਨਿਊਜ਼ੀਲੈਂਡ ਦਾ ਪੰਜਾਬੀਆਂ ਨੂੰ ਵੱਡਾ ਝਟਕਾ

## ✪ ਫਰਜ਼ੀ ਕਹਾਣੀਆਂ ਵਾਲੀਆਂ 'ਸਿਆਸੀ ਸ਼ਰਨ' ਦੀਆਂ ਅਰਜ਼ੀਆਂ ਧੜਾਧੜ ਰੱਦ

## ✪ ਡਿਪੋਰਟੇਸ਼ਨ ਦੀ ਪੈਂਡਿੰਗ ਲਿਸਟ 'ਚ ਭਾਰਤ ਨੰਬਰ 1: ਏਜੰਟਾਂ ਦੇ ਝਾਂਸੇ 'ਚ ਬਰਬਾਦ ਹੁੰਦੀ ਨੌਜਵਾਨੀ

ਖਾਸ ਖਬਰ

ਕੈਨੇਡਾ ਅਤੇ ਨਿਊਜ਼ੀਲੈਂਡ ਤੋਂ ਆ ਰਹੇ ਤਾਜ਼ਾ ਇਮੀਗ੍ਰੇਸ਼ਨ ਅੰਕੜੇ ਨਾ ਸਿਰਫ਼ ਚਿੰਤਾਜਨਕ ਹਨ, ਸਗੋਂ ਪੰਜਾਬ ਅਤੇ ਭਾਰਤ ਦੇ ਉਨ੍ਹਾਂ ਹਜ਼ਾਰਾਂ ਨੌਜਵਾਨਾਂ ਲਈ ਇੱਕ ਵੱਡਾ ਸਬਕ ਵੀ ਹਨ ਜੋ ਗਲਤ ਰਸਤੇ ਅਪਣਾ ਕੇ ਵਿਦੇਸ਼ਾਂ ਵਿੱਚ ਪੱਕੇ ਹੋਣ ਦੇ ਸੁਪਨੇ ਦੇਖ ਰਹੇ ਹਨ। ਦੋਵਾਂ ਦੇਸ਼ਾਂ ਦੇ ਇਮੀਗ੍ਰੇਸ਼ਨ ਵਿਭਾਗਾਂ ਵੱਲੋਂ 'ਸਿਆਸੀ ਸ਼ਰਨ' ਮੰਗਣ ਵਾਲੀਆਂ ਅਰਜ਼ੀਆਂ ਨੂੰ ਜਿਸ ਧੜਾਧੜ ਤਰੀਕੇ ਨਾਲ ਰੱਦ ਕੀਤਾ ਜਾ ਰਿਹਾ ਹੈ ਅਤੇ ਰਿਕਾਰਡ ਪੱਧਰ 'ਤੇ ਲੋਕਾਂ ਨੂੰ ਡਿਪੋਰਟ (ਦੇਸ਼ ਨਿਕਾਲਾ) ਕੀਤਾ ਜਾ ਰਿਹਾ ਹੈ, ਉਸ ਨੇ ਫਰਜ਼ੀ ਕਹਾਣੀਆਂ ਦੇ ਸਿਰ 'ਤੇ ਚੱਲਣ ਵਾਲੇ 'ਰਿਫਊਜੀ ਬਾਜ਼ਾਰ' ਦੀ ਫੂਕ ਕੱਢ ਦਿੱਤੀ ਹੈ। ਇਹ ਸਥਿਤੀ ਸਪੱਸ਼ਟ ਕਰਦੀ ਹੈ ਕਿ ਹੁਣ ਵਿਦੇਸ਼ੀ ਸਰਕਾਰਾਂ ਝੂਠੇ ਦਾਅਵਿਆਂ ਨੂੰ ਬਰਦਾਸ਼ਤ ਕਰਨ ਦੇ ਮੂਡ ਵਿੱਚ ਬਿਲਕੁਲ ਨਹੀਂ ਹਨ।

ਜੇਕਰ ਨਿਊਜ਼ੀਲੈਂਡ ਦੇ ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ ਸਾਲ 2023 ਤੋਂ ਲੈ ਕੇ 2026 ਦੇ ਪਹਿਲੇ ਕੁਝ ਮਹੀਨਿਆਂ ਤੱਕ ਹਜ਼ਾਰਾਂ ਅਰਜ਼ੀਆਂ ਵਿੱਚੋਂ ਸਿਰਫ਼ 3 ਜਾਂ 8 ਅਰਜ਼ੀਆਂ ਹੀ ਸਹੀ ਪਾਈਆਂ ਗਈਆਂ। ਬਾਕੀ 60 ਫੀਸਦੀ ਤੋਂ ਵੱਧ ਅਰਜ਼ੀਆਂ ਸਿੱਧੀਆਂ ਰੱਦ ਕਰ ਦਿੱਤੀਆਂ ਗਈਆਂ। ਕੈਨੇਡਾ ਦਾ ਹਾਲ ਇਸ ਤੋਂ ਵੀ ਗੰਭੀਰ ਹੈ, ਜਿੱਥੇ ਸਾਲ 2023 ਵਿੱਚ 1,132 ਭਾਰਤੀਆਂ ਨੂੰ ਡਿਪੋਰਟ ਕੀਤਾ ਗਿਆ ਸੀ, ਉੱਥੇ ਹੀ 2025 ਵਿੱਚ ਇਹ ਅੰਕੜਾ ਵਧ ਕੇ 3,779 ਤੱਕ ਪਹੁੰਚ ਗਿਆ ਅਤੇ ਸਾਲ 2026 ਦੇ ਪਹਿਲੇ ਤਿੰਨ ਮਹੀਨਿਆਂ ਵਿੱਚ ਹੀ 1,712 ਲੋਕਾਂ ਨੂੰ ਵਾਪਸ ਭੇਜਿਆ ਜਾ ਚੁੱਕਾ ਹੈ। ਸਭ ਤੋਂ ਮੰਦਭਾਗੀ ਗੱਲ ਇਹ ਹੈ ਕਿ ਕੈਨੇਡਾ ਦੀ ਡਿਪੋਰਟੇਸ਼ਨ ਦੀ ਪੈਂਡਿੰਗ ਸੂਚੀ ਵਿੱਚ ਭਾਰਤ 6,980 ਮਾਮਲਿਆਂ ਨਾਲ ਦੁਨੀਆ ਭਰ ਵਿੱਚ ਪਹਿਲੇ ਨੰਬਰ 'ਤੇ ਹੈ।

ਫਰਜ਼ੀ ਨੈੱਟਵਰਕ ਅਤੇ ਮਨਘੜਤ ਕਹਾਣੀਆਂ ਦਾ ਪਰਦਾਫਾਸ਼-ਇਸ ਪੂਰੇ ਘਟਨਾਕ੍ਰਮ ਦਾ ਸਭ ਤੋਂ ਕਾਲਾ ਪੱਖ ਉਹ ਟ੍ਰੈਵਲ ਏਜੰਟ ਅਤੇ ਕੰਸਲਟੈਂਟ ਹਨ, ਜੋ ਨੌਜਵਾਨਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਤੋਂ ਮੋਟੀਆਂ ਰਕਮਾਂ ਵਸੂਲ ਕੇ ਉਨ੍ਹਾਂ ਨੂੰ ਝੂਠ ਦੇ ਰਾਹ ਤੋਰਦੇ ਹਨ। ਨੌਜਵਾਨਾਂ ਨੂੰ ਵਿਦੇਸ਼ ਪਹੁੰਚਾ ਕੇ ਉੱਥੇ ਪੱਕੇ ਕਰਵਾਉਣ ਲਈ "ਮਨਘੜਤ ਅੱਤਿਆਚਾਰ", "ਸਿਆਸੀ ਬਦਲਾਖੋਰੀ" ਜਾਂ "ਧਾਰਮਿਕ ਸ਼ੋਸ਼ਣ" ਦੇ ਅਜਿਹੇ ਝੂਠੇ ਦਸਤਾਵੇਜ਼ ਅਤੇ ਕਹਾਣੀਆਂ ਘੜੀਆਂ ਜਾਂਦੀਆਂ ਹਨ, ਜਿਨ੍ਹਾਂ ਦਾ ਜ਼ਮੀਨੀ ਹਕੀਕਤ ਨਾਲ ਕੋਈ ਲੈਣਾ-ਦੇਣਾ ਨਹੀਂ ਹੁੰਦਾ। ਵਿਦੇਸ਼ੀ ਅਧਿਕਾਰੀ ਹੁਣ ਇਨ੍ਹਾਂ ਚਾਲਾਂ ਨੂੰ ਚੰਗੀ ਤਰ੍ਹਾਂ ਸਮਝ ਚੁੱਕੇ ਹਨ। ਆਧੁਨਿਕ ਤਕਨੀਕ ਅਤੇ ਆਪਸੀ ਤਾਲਮੇਲ ਸਦਕਾ ਹੁਣ ਅਜਿਹੇ ਫਰਜ਼ੀ ਦਾਅਵਿਆਂ ਦੀ ਪੜਤਾਲ ਮਿੰਟਾਂ ਵਿੱਚ ਹੋ ਜਾਂਦੀ ਹੈ, ਜਿਸ ਦਾ ਖ਼ਾਮਿਆਜ਼ਾ ਮਾਸੂਮ ਜਾਂ ਗੁਮਰਾਹ ਹੋਏ ਨੌਜਵਾਨਾਂ ਨੂੰ ਦੇਸ਼ ਨਿਕਾਲੇ ਅਤੇ ਬਦਨਾਮੀ ਦੇ ਰੂਪ ਵਿੱਚ ਭੁਗਤਣਾ ਪੈ ਰਿਹਾ ਹੈ।

ਸਮਾਜਿਕ ਅਤੇ ਆਰਥਿਕ ਨੁਕਸਾਨ-ਜਦੋਂ ਕੋਈ ਨੌਜਵਾਨ ਲੱਖਾਂ ਰੁਪਏ ਕਰਜ਼ਾ ਚੁੱਕ ਕੇ ਜਾਂ ਜ਼ਮੀਨਾਂ ਵੇਚ ਕੇ ਵਿਦੇਸ਼ ਜਾਂਦਾ ਹੈ ਅਤੇ ਉੱਥੋਂ ਡਿਪੋਰਟ ਹੋ ਕੇ ਵਾਪਸ ਮੁੜਦਾ ਹੈ, ਤਾਂ ਉਹ ਸਿਰਫ਼ ਆਰਥਿਕ ਤੌਰ 'ਤੇ ਹੀ ਨਹੀਂ ਟੁੱਟਦਾ, ਸਗੋਂ ਮਾਨਸਿਕ ਅਤੇ ਸਮਾਜਿਕ ਤੌਰ 'ਤੇ ਵੀ ਬਰਬਾਦ ਹੋ ਜਾਂਦਾ ਹੈ। ਇਸ ਤੋਂ ਵੀ ਵੱਡੀ ਗੱਲ ਇਹ ਹੈ ਕਿ ਅਜਿਹੀਆਂ ਫਰਜ਼ੀ ਅਰਜ਼ੀਆਂ ਕਾਰਨ ਉਨ੍ਹਾਂ ਲੋਕਾਂ ਦੇ ਅਕਸ ਨੂੰ ਵੱਡੀ ਢਾਹ ਲੱਗਦੀ ਹੈ ਜੋ ਇਮਾਨਦਾਰੀ, ਮਿਹਨਤ ਅਤੇ ਕਾਨੂੰਨੀ ਤਰੀਕੇ ਨਾਲ ਵਿਦੇਸ਼ਾਂ ਵਿੱਚ ਵਸਣਾ ਚਾਹੁੰਦੇ ਹਨ। ਝੂਠੇ ਕੇਸਾਂ ਦੀ ਬਹੁਤਾਤ ਕਾਰਨ ਹੁਣ ਅਸਲੀ ਪੀੜਤਾਂ ਜਾਂ ਜਾਇਜ਼ ਪ੍ਰਵਾਸੀਆਂ ਨੂੰ ਵੀ ਸ਼ੱਕ ਦੀ ਨਿਗਾਹ ਨਾਲ ਦੇਖਿਆ ਜਾਣ ਲੱਗਾ ਹੈ।

ਵੇਲਾ ਸੰਭਲਣ ਦਾ ਹੈ-ਮਾਹਿਰਾਂ ਦਾ ਕਹਿਣਾ ਹੈ ਕਿ ਇਹ ਝਟਕਾ ਪੰਜਾਬੀ ਸਮਾਜ ਲਈ ਇੱਕ ਅੱਖਾਂ ਖੋਲ੍ਹਣ ਵਾਲਾ ਇਸ਼ਾਰਾ ਹੈ। ਹੁਣ ਵੇਲਾ ਆ ਗਿਆ ਹੈ ਕਿ ਕਾਨੂੰਨੀ ਤਰੀਕਿਆਂ ਨੂੰ ਪਹਿਲ ਦਿੱਤੀ ਜਾਵੇ: ਨੌਜਵਾਨ ਝੂਠੇ ਸ਼ਾਰਟਕੱਟ ਲੱਭਣ ਦੀ ਬਜਾਏ ਆਪਣੀ ਯੋਗਤਾ, ਪੜ੍ਹਾਈ ਅਤੇ ਹੁਨਰ ਦੇ ਦਮ 'ਤੇ ਕਾਨੂੰਨੀ ਰਸਤੇ ਰਾਹੀਂ ਵਿਦੇਸ਼ ਜਾਣ ਨੂੰ ਤਰਜੀਹ ਦੇਣ। ਪੰਜਾਬ ਅਤੇ ਕੇਂਦਰ ਸਰਕਾਰ ਨੂੰ ਅਜਿਹੇ ਕੱਟੜਪੰਥੀ ਅਤੇ ਧੋਖੇਬਾਜ਼ ਏਜੰਟਾਂ ਦੇ ਨੈੱਟਵਰਕਾਂ 'ਤੇ ਸ਼ਿਕੰਜਾ ਕੱਸਣਾ ਚਾਹੀਦਾ ਹੈ ਜੋ ਨੌਜਵਾਨਾਂ ਦੇ ਭਵਿੱਖ ਨਾਲ ਖਿਲਵਾੜ ਕਰ ਰਹੇ ਹਨ। ਪਿੰਡਾਂ ਅਤੇ ਸ਼ਹਿਰਾਂ ਵਿੱਚ ਪ੍ਰਵਾਸ ਸਬੰਧੀ ਸਹੀ ਨਿਯਮਾਂ ਬਾਰੇ ਜਾਗਰੂਕਤਾ ਮੁਹਿੰਮਾਂ ਚਲਾਈਆਂ ਜਾਣ ਤਾਂ ਜੋ ਕੋਈ ਵੀ ਪਰਿਵਾਰ ਆਪਣੀ ਜਮ੍ਹਾਂ-ਪੂੰਜੀ ਕਿਸੇ ਦੇ ਬਹਿਕਾਵੇ ਵਿੱਚ ਆ ਕੇ ਬਰਬਾਦ ਨਾ ਕਰੇ।

ਵਿਦੇਸ਼ ਜਾਣਾ ਜਾਂ ਉੱਥੇ ਵਸਣਾ ਗਲਤ ਨਹੀਂ ਹੈ, ਪਰ ਝੂਠ ਅਤੇ ਫ਼ਰੇਬ ਦੀ ਬੁਨਿਆਦ 'ਤੇ ਉਸਾਰੇ ਗਏ ਸੁਪਨਿਆਂ ਦੇ ਮਹਿਲ ਬਹੁਤੀ ਦੇਰ ਟਿਕ ਨਹੀਂ ਸਕਦੇ। ਕੈਨੇਡਾ ਅਤੇ ਨਿਊਜ਼ੀਲੈਂਡ ਦੀ ਇਹ ਸਖ਼ਤੀ ਇਹੋ ਸਿੱਧ ਕਰਦੀ ਹੈ ਕਿ ਸ਼ਾਰਟਕੱਟ ਦਾ ਅੰਤ ਹਮੇਸ਼ਾ ਖ਼ਤਰਨਾਕ ਹੁੰਦਾ ਹੈ।

# ਉੱਚੀ ਆਵਾਜ਼ ਵਿਚ ਚੱਲ ਰਿਹਾ ਡੀ.ਜੇ. ਬੰਦ ਕਰਵਾਉਣ ਗਈ ਪੁਲਸ ’ਤੇ ਭਈਆਂ ਵਲੋਂ ਹਮਲਾ, ਇਕ ਮੁਲਾਜ਼ਮ ਜ਼ਖ਼ਮੀ

ਮੋਗਾ-ਪੰਜਾਬ ਦੇ ਮੋਗਾ ਜ਼ਿਲ੍ਹੇ ਤੋਂ ਇਕ ਬੇਹੱਦ ਹੈਰਾਨੀਜਨਕ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਕੋਟਕਪੂਰਾ ਬਾਈਪਾਸ ਇਲਾਕੇ ਵਿੱਚ ਦੇਰ ਰਾਤ ਉੱਚੀ ਆਵਾਜ਼ ਵਿੱਚ ਚੱਲ ਰਹੇ ਡੀ.ਜੇ. ਨੂੰ ਬੰਦ ਕਰਵਾਉਣ ਗਈ ਪੁਲਸ ਪਾਰਟੀ ’ਤੇ ਕੁਝ ਵਿਅਕਤੀਆਂ ਵੱਲੋਂ ਕਥਿਤ ਤੌਰ ’ਤੇ ਹਮਲਾ ਕਰ ਦਿੱਤਾ ਗਿਆ। ਇਸ ਹਮਲੇ ਦੌਰਾਨ ਪੀ.ਸੀ.ਆਰ. ਗੱਡੀ ’ਤੇ ਤਾਇਨਾਤ ਇਕ ਹੈੱਡ ਕਾਂਸਟੇਬਲ ਸੂਬਾ ਸਿੰਘ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ, ਜਿਸ ਨੂੰ ਇਲਾਜ ਲਈ ਤੁਰੰਤ ਸਿਵਲ ਹਸਪਤਾਲ ਮੋਗਾ ਵਿਖੇ ਦਾਖ਼ਲ ਕਰਵਾਇਆ ਗਿਆ।

ਸ਼ਿਕਾਇਤ ਦੇ ਆਧਾਰ ’ਤੇ ਜਦੋਂ ਸੂਬਾ ਸਿੰਘ ਆਪਣੀ ਪੁਲਸ ਟੀਮ ਸਮੇਤ ਮੌਕੇ ’ਤੇ ਪਹੁੰਚੇ ਅਤੇ ਡੀ.ਜੇ. ਬੰਦ ਕਰਨ ਲਈ ਆਖਿਆ, ਤਾਂ ਉੱਥੇ ਮੌਜੂਦ ਕੁਝ ਪ੍ਰਵਾਸੀ ਵਿਅਕਤੀਆਂ ਨੇ ਪੁਲਸ ਨਾਲ ਬਹਿਸਬਾਜ਼ੀ ਸ਼ੁਰੂ ਕਰ ਦਿੱਤੀ। ਦੇਖਦੇ ਹੀ ਦੇਖਦੇ ਮਾਮਲਾ



ਇੰਨਾ ਗਰਮਾ ਗਿਆ ਕਿ ਉਕਤ ਹਮਲਾਵਰਾਂ ਨੇ ਪੁਲਸ ਪਾਰਟੀ ’ਤੇ ਹਮਲਾ ਕਰ ਦਿੱਤਾ, ਜਿਸ ਵਿੱਚ ਹੈੱਡ ਕਾਂਸਟੇਬਲ ਸੂਬਾ ਸਿੰਘ ਜ਼ਖ਼ਮੀ ਹੋ ਗਏ। ©ਇਸ ਘਟਨਾ ਤੋਂ ਬਾਅਦ ਪੁਲਸ ਵਿਭਾਗ ਦੇ ਮੁਲਾਜ਼ਮਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਪੁਲਸ ਅਧਿਕਾਰੀਆਂ ਮੁਤਾਬਕ ਪੀੜਤ ਮੁਲਾਜ਼ਮ ਦੇ ਬਿਆਨਾਂ ਦੇ ਆਧਾਰ ’ਤੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਹਮਲਾਵਰਾਂ ਦੀ ਪਛਾਣ ਕੀਤੀ ਜਾ ਰਹੀ ਹੈ ਅਤੇ ਪੁਲਸ ਦਾ ਦਾਅਵਾ ਹੈ ਕਿ ਕਾਨੂੰਨ ਨੂੰ ਹੱਥ ਵਿੱਚ ਲੈਣ ਵਾਲੇ ਦੋਸ਼ੀਆਂ ਖ਼ਿਲਾਫ਼ ਸਖ਼ਤ ਤੋਂ ਸਖ਼ਤ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

# ਪੈਸਾ ਦੁੱਗਣਾ ਕਰਨ ਦਾ ਲਾਲਚ ਪਿਆ ਮਹਿੰਗਾ

## ✪ ਪੰਜਾਬ ਦੀ ਮਹਿਲਾ ਹਿਮਾਚਲ ਦੇ ਊਨਾ ਵਿਚ 3000 ਔਰਤਾਂ ਦੇ ਕਰੋੜਾਂ ਰੁਪਏ ਲੈ ਕੇ ਵਿਦੇਸ਼ ਫ਼ਰਾਰ

ਊਨਾ (ਹਿਮਾਚਲ ਪ੍ਰਦੇਸ਼)-ਹਿਮਾਚਲ ਪ੍ਰਦੇਸ਼ ਦੇ ਊਨਾ ਜ਼ਿਲ੍ਹੇ ਦੇ ਅੰਬ ਖੇਤਰ ਵਿੱਚ ਇੱਕ ਬਹੁਤ ਵੱਡੇ ਪੋਂਜ਼ੀ ਸਕੀਮ ਘੁਟਾਲੇ ਦਾ ਪਰਦਾਫਾਸ਼ ਹੋਇਆ ਹੈ। ਪੰਜਾਬ ਦੇ ਦਸੂਹਾ ਦੀ ਰਹਿਣ ਵਾਲੀ ਇੱਕ ਸ਼ਾਤਰ ਮਹਿਲਾ ਨੇ ਯੋਜਨਾਬੱਧ ਤਰੀਕੇ ਨਾਲ ਠੱਗੀ ਦਾ ਜਾਲ ਵਿਛਾ ਕੇ ਖੇਤਰ ਦੀਆਂ ਕਰੀਬ 3000 ਮਾਸੂਮ ਔਰਤਾਂ ਦੀ ਖੂਨ-ਪਸੀਨੇ ਦੀ ਕਮਾਈ ਹੜੱਪ ਲਈ ਅਤੇ ਹੁਣ ਉਹ ਸਾਰਾ ਪੈਸਾ ਸਮੇਟ ਕੇ ਵਿਦੇਸ਼ ਫ਼ਰਾਰ ਹੋ ਚੁੱਕੀ ਹੈ।

ਇਸ ਮਲਟੀ-ਲੇਵਲ ਮਾਰਕੀਟਿੰਗ ਘੁਟਾਲੇ ਦਾ ਸ਼ਿਕਾਰ ਹੋਣ ਵਾਲਿਆਂ ਵਿੱਚ ਜ਼ਿਆਦਾਤਰ ਮੱਧਮ ਵਰਗ ਦੀਆਂ ਆਂਗਣਵਾੜੀ ਵਰਕਰ, ਮਿਡ-ਡੇ-ਮੀਲ ਵਰਕਰ ਅਤੇ ਵਾਟਰ ਗਾਰਡ ਸ਼ਾਮਲ ਹਨ।

ਮੁਲਜ਼ਮ ਮਹਿਲਾ ਨੇ ਪੰਜਾਬ ਦੇ ਤਲਵਾੜਾ ਅਤੇ ਹਿਮਾਚਲ ਦੀ ਸਰਹੱਦ ਨਾਲ ਲੱਗਦੇ ਪਿੰਡਾਂ ਨੂੰ ਆਪਣਾ ਪਹਿਲਾ ਨਿਸ਼ਾਨਾ ਬਣਾਇਆ। ਉਸ ਤੋਂ ਬਾਅਦ ਮਰਵਾੜੀ, ਦੌਲਤਪੁਰ, ਪਿਰਥੀਪੁਰ, ਡਗੋਹ, ਭੱਦਰਕਾਲੀ, ਬਨੇਹੜਾ ਅਤੇ ਨਕਡੋਹ ਦੇ ਲੋਕਾਂ ਨੂੰ ਠੱਗਿਆ।

ਤਰਕੀਬ: ਸਭ ਤੋਂ ਪਹਿਲਾਂ ਰਿਸ਼ਤੇਦਾਰਾਂ ਅਤੇ ਜਾਣ-ਪਛਾਣ ਵਾਲੀਆਂ ਔਰਤਾਂ ਨੂੰ ਸਕੀਮ ਵਿੱਚ ਜੋੜਿਆ ਗਿਆ, ਜਿਸ ਤੋਂ ਬਾਅਦ ਇਹ ਨੈੱਟਵਰਕ ਪੂਰੇ ਖੇਤਰ ਵਿੱਚ ਅੱਗ ਵਾਂਗ ਫੈਲ ਗਿਆ। ਕਈ ਪੀੜਤ ਔਰਤਾਂ ਨੇ ਤਾਂ ਵਿਆਜ ’ਤੇ ਕਰਜ਼ਾ ਚੁੱਕ ਕੇ ਇਸ ਸਕੀਮ ਵਿੱਚ ਪੈਸੇ ਲਗਾਏ ਸਨ।

ਲੋਕਾਂ ਨੂੰ ਆਪਣੇ ਜਾਲ ਵਿੱਚ ਫਸਾਉਣ ਲਈ ਬਾਕਾਇਦਾ ਇੱਕ ਵੱਡੀ ਰਣਨੀਤੀ ਤਿਆਰ ਕੀਤੀ ਗਈ ਸੀ।ਇਸ ਠੱਗੀ ਨੂੰ ਅੰਜਾਮ ਦੇਣ ਲਈ ਬਾਕਾਇਦਾ ਇੱਕ ਯੋਜਨਾ ਤਿਆਰ ਕੀਤੀ ਗਈ ਸੀ, ਜਿਸ ਤਹਿਤ ਔਰਤਾਂ ਦੇ 100-100 ਦੇ ਗਰੁੱਪ ਬਣਾਏ ਜਾਂਦੇ ਸਨ ਅਤੇ ਉਨ੍ਹਾਂ ਕੋਲੋਂ 15 ਮਹੀਨਿਆਂ ਤੱਕ 1,500 ਤੋਂ ਲੈ ਕੇ 5,000 ਰੁਪਏ ਪ੍ਰਤੀ ਮਹੀਨਾ ਵਸੂਲੀ ਕੀਤੀ ਜਾਂਦੀ ਸੀ। ਲੋਕਾਂ ਦਾ ਵਿਸ਼ਵਾਸ ਜਿੱਤਣ ਲਈ ਹਰ ਮਹੀਨੇ ਲੱਕੀ ਡਰਾਅ ਕੱਢ ਕੇ ਸਕੂਟੀ, ਸੋਫਾ ਸੈੱਟ, ਡਾਇਨਿੰਗ ਟੇਬਲ ਅਤੇ ਅਲਮਾਰੀ ਵਰਗੇ ਆਕਰਸ਼ਕ ਇਨਾਮ ਵੰਡੇ ਜਾਂਦੇ ਸਨ।

ਜਦੋਂ ਪੈਸੇ ਦੀ ਬੰਪਰ ਵਸੂਲੀ ਹੋਣ ਲੱਗੀ ਤਾਂ ਪ੍ਰਬੰਧਕਾਂ ਨੇ ਅੰਬ (ਊਨਾ) ਵਿੱਚ ਇੱਕ ਆਲੀਸ਼ਾਨ ਦਫ਼ਤਰ ਖੋਲ੍ਹ ਲਿਆ। ਸਥਾਨਕ ਹੋਟਲਾਂ ਵਿੱਚ ਵੱਡੀਆਂ ਮੀਟਿੰਗਾਂ ਕੀਤੀਆਂ ਜਾਣ ਲੱਗੀਆਂ। ਵੱਧ ਤੋਂ ਵੱਧ ਲੋਕਾਂ ਨੂੰ ਜੋੜਨ ਵਾਲੇ ਸਥਾਨਕ ਏਜੰਟਾਂ ਨੂੰ ਮੋਟੇ ਕਮਿਸ਼ਨ ਅਤੇ ਤਰੱਕੀਆਂ ਦਾ ਲਾਲਚ ਦਿੱਤਾ ਗਿਆ, ਜਿਸ ਕਾਰਨ ਲੋਕ ਹੋਰ ਤੇਜ਼ੀ ਨਾਲ ਇਸ ਧੋਖਾਧੜੀ ਦੇ ਜਾਲ ਵਿੱਚ ਫਸਦੇ ਗਏ।

### ਅਚਾਨਕ ਗਾਇਬ ਹੋਏ ਪ੍ਰਬੰਧਕ, ਹੁਣ ਪਛਤਾ ਰਹੀਆਂ ਪੀੜਤ ਔਰਤਾਂ

ਪਿਛਲੇ ਇੱਕ ਸਾਲ ਤੋਂ ਕੰਪਨੀ ਦੇ ਮੁੱਖ ਪ੍ਰਬੰਧਕ ਹੌਲੀ-ਹੌਲੀ ਸੀਨ ਤੋਂ ਗਾਇਬ ਹੋ ਗਏ। ਹੁਣ ਪਤਾ ਲੱਗਾ ਹੈ ਕਿ ਮੁੱਖ ਮਾਲਕਣ ਸਾਰਾ ਪੈਸਾ ਲੈ ਕੇ ਦੇਸ਼ ਛੱਡ ਚੁੱਕੀ ਹੈ। ਜਿਨ੍ਹਾਂ ਸਥਾਨਕ ਰਸੂਖਦਾਰਾਂ ਦੇ ਭਰੋਸੇ ’ਤੇ ਔਰਤਾਂ ਨੇ ਪੈਸਾ ਲਗਾਇਆ ਸੀ, ਉਹ ਵੀ ਕੁਝ ਮਹੀਨੇ ਦਿਲਾਸਾ ਦੇਣ ਤੋਂ ਬਾਅਦ ਹੁਣ ਰਫੂ-ਚੱਕਰ ਹੋ ਚੁੱਕੇ ਹਨ।

### ਪੁਲਿਸ ਦੀ ਜਨਤਾ ਨੂੰ ਐਡਵਾਈਜ਼ਰੀ

ਇਸ ਮਾਮਲੇ ਸਬੰਧੀ ਊਨਾ ਦੇ ਐਸਪੀ ਸੰਜੀਵ ਭਾਟੀਆਂ ਨੇ ਦੱਸਿਆ ਕਿ ਫਿਲਹਾਲ ਪੁਲਿਸ ਕੋਲ ਅਜੇ ਤੱਕ ਕੋਈ ਲਿਖਤੀ ਸ਼ਿਕਾਇਤ ਨਹੀਂ ਆਈ ਹੈ। ਪਰ ਅਸੀਂ ਜਨਤਾ ਨੂੰ ਅਪੀਲ ਕਰਦੇ ਹਾਂ ਕਿ ਜਦੋਂ ਵੀ ਕੋਈ ਕੰਪਨੀ ਜਾਂ ਵਿਅਕਤੀ ਘੱਟ ਸਮੇਂ ਵਿੱਚ ਪੈਸਾ ਦੁੱਗਣਾ ਕਰਨ ਜਾਂ ਅਸਾਧਾਰਨ ਮੁਨਾਫ਼ਾ ਦੇਣ ਦਾ ਦਾਅਵਾ ਕਰੇ, ਤਾਂ ਸਾਵਧਾਨ ਹੋ ਜਾਓ। ਅਜਿਹੇ ਝਾਂਸੇ ਸਿਰਫ਼ ਠੱਗੀ ਮਾਰਨ ਲਈ ਦਿੱਤੇ ਜਾਂਦੇ ਹਨ।”

# *ਐਡਿਨਬਰਾ ਵਿੱਚ ਪੰਜਾਬੀ ਆਰਟਸ ਐਂਡ ਕਲਚਰ ਵੱਲੋਂ ਰੰਗਾਰੰਗ ਪੰਜਾਬੀ ਸ਼ੋਅ ਕਰਵਾਇਆ ਗਿਆ*

ਗਲਾਸਗੋ,(ਹਰਜੀਤ ਸਿੰਘ ਦੁਸਾਂਝ ਪੁਆਦੜਾ) – ਸਕਾਟਲੈਂਡ ਦੀ ਰਾਜਧਾਨੀ ਐਡਨਬਰਾ ਦੇ ਐਡਨਬਰਾ ਕਾਲਜ ਵਿੱਚ ਪੰਜਾਬੀ ਆਰਟਸ ਤੇ ਕਲਚਰ ਵੱਲੋਂ ਇੱਕ ਰੰਗਾਰੰਗ ਪ੍ਰੋਗਰਾਮ ਪੰਜਾਬੀ ਸ਼ੋਅ ਕਰਵਾਇਆ ਗਿਆ, ਜਿਸ ਵਿੱਚ ਵੱਖ-ਵੱਖ ਭਾਈਚਾਰਿਆਂ ਦੇ ਲੋਕਾਂ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਭਰੀ। ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਯੂਕੇ ਦੇ ਜੰਮਪਲ 11 ਸਾਲਾਂ ਦੇ ਬੱਚੇ ਜਸਦੀਪ ਸਿੰਘ ਨੇ ਸੁਰੀਲੀ ਆਵਾਜ਼ ਵਿੱਚ ਰਣਜੀਤ ਬਾਵਾ ਦੇ ਗੀਤ ਗਾ ਕੇ ਕੀਤੀ ਅਤੇ ਵਾਹ ਵਾਹੀ ਖੱਟੀ। ਇਸ ਤੋਂ ਬਾਅਦ ਗਾਇਕ ਮਿਸਟਰ ਡੀ, ਗਾਇਕਾ ਰਜਨੀ ਆਰੀਆ ਜੈਨ ਅਤੇ ਪ੍ਰਸਿੱਧ ਗਾਇਕ ਲਹਿੰਬਰ ਹੁਸੈਨਪੁਰੀ ਨੇ ਆਪਣੇ ਲੋਕਪ੍ਰਿਯ ਗੀਤਾਂ ਨਾਲ ਦਰਸ਼ਕਾਂ ਨੂੰਝੂਮਣ ਲਈ ਮਜਬੂਰ ਕਰ ਦਿੱਤਾ। ਪੂਰਾ ਹਾਲ ਤਾੜੀਆਂ ਅਤੇ ਨੱਚਦੇ-ਗਾਉਂਦੇ ਸਰੋਤਿਆਂ ਨਾਲ ਗੂੰਜ ਉੱਠਿਆ, ਜਿਸ ਨਾਲ ਪੰਜਾਬੀ ਸੰਗੀਤ ਅਤੇ ਸੱਭਿਆਚਾਰ ਦਾ ਰੰਗ ਸਪੱਸ਼ਟ ਨਜ਼ਰ ਆਇਆ। ਪ੍ਰੋਗਰਾਮ ਵਿੱਚ ਸਕਾਟਲੈਂਡ ਵਿੱਚ ਭਾਰਤ ਦੇ ਵਾਈਸ ਕੌਂਸਲ ਅਮਿਤ ਕੁਮਾਰ ਚੌਧਰੀ ਨੇ ਵੀ ਵਿਸ਼ੇਸ਼ ਤੌਰ ’ਤੇ ਸ਼ਿਰਕਤ ਕੀਤੀ ਅਤੇ ਪ੍ਰਬੰਧਕਾਂ ਨੂੰ ਇਸ ਰੰਗਾਰੰਗ




ਪ੍ਰੋਗਰਾਮ ਲਈ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਸੱਭਿਆਚਾਰਕ ਪ੍ਰੋਗਰਾਮ ਨਾ ਸਿਰਫ਼ ਪੰਜਾਬੀ ਵਿਰਸੇ ਅਤੇ ਕਲਾ ਨੂੰ ਪ੍ਰਮੋਟ ਕਰਦੇ ਹਨ, ਸਗੋਂ ਵੱਖ-ਵੱਖ ਭਾਈਚਾਰਿਆਂ ਵਿਚਕਾਰਆਪਸੀ ਸਾਂਝ ਅਤੇ ਸਮਝ ਨੂੰ ਵੀ ਮਜ਼ਬੂਤ ਬਣਾਉਂਦੇ ਹਨ। ਪ੍ਰੋਗਰਾਮ ਦੇ ਪ੍ਰਬੰਧਕਾਂ ਸੁਖਵਿੰਦਰ ਸਿੰਘ, ਲਾਡੀ ਸ਼ਰਮਾ, ਮੋਹਿਤ ਨਰੂਲਾ ਅਤੇ ਮੋਨੀ ਗਾਬਾ ਨੇ ਪ੍ਰੋਗਰਾਮ ਨੂੰ ਸਫ਼ਲ ਬਣਾਉਣ ਲਈ ਦਰਸ਼ਕਾਂ ਅਤੇ ਕਲਾਕਾਰਾਂ ਦਾ ਧੰਨਵਾਦ ਕੀਤਾ। ਸੁਖਵਿੰਦਰ ਸਿੰਘ ਨੇ ਕਿਹਾ ਕਿ ਇਸ ਪ੍ਰੋਗਰਾਮ ਦਾ ਮਕਸਦ ਸਕਾਟਲੈਂਡ ਵਿੱਚ ਪੰਜਾਬੀ ਭਾਸ਼ਾ, ਸੰਗੀਤ, ਕਲਾ ਅਤੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਨਾ ਅਤੇ ਨਵੀਂ ਪੀੜ੍ਹੀ ਨੂੰ ਆਪਣੇ ਵਿਰਸੇ ਨਾਲ ਜੋੜਨਾ ਹੈ।

# ਇਟਲੀ ਦੀ ਜੇਲ੍ਹ ਵਿਚ ਪੰਜਾਬੀ ਨੌਜਵਾਨ ਵੱਲੋਂ ਖ਼ੁਦਕੁਸ਼ੀ

✪ ਕੁੜੀਆਂ ਨਾਲ ਛੇੜਛਾੜ ਦੇ ਦੋਸ਼ ਹੇਠ ਹੋਇਆ ਸੀ ਗ੍ਰਿਫ਼ਤਾਰ



ਬਰੇਸ਼ੀਆ/ਹੁਸ਼ਿਆਰਪੁਰ-ਇਟਲੀ ਦੇ ਸੂਬੇ ਲੋਂਬਾਰਦੀਆ ਦੇ ਜ਼ਿਲ੍ਹਾ ਬਰੇਸ਼ੀਆ ਅਧੀਨ ਆਉਂਦੇ ਸ਼ਹਿਰ ਕਨਚੇਸੀਓ ਤੋਂ ਇੱਕ ਬੇਹੱਦ ਮੰਦਭਾਗੀ ਖ਼ਬਰ ਸਾਹਮਣੇ ਆਈ ਹੈ। ਇੱਥੋਂ ਦੇ ਇੱਕ ਵਾਟਰ ਪਾਰਕ ਵਿੱਚ 13 ਸਾਲ ਦੀਆਂ ਚਾਰ ਨਾਬਾਲਗ ਕੁੜੀਆਂ ਨਾਲ ਜਿਨਸੀ ਛੇੜਛਾੜ ਕਰਨ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤੇ ਗਏ 23 ਸਾਲਾ ਪੰਜਾਬੀ ਨੌਜਵਾਨ ਨੇ ਜੇਲ੍ਹ ਦੇ ਸੈੱਲ ਅੰਦਰ ਖ਼ੁਦਕੁਸ਼ੀ ਕਰ ਲਈ ਹੈ।

ਇਟਾਲੀਅਨ ਮੀਡੀਆ ਮੁਤਾਬਕ ਇਹ ਘਟਨਾ ਲੰਘੇ ਐਤਵਾਰ ਦੀ ਹੈ। ਨੌਜਵਾਨ ਨੂੰ ਐਤਵਾਰ ਸ਼ਾਮ ਵਿੱਲਾ ਕਰਚੀਨਾ ਸ਼ਹਿਰ ਦੀ ਪੁਲਿਸ ਨੇ ਗ੍ਰਿਫ਼ਤਾਰ ਕਰਕੇ ਕੰਟੋਨ ਮੋਮਬੈਲੋ ਜੇਲ੍ਹ ਭੇਜਿਆ ਸੀ, ਜਿੱਥੇ ਕੁਝ ਹੀ ਘੰਟਿਆਂ ਬਾਅਦ ਉਸ ਦੀ ਲਾਸ਼ ਮਿਲੀ। ਮ੍ਰਿਤਕ ਨੌਜਵਾਨ ਇਟਲੀ ਵਿੱਚ ਸਿਆਸੀ ਸ਼ਰਨ ਲੈ ਕੇ ਰਹਿ ਰਿਹਾ ਸੀ। ਬਰੇਸ਼ੀਆ ਦੇ ਜ਼ਿਲ੍ਹਾ ਮੈਜਿਸਟਰੇਟ ਨੇ ਮਾਮਲੇ ਦੀ ਉੱਚ ਪੱਧਰੀ ਜਾਂਚ ਅਤੇ ਪੋਸਟਮਾਰਟਮ ਦੇ ਹੁਕਮ ਦਿੱਤੇ ਹਨ।

ਹੁਸ਼ਿਆਰਪੁਰ ਦਾ ਰਹਿਣ ਵਾਲਾ ਸੀ ਮ੍ਰਿਤਕ ਨੌਜਵਾਨ- ?ਇਟਾਲੀਅਨ ਪੁਲਿਸ ਨੇ ਅਜੇ ਤੱਕ ਨੌਜਵਾਨ ਦੀ ਪਛਾਣ ਜਨਤਕ ਨਹੀਂ ਕੀਤੀ ਹੈ, ਪਰ ਪੰਜਾਬ ਤੋਂ ਮਿਲੀ ਜਾਣਕਾਰੀ ਮੁਤਾਬਕ ਮ੍ਰਿਤਕ ਦੀ ਪਛਾਣ ਸੁਖਵਿੰਦਰ ਸਿੰਘ ਸੋਨੂੰ ਵਜੋਂ ਹੋਈ ਹੈ, ਜੋ ਕਿ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਮਿਆਣੀ ਦਾ ਰਹਿਣ ਵਾਲਾ ਸੀ।

ਸੁਖਵਿੰਦਰ ਦੇ ਪਰਿਵਾਰ 'ਤੇ ਦੁੱਖਾਂ ਦਾ ਪਹਾੜ ਟੁੱਟ ਪਿਆ ਹੈ। ਮ੍ਰਿਤਕ ਦੇ ਪਿਤਾ ਗੁਰਮੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਪੰਜ ਸਾਲ ਪਹਿਲਾਂ ਕਰਜ਼ਾ ਚੁੱਕ ਕੇ ਆਪਣੇ ਪੁੱਤਰ ਨੂੰ ਸੁਨਹਿਰੀ ਭਵਿੱਖ ਲਈ ਇਟਲੀ ਭੇਜਿਆ ਸੀ। ਸੁਖਵਿੰਦਰ ਦੋ ਭੈਣਾਂ ਦਾ ਇਕਲੌਤਾ ਭਰਾ ਸੀ ਅਤੇ ਕੁਝ ਸਮਾਂ ਪਹਿਲਾਂ ਹੀ ਉਸ ਦੀ ਮਾਤਾ ਦਾ ਵੀ ਦੇਹਾਂਤ ਹੋ ਚੁੱਕਾ ਹੈ।

ਮ੍ਰਿਤਕ ਦੇ ਪਿਤਾ ਗੁਰਮੀਤ ਸਿੰਘ ਨੇ ਆਪਣੇ ਪੁੱਤਰ 'ਤੇ ਲੱਗੇ ਸਾਰੇ ਇਲਜ਼ਾਮਾਂ ਨੂੰ ਸਿਰੇ ਤੋਂ ਨਕਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸੁਖਵਿੰਦਰ ਬਹੁਤ ਹੀ ਚੰਗੇ ਸੁਭਾਅ ਦਾ ਲੜਕਾ ਸੀ। ਉਸ ਉੱਪਰ ਲਗਾਏ ਗਏ ਛੇੜਛਾੜ ਦੇ ਸਾਰੇ ਦੋਸ਼ ਬਿਲਕੁਲ ਗਲਤ ਅਤੇ ਬੇਬੁਨਿਆਦ ਹਨ।

ਪੀੜਤ ਪਰਿਵਾਰ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਭਾਵੁਕ ਅਪੀਲ ਕੀਤੀ ਹੈ ਕਿ ਇਸ ਮਾਮਲੇ ਵਿੱਚ ਪਰਿਵਾਰ ਨੂੰ ਇਨਸਾਫ਼ ਦਿਵਾਇਆ ਜਾਵੇ ਅਤੇ ਸੁਖਵਿੰਦਰ ਦੀ ਮ੍ਰਿਤਕ ਦੇਹ ਨੂੰ ਜਲਦ ਤੋਂ ਜਲਦ ਭਾਰਤ ਲਿਆਉਣ ਲਈ ਸਰਕਾਰੀ ਪੱਧਰ 'ਤੇ ਮਦਦ ਕੀਤੀ ਜਾਵੇ।

# ਪੰਜਾਬ ਵਿਚ ਨਹੀਂ ਰੁਕ ਰਿਹਾ ਫਿਰੌਤੀਆਂ ਦਾ ਸਿਲਸਿਲਾ

## ✪ ਬਟਾਲਾ ਦੇ ਪਿੰਡ ਹਰਦੋ ਝੰਡੇ ਵਿਚ ਘਰ 'ਤੇ ਚੱਲੀਆਂ ਗੋਲੀਆਂ, ਵੀਡੀਓ ਭੇਜ ਕੇ ਮੰਗੀ ਫਿਰੌਤੀ

ਬਟਾਲਾ-ਪੰਜਾਬ ਵਿੱਚ ਫਿਰੌਤੀ ਮੰਗਣ ਅਤੇ ਡਰਾਉਣ-ਧਮਕਾਉਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਤਾਜ਼ਾ ਮਾਮਲਾ ਬਟਾਲਾ ਦੇ ਨਜ਼ਦੀਕੀ ਪਿੰਡ ਹਰਦੋ ਝੰਡੇ ਤੋਂ ਸਾਹਮਣੇ ਆਇਆ ਹੈ, ਜਿੱਥੇ ਫਿਰੌਤੀ ਦੀ ਕਥਿਤ ਮੰਗ ਨੂੰ ਲੈ ਕੇ ਦੇਰ ਰਾਤ ਦੋ ਅਣਪਛਾਤੇ ਮੋਟਰਸਾਈਕਲ ਸਵਾਰਾਂ ਵੱਲੋਂ ਇੱਕ ਘਰ ਨੂੰ ਨਿਸ਼ਾਨਾ ਬਣਾਇਆ ਗਿਆ। ਬਦਮਾਸ਼ਾਂ ਨੇ ਘਰ ਦੇ ਮੁੱਖ ਗੇਟ (ਮੇਨ ਗੇਟ) 'ਤੇ ਕਰੀਬ ਪੰਜ ਰਾਊਂਡ ਫਾਇਰ ਕੀਤੇ। ਹੱਦ ਤਾਂ ਉਦੋਂ ਹੋ ਗਈ ਜਦੋਂ ਹਮਲਾਵਰਾਂ ਨੇ ਗੋਲੀਬਾਰੀ ਦੀ ਵੀਡੀਓ ਬਣਾ ਕੇ ਪੀੜਤ ਪਰਿਵਾਰ ਦੇ ਲੜਕੇ ਨੂੰ ਭੇਜ ਦਿੱਤੀ।



### ਗੋਲੀਬਾਰੀ ਦੀ ਵੀਡੀਓ ਭੇਜ ਕੇ ਦਿੱਤੀ ਜਾਨੋਂ ਮਾਰਨ ਦੀ ਧਮਕੀ

ਪੀੜਤ ਪਰਿਵਾਰ ਦੇ ਮੁਖੀ ਲਖਬੀਰ ਸਿੰਘ ਪੁੱਤਰ ਦਰਸ਼ਨ ਸਿੰਘ ਨੇ ਦੱਸਿਆ ਕਿ ਗੋਲੀਬਾਰੀ ਤੋਂ ਬਾਅਦ ਉਨ੍ਹਾਂ ਦੇ ਲੜਕੇ ਨੂੰ ਇੱਕ ਵੀਡੀਓ ਮਿਲੀ, ਜਿਸ ਦੇ ਨਾਲ ਇੱਕ ਖ਼ੌਫ਼ਨਾਕ ਧਮਕੀ ਵੀ ਦਿੱਤੀ ਗਈ। ਧਮਕੀ ਵਿੱਚ ਕਿਹਾ ਗਿਆ ਹੈ ਕਿ ਜੇਕਰ ਮੰਗੇ ਗਏ ਪੈਸੇ (ਫਿਰੌਤੀ) ਨਾ ਦਿੱਤੇ ਗਏ, ਤਾਂ ਉਸ ਦੇ ਪਿਤਾ ਨੂੰ ਜਾਨੋਂ ਮਾਰ ਦਿੱਤਾ ਜਾਵੇਗਾ। ਬਦਮਾਸ਼ਾਂ ਨੇ ਡਰਾਉਂਦਿਆਂ ਇਹ ਵੀ ਕਿਹਾ ਕਿ ਜੇਕਰ ਉਹ ਘਰ 'ਤੇ ਗੋਲੀਆਂ ਚਲਾ ਸਕਦੇ ਹਨ, ਤਾਂ ਉਹ ਪਰਿਵਾਰ ਨੂੰ ਵੀ ਨੁਕਸਾਨ ਪਹੁੰਚਾ ਸਕਦੇ ਹਨ।

### ਪਰਿਵਾਰ ਵਿਚ ਦਹਿਸ਼ਤ ਦਾ ਮਾਹੌਲ, ਪੁਲਿਸ ਵੱਲੋਂ ਜਾਂਚ ਸ਼ੁਰੂ

ਇਸ ਖ਼ੂਨੀ ਧਮਕੀ ਤੋਂ ਬਾਅਦ ਲਖਬੀਰ ਸਿੰਘ ਦਾ ਪੂਰਾ ਪਰਿਵਾਰ ਡਰ ਅਤੇ ਸਹਿਮ ਦੇ ਮਾਹੌਲ ਵਿੱਚ ਹੈ। ਪਰਿਵਾਰ ਵੱਲੋਂ ਤੁਰੰਤ ਇਸ ਦੀ ਸੂਚਨਾ ਸਥਾਨਕ ਪੁਲਿਸ ਨੂੰ ਦਿੱਤੀ ਗਈ। ਸੂਚਨਾ ਮਿਲਦਿਆਂ ਹੀ ਥਾਣਾ ਸਦਰ ਬਟਾਲਾ ਦੀ ਪੁਲਿਸ ਪਾਰਟੀ ਤੁਰੰਤ ਹਰਦੋ ਝੰਡੇ ਵਿਖੇ ਮੌਕੇ 'ਤੇ ਪਹੁੰਚੀ ਅਤੇ ਘਟਨਾ ਸਥਾਨ ਦਾ ਜਾਇਜ਼ਾ ਲਿਆ।

ਥਾਣਾ ਸਦਰ ਬਟਾਲਾ ਦੇ ਐੱਸ. ਐੱਚ. ਓ. ਬਿਕਰਮ ਸਿੰਘ ਨੇ ਘਟਨਾ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ "ਪੁਲਿਸ ਟੀਮ ਨੇ ਮੌਕੇ 'ਤੇ ਪਹੁੰਚ ਕੇ ਖੋਲ ਅਤੇ ਹੋਰ ਜ਼ਰੂਰੀ ਸਬੂਤ ਇਕੱਠੇ ਕਰ ਲਏ ਹਨ। ਮਾਮਲੇ ਦੀ ਹਰ ਪੱਖੋਂ ਗਹਿਰਾਈ ਨਾਲ ਜਾਂਚ ਕੀਤੀ ਜਾ ਰਹੀ ਹੈ ਅਤੇ ਬਹੁਤ ਜਲਦ ਦੋਸ਼ੀਆਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਕਾਬੂ ਕਰ ਲਿਆ ਜਾਵੇਗਾ।"

ਪੀੜਤ ਲਖਬੀਰ ਸਿੰਘ ਨੇ ਬਟਾਲਾ ਪੁਲਿਸ ਦੇ ਉੱਚ ਅਧਿਕਾਰੀਆਂ ਨੂੰ ਅਪੀਲ ਕੀਤੀ ਹੈ ਕਿ ਉਨ੍ਹਾਂ ਦੇ ਅਤੇ ਉਨ੍ਹਾਂ ਦੇ ਪਰਿਵਾਰ ਦੇ ਜਾਨ-ਮਾਲ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇ।

# ਫਰਾਂਸ ਦੇ ਗੁਰਦੁਆਰਾ ਸਿੰਘ ਸਭਾ ਵਿਖੇ ਬਾਬਾ ਧੁੰਮਾਂ ਖ਼ਿਲਾਫ਼ ਮਤਾ ਪਾਸ

✪ ਭਾਜਪਾ-ਸੰਘ ਨਾਲ ਨਜ਼ਦੀਕੀਆਂ ਦੇ ਲੱਗੇ ਦੋਸ਼



ਪੈਰਿਸ (ਫਰਾਂਸ)-ਗੁਰਦੁਆਰਾ ਸਿੰਘ ਸਭਾ ਫਰਾਂਸ ਵਿਖੇ ਹੋਈ ਇੱਕ ਅਹਿਮ ਇਕੱਤਰਤਾ ਦੌਰਾਨ ਸਿੱਖ ਜਥੇਬੰਦੀਆਂ ਨੇ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਧੁੰਮਾ ਦੀਆਂ ਗਤੀਵਿਧੀਆਂ 'ਤੇ ਗੰਭੀਰ ਚਿੰਤਾ ਪ੍ਰਗਟ ਕਰਦਿਆਂ ਉਨ੍ਹਾਂ ਖ਼ਿਲਾਫ਼ ਇੱਕ ਨਿੰਦਾ ਮਤਾ ਪਾਸ ਕੀਤਾ ਹੈ। ਇਸ ਇਕੱਤਰਤਾ ਵਿੱਚ ਗੁਰਦੁਆਰਾ ਪ੍ਰਬੰਧਕ ਕਮੇਟੀ, ਵੱਖ-ਵੱਖ ਪੰਥਕ ਜਥੇਬੰਦੀਆਂ ਅਤੇ ਸਿੱਖ ਆਗੂ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਕੱਤਰਤਾ ਦੌਰਾਨ ਪਾਸ ਕੀਤੇ ਗਏ ਮਤੇ ਵਿੱਚ ਦੋਸ਼ ਲਗਾਇਆ ਗਿਆ ਹੈ ਕਿ ਭਾਈ ਹਰਨਾਮ ਸਿੰਘ ਧੁੰਮਾਂ ਵੱਲੋਂ ਚੁੱਕੇ ਗਏ ਕੁਝ ਕਦਮ ਦਮਦਮੀ ਟਕਸਾਲ ਦੇ ਇਤਿਹਾਸਕ ਅਸੂਲਾਂ ਅਤੇ ਸਮੁੱਚੇ ਸਿੱਖ ਪੰਥ ਦੀਆਂ ਭਾਵਨਾਵਾਂ ਦੇ ਬਿਲਕੁਲ ਉਲਟ ਹਨ। ਮਤੇ ਵਿੱਚ ਭਾਈ ਧੁੰਮਾਂ ਦੀ ਭਾਜਪਾ ਅਤੇ ਰਾਸ਼ਟਰੀ ਸਵੈਮ ਸੇਵਕ ਸੰਘ ਨਾਲ ਕਥਿਤ ਨਜ਼ਦੀਕੀਆਂ ਦੀ ਸਖ਼ਤ ਆਲੋਚਨਾ ਕੀਤੀ ਗਈ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਸਨਮਾਨਿਤ ਕਰਨ ਵਰਗੇ ਕਦਮਾਂ ਨੂੰ ਪੰਥਕ ਪਰੰਪਰਾਵਾਂ ਦੇ ਵਿਰੁੱਧ ਦੱਸਿਆ ਗਿਆ ਹੈ। ਪੰਥਕ ਮਰਿਆਦਾ ਅਤੇ ਅਸੂਲਾਂ 'ਤੇ ਪਹਿਰਾ ਦੇਣ ਦੀ ਅਪੀਲ-ਫਰਾਂਸ ਦੀਆਂ ਸਿੱਖ ਸੰਸਥਾਵਾਂ ਨੇ ਦੁਨੀਆ ਭਰ ਦੇ ਸਿੱਖਾਂ ਅਤੇ ਖ਼ਾਸ ਕਰਕੇ ਦਮਦਮੀ ਟਕਸਾਲ ਨਾਲ ਜੁੜੇ ਸ਼ਰਧਾਲੂਆਂ ਨੂੰ ਅਪੀਲ ਕੀਤੀ ਹੈ ਕਿ ਉਹ ਸੰਸਥਾ ਦੇ ਇਤਿਹਾਸਕ ਅਸੂਲਾਂ ਦੀ ਰੱਖਿਆ ਲਈ ਅੱਗੇ ਆਉਣ। ਉਨ੍ਹਾਂ ਸਾਫ਼ ਕਿਹਾ ਕਿ ਸਿੱਖ ਪੰਥ ਦੀ ਵੱਖਰੀ ਪਛਾਣ ਅਤੇ ਮਰਿਆਦਾ ਨਾਲ ਕਿਸੇ ਵੀ ਤਰ੍ਹਾਂ ਦਾ ਸਮਝੌਤਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

# ਸ਼੍ਰੋਮਣੀ ਕਮੇਟੀ ਵੱਲੋਂ 5 ਜੁਲਾਈ ਨੂੰ ਅੰਮ੍ਰਿਤਸਰ ਵਿਖੇ ਵੱਡੇ ਪੰਥਕ ਇਕੱਠ ਦੀ ਤਿਆਰੀ; ਵੱਖ-ਵੱਖ ਸੰਪਰਦਾਵਾਂ ਨੂੰ ਸੱਦਾ

ਅੰਮ੍ਰਿਤਸਰ-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਤਹਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੀ ਸਰਗਰਮੀ ਵਧਾਉਂਦਿਆਂ 5 ਜੁਲਾਈ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸਮੂਹ ਸਥਿਤ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਇੱਕ ਵੱਡਾ ਪੰਥਕ ਇਕੱਠ ਸੱਦਿਆ ਹੈ। ਇਹ ਕਦਮ ਮੁੱਖ ਮੰਤਰੀ ਭਗਵੰਤ ਮਾਨ ਦੀ ਇੱਕ ਵਿਵਾਦਤ ਵੀਡੀਓ ਮਾਮਲੇ ਵਿੱਚ ਅਕਾਲ ਤਖ਼ਤ ਸਾਹਿਬ ਵੱਲੋਂ ਉਨ੍ਹਾਂ ਨੂੰ 'ਗੁਰੂ ਦੋਖੀ' ਤੇ 'ਖਾਲਸਾ ਪੰਥ ਵਿਰੋਧੀ' ਕਰਾਰ ਦਿੱਤੇ ਜਾਣ ਅਤੇ ਸੰਗਤ ਨੂੰ ਉਨ੍ਹਾਂ ਦਾ ਵਿਰੋਧ ਕਰਨ ਦੇ ਜਾਰੀ ਹੋਏ ਹੁਕਮਾਂ ਤੋਂ ਬਾਅਦ ਚੁੱਕਿਆ ਗਿਆ ਹੈ।



ਮੁੱਖ ਨੁਕਤੇ: ਪੰਥਕ ਇਕੱਠ ਵਿੱਚ ਵੱਡੀ ਸ਼ਮੂਲੀਅਤ ਯਕੀਨੀ ਬਣਾਉਣ ਲਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ ਖੁਦ ਮੈਦਾਨ ਵਿੱਚ ਉੱਤਰੇ ਹਨ।

ਸੰਪਰਦਾ ਮੁਖੀਆਂ ਨਾਲ ਮੁਲਾਕਾਤ: ਸਿੱਖ ਆਗੂਆਂ ਨੇ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਜਥੇਦਾਰ ਬਲਬੀਰ ਸਿੰਘ, ਨਾਨਕਸਰ ਕਲੇਰਾਂ ਤੋਂ ਬਾਬਾ ਘਾਲਾ ਸਿੰਘ, ਬਾਬਾ ਹਾਕਮ ਸਿੰਘ, ਰੇਸ਼ਮ ਸਿੰਘ ਬਰਨਾਲਾ ਅਤੇ ਬਾਬਾ ਜਗਜੀਤ ਸਿੰਘ ਲੋਪੋ ਸਮੇਤ ਕਈ ਪ੍ਰਮੁੱਖ ਧਾਰਮਿਕ ਸ਼ਖ਼ਸੀਅਤਾਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਸੱਦਾ ਪੱਤਰ ਸੌਂਪੇ।

ਇਸ ਇਕੱਤਰਤਾ ਦੌਰਾਨ ਪੰਥਕ ਸੰਸਥਾਵਾਂ ਨੂੰ ਦਰਪੇਸ਼ ਮੌਜੂਦਾ ਚੁਣੌਤੀਆਂ ਅਤੇ ਬੇਅਦਬੀ ਰੋਕੂ ਕਾਨੂੰਨ ਵਰਗੇ ਅਹਿਮ ਸਿੱਖ ਮਸਲਿਆਂ 'ਤੇ ਅਗਲੀ ਰਣਨੀਤੀ ਤੈਅ ਕੀਤੇ ਜਾਣ ਦੀ ਉਮੀਦ ਹੈ।

# ਪਾਕਿਸਤਾਨ ਵਿਚ 125 ਸਾਲ ਪੁਰਾਣੇ ਗੁਰਦੁਆਰਾ ਸਿੰਘ ਸਭਾ ਦੀ ਇਮਾਰਤ ਢਾਹੀ

## ✪ ਸਿੱਖ ਭਾਈਚਾਰੇ ਵਿਚ ਭਾਰੀ ਰੋਸ ✪ ਫ਼ਾਰੂਕਾਬਾਦ ਦੇ ਗੁਰੂ-ਘਰ 'ਤੇ ਹਮਲਾ: 1 ਕਰੋੜ ਦੀ ਰਿਸ਼ਵਤ ਬਦਲੇ ਇਤਿਹਾਸਕ ਇਮਾਰਤ ਨੂੰ ਖੰਡਰ ਬਣਾਉਣ ਦੇ ਦੋਸ਼ ✪ ਭੂ-ਮਾਫ਼ੀਆ ਦਾ ਕਹਿਰ: ਫ਼ਾਰੂਕਾਬਾਦ ਦਾ ਇਤਿਹਾਸਕ ਗੁਰਦੁਆਰਾ ਸੀਲ, ਮਰੀਅਮ ਨਵਾਜ਼ ਤੋਂ ਜਾਂਚ ਦੀ ਮੰਗ

**ਖਾਸ ਖ਼ਬਰ**

ਪਾਕਿਸਤਾਨ ਦੇ ਸੂਬਾ ਪੰਜਾਬ ਅਧੀਨ ਆਉਂਦੇ ਸ਼ਹਿਰ ਫ਼ਾਰੂਕਾਬਾਦ (ਪੁਰਾਣਾ ਨਾਮ ਚੂਹੜਕਾਣਾ) ਵਿੱਚ ਸਥਿਤ 125 ਸਾਲ ਪੁਰਾਣੇ ਗੁਰਦੁਆਰਾ ਸਿੰਘ ਸਭਾ ਦੀ ਇਮਾਰਤ ਨੂੰ ਬੁਰੀ ਤਰ੍ਹਾਂ ਢਾਹੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। 24 ਅਤੇ 25 ਜੂਨ ਦੀ ਦਰਮਿਆਨੀ ਰਾਤ ਨੂੰ ਹੋਈ ਇਸ ਤੋੜ-ਫੋੜ ਦੀ ਘਟਨਾ ਤੋਂ ਬਾਅਦ ਵਿਸ਼ਵ ਭਰ ਦੇ ਸਿੱਖ ਭਾਈਚਾਰੇ ਵਿੱਚ ਸਖ਼ਤ ਰੋਸ ਪਾਇਆ ਜਾ ਰਿਹਾ ਹੈ। ਸੋਸ਼ਲ ਮੀਡੀਆ 'ਤੇ ਵਾਇਰਲ ਹੋਈਆਂ ਵੀਡੀਓਜ਼ ਵਿੱਚ ਇਤਿਹਾਸਕ ਇਮਾਰਤ ਖੰਡਰਾਤ ਵਿੱਚ ਤਬਦੀਲ ਹੋਈ ਦਿਖਾਈ ਦੇ ਰਹੀ ਹੈ, ਜਦਕਿ ਪਾਕਿਸਤਾਨੀ ਅਧਿਕਾਰੀਆਂ ਦਾ ਦਾਅਵਾ ਸੀ ਕਿ ਸ਼ਰਾਰਤੀ ਅਨਸਰਾਂ ਵੱਲੋਂ ਸਿਰਫ਼ ਗੁੰਬਦ ਨੂੰ ਨੁਕਸਾਨ ਪਹੁੰਚਾਇਆ ਗਿਆ ਹੈ।

ਭੂ-ਮਾਫ਼ੀਆ ਅਤੇ ਰਿਸ਼ਵਤਖੋਰੀ ਦੇ ਦੋਸ਼-ਸਥਾਨਕ ਪ੍ਰਸ਼ਾਸਨ ਮੁਤਾਬਕ ਇਸ ਹਮਲੇ ਪਿੱਛੇ ਭੂ-ਮਾਫ਼ੀਆ ਦਾ ਹੱਥ ਹੈ, ਜਿਸ ਤੋਂ ਬਾਅਦ ਕਾਰਵਾਈ ਨੂੰ ਰੁਕਵਾ ਕੇ ਇਮਾਰਤ ਨੂੰ ਸੀਲ ਕਰ ਦਿੱਤਾ ਗਿਆ ਹੈ। ਦੂਜੇ ਪਾਸੇ, ਸੋਸ਼ਲ ਮੀਡੀਆ 'ਤੇ ਇਹ ਦੋਸ਼ ਵੀ ਲੱਗ ਰਹੇ ਹਨ ਕਿ ਮਿਉਂਸਿਪਲ ਅਫ਼ਸਰਾਂ ਨੇ 1 ਕਰੋੜ ਰੁਪਏ ਦੀ ਕਥਿਤ ਰਿਸ਼ਵਤ ਬਦਲੇ ਗੁਰਦੁਆਰਾ ਢਾਹੇ ਜਾਣ ਦੀ ਇਜਾਜ਼ਤ ਦਿੱਤੀ। ਹਾਲਾਂਕਿ, ਅਧਿਕਾਰੀਆਂ ਨੇ ਇਨ੍ਹਾਂ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਕਿ ਸਾਂਭ-ਸੰਭਾਲ ਦੀ ਘਾਟ ਕਾਰਨ ਇਮਾਰਤ ਪਹਿਲਾਂ ਹੀ ਜਰਜਰ ਹਾਲਤ ਵਿੱਚ ਸੀ। ਪ੍ਰਸ਼ਾਸਨ ਨੇ ਇਹ ਜ਼ਰੂਰ ਮੰਨਿਆ ਹੈ ਕਿ ਇਮਾਰਤ ਢਾਹੁਣ ਦਾ ਯਤਨ ਗ਼ੈਰ-ਕਾਨੂੰਨੀ ਸੀ, ਪਰ ਇਸ ਦੇ ਬਾਵਜੂਦ ਹਾਲੇ ਤੱਕ ਕੋਈ ਗ੍ਰਿਫ਼ਤਾਰੀ ਨਹੀਂ ਹੋਈ।



### ਪਾਕਿਸਤਾਨ ਸਰਕਾਰ ਦੇ ਦਾਅਵਿਆਂ 'ਤੇ ਪ੍ਰਸ਼ਨ-ਚਿੰਨ੍ਹ

"ਖ਼ੈਬਰ-ਪਖ਼ਤੂਨਖ਼ਵਾ ਦੇ ਮਰਦਾਨ ਸ਼ਹਿਰ ਵਿੱਚ ਗੁਰਦੁਆਰਾ ਬਾਬੂ ਮੁਹੱਲਾ 'ਚ ਲੁੱਟ-ਖੋਹ ਅਤੇ ਬਿਰਧ ਸੇਵਾਦਾਰ ਜੋੜੇ ਦੀ ਹੱਤਿਆ ਦੇ ਮਹਿਜ਼ 10 ਦਿਨਾਂ ਅੰਦਰ ਦੂਜੀ ਘਟਨਾ ਵਾਪਰਨਾ ਪਾਕਿਸਤਾਨੀ ਹੁਕਮਰਾਨਾਂ ਦੇ ਸੁਰੱਖਿਆ ਦੇ ਦਾਅਵਿਆਂ 'ਤੇ ਵੱਡੇ ਸਵਾਲ ਖੜ੍ਹੇ ਕਰਦੀ ਹੈ।" ਪਾਕਿਸਤਾਨ ਸਰਕਾਰ ਮੰਨਦੀ ਹੈ ਕਿ ਭਾਰਤ, ਕੈਨੇਡਾ, ਅਮਰੀਕਾ, ਬ੍ਰਿਟੇਨ, ਆਸਟਰੇਲੀਆ ਅਤੇ ਯੂ.ਏ.ਈ. ਤੋਂ ਆਉਣ ਵਾਲੀ ਸਿੱਖ ਸੰਗਤ ਧਾਰਮਿਕ ਟੂਰਿਜ਼ਮ ਰਾਹੀਂ ਦੇਸ਼ ਦੀ ਆਰਥਿਕਤਾ ਵਿੱਚ ਵੱਡਾ ਯੋਗਦਾਨ ਪਾਉਂਦੀ ਹੈ। ਪਰ ਇਸ ਦੇ ਬਾਵਜੂਦ ਪਾਕਿਸਤਾਨੀ ਔਕਾਫ਼ ਬੋਰਡ ਵੱਲੋਂ ਸਿੱਖ ਧਰਮ-ਅਸਥਾਨਾਂ ਦੀ ਸਾਂਭ-ਸੰਭਾਲ ਅਤੇ ਸੁਰੱਖਿਆ ਵੱਲ ਧਿਆਨ ਨਾ ਦੇਣਾ ਅਤੇ ਦੋਸ਼ੀਆਂ ਖ਼ਿਲਾਫ਼ ਕਾਰਵਾਈ ਨਾ ਕਰਨਾ ਸਰਕਾਰ ਦੀ ਅਣਗਹਿਲੀ ਨੂੰ ਉਜਾਗਰ ਕਰਦਾ ਹੈ।

ਮੁੱਖ ਮੰਤਰੀ ਮਰੀਅਮ ਨਵਾਜ਼ ਤੋਂ ਉੱਚ-ਪੱਧਰੀ ਜਾਂਚ ਦੀ ਮੰਗ-ਪਾਕਿਸਤਾਨੀ ਸਿੱਖਾਂ ਦੇ ਨੁਮਾਇੰਦਿਆਂ ਨੇ ਸੂਬਾ ਪੰਜਾਬ ਦੀ ਮੁੱਖ ਮੰਤਰੀ ਮਰੀਅਮ ਨਵਾਜ਼ ਤੋਂ ਮੰਗ ਕੀਤੀ ਹੈ ਕਿ ਇਸ ਸਮੁੱਚੇ ਮਾਮਲੇ ਦੀ ਉੱਚ-ਪੱਧਰੀ ਪੜਤਾਲ ਕਰਵਾਈ ਜਾਵੇ ਅਤੇ ਦੋਸ਼ੀਆਂ ਨੂੰ ਤੁਰੰਤ ਗ੍ਰਿਫ਼ਤਾਰ ਕੀਤਾ ਜਾਵੇ।

### ਇਤਿਹਾਸਕ ਪਿਛੋਕੜ ਅਤੇ ਨਾਮ-ਬਦਲੀ ਦਾ ਵਿਵਾਦ

ਫ਼ਾਰੂਕਾਬਾਦ ਦਾ ਅਸਲ ਨਾਮ 'ਚੂਹੜਕਾਣਾ' ਸੀ, ਜਿਸ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰੀ ਸਰਦਾਰ ਚੂਹੜ ਸਿੰਘ ਨੇ ਵਸਾਇਆ ਸੀ। ਇਹ ਸਥਾਨ ਸਿੱਖ ਇਤਿਹਾਸ ਵਿੱਚ ਪ੍ਰਸਿੱਧ 'ਗੁਰਦੁਆਰਾ ਸੱਚਾ ਸੌਦਾ' ਲਈ ਜਾਣਿਆ ਜਾਂਦਾ ਹੈ, ਜੋ ਕਿ ਇਸ ਢਾਹੇ ਗਏ ਗੁਰਦੁਆਰਾ ਸਿੰਘ ਸਭਾ ਤੋਂ ਮਹਿਜ਼ 3.1 ਕਿਲੋਮੀਟਰ ਦੀ ਦੂਰੀ 'ਤੇ ਹੈ। ਸਾਲ 1983 ਵਿੱਚ ਜਨਰਲ ਜ਼ਿਆ-ਉਲ-ਹੱਕ ਦੀ ਹਕੂਮਤ ਦੌਰਾਨ ਹਿੰਦੂ-ਸਿੱਖ ਭਾਈਚਾਰੇ ਦੇ ਤਿੱਖੇ ਵਿਰੋਧ ਦੇ ਬਾਵਜੂਦ ਇਸ ਦਾ ਨਾਮ ਬਦਲ ਕੇ ਫ਼ਾਰੂਕਾਬਾਦ ਰੱਖਿਆ ਗਿਆ ਸੀ। ਸਿੱਖ ਸੰਗਤ ਦਾ ਮੰਨਣਾ ਹੈ ਕਿ ਗੁਰੂ-ਘਰ ਦੀ ਇਮਾਰਤ ਨੂੰ ਨੁਕਸਾਨ ਪਹੁੰਚਾਉਣਾ 1983 ਵਾਲੇ ਜ਼ਖ਼ਮਾਂ ਨੂੰ ਮੁੜ ਹਰਾ ਕਰਨ ਦੀ ਸਾਜ਼ਿਸ਼ ਹੈ।

# ਅਮਰੀਕਾ ਤੋਂ ਕਿਉਂ ਮੋਹ ਭੰਗ ਹੋ ਰਿਹਾ ਏ ਭਾਰਤੀ ਵਿਦਿਆਰਥੀਆਂ ਦਾ ?

**ਖਾਸ ਖ਼ਬਰ**

## ✪ ਇੱਕੋ ਸਾਲ ਵਿਚ 30 ਹਜ਼ਾਰ ਵਿਦਿਆਰਥੀਆਂ ਨੇ ਛੱਡਿਆ ਅਮਰੀਕਾ

ਕਦੇ ਭਾਰਤੀ ਨੌਜਵਾਨਾਂ ਲਈ ਅਮਰੀਕਾ ਜਾ ਕੇ ਪੜ੍ਹਾਈ ਕਰਨਾ ਇੱਕ ਬਹੁਤ ਵੱਡਾ ਸੁਪਨਾ ਹੁੰਦਾ ਸੀ, ਪਰ ਹੁਣ ਹਾਲਾਤ ਤੇਜ਼ੀ ਨਾਲ ਬਦਲ ਰਹੇ ਹਨ। ਸਖ਼ਤ ਵੀਜ਼ਾ ਨਿਯਮਾਂ, ਲੰਬੇ ਇੰਤਜ਼ਾਰ ਅਤੇ ਪੜ੍ਹਾਈ ਤੋਂ ਬਾਅਦ ਨੌਕਰੀ ਦੀ ਅਨਿਸ਼ਚਿਤਤਾ ਕਾਰਨ ਹਜ਼ਾਰਾਂ ਵਿਦਿਆਰਥੀਆਂ ਦਾ ਅਮਰੀਕੀ ਸਿਸਟਮ ਤੋਂ ਭਰੋਸਾ ਉੱਠ ਰਿਹਾ ਹੈ। ਇਹੀ ਕਾਰਨ ਹੈ ਕਿ ਸਿਰਫ਼ ਇੱਕ ਸਾਲ ਦੇ ਅੰਦਰ ਲਗਭਗ 30 ਹਜ਼ਾਰ ਭਾਰਤੀਆਂ ਨੇ ਅਮਰੀਕਾ ਛੱਡ ਦਿੱਤਾ ਹੈ ਅਤੇ ਹੁਣ ਉਹ ਯੂਰਪ ਦਾ ਰੁਖ਼ ਕਰ ਰਹੇ ਹਨ। ਜਰਮਨੀ, ਫਰਾਂਸ, ਆਇਰਲੈਂਡ ਅਤੇ ਨੀਦਰਲੈਂਡ ਵਰਗੇ ਦੇਸ਼ ਹੁਣ ਭਾਰਤੀ ਵਿਦਿਆਰਥੀਆਂ ਦੀ ਪਹਿਲੀ ਪਸੰਦ ਬਣਦੇ ਜਾ ਰਹੇ ਹਨ। ਇਨ੍ਹਾਂ ਦੇਸ਼ਾਂ ਵਿੱਚ ਪੜ੍ਹਾਈ ਦਾ ਖ਼ਰਚਾ ਘੱਟ ਹੈ, ਵਰਕ ਪਰਮਿਟ ਆਸਾਨੀ ਨਾਲ ਮਿਲ ਜਾਂਦਾ ਹੈ ਅਤੇ ਕਰੀਅਰ ਦੇ ਬਿਹਤਰ ਮੌਕੇ ਵੀ ਹਨ।

### ਅਮਰੀਕਾ ਜਾਣ ਦਾ ਸੁਪਨਾ ਕਿਉਂ ਪੈ ਰਿਹਾ ਫਿੱਕਾ ?

ਕੁਝ ਸਾਲ ਪਹਿਲਾਂ ਤੱਕ ਅਮਰੀਕਾ ਦਾ ਸਟੂਡੈਂਟ ਵੀਜ਼ਾ ਮਿਲਣਾ ਇੱਕ ਵੱਡੀ ਸਫ਼ਲਤਾ ਮੰਨਿਆ ਜਾਂਦਾ ਸੀ, ਪਰ ਹੁਣ ਸਥਿਤੀ ਬਿਲਕੁਲ ਵੱਖਰੀ ਹੈ:

* ਵਿਦਿਆਰਥੀਆਂ ਨੂੰ ਵੀਜ਼ਾ ਇੰਟਰਵਿਊ ਲਈ ਮਹੀਨਿਆਂ ਬੱਧੀ ਇੰਤਜ਼ਾਰ ਕਰਨਾ ਪੈਂਦਾ ਹੈ। ਕਈ ਵਾਰ ਯੂਨੀਵਰਸਿਟੀ ਵਿੱਚ ਦਾਖ਼ਲਾ ਮਿਲਣ ਦੇ ਬਾਵਜੂਦ ਸਮੇਂ ਸਿਰ ਵੀਜ਼ਾ ਨਹੀਂ ਮਿਲਦਾ।

* ਸੋਸ਼ਲ ਮੀਡੀਆ ਚੈਕਿੰਗ, ਸਖ਼ਤ ਇਮੀਗ੍ਰੇਸ਼ਨ ਨੀਤੀਆਂ ਅਤੇ ਵੀਜ਼ਾ ਰਿਜੈਕਟ ਹੋਣ ਦੇ ਡਰ ਨੇ ਵਿਦਿਆਰਥੀਆਂ ਨੂੰ ਚਿੰਤਾ ਵਿੱਚ ਪਾ ਦਿੱਤਾ ਹੈ। ਲੱਖਾਂ ਰੁਪਏ ਖ਼ਰਚ ਕਰਨ ਤੋਂ ਬਾਅਦ ਵੀ ਵੀਜ਼ੇ ਦੀ ਕੋਈ ਗਾਰੰਟੀ ਨਹੀਂ ਹੁੰਦੀ।

* ਅਮਰੀਕਾ ਵਿੱਚ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਸਭ ਤੋਂ ਵੱਡੀ ਚੁਣੌਤੀ ਨੌਕਰੀ ਲੱਭਣ ਦੀ ਹੁੰਦੀ ਹੈ।

ਐਫ-1 ਵੀਜ਼ਾ 'ਤੇ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਆਪਸ਼ਨਲ ਪਰੈਕਟੀਕਲ ਟਰੇਨਿੰਗ ਦੇ ਤਹਿਤ ਕੁਝ ਸਮਾਂ ਕੰਮ ਕਰਨ ਦਾ ਮੌਕਾ ਤਾਂ ਮਿਲਦਾ ਹੈ, ਪਰ ਉਸ ਤੋਂ ਬਾਅਦ ਐਚ-1ਬੀ ਵੀਜ਼ਾ ਲਾਟਰੀ ਸਿਸਟਮ 'ਤੇ ਨਿਰਭਰ ਕਰਦਾ ਹੈ।

ਜੇਕਰ ਲਾਟਰੀ ਵਿੱਚ ਨਾਮ ਨਾ ਆਵੇ ਤਾਂ ਦੇਸ਼ ਛੱਡਣਾ ਪੈਂਦਾ ਹੈ।

ਕੰਪਨੀਆਂ ਵੀ ਹੁਣ ਜ਼ਿਆਦਾ ਖ਼ਰਚੇ ਅਤੇ ਕਾਨੂੰਨੀ ਉਲਝਣਾਂ ਕਾਰਨ ਵਿਦੇਸ਼ੀ ਵਿਦਿਆਰਥੀਆਂ ਨੂੰ ਸਪਾਂਸਰ ਕਰਨ ਤੋਂ ਕਤਰਾ ਰਹੀਆਂ ਹਨ।

### ਭਾਰਤੀ ਵਿਦਿਆਰਥੀਆਂ ਦੀ ਨਵੀਂ ਪਸੰਦ ਬਣਿਆ 'ਯੂਰਪ'

ਅਮਰੀਕਾ ਦੀਆਂ ਮੁਸ਼ਕਲਾਂ ਦਰਮਿਆਨ ਯੂਰਪੀ ਦੇਸ਼ ਭਾਰਤੀ ਵਿਦਿਆਰਥੀਆਂ ਨੂੰ ਖਿੱਚ ਰਹੇ ਹਨ:

* ਜਰਮਨੀ ਦੀਆਂ ਕਈ ਸਰਕਾਰੀ ਯੂਨੀਵਰਸਿਟੀਆਂ ਵਿੱਚ ਟਿਊਸ਼ਨ ਫੀਸ ਲਗਭਗ ਜ਼ੀਰੋ ਹੈ।

* ਪੜ੍ਹਾਈ ਪੂਰੀ ਹੋਣ ਤੋਂ ਬਾਅਦ ਵਿਦਿਆਰਥੀਆਂ ਨੂੰ ਨੌਕਰੀ ਲੱਭਣ ਲਈ 18 ਤੋਂ 24 ਮਹੀਨਿਆਂ ਦਾ ਸਮਾਂ ਮਿਲਦਾ ਹੈ।

* ਅਮਰੀਕਾ ਦੇ ਮੁਕਾਬਲੇ ਯੂਰਪ ਵਿੱਚ ਵਰਕ ਪਰਮਿਟ ਅਤੇ ਪੀਆਰ (ਪੱਕੇ ਹੋਣ) ਦੀ ਪ੍ਰਕਿਰਿਆ ਬਹੁਤ ਆਸਾਨ ਹੈ।

* ਅਮਰੀਕਾ ਦੇ ਮੁਕਾਬਲੇ ਯੂਰਪ ਵਿੱਚ ਰਹਿਣ ਅਤੇ ਪੜ੍ਹਨ ਦਾ ਖ਼ਰਚਾ ਬਹੁਤ ਘੱਟ ਹੈ। ਇਸ ਤੋਂ ਇਲਾਵਾ ਸਿਹਤ ਬੀਮਾ, ਟ੍ਰਾਂਸਪੋਰਟ ਸਹੂਲਤਾਂ ਅਤੇ ਪਾਰਟ-ਟਾਈਮ ਕੰਮ ਦੇ ਵਧੀਆ ਮੌਕੇ ਮਿਲਣ ਕਾਰਨ ਵਿਦਿਆਰਥੀ ਆਪਣਾ ਖ਼ਰਚਾ ਆਸਾਨੀ ਨਾਲ ਕੱਢ ਲੈਂਦੇ ਹਨ।

### ਅਮਰੀਕੀ ਯੂਨੀਵਰਸਿਟੀਆਂ ਦੀ ਵਧੀ ਚਿੰਤਾ

ਭਾਰਤੀ ਵਿਦਿਆਰਥੀ ਅਮਰੀਕੀ ਯੂਨੀਵਰਸਿਟੀਆਂ ਦੀ ਆਰਥਿਕਤਾ ਵਿਚ ਬਹੁਤ ਵੱਡਾ ਯੋਗਦਾਨ ਪਾਉਂਦੇ ਹਨ। ਹਰ ਸਾਲ ਅਰਬਾਂ ਡਾਲਰ ਦੀ ਫੀਸ ਰਾਹੀਂ ਉਹ ਅਮਰੀਕੀ ਸਿੱਖਿਆ ਪ੍ਰਣਾਲੀ ਨੂੰ ਮਜ਼ਬੂਤ ਕਰਦੇ ਹਨ। ਪਰ ਹੁਣ ਵਿਦਿਆਰਥੀਆਂ ਦੀ ਗਿਣਤੀ ਘਟਣ ਕਾਰਨ ਕਈ ਯੂਨੀਵਰਸਿਟੀਆਂ ਨੂੰ ਭਾਰੀ ਵਿੱਤੀ ਨੁਕਸਾਨ ਝੱਲਣਾ ਪੈ ਰਿਹਾ ਹੈ। ਸਿੱਖਿਆ ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਅਮਰੀਕਾ ਨੇ ਵੀਜ਼ਾ ਨਿਯਮ ਨਾ ਸੁਧਾਰੇ, ਤਾਂ ਉਹ ਦੁਨੀਆ ਦੇ ਟੌਪ ਟੈਲੈਂਟ ਨੂੰ ਹਮੇਸ਼ਾ ਲਈ ਯੂਰਪ ਦੇ ਹੱਥੋਂ ਗੁਆ ਦੇਵੇਗਾ।

ਮਾਮਲਾ ਕਥਿਤ ਫ਼ਰਜ਼ੀ ਮੁਕਾਬਲਿਆਂ ਦਾ

# ਪੰਜਾਬ ਪੁਲਿਸ ਨੇ ਮਨੁੱਖੀ ਅਧਿਕਾਰ ਕਮਿਸ਼ਨ ਵਿਚ ਦਾਖ਼ਲ ਕੀਤਾ ਜਵਾਬ

## ✪ ਗੁਰਦਾਸਪੁਰ ਮਾਮਲੇ ਦੀ ਨਿਰਪੱਖ ਜਾਂਚ ਲਈ ਬਣਾਈ ਸੁਤੰਤਰ ਸਿਟ; ਬਾਹਰਲੇ ਜ਼ਿਲ੍ਹਿਆਂ ਦੇ ਅਧਿਕਾਰੀ ਸ਼ਾਮਿਲ



ਚੰਡੀਗੜ੍ਹ-ਪੰਜਾਬ ਵਿੱਚ ਪਿਛਲੇ ਚਾਰ ਸਾਲਾਂ ਦੌਰਾਨ ਹੋਏ ਕਥਿਤ ਫ਼ਰਜ਼ੀ ਪੁਲਿਸ ਮੁਕਾਬਲਿਆਂ (ਐਨਕਾਊਂਟਰਾਂ) ਦੇ ਗੰਭੀਰ ਮਾਮਲੇ ਵਿੱਚ ਪੰਜਾਬ ਪੁਲਿਸ ਵੱਲੋਂ ਪੰਜਾਬ ਮਨੁੱਖੀ ਅਧਿਕਾਰ ਕਮਿਸ਼ਨ ਅੱਗੇ ਆਪਣਾ ਪੱਖ ਰੱਖਦਿਆਂ ਜਵਾਬ ਦਾਖ਼ਲ ਕਰ ਦਿੱਤਾ ਗਿਆ ਹੈ। ਕਮਿਸ਼ਨ ਵੱਲੋਂ ਪਿਛਲੀ ਸੁਣਵਾਈ ਦੌਰਾਨ ਪੰਜਾਬ ਦੇ ਡੀ.ਜੀ.ਪੀ. ਤੋਂ ਮੰਗੇ ਗਏ ਜਵਾਬ ਦੇ ਤਹਿਤ ਪੁਲਿਸ ਨੇ ਇਹ ਕਾਰਵਾਈ ਕੀਤੀ ਹੈ। ਇਸ ਜਵਾਬ ਵਿੱਚ ਸਭ ਤੋਂ ਅਹਿਮ ਖ਼ੁਲਾਸਾ ਗੁਰਦਾਸਪੁਰ ਐਨਕਾਊਂਟਰ ਮਾਮਲੇ ਨੂੰ ਲੈ ਕੇ ਕੀਤਾ ਗਿਆ ਹੈ, ਜਿਸ ਦੀ ਨਿਰਪੱਖ ਅਤੇ ਪਾਰਦਰਸ਼ੀ ਜਾਂਚ ਲਈ ਇੱਕ ਸੁਤੰਤਰ ਵਿਸ਼ੇਸ਼ ਜਾਂਚ ਟੀਮ ਦਾ ਗਠਨ ਕੀਤਾ ਗਿਆ ਹੈ। ਰਣਜੀਤ ਸਿੰਘ (ਪ੍ਰਧਾਨ, ਪੰਜਾਬ ਮਨੁੱਖੀ ਅਧਿਕਾਰ ਸੰਗਠਨ) ਵੱਲੋਂ ਕਮਿਸ਼ਨ ਕੋਲ ਦਾਇਰ ਕੀਤੀ ਗਈ ਮੁੱਖ ਸ਼ਿਕਾਇਤ ਪਿਛਲੇ ਚਾਰ ਸਾਲਾਂ ਦੌਰਾਨ ਹੋਏ 35 ਕਥਿਤ ਫ਼ਰਜ਼ੀ ਐਨਕਾਊਂਟਰਾਂ ਨਾਲ ਸਬੰਧਿਤ ਹੈ। ਇਸੇ ਸ਼ਿਕਾਇਤ ਦੇ ਆਧਾਰ 'ਤੇ ਹੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਪੰਜਾਬ ਦੇ ਡੀਜੀਪੀ ਤੋਂ ਜਵਾਬ ਮੰਗਿਆ ਸੀ।

### ਹਾਲੀਆ ਸਾਲਾਂ ਦੇ ਕੁੱਲ ਸਰਕਾਰੀ/ਮੀਡੀਆ ਅੰਕੜੇ

ਜੇਕਰ ਪੰਜਾਬ ਵਿੱਚ ਪੁਲਿਸ ਅਤੇ ਅਪਰਾਧੀਆਂ (ਗੈਂਗਸਟਰਾਂ, ਨਸ਼ਾ ਤਸਕਰਾਂ) ਵਿਚਕਾਰ ਹੋਏ ਕੁੱਲ ਮੁਕਾਬਲਿਆਂ ਦੇ ਹਾਲੀਆ ਅੰਕੜਿਆਂ 'ਤੇ ਨਜ਼ਰ ਮਾਰੀਏ, ਤਾਂ ਇਹ ਗਿਣਤੀ ਕਾਫ਼ੀ ਜ਼ਿਆਦਾ ਹੈ:

- ਸਾਲ 2025 ਵਿੱਚ: ਪੰਜਾਬ ਪੁਲਿਸ ਦੇ ਰਿਕਾਰਡ ਮੁਤਾਬਕ ਸੂਬੇ ਵਿੱਚ ਘੱਟੋ-ਘੱਟ 47 ਪੁਲਿਸ ਐਨਕਾਊਂਟਰ ਦਰਜ ਕੀਤੇ ਗਏ ਸਨ।
- ਸਾਲ 2026 ਵਿੱਚ (ਜਨਵਰੀ ਤੋਂ ਜੂਨ ਤੱਕ): ਸਾਲ 2026 ਦੇ ਪਹਿਲੇ 6 ਮਹੀਨਿਆਂ ਦੇ ਅੰਦਰ ਹੀ 35 ਤੋਂ ਵੱਧ ਐਨਕਾਊਂਟਰ ਸਾਹਮਣੇ ਆ ਚੁੱਕੇ ਹਨ।
- ਮੁੱਖ ਪ੍ਰਭਾਵਿਤ ਖੇਤਰ: ਇਹ ਮੁਕਾਬਲੇ ਜ਼ਿਆਦਾਤਰ ਗੁਰਦਾਸਪੁਰ, ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਬਰਨਾਲਾ, ਫ਼ਤਹਿਗੜ੍ਹ ਸਾਹਿਬ ਅਤੇ ਮੋਹਾਲੀ ਵਰਗੇ ਜ਼ਿਲ੍ਹਿਆਂ ਵਿੱਚ ਹੋਏ ਹਨ।
- ਮਨੁੱਖੀ ਅਧਿਕਾਰ ਕਮਿਸ਼ਨ ਇਹਨਾਂ ਵਿੱਚੋਂ ਖ਼ਾਸ ਕਰਕੇ ਉਨ੍ਹਾਂ 35 ਮਾਮਲਿਆਂ ਦੀ ਜਾਂਚ ਕਰ ਰਿਹਾ ਹੈ ਜਿਨ੍ਹਾਂ ਨੂੰ ਸ਼ਿਕਾਇਤਕਰਤਾ ਵੱਲੋਂ "ਕਥਿਤ ਤੌਰ 'ਤੇ ਫ਼ਰਜ਼ੀ ਜਾਂ ਸ਼ੱਕੀ" ਦੱਸਿਆ ਗਿਆ ਹੈ, ਜਿਸ ਵਿੱਚ ਗੁਰਦਾਸਪੁਰ ਦਾ ਹਾਲੀਆ ਰਣਜੀਤ ਸਿੰਘ ਵਾਲਾ ਮਾਮਲਾ ਵੀ ਸ਼ਾਮਿਲ ਹੈ।

### ਸੁਤੰਤਰ ਸਿਟ ਦਾ ਗਠਨ ਕਿਉਂ ਕੀਤਾ ਗਿਆ ?

ਪੁਲਿਸ ਮੁਕਾਬਲਿਆਂ ਦੀ ਨਿਰਪੱਖਤਾ 'ਤੇ ਉੱਠ ਰਹੇ ਸਵਾਲਾਂ ਅਤੇ ਮਨੁੱਖੀ ਅਧਿਕਾਰ ਕਮਿਸ਼ਨ ਦੀ ਸਖ਼ਤੀ ਨੂੰ ਦੇਖਦੇ ਹੋਏ ਪੁਲਿਸ ਨੇ ਇਹ ਕਦਮ ਚੁੱਕਿਆ ਹੈ। ਜਾਂਚ ਨੂੰ ਪ੍ਰਭਾਵਿਤ ਹੋਣ ਤੋਂ ਬਚਾਉਣ ਅਤੇ ਪਾਰਦਰਸ਼ਤਾ ਬਣਾਈ ਰੱਖਣ ਲਈ ਇਸ ਟੀਮ ਵਿੱਚ ਗੁਰਦਾਸਪੁਰ ਜ਼ਿਲ੍ਹੇ ਤੋਂ ਬਾਹਰ ਦੇ ਉੱਚ ਅਧਿਕਾਰੀਆਂ ਨੂੰ ਸ਼ਾਮਿਲ ਕੀਤਾ ਗਿਆ ਹੈ, ਤਾਂ ਜੋ ਸਥਾਨਕ ਪੁਲਿਸ ਦਾ ਕੋਈ ਦਬਾਅ ਜਾਂ ਪੱਖਪਾਤ ਨਾ ਰਹਿ ਸਕੇ।

### ਸਿਟ ਦੇ ਮੁੱਖ ਮੈਂਬਰ

ਪਰਮਿੰਦਰ ਸਿੰਘ: ਐੱਸ.ਪੀ. (ਇਨਵੈਸਟੀਗੇਸ਼ਨ), ਡੀ.ਪੀ. ਹੈੱਡਕੁਆਰਟਰ ਜਲੰਧਰ

ਇੰਦਰਜੀਤ ਸਿੰਘ: ਐੱਸ.ਪੀ. (ਐੱਨ.ਡੀ.ਪੀ.ਐੱਸ.), ਅੰਮ੍ਰਿਤਸਰ

ਸੁਰਿੰਦਰ ਪਾਲ ਸਿੰਘ: ਮੁਖੀ, ਥਾਣਾ ਫ਼ਤਹਿਗੜ੍ਹ ਚੂੜੀਆਂ (ਇੰਸਪੈਕਟਰ)

ਜਾਂਚ ਦਾ ਮੁੱਖ ਮਕਸਦ: ਇਹ ਉੱਚ-ਪੱਧਰੀ ਟੀਮ ਗੁਰਦਾਸਪੁਰ ਵਿਖੇ ਹੋਏ ਕਥਿਤ ਪੁਲਿਸ ਮੁਕਾਬਲੇ ਦੇ ਹਰ ਪਹਿਲੂ ਦੀ ਬਾਰੀਕੀ ਨਾਲ ਜਾਂਚ ਕਰੇਗੀ ਅਤੇ ਕਮਿਸ਼ਨ ਦੇ

### ਕੀ ਹੈ ਪੂਰਾ ਮਾਮਲਾ ?

ਇਹ ਪੂਰਾ ਵਿਵਾਦ ਪੰਜਾਬ ਮਨੁੱਖੀ ਅਧਿਕਾਰ ਸੰਗਠਨ ਦੇ ਪ੍ਰਧਾਨ ਰਣਜੀਤ ਸਿੰਘ ਵੱਲੋਂ ਦਾਇਰ ਕੀਤੀ ਗਈ ਇੱਕ ਸ਼ਿਕਾਇਤ ਤੋਂ ਬਾਅਦ ਗਰਮਾਇਆ ਹੈ।

35 ਕਥਿਤ ਮੁਕਾਬਲੇ: ਸ਼ਿਕਾਇਤ ਵਿੱਚ ਪਿਛਲੇ 4 ਸਾਲਾਂ ਦੌਰਾਨ ਪੰਜਾਬ ਪੁਲਿਸ ਵੱਲੋਂ ਕੀਤੇ ਗਏ 35 ਕਥਿਤ ਐਨਕਾਊਂਟਰਾਂ 'ਤੇ ਸਵਾਲ ਚੁੱਕੇ ਗਏ ਹਨ।

ਪ੍ਰਭਾਵਿਤ ਜ਼ਿਲ੍ਹੇ: ਇਸ ਸ਼ਿਕਾਇਤ ਵਿੱਚ ਮੁੱਖ ਤੌਰ 'ਤੇ ਅੰਮ੍ਰਿਤਸਰ, ਗੁਰਦਾਸਪੁਰ, ਫ਼ਤਹਿਗੜ੍ਹ ਸਾਹਿਬ ਅਤੇ ਬਰਨਾਲਾ ਸਮੇਤ ਸੂਬੇ ਦੇ ਕਈ ਹੋਰ ਹਿੱਸਿਆਂ ਵਿੱਚ ਹੋਏ ਮੁਕਾਬਲਿਆਂ ਨੂੰ ਸ਼ੱਕੀ ਦੱਸਿਆ ਗਿਆ ਹੈ।

ਪੰਜਾਬ ਪੁਲਿਸ ਵੱਲੋਂ ਜਵਾਬ ਦਾਖ਼ਲ ਕੀਤੇ ਜਾਣ ਅਤੇ ਸਿਟ ਦੇ ਗਠਨ ਦੀ ਜਾਣਕਾਰੀ ਦਿੱਤੇ ਜਾਣ ਤੋਂ ਬਾਅਦ ਹੁਣ ਗੇਂਦ ਮਨੁੱਖੀ ਅਧਿਕਾਰ ਕਮਿਸ਼ਨ ਦੇ ਪਾਲੇ ਵਿੱਚ ਹੈ। ਸ਼ਿਕਾਇਤਕਰਤਾ ਦੇ ਦੋਸ਼ਾਂ ਵਿੱਚ ਕਿੰਨੀ ਸੱਚਾਈ ਹੈ ਅਤੇ ਕੀ ਪੁਲਿਸ ਨੇ ਕਾਨੂੰਨ ਦੇ ਦਾਇਰੇ ਵਿੱਚ ਰਹਿ ਕੇ ਕਾਰਵਾਈ ਕੀਤੀ ਸੀ, ਇਸ ਦਾ ਅੰਤਿਮ ਫ਼ੈਸਲਾ ਸਿਟ ਦੀ ਜਾਂਚ ਰਿਪੋਰਟ ਅਤੇ ਕਮਿਸ਼ਨ ਦੀ ਅਗਲੀ ਸੁਣਵਾਈ ਤੋਂ ਬਾਅਦ ਹੀ ਸਾਫ਼ ਹੋਵੇਗਾ।

# ਸਰਬਜੀਤ ਕੌਰ ਨੂੰ ਪਾਕਿ ਦੀ ਨਾਗਰਿਕਤਾ ਨਹੀਂ ਮਿਲੀ

## ✪ ਹਰ ਤਿੰਨ ਮਹੀਨੇ ਬਾਅਦ ਵਧ ਰਿਹਾ ਵੀਜ਼ਾ ✪ ਯੂ-ਟਿਊਬ ਤੇ ਟਿਕ-ਟਾਕ ਨੂੰ ਬਣਾਇਆ ਆਮਦਨ ਦਾ ਜ਼ਰੀਆ



ਅੰਮ੍ਰਿਤਸਰ-ਪਿਛਲੇ ਵਰ੍ਹੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਜਥੇ ਨਾਲ ਪਾਕਿਸਤਾਨ ਪਹੁੰਚਣ 'ਤੇ ਸ੍ਰੀ ਨਨਕਾਣਾ ਸਾਹਿਬ ਤੋਂ ਫ਼ਰਾਰ ਉਪਰੰਤ ਧਰਮ ਪਰਿਵਰਤਨ ਕਰਕੇ ਨੂਰ ਫ਼ਾਤਿਮਾ ਬਣੀ ਸਰਬਜੀਤ ਕੌਰ ਸੰਧੂ ਨੂੰ ਅਜੇ ਤੱਕ ਪਾਕਿ ਸਰਕਾਰ ਵਲੋਂ ਨਾਗਰਿਕਤਾ ਨਹੀਂ ਦਿੱਤੀ ਗਈ ਹੈ। ਇਸ ਦੀ ਬਜਾਇ ਸਰਬਜੀਤ ਕੌਰ ਨੂੰ ਉਸ ਦੇ ਭਾਰਤੀ ਪਾਸਪੋਰਟ ਨੰ. ਬੀ.-7405078 'ਤੇ ਲਹਿੰਦੇ ਪੰਜਾਬ ਦੀ ਸਰਕਾਰ ਦੇ ਹੋਮ ਵਿਭਾਗ ਵਲੋਂ ਹਰ ਤਿੰਨ ਮਹੀਨੇ ਬਾਅਦ ਅਗਲੇ ਤਿੰਨ ਮਹੀਨਿਆਂ ਲਈ ਵੀਜ਼ਾ ਵਧਾਇਆ ਜਾ ਰਿਹਾ ਹੈ। ਉਸ ਦੇ ਪਾਕਿ 'ਚ ਰਹਿਣ ਲਈ ਪਿਛਲੇ ਮਹੀਨੇ 5 ਮਈ ਨੂੰ ਜਾਰੀ ਕੀਤਾ ਵੀਜ਼ਾ 13 ਅਗਸਤ ਨੂੰ ਖ਼ਤਮ ਹੋਵੇਗਾ। ਲਾਹੌਰ ਹਾਈ ਕੋਰਟ ਦੇ ਵਕੀਲ ਅਲੀ ਚੰਗੇਜ਼ੀ ਸੰਧੂ ਨੇ ਦੱਸਿਆ ਕਿ ਉਨ੍ਹਾਂ ਨੇ ਅਦਾਲਤ 'ਚ ਪਟੀਸ਼ਨ ਦਾਇਰ ਕਰਕੇ ਅਪੀਲ ਕੀਤੀ ਸੀ ਕਿ ਸਰਬਜੀਤ ਕੌਰ ਨੂੰ ਦੇਸ਼ ਨਿਕਾਲਾ ਦਿੱਤਾ ਜਾਵੇ, ਪਰ ਉਸਨੇ ਆਪਣੇ ਕਥਿਤ ਪਾਕਿਸਤਾਨੀ ਪਤੀ ਨਾਸਿਰ ਹੁਸੈਨ ਬੱਦੂ ਪੁੱਤਰ ਮੁਹੰਮਦ ਤੁਫ਼ੈਲ ਵਾਸੀ ਸ਼ੇਖ਼ੂਪੁਰਾ ਰਾਹੀਂ ਅਦਾਲਤ 'ਚ ਅਪੀਲ ਕੀਤੀ ਕਿ ਭਾਰਤ 'ਚ ਉਸਦੀ ਜਾਨ ਨੂੰ ਖ਼ਤਰਾ ਹੈ। ਜਿਸ ਤੋਂ ਬਾਅਦ ਉਸ ਦਾ ਵੀਜ਼ਾ ਵਧਾਇਆ ਜਾ ਰਿਹਾ ਹੈ। ਦੂਜੇ ਪਾਸੇ, ਸ਼ੇਖ਼ੂਪੁਰਾ ਦੇ ਜਹਾਨਜ਼ੇਬ ਰਾਣਾ ਨੇ ਦੱਸਿਆ ਕਿ ਸਰਬਜੀਤ ਕੌਰ ਨੇ ਆਪਣੇ ਪਾਕਿਸਤਾਨੀ ਪਤੀ ਨਾਲ ਮਿਲ ਕੇ ਯੂ-ਟਿਊਬ ਚੈਨਲ ਸ਼ੁਰੂ ਕੀਤਾ ਹੈ ਤੇ ਉਹ ਟਿਕ-ਟਾਕ ਵੀਡਿਓਜ਼ ਬਣਾ ਕੇ ਕਮਾਈ ਕਰ ਰਹੀ ਹੈ। ਨਾਸਿਰ ਹੁਸੈਨ ਨੇ ਦੱਸਿਆ ਕਿ ਉਹ ਇਸਦੇ ਨਾਲ-ਨਾਲ ਪ੍ਰਾਪਰਟੀ ਡੀਲਰ ਦਾ ਵੀ ਕੰਮ ਕਰ ਰਿਹਾ ਹੈ ਤੇ ਉਸਨੂੰ ਸਰਬਜੀਤ ਕੌਰ ਦੇ ਨਵੇਂ ਕਾਰੋਬਾਰ ਤੋਂ ਚੰਗੀ ਆਮਦਨ ਹੋਣ ਦੀ ਉਮੀਦ ਹੈ।

# ਪਤੀ ਵੱਲੋਂ ਨਸ਼ੀਲੀ ਦਵਾਈ ਦੇ ਕੇ ਪਤਨੀ ਨਾਲ ਜਬਰ ਜਿਨਾਹ ਦੇ ਮਾਮਲੇ ਵਿੱਚ ਪੈਰਾਮੈਡਿਕ ਅਤੇ ਫੁੱਟਬਾਲ ਕੋਚ ਸਮੇਤ 13 ਵਿਅਕਤੀਆਂ 'ਤੇ ਦੋਸ਼

ਬਰਤਾਨੀਆ ਵਿੱਚ ਇੱਕ ਹੈਰਾਨ ਕਰਨ ਵਾਲੇ ਮਾਮਲੇ ਵਿੱਚ ਪੈਰਾਮੈਡਿਕ, ਫੁੱਟਬਾਲ ਕੋਚ ਅਤੇ ਹੋਰ ਵੱਖ-ਵੱਖ ਪੇਸ਼ਿਆਂ ਨਾਲ ਜੁੜੇ 13 ਵਿਅਕਤੀਆਂ 'ਤੇ ਇੱਕ ਔਰਤ ਨਾਲ ਕਥਿਤ ਜਿਨਸੀ ਸ਼ੋਸ਼ਣ ਕਰਨ ਦੇ ਦੋਸ਼ ਲਗਾਏ ਗਏ ਹਨ। ਦੋਸ਼ ਹੈ ਕਿ ਔਰਤ ਦੇ ਪਤੀ ਨੇ ਸਾਲਾਂ ਤੱਕ ਉਸ ਨੂੰ ਨਸ਼ੀਲੀ ਦਵਾਈ ਦੇ ਕੇ ਬੇਹੋਸ਼ ਕੀਤਾ ਅਤੇ ਹੋਰ ਮਰਦਾਂ ਨਾਲ ਮਿਲ ਕੇ ਉਸ ਦਾ ਜਿਨਸੀ ਸ਼ੋਸ਼ਣ ਕਰਵਾਇਆ।ਅਦਾਲਤ ਵੱਲੋਂ ਰਿਪੋਰਟਿੰਗ ਪਾਬੰਦੀਆਂ ਹਟਾਏ ਜਾਣ ਤੋਂ ਬਾਅਦ 13 ਸਹਿ-ਦੋਸ਼ੀਆਂ ਦੀ ਪਛਾਣ ਜਨਤਕ ਕੀਤੀ ਗਈ ਹੈ। ਮੁੱਖ ਦੋਸ਼ੀ, ਜੋ ਗ੍ਰੇਟਰ ਮੈਨਚੈਸਟਰ ਦੇ ਸਟਾਕਪੋਰਟ ਇਲਾਕੇ ਦਾ 60 ਸਾਲਾਂ ਤੋਂ ਵੱਧ ਉਮਰ ਦਾ ਵਿਅਕਤੀ ਹੈ, ਆਪਣੀ ਪਤਨੀ ਨਾਲ ਬਲਾਤਕਾਰ, ਜਿਨਸੀ ਹਮਲੇ ਅਤੇ ਅਸ਼ਲੀਲ ਤਸਵੀਰਾਂ ਸਾਂਝੀਆਂ ਕਰਨ ਸਮੇਤ ਕਈ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ। ਉਸ ਨੇ ਕੁਝ ਦੋਸ਼ ਕਬੂਲ ਕੀਤੇ ਹਨ, ਜਦਕਿ ਬਾਕੀਆਂ ਤੋਂ ਇਨਕਾਰ ਕੀਤਾ ਹੈ। ਪੀੜਤਾ ਦੀ ਪਛਾਣ ਦੀ ਰੱਖਿਆ ਲਈ ਉਸ ਦਾ ਨਾਮ ਜਨਤਕ ਨਹੀਂ ਕੀਤਾ ਗਿਆ।

## 7 ਜੁਲਾਈ – ਜਨਮ ਦਿਹਾੜੇ 'ਤੇ ਵਿਸ਼ੇਸ਼

ਭਗਵਾਨ ਸਿੰਘ ਜੌਹਲ

# ਗੁਰ ਸ਼ਬਦ ਦੇ ਅਭਿਆਸੀ ਜੀਊੜੇ – ਭਾਈ ਸਾਹਿਬ ਭਾਈ ਰਣਧੀਰ ਸਿੰਘ



ਰੱਬੀ ਰੰਗ ਵਿਚ ਰੰਗੀ ਪਵਿੱਤਰ ਆਤਮਾ, ਬਹੁਪੱਖੀ ਸ਼ਖ਼ਸੀਅਤ ਦੇ ਮਾਲਕ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਗੁਰ-ਸ਼ਬਦ ਦੇ ਅਭਿਆਸੀ ਜੀਊੜੇ ਸਨ। ਅਖੰਡ ਕੀਰਤਨ ਉਨ੍ਹਾਂ ਦੇ ਜੀਵਨ ਦੀ ਆਤਮਿਕ ਖ਼ੁਰਾਕ ਸੀ। ਅਖੰਡ ਕੀਰਤਨ ਉਨ੍ਹਾਂ ਦੇ ਜੀਵਨ ਦਾ ਅਟੁੱਟ ਅੰਗ ਬਣ ਚੁੱਕਾ ਸੀ। ਰੱਬੀ ਪ੍ਰੇਮ ਵਿੱਚ ਜਦੋਂ ਉਨ੍ਹਾਂ ਦੀ ਆਤਮਾ ਬੋਲਦੀ ਸੀ, ਉਦੋਂ ਅਨੇਕਾਂ ਰੱਬੀ ਰੰਗ ਵਿੱਚ ਰੰਗੀਆਂ ਆਤਮਾਵਾਂ ਅੰਦਰੋਂ ਵੀ ਗੁਰ-ਸ਼ਬਦ ਦੀ ਹੂਕ ਸੁਣਾਈ ਦਿੰਦੀ ਸੀ। ਸਮੁੱਚਾ ਸਿੱਖ ਜਗਤ ਉਨ੍ਹਾਂ ਨੂੰ ਇਸ ਕਰਕੇ ਸਤਿਕਾਰ ਦਿੰਦਾ ਸੀ ਕਿ ਉਹ ਇਕੋ ਸਮੇਂ ਕੌਮੀ ਦਰਦ ਨਾਲ ਓਤ-ਪੋਤ ਦੇਸ਼ ਭਗਤ, ਸੰਤ ਕਵੀ, ਗੁਰਬਾਣੀ ਦੇ ਵਿਆਖਿਆਕਾਰ ਹੋਣ ਦੇ ਨਾਲ-ਨਾਲ ਸਮੇਂ ਦੀ ਬਰਤਾਨਵੀ ਹਕੂਮਤ ਨੂੰ ਵੰਗਾਰਨ ਵਾਲੇ ਗ਼ਦਰੀ ਬਾਬਿਆਂ ਦੇ ਸਾਥੀ, ਗੁਰਦੁਆਰਾ ਸੁਧਾਰ ਲਹਿਰ ਦੇ ਮੋਢੀ ਗੁਰਸਿੱਖ ਸਨ।

ਭਾਈ ਸਾਹਿਬ ਦਾ ਜਨਮ 7 ਜੁਲਾਈ 1878 ਈ: ਨੂੰ ਪਿੰਡ ਨਾਰੰਗਵਾਲ ਜ਼ਿਲ੍ਹਾ ਲੁਧਿਆਣਾ ਵਿਖੇ ਪਿਤਾ ਸ. ਨੱਥਾ ਸਿੰਘ ਅਤੇ ਮਾਤਾ ਪੰਜਾਬ ਕੌਰ ਦੇ ਗ੍ਰਹਿ ਵਿਖੇ ਹੋਇਆ। ਆਪ ਜੀ ਨੇ ਮੁੱਢਲੀ ਸਿੱਖਿਆ ਨਾਭੇ ਤੋਂ ਹਾਸਲ ਕੀਤੀ। ਉਚੇਰੀ ਸਿੱਖਿਆ ਨਾਭੇ ਤੋਂ ਹਾਸਲ ਕੀਤੀ। ਉਚੇਰੀ ਸਿੱਖਿਆ ਵਾਸਤੇ ਸਰਕਾਰੀ ਕਾਲਜ ਲਾਹੌਰ ਵਿਖੇ ਦਾਖਲਾ ਲਿਆ। ਕਾਲਜ ਵਿੱਚ ਪੜ੍ਹਦਿਆਂ ਭਰ ਜਵਾਨੀ ਦੇ ਦਿਨਾਂ ਵਿੱਚ ਰੱਬੀ ਰੰਗ ਵਿੱਚ ਰੰਗੇ ਗਏ। ਅਜਿਹਾ ਮਜੀਠਾ ਰੰਗ ਚੜ੍ਹਿਆ, ਜਿਸ ਨਾਲ ਉਨ੍ਹਾਂ ਦੀ ਆਤਮਾ ਰੰਗੀ ਗਈ। 22 ਸਾਲ ਦੀ ਉਮਰ ਵਿੱਚ ਗ੍ਰੈਜੂਏਸ਼ਨ ਕਰਕੇ ਜਦੋਂ ਅਜੇ ਜੀਵਨ ਸਫ਼ਰ ਦੀ ਆਰੰਭਤਾ ਕਰਨੀ ਸੀ। ਉਸ ਸਮੇਂ ਪੰਜਾਬ ਵਿੱਚ ਪਲੇਗ ਦੀ ਭਿਆਨਕ ਮਹਾਂਮਾਰੀ ਫੈਲ ਗਈ। 1902 ਈ: ਵਿੱਚ ਪਲੇਗ ਦੀ ਮਹਾਂਮਾਰੀ ਨੂੰ ਕਾਬੂ ਕਰਨ ਲਈ ਅੰਗ੍ਰੇਜ਼ੀ ਹਕੂਮਤ ਨੇ ਇੰਗਲੈਂਡ ਤੋਂ ਆਏ ਡਾ: ਫ਼ਿਸ਼ਰ ਨਾਲ ਭਾਈ ਸਾਹਿਬ ਨਾਇਬ-ਤਹਿਸੀਲਦਾਰ ਨਿਯੁਕਤ ਹੋਏ। ਜਦੋਂ ਪਲੇਗ ਵਰਗੀ ਬਿਮਾਰੀ ਦਾ ਹਮਲਾ ਖਤਮ ਹੋਇਆ ਤਾਂ ਸਰਕਾਰ ਨੇ ਇਸ ਮਹਿਕਮੇ ਨੂੰ ਖਤਮ ਕਰਕੇ ਭਾਈ ਸਾਹਿਬ ਨੂੰ ਕਿਸੇ ਹੋਰ ਮਹਿਕਮੇ ਵਿੱਚ ਤਬਦੀਲ ਕਰਨ ਦੀ ਵਿਚਾਰ ਕੀਤੀ। ਪਰ ਭਾਈ ਸਾਹਿਬ ਨੇ ਇਸ ਗੱਲ ਤੋਂ ਇਨਕਾਰ ਕਰਦਿਆਂ ਪੂਰਨ ਰੂਪ ਵਿੱਚ ਗੁਰਮਤਿ ਸਿਧਾਂਤਾਂ ਦਾ ਪ੍ਰਚਾਰ ਤੇ ਪ੍ਰਸਾਰ ਕਰਨ ਦਾ ਮਨ ਬਣਾ ਲਿਆ। ਉਨ੍ਹਾਂ ਵੇਖਿਆ ਪੰਜਾਬ ਦੇ ਲੋਕਾਂ ਨੂੰ ਗੁਰੂ ਸਾਹਿਬਾਨ ਦੀ ਫਿਲਾਸਫ਼ੀ ਤੇ ਗੁਰ-ਸ਼ਬਦ ਨਾਲ ਜੋੜਨ ਤੋਂ ਬਿਨਾਂ ਲੋਕਾਂ ਦੀ ਜੀਵਨ ਸ਼ੈਲੀ ਵਿੱਚ ਤਬਦੀਲੀ ਨਹੀਂ ਆ ਸਕਦੀ।

ਇਸ ਤੋਂ ਛੇਤੀ ਪਿੱਛੋਂ ਖੰਡੇ-ਬਾਟੇ ਦੀ ਪਾਹੁਲ ਪ੍ਰਾਪਤ ਕਰਕੇ ਸਰਬਲੋਹ ਦੇ ਧਾਰਨੀ ਬਣ ਕੇ ਬਿਬੇਕੀ ਜੀਵਨ ਆਰੰਭ ਕਰ ਦਿੱਤਾ। ਇਸ ਤੋਂ ਪਿੱਛੋਂ ਕੁਝ ਸਮਾਂ ਜੀਵਨ ਨਿਰਬਾਹ ਲਈ ਐਬਟਾਬਾਦ (ਪਾਕਿਸਤਾਨ) ਵਿੱਚ ਹੈੱਡ ਕਲਰਕ ਅਤੇ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਖੇ ਸੁਪਰਡੈਂਟ ਵਜੋਂ ਵੀ ਸੇਵਾ ਨਿਭਾਈ। ਪਰ ਸਿੱਖ ਧਰਮ ਦੇ ਪ੍ਰਚਾਰ ਲਈ ਹਿਰਦੇ ਵਿੱਚ ਅਥਾਹ ਪ੍ਰੇਮ ਸੀ, ਉਹ ਨਹੀਂ ਸੀ ਚਾਹੁੰਦੇ ਕਿ ਸਿੱਖ ਸਰਦਾਰ ਬਰਤਾਨਵੀ ਹਕੂਮਤ ਦੇ ਹੱਥਾਂ ਵਿੱਚ ਖੇਡਣ, ਹੁਣ ਉਨ੍ਹਾਂ ਧਰਮ ਦੇ ਪ੍ਰਚਾਰ ਲਈ ਕਮਰਕੱਸਾ ਕਰ ਲਿਆ।

ਖ਼ਾਲਸੇ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਲ ਮਹੱਲੇ ਦੇ ਪਾਵਨ ਅਵਸਰ 'ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅਤੇ ਹੋਰ ਗੁਰਦੁਆਰਾ ਸਾਹਿਬਾਨ ਦੇ ਨੇੜੇ ਹੋਣ ਵਾਲੇ ਨਾਚ-ਗਾਣੇ ਤੇ ਮੁਜਰੇ ਉਨ੍ਹਾਂ ਬੰਦ ਕਰਵਾ ਦਿੱਤੇ। ਗੁਰਦੁਆਰਾ ਸ੍ਰੀ ਚਮਕੌਰ ਸਾਹਿਬ ਨੂੰ ਮਹੰਤਾਂ ਦੇ ਪ੍ਰਬੰਧ ਤੋਂ ਮੁਕਤੀ ਦਿਵਾਈ। 1914 ਈ: ਵਿੱਚ ਅੰਗ੍ਰੇਜ਼ ਹਕੂਮਤ ਵੱਲੋਂ ਵਾਇਸਰਾਏ ਭਵਨ ਦੇ ਵਿਸਥਾਰ ਲਈ ਸਿੱਖ ਸੰਗਤ ਤੋਂ ਪੁੱਛੇ ਬਿਨਾਂ ਗੁਰਦੁਆਰਾ ਸ੍ਰੀ ਰਕਾਬਗੰਜ ਸਾਹਿਬ ਦਿੱਲੀ ਦੀ ਕੰਧ ਨੂੰ ਢਾਹੇ ਜਾਣ ਅਤੇ ਕਾਮਾਗਾਟਾਮਾਰੂ ਜਹਾਜ਼ ਦੇ ਨਿਹੱਥੇ ਮੁਸਾਫਰਾਂ ਵਿਰੁੱਧ ਗੋਲੀ ਚਲਾ ਕੇ ਸ਼ਹੀਦ ਕਰਨ ਦੀ ਘਟਨਾ ਤੋਂ ਪਿੱਛੋਂ ਭਾਈ ਸਾਹਿਬ ਨੇ ਹਕੂਮਤ ਨਾਲ ਸਿੱਧੀ ਟੱਕਰ ਲੈਣ ਲਈ ਤਿਆਰੀ ਆਰੰਭ ਦਿੱਤੀ। ਦੇਸ਼ ਭਗਤਾਂ ਨਾਲ ਮਿਲ ਕੇ ਫ਼ਿਰੋਜ਼ਪੁਰ ਛਾਉਣੀ 'ਤੇ ਹਮਲਾ ਕਰਨ ਅਤੇ ਲਾਹੌਰ ਸਾਜਿਸ਼ ਕੇਸ ਵਿੱਚ ਆਪ ਜੀ ਨੂੰ ਗ੍ਰਿਫ਼ਤਾਰ ਕਰਕੇ 30 ਮਾਰਚ, 1916 ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ।

ਭਾਈ ਸਾਹਿਬ ਨੇ ਜੇਲ੍ਹ ਯਾਤਰਾ ਦੇ ਦੌਰਾਨ 42 ਦੇ ਲਗਪਗ ਕਿਤਾਬਾਂ ਗੁਰਮਤਿ ਸਾਹਿਤ ਦੇ ਪਾਠਕਾਂ ਦੀ ਝੋਲੀ ਪਾਈਆਂ। ਇਨ੍ਹਾਂ ਪੁਸਤਕਾਂ ਵਿੱਚ ਜੇਲ੍ਹ ਚਿੱਠੀਆਂ, ਜੋਤਿ ਵਿਗਾਸ (ਕਾਵਿ-ਸੰਗ੍ਰਹਿ), ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ ਪ੍ਰਸਤੀ ਹੈ, ਗੁਰਮਤਿ ਵਿਚਾਰਾਂ, ਸਚਖੰਡ ਦਰਸ਼ਨ, ਸਿੱਖ ਕੌਣ, ਅੰਮ੍ਰਿਤ ਵੇਲਾ, ਸਿੰਘਾਂ ਦਾ ਪੰਥ ਨਿਰਾਲਾ, ਦਰਸ਼ਨ ਝਲਕਾਂ, ਕਾਵਿ ਉਡਾਰੀਆਂ ਅਤੇ ਕਥਾ ਕੀਰਤਨ ਆਦਿ ਸ਼ਾਮਿਲ ਹਨ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਪੰਥ ਦੀ ਅਜਿਹੀ ਰੰਗ-ਰੱਤੜੀ ਆਤਮਾ ਸਨ, ਜੋ ਸੱਚਖੰਡ ਪਿਆਨੇ ਤੱਕ ਲਗਾਤਾਰ ਸਿੱਖ ਹਿੱਤਾਂ ਲਈ ਕਾਰਜਸ਼ੀਲ ਰਹੇ। ਉਨ੍ਹਾਂ ਨੇ ਆਪਣੀ ਜੀਵਨ ਯਾਤਰਾ ਦੌਰਾਨ ਲੱਖਾਂ ਸਿੱਖ ਸੰਗਤਾਂ ਦੀ ਜੀਵਨ-ਸ਼ੈਲੀ ਨੂੰ ਬਦਲਣ ਲਈ ਵੱਡਾ ਯੋਗਦਾਨ ਪਾਇਆ। 83 ਸਾਲ ਦੀ ਉਮਰ ਭੋਗ ਕੇ ਆਪ 16 ਅਪ੍ਰੈਲ, 1961 ਈ: ਨੂੰ ਆਪ ਅਕਾਲ ਪੁਰਖ ਵਾਹਿਗੁਰੂ ਦੇ ਵਿੱਚ ਅਭੇਦ ਹੋ ਗਏ।

# ਸਤਾ ਬਨਾਮ ਪੰਥ: 'ਗੁਰੂ ਦੋਖੀ' ਦੇ ਐਲਾਨ ਤੋਂ ਲੈ ਕੇ ਮਾਸਕ ਥਿਊਰੀ ਤੱਕ

## ✪ ਕੀ ਹੈ ਭਗਵੰਤ ਮਾਨ ਦੀ ਵਾਇਰਲ ਵੀਡੀਓ ਦਾ ਸੱਚ ? ✪ ਕੈਨੇਡਾ ਬੈਠੇ 'ਫਰਾਰ' ਜਗਮਨ ਸਮਰਾ ਨੇ ਹਿਲਾਈ ਪੰਜਾਬ ਦੀ ਸਿਆਸਤ ✪ ਮੁਖ ਮੰਤਰੀ ਮਾਨ ਬੋਲੇ- 'ਇਹ ਵੀਡੀਓ ਨਹੀਂ, ਡਿਜੀਟਲ ਸਾਜ਼ਿਸ਼ ਹੈ'

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਇਸ ਵੇਲੇ ਆਪਣੇ ਸਿਆਸੀ ਜੀਵਨ ਦੇ ਸਭ ਤੋਂ ਗੰਭੀਰ ਨੈਤਿਕ ਅਤੇ ਧਾਰਮਿਕ ਸੰਕਟ ਵਿੱਚੋਂ ਲੰਘ ਰਹੇ ਹਨ। ਸਿੱਖਾਂ ਦੀ ਸਰਬਉੱਚ ਸੰਸਥਾ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਫੋਰੈਂਸਿਕ ਜਾਂਚ ਦੇ ਆਧਾਰ 'ਤੇ ਵਾਇਰਲ ਵੀਡੀਓ ਨੂੰ ਸਹੀ ਮੰਨਦਿਆਂ ਮੁੱਖ ਮੰਤਰੀ ਨੂੰ 'ਗੁਰੂ ਦੋਖੀ' ਅਤੇ 'ਪੰਥ ਵਿਰੋਧੀ' ਕਰਾਰ ਦੇਣਾ ਕੋਈ ਮਾਮੂਲੀ ਘਟਨਾ ਨਹੀਂ ਹੈ। ਇਹ ਫ਼ੈਸਲਾ ਪੰਜਾਬ ਦੇ ਉਸ ਮੁਖੀ ਦੇ ਅਕਸ 'ਤੇ ਇੱਕ ਅਜਿਹਾ ਦਾਗ਼ ਹੈ, ਜਿਸ ਨੂੰ ਮਹਿਜ਼ ਸਿਆਸੀ ਬਿਆਨਬਾਜ਼ੀ ਜਾਂ "ਵਿਰੋਧੀਆਂ ਦੀ ਸਾਜ਼ਿਸ਼" ਕਹਿ ਕੇ ਧੋਤਾ ਨਹੀਂ ਜਾ ਸਕਦਾ। ਸਿੱਖ ਗੁਰੂ ਸਾਹਿਬਾਨ ਅਤੇ ਕੌਮ ਦੇ ਜਰਨੈਲਾਂ ਦੀਆਂ ਤਸਵੀਰਾਂ ਨਾਲ ਕਥਿਤ ਤੌਰ 'ਤੇ ਅਣਉਚਿਤ ਹਰਕਤਾਂ ਕਰਨ ਦੇ ਇਲਜ਼ਾਮਾਂ ਨੇ ਪੂਰੇ ਪੰਜਾਬ ਅਤੇ ਦੁਨੀਆ ਭਰ ਵਿੱਚ ਬੈਠੇ ਸਿੱਖ ਜਗਤ ਦੀਆਂ ਭਾਵਨਾਵਾਂ ਨੂੰ ਡੂੰਘੀ ਠੇਸ ਪਹੁੰਚਾਈ ਹੈ।

ਹੈਰਾਨੀ ਦੀ ਗੱਲ ਇਹ ਹੈ ਕਿ ਇੰਨੇ ਸੰਵੇਦਨਸ਼ੀਲ ਮਸਲੇ 'ਤੇ ਮੁੱਖ ਮੰਤਰੀ ਵੱਲੋਂ ਪੇਸ਼ ਕੀਤੀ ਗਈ ਸਫ਼ਾਈ ਬੇਹੱਦ ਕਮਜ਼ੋਰ ਅਤੇ ਹਾਸੋਹੀਣੀ ਪ੍ਰਤੀਤ ਹੁੰਦੀ ਹੈ। ਆਧੁਨਿਕ ਦੌਰ ਵਿੱਚ ਏਆਈ (ਆਰਟੀਫੀਸ਼ੀਅਲ ਇੰਟੈਲੀਜੈਂਸ) ਅਤੇ 'ਮਾਸਕ ਥਿਊਰੀ' ਦਾ ਬਹਾਨਾ ਬਣਾ ਕੇ ਅਸਲ ਸੱਚਾਈ ਤੋਂ ਖਹਿੜਾ ਛੁਡਾਉਣ ਦੀ ਕੋਸ਼ਿਸ਼ ਸਾਫ਼ ਨਜ਼ਰ ਆ ਰਹੀ ਹੈ। ਜੇਕਰ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਕਰਵਾਈ ਗਈ ਜਾਂਚ ਵਿੱਚ ਕਿਸੇ ਮਾਸਕ ਦਾ ਕੋਈ ਜ਼ਿਕਰ ਹੀ ਨਹੀਂ ਹੈ, ਤਾਂ ਮੁੱਖ ਮੰਤਰੀ ਆਪਣੀ ਪ੍ਰੈੱਸ ਕਾਨਫਰੰਸਾਂ ਵਿੱਚ ਕਿਸ ਮਾਸਕ ਦਾ ਡਰਾਮਾ ਕਰ ਰਹੇ ਹਨ? ਇਸ ਤੋਂ ਵੀ ਵੱਧ, ਆਮ ਆਦਮੀ ਪਾਰਟੀ ਵੱਲੋਂ ਪੰਜਾਬ ਤੋਂ ਬਾਹਰ ਦੀਆਂ ਜਿਨ੍ਹਾਂ ਲੈਬਾਰਟਰੀਆਂ ਦੀਆਂ ਰਿਪੋਰਟਾਂ ਨੂੰ ਹਥਿਆਰ ਬਣਾ ਕੇ ਮੁੱਖ ਮੰਤਰੀ ਨੂੰ ਪਾਕ-ਸਾਫ਼ ਦਿਖਾਉਣ ਦੀ ਕੋਸ਼ਿਸ਼ ਕੀਤੀ ਗਈ, ਵਿਰੋਧੀ ਧਿਰਾਂ ਵੱਲੋਂ ਉਨ੍ਹਾਂ ਨੂੰ 'ਫਰਜ਼ੀ' ਸਾਬਤ ਕਰਨਾ ਅਤੇ ਗੁਰੂਗਰਾਮ ਪੁਲਿਸ ਵੱਲੋਂ ਇਸ ਮਾਮਲੇ 'ਚ ਕੇਸ ਦਰਜ ਕਰਨਾ, ਸਰਕਾਰ ਦੀ ਨੀਅਤ 'ਤੇ ਵੱਡੇ ਸਵਾਲ ਖੜ੍ਹੇ ਕਰਦਾ ਹੈ।



ਸਿਆਸੀ ਮਾਹਿਰ ਆਖਦੇ ਹਨ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸਾਰਾ ਦੋਸ਼ ਕੈਨੇਡਾ ਬੈਠੇ ਜਗਮਨ ਸਮਰਾ ਸਿਰ ਮੜ੍ਹ ਕੇ ਖੁਦ ਨੂੰ ਪੀੜਤ ਦਿਖਾਉਣ ਦੀ ਨੀਤੀ ਵੀ ਫੇਲ੍ਹ ਹੁੰਦੀ ਨਜ਼ਰ ਆ ਰਹੀ ਹੈ। ਜੇਕਰ ਸਮਰਾ ਇੱਕ ਅਪਰਾਧੀ ਜਾਂ ਜੇਲ੍ਹ ਤੋੜ ਕੇ ਫਰਾਰ ਹੋਇਆ ਬਲੈਕਮੇਲਰ ਹੈ, ਤਾਂ ਸਵਾਲ ਇਹ ਉੱਠਦਾ ਹੈ ਕਿ ਦੇਸ਼ ਦੇ ਇੱਕ ਸੂਬੇ ਦੇ ਮੁੱਖ ਮੰਤਰੀ ਦੇ ਇੰਨੇ ਨੇੜੇ ਉਹ ਕਿਵੇਂ ਪਹੁੰਚ ਗਿਆ ਅਤੇ ਉਸ ਕੋਲ ਅਜਿਹੀਆਂ ਵੀਡੀਓਜ਼ ਕਿੱਥੋਂ ਆਈਆਂ? ਪੁਲਿਸ ਤੰਤਰ ਦੀ ਵਰਤੋਂ ਕਰਕੇ ਵਿਰੋਧੀਆਂ ਨੂੰ ਦਬਾਉਣ ਅਤੇ ਆਪਣੀਆਂ ਨਾਕਾਮੀਆਂ ਨੂੰ ਲੁਕਾਉਣ ਦੀ ਖੇਡ ਹੁਣ ਪੰਜਾਬ ਦੇ ਲੋਕਾਂ ਦੇ ਸਾਹਮਣੇ ਬੇਨਕਾਬ ਹੋ ਚੁੱਕੀ ਹੈ।

ਇਸ ਨਾਜ਼ੁਕ ਮੋੜ 'ਤੇ ਪੰਜਾਬ ਨੂੰ ਸਿਆਸੀ ਲਾਹੇ ਜਾਂ ਨਿੱਜੀ ਦੂਸ਼ਣਬਾਜ਼ੀ ਦੀ ਨਹੀਂ, ਬਲਕਿ ਇੱਕ ਬਹੁਤ ਹੀ ਪਾਰਦਰਸ਼ੀ, ਨਿਰਪੱਖ ਅਤੇ ਉੱਚ-ਪੱਧਰੀ ਤਕਨੀਕੀ ਜਾਂਚ ਦੀ ਲੋੜ ਹੈ। ਜੇਕਰ ਇਹ ਵੀਡੀਓ ਵਾਕਈ ਤਕਨਾਲੋਜੀ ਦੀ ਸਾਜ਼ਿਸ਼ ਹੈ, ਤਾਂ ਇਹ ਦੇਸ਼ ਦੇ ਲੋਕਤੰਤਰ ਅਤੇ ਕਿਸੇ ਸੂਬੇ ਦੇ ਮੁਖੀ ਦੀ ਸੁਰੱਖਿਆ ਲਈ ਇੱਕ ਵੱਡਾ ਖ਼ਤਰਾ ਹੈ। ਪਰ ਜੇਕਰ ਇਸ ਵਿੱਚ ਕੋਈ ਹੋਰ ਸੱਚਾਈ ਹੈ, ਤਾਂ ਇਹ ਸੂਬੇ ਦੇ ਵੱਕਾਰ ਨਾਲ ਜੁੜਿਆ ਮਾਮਲਾ ਹੈ। ਇੱਕ ਲੋਕਤੰਤਰ ਵਿੱਚ ਜਨਤਾ ਆਪਣੇ ਆਗੂ ਤੋਂ ਸਿਰਫ਼ ਵਿਕਾਸ ਹੀ ਨਹੀਂ, ਬਲਕਿ ਉੱਚੇ ਨੈਤਿਕ ਚਰਿੱਤਰ ਅਤੇ ਧਾਰਮਿਕ ਮਰਯਾਦਾ ਦੇ ਸਤਿਕਾਰ ਦੀ ਉਮੀਦ ਵੀ ਰੱਖਦੀ ਹੈ।

ਸਿਆਸੀ ਮਾਹਿਰ ਆਖਦੇ ਹਨ ਕਿ ਭਗਵੰਤ ਮਾਨ ਨੂੰ ਇਹ ਸਮਝਣਾ ਹੋਵੇਗਾ ਕਿ ਉਹ ਹੁਣ ਸਟੇਜ 'ਤੇ ਲੋਕਾਂ ਨੂੰ ਹਸਾਉਣ ਵਾਲੇ ਕਲਾਕਾਰ ਨਹੀਂ, ਬਲਕਿ ਪੰਜਾਬ ਦੇ ਮੁੱਖ ਮੰਤਰੀ ਹਨ। ਜੇਕਰ ਉਹ ਆਪਣੀ ਬੇਗੁਨਾਹੀ ਦੇ ਪੁਖ਼ਤਾ ਅਤੇ ਕਾਨੂੰਨੀ ਸਬੂਤ ਪੇਸ਼ ਕਰਨ ਵਿੱਚ ਅਸਮਰੱਥ ਰਹਿੰਦੇ ਹਨ, ਤਾਂ ਉਨ੍ਹਾਂ ਨੂੰ ਨੈਤਿਕਤਾ ਦੇ ਆਧਾਰ 'ਤੇ ਆਪਣੇ ਅਹੁਦੇ 'ਤੇ ਬਣੇ ਰਹਿਣ ਦਾ ਕੋਈ ਹੱਕ ਨਹੀਂ ਹੈ। ਪੰਜਾਬ ਦੀ ਜਨਤਾ ਅਤੇ ਧਾਰਮਿਕ ਸੰਸਥਾਵਾਂ ਹੁਣ ਕਿਸੇ ਵੀ ਤਰ੍ਹਾਂ ਦੇ ਸਿਆਸੀ ਪੈਂਤੜੇਬਾਜ਼ੀ ਨੂੰ ਬਰਦਾਸ਼ਤ ਕਰਨ ਦੇ ਮੂਡ ਵਿੱਚ ਨਹੀਂ ਹਨ।

# ਬ੍ਰੈਸਟ ਟੈਕਸ ਦਾ ਅਸਲ ਸੱਚ....!

ਸੰਦੀਪ ਕੁਮਾਰ
7009807121



ਭਾਰਤੀ ਇਤਿਹਾਸ ਵਿੱਚ ਕਈ ਘਟਨਾਵਾਂ ਅਤੇ ਕਥਾਵਾਂ ਲੋਕ-ਕਥਾਵਾਂ ਤੋਂ ਉਪਜੀਆਂ ਹਨ, ਜਿਨ੍ਹਾਂ ਨੂੰ ਸਮੇਂ ਦੇ ਨਾਲ ਸਮਾਜ ਅਤੇ ਸੋਸ਼ਲ ਮੀਡੀਆ ਵਿੱਚ ਵਧਾ-ਚੜ੍ਹਾ ਕੇ ਪੇਸ਼ ਕੀਤਾ ਗਿਆ ਹੈ। ਇਨ੍ਹਾਂ ਵਿਚੋਂ ਇੱਕ ਬਹੁਤ ਚਰਚਿਤ ਕਥਾ ਹੈ, ਤਰਵਾਨਕੋਰ ਰਾਜ ਵਿੱਚ ਲਾਗੂ ਕੀਤੇ ਗਏ ਬ੍ਰੈਸਟ ਟੈਕਸ ਜਾਂ ਮੁਲੱਕਰਮ ਦੀ। ਇਸ ਕਥਾ ਅਨੁਸਾਰ ਘੱਟ ਜਾਤੀ ਦੀਆਂ ਔਰਤਾਂ ਨੂੰ ਆਪਣੀਆਂ ਛਾਤੀਆਂ ਢੱਕਣ ਲਈ ਟੈਕਸ ਦੇਣਾ ਪੈਂਦਾ ਸੀ ਅਤੇ ਇਸ ਵਿਰੋਧ ਵਿੱਚ ਇੱਕ ਔਰਤ ਨਾਂਗੇਲੀ ਨੇ ਆਪਣੀਆਂ ਛਾਤੀਆਂ ਕੱਟ ਕੇ ਟੈਕਸ ਅਧਿਕਾਰੀਆਂ ਅੱਗੇ ਰੱਖ ਦਿੱਤੀਆਂ ਸਨ। ਇਹ ਕਥਾ ਬਹੁਤ ਭਾਵਨਾਤਮਕ ਅਤੇ ਦਰਦਨਾਕ ਹੈ, ਪਰ ਇਸਦਾ ਅਸਲ ਇਤਿਹਾਸ ਨਾਲ ਨਾ-ਮਾਤਰ ਲੈਣਾ-ਦੇਣਾ ਹੈ। ਇਹ ਇੱਕ ਆਧੁਨਿਕ ਫਿਕਸ਼ਨਲ ਭਾਵ ਕਾਲਪਨਿਕ ਰਚਨਾ ਹੈ ਜਿਸ ਨੂੰ ਲੇਖਕਾਂ ਅਤੇ ਕਲਾਕਾਰਾਂ ਨੇ ਆਪਣੀਆਂ ਰਚਨਾਵਾਂ ਦੇ ਪ੍ਰਚਾਰ ਅਤੇ ਮਸ਼ਹੂਰੀ ਲਈ ਵਰਤਿਆ।

ਇਸ ਕਥਾ ਦੀ ਸ਼ੁਰੂਆਤ ਨੂੰ ਸਮਝਣ ਲਈ ਸਾਨੂੰ ਤਰਵਾਨਕੋਰ ਰਾਜ ਦੇ ਟੈਕਸ ਪ੍ਰਣਾਲੀ ਵੱਲ ਧਿਆਨ ਦੇਣਾ ਚਾਹੀਦਾ ਹੈ। ਤਰਵਾਨਕੋਰ ਵਿੱਚ ਬ੍ਰਿਟਿਸ਼ ਕਾਲ ਵਿੱਚ ਵੀ ਬਹੁਤ ਸਾਰੇ ਟੈਕਸ ਲਾਗੂ ਸਨ। ਆਮ ਲੋਕਾਂ ਤੋਂ ਲਏ ਜਾਣ ਵਾਲੇ ਟੈਕਸਾਂ ਵਿੱਚ ਟਲੱਕਰਮ (ਸਿਰ ਟੈਕਸ) ਅਤੇ ਮੁਲੱਕਰਮ ਸ਼ਾਮਲ ਸਨ। ਇਹ ਟੈਕਸ ਆਬਾਦੀ ਟੈਕਸ ਜਾਂ ਪੋਲ ਟੈਕਸ ਦੀ ਤਰ੍ਹਾਂ ਸਨ, ਜਿਨ੍ਹਾਂ ਦਾ ਛਾਤੀਆਂ ਨਾਲ ਕੋਈ ਸਿੱਧਾ ਸਬੰਧ ਨਹੀਂ ਸੀ। ਇਤਿਹਾਸਕਾਰ ਮਨੁ ਐੱਸ. ਪਿਲਾਈ ਆਪਣੀਆਂ ਰਚਨਾਵਾਂ ਵਿੱਚ ਸਪੱਸ਼ਟ ਕਰਦੇ ਹਨ ਕਿ ਮੁਲੱਕਰਮ ਸ਼ਬਦ ਦਾ ਅਰਥ ਛਾਤੀ ਟੈਕਸ ਨਹੀਂ ਬਲਕਿ ਇੱਕ ਆਮ ਟੈਕਸ ਸੀ ਜੋ ਔਰਤਾਂ ਤੋਂ ਲਿਆ ਜਾਂਦਾ ਸੀ, ਜਿਵੇਂ ਟਲੱਕਰਮ ਆਦਮੀਆਂ ਤੋਂ ਲਿਆ ਜਾਂਦਾ ਸੀ। ਇਸ ਟੈਕਸ ਨਾਲ ਛਾਤੀਆਂ ਢੱਕਣ ਦੀ ਇਜਾਜ਼ਤ ਜਾਂ ਰੋਕਣ ਦਾ ਕੋਈ ਲੈਣਾ-ਦੇਣਾ ਨਹੀਂ ਸੀ। ਕੇਰਲਾ ਦੀ ਮਾਤਾ-ਪ੍ਰਧਾਨ ਸਮਾਜ ਵਿਵਸਥਾ ਵਿੱਚ ਉੱਪਰੀ ਤਨ ਢੱਕਣਾ ਆਮ ਗੱਲ ਨਹੀਂ ਸੀ, ਇਸ ਲਈ ਇਸ ਟੈਕਸ ਨੂੰ ਛਾਤੀਆਂ ਨਾਲ ਜੋੜ ਕੇ ਪੇਸ਼ ਕਰਨਾ ਗਲਤ ਵੇਰਵਾ ਹੈ।

ਇਸ ਫਿਕਸ਼ਨਲ ਭਾਵ ਕਾਲਪਨਿਕ ਕਥਾ ਨੂੰ ਪ੍ਰਚਾਰਿਤ ਕਰਨ ਵਾਲਿਆਂ ਵਿੱਚੋਂ ਇੱਕ ਮੁੱਖ ਨਾਮ ਸੀ. ਰਾਧਾਕ੍ਰਿਸ਼ਨਨ ਦਾ ਹੈ। ਉਨ੍ਹਾਂ ਨੇ 2007 ਵਿੱਚ ਅਖਬਾਰ 'ਦ ਪਾਇਨੀਅਰ' ਵਿੱਚ ਇੱਕ ਲੇਖ ਲਿਖਿਆ ਸੀ ਜਿਸ ਵਿੱਚ ਇਸ ਲੋਕ-ਕਥਾ ਨੂੰ ਡਰਾਮੈਟਿਕ ਰੂਪ ਵਿੱਚ ਪੇਸ਼ ਕੀਤਾ ਗਿਆ ਸੀ। ਬਾਅਦ ਵਿੱਚ ਉਨ੍ਹਾਂ ਨੇ ਖੁਦ ਸੋਸ਼ਲ ਮੀਡੀਆ ਅਤੇ ਇੰਟਰਵਿਊ ਵਿੱਚ ਮੰਨਿਆ ਕਿ ਇਹ ਕਥਾ ਸਥਾਨਕ ਲੋਕਧਾਰਾ ਤੋਂ ਲਈ ਗਈ ਸੀ ਅਤੇ ਉਨ੍ਹਾਂ ਨੇ ਇਸ ਨੂੰ ਆਪਣੀ ਰਚਨਾ ਦੀ ਮਸ਼ਹੂਰੀ ਲਈ ਵਧਾ-ਚੜ੍ਹਾ ਕੇ ਲਿਖਿਆ ਸੀ। ਇਸ ਵਿੱਚ ਅਸਲ ਇਤਿਹਾਸਕ ਤੱਥਾਂ ਦੀ ਘਾਟ ਸੀ ਅਤੇ ਇਹ ਸਿਰਫ ਡਰਾਮੈਟਿਕ ਅਸਰ ਲਈ ਲਿਖਿਆ ਗਿਆ ਸੀ। ਇਸ ਤੋਂ ਬਾਅਦ ਇਹ ਕਥਾ ਬੀਬੀਸੀ ਵਰਗੀਆਂ ਮੀਡੀਆ ਆਉਟਲੈਟਸ ਰਾਹੀਂ ਫੈਲੀ ਅਤੇ ਕਲਾਕਾਰ ਟੀ. ਮੁਰਲੀ ਵਰਗੇ ਲੋਕਾਂ ਨੇ ਇਸ ਤੇ ਪੇਂਟਿੰਗਾਂ ਅਤੇ ਗ੍ਰਾਫਿਕ ਨਾਵਲ ਬਣਾਏ। ਇਸ ਤਰ੍ਹਾਂ ਇੱਕ ਸਥਾਨਕ ਲੋਕਧਾਰਾ ਇਤਿਹਾਸਕ ਤੱਥ ਬਣ ਗਿਆ।

ਇਸ ਥੀਮ ਤੇ ਇੱਕ ਮਹੱਤਵਪੂਰਨ ਰਚਨਾ ਪੀ. ਐੱਸ. ਮੇਨਨ ਵੱਲੋਂ ਲਿਖੀ ਗਈ ਨਾਵਲ 'ਦ ਬ੍ਰੈਸਟ ਟੈਕਸ' ਹੈ। ਇਸ ਨਾਵਲ ਵਿੱਚ ਨਾਂਗੇਲੀ ਦੀ ਕਥਾ ਨੂੰ ਭਾਵਨਾਤਮਕ ਅਤੇ ਰੋਮਾਂਟਿਕ ਰੂਪ ਵਿੱਚ ਪੇਸ਼ ਕੀਤਾ ਗਿਆ ਹੈ। ਲੇਖਕ ਨੇ ਇਸ ਨੂੰ ਇੱਕ ਨਿਮਰ ਜਾਤੀ ਦੀ ਔਰਤ ਦੀ ਬਗਾਵਤ ਵਜੋਂ ਦਿਖਾਇਆ ਹੈ ਜੋ ਉਪਰਲੀ ਜਾਤੀ ਦੇ ਲੜਕੇ ਨਾਲ ਪਿਆਰ ਵੀ ਕਰਦੀ ਹੈ। ਇਹ ਨਾਵਲ ਫਿਕਸ਼ਨ ਭਾਵ ਕਲਪਨਾ ਅਧਾਰਿਤ ਹੈ ਅਤੇ ਇਸ ਵਿੱਚ ਇਤਿਹਾਸਕ ਤੱਥਾਂ ਨੂੰ ਡਰਾਮੈਟਾਈਜ਼ ਕੀਤਾ ਗਿਆ ਹੈ ਤਾਂ ਜੋ ਪਾਠਕਾਂ ਵਿੱਚ ਭਾਵਨਾਤਮਕ ਅਪੀਲ ਪੈਦਾ ਹੋਵੇ ਅਤੇ ਬੁੱਕ ਦੀ ਵਿਕਰੀ ਵਧੇ। ਇਸ ਤਰ੍ਹਾਂ ਦੀਆਂ ਰਚਨਾਵਾਂ ਨੇ ਇਸ ਗਲਤਫਹਿਮੀ ਨੂੰ ਹੋਰ ਮਜਬੂਤ ਕੀਤਾ ਕਿ ਇਹ ਇੱਕ ਅਸਲ ਇਤਿਹਾਸਕ ਘਟਨਾ ਸੀ। ਪਰ ਇਤਿਹਾਸਕ ਰਿਕਾਰਡਾਂ ਵਿੱਚ ਨਾਂਗੇਲੀ ਨਾਮ ਦੀ ਕਿਸੇ ਔਰਤ ਦਾ ਅਜਿਹਾ ਬਗਾਵਤੀ ਐਕਸ਼ਨ ਕਿਤੇ ਵੀ ਦਰਜ ਨਹੀਂ ਹੈ। ਕੋਈ ਰਾਜਸੀ ਰਿਪੋਰਟ ਜਾਂ ਟੈਕਸ ਰਿਜਿਸਟਰ ਇਸ ਘਟਨਾ ਦਾ ਜ਼ਿਕਰ ਨਹੀਂ ਕਰਦਾ।

ਇਸ ਕਥਾ ਨੂੰ ਪਬਲਿਸਿਟੀ ਲਈ ਵਰਤਣ ਦਾ ਮੁੱਖ ਉਦੇਸ਼ ਧਿਆਨ ਖਿੱਚਣਾ ਅਤੇ ਆਪਣੀ ਰਚਨਾ ਨੂੰ ਵਿਵਾਦਿਤ ਬਣਾ ਕੇ ਚਰਚਾ ਵਿੱਚ ਲਿਆਉਣਾ ਸੀ। ਜਦੋਂ ਲੇਖਕ ਆਪਣੀ ਰਚਨਾ ਵਿੱਚ ਅਜਿਹੀਆਂ ਭਾਵਨਾਤਮਕ ਘਟਨਾਵਾਂ ਸ਼ਾਮਲ ਕਰਦੇ ਹਨ ਤਾਂ ਇਸ ਨਾਲ ਬੁੱਕ ਦੀ ਵਿਕਰੀ ਵਧਦੀ ਹੈ ਅਤੇ ਸੋਸ਼ਲ ਮੀਡੀਆ ਤੇ ਵਾਇਰਲ ਹੋ ਜਾਂਦੀ ਹੈ। ਬਾਅਦ ਵਿੱਚ ਇਹ ਕਥਾ ਰਾਜਨੀਤਿਕ ਅਤੇ ਸਮਾਜਿਕ ਚਰਚਾਵਾਂ ਵਿੱਚ ਵੀ ਵਰਤੀ ਜਾਣ ਲੱਗੀ। ਕੁਝ ਲੋਕ ਇਸ ਨੂੰ ਜਾਤੀ ਵਿਵਸਥਾ ਵਿਰੋਧੀ ਲੜਾਈ ਵਜੋਂ ਪੇਸ਼ ਕਰਦੇ ਹਨ, ਜਦਕਿ ਅਸਲ ਵਿੱਚ ਇਹ ਇੱਕ ਆਮ ਆਬਾਦੀ ਟੈਕਸ ਸੀ ਜੋ ਆਰਥਿਕ ਲੋੜਾਂ ਕਰਕੇ ਲਾਗੂ ਕੀਤਾ ਗਿਆ ਸੀ। ਇਸ ਟੈਕਸ ਨਾਲ ਔਰਤਾਂ ਦੀ ਇੱਜਤ ਜਾਂ ਛਾਤੀਆਂ ਢੱਕਣ ਨਾਲ ਕੋਈ ਲੈਣਾ-ਦੇਣਾ ਨਹੀਂ ਸੀ। ਇਸ ਤੋਂ ਉਲਟ, ਇਤਿਹਾਸਕਾਰਾਂ ਅਨੁਸਾਰ ਇਹ ਟੈਕਸ ਬ੍ਰਿਟਿਸ਼ ਪ੍ਰਭਾਵ ਅਤੇ ਰਾਜਸੀ ਆਰਥਿਕ ਤੰਗੀ ਕਰਕੇ ਲਾਗੂ ਹੋਇਆ ਸੀ।

ਮਨੁ ਐੱਸ. ਪਿਲਾਈ ਆਪਣੀ ਰਚਨਾ 'ਦ ਆਈਵਰੀ ਥ੍ਰੋਨ: ਕ੍ਰੋਨੀਕਲਜ਼ ਆਫ ਦ ਹਾਊਸ ਆਫ ਤਰਵਾਨਕੋਰ' ਵਿੱਚ ਇਸ ਮਿਥ ਨੂੰ ਗਲਤ ਲਿਖਿਆ ਗਿਆ ਹੈ। ਉਹ ਸਪੱਸ਼ਟ ਕਰਦੇ ਹਨ ਕਿ ਨਾਂਗੇਲੀ ਦੀ ਕਥਾ ਨੂੰ ਬਾਅਦ ਵਿੱਚ ਇੱਕ ਪਿਤਾ-ਸੱਤਾਕਾਰੀ ਲੜਾਈ ਵਜੋਂ ਰੀ-ਇੰਟਰਪ੍ਰੇਟ ਕੀਤਾ ਗਿਆ, ਜਦਕਿ ਅਸਲ ਵਿੱਚ ਇਹ ਟੈਕਸ ਵਿਰੋਧੀ ਬਗਾਵਤ ਵੀ ਨਹੀਂ ਸੀ ਬਲਕਿ ਇੱਕ ਆਮ ਟੈਕਸ ਵਿਰੋਧੀ ਲੋਕ-ਕਥਾ ਸੀ। ਇਸ ਤਰ੍ਹਾਂ ਲੇਖਕਾਂ ਨੇ ਇਸ ਫਿਕਸ਼ਨ ਭਾਵ ਕਲਪਨਾ ਨੂੰ ਇਤਿਹਾਸ ਵਜੋਂ ਪੇਸ਼ ਕਰਕੇ ਗਲਤ ਤੱਥ ਪ੍ਰਚਾਰੇ। ਇਸ ਨਾਲ ਇਤਿਹਾਸਕ ਗਲਤਫਹਿਮੀਆਂ ਪੈਦਾ ਹੋਈਆਂ ਅਤੇ ਨਵੀਆਂ ਪੀੜ੍ਹੀਆਂ ਇਸ ਨੂੰ ਸੱਚ ਮੰਨਣ ਲੱਗੀਆਂ। ਇਸ ਤੋਂ ਇਲਾਵਾ ਕਈ ਹੋਰ ਰਚਨਾਵਾਂ ਵੀ ਇਸ ਥੀਮ ਤੇ ਆਈਆਂ ਹਨ ਜਿਵੇਂ ਸ਼੍ਰੀਧਰ ਮੇਨਨ ਵੱਲੋਂ ਲਿਖੀ ਗਈ 'ਦ ਬ੍ਰੈਸਟ ਟੈਕਸ' ਈ-ਬੁੱਕ। ਇਨ੍ਹਾਂ ਰਚਨਾਵਾਂ ਵਿੱਚ ਵੀ ਇਸ ਨੂੰ ਫਿਕਸ਼ਨਲ ਭਾਵ ਕਾਲਪਨਿਕ ਰੂਪ ਵਿੱਚ ਹੀ ਵਰਤਿਆ ਗਿਆ ਹੈ। ਲੇਖਕਾਂ ਨੇ ਇਸ ਤਰ੍ਹਾਂ ਦੀਆਂ ਕਥਾਵਾਂ ਰਾਹੀਂ ਆਪਣੀਆਂ ਰਚਨਾਵਾਂ ਨੂੰ ਵਧੇਰੇ ਆਕਰਸ਼ਕ ਬਣਾਇਆ ਅਤੇ ਇਸ ਨਾਲ ਉਨ੍ਹਾਂ ਨੂੰ ਵਧੀਆ ਮਸ਼ਹੂਰੀ ਮਿਲੀ। ਪਰ ਇਸ ਤਰ੍ਹਾਂ ਗਲਤ ਇਤਿਹਾਸ ਪ੍ਰਚਾਰਨਾ ਇੱਕ ਗੰਭੀਰ ਮੁੱਦਾ ਬਣ ਜਾਂਦਾ ਹੈ ਕਿਉਂਕਿ ਇਸ ਨਾਲ ਅਸਲ ਇਤਿਹਾਸ ਨੂੰ ਵਿਗਾੜਿਆ ਜਾਂਦਾ ਹੈ।

ਅਸਲ ਵਿੱਚ ਤਰਵਾਨਕੋਰ ਵਿੱਚ ਜਾਤੀ ਪ੍ਰਣਾਲੀ ਅਤੇ ਟੈਕਸ ਪ੍ਰਣਾਲੀ ਬਹੁਤ ਗੁੰਝਲਦਾਰ ਸੀ। ਘੱਟ ਜਾਤੀਆਂ ਤੇ ਬਹੁਤ ਸਾਰੀਆਂ ਪਾਬੰਦੀਆਂ ਸਨ, ਪਰ ਬ੍ਰੈਸਟ ਟੈਕਸ ਵਾਲੀ ਵਿਸ਼ੇਸ਼ ਘਟਨਾ ਇੱਕ ਫਿਕਸ਼ਨ ਭਾਵ ਕਲਪਨਾ ਹੈ। ਇਸ ਨੂੰ ਲੇਖਕਾਂ ਨੇ ਆਪਣੀਆਂ ਬੁੱਕਾਂ ਦੀ ਵਿਕਰੀ ਅਤੇ ਸਮਾਜਿਕ ਚਰਚਾ ਲਈ ਵਰਤਿਆ। ਇਸ ਤਰ੍ਹਾਂ ਦੀਆਂ ਕਥਾਵਾਂ ਨੂੰ ਫੈਕਟ ਵਜੋਂ ਪੇਸ਼ ਕਰਨ ਨਾਲ ਇਤਿਹਾਸਕ ਸੱਚਾਈ ਛੁਪ ਜਾਂਦੀ ਹੈ। ਸਾਨੂੰ ਇਸ ਤਰ੍ਹਾਂ ਦੀਆਂ ਰਚਨਾਵਾਂ ਨੂੰ ਫਿਕਸ਼ਨ ਭਾਵ ਕਲਪਨਾ ਵਜੋਂ ਹੀ ਲੈਣਾ ਚਾਹੀਦਾ ਹੈ ਅਤੇ ਅਸਲ ਇਤਿਹਾਸਕ ਤੱਥਾਂ ਤੇ ਭਰੋਸਾ ਕਰਨਾ ਚਾਹੀਦਾ ਹੈ। ਇਸ ਤਰ੍ਹਾਂ ਬ੍ਰੈਸਟ ਟੈਕਸ ਦੀ ਕਥਾ ਇੱਕ ਉਦਾਹਰਣ ਹੈ ਕਿ ਲੋਕ-ਕਥਾਵਾਂ ਨੂੰ ਕਿਵੇਂ ਆਧੁਨਿਕ ਲੇਖਕ ਆਪਣੇ ਉਦੇਸ਼ ਲਈ ਵਰਤਦੇ ਹਨ। ਇਸ ਨਾਲ ਬੁੱਕਾਂ ਦੀ ਮਸ਼ਹੂਰੀ ਤਾਂ ਹੁੰਦੀ ਹੈ ਪਰ ਇਤਿਹਾਸ ਨੂੰ ਨੁਕਸਾਨ ਪਹੁੰਚਦਾ ਹੈ। ਸੱਚੀ ਇਤਿਹਾਸਕ ਖੋਜ ਇਸ ਤਰ੍ਹਾਂ ਦੀਆਂ ਗਲਤਫਹਿਮੀਆਂ ਨੂੰ ਦੂਰ ਕਰਦੀ ਹੈ ਅਤੇ ਸਾਨੂੰ ਅਸਲ ਤੱਥਾਂ ਤੱਕ ਲੈ ਕੇ ਜਾਂਦੀ ਹੈ।

ਐਮ.ਸੀ.ਏ, ਐਮ.ਏ ਮਨੋਵਿਗਆਨ, ਰੂਪਨਗਰ
liberalthinker1621@gmail.com

# ਪ੍ਰਧਾਨ ਬਨਾਮ ਭਰਦਾਨ !

ਤਰਲੋਚਨ ਸਿੰਘ ਦੁਪਾਲ ਪੁਰ
001-408-905-5517
tsdupalpuri@yahoo.com

ਕੁੱਝ ਹਫਤੇ ਪਹਿਲਾਂ

ਇੰਗਲੈਂਡ ਦੇ ਪ੍ਰਧਾਨ ਮੰਤਰੀ ਮਿਸਟਰ ਕੀਰ ਸਟਾਰਮਰ ਨੇ ਆਪਣੀ ਲੇਬਰ ਪਾਰਟੀ ਦੇ ਅਹੁਦੇ ਦੇ ਨਾਲ ਨਾਲ ਪ੍ਰਧਾਨ ਮੰਤਰੀ ਪਦ ਤੋਂ ਅਸਤੀਫ਼ਾ ਦੇ ਦਿੱਤਾ।ਉਨ੍ਹਾਂ ਆਪਣੇ ਅਸਤੀਫਾ-ਪੱਤਰ ਵਿੱਚ ਇਹ ਮਹੱਤਵਪੂਰਨ ਸ਼ਬਦ ਵੀ ਲਿਖੇ-'ਮੇਰੀ ਲੇਬਰ ਪਾਰਟੀ ਇਹ ਨਹੀਂ ਮੰਨਦੀ ਕਿ ਮੈਂ ਅਗਲੀਆਂ ਚੋਣਾ ਵਿੱਚ ਇਸ ਦੀ ਅਗਵਾਈ ਕਰਨ ਲਈ ਸਹੀ ਵਿਅਕਤੀ ਹਾਂ...।'

23 ਜੂਨ 2026 ਦੀ 'ਰੋਜ਼ਾਨਾ ਸਪੋਕਸਮੈਨ' ਦੀ ਖਬਰ ਅਨੁਸਾਰ ਉੱਥੇ ਦੀ ਸੰਸਦ ਦੇ 400 ਮੈਂਬਰਾਂ ਵਿੱਚੋਂ 100 ਜਣੇ ਹੀ ਉਸਦੇ ਖਿਲਾਫ ਹਨ 300 ਉਸਦੇ ਹਮਾਇਤੀ !ਬਹੁਸੰਮਤੀ ਹਮਾਇਤੀ ਮੈਂਬਰ ਹੋਣ ਦੇ ਬਾਵਜੂਦ ਉਨ੍ਹਾਂ ਦੋਵੇ ਅਹੁਦੇ ਤਿਆਗ ਦਿੱਤੇ।

ਇਹਨੂੰ ਕਹਿੰਦੇ ਹਨ ਆਪਣੇ ਦੇਸ ਅਤੇ ਲੋਕ-ਰਾਜ ਪ੍ਰਤੀ ਵਫਾਦਾਰੀ !

ਖਬਰ ਅਨੁਸਾਰ ਨੇੜਲੇ ਦਸਾਂ ਸਾਲਾਂ ਦੇ ਸਮੇਂ ਵਿੱਚ ਇੰਗਲੈਂਡ ਦੇ ਪ੍ਰਧਾਨ ਮੰਤਰੀ ਪਦ ਤੋਂ ਅਸਤੀਫ਼ਾ ਦੇਣ ਵਾਲੇ ਉਹ ਪੰਜਵੇਂ ਆਗੂ ਬਣ ਗਏ ਹਨ !!




ਮਤਲਬ ਕਿ ਇੰਗਲੈਂਡ ਦੇ ਦਸ ਸਾਲਾ ਰਾਜਨੀਤਕ ਦ੍ਰਿਸ਼ ਵਿੱਚ ਪੰਜ ਪ੍ਰਧਾਨ ਮੰਤਰੀਆਂ ਨੇ ਅਹੁਦੇ ਦਾ ਮੋਹ ਨਹੀਂ ਦਿਖਾਇਆ !

ਏਧਰ ਬਲਿਹਾਰੇ ਜਾਈਏ ਸੁਖਬੀਰ ਸਿੰਘ ਬਾਦਲ ਦੇ,ਜੋ ਪੰਜਾਬ ਵਾਸੀਆਂ ਵਲੋਂ ਕਈ ਵਾਰ ਨਕਾਰਿਆ ਦੁਰਕਾਰਿਆ, ਆਪੇ ਥਾਪੀ ਝੂੰਦਾ ਕਮੇਟੀ ਦੀਆਂ ਸਿਫਾਰਸ਼ਾਂ ਅਤੇ ਦੋ ਦਸੰਬਰ 2024 ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਹੋਏ ਆਦੇਸ਼ ਨੂੰ ਦਰਕਿਨਾਰ ਕਰਕੇ ਪ੍ਰਧਾਨਗੀ ਨੂੰ ਚਿੰਬੜਿਆ ਬੈਠਾ ਹੈ !

ਫੇਵੀਕੋਲ ਕੰਪਨੀ ਦਾ ਅਜਿਹਾ ਟ੍ਰੇਡ-ਮਾਰਕ ਹੁੰਦਾ ਸੀ ਕਿ ਉਨ੍ਹਾਂ ਦੇ ਬਣਾਏ ਹੋਏ ਫੇਵੀਕੋਲ ਨਾਲ ਜੋੜੀ ਹੋਈ ਚੀਜ ਨੂੰ, ਵਿਰੋਧੀ ਦਿਸ਼ਾਵਾਂ ਵਿੱਚ ਖਿੱਚ ਰਹੇ ਦੋ ਹਾਥੀ ਵੀ ਤੋੜ ਨਹੀਂ ਸਕਦੇ !

ਸੁਖਬੀਰ ਸਿੰਘ ਬਾਦਲ ਪ੍ਰਧਾਨਗੀ ਨੂੰ ਚਿੰਬੜਿਆ ਦੇਖ ਕੇ ਫੇਵੀਕੋਲ ਵਾਲਿਆਂ ਦਾ ਟ੍ਰੇਡ-ਮਾਰਕ ਚੇਤੇ ਆ ਜਾਂਦਾ ਐ !

ਜੇ ਜਿਤੇ ਇਹ ਸ੍ਰੀ ਮਾਨ 'ਭਰਦਾਨ' ਦੋ ਦਸੰਬਰ ਵੀਹ ਸੌ ਚੌਵੀ ਵਾਲੇ ਦਿਨ ਸ੍ਰੀ ਅਕਾਲ ਤਖਤ ਸਾਹਿਬ ਦੀ ਫਸੀਲ ਮੋਹਰੇ ਵਾਕਿਆ ਹੀ ਨਿਮਾਣੇ ਸਿੱਖ ਵਜੋਂ ਨਿਮਰਤਾ ਦਿਖਾ ਕੇ ਪ੍ਰਧਾਨਗੀ ਪਦ ਤੋਂ ਅਸਤੀਫ਼ਾ ਦੇ ਦਿੰਦਾ ਤਾਂ ਪੰਥ ਵਿੱਚ ਇਹਦਾ ਆਪਣਾ ਤੇ ਸ਼੍ਰੋਮਣੀ ਅਕਾਲੀ ਦਲ ਦਾ ਅੱਜ ਵਰਗਾ ਹਸ਼ਰ ਨਾ ਹੋਇਆ ਹੁੰਦਾ !

ਦੋ ਸਤਰੀਆ-'ਜਿਸਦੇ ਨੈਤਕਿਤਾ ਅਤੇ ਇਖਲਾਕ ਪੱਲੇ
ਅਹੁਦੇ ਬੈਠਾ ਸਤਿਕਾਰਤ ਪ੍ਰਧਾਨ ਹੁੰਦਾ।
ਜਿਹੜਾ ਚਿੰਬੜਿਆ ਰਹੇ ਪ੍ਰਧਾਨਗੀ ਨੂੰ
ਲੋਕੀ ਹੱਸਦੇ ਕਹਿਣ 'ਭਰਦਾਨ' ਹੁੰਦਾ !'

# ਹਰਿਗੋਵਿੰਦੁ ਸਦਾ ਵਿਗਸੰਦਾ

ਡਾ. ਸਤਿੰਦਰ ਪਾਲ ਸਿੰਘ



ਗੁਰੂ ਹਰਿਗੋਬਿੰਦ ਸਾਹਿਬ ਦਾ ਸੰਸਾਰ ਵਿੱਚ ਆਗਮਨ ਸ੍ਰੇਸ਼ਟ ਮਨੁੱਖੀ ਕਦਰਾਂ, ਕੀਮਤਾਂ ਨੂੰ ਦ੍ਰਿੜ੍ਹਤਾ ਪ੍ਰਦਾਨ ਕਰਨ ਵਾਲਾ ਧੁਰੋਂ ਲਿਖਿਆ ਸੰਜੋਗ ਸੀ। ਇਸ ਸੰਜੋਗ ਨੇ ਨਾ ਕੇਵਲ ਸਮੇਂ ਦੀ ਸੰਭਾਲ ਕੀਤੀ, ਭਵਿੱਖ ਦੀ ਦਿਸ਼ਾ ਵੀ ਤੈ ਕਰ ਦਿੱਤੀ ਕਿ ਧਾਰਮਿਕ ਪਵਿੱਤਰਤਾ ਦਾ ਨਿਰਵੈਰ, ਨਿਰਲੇਪ ਰੂਪ ਹਰ ਸਥਿਤੀ ਵਿੱਚ ਕਾਇਮ ਰਹਿੰਦਾ ਹੈ ਤੇ ਕਿਸੇ ਵੀ ਚੁਨੌਤੀ ਦਾ ਸਾਹਮਣਾ ਕਰਨ 'ਚ ਪੂਰਨ ਸਮਰੱਥ ਹੁੰਦਾ ਹੈ। ਪਰਮਾਤਮਾ ਤੇ ਅਡੋਲ ਭਰੋਸੇ ਦਾ ਪ੍ਰਤੀਕ ਸ੍ਰੀ ਅਕਾਲ ਤਖਤ ਸਾਹਿਬ ਸਿਰਜਣਾ, ਨਾਲ ਹੀ ਸ਼ਸਤਰ ਧਾਰਨ ਕਰ ਇੱਕ ਜੋਧਾ ਜਿਹਾ ਬਣ ਜਾਣਾ, ਪਰਮਾਤਮਾ ਪ੍ਰੀਤਿ ਤੇ ਸਹਿਜ ਦੀ ਅਵਸਥਾ ਵਿੱਚ ਰੰਗੇ ਰਹਿਣਾ ਪਰ ਦਸਤਾਰ ਤੇ ਕਲਗੀ ਸਜਾ ਕੇ ਰਾਜਸੀ ਦਿੱਖ ਪ੍ਰਗਟ ਕਰਨਾ ਅਧਿਆਤਮ ਦਾ ਗੂੜ੍ਹਾ ਰਹੱਸ ਸੀ ਜਿਸ ਨੂੰ ਆਪ ਗੁਰੂ ਹਰਿਗੋਬਿੰਦ ਸਾਹਿਬ ਹੀ ਜਾਣਦੇ ਸਨ। ਇਤਿਹਾਸ ਤਾਂ ਸਿੱਟੇ ਤੇ ਪੁੱਜਦਾ ਹੈ ਕਿ ਇਹ ਧਰਮ ਦੀ ਚੜ੍ਹਦੀਕਲਾ ਦਾ ਆਗਾਜ਼ ਸੀ ਜਿਸ ਨੂੰ ਖਾਲਸਾ ਸਾਜ ਕੇ ਦਸਮ ਪਿਤਾ ਨੇ ਸੰਪੂਰਨਤਾ ਬਖਸ਼ੀ ਸੀ। ਗੁਰੂ ਹਰਿਗੋਬਿੰਦ ਸਾਹਿਬ ਦਾ ਪ੍ਰਕਾਸ਼ ਪਰਮਾਤਮਾ ਦੀ ਦਾਤ ਦੇ ਰੂਪ ਵਿੱਚ ਵੇਖਿਆ ਗਿਆ। ਗੁਰੂ ਅਰਜਨ ਸਾਹਿਬ ਨੇ ਗੁਰੂ ਹਰਿਗੋਬਿੰਦ ਜੀ ਦੇ ਪ੍ਰਕਾਸ਼ ਨੂੰ ਪਰਮਾਤਮਾ ਦੇ ਭਗਤ ਦਾ ਸੰਸਾਰ ਅੰਦਰ ਆਗਮਨ ਦੱਸਿਆ।

ਜੰਮਿਆ ਪੂਤੁ ਭਗਤੁ ਗੋਵਿੰਦ ਕਾ
ਪ੍ਰਗਟਿਆ ਸਭ ਮਹਿ
ਲਿਖਿਆ ਧੁਰ ਕਾ ॥ ਰਹਾਉ ॥
(ਪੰਨਾ ੩੯੬)

ਗੁਰੂ ਅਰਜਨ ਸਾਹਿਬ ਨੇ ਵਚਨ ਕੀਤਾ ਕਿ ਗੁਰੂ ਹਰਿਗੋਬਿੰਦ ਸਾਹਿਬ ਪਰਮਾਤਮਾ ਦੇ ਹੁਕਮ ਅਨੁਸਾਰ ਸੰਸਾਰ ਵਿੱਚ ਆਏ ਸਨ। ਪਰਮਾਤਮਾ ਨੇ ਉਨ੍ਹਾਂ ਨੂੰ ਧਰਮ ਹਿਤ ਸੰਸਾਰਿਕ ਜੀਵਨ ਦਾ ਭਰਪੂਰ ਸਮਾਂ ਬਖਸ਼ਿਆ। ਆਪ ਦਾ ਗੁਰਤਾ ਕਾਲ ੩੮ ਵਰ੍ਹਿਆਂ ਦਾ ਸੀ। ਆਪ ਨੇ ਸੰਸਾਰ ਅੰਦਰ ਜੋ ਸੰਕਲਪ ਪੂਰੇ ਕੀਤੇ ਉਹ ਪਰਮਾਤਮਾ ਦੀ ਦਰਗਾਹ ਤੋਂ ਹੀ ਲਿਖਵਾ ਕੇ ਆਏ ਸਨ। ਗੁਰੂ ਹਰਿਗੋਬਿੰਦ ਸਾਹਿਬ ਦਾ ਪ੍ਰਕਾਸ਼ ਪਰਮਾਤਮਾ ਦੇ ਭਗਤ ਦੇ ਰੂਪ ਵਿੱਚ ਹੋਇਆ ਤੇ ਸਾਰਾ ਜੀਵਨ ਭਗਤੀ ਵਿੱਚ ਹੀ ਲੱਗਾ। ਉਨ੍ਹਾਂ ਦੇ ਸ਼ਸਤਰ, ਫੌਜ, ਜੰਗਾਂ ਸਭ ਭਗਤੀ ਦਾ ਹੀ ਪੱਖ ਸਨ। ਭਗਤੀ ਮਨ ਅੰਦਰ ਸੀ। ਸ਼ਸਤਰ ਉਸ ਭਗਤੀ ਭਾਵਨਾ ਦੀ ਰਾਖੀ ਦਾ ਮਾਧਿਅਮ ਬਣੇ ਜੋ ਕਿ ਸਮੇਂ ਦੀ ਲੋੜ ਸੀ। ਸੰਸਾਰ ਅੰਦਰ ਜਿਨ੍ਹਾਂ ਵੀ ਸ਼ਸਤਰ ਧਾਰਨ ਕੀਤੇ, ਆਪਣੇ ਨਿਜੀ ਰੁਤਬੇ, ਰਾਜ ਤੇ ਦੁਨਿਆਵੀ ਪਦਾਰਥਾਂ ਲਈ। ਗੁਰੂ ਹਰਿਗੋਬਿੰਦ ਸਾਹਿਬ ਦੇ ਸ਼ਸਤਰ ਗਰੀਬ ਦੀ ਰੱਖਿਆ ਤੇ ਜਰਵਾਣੇ ਦੀ ਭੱਖਿਆ ਲਈ ਸਨ। ਗੁਰੂ ਸਾਹਿਬ ਕੋਲ ਕਈ ਅਉਸਰ ਆਏ ਜਦੋਂ ਉਹ ਆਪਣਾ ਰਾਜ ਕਾਇਮ ਕਰ ਸੱਕਦੇ ਸਨ, ਪਰ ਉਨ੍ਹਾਂ ਇਸ ਵਿੱਚ ਕੋਈ ਦਿਲਚਸਪੀ ਨਹੀ ਵਿਖਾਈ ਤੇ ਫੌਜ ਸਮੇਤ ਜੰਗ ਖਤਮ ਹੁੰਦੀਆਂ ਹੀ ਅਧਿਆਤਮਕ ਅਵਸਥਾ ਵਿੱਚ ਪਰਤ ਆਏ। ਗੁਰੂ ਸਾਹਿਬ ਨੇ ਚਾਰ ਵੱਡੀਆਂ ਜੰਗਾਂ ਲੜਿਆਂ ਤੇ ਚਾਰੋ ਜਿੱਤੀਆਂ। ਇਹ ਜੰਗਾਂ ਦਰਅਸਲ ਗੁਰੂ ਸਾਹਿਬ ਤੇ ਹਮਲੇ ਸਨ ਜਿਨ੍ਹਾਂ ਦਾ ਜਵਾਬ ਦੇਣਾ ਗੁਰੂ ਸਾਹਿਬ ਨੇ ਆਪਣਾ ਧਰਮ ਮੰਨਿਆ। ਉਨ੍ਹਾਂ ਦੇ ਅਪਾਰ ਬਲ ਕਾਰਨ ਕੋਈ ਵੀ ਜੰਗ ਤਿੰਨ ਚਾਰ ਦਿਨਾਂ ਤੋਂ ਜਿਆਦਾ ਨਹੀ ਚੱਲੀ। ਪਰ ਗੁਰੂ ਸਾਹਿਬ ਇਸ ਨੂੰ ਪਰਮਾਤਮਾ ਦੀ ਰੱਖਿਆ ਤੇ ਕਿਰਪਾ ਮੰਨਦੇ ਸਨ। ਬਚਪਨ ਵਿੱਚ ਜਦੋਂ ਗੁਰੂ ਸਾਹਿਬ ਚੇਚਕ ਦੀ ਗੰਭੀਰ ਬੀਮਾਰੀਤੋਂ ਬਾਅਦ ਸਿਹਤਮੰਦ ਹੋਏ ਤਾਂ ਗੁਰੂ ਅਰਜਨ ਸਾਹਿਬ ਨੇ ਜੋ ਵਚਨ ਕੀਤੇ ਸਨ ਉਹ ਬੜੇ ਹੀ ਗੂੜ੍ਹ ਅਰਥਾਂ ਵਾਲੇ ਸਨ।



ਹਰਿਗੋਬਿੰਦੁ ਰਖਿਉ ਪਰਮੇਸਰਿ
ਅਪੁਨੀ ਕਿਰਪਾ ਧਾਰਿ ॥
(ਪੰਨਾ ੫੦੦)

ਪਿਤਾ ਗੁਰੂ ਅਰਜਨ ਸਾਹਿਬ ਦੀ ਲਾਹੌਰ ਵਿੱਚ ਸ਼ਹੀਦੀ ਹੋਣ ਤੋਂ ਬਾਅਦ ਸ਼ਸਤਰ ਧਾਰਨ ਕਰਣਾ ਗੁਰੂ ਹਰਿਗੋਬਿੰਦ ਸਾਹਿਬ ਦੇ ਪਰਮਾਤਮਾ ਤੇ ਧਰਮ ਲਈ ਸਮਰਪਣ ਅਤੇ ਦ੍ਰਿੜ੍ਹ ਸੰਕਲਪ ਦਾ ਪ੍ਰਤੀਕ ਸੀ। ਅਧਰਮੀ ਤੇ ਸਾਕਤ ਸ਼ਕਤੀਆਂ ਜਦੋਂ ਵੀ ਅਜਿਹੇ ਜੁਲਮ ਕਰਦਿਆਂ ਹਨ ਤਾਂ ਉਨ੍ਹਾਂ ਦਾ ਮਕਸਦ ਧਰਮੀ ਤੇ ਸਚ ਦੇ ਮਾਰਗ ਤੇ ਚੱਲਣ ਵਾਲੇ ਲੋਕਾਂ ਦਾ ਆਤਮ ਵਿਸ਼ਵਾਸ ਤੋੜਨਾ 'ਤੇ ਧਰਮ ਤੋਂ ਵਿਮੁਖ ਕਰਨਾ ਹੁੰਦਾ ਹੈ। ਆਮ ਲੋਕਾਂ ਦੇ ਡਰ ਤੇ ਡੋਲ ਜਾਣ ' ਚ ਹੀ ਉਨ੍ਹਾਂ ਦੀ ਜਿੱਤ ਹੁੰਦੀ ਹੈ। ਗੁਰੂ ਹਰਿਗੋਬਿੰਦ ਸਾਹਿਬ ਦੇ ਸ਼ਸਤਰ ਧਾਰਨ ਕਰਨ ਤੇ ਫੌਜ ਤਿਆਰ ਕਰਨ ਨਾਲ ਆਤਮ ਬਲ ਤੇ ਘਾਤ ਕਰਨ ਦੇ ਅਧਰਮੀਆਂ ਦੇ ਮਨਸੂਬੇ ਕਾਮਿਆਬ ਨਾ ਹੋਏ। ਸਿੱਖ ਦਾ ਆਤਮ ਬਲ ਜੋ ਗੁਰੂ ਸਾਹਿਬ ਦੇ ਸ਼ਸਤਰ ਧਾਰਨ ਕਰਨ ਨਾਲ ਕਾਇਮ ਹੋਇਆ ਸੀ ਉਹ ਸ੍ਰੀ ਅਕਾਲ ਤਖਤ ਸਾਹਿਬ ਦੀ ਰਚਨਾ ਨਾਲ ਉਛਾਲਾਂ ਮਾਰਨ ਲੱਗ ਪਿਆ ਸੀ। ਇਹ ਸਿਧਾ ਸੁਨੇਹਾ ਸੀ ਕਿ ਪਰਮਾਤਮਾ ਸੰਸਾਰ ਦੀ ਸਭ ਤੋਂ ਸ੍ਰੇਸ਼ਟ ਤੇ ਸਮਰਥ ਸੱਤਾ ਹੈ ਤੇ ਅਸੀਂ ਸਾਰੇ ਉਸ ਦੇ ਜੇਰੇ ਸਾਇਆ ਹਾਂ। ਸ੍ਰੀ ਅਕਾਲ ਤਖਤ ਸਾਹਿਬ ਦੁਨਿਆ ਦੀਆਂ ਸਾਰੀਆਂ ਕੂੜ ਸ਼ਕਤੀਆਂ ਲਈ ਚਿਤਾਵਨੀ ਤੇ ਵਰਜਣਾ ਸੀ। ਅੱਜ ਤੱਕ ਧਰਮ ਧਿਆਨ, ਸਿਮਰਨ, ਤੀਰਥ ਇਸਨਾਨ ਤੇ ਪੂਜਾ ਅਸਥਾਨਾਂ ਤੱਕ ਸਿਮਟਿਆ ਹੋਇਆ ਸੀ। ਸਿੱਖ ਗੁਰੂ ਸਾਹਿਬਾਨ ਨੇ ਪਹਿਲੀ ਵਾਰ ਧਰਮ ਨੂੰ ਸਾਮਾਜਿਕ ਸਰੋਕਾਰਾਂ ਤੇ ਮਨੁੱਖੀ ਜੀਵਨ ਦੇ ਹਰ ਪੱਖ ਨਾਲ ਜੋੜਿਆ ਸੀ। ਗੁਰੂ ਹਰਿਗੋਬਿੰਦ ਸਾਹਿਬ ਨੇ ਉਸ ਜਤਨ ਨੂੰ ਹੀ ਸ੍ਰੀ ਅਕਾਲ ਤਖਤ ਸਾਹਿਬ ਦੀ ਰਚਨਾ ਰਾਹੀ ਪ੍ਰਤੀਕਾਤਮਕ ਰੂਪ ਦਿੱਤਾ। ਜਹਾਂਗੀਰ ਨੇ ਜਦੋਂ ਗੁਰੂ ਸਾਹਿਬ ਨੂੰ ਫਰੇਬ ਨਾਲ ਗਵਾਲੀਅਰ ਦੇ ਕਿਲੇ ਵਿੱਚ ਬੰਦੀ ਬਣਾ ਲਿਆ ਸੀ ਤਾਂ ਗੁਰੂ ਸਾਹਿਬ ਨੇ ਜਿਸ ਸੰਜਮ ਤੇ ਸਹਿਜ ਨਾਲ ਸਥਿਤੀ ਨੂੰ ਨਜਿੱਠਿਆ ਉਹ ਆਪਣੇ ਆਪ ਵਿੱਚ ਇੱਕ ਅਦੁੱਤੀ ਮਿਸਾਲ ਸੀ। ਜੋ ਗੁਰੂ ਸਾਹਿਬ ਤਲਵਾਰ ਤੇ ਇੱਕ ਵਾਰ ਨਾਲ ਸ਼ੇਰ ਦੇ ਟੁਕੜੇ ਕਰ ਜਹਾਂਗੀਰ ਦੀ ਜਾਨ ਬਚਾ ਸਕਦੇ ਸਨ ਉਨ੍ਹਾਂ ਨੂੰ ਬੰਦੀ ਬਣਾਉਣਾ ਸੌਖਾ ਨਹੀ। ਸਿੱਖ ਬਜਿੱਦ ਹੋ ਗਏ ਕਿ ਕਿਲੇ ਤੇ ਹੰਮਲਾ ਕਰ ਗੁਰੂ ਸਾਹਿਬ ਨੂੰ ਕਿਲੇ ਤੋਂ ਬਾਹਰ ਲੈ ਆਉਣਾ ਹੈ। ਗੁਰੂ ਹਰਿਗੋਬਿੰਦ ਸਾਹਿਬ ਭਵਿੱਖ ਵੱਲ ਵੇਖ ਰਹੇ ਸਨ। ਉਨ੍ਹਾਂ ਨੂੰ ਬਵੰਜਾ ਕੈਦੀ ਰਾਜਿਆਂ ਦੀ ਵੀ ਚਿੰਤਾ ਸੀ। ਇਸ ਕਾਰਨ ਉਹ ਗਵਾਲੀਅਰ ਵਿੱਚ ਸਹਿਜ ਭਾਵ ਨਾਲ ਰਹੇ। ਜਹਾਂਗੀਰ ਨੂੰ ਸ਼ਰਮਸਾਰ ਹੋ ਕੇ ਗੁਰੂ ਸਾਹਿਬ ਨੂੰ ਹੀ ਨਹੀ, ਉਨ੍ਹਾਂ ਦੇ ਕਹਿਣ ਤੇ ਬਵੰਜਾ ਕੈਦੀ ਰਾਜਿਆਂ ਨੂੰ ਵੀ ਰਿਹਾ ਕਰਨਾ ਪਿਆ। ਉਧਰ ਗੁਰੂ ਸਾਹਿਬ ਦੀ ਗੈਰ ਮੌਜੂਦਗੀ ਵਿੱਚ ਸ੍ਰੀ ਹਰਿਮੰਦਰ ਸਾਹਿਬ ਦੀ ਮਰਿਆਦਾ ਵੀ ਲਗਾਤਾਰ ਚੱਲਦੀ ਰਹੀ। ਇਹ ਘਟਨਾ ਸਿੱਖਾਂ ਅੰਦਰ ਪਰਮਾਤਮਾ ਤੇ ਭਰੋਸਾ ਰੱਖਣ ਦੀ ਸਦੀਵੀ ਵੱਡੀ ਪ੍ਰੇਰਨਾ ਬਣ ਗਈ।

ਭਾਈ ਗੁਰਦਾਸ ਜੀ ਵੱਡੇ ਸਿੱਖ ਵਿਦਵਾਨ ਸਨ ਜਿਨ੍ਹਾਂ ਦਾ ਗੁਰੂ ਅਰਜਨ ਸਾਹਿਬ ਦੇ ਦਰਬਾਰ ਵਿੱਚ ਬਹੁਤ ਸਨਮਾਨ ਸੀ। ਗੁਰੂ ਹਰਿਗੋਬਿੰਦ ਸਾਹਿਬ ਵੀ ਭਾਈ ਜੀ ਨੂੰ ਪੂਰਾ ਸਨਮਾਨ ਦਿੰਦੇ ਸਨ. ਭਾਈ ਜੀ ਨੂੰ ਲੰਬੇ ਸਮੇਂ ਤੱਕ ਗੁਰੂ ਸਾਹਿਬ ਦੀ ਨੇੜਤਾ ਪ੍ਰਾਪਤ ਹੋਈ। ਭਾਈ ਜੀ ਨੇ ਗੁਰੂ ਸਾਹਿਬ ਵਿੱਚ ਪਰਮਾਤਮਾ ਦੇ ਦਰਸ਼ਨ ਕੀਤੇ।

ਏਕੰਕਾਰ ਅਕਾਰੁ ਕਰਿ
ਗੁਰੁ ਗੋਵਿੰਦੁ ਨਾਉ ਸਦਵਾਇਆ।
ਪਾਰਬ੍ਰਹਮੁ ਪੂਰਨ ਬ੍ਰਹਮੁ
ਨਿਰਗੁਣ ਸਰਗੁਣ ਅਲਖੁ ਲਖਾਇਆ।
(ਭਾਈ ਗੁਰਦਾਸ ਜੀ,
ਵਾਰ ੨੫, ਪਉੜੀ ੧)

ਬੇਸ਼ਕ ਗੁਰੂ ਹਰਿਗੋਬਿੰਦ ਸਾਹਿਬ ਦਾ ਬਾਨਾ ਰਾਜਸੀ ਸੀ ਪਰ ਭਗਤੀ ਦੀਆਂ ਕਿਰਨਾਂ ਉਸ ਬਾਨੇ ਤੋਂ ਇਵੇਂ ਨਿਕਲਦੀਆਂ ਸਨ ਜਿਵੇਂ ਸੂਰਜ ਸਾਰੀ ਧਰਤੀ ਤੇ ਚਾਨਣ ਬਿਖੇਰਦਾ ਹੈ। ਭਾਈ ਗੁਰਦਾਸ ਜੀ ਨੇ ਉਹ ਚਾਨਣ ਵੇਖ ਕੇ ਹੀ ਲਿਖਿਆ ਕਿ ਪਰਮਾਤਮਾ ਨਿਰੰਕਾਰ ਹੈ ਪਰ ਉਹ ਗੁਰੂ ਹਰਿਗੋਬਿੰਦ ਸਾਹਿਬ ਦਾ ਆਕਾਰ ਲੈ ਕੇ ਧਰਤੀ ਤੇ ਆਇਆ ਹੈ। ਪਰਮਾਤਮਾ ਨਿਰਗੁਣ ਰੂਪ ਹੈ ਪਰ ਸਰਗੁਣ ਰੂਪ ਵਿੱਚ ਦਰਸ਼ਨ ਦੇ ਰਿਹਾ ਹੈ। ਗੁਰੂ ਸਾਹਿਬ ਸਾਧ ਸੰਗਤ ਵਿੱਚ ਸ਼ਸਤਰਾਂ ਤੇ ਫੌਜਾਂ ਦੀ ਨਹੀ, ਗੁਰਬਾਣੀ ਤੇ ਧਰਮ ਦੀ ਚਰਚਾ ਤੇ ਵਿਆਖਿਆ ਕਰਦੇ ਸਨ। ਇੱਕ ਵਾਰ ਆਪ ਸੰਗਤ ਨੂੰ ਜਪੁ ਜੀ ਸਾਹਿਬ ਦੀ ਬਾਣੀ ਦੀ ਮਹੱਤਾ ਦੱਸ ਰਹੇ ਸਨ ਤਾਂ ਇੱਕ ਸ਼ਰਧਾਲੂ ਸਿੱਖ ਭਾਈ ਗੋਪਾਲ ਜੀ ਜਪੁ ਜੀ ਸਾਹਿਬ ਦਾ ਪਾਠ ਸੁਣਾਉਣ ਲਈ ਤਿਆਰ ਹੋ ਗਏ। ਗੁਰੂ ਸਾਹਿਬ ਨੇ ਭਾਈ ਗੋਪਾਲ ਜੀ ਨੂੰ ਆਸਨ ਦੇ ਕੇ ਠੀਕ ਆਪਣੇ ਸਾਹਮਣੇ ਬਿਠਾਇਆ। ਗੁਰੂ ਸਾਹਿਬ ਬੜੀ ਇਕਾਗਰਤਾ ਨਾਲ ਭਾਈ ਗੋਪਾਲ ਜੀ ਦਾ ਪਾਠ ਸੁਣ ਰਹੇ ਸਨ। ਭਾਈ ਗੋਪਾਲ ਜੀ ਦਾ ਸ਼ੁੱਧ ਤੇ ਚਿੱਤ ਲਾ ਕੇ ਕੀਤਾ ਜਾ ਰਿਹਾ ਪਾਠ ਸੁਣ ਕੇ ਗੁਰੂ ਸਾਹਿਬ ਬਹੁਤ ਪ੍ਰਸੰਨ ਹੋ ਰਹੇ ਸਨ। ਗੁਰੂ ਸਾਹਿਬ ਨੇ ਸੋਚਿਆ ਕਿ ਭਾਈ ਗੋਪਾਲ ਜੀ ਤਾਂ ਉਚੀ ਵਡਿਆਈ ਦੇ ਹੱਕਦਾਰ ਹਨ। ਉਨ੍ਹਾਂ ਇੱਥੋਂ ਤੱਕ ਸੋਚ ਲਿਆ ਕਿ ਭਾਈ ਗੋਪਾਲ ਜੀ ਨੂੰ ਗੁਰਗੱਦੀ ਮਿਲਣੀ ਚਾਹੀਦੀ ਹੈ। ਪਰ ਪਾਠ ਪੂਰਨ ਹੋਣ ਹੀ ਵਾਲਾ ਸੀ ਕਿ ਭਾਈ ਗੋਪਾਲ ਜੀ ਦੇ ਮਨ ਵਿੱਚ ਸੰਸਾਰਿਕ ਕਾਮਨਾ ਜਾਗ ਪਈ ਤਾਂ ਅੰਤਰਯਾਮੀ ਗੁਰੂ ਸਾਹਿਬ ਨੂੰ ਆਪਣਾ ਫੈਸਲਾ ਬਦਲਣਾ ਪਿਆ। ਭਾਵਨਾ ਅਧੀਨ ਗੁਰੂ ਸਾਹਿਬ ਆਪਣਾ ਗੁਰੂ ਪਦ ਤਿਆਗਣ ਲਈ ਤਿਆਰ ਹੋ ਗਏ ਸਨ। ਇਹ ਇੱਕ ਮਹਾਨ ਘਟਨਾ ਸੀ। ਗੁਰਬਾਣੀ ਲਈ ਇੰਨਾ ਪਿਆਰ ਤੇ ਭਾਵਨਾ ਗੁਰੂ ਹਰਿਗੋਬਿੰਦ ਸਾਹਿਬ ਦੇ ਜੀਵਨ ਵਿੱਚ ਨਿਤ ਹੀ ਪਰਗਟ ਹੁੰਦਾ ਰਿਹਾ। ਗੁਰੂ ਹਰਿਗੋਬਿੰਦ ਸਾਹਿਬ ਦੇ ਜੋਤੀ ਜੋਤ ਸਮਾਉਣ ਦਾ ਸਮਾਂ ਆਇਆ ਤਾਂ ਗੁਰੂ ਹਰਿਰਾਇ ਜੀ ਨੇ ਪੁਛਿਆ ਸੀ ਕਿ ਮੁਗਲ ਬਹੁਤ ਤਾਕਤਵਰ ਹਨ। ਜੇ ਉਨ੍ਹਾਂ ਚੜ੍ਹਾਈ ਕਰ ਦੇਵੇ ਤਾ ਸਾਨੂੰ ਕੀ ਕਰਨਾ ਚਾਹੀਦੇ। ਗੁਰੂ ਹਰਿਗੋਬਿੰਦ ਸਾਹਿਬ ਨੇ ਉਨ੍ਹਾਂ ਦੀ ਸ਼ੰਕਾ ਨਿਵ੍ਰਿਤੀ ਕਰਦਿਆਂ ਕਿਹਾ ਸੀ ਕਿ ਜੋ ਤੁਹਾਡੇ ਵਿਰੁੱਧ ਦੁਸ਼ਮਨੀ ਦੀ ਭਾਵਨਾ ਮਨ ਵਿੱਚ ਰੱਖ ਕੇ ਆਵੇਗਾ ਉਹ ਕਦੀ ਵੀ ਤੁਹਾਨੂੰ ਜਿੱਤ ਨਹੀ ਸਕੇਗਾ। ਪਰਮਾਤਮਾ ਤੁਹਾਡੇ ਨਾਲ ਹੋਵੇਗਾ ਤੇ ਸਹਾਇਤਾ ਕਰੇਗਾ। ਗੁਰੂ ਹਰਿਗੋਬਿੰਦ ਸਾਹਿਬ ਦਾ ਪਰਮਾਤਮਾ ਤੇ ਅਡੋਲ ਭਰੋਸਾ ਤੇ ਧਰਮ ਲਈ ਦ੍ਰਿੜ੍ਹ ਭਾਵਨਾ ਹੀ ਉਨ੍ਹਾਂ ਦੀਆਂ ਮੀਰੀ ਤੇ ਪੀਰੀ ਦੀਆਂ ਤਲਵਾਰਾਂ ਦਾ ਤੇਜ ਸੀ।

ਗੁਰੂ ਹਰਿਗੋਬਿੰਦ ਸਾਹਿਬ ਦਾ ਜੀਵਨ ਉੱਚੇ ਸੁੱਚੇ, ਨਿਰਵੈਰ, ਨਿਰਭਉ ਜੀਵਨ ਦੀ ਸਦੀਵੀ ਪ੍ਰੇਰਨਾ ਹੈ। ਗੁਰਸਿੱਖ ਦੇ ਮਨ ਅੰਦਰ ਅਡੋਲ ਭਰੋਸਾ ਜਾਗਦਾ ਹੈ ਕਿ ਗੁਰੂ ਸਾਹਿਬ ਦੀ ਮੀਰੀ ਤੇ ਪੀਰੀ ਦੀ ਰੱਖਿਆ ਉਸ ਦੇ ਧਰਮ ਮਾਰਗ ਨੂੰ ਨਿਰਵਿਘਨ ਤੇ ਨਿਹਕੰਟਕ ਬਣਾਉਣ ਵਾਲੀ ਹੈ।

*ਈ - ੧੭੧੯, ਰਾਜਾਜੀਪੁਰਮ*
*ਲਖਨਊ - ੨੨੬੦੧੭*
*ਈ ਮੇਲ - akaalpurkh.7@gmail.com*

# ਸ਼ੇਰ-ਏ-ਪੰਜਾਬ ਦੀ ਸ਼ਾਨ: ਬ੍ਰਿਟਿਸ਼ ਹਵਾਲਿਆਂ ਦੀ ਜ਼ੁਬਾਨੀ

ਕਾਨਫਰੰਸ ਵਾਲੇ ਹਾਲ ਤੇ ਗੋਲੀਆਂ ਦੇ ਨਿਸ਼ਾਨ। ਅੰਗਰੇਜ਼ਾਂ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਅਸਲ ਤਾਕਤ ਦਾ ਅਹਿਸਾਸ 18ਵੀਂ ਸਦੀ ਦੇ ਬਿਲਕੁਲ ਅਖੀਰ (1799) ਵਿੱਚ ਹੋਇਆ, ਜਦੋਂ ਉਨ੍ਹਾਂ ਨੇ ਛੋਟੀ ਉਮਰ ਵਿੱਚ ਲਾਹੌਰ 'ਤੇ ਕਬਜ਼ਾ ਕਰ ਲਿਆ। ਪਰ ਉਨ੍ਹਾਂ ਦੀ ਚਿੰਤਾ ਉਦੋਂ ਸਿਖਰ 'ਤੇ ਪਹੁੰਚੀ ਜਦੋਂ ਰਣਜੀਤ ਸਿੰਘ ਨੇ ਸਤਲੁਜ ਪਾਰ ਕਰਕੇ ਮਾਲਵਾ (ਲੁਧਿਆਣਾ, ਪਟਿਆਲਾ) ਵੱਲ ਵਧਣਾ ਸ਼ੁਰੂ ਕੀਤਾ। ਅੰਗਰੇਜ਼ਾਂ ਦੀਆਂ ਨਜ਼ਰਾਂ ਵਿੱਚ ਮਹਾਰਾਜਾ ਦੀ ਤਾਕਤ ਅਤੇ ਉਨ੍ਹਾਂ ਦੀ ਸੋਚ ਬਾਰੇ ਕੁਝ ਕੁ ਤਤਕਾਲੀਨ ਹਵਾਲੇ :-

* ਕੈਪਟਨ ਵਿਲੀਅਮ ਪਾਮਰ (1800): "ਲਾਹੌਰ ਦਾ ਨਵਾਂ ਸ਼ਾਸਕ (ਰਣਜੀਤ ਸਿੰਘ) ਬਹੁਤ ਸਰਗਰਮ ਹੈ। ਉਸ ਨੇ ਅਫ਼ਗਾਨਾਂ ਨੂੰ ਪਿੱਛੇ ਧੱਕ ਕੇ ਸਾਬਤ ਕਰ ਦਿੱਤਾ ਹੈ ਕਿ ਉਹ ਪੰਜਾਬ ਦਾ ਨਵਾਂ ਧੁਰਾ ਹੈ।"

* ਲਾਰਡ ਵੈਲਜ਼ਲੀ (1805): "ਸਾਨੂੰ ਰਣਜੀਤ ਸਿੰਘ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖਣੀ ਪਵੇਗੀ। ਉਹ ਮਰਾਠਿਆਂ ਨਾਲੋਂ ਵੀ ਵੱਡਾ ਖ਼ਤਰਾ ਬਣ ਸਕਦਾ ਹੈ।"

* ਚਾਰਲਸ ਮੈਟਕਾਫ਼ (1808): "ਉਸਦੀਆਂ ਅੱਖਾਂ ਵਿੱਚ ਇੱਕ ਅਜੀਬ ਚਮਕ ਹੈ ਜੋ ਦੱਸਦੀ ਹੈ ਕਿ ਉਹ ਪੂਰੇ ਹਿੰਦੁਸਤਾਨ 'ਤੇ ਰਾਜ ਕਰਨ ਦਾ ਸੁਪਨਾ ਵੇਖਦਾ ਹੈ।"

* ਮੈਟਕਾਫ਼ ਦੀ ਰਿਪੋਰਟ (ਅਕਤੂਬਰ 1808): "ਰਣਜੀਤ ਸਿੰਘ ਦੀ ਫੌਜ ਅਨੁਸ਼ਾਸਨ ਵਿੱਚ ਨਹੀਂ ਸੀ, ਪਰ ਉਨ੍ਹਾਂ ਦਾ ਜੋਸ਼ ਅਤੇ ਘੋੜਸਵਾਰੀ ਅਦਭੁਤ ਸੀ।"

* ਲਾਰਡ ਮਿੰਟੋ ਦਾ ਪੱਤਰ: "ਸਾਨੂੰ ਸਤਲੁਜ 'ਤੇ ਹੱਦਬੰਦੀ ਕਰਨੀ ਪਵੇਗੀ, ਨਹੀਂ ਤਾਂ ਇਹ ਸਿੱਖ ਸ਼ੇਰ ਦਿੱਲੀ ਦੇ ਬੂਹੇ ਤੱਕ ਆ ਜਾਵੇਗਾ।"

* ਐਡਵਰਡ ਥਾਰਨਟਨ: "ਰਣਜੀਤ ਸਿੰਘ ਨੇ ਸਾਬਤ ਕਰ ਦਿੱਤਾ ਕਿ ਸਿੱਖ ਮਿਸਲਾਂ ਨੂੰ ਇੱਕ ਝੰਡੇ ਹੇਠ ਲਿਆਉਣਾ ਅਸੰਭਵ ਨਹੀਂ ਸੀ।"

* ਬ੍ਰਿਟਿਸ਼ ਇੰਟੈਲੀਜੈਂਸ (1809): "ਉਸਨੇ ਆਪਣੀ ਫੌਜ ਨੂੰ ਯੂਰਪੀਅਨ ਤਰੀਕੇ ਨਾਲ ਢਾਲਣਾ ਸ਼ੁਰੂ ਕਰ ਦਿੱਤਾ ਹੈ, ਜੋ ਸਾਡੇ ਲਈ ਚਿੰਤਾ ਦਾ ਵਿਸ਼ਾ ਹੈ।"

* ਸਰ ਡੇਵਿਡ ਓਕਟਰਲੋਨੀ: "ਉਹ ਬਹੁਤ ਚਲਾਕ ਸਿਆਸਤਦਾਨ ਹੈ; ਉਹ ਜਾਣਦਾ ਹੈ ਕਿ ਕਦੋਂ ਤਲਵਾਰ ਕੱਢਣੀ ਹੈ ਅਤੇ ਕਦੋਂ ਸੰਧੀ ਕਰਨੀ ਹੈ।"

* ਅੰਮ੍ਰਿਤਸਰ ਦੀ ਸੰਧੀ (1809) 'ਤੇ ਟਿੱਪਣੀ: "ਅਸੀਂ ਉਸਨੂੰ ਸਤਲੁਜ ਦੇ ਪਾਰ ਰੋਕ ਲਿਆ ਹੈ, ਪਰ ਉਸਦੀ ਤਾਕਤ ਉੱਤਰ ਵਿੱਚ ਹੋਰ ਵਧੇਗੀ।"

* ਕੈਪਟਨ ਮੈਥਿਊਜ਼ (1808): "ਮਹਾਰਾਜਾ ਦੀ ਸ਼ਖ਼ਸ਼ੀਅਤ ਵਿੱਚ ਇੱਕ ਚੁੰਬਕੀ ਖਿੱਚ ਹੈ ਜੋ ਦੁਸ਼ਮਣ ਨੂੰ ਵੀ ਪ੍ਰਭਾਵਿਤ ਕਰਦੀ ਹੈ।"

## ਸਿੱਖ ਸਾਮਰਾਜ ਦੇ ਸਿਖਰ 'ਤੇ ਟਿੱਪਣੀਆਂ (1810-1830)

* ਵਿਕਟਰ ਜੈਕੂਮੋਂਟ (1830): "ਉਹ ਭਾਰਤ ਦਾ ਨੈਪੋਲੀਅਨ ਹੈ। ਉਹ ਪੜ੍ਹਿਆ-ਲਿਖਿਆ ਨਹੀਂ ਪਰ ਉਹ ਹਰ ਚੀਜ਼ ਦਾ ਗਿਆਨ ਰੱਖਦਾ ਹੈ।"



* ਜੈਕੂਮੋਂਟ ਦੀ ਡਾਇਰੀ: "ਮਹਾਰਾਜਾ ਦੇ ਸਵਾਲ ਇੰਨੇ ਤੇਜ਼ ਹੁੰਦੇ ਹਨ ਕਿ ਕੋਈ ਵੀ ਵਿਦਵਾਨ ਘਬਰਾ ਜਾਵੇ।"

* ਸਰ ਜੌਨ ਮੈਲਕਮ: "ਰਣਜੀਤ ਸਿੰਘ ਦੀ ਤਾਕਤ ਉਸਦੇ ਘੋੜਸਵਾਰਾਂ ਵਿੱਚ ਹੈ ਜੋ ਹਵਾ ਦੀ ਗਤੀ ਨਾਲ ਚੱਲਦੇ ਹਨ।"

* ਬ੍ਰਿਟਿਸ਼ ਅਫਸਰ ਬਰਨਜ਼ (ਅਲੲਣਓਨਦੲਰ ਭੁਰਨੲਸ): "ਜਦੋਂ ਮੈਂ ਲਾਹੌਰ ਦੇ ਕਿਲ੍ਹੇ ਵਿੱਚ ਵੜਿਆ, ਮੈਂ ਅਜਿਹੀ ਅਮੀਰੀ ਅਤੇ ਸ਼ਾਨ ਪਹਿਲਾਂ ਕਦੇ ਨਹੀਂ ਸੀ ਦੇਖੀ।"

* ਬਰਨਜ਼ (1831): "ਉਸਦੀ ਫੌਜ ਦੇ ਘੋੜੇ ਦੁਨੀਆ ਵਿੱਚ ਸਭ ਤੋਂ ਉੱਤਮ ਹਨ।"

* ਕੈਪਟਨ ਵੇਡ (1831): "ਮਹਾਰਾਜਾ ਨੇ ਜਿਸ ਤਰ੍ਹਾਂ ਪੇਸ਼ਾਵਰ ਨੂੰ ਜਿੱਤਿਆ, ਉਸਨੇ ਅਫ਼ਗਾਨਾਂ ਦੇ ਦਿਲਾਂ ਵਿੱਚ ਸਿੱਖਾਂ ਦਾ ਖੌਫ਼ ਬਿਠਾ ਦਿੱਤਾ ਹੈ।"

* ਲਾਰਡ ਵਿਲੀਅਮ ਬੈਂਟਿੰਕ (ਰੋਪੜ ਮੁਲਾਕਾਤ): "ਮੈਂ ਹੈਰਾਨ ਹਾਂ ਕਿ ਇੱਕ ਦੇਸੀ ਸ਼ਾਸਕ ਨੇ ਇੰਨੀ ਆਧੁਨਿਕ ਫੌਜ ਕਿਵੇਂ ਤਿਆਰ ਕਰ ਲਈ।"

* ਹੈਨਰੀ ਫੇਨ (ੂੲਨਰੇ ਢਓਨੲ): "ਸਿੱਖ ਫੌਜ ਦੀ ਪਰੇਡ ਅੰਗਰੇਜ਼ੀ ਫੌਜ ਦੇ ਬਰਾਬਰ ਦੀ ਹੈ।"

* ਐਮਿਲੀ ਐਡਨ (1838): "ਉਸਦਾ ਦਰਬਾਰ ਦੁਨੀਆ ਦੇ ਸਭ ਤੋਂ ਸ਼ਾਨਦਾਰ ਦਰਬਾਰਾਂ ਵਿੱਚੋਂ ਇੱਕ ਹੈ।"

* ਐਮਿਲੀ ਐਡਨ ਦਾ ਹਵਾਲਾ: "ਮਹਾਰਾਜਾ ਦੀ ਇੱਕ ਅੱਖ ਹੋਣ ਦੇ ਬਾਵਜੂਦ ਉਸਦੇ ਚਿਹਰੇ ਦਾ ਤੇਜ਼ ਸਹਿਣ ਕਰਨਾ ਔਖਾ ਹੈ।"

## ਆਖਰੀ ਸਾਲ ਅਤੇ ਮਹਾਰਾਜਾ ਦੇ ਪ੍ਰਭਾਵ ਬਾਰੇ (1831-1839)

* ਡਬਲਯੂ. ਜੀ. ਓਸਬੋਰਨ (1838): "ਉਹ ਇੱਕ ਅਜਿਹਾ ਸ਼ਾਸਕ ਹੈ ਜਿਸ ਨੇ ਕਦੇ ਕਿਸੇ ਨੂੰ ਮੌਤ ਦੀ ਸਜ਼ਾ ਨਹੀਂ ਦਿੱਤੀ, ਫਿਰ ਵੀ ਉਸਦਾ ਹੁਕਮ ਪੱਥਰ 'ਤੇ ਲੀਕ ਹੈ।"

* ਓਸਬੋਰਨ ਦੀ ਰਿਪੋਰਟ: "ਉਸਦੀ ਯਾਦਦਾਸ਼ਤ ਅਜੀਬ ਹੈ; ਉਹ ਹਰ ਤੋਪ ਦਾ ਨਾਮ ਅਤੇ ਇਤਿਹਾਸ ਜਾਣਦਾ ਹੈ।"

* ਸਰ ਹੈਨਰੀ ਲਾਰੈਂਸ: "ਰਣਜੀਤ ਸਿੰਘ ਤੋਂ ਬਿਨਾਂ ਪੰਜਾਬ ਇੱਕ ਖਿੰਡਿਆ ਹੋਇਆ ਢੇਰ ਹੈ।"

* ਕੈਪਟਨ ਕਨਿੰਘਮ (1840): "ਰਣਜੀਤ ਸਿੰਘ ਨੇ ਸਿੱਖਾਂ ਨੂੰ ਇੱਕ 'ਕੌਮ' ਬਣਾ ਦਿੱਤਾ ਹੈ।"

* ਲਾਰਡ ਔਕਲੈਂਡ: "ਉਹ ਸਾਡਾ ਸਭ ਤੋਂ ਭਰੋਸੇਮੰਦ ਮਿੱਤਰ ਹੈ, ਪਰ ਅਸੀਂ ਉਸਦੀ ਤਾਕਤ ਤੋਂ ਡਰਦੇ ਵੀ ਹਾਂ।"

* ਬ੍ਰਿਟਿਸ਼ ਗਜ਼ਟ (1839): "ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਨਾਲ ਪੂਰਬ ਦਾ ਇੱਕ ਚਮਕਦਾ ਸਿਤਾਰਾ ਡੁੱਬ ਗਿਆ ਹੈ।"

* ਸਰ ਲੇਪਲ ਗ੍ਰਿਫਿਨ: "ਉਹ ਇੱਕ ਕੁਦਰਤੀ ਪ੍ਰਤਿਭਾ ਸੀ, ਜਿਸਨੇ ਖ਼ੂਨ ਦੀਆਂ ਨਦੀਆਂ ਵਹਾਏ ਬਿਨਾਂ ਇੱਕ ਸਾਮਰਾਜ ਖੜ੍ਹਾ ਕੀਤਾ।"

* ਮੈਟਕਾਫ਼ ਦੀ ਆਖਰੀ ਟਿੱਪਣੀ: "ਉਹ ਭਾਰਤ ਦਾ ਅਜਿਹਾ ਸ਼ਾਸਕ ਸੀ ਜਿਸ ਨੇ ਅੰਗਰੇਜ਼ਾਂ ਨਾਲ ਬਰਾਬਰੀ ਦੇ ਪੱਧਰ 'ਤੇ ਗੱਲ ਕੀਤੀ।"

* ਡਬਲਯੂ. ਐੱਲ. ਮੈਕਗ੍ਰੇਗਰ: "ਉਸਦੀ ਫੌਜੀ ਤਾਕਤ ਨੇ ਸਿੱਖਾਂ ਨੂੰ ਦੁਨੀਆ ਦੀਆਂ ਸਭ ਤੋਂ ਬਹਾਦਰ ਕੌਮਾਂ ਵਿੱਚ ਸ਼ਾਮਲ ਕਰ ਦਿੱਤਾ ਹੈ।"

* ਬ੍ਰਿਟਿਸ਼ ਪਾਰਲੀਮੈਂਟ ਰਿਕਾਰਡ (1839): "ਮਹਾਰਾਜਾ ਰਣਜੀਤ ਸਿੰਘ ਦੀ ਮੌਤ ਬ੍ਰਿਟਿਸ਼ ਸਾਮਰਾਜ ਲਈ ਇੱਕ ਵੱਡਾ ਸਿਆਸੀ ਮੋੜ ਹੈ।"

## ਅੰਗਰੇਜ਼ਾਂ ਦੀ ਸੋਚ ਦਾ ਨਿਚੋੜ

ਅੰਗਰੇਜ਼ ਮਹਾਰਾਜਾ ਰਣਜੀਤ ਸਿੰਘ ਬਾਰੇ ਤਿੰਨ ਮੁੱਖ ਗੱਲਾਂ ਸੋਚਦੇ ਸੀ:

* ਫੌਜੀ ਤਾਕਤ: ਉਹ ਮੰਨਦੇ ਸੀ ਕਿ ਸਿੱਖ ਫੌਜ (ਖ਼ਾਲਸਾ ਫੌਜ) ਹਿੰਦੁਸਤਾਨ ਵਿੱਚ ਉਨ੍ਹਾਂ ਦੀ ਫੌਜ ਤੋਂ ਬਾਅਦ ਦੂਜੀ ਸਭ ਤੋਂ ਵੱਡੀ ਅਤੇ ਆਧੁਨਿਕ ਤਾਕਤ ਹੈ।

* ਸਿਆਸੀ ਸੂਝਬੂਝ: ਉਹ ਮਹਾਰਾਜਾ ਨੂੰ ਇੱਕ ਅਜਿਹਾ 'ਲੋਮੜ' (Cunning) ਅਤੇ 'ਸ਼ੇਰ' ਮੰਨਦੇ ਸੀ ਜੋ ਹਰ ਚਾਲ ਸਮਝਦਾ ਸੀ।

* ਸਨਮਾਨ: ਉਹ ਉਸਨੂੰ ਇੱਕ "ਬਰਾਬਰ ਦਾ ਰਾਜਾ" ਮੰਨਦੇ ਸੀ, ਜਿਸ ਕਾਰਨ 1809 ਤੋਂ 1839 ਤੱਕ ਉਨ੍ਹਾਂ ਨੇ ਕਦੇ ਪੰਜਾਬ 'ਤੇ ਹਮਲਾ ਕਰਨ ਦੀ ਹਿੰਮਤ ਨਹੀਂ ਕੀਤੀ।

## ਮਿੰਨੀ ਕਹਾਣੀ/ਭੇਡਾਂ



"ਨਹੀਂ! ਨਹੀਂ!! ਇੰਜ ਬਿਲਕੁਲ ਨਹੀਂ ਹੋਵੇਗਾ।" ਬੁੱਢੀ ਭੇਡ ਚਿਲਾਈ। "ਕਿਉਂ ਨਹੀਂ ਹੋਵੇਗਾ? ਮੈਂ ਇਸ ਚਰਾਗਾਹ ਦਾ ਮਾਲਕ ਹਾਂ। ਤੇ ਤੁਸੀਂ ਹੁਕਮ ਅਦੂਲੀ ਬਿਲਕੁਲ ਵੀ ਨਹੀਂ ਕਰ ਸਕਦੀਆਂ।" ਸ਼ਿਕਾਰੀ ਨੇ ਰੋਹ ਵਿੱਚ ਦੰਦ ਕਰੀਚੇ।


''ਤੇਰੇ ਇਸ ਵਤੀਰੇ ਤੋਂ ਤਾਂ ਅਸੀਂ ਪਹਿਲਾਂ ਹੀ ਬਹੁਤ ਜ਼ਿਆਦਾ ਤੰਗ ਹਾਂ। ਆਹ ਦੇਖ ਸਾਰਾ ਇੱਜੜ ਕਿੰਜ ਸਹਿਮਿਆ ਪਿਆ ਹੈ। ਅਜਿਹੇ ਹਾਲਾਤ ਵਿੱਚ ਤਾਂ ਇਨ੍ਹਾਂ ਨੂੰ ਸੇਧ ਦੇਣਾ ਮੇਰਾ ਮੁੱਢਲਾ ਕਰਤੱਵ ਹੈ।" ਬੁੱਢੀ ਭੇਡ ਆਪਣੀ ਜਮਾਤ ਲਈ ਫ਼ਿਕਰਮੰਦ ਸੀ।

"ਕਿਉਂ ਬਈ ਭੇਡੋ! ਮੈਂ ਤੁਹਾਨੂੰ ਕਦੇ ਤੰਗ ਕੀਤਾ? ਮੇਰੇ ਪਾਲਤੂ ਕੁੱਤਿਆਂ ਨੇ ਕਦੇ ਲੋੜ ਤੋਂ ਵੱਧ ਜੀਵ ਹੱਤਿਆ ਕੀਤੀ ਹੈ? ਇਹ ਬੁੱਢੀ ਤਾਂ ਐਵੇਂ ਤੁਹਾਨੂੰ ਗੁੰਮਰਾਹ ਕਰ ਰਹੀ ਹੈ।"

ਸ਼ਿਕਾਰੀ ਨੇ ਬੜੀ ਚੁਸਤੀ ਨਾਲ ਪੱਤਾ ਖੇਡਦਿਆਂ ਭੇਡਾਂ ਨੂੰ ਕਿਹਾ। ਭੇਡਾਂ ਵਿੱਚ ਪਹਿਲਾਂ ਤਾਂ ਘੁਸਰ-ਮੁਸਰ ਹੋਈ ਤੇ ਫਿਰ ਹਿਲਜੁਲ। ਹੁਣ 'ਸ਼ਿਕਾਰੀ ਮਹਾਰਾਜ ਜੀ ਦੀ ਜੈ' ਦੇ ਨਾਅਰਿਆਂ ਦੀ ਗੂੰਜ ਫ਼ਿਜ਼ਾ ਵਿੱਚ ਫੈਲ ਰਹੀ ਸੀ ਤੇ ਬੁੱਢੀ ਭੇਡ ਦੀ ਆਵਾਜ਼ ਇਨ੍ਹਾਂ ਨਾਅਰਿਆਂ ਵਿੱਚ ਹੀ ਅਲੋਪ ਹੋ ਗਈ ਸੀ। - ਸਤੇਸ਼ ਭੁੰਦੜ

# ਤੁਰ ਗਿਆ ਲੋਕ ਹਿਤਾਂ ਦਾ ਪਹਿਰੇਦਾਰ ਲੇਖਕ ਦਲੀਪ ਸਿੰਘ ਉਪਲ

ਉਜਾਗਰ ਸਿੰਘ



ਲੋਕ ਹਿਤਾਂ ਦੇ ਪਹਿਰੇਦਾਰ ਲੇਖਕ ਦਲੀਪ ਸਿੰਘ ਉਪਲ 88 ਸਾਲ ਦੀ ਉਮਰ ਵਿੱਚ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ। ਉਸਨੇ ਅਜੇ 11 ਜੂਨ 2026 ਨੂੰ ਆਪਣਾ ਜਨਮ ਦਿਨ ਮਨਾਇਆ ਸੀ। ਦਲੀਪ ਸਿੰਘ ਉਪਲ ਬਹੁ-ਮੰਤਵੀ, ਬਹੁ-ਦਿਸ਼ਾਵੀ, ਦੂਰ ਅੰਦੇਸ਼ ਅਤੇ ਸੰਵੇਦਨਸ਼ੀਲ ਲੇਖਕ ਸੀ। ਦਲੀਪ ਸਿੰਘ ਉਪਲ ਨੇ ਇੱਕ ਦਰਜਨ ਦੇ ਲਗਪਗ ਪੁਸਤਕਾਂ ਲਿਖੀਆਂ, ਸੰਪਾਦਤ ਅਤੇ ਅਨੁਵਾਦ ਕੀਤੀਆਂ ਸਨ। ਤਿੰਨ ਪੁਸਤਕਾਂ ਉਸਦੀਆਂ ਬਹੁਤ ਹੀ ਪਸੰਦ ਕੀਤੀਆਂ ਗਈਆਂ, ਜਿਨ੍ਹਾਂ ਵਿੱਚ ਸੰਵੇਦਨਾ ਦੇ ਰੰਗ, ਦੋ ਤੇਰੀਆਂ ਦੋ ਮੇਰੀਆਂ ਅਤੇ ਹਿੰਮਤ ਦੇ ਹਾਸਲ ਸਵੈ-ਜੀਵਨੀ ਸ਼ਾਮਲ ਹਨ। ਦਲੀਪ ਸਿੰਘ ਉਪਲ ਵਿਲੱਖਣ ਬਿਰਤੀ ਵਾਲਾ ਬਹੁ-ਰੰਗੀ ਤੇ ਬਹੁ-ਪੱਖੀ ਵਿਦਵਾਨ ਸੀ। ਉਸਦੀ ਜ਼ਿੰਦਗੀ ਤੇ ਬਿਰਤੀ ਦੇ ਰੰਗਾਂ ਦੀਆਂ ਪਰਤਾਂ ਦੀ ਜਾਣਕਾਰੀ ਲੈਣ ਲਈ, ਉਸਦੀਆਂ ਮੌਲਿਕ ਅਤੇ ਅਨੁਵਾਦਿਤ ਪੁਸਤਕਾਂ ਪੜ੍ਹਨੀਆਂ ਪੈਣਗੀਆਂ। ਉਨ੍ਹਾਂ ਪੁਸਤਕਾਂ ਵਿੱਚੋਂ ਦਲੀਪ ਸਿੰਘ ਉਪਲ ਦਾ ਵਿਅਕਤਿਤਵ ਨਿਖਰਕੇ ਸਾਹਮਣੇ ਆਉਂਦਾ ਹੈ। 'ਸੰਵੇਦਨਾ ਦੇ ਰੰਗ' ਪੁਸਤਕ ਪੜ੍ਹਨ ਤੋਂ ਬਾਅਦ ਉਸਦੀ ਬਿਰਤੀ ਦੇ ਕਈ ਪੱਖਾਂ ਦਾ ਖੁਲਾਸਾ ਹੁੰਦਾ ਹੈ। ਬੜੀ ਹੈਰਾਨੀ ਹੁੰਦੀ ਹੈ ਕਿ ਇੱਕ ਪਾਸੇ ਉਹ ਪੰਜਾਬੀ ਦਾ ਵਿਦਵਾਨ ਸੀ, ਪੰਜਾਬੀ ਵਿੱਚ ਇੱਕ ਦਰਜਨ ਤੋਂ ਵੱਧ ਪੁਸਤਕਾਂ ਪ੍ਰਕਾਸ਼ਤ ਕਰਵਾ ਚੁੱਕਿਆ ਸੀ, ਰਾਜਨੀਤੀ ਵਿਗਿਆਨ ਦਾ ਗਿਆਤਾ, ਕਾਨੂੰਨੀ ਦਾਅ ਪੇਚਾਂ ਦਾ ਮਾਹਿਰ ਅਤੇ ਵਿਤ ਅਧਿਕਾਰੀ ਸੀ। ਉਨ੍ਹਾਂ ਨੇ ਆਪਣੇ ਪਿੰਡ ਦੇ ਸਕੂਲ ਵਿੱਚ ਇਕ ਲਾਇਬਰੇਰੀ ਵੀ ਸਥਾਪਤ ਕੀਤੀ ਹੋਈ ਸੀ, ਜਿਸ ਵਿੱਚ 5000 ਤੋਂ ਵੱਧ ਪੁਸਤਕਾਂ ਹਨ ਤਾਂ ਜੋ ਪਿੰਡ ਦੇ ਬੱਚੇ ਵਿਦਿਅਕ ਚਾਨਣ ਦਾ ਫੈਲਾ ਕਰ ਸਕਣ। ਪਿੰਡਾਂ ਦੇ ਬੱਚਿਆਂ ਦੀ ਸਿਖਿਆ ਵਿੱਚ ਉਹ ਵਿਸ਼ੇਸ਼ ਦਿਲਚਸਪੀ ਲੈਂਦੇ ਸਨ।

ਦਲੀਪ ਸਿੰਘ ਉੱਪਲ ਇਕ ਸਾਧਾਰਨ ਕਿਸਾਨ ਪਰਿਵਾਰ ਦੇ ਘਰ ਜਨਮ ਲੈ ਕੇ ਸਮਾਜਿਕ ਰੁਤਬਿਆਂ ਦੀਆਂ ਬੁਲੰਦੀਆਂ 'ਤੇ ਪਹੁੰਚਣ ਵਾਲਾ ਹਿੰਮਤੀ ਇਨਸਾਨ ਸੀ। ਉਸਦੀ ਮਿਹਨਤ ਅਤੇ ਦ੍ਰਿੜ੍ਹਤਾ ਹੀ ਉਸਦੀ ਜ਼ਿੰਦਗੀ ਨੂੰ ਬਿਹਤਰੀਨ ਬਣਾਉਣ ਵਿੱਚ ਸਹਾਈ ਸਾਬਤ ਹੋਈ ਸੀ। ਉਸਨੇ ਆਪਣਾ ਕੈਰੀਅਰ ਆਪ ਸਿਰਜਿਆ। ਦਸਵੀਂ ਤੱਕ ਦੀ ਉਸਦੀ ਪੜ੍ਹਾਈ ਮਾਪਿਆਂ ਨੇ ਕਰਵਾਈ, ਉਸਤੋਂ ਬਾਅਦ ਉਸਨੇ ਆਪਣੀ ਸਾਰੀ ਉਚ ਸਿਖਿਆ ਸਰਕਾਰੀ ਨੌਕਰੀ ਦੌਰਾਨ ਆਪਣੀ ਕਮਾਈ ਅਤੇ ਮਿਹਨਤ ਨਾਲ ਕੀਤੀ। ਸਾਰੀ ਦਿਹਾੜੀ ਪੰਜਾਬ ਸਿਵਲ ਸਕੱਤਰੇਤ ਵਿੱਚ ਨੌਕਰੀ ਕਰਦਾ ਸੀ, ਸ਼ਾਮ ਨੂੰ ਟਿਊਸ਼ਨਾ ਪੜ੍ਹਾਉਂਦਾ ਅਤੇ ਰਾਤ ਨੂੰ ਆਪਣੀ ਪੜ੍ਹਾਈ ਕਰਦਾ ਸੀ। ਇਥੇ ਹੀ ਬਸ ਨਹੀਂ ਸਗੋਂ ਵਿਆਹ ਤੋਂ ਬਾਅਦ ਆਪਣੀ ਪਤਨੀ ਕਮਲੇਸ਼ ਉਪਲ ਨੂੰ ਵੀ ਐਮ ਏ ਤੱਕ ਪੜ੍ਹਾਇਆ। ਉਹ ਸੱਚਾ-ਸੁੱਚਾ ਸਾਫ ਸਪੱਸ਼ਟ ਮੂੰਹ 'ਤੇ ਕਹਿਣ ਵਾਲਾ ਵਿਅਕਤੀ ਸੀ। ਉਹ ਆਪਣੇ ਪਰਿਵਾਰ ਦੀ ਆਰਥਿਕ ਹਾਲਤ ਦਾ ਜ਼ਿਕਰ ਕਰਦਿਆਂ ਆਪਣੇ ਪਰਿਵਾਰ ਨੂੰ ਬੱਕਰੀਆਂ ਚਾਰਨ ਵਾਲਾ ਪਰਿਵਾਰ ਕਹਿੰਦਾ ਸੀ। ਜ਼ਮੀਨ ਨਾਲ ਜੁੜਿਆ ਹੋਇਆ ਸਾਹਿਤਕਾਰ ਸੀ। ਆਪਣੇ ਪਿਤਾ ਨੂੰ ਆਪਣਾ ਰਹਿਨੁਮਾ ਮੰਨਦਾ ਸੀ, ਜਿਸਨੇ ਗ਼ਰੀਬੀ ਦੀ ਹਾਲਤ ਵਿੱਚ ਉਸਨੂੰ ਪੜ੍ਹਾਇਆ, ਪ੍ਰੰਤੂ ਪਿਤਾ ਦੇ ਗਲਤ ਫੈਸਲਿਆਂ ਦਾ ਵਿਰੋਧ ਕਰਨ ਤੋਂ ਝਿਜਕਦਾ ਨਹੀਂ ਸੀ। ਇੱਕ ਆਮ ਵਿਅਕਤੀ ਲਈ ਆਪਣੀ ਮੰਜ਼ਲ ਸਰ ਕਰਨਾ ਵੀ ਵੱਡੀ ਉਪਲਭਦੀ ਹੁੰਦੀ ਹੈ, ਪ੍ਰੰਤੂ ਦੂਜਿਆਂ ਦੀ ਮਦਦ ਲਈ ਤਤਪਰ ਰਹਿਣਾ ਅਤੇ ਉਨ੍ਹਾਂ ਦੇ ਭਵਿਖ ਦੀ ਚਿੰਤਾ ਕਰਨਾ ਇਨਸਾਨ ਦਾ ਵਿਲੱਖਣ ਗੁਣ ਹੁੰਦਾ ਹੈ। ਦਲੀਪ ਸਿੰਘ ਉੱਪਲ ਇਸ ਗੁਣ ਦਾ ਮਾਲਕ ਸੀ। ਉਹ ਨੌਕਰੀ ਵਿੱਚ ਲੱਗਣ ਤੋਂ ਬਾਅਦ ਸਮਾਜ ਸੇਵਾ ਖਾਸ ਤੌਰ 'ਤੇ ਲੜਕੀਆਂ ਦੀ ਪੜ੍ਹਾਈ ਵਿੱਚ ਮਦਦ ਕਰਦਾ ਰਹਿੰਦਾ ਸੀ।



> ਦਲੀਪ ਸਿੰਘ ਉਪਲ ਪੰਜਾਬ ਦੇ ਵਰਤਮਾਨ ਹਾਲਾਤ ਤੇ ਚਿੰਤਾ ਪ੍ਰਗਟ ਕਰਦੇ ਹੋਏ ਨੌਜਵਾਨਾਂ ਨੂੰ ਨਸ਼ਿਆਂ ਵਿਰੁੱਧ ਜਾਗ੍ਰਤ ਕਰਨ, ਅਪਰਾਧਕ ਬਿਰਤੀਆਂ ਬਾਰੇ ਸੁਚੇਤ ਕਰਨ, ਜਵਾਨੀ ਨੂੰ ਖੇਡਾਂ ਅਤੇ ਕਿਤਾਬਾਂ ਨਾਲ ਜੋੜਨਾ, ਸੱਚੀ-ਸੁੱਚੀ ਕਿਰਤ ਦੀ ਚੇਤਨਾ ਪੈਦਾ ਕਰਨ ਦੀ ਕੋਸਿਸ਼ ਵਿੱਚ ਰਹਿੰਦੇ ਸਨ। ਉਹ ਸੁਚੱਜੀ ਜੀਵਨ ਜਾਚ ਦੇ ਪੂਰਨੇ ਪਾਉਣ ਬਾਰੇ ਸਹੀ ਢੰਗ ਨਾਲ ਪ੍ਰੇਰਿਤ ਕਰਨ ਵਿੱਚ ਵੀ ਉਹ ਮੋਹਰੀ ਦੀ ਭੂਮਿਕਾ ਨਿਭਾਉਂਦੇ ਸਨ।

ਦਲੀਪ ਸਿੰਘ ਉਪਲ ਦੀ ਮਾਪਿਆਂ ਦੀ ਆਰਥਿਕ ਕਮਜ਼ੋਰੀ ਕਰਕੇ ਬਹੁਤੀ ਪੜ੍ਹਾਈ ਕਠਨਾਤਿਮਕ ਸਥਿਤੀਆਂ ਦੌਰਾਨ ਹੀ ਹੋਈ। ਕਈ ਮੀਲ ਸਕੂਲ ਪੈਦਲ ਜਾਣਾ ਪੈਂਦਾ ਸੀ। ਸਾਈਕਲ ਵੀ ਨਸੀਬ ਨਹੀਂ ਹੁੰਦਾ ਸੀ। ਸਰਦੀਆਂ ਵਿੱਚ ਪਾਉਣ ਲਈ ਗਰਮ ਕਪੜੇ ਨਹੀਂ ਮਿਲਦੇ ਸਨ। ਇਕ ਵਾਰ ਪੜ੍ਹਾਈ ਅੱਧ ਵਿਚਕਾਰ ਛੱਡਣੀ ਵੀ ਪਈ। ਆਪਣੀ ਪੜ੍ਹਾਈ ਜ਼ਾਰੀ ਰੱਖਣ ਲਈ ਮਦਦ ਕਰਨ ਵਾਲੇ ਪਰਿਵਾਰ ਦੀ ਮੱਝ ਲਈ ਪੱਠੇ ਵੱਢ ਕੇ ਲਿਆਉਣੇ। ਕਿਰਾਏ ਦੇ ਮਕਾਨ ਵਿੱਚ ਹੀਰ ਵਾਰਿਸ ਗਾਉਣ ਕਰਕੇ ਮਾਲਕ ਮਕਾਨ ਦਾ ਝਿੜਕਣਾ ਆਦਿ ਉਸਨੇ ਝੱਲਿਆ ਪ੍ਰੰਤੂ ਪੜ੍ਹਾਈ ਜ਼ਾਰੀ ਰੱਖੀ॥ ਉਹ ਗਾਉਂਦਾ ਵੀ ਕਮਾਲ ਦਾ ਸੀ। ਉਹ ਸੰਗੀਤ ਪ੍ਰੇਮੀ ਸੀ, ਹਰ ਸਾਹਿਤਕ ਤੇ ਸੰਗੀਤਕ ਪ੍ਰੋਗਰਾਮ ਵਿੱਚ ਸ਼ਾਮਲ ਹੁੰਦਾ ਸੀ। ਸੀਨੀਅਰ ਸਿਟੀਜਨ ਦੀ ਮੀਟਿੰਗ ਵਿੱਚ ਹੀਰ ਵਾਰਿਸ ਗਾ ਕੇ ਰੰਗ ਬੰਨ੍ਹ ਦਿੰਦਾ ਸੀ। ਦਸਵੀਂ ਤੋਂ ਬਾਅਦ ਬੀ.ਏ. ਪ੍ਰਾਈਵੇਟ ਪਾਸ ਕੀਤੀ। ਐਮ.ਏ. ਅਤੇ ਐਲ.ਐਲ.ਬੀ. ਦੀਆਂ ਡਿਗਰੀਆਂ ਨੌਕਰੀ ਦੌਰਾਨ ਸ਼ਾਮ ਦੀਆਂ ਕਲਾਸਾਂ ਵਿੱਚ ਪੜ੍ਹਕੇ ਪ੍ਰਾਪਤ ਕੀਤੀਆਂ। ਇਨ੍ਹਾਂ ਗੱਲਾਂ ਤੋਂ ਪੜ੍ਹਾਈ ਅਤੇ ਆਪਣੇ ਕੈਰੀਅਰ ਬਾਰੇ ਉਨ੍ਹਾਂ ਦੇ ਸੁਚੇਤ ਹੋਣ ਦਾ ਪ੍ਰਗਟਾਵਾ ਹੁੰਦਾ ਹੈ। ਕਈ ਲੋੜਬੰਦਾਂ ਦੀ ਆਰਥਿਕ ਮਦਦ ਕੀਤੀ ਅਤੇ ਕਈਆਂ ਨੂੰ ਆਪਣੇ ਕੋਲ ਰੱਖਕੇ ਪੜ੍ਹਾਇਆ।

ਦਲੀਪ ਸਿੰਘ ਉਪਲ ਨੇ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਤੋਂ ਬਾਅਦ ਅੰਤਰਜਾਤੀ ਵਿਆਹ ਵੀ ਸਾਧਾਰਨ ਢੰਗ ਨਾਲ ਬਿਨਾ ਦਾਜ ਕਰਵਾਇਆ। ਉਸ ਸਮੇਂ ਅੰਤਰਜ਼ਾਤੀ ਵਿਆਹ ਕਰਵਾਉਣਾ ਕੋਈ ਸੌਖਾ ਕਾਰਜ਼ ਨਹੀਂ ਸੀ। ਉਸ ਜ਼ਮਾਨੇ ਵਿੱਚ ਅੰਤਰਜ਼ਾਤੀ ਵਿਆਹ ਕਰਵਾ ਕੇ ਪਰੰਪਰਾਤਮਿਕ ਪਰੰਪਰਾਵਾਂ ਨੂੰ ਵੰਗਾਰਨਾ ਇਕ ਵਿਲੱਖਣ ਦਲੇਰੀ ਭਰਿਆ ਕਦਮ ਸੀ। ਅੱਜ ਤੱਕ ਵੀ ਅੰਤਰਜ਼ਾਤੀ ਵਿਆਹ ਕਰਨ ਵਾਲਿਆਂ ਦੇ ਕਤਲ ਹੋ ਜਾਂਦੇ ਹਨ। ਖਾਸ ਤੌਰ 'ਤੇ ਜੱਟ ਪਰਿਵਾਰ ਦੇ ਲੜਕੇ ਲਈ ਤਾਂ ਹੋਰ ਵੀ ਜੋਖ਼ਮ ਭਰਿਆ ਕੰਮ ਹੁੰਦਾ ਹੈ।

ਬੇਲਦਾਰ ਤੋਂ ਨੌਕਰੀ ਸ਼ੁਰੂ ਕਰਕੇ ਪੌੜੀ-ਦਰ-ਪੌੜੀ ਟਾਈਪਿਸਟ, ਜੂਨੀਅਰ ਸਕੇਲ ਸਟੈਨੋ ਗ੍ਰਾਫਰ, ਸੀਨੀਅਰ ਸਕੇਲ ਸਟੈਨੋ ਗ੍ਰਾਫਰ, ਮੰਤਰੀ ਦੇ ਨਿੱਜੀ ਸਹਾਇਕ, ਪ੍ਰਬੰਧਕ ਅਧਿਕਾਰੀ, ਡਿਪਟੀ ਰਜਿਸਟਰਾਰ ਅਤੇ ਅਖ਼ੀਰ ਪੰਜਾਬੀ ਯੂਨੀਵਰਸਿਟੀ ਦੇ ਵਿਤ ਅਧਿਕਾਰੀ ਸੇਵਾ ਮੁਕਤ ਹੋਏ। ਇਹ ਸਾਰੀਆਂ ਸਫਲਤਾਵਾਂ, ਮਿਹਨਤ, ਲਗਨ, ਦ੍ਰਿੜ੍ਹਤਾ, ਨਮਰਤਾ, ਸਹਿਯੋਗ ਅਤੇ ਮਿਲਵਰਤਨ ਦੀ ਪ੍ਰਵਿਰਤੀ ਕਰਕੇ ਰੰਗ ਲਿਆਈਆਂ ਸਨ। ਦਲੀਪ ਸਿੰਘ ਉਪਲ ਸੰਜੀਦਾ, ਸੰਵੇਦਨਸ਼ੀਲ, ਸ਼ਹਿਣਸ਼ੀਲ ਅਤੇ ਸਬਰ ਸੰਤੋਖ ਦਾ ਪੁਤਲਾ ਸੀ। ਇੱਕ ਸਿੱਖ ਪਰਿਵਾਰ ਵਿੱਚ ਜਨਮ ਲੈਣ ਵਾਲੇ ਵਿਅਕਤੀ ਵਿੱਚ ਨਮ੍ਰਤਾ ਵਰਗਾ ਗਹਿਣਾ ਉਸ ਲਈ ਵਰਦਾਨ ਸਾਬਤ ਹੋਇਆ। ਉਸਨੂੰ ਮਿਹਨਤ ਦਾ ਮੁਜੱਸਮਾ ਵੀ ਕਿਹਾ ਜਾ ਸਕਦਾ ਹੈ।

ਦਲੀਪ ਸਿੰਘ ਉੱਪਲ ਦੀਆਂ ਪ੍ਰਾਪਤੀਆਂ ਨੌਜਵਾਨ ਪੀੜ੍ਹੀ ਲਈ ਪ੍ਰੇਰਨਾ ਸਰੋਤ ਹੋ ਸਕਦੀਆਂ ਹਨ। ਉਨ੍ਹਾਂ ਨਿਧੱੜਕ ਹੋ ਕੇ ਆਪਣੇ ਫ਼ਰਜ਼ ਨਿਭਾਏ। ਇਨਸਾਨ ਨੂੰ ਜੇਕਰ ਚੰਗੇ ਗੁਣ ਸਿੱਖਣ ਦਾ ਮੌਕਾ ਮਿਲੇ ਤਾਂ ਅਜਾਈਂ ਨਹੀਂ ਗੁਆਉਣੇ ਚਾਹੀਦੇ। ਫਿਰ ਉਹ ਸਾਰੀ ਜ਼ਿੰਦਗੀ ਕੰਮ ਆਉਂਦੇ ਹਨ। ਦਲੀਪ ਸਿੰਘ ਉੱਪਲ ਅਤੇ ਉਨ੍ਹਾਂ ਦੀ ਪਤਨੀ ਕਮਲੇਸ਼ ਉੱਪਲ ਨੂੰ ਜ਼ਿੰਦਗੀ ਵਿੱਚ ਸਫਲਤਾਵਾਂ ਪ੍ਰਾਪਤ ਕਰਨ ਲਈ ਕਈ ਵੇਲਣ ਵੇਲਣੇ ਪਏ। ਕਮਲੇਸ਼ ਉਪਲ ਪੰਜਾਬੀ ਯੂਨੀਵਰਸਿਟੀ ਵਿੱਚੋਂ ਪ੍ਰੋਫੈਸਰ ਤੇ ਮੁਖੀ ਨਾਟਕ ਤੇ ਰੰਗ ਮੰਚ ਵਿਭਾਗ ਸੇਵਾ ਮੁਕਤ ਹੋਏ ਹਨ। ਪੜ੍ਹਾਈ ਕਰਨ ਲਈ ਬਹੁਤ ਮੁਸ਼ਕਲਾਂ ਦਾ ਸਾਹਮਣਾ ਕੀਤਾ, ਪਰੰਤੂ ਇਸ ਗੱਲ ਦਾ ਉਨ੍ਹਾਂ ਨੂੰ ਮਾਣ ਜਾਂਦਾ ਹੈ ਕਿ ਉਨ੍ਹਾਂ ਨੇ ਆਪ ਵੀ ਉਚੇਰੀ ਪੜ੍ਹਾਈ ਕੀਤੀ ਅਤੇ ਆਪਣੇ ਦੋਵੇਂ ਬੱਚੇ ਲੜਕੀ ਡਾ.ਨਿਵੇਦਤਾ ਸਿੰਘ ਅਤੇ ਲੜਕਾ ਡਾ.ਅਲੰਕਾਰ ਸਿੰਘ ਨੂੰ ਉਚ ਪੜ੍ਹਾਈ ਕਰਵਾਈ, ਜਿਸ ਕਰਕੇ ਉਹ ਪੰਜਾਬੀ ਯੂਨੀਵਰਸਿਟੀ ਵਿੱਚ ਦੋਵੇਂ ਪ੍ਰੋ.ਫ਼ੈਸਰ ਅਤੇ ਡੀਨ ਹਨ। ਉਨ੍ਹਾਂ ਦਾ ਦਾਮਾਦ ਡਾ ਭੀਮਇੰਦਰ ਸਿੰਘ ਵਰਲਡ ਪੰਜਾਬੀ ਸੈਂਟਰ ਪੰਜਾਬੀ ਯੂਨੀਵਰਸਿਟੀ ਦੇ ਡਾਇਰੈਕਟਰ ਹਨ। ਦਲੀਪ ਸਿੰਘ ਉੱਪਲ ਦਾ ਜਨਮ ਉਨ੍ਹਾਂ ਦੀ ਮਾਤਾ ਦੇ ਨਾਨਕੇ ਪਿੰਡ ਪਿਤਾ ਪ੍ਰੀਤਮ ਸਿੰਘ ਤੇ ਮਾਤਾ ਗੁਰਬਚਨ ਕੌਰ ਦੀ ਕੁੱਖੋਂ ਪੱਛਵੀਂ ਪਾਕਿਸਤਾਨ ਦੇ ਲਾਇਲਪੁਰ (ਸੈ.ਫ਼ਦਾਵਾਦ) ਜਿਲ੍ਹੇ ਦੀ ਜੜ੍ਹਾਂਵਾਲਾ ਤਹਿਸੀਲ ਦੇ ਪਿੰਡ ਚੱਕ ਨੰਬਰ 31 ਵਿਚ 11 ਜੂਨ 1938 ਨੂੰ ਹੋਇਆ। ਪ੍ਰਾਇਮਰੀ ਤੱਕ ਦੀ ਪੜ੍ਹਾਈ ਪਿੰਡ ਤੋਂ ਅਤੇ ਅੱਠਵੀਂ ਤੱਕ ਦੀ ਖਾਲਸਾ ਹਾਈ ਸਕੂਲ ਨੰਗਲ ਅੰਬੀਆਂ ਤੋਂ ਪ੍ਰਾਪਤ ਕੀਤੀ। ਪੜ੍ਹਾਈ ਲਈ ਉਨ੍ਹਾਂ ਨੂੰ ਬੜੇ ਵੇਲਣ ਵੇਲਣੇ ਪਏ। ਉਨ੍ਹਾਂ ਦਾ ਜੱਦੀ ਪਿੰਡ ਸ਼ਾਹਕੋਟ ਨੇੜੇ ਲਸੂੜੀ ਜਿਲ੍ਹਾ ਜਲੰਧਰ ਵਿੱਚ ਹੈ। ਦਲੀਪ ਸਿੰਘ ਉਪਲ ਦੀ ਕਮਾਲ ਹੈ ਕਿ ਉਸਨੂੰ ਜੀਵ ਵਿਗਿਆਨ, ਸਮਾਜ ਸੇਵਾ ਅਤੇ ਸਾਹਿਤ ਬਾਰੇ ਬਾਖ਼ੂਬੀ ਜਾਣਕਾਰੀ ਸੀ। ਉਸਨੇ ਪ੍ਰਸਿੱਧ ਸਿਖਿਆ ਸਾਸ਼ਤਰੀਆਂ, ਨਾਮਵਰ ਵਿਦਵਾਨਾ, ਉਚ ਕੋਟੀ ਦੇ ਵਿਗਿਆਨੀਆਂ ਅਤੇ ਪ੍ਰਮੁੱਖ ਸਾਹਿਤਕਾਰਾਂ ਨਾਲ ਮੁਲਾਕਾਤਾਂ ਕਰਕੇ ਉਨ੍ਹਾਂ ਦੇ ਰੇਖਾ ਚਿਤਰਾਂ ਦੀ ਇੱਕ ਪੁਸਤਕ ਵੀ ਪ੍ਰਕਾਸ਼ਤ ਕਰਵਾਈ ਸੀ। ਉਹ ਹਰ ਵਿਸ਼ੇ ਦਾ ਗਿਆਨ ਰੱਖਣ ਵਲੇ ਵਿਦਵਾਨ ਸਾਹਿਤਕਾਰ ਸਨ।

ਉਹ ਪੰਜਾਬ ਦੇ ਵਰਤਮਾਨ ਹਾਲਾਤ ਤੇ ਚਿੰਤਾ ਪ੍ਰਗਟ ਕਰਦੇ ਹੋਏ ਨੌਜਵਾਨਾਂ ਨੂੰ ਨਸ਼ਿਆਂ ਵਿਰੁੱਧ ਜਾਗ੍ਰਤ ਕਰਨ, ਅਪਰਾਧਕ ਬਿਰਤੀਆਂ ਬਾਰੇ ਸੁਚੇਤ ਕਰਨ, ਜਵਾਨੀ ਨੂੰ ਖੇਡਾਂ ਅਤੇ ਕਿਤਾਬਾਂ ਨਾਲ ਜੋੜਨਾ, ਸੱਚੀ-ਸੁੱਚੀ ਕਿਰਤ ਦੀ ਚੇਤਨਾ ਪੈਦਾ ਕਰਨ ਦੀ ਕੋਸਿਸ਼ ਵਿੱਚ ਰਹਿੰਦੇ ਸਨ। ਉਹ ਸੁਚੱਜੀ ਜੀਵਨ ਜਾਚ ਦੇ ਪੂਰਨੇ ਪਾਉਣ ਬਾਰੇ ਸਹੀ ਢੰਗ ਨਾਲ ਪ੍ਰੇਰਿਤ ਕਰਨ ਵਿੱਚ ਵੀ ਉਹ ਮੋਹਰੀ ਦੀ ਭੂਮਿਕਾ ਨਿਭਾਉਂਦੇ ਸਨ। ਦਲੀਪ ਸਿੰਘ ਉਪਲ 26 ਜੂਨ 2026 ਨੂੰ ਸਵਰਗਵਾਸ ਹੋ ਗਏ ਸਨ। ਉਨ੍ਹਾਂ ਨੇ ਆਪਣਾ ਸਰੀਰ ਰਾਜਿੰਦਰਾ ਮੈਡੀਕਲ ਕਾਲਜ ਨੂੰ ਦਾਨ ਕੀਤਾ ਹੋਇਆ ਸੀ।

ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com

# ਕੇਤੇ ਲੈ ਲੈ ਮੁਕਰੁ ਪਾਹਿ ॥ ਕੇਤੇ ਮੂਰਖ ਖਾਹੀ ਖਾਹਿ ॥

ਡਾ. ਸੰਦੀਪ ਸਿੰਘ ਮੁੰਡੇ
ਮੋਬਾਈਲ: 94136-52646



ਜੁਗੋ-ਜੁਗ ਅਟੱਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅੰਮ੍ਰਿਤ ਬਾਣੀ ਵਿੱਚੋਂ ਜਪੁਜੀ ਸਾਹਿਬ ਦੀ ਇਹ ਪਾਵਨ ਪੰਗਤੀ "ਕੇਤੇ ਲੈ ਲੈ ਮੁਕਰੁ ਪਾਹਿ॥ ਕੇਤੇ ਮੂਰਖ ਖਾਹੀ ਖਾਹਿ॥" ਮਨੁੱਖੀ ਇਤਿਹਾਸ ਦੇ ਹਰ ਦੌਰ ਦੀ ਤਰਜਮਾਨੀ ਕਰਦੀ ਹੈ, ਪਰ ਅੱਜ ਦੇ 21ਵੇਂ ਸਦੀ ਦੇ ਉਪਭੋਗਤਾਵਾਦੀ, ਪਦਾਰਥਵਾਦੀ ਅਤੇ ਮਸ਼ੀਨੀ ਸਮਾਜ ਉੱਤੇ ਇਹ ਜਿੰਨੀ ਸਟੀਕ ਬੈਠਦੀ ਹੈ, ਸ਼ਾਇਦ ਪਹਿਲਾਂ ਕਦੇ ਨਹੀਂ ਸੀ ਬੈਠੀ। ਇਸ ਪੰਗਤੀ ਵਿੱਚ ਗੁਰੂ ਨਾਨਕ ਪਾਤਸ਼ਾਹ ਨੇ ਮਨੁੱਖ ਦੀ ਉਸ ਡੂੰਘੀ ਮਾਨਸਿਕ ਬਿਰਤੀ ਅਤੇ ਨਾਸ਼ੁਕਰੇਪਨ ਦਾ ਪਰਦਾਫਾਸ਼ ਕੀਤਾ ਹੈ, ਜਿੱਥੇ ਉਹ ਪ੍ਰਮਾਤਮਾ, ਕੁਦਰਤ ਅਤੇ ਸਮਾਜ ਕੋਲੋਂ ਦਿਨ-ਰਾਤ ਬੇਅੰਤ ਦਾਤਾਂ, ਸੁਖ-ਸਹੂਲਤਾਂ ਅਤੇ ਰਹਿਮਤਾਂ ਲੈਂਦਾ ਹੈ, ਪਰ ਫਿਰ ਵੀ ਉਨ੍ਹਾਂ ਦਾਤਾਂ ਨੂੰ ਦੇਣ ਵਾਲੇ ਦਾ ਸ਼ੁਕਰਾਨਾ ਕਰਨ ਦੀ ਬਜਾਏ ਮੁੱਕਰ ਜਾਂਦਾ ਹੈ। ਆਧੁਨਿਕ ਮਨੁੱਖ ਦੀ ਹਾਲਤ ਉਸ ਮੂਰਖ ਵਰਗੀ ਹੋ ਚੁੱਕੀ ਹੈ ਜੋ ਕੇਵਲ ਖਾਣ, ਹੰਢਾਉਣ, ਭੋਗਣ ਅਤੇ ਅੰਨ੍ਹੇਵਾਹ ਪਦਾਰਥ ਇਕੱਠੇ ਕਰਨ ਦੀ ਦੌੜ ਵਿੱਚ ਲੱਗਾ ਹੋਇਆ ਹੈ ਅਤੇ ਇਸੇ ਭੁੱਖ ਵਿੱਚ ਆਪਣੀ ਪੂਰੀ ਜ਼ਿੰਦਗੀ ਬਰਬਾਦ ਕਰ ਲੈਂਦਾ ਹੈ। ਵਿਗਿਆਨ ਅਤੇ ਤਕਨਾਲੋਜੀ ਦੇ ਵਿਕਾਸ ਨੇ ਅੱਜ ਦੇ ਮਨੁੱਖ ਨੂੰ ਬਾਹਰੀ ਤੌਰ 'ਤੇ ਬਹੁਤ ਤਾਕਤਵਰ ਅਤੇ ਸੁਖੀ ਬਣਾ ਦਿੱਤਾ ਹੈ, ਪਰ ਆਤਮਿਕ ਅਤੇ ਨੈਤਿਕ ਪੱਖੋਂ ਉਹ ਇੰਨਾ ਕੰਗਾਲ ਹੋ ਚੁੱਕਾ ਹੈ ਕਿ ਉਸ ਦੀ ਲਾਲਸਾ ਦਾ ਪੇਟ ਕਦੇ ਭਰਦਾ ਹੀ ਨਹੀਂ।

ਅੱਜ ਦੇ ਦੌਰ ਦਾ ਸਭ ਤੋਂ ਵੱਡਾ ਅਤੇ ਕੌੜਾ ਦੁਖਾਂਤ ਇਹ ਹੈ ਕਿ ਜਿਸ ਮਨੁੱਖ ਕੋਲ ਜਿੰਨੀ ਜ਼ਿਆਦਾ ਅਮੀਰੀ ਅਤੇ ਦੌਲਤ ਹੈ, ਉਹ ਓਨਾ ਹੀ ਵੱਡਾ ਲੋਭੀ ਅਤੇ ਨਾਸਤਿਕ ਬਣਦਾ ਜਾ ਰਿਹਾ ਹੈ। ਪੁਰਾਣੇ ਸਮਿਆਂ ਵਿੱਚ ਇਹ ਸੋਚਿਆ ਜਾਂਦਾ ਸੀ ਕਿ ਮਨੁੱਖ ਗ਼ਰੀਬੀ ਜਾਂ ਮਜਬੂਰੀ ਕਾਰਨ ਗ਼ਲਤ ਰਸਤੇ 'ਤੇ ਚੱਲਦਾ ਹੈ, ਪਰ ਅੱਜ ਦੇ ਉਪਭੋਗਤਾਵਾਦੀ ਸੱਭਿਆਚਾਰ ਨੇ ਸਾਬਤ ਕਰ ਦਿੱਤਾ ਹੈ ਕਿ ਅਮੀਰੀ ਮਨੁੱਖ ਦੀਆਂ ਸਰੀਰਕ ਲੋੜਾਂ ਤਾਂ ਪੂਰੀਆਂ ਕਰ ਸਕਦੀ ਹੈ, ਪਰ ਉਸ ਦੇ ਅੰਦਰਲੇ ਲੋਭ ਨੂੰ ਕਦੇ ਸ਼ਾਂਤ ਨਹੀਂ ਕਰ ਸਕਦੀ। ਅੱਜ ਜਿਸ ਵਿਅਕਤੀ ਕੋਲ ਇੱਕ ਮਕਾਨ ਹੈ, ਉਹ ਕੋਠੀ ਚਾਹੁੰਦਾ ਹੈ; ਜਿਸ ਕੋਲ ਕੋਠੀ ਹੈ, ਉਹ ਆਲੀਸ਼ਾਨ ਮਹਿਲ ਅਤੇ ਫਾਰਮ ਹਾਊਸ ਬਣਾਉਣ ਦੀ ਫ਼ਿਕਰ ਵਿੱਚ ਰਾਤਾਂ ਦੀ ਨੀਂਦ ਖ਼ਰਾਬ ਕਰ ਰਿਹਾ ਹੈ। ਇੱਕ ਲਖਪਤੀ ਕਰੋੜਪਤੀ ਬਣਨ ਲਈ ਅਤੇ ਇੱਕ ਕਰੋੜਪਤੀ ਅਰਬਪਤੀ ਬਣਨ ਦੀ ਅੰਨ੍ਹੀ ਦੌੜ ਵਿੱਚ ਆਪਣੀ ਜ਼ਮੀਰ ਨੂੰ ਵੇਚ ਰਿਹਾ ਹੈ। ਮਨੁੱਖੀ ਮਨ ਵਿੱਚੋਂ 'ਸੰਤੋਖ' ਵਰਗਾ ਮਹਾਨ ਗੁਣ ਪੂਰੀ ਤਰ੍ਹਾਂ ਮਨਫ਼ੀ ਹੋ ਚੁੱਕਾ ਹੈ, ਜਿਸ ਕਾਰਨ ਦੌਲਤ ਵਧਣ ਦੇ ਨਾਲ-ਨਾਲ ਹੋਰ ਵਧੇਰੇ ਇਕੱਠੀ ਕਰਨ ਦੀ ਭੁੱਖ (ਗ੍ਰੀਡ) ਕੈਂਸਰ ਦੀ ਬਿਮਾਰੀ ਵਾਂਗ ਫੈਲ ਰਹੀ ਹੈ। ਅਮੀਰ ਲੋਕ ਹੋਰ ਵਧੇਰੇ ਟੈਕਸ ਚੋਰੀ ਕਰਨ, ਵੱਡੇ-ਵੱਡੇ ਘੁਟਾਲੇ ਕਰਨ ਅਤੇ ਗ਼ਰੀਬ ਮਜ਼ਦੂਰਾਂ ਦਾ ਖ਼ੂਨ ਚੂਸਣ ਵਿੱਚ ਸਭ ਤੋਂ ਅੱਗੇ ਦਿਖਾਈ ਦਿੰਦੇ ਹਨ, ਜੋ ਇਸ ਗੱਲ ਦਾ ਸਪਸ਼ਟ ਪ੍ਰਮਾਣ ਹੈ ਕਿ ਲੋਭ ਦਾ ਸਬੰਧ ਪੇਟ ਖ਼ਾਲੀ ਹੋਣ ਨਾਲ ਨਹੀਂ, ਬਲਕਿ ਨੀਅਤ ਦੇ ਖ਼ਾਲੀ ਹੋਣ ਨਾਲ ਹੈ।

ਅੱਜ ਦਾ ਮਨੁੱਖ ਆਪਣੀ ਜ਼ਿੰਦਗੀ ਦੀ ਸਾਰੀ ਕਮਾਈ ਅਤੇ ਕੀਮਤੀ ਸਮਾਂ ਉਨ੍ਹਾਂ ਚੀਜ਼ਾਂ ਨੂੰ ਖ਼ਰੀਦਣ ਅਤੇ ਇਕੱਠੀਆਂ ਕਰਨ ਵਿੱਚ ਲਗਾ ਦਿੰਦਾ ਹੈ, ਜਿਨ੍ਹਾਂ ਦੀ ਉਸ ਦੇ ਜੀਵਨ ਵਿੱਚ ਅਸਲ ਵਿੱਚ ਕੋਈ ਸਰੀਰਕ ਜਾਂ ਨੈਤਿਕ ਲੋੜ ਵੀ ਨਹੀਂ ਹੁੰਦੀ। ਅੱਜ ਬਾਜ਼ਾਰ ਵਿੱਚ ਚੀਜ਼ਾਂ ਆਪਣੀ ਸਹੂਲਤ ਲਈ ਨਹੀਂ ਖ਼ਰੀਦੀਆਂ ਜਾਂਦੀਆਂ, ਬਲਕਿ ਸਮਾਜ ਵਿੱਚ ਆਪਣੀ ਝੂਠੀ ਪੈਂਠ ਅਤੇ ਰੁਤਬਾ ਦਿਖਾਉਣ ਲਈ ਖ਼ਰੀਦੀਆਂ ਜਾਂਦੀਆਂ ਹਨ। ਮਹਿੰਗੀਆਂ ਅਤੇ ਲਗਜ਼ਰੀ ਗੱਡੀਆਂ, ਵੱਡੇ-ਵੱਡੇ ਬ੍ਰਾਂਡਾਂ ਦੇ ਕੱਪੜੇ, ਹਰ ਸਾਲ ਬਦਲਣ ਵਾਲੇ ਮਹਿੰਗੇ ਸਮਾਰਟਫ਼ੋਨ ਅਤੇ ਲੋੜ ਤੋਂ ਵੱਡੇ ਬੰਗਲੇ ਸਿਰਫ਼ ਸਰੀਰਕ ਲੋੜਾਂ ਦੀ ਪੂਰਤੀ ਨਹੀਂ ਕਰਦੇ, ਬਲਕਿ ਮਨੁੱਖ ਦੇ ਅੰਦਰਲੇ ਅੰਨ੍ਹੇ 'ਹੰਕਾਰ' ਨੂੰ ਪੱਠੇ ਪਾਉਣ ਦੇ ਸਾਧਨ ਬਣ ਚੁੱਕੇ ਹਨ। ਜਦੋਂ ਕਿਸੇ ਮਨੁੱਖ ਕੋਲ ਸਮਾਜ ਦੇ ਦੂਜੇ ਲੋਕਾਂ ਨਾਲੋਂ ਚਾਰ ਪੈਸੇ ਵਧੇਰੇ ਆ ਜਾਂਦੇ ਹਨ, ਤਾਂ ਉਹ ਦੂਜਿਆਂ ਨੂੰ ਆਪਣੇ ਤੋਂ ਨੀਵਾਂ ਅਤੇ ਕੀੜੇ-ਮਕੌੜੇ ਸਮਝਣ ਲੱਗ ਪੈਂਦਾ ਹੈ।

ਪੈਸੇ ਦੀ ਇਸ ਅੰਨ੍ਹੀ ਭੁੱਖ ਨੂੰ ਮਿਟਾਉਣ ਲਈ ਅੱਜ ਦਾ ਮਨੁੱਖ ਹਰ ਪ੍ਰਕਾਰ ਦੇ ਗ਼ਲਤ ਕੰਮਾਂ, ਧੋਖੇ, ਠੱਗੀ ਅਤੇ ਬੇਈਮਾਨੀ ਦੇ ਰਸਤੇ 'ਤੇ ਚੱਲਣ ਨੂੰ ਆਪਣੀ ਸਭ ਤੋਂ ਵੱਡੀ 'ਸਿਆਣਪ' ਅਤੇ 'ਕਾਬਲੀਅਤ' ਮੰਨਣ ਲੱਗ ਪਿਆ ਹੈ। ਗੁਰੂ ਸਾਹਿਬ ਨੇ ਸਾਨੂੰ 'ਕਿਰਤ ਕਰੋ' ਦਾ ਉਪਦੇਸ਼ ਦਿੱਤਾ ਸੀ ਅਤੇ ਫ਼ਰਮਾਇਆ ਸੀ ਕਿ ਦੂਜਿਆਂ ਦਾ ਹੱਕ ਮਾਰਨਾ ਸਭ ਤੋਂ ਵੱਡਾ ਪਾਪ ਹੈ, ਪਰ ਅੱਜ ਦੇ ਸਮਾਜ ਵਿੱਚ ਇਮਾਨਦਾਰੀ ਨੂੰ ਬੇਵਕੂਫ਼ੀ ਅਤੇ ਚਲਾਕੀ-ਬੇਈਮਾਨੀ ਨੂੰ ਸਫ਼ਲਤਾ ਦਾ ਪੈਮਾਨਾ ਮੰਨ ਲਿਆ ਗਿਆ ਹੈ। ਵੱਡੇ-ਵੱਡੇ ਵਪਾਰੀ ਅਤੇ ਦੁਕਾਨਦਾਰ ਵੱਧ ਮੁਨਾਫ਼ਾ ਕਮਾਉਣ ਲਈ ਦੁੱਧ, ਘਿਓ, ਰਾਸ਼ਨ ਅਤੇ ਇੱਥੋਂ ਤੱਕ ਕਿ ਜੀਵਨ ਰੱਖਿਅਕ ਦਵਾਈਆਂ ਵਿੱਚ ਵੀ ਬੇਸ਼ਰਮੀ ਨਾਲ ਮਿਲਾਵਟ ਕਰ ਰਹੇ ਹਨ, ਜਿਸ ਨਾਲ ਲੱਖਾਂ ਲੋਕਾਂ ਦੀਆਂ ਜਾਨਾਂ ਨਾਲ ਖੇਡਿਆ ਜਾ ਰਿਹਾ ਹੈ। ਹਰ ਛੋਟੇ ਤੋਂ ਲੈ ਕੇ ਵੱਡੇ ਸਰਕਾਰੀ ਅਤੇ ਗੈਰ-ਸਰਕਾਰੀ ਦਫ਼ਤਰਾਂ ਵਿੱਚ ਰਿਸ਼ਵਤਖ਼ੋਰੀ ਅਤੇ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ, ਜਿੱਥੇ ਗ਼ਰੀਬ ਅਤੇ ਹੱਕਦਾਰ ਲੋਕਾਂ ਦੇ ਹੱਕਾਂ ਨੂੰ ਸ਼ਰੇਆਮ ਮਾਰਿਆ ਜਾਂਦਾ ਹੈ। ਪੈਸੇ ਦੀ ਅੰਨ੍ਹੀ ਲਾਲਸਾ ਵਿੱਚ ਕੁਝ ਲੋਕ ਨਸ਼ਿਆਂ ਦੀ ਤਸਕਰੀ ਅਤੇ ਨਾਜਾਇਜ਼ ਧੰਦਿਆਂ ਵਿੱਚ ਲਿਪਤ ਹੋ ਕੇ ਦੇਸ਼ ਦੀ ਨੌਜਵਾਨ ਪੀੜ੍ਹੀ ਨੂੰ ਬਰਬਾਦੀ ਦੀ ਦਲਦਲ ਵਿੱਚ ਧਕੇਲ ਰਹੇ ਹਨ, ਕਿਉਂਕਿ ਉਨ੍ਹਾਂ ਲਈ ਪੈਸਾ ਹੀ ਅਸਲੀ ਰੱਬ ਬਣ ਚੁੱਕਾ ਹੈ ਅਤੇ ਇਸ ਪੈਸੇ ਨੂੰ ਹਾਸਲ ਕਰਨ ਲਈ ਉਹ ਆਪਣੀ ਜ਼ਮੀਰ, ਕਾਨੂੰਨ, ਨੈਤਿਕਤਾ ਅਤੇ ਸਮਾਜਿਕ ਜ਼ਿੰਮੇਵਾਰੀ ਦਾ ਕਤਲ ਕਰਨ ਤੋਂ ਵੀ ਜ਼ਰਾ ਵੀ ਨਹੀਂ ਝਿਜਕਦੇ।

ਪੈਸੇ ਦੀ ਲਾਲਸਾ ਦੀ ਅੱਗ ਇੰਨੀ ਭਿਆਨਕ ਅਤੇ ਖ਼ਤਰਨਾਕ ਹੁੰਦੀ ਹੈ ਕਿ ਇਹ ਸਭ ਤੋਂ ਪਹਿਲਾਂ ਮਨੁੱਖ ਦੇ ਆਪਣੇ ਘਰ ਅਤੇ ਪਰਿਵਾਰਕ ਰਿਸ਼ਤਿਆਂ ਨੂੰ ਹੀ ਜਲਾ ਕੇ ਸੁਆਹ ਕਰ ਦਿੰਦੀ ਹੈ। ਅੱਜ ਪੈਸੇ ਦੀ ਖ਼ਾਤਰ ਮਨੁੱਖ ਆਪਣੇ ਸਭ ਤੋਂ ਨਜ਼ਦੀਕੀ ਅਤੇ ਪਵਿੱਤਰ ਰਿਸ਼ਤਿਆਂ ਨਾਲ ਵੀ ਬਹੁਤ ਬੇਸ਼ਰਮੀ ਨਾਲ ਵਿਸ਼ਵਾਸਘਾਤ ਕਰ ਰਿਹਾ ਹੈ। ਅੱਜ ਸਾਡੀਆਂ ਅਦਾਲਤਾਂ ਅਜਿਹੇ ਕੇਸਾਂ ਨਾਲ ਭਰੀਆਂ ਪਈਆਂ ਹਨ ਜਿੱਥੇ ਸਕੇ ਭਰਾ ਨੇ ਭਰਾ 'ਤੇ, ਪੁੱਤ ਨੇ ਆਪਣੇ ਬੁੱਢੇ ਮਾਪਿਆਂ 'ਤੇ ਅਤੇ ਨਜ਼ਦੀਕੀ ਰਿਸ਼ਤੇਦਾਰਾਂ ਨੇ ਇੱਕ-ਦੂਜੇ 'ਤੇ ਜ਼ਮੀਨ-ਜਾਇਦਾਦ ਦੇ ਹੜੱਪਣ ਲਈ ਕੇਸ ਕੀਤੇ ਹੋਏ ਹਨ। ਜ਼ਮੀਨ ਦੇ ਇੱਕ ਛੋਟੇ ਜਿਹੇ ਟੁਕੜੇ ਜਾਂ ਬੈਂਕ ਖਾਤੇ ਦੇ ਪੈਸਿਆਂ ਲਈ ਸਕੇ ਰਿਸ਼ਤੇਦਾਰਾਂ ਦਾ ਖ਼ੂਨ ਕਰ ਦੇਣਾ ਜਾਂ ਉਨ੍ਹਾਂ ਨੂੰ ਜੇਲ੍ਹ ਭੇਜ ਦੇਣਾ ਹੁਣ ਰੋਜ਼ਾਨਾ ਦੀਆਂ ਖ਼ਬਰਾਂ ਬਣ ਚੁੱਕੀਆਂ ਹਨ। ਅੱਜ ਦੇ ਦੌਰ ਵਿੱਚ ਰਿਸ਼ਤੇ ਭਾਵਨਾਵਾਂ, ਪਿਆਰ, ਤਿਆਗ ਜਾਂ ਸਤਿਕਾਰ 'ਤੇ ਨਹੀਂ ਟਿਕੇ ਹੋਏ, ਬਲਕਿ ਉਹ ਕੇਵਲ 'ਲੋੜ' ਅਤੇ 'ਮਤਲਬ' ਦੇ ਮੁਥਾਜ ਹੋ ਕੇ ਰਹਿ ਗਏ ਹਨ; ਜਦੋਂ ਤੱਕ ਕਿਸੇ ਵਿਅਕਤੀ ਤੋਂ ਕੋਈ ਆਰਥਿਕ ਜਾਂ ਨਿੱਜੀ ਫ਼ਾਇਦਾ ਮਿਲਦਾ ਹੈ, ਉਦੋਂ ਤੱਕ ਉਸ ਨੂੰ ਬਹੁਤ ਸਤਿਕਾਰ ਦਿੱਤਾ ਜਾਂਦਾ ਹੈ, ਪਰ ਫ਼ਾਇਦਾ ਖ਼ਤਮ ਹੁੰਦਿਆਂ ਹੀ ਉਸ ਨੂੰ ਦੁੱਧ ਵਿੱਚੋਂ ਮੱਖੀ ਵਾਂਗ ਕੱਢ ਕੇ ਬਾਹਰ ਸੁੱਟ ਦਿੱਤਾ ਜਾਂਦਾ ਹੈ, ਜੋ ਕਿ ਮਨੁੱਖੀ ਨੈਤਿਕਤਾ ਦਾ ਸਭ ਤੋਂ ਵੱਡਾ ਪਤਨ ਹੈ।

ਗੁਰੂ ਸਾਹਿਬ ਦੇ ਬਚਨ 'ਕੇਤੇ ਮੂਰਖ ਖਾਹੀ ਖਾਹਿ' ਦੇ ਪਰਿਪੇਖ ਵਿੱਚ ਜੇਕਰ ਅਸੀਂ ਆਧੁਨਿਕ ਮਨੁੱਖ ਦੀ ਖਾਣ ਅਤੇ ਭੋਗਣ ਦੀ ਬਿਰਤੀ ਨੂੰ ਦੇਖੀਏ, ਤਾਂ ਸਾਨੂੰ ਇੱਕ ਬਹੁਤ ਹੀ ਅਜੀਬ ਅਤੇ ਘਿਣਾਉਣੀ ਮਾਨਸਿਕਤਾ ਦੇਖਣ ਨੂੰ ਮਿਲਦੀ ਹੈ, ਜਿਸ ਵਿੱਚ 'ਫ਼ਰੀ' (ਮੁਫ਼ਤ) ਦਾ ਖਾਣਾ ਖਾਣ ਦੀ ਲਾਲਸਾ ਸਭ ਤੋਂ ਉੱਪਰ ਹੈ। ਅੱਜ ਦੇ ਮਨੁੱਖ ਦੀ ਇਹ ਸੋਚ ਬਣ ਚੁੱਕੀ ਹੈ ਕਿ ਜਿੱਥੇ ਵੀ ਕੁਝ ਮੁਫ਼ਤ ਮਿਲੇ, ਉੱਥੇ ਆਪਣੀ ਸਮਾਜਿਕ ਹੈਸੀਅਤ, ਸਰੀਰਕ ਲੋੜ ਅਤੇ ਸਿਹਤ ਨੂੰ ਪੂਰੀ ਤਰ੍ਹਾਂ ਭੁੱਲ ਕੇ ਟੁੱਟ ਪੈਣਾ ਹੈ। ਵਿਆਹ-ਸ਼ਾਦੀਆਂ, ਧਾਰਮਿਕ ਸਮਾਗਮਾਂ ਜਾਂ ਵੱਡੀਆਂ ਪਾਰਟੀਆਂ ਵਿੱਚ ਅਕਸਰ ਦੇਖਿਆ ਜਾਂਦਾ ਹੈ ਕਿ ਲੋਕ ਆਪਣੀਆਂ ਪਲੇਟਾਂ ਵਿੱਚ ਇੰਨਾ ਜ਼ਿਆਦਾ ਖਾਣਾ ਪਾ ਲੈਂਦੇ ਹਨ ਜਿੰਨਾ ਉਹ ਖਾ ਵੀ ਨਹੀਂ ਸਕਦੇ ਅਤੇ ਬਾਅਦ ਵਿੱਚ ਉਸ ਅੰਨ ਦੀ ਬੇਅਦਬੀ ਕਰਦਿਆਂ ਉਸ ਨੂੰ ਕੂੜੇਦਾਨ ਵਿੱਚ ਸੁੱਟ ਦਿੰਦੇ ਹਨ। ਕਈ ਲੋਕਾਂ ਦੀ ਮਾਨਸਿਕਤਾ ਇੰਨੀ ਗਿਰ ਚੁੱਕੀ ਹੁੰਦੀ ਹੈ ਕਿ ਉਹ ਸੋਚਦੇ ਹਨ, "ਭਾਵੇਂ ਖਾਣ ਨਾਲ ਉਲਟੀ ਆ ਜਾਵੇ, ਪੇਟ ਦਰਦ ਹੋ ਜਾਵੇ, ਜਾਂ ਸਰੀਰ ਬਿਮਾਰ ਹੋ ਜਾਵੇ, ਪਰ ਮੁਫ਼ਤ ਦਾ ਮਾਲ ਕਿਸੇ ਵੀ ਕੀਮਤ 'ਤੇ ਛੱਡਣਾ ਨਹੀਂ ਹੈ।" ਇਹ ਬਿਰਤੀ ਸਪਸ਼ਟ ਕਰਦੀ ਹੈ ਕਿ ਮਨੁੱਖ ਦਾ ਸਰੀਰਕ ਪੇਟ ਤਾਂ ਚਾਰ ਰੋਟੀਆਂ ਨਾਲ ਭਰ ਸਕਦਾ ਹੈ, ਪਰ ਉਸ ਦਾ 'ਮਾਨਸਿਕ ਪੇਟ' ਅਤੇ ਨੀਅਤ ਇੰਨੀ ਵੱਡੀ ਅਤੇ ਭੁੱਖੀ ਹੋ ਚੁੱਕੀ ਹੈ।

ਜਦੋਂ ਮਨੁੱਖ ਕੁਦਰਤ ਦੇ ਨਿਯਮਾਂ, ਗੁਰਬਾਣੀ ਦੇ ਉਪਦੇਸ਼ਾਂ ਅਤੇ ਆਪਣੀ ਸਰੀਰਕ ਸਮਰੱਥਾ ਦੇ ਉਲਟ ਜਾ ਕੇ ਸਿਰਫ਼ ਲੋਭ, ਲਾਲਸਾ, ਹੰਕਾਰ ਅਤੇ ਗ਼ਲਤ ਕੰਮਾਂ ਵਿੱਚ ਪੈਂਦਾ ਹੈ, ਤਾਂ ਉਸ ਦੇ ਪਰਿਣਾਮ ਬਹੁਤ ਹੀ ਭਿਆਨਕ ਅਤੇ ਦੁਖਦਾਈ ਨਿਕਲਦੇ ਹਨ, ਜਿਨ੍ਹਾਂ ਨੂੰ ਅੱਜ ਅਸੀਂ ਆਪਣੇ ਆਲ਼ੇ-ਦੁਆਲੇ ਸਾਫ਼ ਦੇਖ ਸਕਦੇ ਹਾਂ। ਹੱਦੋਂ ਵੱਧ ਖਾਣਾ, ਬਿਨਾਂ ਮਿਹਨਤ ਕੀਤੇ ਪਦਾਰਥਾਂ ਨੂੰ ਭੋਗਣਾ ਅਤੇ ਬਾਜ਼ਾਰੂ ਤੱਤਾਂ ਤੇ ਮਿਲਾਵਟੀ ਚੀਜ਼ਾਂ ਦਾ ਸੇਵਨ ਕਰਨ ਕਾਰਨ ਆਧੁਨਿਕ ਮਨੁੱਖ ਦਾ ਸਰੀਰ ਅੱਜ ਬਿਮਾਰੀਆਂ ਦਾ ਬਹੁਤ ਵੱਡਾ ਘਰ ਬਣ ਚੁੱਕਾ ਹੈ। ਅੱਜ ਸ਼ੂਗਰ, ਹਾਈ ਬਲੱਡ ਪ੍ਰੈਸ਼ਰ, ਯੂਰਿਕ ਐਸਿਡ, ਦਿਲ ਦੇ ਰੋਗ ਅਤੇ ਘਾਤਕ ਮੋਟਾਪਾ ਬਹੁਤ ਛੋਟੀ ਉਮਰ ਦੇ ਬੱਚਿਆਂ ਅਤੇ ਨੌਜਵਾਨਾਂ ਨੂੰ ਆਪਣੀ ਗ੍ਰਿਫ਼ਤ ਵਿੱਚ ਲੈ ਰਿਹਾ ਹੈ। ਇਸ ਸਰੀਰਕ ਨਾਸੂਰ ਦੇ ਨਾਲ-ਨਾਲ ਮਾਨਸਿਕ ਅਸ਼ਾਂਤੀ ਇੰਨੀ ਵਧ ਚੁੱਕੀ ਹੈ ਕਿ ਅੱਜ ਅਮੀਰ ਤੋਂ ਅਮੀਰ ਅਤੇ ਸਫਲ ਕਹੇ ਜਾਣ ਵਾਲੇ ਲੋਕ ਵੀ ਡਿਪਰੈਸ਼ਨ ਤੇ ਐਂਗਜ਼ਾਇਟੀ ਦੇ ਸ਼ਿਕਾਰ ਹਨ।

ਇਸ ਪੂਰੇ ਮਨੁੱਖੀ ਵਰਤਾਰੇ ਦਾ ਸਭ ਤੋਂ ਵੱਧ ਚਿੰਤਾਜਨਕ ਅਤੇ ਹੈਰਾਨੀਜਨਕ ਪਹਿਲੂ ਇਹ ਹੈ ਕਿ ਮਨੁੱਖ ਆਪਣੀ ਜ਼ਿੰਦਗੀ ਵਿੱਚ ਬਿਮਾਰੀਆਂ ਸਹੇੜ ਕੇ ਅਤੇ ਮਾਨਸਿਕ ਦੁਖ ਭੋਗ ਕੇ ਵੀ ਕਦੇ ਸੁਧਰਨ ਦਾ ਨਾਂ ਨਹੀਂ ਲੈਂਦਾ। ਕਈ ਵਾਰ ਤਾਂ ਉਹ ਹਸਪਤਾਲ ਦੇ ਆਈ.ਸੀ.ਯੂ. ਬੈੱਡ 'ਤੇ ਪਿਆ ਹੋਇਆ ਵੀ ਮਨ ਹੀ ਮਨ ਆਪਣੇ ਵਪਾਰ, ਪੈਸੇ ਦੇ ਹਿਸਾਬ-ਕਿਤਾਬ ਅਤੇ ਦੂਜਿਆਂ ਨੂੰ ਨੀਵਾਂ ਦਿਖਾਉਣ ਦੀਆਂ ਯੋਜਨਾਵਾਂ ਬਣਾ ਰਿਹਾ ਹੁੰਦਾ ਹੈ। ਇੱਕ ਬਿਮਾਰੀ ਤੋਂ ਥੋੜ੍ਹਾ ਜਿਹਾ ਠੀਕ ਹੁੰਦਿਆਂ ਹੀ ਉਹ ਦੁਬਾਰਾ ਉਸੇ ਲਾਲਸਾ, ਉਸੇ ਭ੍ਰਿਸ਼ਟਾਚਾਰ, ਉਸੇ ਦਿਖਾਵੇ ਅਤੇ ਝੂਠੀ ਸ਼ਾਨ-ਸ਼ੌਕਤ ਦੇ ਰਾਹ 'ਤੇ ਬਿਨਾਂ ਕਿਸੇ ਡਰ ਦੇ ਚੱਲ ਪੈਂਦਾ ਹੈ। ਉਹ ਨਾ ਤਾਂ ਇਤਿਹਾਸ ਤੋਂ ਕੋਈ ਸਬਕ ਸਿੱਖਦਾ ਹੈ, ਨਾ ਆਪਣੇ ਆਲ਼ੇ-ਦੁਆਲੇ ਮਰ ਰਹੇ ਲੋਕਾਂ ਦੀ ਬਰਬਾਦੀ ਤੋਂ ਕੁਝ ਸਮਝਦਾ ਹੈ ਅਤੇ ਨਾ ਹੀ ਆਪਣੇ ਨਿੱਜੀ ਦੁੱਖਾਂ ਤੋਂ ਕੋਈ ਸਿੱਖਿਆ ਲੈਂਦਾ ਹੈ; ਉਸ ਦੀ ਮਾਨਸਿਕ ਹਾਲਤ ਬਿਲਕੁਲ ਉਸ ਪਸ਼ੂ ਵਰਗੀ ਹੋ ਚੁੱਕੀ ਹੈ ਜਿਸ ਨੂੰ ਅੱਗੇ ਖੂਹ ਜਾਂ ਖਾਈ ਦਿਖਾਈ ਦੇ ਰਹੀ ਹੋਵੇ, ਪਰ ਉਹ ਆਪਣੀ ਅੱਖਾਂ ਬੰਦ ਕਰਕੇ ਉਸੇ ਵਿਨਾਸ਼ ਦੇ ਰਸਤੇ ਵੱਲ ਤੇਜ਼ੀ ਨਾਲ ਦੌੜਦਾ ਜਾਂਦਾ ਹੈ।

ਸਿੱਟੇ ਵਜੋਂ, ਜੇਕਰ ਅਸੀਂ ਆਧੁਨਿਕ ਮਨੁੱਖ ਨੂੰ ਇਸ ਮਾਨਸਿਕ ਬਰਬਾਦੀ, ਸਰੀਰਕ ਰੋਗਾਂ ਅਤੇ ਆਤਮਿਕ ਕੰਗਾਲੀ ਦੇ ਘੋਰ ਅੰਧਕਾਰ ਵਿੱਚੋਂ ਬਾਹਰ ਕੱਢਣਾ ਚਾਹੁੰਦੇ ਹਾਂ, ਤਾਂ ਸਾਨੂੰ ਗੁਰੂ ਨਾਨਕ ਦੇਵ ਜੀ ਦੇ ਦਿੱਤੇ ਸਦੀਵੀ ਅਤੇ ਮਹਾਨ ਸਿਧਾਂਤਾਂ ਵੱਲ ਵਾਪਸ ਮੁੜਨਾ ਹੀ ਪਵੇਗਾ। ਗੁਰੂ ਸਾਹਿਬ ਨੇ ਸਾਨੂੰ ਜ਼ਿੰਦਗੀ ਜਿਉਣ ਦੇ ਤਿੰਨ ਬੁਨਿਆਦੀ ਥੰਮ੍ਹ ਦਿੱਤੇ ਹਨ- 'ਕਿਰਤ ਕਰੋ', 'ਨਾਮ ਜਪੋ' ਅਤੇ 'ਵੰਡ ਛਕੋ'। ਜਦੋਂ ਮਨੁੱਖ ਹੱਕ-ਹਲਾਲ ਦੀ ਇਮਾਨਦਾਰੀ ਵਾਲੀ ਕਮਾਈ (ਕਿਰਤ) ਕਰੇਗਾ, ਤਾਂ ਉਸ ਦੇ ਮਨ ਵਿੱਚ ਦੂਜਿਆਂ ਨੂੰ ਧੋਖਾ ਦੇਣ ਦੀ ਬਿਰਤੀ ਖ਼ਤਮ ਹੋ ਜਾਵੇਗੀ; ਜਦੋਂ ਉਹ ਪਰਮਾਤਮਾ ਦੇ ਨਾਮ ਅਤੇ ਉੱਚੇ ਨੈਤਿਕ ਮੁੱਲਾਂ ਨਾਲ ਜੁੜੇਗਾ (ਨਾਮ ਜਪਣਾ), ਤਾਂ ਉਸ ਦੇ ਅੰਦਰੋਂ ਝੂਠਾ ਹੰਕਾਰ, ਲੋਭ ਅਤੇ ਦਿਖਾਵਾ ਪੂਰੀ ਤਰ੍ਹਾਂ ਨਸ਼ਟ ਹੋ ਜਾਵੇਗਾ ਅਤੇ ਜਦੋਂ ਉਹ ਆਪਣੀ ਕਮਾਈ ਵਿੱਚੋਂ ਲੋੜਵੰਦਾਂ ਦੀ ਮਦਦ ਕਰੇਗਾ (ਵੰਡ ਛਕਣਾ), ਤਾਂ ਉਸ ਦੇ ਅੰਦਰ 'ਸੰਤੋਖ' ਅਤੇ 'ਸ਼ੁਕਰਾਨੇ' ਦੀ ਭਾਵਨਾ ਪੈਦਾ ਹੋਵੇਗੀ।

# ਹੱਡ ਬੀਤੀਆਂ ਜੱਗ ਬੀਤੀਆਂ

ਸਰਬਜੀਤ ਸਿੰਘ ਜਰਮਨੀ
Tirthsingh3@yahoo.com

ਕੌਮਾਂਤਰੀ ਪੰਜਾਬੀ ਕਾਫ਼ਲਾ, ਇਟਲੀ ਵਲੋਂ ਲਾਈਵ ਕਹਾਣੀ ਦਰਬਾਰ 'ਹੱਡ ਬੀਤੀਆਂ ਜੱਗ ਬੀਤੀਆਂ' ਕਰਵਾਇਆ ਗਿਆ ਜਿਸ ਵਿੱਚ ਭਾਰਤ, ਇਟਲੀ, ਜਰਮਨੀ, ਗ੍ਰੀਸ, ਅਮਰੀਕਾ ਅਤੇ ਕਨੇਡਾ ਤੋਂ ਕਹਾਣੀਕਾਰਾਂ ਨੇ ਹਿੱਸਾ ਲਿਆ। ਲਾਈਵ ਕਹਾਣੀ ਦਰਬਾਰ ਵਿੱਚ ਕਹਾਣੀਕਾਰਾਂ ਨੇ ਰੁੱਖ ਲਗਾਉਣ, ਵਾਤਾਵਰਣ ਬਚਾਉਣ, ਬਜ਼ੁਰਗ ਮਾਂ ਬਾਪ ਦਾ ਆਪਸੀ ਪਿਆਰ, ਪਰਦੇਸੀ ਪਿਉ ਨਾਲ ਬੱਚਿਆਂ ਦਾ ਪਿਆਰ, ਪਰਦੇਸੀ ਪੁੱਤ ਦੇ ਛੁੱਟੀ ਕੱਟ ਕੇ ਜਾਣ ਮਗਰੋਂ ਮਾਪਿਆਂ ਦਾ ਹਾਲ, ਵਿਦਿਆਰਥੀਆਂ ਦੀ ਜ਼ਿੰਦਗੀ ਵਿੱਚ ਚੰਗੇ ਅਧਿਆਪਕ ਦਾ ਯੋਗਦਾਨ, ਨਿੱਤ ਦਿਨ ਹੁੰਦੀਆਂ ਦੁਰਘਟਨਾਵਾਂ ਬਾਰੇ ਵਿਚਾਰ, ਪਾਲਤੂ ਜਾਨਵਰਾਂ ਦਾ ਵਿਹਾਰ, ਰਿਸ਼ਵਤ ਖੋਰ ਅਫ਼ਸਰ ਦੇ ਵਿਹਾਰ ਬਾਰੇ, ਸਵਾਰਥੀ ਪਰਿਵਾਰਕ ਰਿਸ਼ਤਿਆਂ ਬਾਰੇ, ਬੱਚੇ ਨੂੰ ਸਕੂਲ ਵਿੱਚ ਸਜ਼ਾ ਵਿੱਚ ਪੀਲਾ ਕਾਰਡ ਮਿਲਣਾ, ਪੁਰਾਤਨ ਪੰਜਾਬ ਦੇ ਜਿਮੀਦਾਰਾਂ ਬਾਰੇ ਆਦਿ ਵਿਸ਼ਿਆਂ ਤੇ ਵੱਖ ਵੱਖ ਕਹਾਣੀਕਾਰਾਂ ਨੇ ਆਪਣੀਆਂ ਲਿਖੀਆਂ ਕਹਾਣੀਆਂ ਬਾਖੂਬੀ ਪੇਸ਼ ਕੀਤੀਆਂ।

ਪ੍ਰੋਗਰਾਮ 'ਹੱਡ ਬੀਤੀਆਂ ਜੱਗ ਬੀਤੀਆਂ' ਦੀ ਸ਼ੁਰੂਆਤ ਕਰਦਿਆਂ ਕਾਫ਼ਲਾ ਪ੍ਰਧਾਨ ਪ੍ਰਸਿੱਧ ਨਾਵਲਕਾਰ ਬਿੰਦਰ ਕੋਲੀਆਂ ਵਾਲ ਜੀ ਨੇ ਸਭ ਨੂੰ ਜੀ ਆਇਆ ਆਖਿਆ ਤੇ ਸਭ ਦਾ ਐਨੀ ਗਰਮੀ ਵਿੱਚ ਹਾਜ਼ਰੀ ਲਗਵਾਉਣ ਲਈ ਖਾਸ ਧੰਨਵਾਦ ਕੀਤਾ। ਨਾਲ ਹੀ ਬਿੰਦਰ ਜੀ ਨੇ ਮੰਚ ਸੰਚਾਲਨ ਕਰਨ ਲਈ ਸਰਬਜੀਤ ਸਿੰਘ ਜਰਮਨੀ ਨੂੰ ਸੱਦਾ ਦਿੱਤਾ। ਸਰਬਜੀਤ ਨੇ ਹਾਜ਼ਰੀਨ ਸਾਰੇ ਕਹਾਣੀਕਾਰਾਂ ਨੂੰ ਜੀ ਆਇਆ ਕਹਿਣ ਤੋਂ ਬਾਅਦ ਕੁਝ ਸ਼ਬਦਾਂ ਦੀ ਸਾਂਝ ਪਾਈ। ਉਹਨਾਂ ਕਿਹਾ "ਕਹਿੰਦੇ ਹਨ ਮਾਂ ਬੋਲੀ ਪੰਜਾਬੀ ਦੇ ਸ਼ਬਦਾਂ ਦੀ ਮਹਿਕ ਜਦੋਂ ਹੱਦਾਂ ਸਰਹੱਦਾਂ ਪਾਰ ਕਰਦੀ ਹੈ ਤਾਂ ਸਾਹਿਤ ਇੱਕ ਪਰਿਵਾਰ ਬਣ ਜਾਂਦਾ ਹੈ। ਹਰ ਕਹਾਣੀ ਇੱਕ ਅਸਲ ਬਿਰਤਾਂਤ ਬਣ ਜਾਂਦੀ ਹੈ।"




ਨਾਲ ਹੀ ਸਰਬਜੀਤ ਨੇ ਸਭ ਤੋਂ ਪਹਿਲਾਂ ਸੱਦਾ ਪ੍ਰਸਿੱਧ ਗ਼ਜ਼ਲਗੋ ਮੁਖਤਾਰ ਸਿੰਘ ਚੰਦੀ ਜੀ, ਸੁਲਤਾਨ ਪੁਰ ਲੋਧੀ ਨੂੰ ਦਿੱਤਾ ਜਿਹਨਾਂ ਨੇ ਕਹਾਣੀ 'ਸਾਡਾ ਕੀ ਬਣੂ' ਵਿੱਚ ਪਰਦੇਸੀ ਪੁੱਤ ਦੇ ਪਰਿਵਾਰ ਸਮੇਤ ਪ੍ਰਦੇਸ਼ ਜਾਣ ਪਿੱਛੋਂ ਮਾਪਿਆਂ ਦਾ ਹਾਲ ਨੂੰ ਬਿਆਨ ਕੀਤਾ। ਦੂਜੇ ਸੱਦੇ ਤੇ ਪ੍ਰਿੰਸੀਪਲ ਹਰਸ਼ਰਨ ਕੌਰ ਜੀ, ਕਨੇਡਾ ਨੇ 'ਸ਼ਮਸ਼ਾਨ ਦਾ ਰਾਹ' ਕਹਾਣੀ ਵਿੱਚ ਇੱਕ ਬਜ਼ੁਰਗ ਔਰਤ ਦੇ ਪਰਿਵਾਰਕ ਦਰਦ ਤੇ ਕੁਦਰਤ ਨਾਲ ਪਿਆਰ ਨੂੰ ਬਾਖੂਬੀ ਪੇਸ਼ ਕੀਤਾ ਤੇ ਆਪਣੇ ਲਈ ਕੁਝ ਪਲ ਜ਼ਿੰਦਗੀ ਜਿਊਣ ਦਾ ਸੰਦੇਸ਼ ਦਿੱਤਾ। ਤੀਸਰੇ ਸੱਦੇ ਤੇ ਕਹਾਣੀਕਾਰ ਸਰਦਾਰ ਸਰਦੂਲ ਸਿੰਘ ਭੱਲਾ ਜੀ, ਪਟਿਆਲਾ ਨੇ ਕਹਾਣੀ 'ਗੂੜਾ ਪਿਆਰ' ਵਿੱਚ ਭ੍ਰਿਸ਼ਟ, ਰਿਸ਼ਵਤਖ਼ੋਰ ਅਫ਼ਸਰ ਦੇ ਕਿਰਦਾਰ ਤੇ ਪਰਿਵਾਰ ਦੇ ਸਵਾਰਥੀ ਰਿਸ਼ਤਿਆਂ ਬਾਰੇ ਚਾਨਣਾ ਪਾਇਆ।

ਚੌਥੇ ਸੱਦੇ ਤੇ ਪ੍ਰਿੰਸੀਪਲ ਲਖਬੀਰ ਸਿੰਘ ਜੀ, ਪੰਜਾਬ ਨੇ 'ਮਿੱਡੇ ਮੀਲ ਦਾ ਬੱਚਾ' ਵਿੱਚ ਇੱਕ ਗਰੀਬ ਬੱਚੇ ਦੇ ਪੜ੍ਹਾਈ ਤੇ ਉਸ ਦੇ ਸਫ਼ਰ ਹੋਣ ਬਾਰੇ ਜਾਣਕਾਰੀ ਦਿੱਤੀ ਤੇ ਇੱਕ ਚੰਗੇ ਅਧਿਆਪਕ ਦਾ ਆਪਣੇ ਵਿਦਿਆਰਥੀ ਦੇ ਜੀਵਨ ਵਿੱਚ ਮਹਾਨ ਯੋਗਦਾਨ ਬਾਰੇ ਦੱਸਿਆ। ਪੰਜਵੇਂ ਸੱਦੇ ਤੇ ਭੈਣ ਪੋਲੀ ਬਰਾੜ ਜੀ, ਅਮਰੀਕਾ ਨੇ ਕਹਾਣੀ 'ਲਾ-ਇਲਾਜ ਬਿਮਾਰੀਆਂ' ਵਿੱਚ ਆਪਣੇ ਸਤਿਕਾਰਯੋਗ ਪਿਤਾ ਜੀ ਤੇ ਮਾਤਾ ਜੀ ਦੇ ਬੁਢਾਪੇ ਦੀ ਹਾਲਤ ਵਿੱਚ ਹੱਡਬੀਤੀਸੁਣਾ ਕੇ ਸਭ ਨੂੰ ਭਾਵੁਕ ਕਰ ਦਿੱਤਾ। ਛੇਵੇਂ ਸੱਦੇ ਤੇ ਦੀਪ ਅਮਨ ਜਾਖੂ, ਗ੍ਰੀਸ ਨੇ ਕਹਾਣੀ 'ਫੈਸਲੇ' ਵਿੱਚ ਇੱਕ ਪਰਦੇਸੀ ਬਾਪ ਤੇ ਉਸ ਦੀ ਪੰਜਾਬ ਚ ਰਹਿੰਦੀ ਨਿੱਕੀ ਜਿਹੀ ਧੀ ਦੇ ਆਪਸੀ ਨਿਰਸੁਆਰਥ ਪਿਆਰ ਬਾਰੇ ਸਾਂਝ ਪਾਈ ਤੇ ਬਹੁਤ ਸਾਰੇ ਵਿਰਾਸਤੀ ਸ਼ਬਦ ਤੇ ਕਹਾਵਤਾਂ ਦੀ ਵਰਤੋਂ ਵੀ ਕੀਤੀ। ਸੱਤਵੇਂ ਸੱਦੇ ਤੇ ਮਨਜੀਤ ਕੌਰ ਧੀਮਾਨ, ਲੁਧਿਆਣਾ ਨੇ ਕਹਾਣੀ 'ਪੀਲ਼ਾ ਕਾਰਡ' ਵਿੱਚ ਇੱਕ ਵਿਦਿਆਰਥੀ ਨੂੰ ਗਲਤੀ ਕਰਨ ਤੇ ਪੀਲ਼ਾ ਕਾਰਡ ਮਿਲਣ ਬਾਰੇ ਦੱਸਿਆ, ਕੁਝ ਤਕਨੀਕੀ ਖ਼ਰਾਬੀ ਕਾਰਨ ਉਹਨਾਂ ਦੀ ਕਹਾਣੀ ਪੂਰੀ ਨਾ ਹੋ ਸਕੀ।

ਅੱਠਵੇਂ ਸੱਦੇ ਤੇ ਪ੍ਰਸਿੱਧ ਨਾਵਲਕਾਰ ਬਿੰਦਰ ਕੋਲੀਆਂ ਵਾਲ ਜੀ ਨੇ ਕਹਾਣੀ 'ਜੀਵਨ ਦੇ ਸਾਥੀ' ਵਿੱਚ ਇੱਕ ਬਾਪ ਵਲੋਂ ਆਪਣੇ ਹੱਥੀਂ ਲਗਾਏ ਰੁੱਖ ਦਾ ਉਸ ਦੀ ਆਪਣੀ ਚਿਖਾ ਵਿੱਚ ਵਰਤੇ ਜਾਣ ਬਾਰੇ ਸਾਂਝ ਪਾਈ ਤੇ ਹਰ ਇੱਕ ਨੂੰ ਰੁੱਖ ਲਗਾਉਣ ਦਾ ਸੰਦੇਸ਼ ਦਿੱਤਾ। ਉਹਨਾਂ ਇਸ ਕਹਾਣੀ ਵਿੱਚ ਚਾਰ ਦਹਾਕੇ ਪਹਿਲਾਂ ਵਾਲਾ ਬਿਰਤਾਂਤ ਪੇਸ਼ ਕੀਤਾ ਤੇ ਗੁਰਬਾਣੀ ਦੀਆਂ ਤੁਕਾਂ ਦੇ ਕੇ ਹਵਾਲੇ ਵੀ ਦਿੱਤੇ। ਮੰਚ ਸੰਚਾਲਨ ਦੇ ਨਾਲ ਨਾਲ ਸਭ ਕਹਾਣੀਕਾਰਾਂ ਤੋਂਬਾਅਦ ਸਰਬਜੀਤ ਨੇ ਆਪਣੀ ਕਹਾਣੀ 'ਦੁਰਘਟਨਾ' ਪੇਸ਼ ਕੀਤੀ ਤੇ ਇੱਕ ਹਾਦਸੇ ਵਿੱਚ ਜ਼ਖ਼ਮੀ ਔਰਤ ਬਾਰੇ ਦੱਸਦਿਆਂ ਸੰਦੇਸ਼ ਦਿੱਤਾ ਕਿ ਸਭ ਨੂੰ ਵਾਹਨ ਸੰਭਲ਼ ਕੇ ਚਲਾਈਏ, ਨਾ ਪਹੁੰਚਣ ਨਾਲੋਂ ਚੰਗਾ ਦੇਰੀ ਨਾਲ ਪਹੁੰਚ ਜਾਈਏ, ਪਰ ਆਪਣਾ ਵਾਹਨ ਹਮੇਸ਼ਾ ਪੂਰੀ ਸਾਵਧਾਨੀ ਨਾਲ ਚਲਾਈਏ। ਪ੍ਰੋਗਰਾਮ ਦੇ ਅਖੀਰ ਵਿੱਚ ਭੈਣ ਪੋਲੀ ਬਰਾੜ ਜੀ ਨੇ ਹਾਜ਼ਰੀ ਭਰ ਰਹੇ ਸਾਰੇ ਕਹਾਣੀਕਾਰਾਂ ਦਾ ਦਿਲ ਦੀਆਂ ਗਹਿਰਾਈਆਂ ਵਿੱਚੋਂ ਧੰਨਵਾਦ ਕੀਤਾ ਤੇ ਅਗਲੇ ਪ੍ਰੋਗਰਾਮ ਵਿੱਚ ਇੱਕ ਨਵਾਂ ਰੰਗ ਲੈ ਕੇ ਫੇਰ ਮਿਲਣ ਦਾ ਵਾਅਦਾ ਕਰਕੇ ਪ੍ਰੋਗਰਾਮ ਦੀ ਸਮਾਪਤੀ ਕੀਤੀ।

# ਫਿਲਮਾਂ ਪ੍ਰਤੀ ਘਿਰਣਾ ਦਾ ਦੌਰ !

ਪ੍ਰਸਿੱਧ ਗਜ਼ਲ ਗਾਇਕ ਜਗਜੀਤ ਸਿੰਘ ਦੀ ਜ਼ਿੰਦਗੀ ਬਾਰੇ ਇੱਕ ਵੀਡ੍ਰੀਓ ਸੁਣ ਰਿਹਾ ਸਾਂ। ਉਸ ਵਿੱਚ ਜਗਜੀਤ ਸਿੰਘ ਹੁਣਾ ਆਪਣੇ ਉਸਤਾਦ ਪਾਸੋਂ ਸੰਗੀਤ ਸਿੱਖਣ ਵੇਲੇ ਦੀ ਇੱਕ ਹੱਡ-ਬੀਤੀ ਸੁਣਾਈ। ਕਹਿੰਦੇ ਉਸਤਾਦ ਛਗਨ ਲਾਲ ਜੀ ਪਾਸੋਂ ਮੈਂ ਤੇ ਮੇਰਾ ਇੱਕ ਹੋਰ ਸਾਥੀ ਸੁਰ-ਸੰਗੀਤ ਦੀ ਤਾਲੀਮ ਲੈ ਰਹੇ ਸਾਂ। ਇਕ ਦਿਨ ਸਾਨੂੰ ਹਾਰਮੋਨੀਅਮ ਵਜਾ ਰਿਹਾਂ ਨੂੰ ਛੱਡ ਕੇ ਉਸਤਾਦ ਜੀ ਜਰਾ ਜਲ ਵਗੈਰਾ ਛਕਣ ਲਈ ਉੱਠ ਕੇ ਪਾਸੇ ਨੂੰ ਗਏ ਮੇਰਾ ਸਾਥੀ ਹੌਲ਼ੀ ਦੇਣੀ ਕਹਿੰਦਾ ਯਾਰ ਉਹ ਗਾਣਾ ਗਾ ਕੇ ਸੁਣਾ ਜਿਹੜਾ ਤੂੰ ਅੱਜ ਰਾਹ ਵਿੱਚ ਆਉਂਦਾ ਹੋਇਆ ਗੁਣ-ਗੁਣਾ ਰਿਹਾ ਸੀ-'ਤੂ ਪਿਆਰ ਕਾ ਸਾਗਰ ਹੈ ਤੇਰੀ ਇਕ ਦੀਦ ਕੇ ਪਿਆਸੇ ਹਮ...!'

ਜਗਜੀਤ ਸਿੰਘ ਕਹਿੰਦੇ ਹਾਲੇ ਮੈਂ ਇਸ ਗੀਤ ਦੀ ਅੱਧੀ ਤੁਕ ਹੀ ਗਾਈ ਸੀ ਕਿ ਦੂਰ ਖੜੇ ਉਸਤਾਦ ਛਗਨ ਲਾਲ ਜੀ ਗੁੱਸੇ 'ਚ ਆ ਗਏ !ਉਨ੍ਹਾਂ ਆਪਣੇ ਇੱਕ ਪੈਰ 'ਚੋਂ ਖੜਾਂਵ ਖੋਲ੍ਹ ਕੇ ਮੇਰੇ ਛੱਡਵੀਂ ਮਾਰੀ ! ਉਨ੍ਹਾਂ ਦਾ ਮਤਲਬ ਸੀ ਕਿ ਸ਼ਾਸਤਰੀ ਸੰਗੀਤ ਸਿੱਖੋ ਫਿਲਮੀ ਫੁਲਮੀਂ ਗੀਤਾਂ ਤੋਂ ਦੂਰ ਰਹੋ !

ਇਹ ਗੱਲ ਪੜ੍ਹ ਕੇ ਮੈਨੂੰ ਅਨੰਦ ਕਾਰਜ ਕਰਾਉਣ ਵੇਲੇ ਦੀ ਇੱਕ ਅੱਖੀਂ ਦੇਖੀ ਘਟਨਾਂ ਯਾਦ ਆ ਗਈ। ਇਹ ਉਸ ਦੌਰ ਦੀ ਹੈ ਵਾਰਤਾ ਹੈ ਜਦ ਅੱਜ ਵਾਂਗ ਵੀਡੀਉਗ੍ਰਾਫੀ ਆਮ ਨਹੀਂ ਸੀ ਹੋਈ ਸਗੋਂ ਹਾਲੇ ਸਟਿੱਲ ਫੋਟੋਗ੍ਰਾਫੀ ਦਾ ਹੀ ਚੱਲਦੀ ਸੀ ਉਹ ਵੀ ਬਹੁਤੀ ਆਮ ਨਹੀਂ। ਇਕ ਕੀਰਤਨੀ ਜਥਾ ਓਸ ਪਿੰਡ ਅਨੰਦ ਕਾਰਜ ਕਰਵਾਉਣ ਗਿਆ ਜਿੱਥੇ ਉਸ ਜਥੇ ਦੇ ਮੁਖੀਏ ਦੀ ਭਾਣਜੀ ਵਿਆਹੀ ਹੋਈ ਸੀ। ਅਸਲ ਵਿੱਚ ਉਸੇ ਭਾਣਜੀ ਦੇ ਸ਼ਰੀਕੇ ਭਾਈਚਾਰੇ ਵਿੱਚ ਕੁੜੀ ਦਾ ਵਿਆਹ ਸੀ ਤੇ ਉਸੇ ਬੀਬੀ ਨੇ ਹੀ ਆਪਣੇ ਰਾਗੀ ਮਾਮੇ ਨੂੰ ਅਨੰਦ ਕਾਰਜ ਮੌਕੇ ਕੀਰਤਨ ਵਾਸਤੇ ਬੁਲਾਇਆ ਹੋਇਆ ਸੀ।

ਅਨੰਦ ਕਾਰਜ ਦੇ ਅਰੰਭ ਹੁੰਦਿਆਂ ਵੀਡ੍ਰੀਓ ਬਣਾਉਣ ਵਾਲਿਆਂ ਨੇ ਫਲੱਡ-ਲਾਈਟ ਜਿਹੀ ਜਗਾਈ ਤੇ ਰਾਗੀ ਜਥੇ ਵੱਲ੍ਹ ਕੈਮਰਾ ਘੁਮਾਇਆ। ਇੱਕ-ਦੂਸਰੇ ਦੇ ਚਮਕ ਪਏ ਚਿਹਰੇ-ਮੁਹਰੇ ਦੇਖ ਕੇ ਸ਼ੁਗਲੀ ਜਿਹੇ ਸੁਭਾਅ ਵਾਲ਼ਾ ਰਾਗੀ ਸਿੰਘ ਕਹਿੰਦਾ-"ਓ ਅੱਛਾ ਜੀ ! ਤਦੇ ਮੇਰੀ ਭਾਣਜੀ ਨੇ ਕੱਲ੍ਹ ਸ਼ਾਮੀਂ ਸਾਨੂੰ ਉਚੇਚਾ ਦੁਬਾਰਾ ਟੈਲੀਫੋਨ ਕਰਕੇ ਕਿਹਾ ਸੀ ਅਖੇ ਮਾਮਾ ਜੀ ਕੁੜਤੇ ਪਜਾਮੇ ਪਰੈੱਸ ਕਰਕੇ ਅਤੇ ਜੈਕਟਾਂ ਨਵੀਆਂ ਪਾ ਕੇ ਆਇਉ...ਇੱਥੇ ਤੁਹਾਡੀ ਫਿਲਮ ਬਣਨੀ ਐਂ ! ਮੈਖਿਆ ਕੁੜੇ, ਫਿਲਮਾਂ ਤਾਂ ਕੰਜਰਾਂ ਦੀਆਂ ਬਣਦੀਆਂ ਸੁਣੀਆਂ ਸਿਗੀਆਂ, ਆਹ ਹੁਣ ਸਾਡੀਆਂ ਰਾਗੀਆਂ ਦੀਆਂ ਵੀ ਫਿਲਮਾਂ ਬਣਨ ਲੱਗ ਪਈਆਂ ਭਾਈ !!"??



ਤਰਲੋਚਨ ਸਿੰਘ ਦੁਪਾਲ ਪੁਰ
001-408-905-5517

# ਯੂਰਪ ਭਰ ਵਿੱਚ ਗਰਮੀ ਦਾ ਕਹਿਰ ਜਾਰੀ, ਹੁਣ ਤੱਕ 1300 ਲੋਕਾਂ ਲਈ ਗਰਮੀ ਬਣ ਗਈ ਜਮਦੂਤ




ਰੋਮ – (ਗੁਰਸ਼ਰਨ ਸਿੰਘ ਸੋਨੀ) ਕਦੀਂ ਸਮਾਂ ਸੀ ਕਿ ਯੂਰਪ ਦੇ ਬਹੁਤੇ ਦੇਸ਼ਾਂ ਵਿੱਚ ਗਰਮੀਆਂ ਨੂੰ ਲੋਕ ਰਾਤ ਸਮੇਂ ਕੰਬਲ ਲੈਕੇ ਸੌਂਦੇ ਸੀ ਜਿਹਨਾਂ ਵਿੱਚੋ ਇਟਲੀ ਵੀ ਇੱਕ ਹੁੰਦਾ ਸੀ ਪਰ ਜਿਵੇਂ–ਜਿਵੇਂ ਦੁਨੀਆਂ ਭਰ ਵਿੱਚ ਜਲ–ਵਾਯੂ ਵਿੱਚ ਵੱਡਾ ਬਦਲਾਵ ਹੋਇਆ ਇਹ ਗੱਲਾਂ ਹੁਣ ਸੁਪਨਾ ਹੀ ਲੱਗਣ ਲੱਗੀਆਂ ਕਿਉਂ ਕਿ ਗਰਮ ਦੇ ਕਹਿਰ ਨੇ ਇਸ ਸਮੇਂ ਪੂਰੇ ਯੂਰਪ ਨੂੰ ਤੰਦੂਰ ਹੀ ਬਣਾ ਛੱਡਿਆ ਜਿਸ ਕਾਰਨ ਯੂਰਪ ਭਰ ਵਿੱਚ ਗਰਮੀ 1300 ਲੋਕਾਂ ਲਈ ਜਮਦੂਤ ਬਣ ਗਈ। ਇਸ ਗੱਲ ਦਾ ਖੁਲਾਸਾ ਵਿਸ਼ਵ ਸਿਹਤ ਸੰਗਠਨ ਨੇ ਕਰਦਿਆਂ ਕਿਹਾ ਕਿ ਗਰਮੀ ਦਾ ਪ੍ਰਕੋਪ ਅੱਜ ਚੈੱਕ ਗਣਰਾਜ ਤੋਂ ਲੈਕੇ ਜਰਮਨੀ,ਪੋਲੈਂਡ ਤੇ ਇਟਲੀ ਤੱਕ ਦੇਖਣ ਨੂੰ ਮਿਲਿਆ ਜਿੱਥੇ ਕਿ ਤਾਪਮਾਨ 40 ਡਿਗਰੀ ਤੋਂ ਦਰਜ ਕੀਤਾ ਗਿਆ। ਜੇਕਰ ਗੱਲ ਸਿਰਫ਼ ਇਟਲੀ ਦੀ ਹੀ ਕੀਤੀ ਜਾਵੇ ਤਾਂ ਇਥੇ ਸਾਹ ਘੁੱਟਣ ਵਾਲੀ ਗਰਮੀ ਨੂੰ ਇਟਲੀ ਦੇ ਬਾਸਿੰਦੇ ਮਹਿਸੂਸ ਕਰ ਰਹੇ ਹਨ। ਬਾਰੀ ਵਿੱਚ ਇੱਕ 75 ਸਾਲਾ ਵਿਅਕਤੀ ਦੀ ਮੌਤ ਹੋ ਗਈ ਹੈ ਜਿੱਥੇ ਕਿ ਪ੍ਰਸ਼ਾਸ਼ਨ ਨੇ ਰੈੱਡ ਅਲਾਰਟ ਕੀਤਾ ਹੋਇਆ ਹੈ। ਵਿਸ਼ਵ ਸਿਹਤ ਸੰਸਥਾ ਨੇ ਯੂਰਪ ਨੂੰ ਵੱਧ ਗਰਮ ਹੋਣ ਵਾਲਾ ਟਾਪੂ ਦੱਸਿਆ ਹੈ ਜਿਸ ਦੀ ਗਰਮੀ ਵਿਸ਼ਵ ਔਸਤ ਨਾਲੋਂ ਦੁੱਗਣੀ ਦੇਖੀ ਜਾ ਰਹੀ ਹੈ। ਸੰਸਥਾ ਨੇ ਇਹ ਵੀ ਕਿ 150 ਮਿਲੀਅਨ ਲੋਕ ਬਹੁਤ ਜ਼ਿਆਦਾ ਗਰਮੀ ਦੀ ਮਾਰ ਝੱਲ ਰਹੇ ਹਨ ਜਿਸ ਕਾਰਨ ਲੋਕਾਂ ਦਾ ਜਨ–ਜੀਵਨ ਵੱਡੇ ਪੱਧਰ ਤੇ ਪ੍ਰਭਾਵਿਤ ਹੋ ਰਿਹਾ ਹੈ। ਇਸ ਗਰਮੀ ਨੂੰ ਚੁਪੀਤਾ ਕਾਤਲ ਵੀ ਕਿਹਾ ਜਾ ਰਿਹਾ ਹੈ। ਮਿਲਾਨ ਅਤੇ ਰੋਮ ਵਿੱਚ ਤਾਪਮਾਨ ਲਗਭਗ 40 ਡਿਗਰੀ ਟੱਪਦਾ ਨਜ਼ਰੀ ਆ ਰਿਹਾ ਹੈ। ਮੌਸਮ ਵਿਭਾਗ ਨੇ ਦੇਸ਼ ਦੇ ਕਈ ਸ਼ਹਿਰਾਂ ਲਈ ਗਰਮੀ ਨੂੰ ਖਤਰਾ ਦੱਸਿਆ ਹੈ ਜਦੋਂ ਕਿ ਇਹ ਗਰਮੀ ਕੁਝ ਦਿਨਾਂ ਵਿੱਚ 5 ਲੋਕਾਂ ਲਈ ਕਾਲ ਬਣ ਚੁੱਕੀ ਹੈ। ਜਿਹਨਾਂ 'ਚ ਬਾਰੀ ਤੋਂ ਬਾਅਦ ਲੋਦੀ ਖੇਤਰ ਵਿੱਚ ਖੇਤ ਵਿੱਚ 57 ਸਾਲ ਦੇ ਵਿਅਕਤੀ ਦੀ ਮੌਤ,ਪਿਆਚੇਂਸਾ ਵਿੱਚ 61 ਸਾਲਾ ਵਿਅਕਤੀ ਦੀ ਮੌਤ,ਪਾਵੀਆ ਖੇਤਰ ਵਿੱਚ 56 ਸਾਲਾ ਵਿਅਕਤੀ ਦੀ ਮੌਤ,ਨਾਪੋਲੀ ਵਿੱਚ ਇੱਕ ਬੇਘਰ ਗਰੀਬ ਦੀ ਮੌਤ ਤੇ ਪਾਦੂਆ ਵਿਖੇ ਵਿਅਕਤੀ ਦੀ ਮੌਤ ਨਾਲ ਗਰਮੀ ਦਾ ਕਹਿਰ ਉਹਨਾਂ ਲੋਕਾਂ ਲਈ ਵੱਡਾ ਖਤਰਾ ਬਣ ਰਿਹਾ ਹੈ ਜਿਹੜੇ ਕਿ ਵਧੇਰੀ ਉਮਰ ਦੇ ਹਨ। ਮੌਸਮ ਵਿਭਾਗ ਨੇ ਲੋਕਾਂ ਨੂੰ ਗਰਮੀ ਤੋਂ ਬਚਣ ਦੀ ਸਲਾਹ ਦਿੰਦਿਆਂ ਠੰਡੀਆਂ ਥਾਵਾਂ ਤੇ ਰਹਿਣ ਦੀ ਹਦਾਇਤ ਕੀਤੀ ਹੈ।

# • ਪੰਜਾਬੀ ਫ਼ਿਲਮ ਦਰਪਣ •

### ਬੇਬਾਕ ਗੱਲਾਂ ਸ਼ਾਨਦਾਰ ਅਭਿਨੈ ਨਾਮ ਹੈ ਪੂਨਮ ਸੂਦ



ਪੂਨਮ ਸੂਦ ਬਹੁਤ ਪ੍ਰਤਿਭਾ ਵਾਲੀ ਐਕਟ੍ਰੈਸ ਹੈ ਤੇ ਓਸ ਕੋਲ ਫ਼ਿਲਮਜ਼ ਵੀ ਬਹੁਤ ਆਈਆਂ ਪਰ ਜੇਕਰ ਇਹ ਫ਼ਿਲਮਾਂ ਵੱਡੇ ਮੇਕਰ ਲੋਕਾਂ ਦੀਆਂ ਹੁੰਦੀਆਂ ਤਾਂ ਅੱਜ ਓਹ ਸੋਨਮ ਬਾਜਵਾ, ਸਿੰਮੀ ਚਾਹਲ ਦੀ ਕਤਾਰ ਵਿੱਚ ਹੁੰਦੀ। ਪੂਨਮ ਸੂਦ ਨੂੰ ਥੋੜ੍ਹਾ ਮਲਾਲ ਇਸ ਗੱਲ ਦਾ ਹੈ ਪਰ ਓਹ ਥੱਕੀ ਭੀ ਨਹੀਂ ਓਸ ਹਿੰਮਤ ਨਹੀਂ ਹਾਰੀ ਤੇ ਅੱਜ ਵੀ ਕਈ ਟੌਪ ਬੈਨਰ ਦੀਆਂ ਫਿਲਮਾਂ ਵਿੱਚ ਓਹ ਸਹਿ ਨਾਇਕਾ ਹੈ। ਪੂਨਮ ਸੂਦ ਨੇ ਸ਼ੋਰਟ ਫ਼ਿਲਮ ਖੇਤਰ ਵਿੱਚ ਨਾਂਅ ਬਣਾਇਆ ਹੈ ਤੇ ਟੈਲੀ ਫ਼ਿਲਮਾਂ ਦੇ ਇਲਾਵਾ ਪੂਨਮ ਸੂਦ ਨੇ ਵੈੱਬ ਸੀਰੀਜ਼ ਤੇ ਵੈੱਬ ਫ਼ਿਲਮਜ਼ ਦੇ ਇਲਾਵਾ ਮਾਡਲਿੰਗ ਵੀ ਕੀਤੀ ਹੈ। ਓਹ ਟੌਪ ਕਲਾਸ ਐਡਾਂ ਦੀ ਮਾਡਲ ਹੈ ਤੇ ਵੀਡੀਓ ਗੀਤਾਂ ਵਿੱਚ ਵੀ ਓਸ ਦੇ ਚਿਹਰੇ ਦੀ ਪਹਿਚਾਣ ਹੋਈ ਹੈ। ਪੂਨਮ ਸੂਦ ਬਾਰੇ ਡਾਇਰੈਕਟਰ ਬੌਬੀ ਬਾਜਵਾ ਨੇ ਕਿਹਾ ਸੀ ਕਿ ਓਹ ਹਰੇਕ ਤਰ੍ਹਾਂ ਦੇ ਕਿਰਦਾਰ ਕਰਦੀ ਹੈ। ਓਹ ਕਿਰਦਾਰ ਨੂੰ ਜਿਉਂਦੀ ਹੈ ਤੇ ਬੌਬੀ ਬਾਜਵਾ ਨੇ ਵੀ ਆਪਣੇ ਕਈ ਪ੍ਰੋਜੈਕਟਾਂ ਵਿੱਚ ਕੰਮ ਓਸ ਨੂੰ ਦਿੱਤਾ ਹੈ। ਪੂਨਮ ਸੂਦ ਇਸ ਦੇ ਇਲਾਵਾ ਬੇਬਾਕ ਵਿਚਾਰਾ ਵਾਲੀ ਹੈ ਤੇ ਓਸ ਬੇਬਾਕੀ ਨਾਲ ਕਿਹਾ ਕਿ ਮਰਦ ਨੂੰ ਹਰ ਖੁੱਲ੍ਹ ਔਰਤ ਸੋਚੇ ਵੀ ਤਾਂ ਨੇਰ੍ਹ ਲਿਆ ਦਿੰਦੇ ਨੇ ਸਮਾਜਿਕ ਠੇਕੇਦਾਰ। ਪੂਨਮ ਸੂਦ ਦਾ ਕਹਿਣਾ ਹੈ ਕਿ ਮਾਡਲ ਐਕਟ੍ਰੈਸ ਹਾਂ ਨਾਲ ਦੇ ਨਾਲ ਸੋਸ਼ਲ ਮੀਡੀਆ ਤੇ ਵੀ ਸਰਗਰਮ ਹਾਂ ਤੇ ਇਸ ਨਾਲ ਮਾਨਸਿਕਤਾ ਸਮਝ ਆਉਂਦੀ ਹੈ ਤੇ ਮਾਨਸਿਕਤਾ ਦੂਜੇ ਦੀ ਸਮਝੀ ਜਾਂਦੀ ਹੈ। ਪੂਨਮ ਸੂਦ ਅੱਜ ਵੀ ਫ਼ਿੱਟ ਹੈ ਤੇ ਕਸਰਤ ਰੋਜ਼ ਕਰਨ ਨਾਲ ਬਿਲਕੁਲ ਯੁਵਾ ਲੱਗਦੀ ਹੈ । ਆਸ ਹੈ ਵੱਡੇ ਬੈਨਰ ਦੀ ਕੋਈ ਫਿਲਮ ਓਸ ਦੇ ਸਾਰੇ ਉਲਾਹਮੇ ਲਾਹ ਦੇਵੇਗੀ।

### ਆਸ਼ਾ ਭੌਂਸਲੇ ਨੇ ਕਿਹਾ ਸੀ ਸ਼ਾਬਾਸ਼ ਸੁਖਮਿੰਦਰ ਧੰਜਲ




ਸੁਖਮਿੰਦਰ ਧੰਜਲ ਟੈਲੇਂਟ ਦੀ ਕਦਰ ਸ਼ੁਰੂ ਤੋਂ ਹੀ ਕਰਦਾ ਆਇਆ ਡਾਇਰੈਕਟਰ ਹੈ। ਅਸੀਂ ਉੱਠ ਕਿ ਇੱਕ ਫ਼ਿਲਮ ਇਧਰ ਉਧਰ ਹੋਣ ਤੇ ਅਗਲੇ ਦੀ ਕਿਰਦਾਰ ਕੁਸ਼ੀ ਕਰਨ ਲਈ ਐਪ ਭਰ ਦਿੰਦੇ ਹਾਂ ਪਰ ਓਸ ਦੀਆਂ ਪ੍ਰਾਪਤੀਆਂ ਸਭ ਨੂੰ ਪਤਾ ਪਰ ਦਿਸਦੀਆਂ ਨਹੀਂ ਹਨ। ਫਿਲਮ "ਮੇਲਾ" ਲਈ ਸੁਖਮਿੰਦਰ ਧੰਜਲ ਨੇ ਆਪਣੇ ਸੰਗੀਤ ਨਿਰਦੇਸ਼ਕ ਵਿਦਯੁਤ ਗੋਸਵਾਮੀ ਨੂੰ ਕਿਹਾ ਕਿ ਓਹ ਇਹ ਗਾਣਾ ਆਸ਼ਾ ਭੌਂਸਲੇ ਤੋਂ ਪਲੇਅ ਬੈਕ ਲੈਣ। ਰਿਕਾਰਡਿੰਗ ਲਈ ਸਟੂਡੀਓ ਆਈ ਲੇਟ ਆਸ਼ਾ ਭੋਂਸਲੇ ਜੀ ਨੇ ਪਹਿਲੀ ਵਾਰ ਗਾਣਾ ਓਕ ਜੀ ਸੁੱਖੀ ਦੇ ਮੂੰਹ ਤੋਂ ਸੁਣਨ ਦੇ ਬਾਵਜੂਦ ਤਿੰਨ ਵਾਰ ਗਾਇਆ ਕਿ ਕੋਈ ਕਮੀਂ ਨਾ ਰਹੇ ਤੇ ਸੰਗੀਤਕਾਰ ਵਿਦਯਿਤ ਗੋਸਵਾਮੀ ਨੂੰ ਕਿਹਾ ਕਿ ਯੁਵਾ ਡਾਇਰੈਕਟਰ ਧੰਜਲ ਪੰਜਾਬੀ ਫ਼ਿਲਮ ਖੇਤਰ ਵਿੱਚ ਬਹੁਤ ਅੱਗੇ ਜਾਣਗੇ। ਸੁਖਮਿੰਦਰ ਧੰਜਲ ਅਨੁਸਾਰ ਇਹ ਹੁੰਦੇ ਨੇ ਮਹਾਨ ਗਾਇਕ ਜਿਹੜੇ ਬੋਲਾਂ, ਤਰਜ਼ ਤੇ ਸੰਗੀਤ ਦੀ ਕਦਰ ਕਰਦੇ ਹਨ। ਆਸ਼ਾ ਭੌਂਸਲੇ ਨੇ ਕਿਹਾ ਕਿ ਸਾਬਾਸ਼ ਭਾਈ ਛੋਟੇ ਸੁਖਮਿੰਦਰ ਆਪ ਕਾ ਭਵਿੱਖ ਉੱਜਵਲ ਹੈ ਤੇ ਮਿਊਜ਼ਿਕ ਡਾਇਰੈਕਟਰ ਵਿਦੂਟ ਗੋਸਵਾਮੀ ਨੇ ਕਿਹਾ ਕਿ ਆਸ਼ਾ ਭੌਂਸਲੇ ਜੀ ਕਦੇ ਐਨਾ ਟਾਈਮ ਬਾਲੀਵੁੱਡ ਰਿਕਾਰਡਿੰਗ ਨੂੰ ਨਹੀਂ ਦਿੰਦੇ ਜਿੰਨਾ ਰੀਝ ਨਾਲ ਪਲੇਅ ਬੈਕ ਦੇਣ ਲਈ ਓਹਨਾਂ ਸਾਨੂੰ ਦਿੱਤਾ ਤੇ ਇਹ ਕ੍ਰੈਡਿਟ ਸੁਖਮਿੰਦਰ ਧੰਜਲ ਨੂੰ ਜਾਂਦਾ ਹੈ।

### ਹਿੰਮਤ ਸੰਧੂ ਦੀ ਆਵਾਜ਼ "ਦਸਤਾਰ" ਦਾ ਗੀਤ ਖੰਡੇ ਦੀ ਧਾਰ




ਹਿੰਮਤ ਸੰਧੂ ਅੱਜ ਦੇ ਯੁਵਾ ਵਰਗ ਦਾ ਚਹੇਤਾ ਨਾਇਕ ਹੈ ਤੇ ਇਸ ਵੇਲੇ ਗਾਇਕੀ ਤੇ ਨਾਇਕੀ ਦੋਵਾਂ ਵਿੱਚ ਹਿੰਮਤ ਦੀ ਹਿੰਮਤ ਨੂੰ ਦਾਦ ਮਿਲ ਰਹੀ ਹੈ। ਅਮਰ ਹੁੰਦਲ "ਬੀਬੀ ਰਜਨੀ" ਜਿਹੀ ਸੁਪਰ ਹਿੱਟ ਧਾਰਮਿਕ ਇਤਿਹਾਸਕ ਫਿਲਮ ਦੇ ਚੁੱਕੇ ਨੇ ਤੇ ਇਹਨਾਂ ਦੇ ਨਿਰਦੇਸ਼ਨ ਚ ਹੁਣ "ਦਸਤਾਰ" ਆ ਰਹੀ ਹੈ। ਇਸ ਦਾ ਨਾਇਕ ਹਿੰਮਤ ਸੰਧੂ ਹੈ ਤੇ ਇਸ ਦਾ ਗੀਤ "ਖੰਡੇ ਦੀ ਧਾਰ" ਚਰਚਿਤ ਖ਼ੂਬ ਹੋਏਗਾ। ਐਮ ਏਕਸ ਆਰ ਸੀ ਆਈ ਨੇ ਇਸ ਧਾਰਮਿਕ ਗੀਤ ਦਾ ਸੰਗੀਤ ਦਿੱਤਾ ਹੈ ਤੇ ਇਸ ਗੀਤ ਨੂੰ ਮਿਸਾਲ ਨੇ ਲਿਖਿਆ ਹੈ। ਹਿੰਮਤ ਸੰਧੂ ਨੇ ਕਿਹਾ ਕਿ "ਖੰਡੇ ਦੀ ਧਾਰ" ਗਾ ਕਿ ਓਸ ਨੂੰ ਬਹੁਤ ਸ਼ਾਂਤੀ ਮਿਲੀ ਤੇ ਜਨਤਾ ਫਿਲਮ "ਦਸਤਾਰ" ਚ ਇਹ ਗੀਤ ਦੇਖ ਸੁਣ ਉਮੀਦ ਹੈ ਸੰਤੁਸ਼ਟ ਹੋਏਗੀ। ਇਹ ਫਿਲਮ ਵ੍ਹਾਈਟ ਹਿੱਲ ਸਟੂਡੀਓ ਦੀ ਹੈ ਤੇ ਓਸ ਨੇ ਹੌਟ ਸਪੌਟ ਨਾਲ ਮਿਲ ਇਸ ਦਾ ਨਿਰਮਾਣ ਕੀਤਾ ਹੈ। "ਦਸਤਾਰ" ਦਾ ਨਿਰਮਾਣ ਗੁਣਬੀਰ ਸਿੰਘ ਸਿੱਧੂ ਤੇ ਮਨਮੋਰਦ ਸਿੰਘ ਸਿੱਧੂ ਨੇ ਕੀਤਾ ਹੈ ਤੇ ਇਹ ਗੀਤ "ਖੰਡੇ ਦੀ ਧਾਰ" ਚਲ ਗਿਆ ਤਾਂ ਹਿੰਮਤ ਸੰਧੂ ਦੀ ਫ਼ਿਲਮੀ ਗਾਇਕੀ ਦੀ ਹਿੰਮਤ ਹੋਰ ਵਧੇਗੀ ਤੇ "ਦਸਤਾਰ" ਚਲ ਗਈ ਤਾਂ ਫਿਲਮ ਨਾਇਕੀ ਦੀ ਹਿੰਮਤ ਹੋਰ ਵਾਧਾ ਆਫ਼ਰੀਨ।

### ਖਾਮੋਸ਼ੀ ਤੂਫ਼ਾਨ ਦਾ ਸੰਕੇਤ ਹੁੰਦੀ ਹੈ ਜਰਨੈਲ ਘੁਮਾਣ ਬੰਨੀ ਸ਼ਰਮਾ



ਜਰਨੈਲ ਘੁਮਾਣ ਪੰਜਾਬੀ ਸੰਗੀਤ ਜਗਤ ਦਾ ਧਰੂ ਤਾਰਾ ਹੈ, ਰਾਤ ਦਿਨ ਸਰਗਰਮ ਹਰੇਕ ਪਾਸੇ ਸੀ ਐਮ ਸੀ ਤੇ ਜਰਨੈਲ ਘੁਮਾਣ ਪੇਸ਼ ਕਰਦੇ ਨੇ ਦੀ ਗੂੰਜ ਤੇ ਪੰਜਾਬੀ ਮਿਊਜ਼ਿਕ ਦੇ ਦਿੱਗਜ ਜਰਨੈਲ ਘੁਮਾਣ ਨੇ ਅੱਤੀ ਆਧੁਨਿਕ ਸੁਰ ਸੰਗਮ ਸਟੂਡੀਓ ਚੰਡੀਗੜ ਰਿਕਾਰਡਿੰਗ ਲਈ ਰੱਖਿਆ ਹੈ। ਦੂਜੇ ਪਾਸੇ ਬੰਨੀ ਸ਼ਰਮਾ ਪੰਜਾਬੀ ਸੰਗੀਤ ਦਾ ਪ੍ਰਮੋਟਰ ਤੇ ਦੇਸ਼ ਵਿਦੇਸ਼ ਸ਼ੋ ਪ੍ਰਬੰਧ ਤੇ ਦੋਵਾਂ ਦਾ ਪਿਆਰ ਸੱਚਾ ਸੁੱਚਾ ਹੈ। ਬੰਨੀ ਸ਼ਰਮਾ ਦੇ ਕੋਈ ਵੀ ਸਮਾਗਮ ਹੋਏ ਜਰਨੈਲ ਘੁਮਾਣ ਉਚੇਚ ਨਾਲ ਚੰਡੀਗੜ੍ਹ ਤੋਂ ਆਉਂਦੇ ਹਨ। ਬੰਨੀ ਸ਼ਰਮਾ ਤੇ ਜਰਨੈਲ ਘੁਮਾਣ ਪਿਛਲੇ ਸਾਲ ਕਾਫ਼ੀ ਐਕਟਿਵ ਰਹੇ ਤੇ ਓਹਨਾਂ ਕਈ ਟਰੈਕ ਏ ਆਈ ਨਾਲ ਪੇਸ਼ ਕੀਤੇ। ਹਨ। ਬੰਨੀ ਸ਼ਰਮਾ ਤੇ ਜਰਨੈਲ ਘੁਮਾਣ ਫਿਲਹਾਲ ਸ਼ਾਂਤ ਤੇ ਚੁੱਪ ਹਨ। ਕਈ ਗਰਮੀ ਦਾ ਹਵਾਲਾ ਦਿੰਦੇ ਨੇ ਪਰ ਨਹੀਂ ਇਹ ਚੁੱਪ ਬਹੁਤ ਕੁੱਛ ਨਵਾਂ ਤੇ ਤਹਿਲਕਾ ਮਚਾਉਣ ਵਾਲੇ ਸਮਾਚਾਰ ਨੂੰ ਸਮੇਟ ਬੈਠੀ ਹੈ ਬਸ ਥੋੜਾ ਟਾਈਮ ਇੰਤਜ਼ਾਰ ਕਰੋ। ਬੰਨੀ ਸ਼ਰਮਾ ਨੇ ਕਿਹਾ ਕਿ ਟਰੈਕ ਪੇਸ਼ਕਾਰੀ ਆਮ ਗੱਲ ਹੈ ਤੇ ਜਰਨੈਲ ਘੁਮਾਣ ਵੀ ਵਿਸ਼ਵ ਪੱਧਰ ਤੇ ਬਹੁਤ ਕੁੱਛ ਮਨੋਰੰਜਨ ਖੇਤਰ ਲਈ ਕਰਨਾ ਚਾਹੁੰਦੇ ਹਨ। ਜਰਨੈਲ ਘੁਮਾਣ ਨੇ ਅੱਜ ਤੱਕ ਯਰਾਨੇ ਕਮਾਏ ਹਨ ਪਰ ਵਪਾਰਕ ਹੋਣਾ, ਦੱਬੇ ਕੁੱਚਲੇ ਸੰਗੀਤਕ ਇਨਸਾਨ ਨੂੰ ਚੁੱਕਣਾ ਓਹਨਾਂ ਦੀ ਫਿਤਰਤ ਹੈ। ਬੰਨੀ ਸ਼ਰਮਾ ਨੇ ਬਿਨ ਕਿਸੇ ਠੋਸ ਨੀਤੀ ਦੇ ਕਦੇ ਕਾਹਲ ਨਹੀ ਕੀਤੀ ਤੇ ਜਿਹੜਾ ਵੀ ਨਤੀਜ਼ਾ ਆਏ ਓਹ ਹਿੱਟ ਆਏ ਇਹੀ ਕੋਸ਼ਿਸ਼ ਰਹਿੰਦੀ ਹੈ। ਬੰਨੀ ਸ਼ਰਮਾ ਤੇ ਜਰਨੈਲ ਘੁਮਾਣ ਦੀ ਯਾਰੀ ਜਾਨ ਤੋਂ ਪਿਆਰੀ ਮਨੋਰੰਜਨ ਖੇਤਰ ਲਈ ਲਾਭ ਹੈ।

### ਉਸਤਾਦ ਸ਼ਗਿਰਦ ਸੇਰ ਨੂੰ ਸਵਾ ਸੇਰ ਰਜਨੀ ਮਾਨ ਗੁਰਨੂਰ ਮਾਨ

ਗੋਰੀ ਮਾਂ ਦੀ ਜਾਈ ਗੋਰੀ ਹੀ ਹੋਊ ਤੇ ਹੈ ਗੁਰਨੂਰ ਮਾਨ। ਸੁਰੀਲੀ ਅੰਮਾਂ ਦੀ ਧੀ ਸੁਰ ਰਾਣੀ ਹੈ ਗੁਰਨੂਰ ਤੇ ਤੇ ਇਸ ਵੇਲੇ ਮਾਝੇ ਦੀ ਗਾਇਕੀ ਵਿੱਚ ਚਲ ਸੋ ਚਲ ਨੇ ਰਜਨੀ ਮਾਨ ਤੇ ਗੁਰਨੂਰ ਮਾਨ। ਰਜਨੀ ਮਾਨ ਉਸਤਾਦ ਏ ਗੁਰਨੂਰ ਮਾਨ ਦੀ ਤੇ ਰਜਨੀ ਮਾਨ ਕੋਲ ਸੁਰ



ਤੇ ਦੋਗਾਣੇ ਵਿੱਚ ਓਸ 10 ਸਾਲ ਰਾਜ ਕੀਤਾ ਤੇ ਹੁਣ ਇੱਕਲੀ ਗਾਇਕੀ ਵਿੱਚ ਬੱਲੇ ਬੱਲੇ ਕਰਵਾ ਰਹੀ ਹੈ। ਰਜਨੀ ਮਾਨ ਦੇ ਇਸ ਵੇਲੇ ਖ਼ੂਬ ਮੇਲੇ ਲੱਗ ਰਹੇ ਹਨ ਤੇ ਗੱਲ ਓਸ ਦੀ ਸ਼ਗਿਰਦ ਗੁਰਨੂਰ ਮਾਨ ਦੀ ਤਾਂ ਉਹ ਤੇ ਦੂਜੀ ਕੌਰ ਬੀ ਬਣੇਗੀ। ਗੁਰਨੂਰ ਮਾਨ ਨੇ ਕਿਹਾ ਕਿ ਓਹ ਸਟਾਰ ਬਣੇਗੀ ਓਸ ਦੀ ਆਵਾਜ਼ ਤੇ ਅੰਦਾਜ਼ ਸਾਰੇ ਉਹ ਨੂੰ ਇਹੀ ਆਖਦੇ ਹਨ। ਰਜਨੀ ਮਾਨ ਤੇ ਗੁਰਨੂਰ ਮਾਨ ਕਲ ਨੂੰ ਇਕਠਿਆਂ ਵੀ ਲਾ ਸਕਦੀਆਂ ਹਨ ਤੇ ਇਹ ਵੀ ਹੈ ਕਿ ਨੂਰਾਂ ਭੈਣਾਂ ਦੀ ਤਰਾਂ ਉਸਤਾਦ ਸ਼ਗਿਰਦ ਧਮਾਲ ਪਾਉਣ ਪਰ ਇਹ ਕਿਆਸ ਅਰਾਈ ਹੈ ਹੋ ਸਕਦਾ ਹੈ ਰਜਨੀ ਮਾਨ ਇੱਕਲੇ ਆਪ ਗਾਉਂਦੀ ਰਹੇ ਤੇ ਗੁਰਨੂਰ ਮਾਨ ਵੱਖਰਾ ਹਾਂ ਇੱਕ ਅੱਧੇ ਗਾਣੇ ਨੂੰ ਓਹ ਕਲੱਬ ਕਰ ਸਕਦੀਆਂ ਹਨ। ਵੈਸੇ ਦੋਵੇਂ ਉਸਤਾਦ ਸ਼ਗਿਰਦ ਭੈਣਾਂ ਨਿੱਕੀ ਵੱਡੀ ਲੱਗਦੀਆਂ ਹਨ। ਇੱਕ "ਸਵਾਲ" ਵਾਲੀ ਦੂਜੀ "ਕ੍ਰਾਈਮ" ਵਾਲੀ।

### ਥੀਏਟਰ ਦੀ ਰਾਣੀ ਫ਼ੀਚਰ ਫ਼ਿਲਮਾਂ ਵੱਲ ਬਣੇਗੀ ਸਟਾਰ ਅਨਮੋਲ ਸਿੰਗਾ



ਰਿਆੜਕੀ ਦਾ ਮਾਣ ਹੈ ਅੱਲ੍ਹੜ ਕੁੜੀ ਅਨਮੋਲ ਸਿੰਗਾ ਜਿਸ ਨੇ ਪੰਜ ਸੋ ਤੋਂ ਵੱਧ ਸਟੇਜ ਨਾਟਕ ਕੀਤੇ ਨੇ ਕਿਹਾ ਜਾਂਦਾ ਹੈ ਕਿ ਨੁੱਕੜ ਨਾਟਕ ਜਾਂ ਸਟੇਜ ਫੁੱਲ ਨਾਟਕ ਵੱਖ ਵੱਖ ਕਿਰਦਾਰ ਕਰ ਕਿ ਓਹ ਰੰਗਮੰਚ ਦੀ ਕਵੀਨ ਬਣ ਚੁੱਕੀ ਹੈ। ਫ਼ਖਰ ਹੈ ਬਟਾਲਾ ਤੇ ਜਿਲ੍ਹਾ ਗੁਰਦਾਸਪੁਰ ਨੂੰ ਕਿ ਕਈ ਸਕੂਲ, ਕਾਲਜ ਪੱਧਰ ਤੇ ਖੇਡੇ ਨਾਟਕਾਂ ਨੇ ਅਨਮੋਲ ਨੂੰ ਬੈਸਟ ਐਕਟ੍ਰੈਸ ਦੇ ਸਨਮਾਨ ਦਿਵਾਏ ਹਨ। ਅਨਮੋਲ ਸਿੰਗਾ ਨੂੰ ਦਲਜੀਤ ਸਿੰਘ ਸੋਨਾ ਨੇ ਆਪਣੀ ਕਮਾਂਡ ਵਿੱਚ ਪ੍ਰਪੱਕ ਐਕਟ੍ਰੈਸ ਬਣਾਇਆ ਹੈ ਤੇ ਸੋਨਾ ਨਿਰਦੇਸ਼ਤ ਫ਼ਿਲਮ ਵੀ ਓਹ ਨਾਇਕਾ ਬਣ ਕਰਨ ਜਾ ਰਹੀ ਹੈ। ਅਨਮੋਲ ਸਿੰਗਾ ਦੀ ਇੰਨੀ ਉਮਰ ਨਹੀਂ ਜਿੰਨੀਆਂ ਓਸ ਕੋਲ ਪ੍ਰਾਪਤੀਆਂ ਹਨ। ਬਾਲੀਵੁੱਡ ਦੀ ਵੈੱਬ ਸੀਰੀਜ਼ "ਵੇਕਿੰਗ ਆਫ ਨੇਸ਼ਨ" ਦੇ ਨਾਲ ਓਸ ਨੇ "ਟੌਪ ਕੋਪ" ਚ ਵੀ ਕੰਮ ਕੀਤਾ ਹੈ। ਅਨਮੋਲ ਸਿੰਗਾ ਸੱਚਮੁੱਚ ਚਮਕਦੀ ਸਟਾਰ ਹੈ ਤੇ ਦੋ ਤਿੰਨ ਸਾਲ ਤੱਕ ਓਹ ਹਰ ਪੱਖ ਤੋਂ ਨਿਪੁੰਨ ਪਾਲੀਵੁੱਡ ਫ਼ਿਲਮਜ਼ ਦੀ ਹੀਰੋਇਨ ਹੋਏਗੀ। "ਦੂਜੀ ਵਾਰ ਪਿਆਰ" ਸਮੇਤ ਓਸ ਕੋਲ ਬਹੁਤ ਫ਼ਿਲਮਾਂ ਹਨ ਤੇ "ਨਾਟ ਘਰ ਅੰਮ੍ਰਿਤਸਰ" ਦੇ ਨਾਲ ਸੋਨਾ ਐਕਟਿੰਗ ਅਕੈਡਮੀ ਦੀ ਉਹ ਮਾਣਮੱਤੀ ਐਕਟ੍ਰੈਸ ਹੈ। ਛੋਟੀ ਉਮਰ ਵੱਡੀਆਂ ਵੱਡੀਆਂ ਪ੍ਰਾਪਤੀਆਂ ਤੇ ਤਜ਼ਰਬਾ ਅਨਮੋਲ ਸਿੰਗਾ ਨੂੰ ਅਨਮੋਲ ਐਕਟ੍ਰੈਸ ਦਾ ਰੁਤਬਾ ਦੇ ਰਿਹਾ ਹੈ।

-ਅੰਮ੍ਰਿਤ ਪਵਾਰ